1984

ਓਸ ਘੱਲੂਘਾਰੇ

(ਦੁਖਾਂਤ ਅਤੇ ਚਿੰਤਨ)

ਡਾ. ਸੁਖਪ੍ਰੀਤ ਸਿੰਘ ਉਦੋਕੇ

ਇਸੇ ਕਲਮ ਤੋਂ

1. ਗੰਜ਼ੇ ਸ਼ਹੀਦਾਂ
2. ਤਬੈ ਰੋਸ ਜਾਗਿਓ
3. ਖਾਲਸਈ ਜਾਹੋ ਜ਼ਲਾਲ ਅਤੇ ਦੇਹਧਾਰੀ ਗੁਰੂ-ਡੰਮ੍ਹ
4. ਅੱਤ ਦਾ ਅੰਤ
5. ਕੁਝ ਖ਼ਤ ਬਾਬੇ ਨਾਨਕ ਦੇ ਨਾਮ

ਤਤਕਰਾ

ਇਸ ਸੰਸਕਰਣ ਬਾਰੇ	7
ਕੌਮੀ ਚਿੰਤਨ ਦਾ ਮੁਜੱਸਮਾ	9
ਉੱਚ-ਮਿਆਰੀ ਵਿਸ਼ਲੇਸ਼ਣ	11
ਘੱਲੂਘਾਰਾ 1984—ਦੁਖਾਂਤ ਅਤੇ ਚਿੰਤਨ	13
ਘੱਲੂਘਾਰਾ ਜੂਨ 84 ਦੇ ਸੰਤਾਪ ਉਪਰੰਤ ਰਾਹ ਤਲਾਸ਼ਦੇ ਕੁਝ ਸਬਦ	17
ਜੂਨ 84 ਘੱਲੂਘਾਰਾ ਨੀਲਾ ਤਾਰਾ ਪਿਛੋਕੜ	25
ਤੀਜੇ ਘੱਲੂਘਾਰੇ ਦਾ ਪਿਛੋਕੜ	31
ਸ੍ਰੀ ਅਨੰਦਪੁਰ ਸਾਹਿਬ ਦਾ ਮਤ	34
ਅਨੰਦਪੁਰ ਸਾਹਿਬ ਦੇ ਮਤੇ ਬਾਰੇ ਸਿਰਦਾਰ ਕਪੂਰ ਸਿੰਘ ਦੇ ਵਿਚਾਰ	39
ਨਿਰੰਕਾਰੀ ਮਤ, ਸਾਕਾ ਵਿਸਾਖੀ 1978 ਅਤੇ ਕਰਣੀ ਦਾ ਫਲ	43
ਘੱਲੂਘਾਰਾ ਨੀਲਾ ਤਾਰਾ ਪਿੱਛੇ ਕਾਂਗਰਸ ਤੇ ਭਾਜਪਾ ਦੀ ਭੂਮਿਕਾ	57
ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਜੀਵਨ ਅਤੇ ਸ਼ਖ਼ਸੀਅਤ	69
ਸੰਤ ਜਰਨੈਲ ਸਿੰਘ ਜੀ ਦੇ ਕੁਝ ਚੋਣਵੇਂ ਵਿਖਿਆਨ	101
ਭਾਰਤੀ ਰਾਜ ਦੇ ਹਕੀਕੀ ਖਾਸੇ ਬਾਰੇ ਸੰਤ ਜਰਨੈਲ ਸਿੰਘ ਜੀ ਦੀ ਸੋਚ	111
ਸ਼ਹੀਦੀ ਮਾਰਗ ਨੂੰ ਪ੍ਰਣਾਈ ਸੰਤ ਭਿੰਡਰਾਂਵਾਲੇ ਦੀ ਵਿਚਾਰਧਾਰਾ ਅਤੇ ਮਿਸ਼ਨ	115
ਮੁਲਾਕਾਤ ਸੰਤ ਜਰਨੈਲ ਸਿੰਘ ਜੀ	120
ਆਪਣਿਆਂ ਵੱਲੋਂ ਵਿਸਾਹਘਾਤ	125
ਸੰਤ ਭਿੰਡਰਾਂਵਾਲਿਆਂ ਦੀ ਆਖ਼ਰੀ ਇੰਟਰਵਿਊ—3 ਜੂਨ, 1984	132
ਕਾਰਵਾਈ, ਓਪਰੇਸ਼ਨ ਜਾਂ ਘੱਲੂਘਾਰਾ	139
ਘੱਲੂਘਾਰਾ ਅਤੇ ਸਿੱਖ ਸੰਘਰਸ਼	144
ਹਿੰਦੂਤਵੀ ਮਾਨਸਿਕਤਾ ਦਾ ਪ੍ਰਗਟਾਅ—1984 ਦਾ ਘੱਲੂਘਾਰਾ	149
ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਾਥੀ	155
ਘੱਲੂਘਾਰਾ ਜੂਨ 1984—ਇਕ ਅਤੇ ਦੋ ਜੂਨ ਦੇ ਹਾਲਾਤ	164
ਘੱਲੂਘਾਰਾ ਨੀਲਾ ਤਾਰਾ—ਅੱਖੀਂ ਡਿੱਠਾ ਹਾਲ	170
ਘੱਲੂਘਾਰਾ ਨੀਲਾ ਤਾਰਾ—ਜਨਰਲ ਸ਼ੁਬੇਗ ਸਿੰਘ ਦੀ ਮੋਰਚਾਬੰਦੀ ਦਾ ਕਮਾਲ	180
ਘੱਲੂਘਾਰਾ ਨੀਲਾ ਤਾਰਾ ਦੀ ਕਹਾਣੀ	190
ਘੱਲੂਘਾਰਾ ਜੂਨ 1984—ਇੰਝ ਨਿਭੀ ਕੀਰਤਨ ਦੀ ਮਰਿਆਦਾ	199

ਜਨਰਲ ਸ਼ੁਬੇਗ ਸਿੰਘ ਜੀ ਦੀ ਆਖ਼ਰੀ ਗੱਲਬਾਤ ਅਤੇ ਸ਼ਹਾਦਤ 205
18 ਦਿਨਾਂ ਦੇ ਮਾਸੂਮ ਬੱਚੇ ਦੀ ਅਜ਼ੀਮ ਸ਼ਹਾਦਤ 208
ਇਕ ਬੀਬੀ ਮਸ਼ੀਨਗੰਨ ਲੈ ਕੇ ਫ਼ੌਜ ਦਾ ਮੁਕਾਬਲਾ ਕਰ ਰਹੀ ਸੀ 218
ਅਣਲਿਖਤ ਇਤਿਹਾਸ 220
ਮਾਸ ਦੇ ਚੀਥੜੇ ਉੱਡ ਕੇ ਦੀਵਾਰਾਂ ਨਾਲ ਲੱਗੇ ਹੋਏ ਸਨ 225
ਇਕ ਮੁੱਠ ਛੋਲਿਆਂ ਦੀ ਜੋ ਅਤੁੱਟ ਲੰਗਰ ਹੋ ਨਿਬੜੀ 234
ਅੱਖੀਂ ਤੱਕੀਆਂ ਸ਼ਹੀਦੀਆਂ 239
ਜਨਰਲ ਸ਼ੁਬੇਗ ਸਿੰਘ ਜੀ ਦੀ ਪੋਸਟ ਮਾਰਟਮ ਰਿਪੋਰਟ ਅਤੇ ਸ਼ਹਾਦਤ ਦੇ ਤੱਥ 246
ਘੱਲੂਘਾਰਾ ਜੂਨ 1984—ਸੰਤਾਂ ਦਾ ਸ਼ਹਾਦਤ ਉਪਰੰਤ ਪੋਸਟ ਮਾਰਟਮ 250
ਸੰਤ ਜਰਨੈਲ ਸਿੰਘ ਜੀ ਦੀਆਂ ਅੰਤਿਮ ਰਸਮਾਂ 253
ਘੱਲੂਘਾਰਾ ਜੂਨ 1984 ਵਿਚ ਹੋਰ ਗੁਰਦੁਆਰਿਆਂ 'ਤੇ ਹੋਏ ਫ਼ੌਜੀ ਹਮਲੇ 259
ਘੱਲੂਘਾਰਾ ਜੂਨ 1984—
ਗੁ. ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਉਪਰ ਹਮਲਾ 262
ਘੱਲੂਘਾਰਾ ਜੂਨ 1984—ਫ਼ੌਜੀ ਕਾਰਵਾਈ ਕੋਈ ਆਖ਼ਰੀ ਰਸਤਾ ਨਹੀਂ ਸੀ 273
ਭਗਤ ਪੂਰਨ ਸਿੰਘ ਵੱਲੋਂ 'ਪਦਮ ਸ਼੍ਰੀ' ਵਾਪਸ ਕਰਨਾ 276
ਇਤਿਹਾਸ ਦੇ ਬੇਨਜ਼ੀਰ ਨਾਇਕ 279
ਕਰਣੀ ਦਾ ਫਲ—ਇੰਦਰਾ ਕਤਲ ਕਾਂਡ 289
ਕਰਣੀ ਦਾ ਫਲ—ਵੈਦਿਆ ਕਤਲ ਕਾਂਡ 293
ਘੱਲੂਘਾਰਾ ਜੂਨ 1984 ਵਿਚ ਵਿਦੇਸ਼ੀ ਏਜੰਸੀਆਂ ਦੀ ਭੂਮਿਕਾ 301
ਰਾਜੀਵ-ਲੌਂਗੋਵਾਲ ਸਮਝੌਤਾ 310
ਜੂਨ 1984 ਦੇ ਸਿੱਖ ਕਤਲੇਆਮ ਦਾ ਸੰਤਾਪ ਕਿਵੇਂ ਭੁਲਾਇਆ ਜਾ ਸਕਦੈ 317
ਬਲਿਊ ਸਟਾਰ : ਪੂਰੀ ਪੜਤਾਲ ਕਰਵਾਉ... 320
ਘੱਲੂਘਾਰਾ ਨੀਲਾ ਤਾਰਾ ਦਾ ਸਿੱਖ ਮਾਨਸਿਕਤਾ ਉਤੇ ਪ੍ਰਭਾਵ 325
ਓਪ੍ਰੇਸ਼ਨ ਬਲਿਊ ਸਟਾਰ ਪਿੱਛੋਂ ਕਿਸ ਤਰ੍ਹਾਂ ਦਾ ਹੈ ਸਿੱਖ ਕੌਮ ਦਾ ਦਰਦ 328
ਘੱਲੂਘਾਰੇ ਦੀ ਯਾਦਗਾਰ ਦਾ ਬਿਪਰਵਾਦੀ ਜਥੇਬੰਦੀਆਂ ਵੱਲੋਂ ਵਿਰੋਧ 334
ਘੱਲੂਘਾਰੇ ਤੋਂ 29 ਸਾਲ ਬਾਅਦ ਸਿੱਖ ਕੌਮ ਭਵਿੱਖ ਵਿਚ ਕੀ ਕਰੇ 339
ਬਾਬਾ ਮੱਖਣ ਸ਼ਾਹ ਲੁਬਾਣਾ ਰਿਸਚਰ ਐਕਸਿਸ 350

ਕੁਝ ਦਰਦ ਭਿੱਜੇ ਸ਼ਬਦਾਂ ਦੀ ਇਬਾਰਤ ਇਸ ਸੰਸਕਰਣ ਬਾਰੇ

ਜੂਨ 1984 ਵਿੱਚ ਸਿੱਖ ਕੌਮ ਦੀ ਹਿੱਕ ਉਪਰ ਹਕੂਮਤ ਦੀ ਵਹਿਸ਼ੀ ਦਰਿੰਦਗੀ ਦਾ ਨੰਗਿਆ ਗਿਆ ਤਾਂਡਵ ਨਾਚ, ਨਾ ਹੀ ਭੁੱਲਣਯੋਗ ਅਤੇ ਨਾ ਹੀ ਮਾਫ਼ ਕਰਨਯੋਗ ਹੈ ਪਰ ਕੌਮੀ ਤਰਾਸਦੀ ਦਾ ਇਕ ਅਹਿਮ ਪਹਿਲੂ ਇਸ ਦਰਦ ਦੀ ਕਸਕ ਨੂੰ ਹੋਰ ਵਧਾਉਂਦਾ ਹੈ ਜਦੋਂ ਕੌਮ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲੇ ਅਖੌਤੀ ਪੰਥਕ ਵੀ ਇਸ ਨੂੰ ਭੁਲਾਉਣਾ ਚਾਹੀਦਾ ਹੈ, ਦਾ ਬੇਸੁਰਾ ਰਾਗ ਅਲਾਪਣੋਂ ਕੋਈ ਮੌਕਾ ਨਹੀਂ ਖੁਝਾਉਂਦੇ ਅਤੇ ਕਈ ਵਾਰ ਦੋਸ਼ੀ ਵੀ ਆਪਣੀ ਕੌਮੀਅਤ ਦੀ ਸੰਘਰਸ਼ਸ਼ੀਲ ਧਿਰ ਨੂੰ ਠਹਿਰਾਉਣ ਤੋਂ ਗੁਰੇਜ਼ ਨਹੀਂ ਕਰਦੇ। ਬਾ-ਕਮਾਲ ਨੇ ਕਿਸੇ ਅਦੀਬ ਦੇ ਦਰਦ ਨਾਲ ਲਬਰੇਜ਼ ਇਹ ਸ਼ਬਦ :

ਅਜੀਬ ਦਸਤੂਰ ਹੈ, ਐ ਮਹਿਜਬੀਂ ਤੇਰੀ ਮਹਿਫ਼ਿਲ ਕਾ,
ਹਮਾਰਾ ਕਤਲ ਭੀ ਕੀਆ, ਔਰ ਮੁਜਰਿਮ ਭੀ ਹਮ ਹੁਏ।

ਇਸ ਸੰਤਾਪ ਨੂੰ ਵਾਪਰਿਆਂ ਪੂਰੇ ਤੀਹ ਸਾਲ ਬੀਤ ਚੁੱਕੇ ਹਨ ਅਤੇ ਇਸ ਵਰਤਾਰੇ ਬਾਰੇ ਕੀਤੇ ਗਏ ਅਧਿਐਨਾਂ ਅਤੇ ਮੁਲਾਂਕਣਾਂ ਦੀਆਂ ਦਿਸ਼ਾਵਾਂ ਦਾ ਦ੍ਰਿਸ਼ਟੀਕੋਣ ਅਤੇ ਸਿੱਟਾ ਵੀ ਆਪਸੀ ਸੁਮੇਲਤਾ ਤੋਂ ਕੋਹਾਂ ਦੂਰ ਹੈ ਕਿਉਂਕਿ ਹਰ ਦਾਨਿਸ਼ਮੰਦ ਦਾ ਇਸ ਘਟਨਾਕ੍ਰਮ ਪ੍ਰਤੀ ਨਜ਼ਰੀਆ ਵੱਖ ਵੱਖ ਹੈ। ਵਾਪਰੇ ਹੋਏ ਵਰਤਾਰੇ ਦੇ ਕਾਰਨਾਂ, ਹੋਏ ਜਾਨੀ ਮਾਲੀ ਨੁਕਸਾਨ ਅਤੇ ਜ਼ਿੰਮੇਵਾਰ ਧਿਰਾਂ ਦਾ ਨਿਖੇੜਾ ਕਰਨ ਲਈ ਤਾਂ ਕਈ ਕਲਮਾਂ ਤਤਪਰ ਅਤੇ ਸਰਗਰਮ ਰਹੀਆਂ ਹਨ ਪ੍ਰੰਤੂ ਸਮੁੱਚੇ ਰੂਪ ਵਿੱਚ ਇਸ ਵਰਤਾਰੇ ਤੋਂ ਬਾਅਦ ਕੌਮ ਦਾ ਭਵਿੱਖ ਕੀ ਹੋਵੇ, ਸੰਘਰਸ਼ ਦੀ ਰੂਪ-ਰੇਖਾ ਕੀ ਹੋਵੇ ਅਤੇ ਕਿਸ ਕੌਮੀ ਲੀਡਰਸ਼ਿਪ ਦੀ ਸਿਰਦਾਰੀ ਹੇਠ ਇਸ ਸੰਘਰਸ਼ ਨੂੰ ਵਿਸ਼ਵ-ਵਿਆਪੀ ਭਾਈਚਾਰੇ ਦੀ ਸਹਿਮਤੀ ਨਾਲ ਅੱਗੇ ਵਧਾਇਆ ਜਾਵੇ, ਇਸ ਬਾਰੇ ਅੱਜ ਤੱਕ ਕੌਮੀ ਤੌਰ ਉਪਰ ਕੋਈ ਡੂੰਘੇਰਾ ਚਿੰਤਨ ਨਹੀਂ ਕੀਤਾ ਗਿਆ। ਅੱਜ ਹਾਲਾਤ ਐਸੇ ਬਣੇ ਹੋਏ ਹਨ ਕਿ ਸਾਡੀ ਭਵਿੱਖ ਦੀ ਨੀਤੀ ਵਿਹੂਣੀ ਮਾਨਸਿਕਤਾ ਨੇ ਸਾਡੇ ਦਰਮਿਆਨ ਐਸੀਆਂ ਸੌੜੀਆਂ ਅਤੇ ਹਉਮੈ ਗਠਿਤ ਦੀਵਾਰਾਂ ਖੜੀਆਂ ਕਰ ਦਿੱਤੀਆਂ ਹਨ ਕਿ ਅਸੀਂ ਸਿਰ ਜੋੜ ਕੇ ਬੈਠਣ ਲਈ ਨਾ ਤਾਂ ਯਤਨਸ਼ੀਲ ਹਾਂ ਅਤੇ ਨਾ ਹੀ ਕੌਮੀ ਭਵਿੱਖ ਲਈ ਚਿੰਤਨਸ਼ੀਲ ਹਾਂ, ਕੋਈ ਅਤਿਕਥਨੀ ਨਹੀਂ ਹੈ ਕਿ :

ਥੀ ਜ਼ਮਾਨੇ ਮੇਂ ਰੌਸ਼ਨੀ ਜਿਸਕੀ, ਉਸ ਘਰ ਮੇਂ ਅਬ ਚਿਰਾਗ ਨਹੀਂ।

ਵਿਸ਼ਵ-ਵਿਆਪੀ ਪੱਧਰ ਉਪਰ ਸਿਆਸੀ, ਸਮਾਜਿਕ ਅਤੇ ਆਰਥਿਕ ਸਮੀਕਰਣ

ਦਿਨ-ਬ-ਦਿਨ ਤਬਦੀਲ ਹੋ ਰਹੇ ਹਨ ਅਤੇ ਇਹਨਾਂ ਤਬਦੀਲੀਆਂ ਦੇ ਮੱਦੇਨਜ਼ਰ ਹੀ ਕੌਮ ਨੂੰ ਆਪਣੇ ਭਵਿੱਖ ਦਾ ਮਾਰਗ ਅਤੇ ਮਕਸਦ ਤਹਿ ਕਰਨਾ ਪਵੇਗਾ। ਹਥਿਆਰਬੰਦ ਸੰਘਰਸ਼ ਦੇ ਦੌਰਾਨ ਅਤੇ ਬਾਅਦ ਕੌਮ ਵਿੱਚ ਪੈਦਾ ਹੋਈ ਤੱਥ-ਵਿਹੂਣੀ ਗੁੱਟਬੰਦੀ ਅਤੇ ਖਿੰਡਾਅ ਨੇ ਵਿਚਾਰਧਾਰਕ ਵਹਾਅ ਉਪਰ ਵੀ ਤਕਰੀਬਨ ਵਿਰਾਮ ਚਿੰਨ੍ਹ ਹੀ ਲਗਾ ਦਿੱਤਾ ਹੈ। ਜੇਕਰ ਕੁਝ ਵਿਚਾਰਵਾਨ ਕੌਮੀ ਦਸ਼ਾ ਅਤੇ ਦਿਸ਼ਾ ਦਾ ਮੁਲਾਂਕਣ ਅਤੇ ਅਧਿਐਨ ਕਰ ਵੀ ਰਹੇ ਹਨ ਤਾਂ ਪੜ੍ਹਨ ਵਾਲੀ ਪਨੀਰੀ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ ਅਤੇ ਬਿਜਲਈ ਮਾਧਿਅਮਾਂ ਉਪਰ ਸਾਰਾ ਦਿਨ ਸਰਗਰਮ ਰਹਿਣ ਵਾਲੀ ਪਨੀਰੀ ਤਾਂ ਬਹੁਤ ਹੀ ਨਿਗੁਣਿਆਂ ਮੁੱਦਿਆਂ ਵਿੱਚ ਉਲਝੀ ਪਈ ਹੈ।

ਕੋਈ ਅਤਿਕਥਨੀ ਨਹੀਂ ਹੈ ਕਿ ਸਮੁੱਚੇ ਵਰਤਾਰੇ ਦੌਰਾਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਉਭਾਰ ਇਕ ਕੌਮੀ ਰਹਿਬਰ ਵਜੋਂ ਕੌਮੀ ਮੰਚ ਉਪਰ ਹੋਇਆ ਅਤੇ ਸ਼ਹਾਦਤ ਦਾ ਜਾਮ ਪੀ ਕੇ ਉਹਨਾਂ ਨੇ ਮਹਾਨ ਸ਼ਹੀਦ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਦਾ ਰੁਤਬਾ ਹਾਸਿਲ ਕੀਤਾ, ਪ੍ਰੰਤੂ ਸੰਸਥਾਗਤ ਤੌਰ ਉਪਰ ਉਹਨਾਂ ਨਾਲ ਜੁੜੇ ਹੋਣ ਦਾ ਵਿਖਾਵਾ ਕਰਨ ਵਾਲੇ ਕੁੱਝ ਮੌਕਾਪ੍ਰਸਤ, ਜ਼ਰਖਰੀਦ ਅਤੇ ਸਿਆਸੀ ਪ੍ਰਭੂਆਂ ਦੇ ਪਿੱਠੂਆਂ ਨੇ ਉਹਨਾਂ ਦੀ ਸ਼ਹਾਦਤ ਨੂੰ ਰੋਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਕੋਈ ਸ਼ੱਕ ਨਹੀਂ ਹੈ ਕਿ ਇਸ ਤਰਾਸਦੀ ਅਤੇ ਵਿਸਾਹਘਾਤ ਦਾ ਸੰਤਾਪ ਕੌਮ ਨੇ ਪਹਿਲਾਂ ਵੀ ਭੁਗਤਿਆ ਅਤੇ ਅੱਜ ਵੀ ਭੁਗਤ ਰਹੀ ਹੈ।

'ਸੰਸਥਾ ਇਤਿਹਾਸ' ਵਲੋਂ ਸੰਪਾਦਿਤ ਹਥਲੀ ਪੁਸਤਕ ਦਾ ਇਹ ਤੀਸਰਾ ਸੰਸਕਰਣ ਜੋ ਕਿ **ਗੁਰਮਤਿ ਪੁਸਤਕ ਭੰਡਾਰ** ਵਲੋਂ ਇਸ ਘੱਲੂਘਾਰੇ ਦੀ ਤੀਹ ਸਾਲਾ ਯਾਦ ਸਮੇਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਇਹ ਉਹਨਾਂ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਕੌਮੀ ਅਜ਼ਾਦੀ ਦੇ ਸੰਘਰਸ਼ ਦਾ ਬਿਗਲ ਵਜਾਉਂਦਿਆਂ ਆਪਣੇ ਪ੍ਰਾਣਾਂ ਦੀ ਬਾਜ਼ੀ ਲਗਾ ਦਿੱਤੀ, ਪਰਵਾਨੇ ਬਣ ਅਜ਼ਾਦੀ ਦੀ ਸ਼ਮ੍ਹਾਂ ਉਪਰ ਆਪਾ ਨਿਛਾਵਰ ਕਰ ਗਏ ਅਤੇ ਆਪਣੇ ਵਿਰਾਸਤੀ ਖ਼ਾਲਸਈ ਜਾਹੋ-ਜਲਾਲ ਦਾ ਲੋਹਾ ਜ਼ੁਲਮੀ ਹਕੂਮਤ ਨੂੰ ਮਨਾਇਆ,

ਹੈਂ ਦੀਦ ਕੇ ਕਾਬਿਲ ਮੇਰੇ ਦਾਗੋਂ ਕੀ ਬਹਾਰੇਂ,
ਦੇਖੋ ਤੋ ਜ਼ਰਾ ਆਕੇ ਯਿਹ ਗੁਲਜ਼ਾਰੇ ਮੁਹੱਬਤ।
ਮਨਸੂਰ ਕੇ ਲਬ ਪਰ ਥਾ ਸਰੇ ਦਾਰ ਯਿਹ ਕਲਮਾ,
ਸਰ ਦੇ ਜੋ ਮੁਹੱਬਤ ਮੇਂ, ਹੈ ਸਰਦਾਰੇ ਮੁਹੱਬਤ।

ਡਾ: ਸੁਖਪ੍ਰੀਤ ਸਿੰਘ ਉਦੋਕੇ

ਕੌਮੀ ਚਿੰਤਨ ਦਾ ਮੁਜੱਸਮਾ

ਮੇਰੇ ਛੋਟੇ ਵੀਰ ਡਾ: ਸੁਖਪ੍ਰੀਤ ਸਿੰਘ ਉਦੋਕੇ ਨੂੰ ਅਕਾਲ ਪੁਰਖ ਨੇ ਵਿਲੱਖਣ ਰੌਸ਼ਨ ਦਿਮਾਗ ਅਤੇ ਯਾਦ-ਸ਼ਕਤੀ ਦੀ ਅਜੀਬੋ ਗਰੀਬ ਰਹਿਮਤ ਬਖਸ਼ੀ ਹੈ। ਆਪਣੀ ਵਿਲੱਖਣ ਕਾਬਲੀਅਤ ਦੇ ਬਾਵਜੂਦ ਉਹ ਹਮੇਸ਼ਾ ਆਮ ਇਨਸਾਨ ਵਾਂਗ ਵਿਚਰਦਾ ਹੈ ਅਤੇ ਹਉਮੈ ਹੰਕਾਰ ਦੀ ਲਾਗ ਤੋਂ ਕੋਹਾਂ ਦੂਰ ਹੈ। ਕਿਸੇ ਵੀ ਪੰਥ ਦੋਖੀ ਦੇ ਕਿਸੇ ਕੌਮ ਵਿਰੋਧੀ ਵਤੀਰੇ ਬਾਰੇ ਉਸ ਦਾ ਰਵੱਈਆ ਤਰਕਸੰਗਤ, ਬਾਦਲੀਲ ਅਤੇ ਜੋਸ਼ੀਲਾ ਜ਼ਰੂਰ ਹੁੰਦਾ ਹੈ ਪਰ ਉਸ ਦੇ ਬੋਲਾਂ ਦੀ ਤਾਸੀਰ ਉਪਰ ਹਮੇਸ਼ਾ ਹੀ ਨਿਮਰਤਾ ਭਾਰੂ ਰਹਿੰਦੀ ਹੈ। ਉਸ ਦੇ ਸਾਦੇ ਜਿਹੇ, ਮਿਹਨਤੀ, ਉਦਮੀ, ਦ੍ਰਿੜ੍ਹ ਅਤੇ ਦੁਨਿਆਵੀ ਉਚੇਚੇਪਨ ਤੋਂ ਵਿਰਵੇ ਮਿਲਾਪੜੇ ਜਿਹੇ ਸੁਭਾਅ ਦਾ ਪਤਾ ਉਸ ਨਾਲ ਕੁਝ ਪਲ ਬਤੀਤ ਕੀਤਿਆਂ ਹੀ ਲੱਗ ਜਾਂਦਾ ਹੈ। ਕਿਸੇ ਵੀ ਮੁਸ਼ਕਿਲ ਦਾ ਜ਼ਿਕਰ ਚਲਦਾ ਹੋਵੇ ਤਾਂ ਬੁੱਲ੍ਹਾਂ ਉਪਰ ਹਲਕੀ ਜਿਹੀ ਮੁਸਕੁਰਾਹਟ ਨਾਲ ਕਹਿ ਛੱਡਦਾ ਹੈ ਕਿ ਕੋਈ ਨਾ ਵੀਰ ਜੀ, ਆਪੇ ਵਾਹਿਗੁਰੂ ਭਲੀ ਕਰੇਗਾ। ਇਸ ਦੇ ਬਾਵਜੂਦ ਇਰਾਦੇ ਦੀ ਦ੍ਰਿੜ੍ਹਤਾ ਹਮੇਸ਼ਾ ਹੀ ਉਸਦੇ ਜਵਾਬੀ ਬੋਲਾਂ ਵਿੱਚੋਂ ਝਲਕਦੀ ਰਹਿੰਦੀ ਹੈ ਕਿ ,

ਹਮ ਤੋ ਦਰਿਆ ਹੈਂ, ਹਮੇ ਅਪਨਾ ਹੁਨਰ ਮਾਲੂਮ ਹੈ।
ਜਿਧਰ ਸੇ ਗੁਜ਼ਰੇਂਗੇ, ਰਾਸਤੇ ਖ਼ੁਦ ਬ ਖ਼ੁਦ ਬਨੇਂਗੇ।

ਅਕਸਰ ਕੁਝ ਲੋਕ ਕਈ ਵਾਰ ਉਸਦੀ ਬੇਲੋੜੀ ਵਿਰੋਧਤਾ ਕਰਦੇ ਹਨ ਅਤੇ ਇਥੋਂ ਤੱਕ ਕਿ ਉਸ ਦੇ ਖਿਲਾਫ਼ ਬਹੁਤ ਕੁਝ ਛਪਵਾ ਕੇ ਵੰਡਦੇ ਹਨ ਜੋ ਕਿ ਉਸ ਵਲੋਂ ਕੀਤੇ ਜਾ ਰਹੇ ਵਿਲੱਖਣ ਕਾਰਜਾਂ ਪ੍ਰਤੀ ਉਸ ਦੇ ਵਿਰੋਧੀਆਂ ਦੇ ਮਨ ਅੰਦਰ ਉਸ ਖਿਲਾਫ਼ ਪੈਦਾ ਹੋਈ ਈਰਖਾਲੂ ਭਾਵਨਾ ਦਾ ਹੀ ਨਤੀਜਾ ਹੈ। ਜੇਕਰ ਉਸ ਨੂੰ ਜਵਾਬ ਦੇਣ ਲਈ ਕੋਈ ਕਹੇ ਤਾਂ ਬੜੇ ਹੀ ਸਹਿਜ ਵਿੱਚ ਮੁਸਕਰਾ ਕੇ ਕਹਿ ਛੱਡਦਾ ਹੈ, "ਵੀਰ ਜੀ, ਕੋਈ ਜੋ ਕਹਿੰਦਾ ਹੈ ਕਹਿ ਲੈਣ ਦਿਓ, ਮੇਰਾ ਕੀ ਘਟਦਾ, ਨਾਲੇ ਸੱਚ ਵੀ ਕਦੀ ਛੁਪਦਾ ਹੈ, ਅਖੀਰ ਸਾਹਮਣੇ ਆ ਹੀ ਜਾਂਦਾ ਹੈ ..ਇਹਨਾਂ ਵਿਚਾਰਿਆਂ ਦਾ ਕੀ ਜਵਾਬ ਦੇਣਾ ਜੋ ਪਿੱਠ ਉਪਰ ਵਾਰ ਕਰਦੇ ਨੇ। ਮਜ਼ਾ ਤਾਂ ਉਸ ਨੂੰ ਜਵਾਬ ਦੇਣ ਦਾ ਆਉਂਦਾ ਹੈ ਜੋ ਮਰਦਾਂ ਵਾਂਗ ਸਾਹਮਣੇ ਆ ਕੇ ਗੱਲ ਕਰੇ, ਇਹ ਇੰਟਰਨੈਟ ਉਪਰ ਦਹਾੜਨ ਵਾਲੇ ਬਿਜਲਈ ਸ਼ੇਰ ਤਾਂ ਮਰਦਾਨਗੀ ਤੋਂ ਕੋਹਾਂ ਦੂਰ ਨੇ, ਇਹਨਾਂ ਦਾ ਗੁੱਸਾ ਕਾਹਦਾ?"

ਉਸ ਦੀ ਹਾਜ਼ਰ ਜਵਾਬੀ ਦੇ ਮਿਆਰ ਦਾ ਪਤਾ ਇਕ ਬਜ਼ੁਰਗ ਦੇ ਸ਼ਬਦਾਂ ਤੋਂ ਲੱਗਦਾ ਹੈ ਜਦੋਂ ਸਿੱਖ ਚੈਨਲ ਉਪਰ ਚਲ ਰਹੇ ਇਤਿਹਾਸ ਨਾਲ ਸੰਬੰਧਿਤ ਇਕ ਲਾਈਵ

ਸ਼ੋਅ ਦੌਰਾਨ ਕਿਹਾ ਕਿ "ਪੁੱਤ, ਮੈਨੂੰ ਬੱਸ ਇਹ ਦੱਸ ਦੇ ਕਿ ਤੇਰੇ ਦਿਮਾਗ ਦੀ ਮੈਮਰੀ ਕਿੰਨੇ ਟੀਬੀ ਹੈ?"

ਇਸ ਸਾਲ ਜੂਨ 2013 ਵਿੱਚ ਜਦੋਂ ਉਹ ਮੇਰੇ ਕੋਲ ਦੋ ਦਿਨ ਵਾਸਤੇ ਆਇਆ ਤਾਂ ਮੈਂ ਕਿਹਾ ਕਿ ਘੱਲੂਘਾਰਾ ਜੂਨ 1984 ਬਾਰੇ ਸਿੱਖ ਚੈਨਲ ਇੰਗਲੈਂਡ ਨੂੰ ਤੇਰੇ ਕੁਝ ਪ੍ਰੋਗਰਾਮ ਚਾਹੀਦੇ ਹਨ ਤਾਂ ਉਸੇ ਵੇਲੇ ਕਹਿੰਦਾ ਕਿ ਵੀਰ ਜੀ! ਜੋ ਹੁਕਮ। ਇਕੋ ਦਿਨ ਵਿੱਚ ਹੀ 9-10 ਪ੍ਰੋਗਰਾਮ ਰਿਕਾਰਡ ਕੀਤੇ ਅਤੇ ਜੂਨ 1984 ਦੇ ਘੱਲੂਘਾਰੇ ਬਾਰੇ ਉਸ ਦੀ ਬਹੁਤ ਹੀ ਗਹਿਰ ਗੰਭੀਰ ਜਾਣਕਾਰੀ ਨੂੰ ਮਹਿਸੂਸ ਕਰਦਿਆਂ ਮੈਂ ਉਸ ਨੂੰ ਕਿਹਾ ਕਿ ਸੁਖਪ੍ਰੀਤ! ਇਸ ਸਾਰੀ ਜਾਣਕਾਰੀ ਨੂੰ ਕਿਤਾਬ ਦਾ ਰੂਪ ਦੇਣਾ ਚਾਹੀਦਾ ਹੈ ਤਾਂ ਉਹ ਸੋਚਾਂ ਜਿਹੀਆਂ ਵਿੱਚ ਗਵਾਚਾ ਰਿਹਾ ਅਤੇ ਮੈਂ ਵੀ ਸੋਚਿਆ ਕਿ ਇਥੇ ਹੋਈ ਗੱਲ ਸਮੇਂ ਦੀ ਧੂੜ ਵਿੱਚ ਹੀ ਦੱਬ ਕੇ ਰਹਿ ਜਾਵੇਗੀ ਕਿਉਂਕਿ ਡਾ: ਉਦੋਕੇ ਜਲਦੀ ਪੰਜਾਬ ਜਾ ਦੇ ਜਨਰਲ ਜ਼ੋਰਾਵਰ ਸਿੰਘ ਉਪਰ ਡਾਕੂਮੈਂਟਰੀ ਫਿਲਮ ਤਿਆਰ ਕਰਨਾ ਚਾਹੁੰਦਾ ਸੀ।

ਪਰ ਮੇਰੀ ਹੈਰਾਨਗੀ ਦੀ ਉਦੋਂ ਹੱਦ ਨਾ ਰਹੀ ਜਦੋਂ ਕੇਵਲ 45 ਦਿਨਾਂ ਵਿੱਚ ਹੀ ਮੇਰੇ ਛੋਟੇ ਵੀਰ ਨੇ ਘੱਲੂਘਾਰਾ ਜੂਨ 1984 ਉਪਰ ਲਿਖੀ ਕਿਤਾਬ ਜੋ ਕਿ ਜੂਨ 2014 ਨੂੰ ਘੱਲੂਘਾਰੇ ਦੀ ਤੀਹਵੀਂ ਵਰ੍ਹੇਗੰਢ ਨੂੰ ਸਮਰਪਿਤ ਹੈ, ਤਿਆਰ ਕੀਤਾ ਕਿਤਾਬ ਦਾ ਖਰੜਾ ਮੈਨੂੰ ਈ-ਮੇਲ ਕਰ ਦਿੱਤਾ ਅਤੇ ਕੁਝ ਸ਼ਬਦ ਲਿਖਣ ਨੂੰ ਕਿਹਾ।

ਡਾ: ਉਦੋਕੇ ਵਲੋਂ ਸੰਪਾਦਿਤ ਇਹ ਕਿਤਾਬ (ਜਿਸ ਵਿੱਚ ਕੁਝ ਲੇਖ ਹੋਰ ਲੇਖਕਾਂ ਦੇ ਵੀ ਹਨ) '1984 ਤੀਜਾ ਘੱਲੂਘਾਰਾ : ਦੁਖਾਂਤ ਅਤੇ ਚਿੰਤਨ' ਇਕ ਐਸਾ ਇਤਿਹਾਸਕ ਦਸਤਾਵੇਜ਼ ਹੈ ਜਿਸ ਵਿੱਚ ਇਸ ਘੱਲੂਘਾਰੇ ਦੇ ਕਾਰਨਾਂ, ਅਨੰਦਪੁਰ ਸਾਹਿਬ ਦਾ ਮਤਾ, ਸਿਰਦਾਰ ਕਪੂਰ ਸਿੰਘ ਜੀ ਦੀ ਸ਼ਖ਼ਸੀਅਤ, ਸੰਤ ਜਰਨੈਲ ਸਿੰਘ ਜੀ ਦੀ ਸ਼ਖਸੀਅਤ, ਘੱਲੂਘਾਰੇ ਦਾ ਸੰਤਾਪ, ਰਾਜੀਵ ਲੌਂਗੋਵਾਲ ਸਮਝੌਤਾ, ਘੱਲੂਘਾਰੇ ਦਾ ਪ੍ਰਤੀਕਰਮ, ਕੌਮੀ ਰੋਹ ਅਤੇ ਕੌਮ ਦੇ ਭਵਿੱਖ ਬਾਰੇ ਬਹੁਤ ਹੀ ਵਧੀਆ ਵਿਸ਼ਲੇਸ਼ਣ ਕੀਤਾ ਹੈ। ਸਮੁੱਚੇ ਖਰੜੇ ਨੂੰ ਵਾਚਦਿਆਂ ਇਸ ਘੱਲੂਘਾਰੇ ਦੇ ਦਰਦਨਾਕ ਦ੍ਰਿਸ਼ਾਂ ਦਾ ਅਕਸ ਅਨੁਭਵ ਕਰਕੇ ਰੂਹ ਕੰਬ ਉਠਦੀ ਹੈ ਅਤੇ ਅੱਖਾਂ ਵਿੱਚੋਂ ਮੱਲੋ-ਮੱਲੀ ਨੀਰ ਵਹਿ ਤੁਰਦਾ ਹੈ ਪਰ ਲੇਖਣੀ ਦੀ ਲੜੀਬੱਧਤਾ ਅਤੇ ਰਵਾਨਗੀ ਐਸੀ ਹੈ ਕਿ ਪੂਰੀ ਕਿਤਾਬ ਸਮਾਪਤ ਕਰਨ ਤੋਂ ਪਹਿਲਾਂ ਉਠਣਾ ਨਾ-ਮੁਮਕਿਨ ਹੈ।

ਅਕਾਲ ਪੁਰਖ ਦੇ ਚਰਨਾਂ ਪਾਸ ਦਿਲੋਂ ਅਰਦਾਸ ਹੈ ਕਿ ਸਾਡਾ ਇਹ ਛੋਟਾ ਵੀਰ ਡਾ: ਉਦੋਕੇ ਅਤੇ ਇਸ ਦੀ ਸੰਸਥਾ ਇਤਿਹਾਸ ਇਸੇ ਤਰ੍ਹਾਂ ਹੀ ਕੌਮੀ ਕਾਰਜਾਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹਿਣ ਅਤੇ ਕੌਮ ਦੀ ਸੇਵਾ ਕਰਦੇ ਰਹਿਣ।

ਗੁਰਮੀਤ ਸਿੰਘ (ਜਰਮਨੀ)

ਉੱਚ-ਮਿਆਰੀ ਵਿਸ਼ਲੇਸ਼ਣ

'ਅੰਮ੍ਰਿਤ ਸੇਵਾ ਸੁਸਾਇਟੀ ਇੰਟਰਨੈਸ਼ਨਲ' ਵਲੋਂ ਕੁਝ ਸਾਲਾਂ ਤੋਂ ਲਗਾਤਾਰ 'ਘੱਲੂਘਾਰਾ ਜੂਨ 1984' ਦੇ ਸ਼ਹੀਦਾਂ ਦੀ ਯਾਦ ਵਿੱਚ ਸੈਮੀਨਾਰ ਜਾਂ ਪੰਥਕ ਸਮਾਗਮ ਉਲੀਕੇ ਜਾਂਦੇ ਹਨ। ਜਦੋਂ ਤੋਂ ਇਹ ਸਮਾਗਮ ਆਰੰਭ ਹੋਏ ਹਨ ਡਾ: ਸੁਖਪ੍ਰੀਤ ਸਿੰਘ ਉਦੋਕੇ ਉਦੋਂ ਤੋਂ ਹੀ 'ਅੰਮ੍ਰਿਤ ਸੇਵਾ ਸੁਸਾਇਟੀ ਇੰਟਰਨੈਸ਼ਨਲ' ਵਲੋਂ ਆਯੋਜਿਤ ਕੀਤੇ ਜਾਂਦੇ ਹਰ ਸੈਮੀਨਾਰ ਵਿੱਚ ਸ਼ਮੂਲੀਅਤ ਕਰ ਰਹੇ ਹਨ। 'ਅੰਮ੍ਰਿਤ ਸੇਵਾ ਸੁਸਾਇਟੀ ਇੰਟਰਨੈਸ਼ਨਲ' ਅਤੇ 'ਸੰਸਥਾ ਇਤਿਹਾਸ' ਦਾ ਗਹਿਰਾ ਸੰਬੰਧ ਵੀ ਆਪਸੀ ਸੁਮੇਲਤਾ ਦੀ ਮਿਸਾਲ ਹੈ। ਸੰਸਥਾ ਇਤਿਹਾਸ ਵਲੋਂ ਇਤਿਹਾਸਕ ਖੋਜਾਂ ਦੀ ਲੜੀ ਜੇਕਰ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਤਾਂ ਅੰਮ੍ਰਿਤ ਸੇਵਾ ਸੁਸਾਇਟੀ ਇੰਟਰਨੈਸ਼ਨਲ ਇਹਨਾਂ ਪ੍ਰਕਾਸ਼ਨਾਵਾਂ ਨੂੰ ਸੰਗਤਾਂ ਤੱਕ ਲੈ ਕੇ ਜਾਣ ਦਾ ਉਪਰਾਲਾ ਕਰਦੀ ਹੈ। ਸੋ ਕੋਈ ਅਤਿਕਥਨੀ ਨਹੀਂ ਕਿ ਅੰਮ੍ਰਿਤ ਸੇਵਾ ਸੁਸਾਇਟੀ ਇੰਟਰਨੈਸ਼ਨਲ ਵੀ 'ਸੰਸਥਾ ਇਤਿਹਾਸ' ਦਾ ਇਕ ਜਨਤਕ ਅੰਗ ਹੀ ਹੈ।

ਇਸ ਵਾਰ ਜਦੋਂ ਜੂਨ 2013 ਵਿੱਚ ਡਾ: ਸੁਖਪ੍ਰੀਤ ਸਿੰਘ ਉਦੋਕੇ ਘੱਲੂਘਾਰਾ ਦਿਵਸ ਨਾਲ ਸੰਬੰਧਿਤ ਸੈਮੀਨਾਰ ਵਿੱਚ ਹਿੱਸਾ ਲੈਣ ਲਈ ਅਮਰੀਕਾ ਆਏ ਉਹਨਾਂ ਦੇ ਵਿਖਿਆਨ ਦੇ ਵਿਸ਼ਿਆਂ ਨੇ ਸੰਗਤਾਂ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਸੰਗਤਾਂ ਵਿੱਚ ਬਹੁਤੇ ਸਰੀਰ ਐਸੇ ਸਨ ਜਿਨ੍ਹਾਂ ਦੀਆਂ ਤਾਂ ਅੱਖਾਂ ਵਿੱਚੋਂ ਵਿਖਿਆਨ ਦੌਰਾਨ ਨੀਰ ਵਹਿਣਾ ਬੰਦ ਹੀ ਨਹੀਂ ਹੋਇਆ ਸੀ। ਘੱਲੂਘਾਰਾ ਜੂਨ 1984 ਦੇ ਕਾਰਨਾਂ, ਸੰਤਾਂ ਦੀ ਸ਼ਖਸੀਅਤ ਅਤੇ ਕੌਮੀ ਭਵਿੱਖ ਦਾ ਯੋਗਤਾਪੂਰਨ ਵਿਸ਼ਲੇਸ਼ਣ ਡਾ: ਉਦੋਕੇ ਵਲੋਂ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਸੈਮੀਨਾਰਾਂ ਦੀ ਸਮਾਪਤੀ ਉਪਰੰਤ ਜਦੋਂ ਸੰਸਥਾਵਾਂ ਦੀ ਸਾਂਝੀ ਸਾਲਾਨਾ ਇਕੱਤਰਤਾ ਦੌਰਾਨ ਡਾ: ਉਦੋਕੇ ਨਾਲ ਵਿਚਾਰ-ਚਰਚਾ ਹੋਈ ਤਾਂ ਇਹ ਫੈਸਲਾ ਲਿਆ ਗਿਆ ਕਿ ਜੂਨ 1984 ਦੇ ਘੱਲੂਘਾਰੇ ਦੇ ਸਾਰੇ ਪ੍ਰਕਰਣ ਨੂੰ ਪੂਰਨ ਵਿਸਥਾਰ ਦੇ ਕੇ ਕਿਤਾਬੀ ਸ਼ਕਲ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ। ਡਾ: ਉਦੋਕੇ ਨੇ ਕਿਹਾ ਕਿ ਭਾਵੇਂ ਉਹਨਾਂ ਦਾ ਸਾਰਾ ਧਿਆਨ ਇਸ ਵੇਲੇ ਜਨਰਲ ਜ਼ੋਰਾਵਰ ਸਿੰਘ ਜੀ ਦੀ ਡਾਕੂਮੈਂਟਰੀ ਉਪਰ ਹੈ ਪਰ ਉਹ ਫਿਰ ਵੀ ਕੋਸ਼ਿਸ਼ ਕਰਨਗੇ ਕਿ ਕਿਸੇ ਤਰ੍ਹਾਂ ਨਾਲ ਇਹ ਕਾਰਜ ਸੰਪੂਰਨ ਕੀਤਾ ਜਾਵੇ।

ਪਰ ਖੁਸ਼ੀ ਦੀ ਗੱਲ ਹੈ ਕਿ ਡਾ: ਸੁਖਪ੍ਰੀਤ ਸਿੰਘ ਉਦੋਕੇ ਅਤੇ 'ਸੰਸਥਾ ਇਤਿਹਾਸ' ਵਲੋਂ ਬਹੁਤ ਹੀ ਥੋੜੇ ਸਮੇਂ ਵਿੱਚ ਇਸ ਕਿਤਾਬ ਦਾ ਖਰੜਾ ਤਿਆਰ ਕਰ ਦਿੱਤਾ ਗਿਆ ਜਿਸ ਵਿੱਚ ਘੱਲੂਘਾਰੇ ਨਾਲ ਸੰਬੰਧਿਤ ਸਾਰੇ ਹੀ ਵਾਕਿਆਤ ਦੀ ਜਾਣਕਾਰੀ ਹੈ ਅਤੇ ਕੁਝ ਤੱਥ ਤਾਂ ਐਸੇ ਹਨ ਜਿਹਨਾਂ ਬਾਰੇ ਆਮ ਸੰਗਤ ਬਹੁਤ ਘੱਟ ਜਾਣਦੀ ਹੈ। ਇਸ ਕਿਤਾਬ

ਵਿੱਚ ਪ੍ਰਕਾਸ਼ਿਤ ਕੀਤੇ ਗਏ ਕਈ ਅਹਿਮ ਦਸਤਾਵੇਜ਼ ਜਿਵੇਂ ਆਨੰਦਪੁਰ ਸਾਹਿਬ ਦਾ ਮਤਾ, ਭਗਤ ਪੂਰਨ ਸਿੰਘ ਜੀ ਦਾ 'ਪਦਮ ਸ਼੍ਰੀ' ਵਾਪਸ ਕਰਨਾ ਅਤੇ ਇਸ ਘੱਲੂਘਾਰੇ ਵਿੱਚ ਹਿੱਸਾ ਲੈਣ ਤੋਂ ਨਾਂਹ ਕਰਨ ਵਾਲੇ ਭਾਰਤੀ ਫ਼ੌਜ ਦੇ ਜਨਰਨ ਮਿਸਟਰ ਸਿਨਹਾ ਦਾ ਲੇਖ ਬਹੁਤ ਹੀ ਅਹਿਮੀਅਤ ਵਾਲਾ ਹੈ।

ਸੰਗਤਾਂ ਤੋਂ ਭਰਪੂਰ ਹੁੰਗਾਰੇ ਦੀ ਆਸ ਵਿਚ :
ਸਮੂਹ ਵੀਰ,
ਅੰਮ੍ਰਿਤ ਸੇਵਾ ਸੁਸਾਇਟੀ ਇੰਟਰਨੈਸ਼ਨਲ
ਅਮਰੀਕਾ

ਘੱਲੂਘਾਰਾ 1984—ਦੁਖਾਂਤ ਅਤੇ ਚਿੰਤਨ

ਘੱਲੂਘਾਰਾ ਜੂਨ 1984 ਕਦੇ ਨਾ ਭੁਲਾਇਆ ਜਾਣ ਵਾਲਾ ਕਹਿਰ ਅਤੇ ਕਦੇ ਨਾ ਨਕਾਰਿਆ ਜਾਣ ਵਾਲਾ ਸੱਚ ਹੈ। ਜ਼ਾਲਮ ਬਿਪਰਵਾਦੀ ਸੋਚ ਦੀਆਂ ਧਾਰਨੀ ਸਰਕਾਰਾਂ ਨੇ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ (ਸਿੱਖ ਕੌਮ) ਦੇ ਦਿਲ ਹਰਿਮੰਦਰ ਸਾਹਿਬ ਉੱਪਰ ਹਮਲਾ ਕਰਕੇ ਸਿੱਖ ਕੌਮ ਦੇ ਹਿਰਦਿਆਂ ਵਿੱਚ ਖੰਜਰ ਖੋਭ ਦਿਤਾ। ਇਹ ਜ਼ਖ਼ਮ ਅਜੇ ਅੱਲਾ ਹੀ ਸੀ ਕਿ ਨਵੰਬਰ 1984 ਵਿੱਚ ਸਿੱਖਾਂ ਦਾ ਭਾਰੀ ਕਤਲੇਆਮ ਕਰਵਾ ਕੇ ਅੱਲੇ ਜ਼ਖਮਾਂ ਉਪਰ ਲੂਣ ਛਿੜਕਿਆ ਗਿਆ ਅਤੇ ਇਹ ਅੱਗੜ-ਪਿੱਛੜ ਵਾਪਰੀਆਂ ਘਟਨਾਵਾਂ ਕੋਈ ਅਚਾਨਕ ਹੋਇਆ ਹਾਦਸਾ ਨਹੀਂ ਸਨ। ਐਸਾ ਵੀ ਨਹੀਂ ਸੀ ਕਿ ਇਹਨਾਂ ਘਟਨਾਵਾਂ ਨੂੰ ਟਾਲਿਆ ਨਹੀਂ ਸੀ ਜਾ ਸਕਦਾ। ਟਾਲਿਆ ਜਾ ਸਕਦਾ ਸੀ ਪਰ ਜੇ ਬਿਪਰਵਾਦੀ ਸੋਚ ਦੀਆਂ ਧਾਰਨੀ ਸਰਕਾਰਾਂ ਚਾਹੁੰਦੀਆਂ। ਇਹ ਅੱਗੜ-ਪਿੱਛੜ ਵਾਪਰੀਆਂ ਦੋਵੇਂ ਘਟਨਾਵਾਂ ਅਸਲ ਵਿੱਚ ਇਕ ਡੂੰਘੀ ਸਾਜ਼ਿਸ਼ ਦੀਆਂ ਦੋ ਕੜੀਆਂ ਸਨ। ਇਸ ਘੱਲੂਘਾਰੇ ਦੇ ਕਾਰਨਾਂ ਵੱਲ ਜੇਕਰ ਝਾਤ ਮਾਰੀਏ ਤਾਂ ਇਹ ਪਤਾ ਲਗਦਾ ਹੈ ਕਿ ਇਸ ਦੇ ਪਿੱਛੇ ਕਾਰਨ ਤਾਂ ਬਹੁਤ ਸਨ ਪਰ ਮੁੱਖ ਕਾਰਨ ਸਿੱਖਾਂ ਦਾ ਖੁਰਾ ਖੋਜ ਮਿਟਾਉਣਾ ਸੀ। ਅਸਲ ਵਿੱਚ ਇਹ ਜੰਗ ਦੋ ਵਿਚਾਰਧਾਰਾਵਾਂ ਦੀ ਜੰਗ ਸੀ ਜਿਹੜੀ ਕਿ ਉਦੋਂ ਤੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਤੋਂ ਗੁਰੂ ਨਾਨਕ ਪਾਤਸ਼ਾਹ ਨੇ ਗੁਰਬਾਣੀ ਦੀ ਇਨਕਲਾਬੀ ਵਿਚਾਰਧਾਰਾ ਦਾ ਮੁੱਢ ਬੰਨ੍ਹ ਦਿੱਤਾ ਸੀ ਅਤੇ ਗੁਰੂ ਨਾਨਕ ਪਾਤਸ਼ਾਹ ਦੀ ਇਸ ਵਿਚਾਰਧਾਰਾ ਦੇ ਵਿਰੋਧ ਵਿੱਚ ਇਹ ਵਿਪਰੀਤ ਵਿਚਾਰਧਾਰਾ (ਬਿਪਰਵਾਦੀ ਸੋਚ ਦੀ ਧਾਰਨੀ ਵਿਚਾਰਧਾਰਾ) ਉਠ ਖੜੀ ਹੋਈ ਕਿਉਂਕਿ ਗੁਰੂ ਨਾਨਕ ਪਾਤਸ਼ਾਹ ਦੀ ਵਿਚਾਰਧਾਰਾ ਪਾਖੰਡਵਾਦ ਦਾ ਪਾਜ ਉਘੇੜਦੀ ਸੀ। ਗੁਰੂ ਨਾਨਕ ਪਾਤਸ਼ਾਹ ਦੀ ਵਿਚਾਰਧਾਰਾ ਦੇ ਪਹਿਰੇਦਾਰ ਇਸ ਵਿਪਰੀਤ ਵਿਚਾਰਧਾਰਾ ਦੇ ਮੂਹਰੇ ਡਟੇ ਰਹੇ। ਜੂਨ 1984 ਤੋਂ ਪਹਿਲਾਂ ਹਾਲਾਤ ਕੁਝ ਐਸੇ ਬਣੇ ਕਿ ਜਦੋਂ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਭਾਰਤੀ ਸਰਕਾਰ ਵਲੋਂ ਸਿੱਖਾਂ ਨਾਲ ਕੀਤੇ ਵਾਅਦੇ ਯਾਦ ਕਰਵਾਏ ਤਾਂ ਸਮੇਂ ਦੀਆਂ ਸਰਕਾਰਾਂ ਨੇ ਸਿੱਖਾਂ ਦੇ ਬਣਦੇ ਹੱਕ ਤਾਂ ਕੀ ਦੇਣੇ ਸਨ ਸਗੋਂ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਕਹਿ ਕੇ ਭੰਡਿਆ। ਬਹੁਤ ਹੀ ਸਖ਼ਤ ਘਾਲਣਾਵਾਂ ਅਤੇ ਮੋਰਚਿਆਂ ਉਪਰੰਤ ਜੇ ਕੁਝ ਦਿੱਤਾ ਵੀ ਤਾਂ ਲੰਗੜਾ ਪੰਜਾਬ ਅਤੇ ਉੱਥੇ ਵੀ ਸਿੱਖਾਂ ਨਾਲ ਵਿਤਕਰਾ ਹੋਣ ਲੱਗਾ। ਸਮੇਂ ਦੀਆਂ ਸਰਕਾਰਾਂ ਨੂੰ ਗਾਂਧੀ ਦੀ ਕਹੀ ਗੱਲ ਚੇਤੇ ਆਈ ਕਿ ਜੇ ਸਿੱਖਾਂ ਨੂੰ ਉਨਾਂ ਦੇ ਹੱਕ ਨਾ ਦਿੱਤੇ ਤਾਂ ਇਨ੍ਹਾਂ ਨੂੰ ਆਪਣੇ ਹੱਕ ਲੈਣੇ ਆਉਂਦੇ ਹਨ। ਇਸ ਡਰ

ਦੇ ਅਧੀਨ ਬਿਪਰਵਾਦੀ ਵਿਚਾਰਧਾਰਕ ਸਰਕਾਰ ਨੇ ਬਾਕੀ ਕੌਮਾਂ ਦੀ ਤਰ੍ਹਾਂ ਸਿੱਖ ਕੌਮ ਨੂੰ ਵੀ ਨਿਗਲ ਜਾਣਾ ਚਾਹਿਆ ਪਰ ਗੁਰੂ ਨਾਨਕ ਪਾਤਸ਼ਾਹ ਦੀ ਇਨਕਲਾਬੀ ਵਿਚਾਰਧਾਰਾ ਦੇ ਪਹਿਰੇਦਾਰ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਇਹਨਾਂ ਸਾਰੀਆਂ ਕੁਟਿਲਨੀਤੀਆਂ ਦਾ ਪਾਜ ਉਘਾੜਨ ਦਾ ਕਿਰਦਾਰ ਬਾਖ਼ੂਬੀ ਨਿਭਾਇਆ। ਸੰਤ ਬਾਬਾ ਜਰਨੈਲ ਸਿੰਘ ਜੀ ਨਾ ਸਿਰਫ ਸਿੱਖਾਂ ਦੇ ਹੱਕਾਂ ਲਈ ਬਲਕਿ ਪੰਜਾਬ ਵਿੱਚ ਵਸਦੇ ਤਮਾਮ ਲੋਕਾਂ, ਚਾਹੇ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਸਨ, ਦੇ ਹੱਕਾਂ ਦੀ ਰਾਖੀ ਲਈ ਡੱਟ ਖੜੇ ਹੋ ਗਏ ਸਨ ਤੇ ਜ਼ਾਲਿਮ ਬਿਪਰਵਾਦੀ ਸੋਚ ਨੇ ਆਪਣਾ ਵਜੂਦ ਧੁੰਦਲਾ ਹੁੰਦਾ ਵੇਖ ਸਿੱਖਾਂ ਉਪਰ ਇਤਿਹਾਸ ਦਾ ਤੀਸਰਾ ਘੱਲੂਘਾਰਾ ਜਿਸ ਨੂੰ ਓਪਰੇਸ਼ਨ ਬਲਿਊ ਸਟਾਰ ਦਾ ਨਾਮ ਦਿੱਤਾ ਗਿਆ, ਦੀ ਸਾਜ਼ਿਸ਼ ਰਚ ਲਈ। ਪੰਜਾਬ ਦੀ ਧਰਤੀ ਉੱਪਰ ਇਹ ਸਿੱਖਾਂ ਨਾਲ ਕੀਤੀਆਂ ਵਧੀਕੀਆਂ ਤੇ ਵਿਸਾਹਘਾਤਾਂ ਦੀ ਇੰਤਹਾ ਸੀ।

1984 ਦੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੀ ਮਾਨਸਿਕਤਾ ਉਪਰ ਬੜੀ ਗਹਿਰੀ ਸੱਟ ਵੱਜੀ। ਸਿੱਖਾਂ ਦੀ ਬਜ਼ੁਰਗੀ ਨੂੰ ਪੈਰਾਂ ਹੇਠ ਰੋਲਿਆ ਗਿਆ, ਨੌਜਵਾਨੀ ਨੂੰ ਕੋਹਿਆ ਗਿਆ। ਸਾਡੇ ਬਚਪਨ ਦੇ ਮਨਾਂ 'ਚ ਇਹ ਸਹਿਮ ਬਿਠਾ ਦਿੱਤਾ ਕਿ ਸਿੱਖ ਹੋਣਾ ਇੱਕ ਜੁਰਮ ਹੈ, ਸਿੱਖਾਂ ਦੀ ਇੱਜ਼ਤ ਸ਼ਰੇਆਮ ਬਜ਼ਾਰਾਂ 'ਚ ਰੋਲੀ ਗਈ। ਨੌਜਵਾਨਾਂ ਦੀ ਸੋਚ ਵਿੱਚ ਇਕ ਤਿੱਖਾ ਬਦਲਾਵ ਦੇਖਣ ਨੂੰ ਮਿਲਿਆ। ਪੜ੍ਹੇ-ਲਿਖੇ ਵਰਗ ਦੇ ਲੋਕਾਂ ਦਾ ਵੀ ਭਰਮ ਟੁੱਟ ਗਿਆ ਤੇ ਕਈ ਪੜ੍ਹੇ-ਲਿਖੇ ਨੌਜਵਾਨਾਂ ਨੇ ਤਾਂ ਭਾਰਤੀ ਸਰਕਾਰ ਨਾਲੋਂ ਆਪਣਾ ਨਾਤਾ ਹੀ ਤੋੜ ਲਿਆ। ਇਸ ਦੌਰਾਨ ਪੰਜਾਬ ਦਾ ਤੇ ਖਾਸ ਕਰਕੇ ਪੰਜਾਬ ਵਿਚ ਵੱਸਦੇ ਉਨ੍ਹਾਂ ਸਿੱਖਾਂ ਦਾ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਜਿਨ੍ਹਾਂ ਨੇ ਦੋ ਪ੍ਰਤੀਸ਼ਤ ਦੀ ਗਿਣਤੀ ਹੋਣ ਦੇ ਬਾਵਜੂਦ ਵੀ ਭਾਰਤ ਦੀ ਆਜ਼ਾਦੀ ਲਈ 90 ਪ੍ਰਤੀਸ਼ਤ ਤੋਂ ਵੀ ਵੱਧ ਕੁਰਬਾਨੀਆਂ ਦਿੱਤੀਆਂ ਸਨ। ਘੱਲੂਘਾਰੇ ਤੋਂ ਬਾਅਦ ਤਕਰੀਬਨ ਇੱਕ ਦਹਾਕਾ ਖੁਲ੍ਹੇਆਮ ਬੇਦੋਸ਼ੇ ਸਿੱਖਾਂ ਦਾ ਕਤਲੇਆਮ ਜਾਰੀ ਰਿਹਾ ਅਤੇ ਸਿੱਖਾਂ ਨੂੰ ਅਤਿਵਾਦੀ ਕਹਿ ਕੇ ਸਾਰੇ ਜੱਗ ਵਿੱਚ ਭੰਡਿਆ ਗਿਆ। ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਇਹ ਜਾਰੀ ਹੈ, ਕਿਧਰੇ ਸਿੱਖ ਨੌਜਵਾਨੀ ਨੂੰ ਨਸ਼ਿਆਂ ਵਿੱਚ ਗਰਕ ਕੀਤਾ ਜਾ ਰਿਹਾ ਹੈ, ਕਿਧਰੇ ਉਨਾਂ ਦੀ ਮਾਨਸਿਕਤਾ ਨੂੰ ਕੋਝਾ ਬਣਾਇਆ ਜਾ ਰਿਹਾ ਹੈ। ਸਿੱਖ ਨੌਜਵਾਨਾਂ ਨੂੰ ਸਿੱਖੀ ਵਿਚਾਰਧਾਰਾ ਤੋਂ ਦੂਰ ਕਰਨ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ। ਸਿਆਸੀ ਲੋਕਾਂ ਦੀ ਸੋਚ ਸਿਰਫ਼ ਆਪਣੀ ਕੁਰਸੀ ਤੱਕ ਹੀ ਸੀਮਿਤ ਹੈ ਉਨ੍ਹਾਂ ਨੂੰ ਕੌਮੀ ਦਰਦ ਨਾਲ ਕੋਈ ਸਰੋਕਾਰ ਨਹੀ ਰਿਹਾ। ਧਾਰਮਿਕ ਅਦਾਰੇ ਵੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਕੰਨੀ ਕਤਰਾਉਂਦੇ ਨਜ਼ਰ ਆਉਂਦੇ ਹਨ। ਅੱਜ ਲੋੜ ਹੈ ਕਿ ਸਿੱਖ ਆਪਣੇ ਭਵਿੱਖ ਦੀ ਸਿਰਜਨਾ ਕਰਨ।

'ਸੰਸਥਾ ਇਤਿਹਾਸ' (ITIHAS) Institute for Training Ideology Heritage and Artefacts of Sikhism ਵੱਲੋਂ ਪ੍ਰਕਾਸ਼ਿਤ ਕੀਤੀ ਗਈ ਇਸ ਕਿਤਾਬ ਵਿੱਚ 1984 ਦੇ ਕਾਰਨਾਂ ਉਪਰ ਡੂੰਘੀ ਵਿਚਾਰ-ਚਰਚਾ ਨਾਲ ਭਰਪੂਰ ਲੇਖ ਹਨ। ਇਨ੍ਹਾਂ

ਵਿੱਚੋਂ ਕੁਝ ਲੇਖ 'ਸੰਸਥਾ ਇਤਿਹਾਸ' ਦੇ ਮੋਢੀ ਡਾ. ਸੁਖਪ੍ਰੀਤ ਸਿੰਘ ਉਦੋਕੇ ਜੀ ਦੁਆਰਾ ਲਿਖਿਤ ਹਨ ਤੇ ਕੁਝ ਹੋਰਨਾਂ ਵਿਦਵਾਨਾਂ ਦੁਆਰਾ ਲਿਖਿਤ ਹਨ। ਜਿੱਥੇ ਇਹ ਲੇਖ ਜੂਨ 1984 ਘੱਲੂਘਾਰੇ ਦੇ ਕਾਰਨਾਂ ਅਤੇ ਕੌਮ ਦੇ ਹੋਏ ਨੁਕਸਾਨ ਉਪਰ ਚਾਨਣਾ ਪਾਉਂਦੇ ਹਨ ਉਥੇ ਇਨ੍ਹਾਂ ਤੱਥਾਂ ਉੱਪਰ ਵੀ ਵਿਚਾਰ-ਚਰਚਾ ਹੈ ਕਿ 1984 ਘੱਲੂਘਾਰੇ ਦੇ ਜ਼ਖਮਾਂ ਵਿੱਚੋਂ ਸਿੰਮਦੇ ਖ਼ੂਨ ਨਾਲ ਅਸੀਂ ਆਪਣੀ ਕੌਮ ਦੀ ਤਕਦੀਰ ਕਿਵੇਂ ਲਿਖਣੀ ਹੈ?

ਆ ਸ਼ੇਖ ਤੁਝੇ ਬਤਲਾਊਂ, ਤਕਦੀਰ-ਏ-ਉਮਮ ਕਿਆ ਹੈ ?
ਤੇਗ਼-ਓ-ਸਨਾਨ ਅੱਵਲ, ਤਾਊਸ-ਓ-ਰਬਾਬ ਆਖਿਰ।

ਪ੍ਰੋ: ਰਣਜੀਤ ਸਿੰਘ ਪੱਟੀ
(ਇਤਿਹਾਸ) ਪ੍ਰੋਜੈਕਟ ਇੰਚਾਰਜ

Institute for Training Ideology Heritage
and Artefacts of Sikhism



ਘੱਲੂਘਾਰਾ ਜੂਨ 84 ਦੇ ਸੰਤਾਪ ਉਪਰੰਤ ਰਾਹ ਤਲਾਸ਼ਦੇ ਕੁਝ ਸ਼ਬਦ

ਸਰਬੱਤ ਦੇ ਭਲੇ ਦੀ ਵਿਚਾਰਧਾਰਾ ਹਿਰਦੇ ਅੰਦਰ ਵਸਾ ਕੇ, ਜਲਦੇ ਜਗਤ ਜਲੰਦੇ ਨੂੰ ਹਲੇਮੀ ਰਾਜ ਦੇ ਪੂਰਨ ਆਜ਼ਾਦੀ ਭਰੇ ਖਿੱਤੇ ਤੱਕ ਲੈ ਜਾਣ ਵਾਲੇ ਕਾਫ਼ਲੇ ਦਾ ਸਾਕਾਰ ਰੂਪ ਸੰਗਠਿਤ ਖ਼ਾਲਸਾ ਹੈ। 'ਹਲੇਮੀ ਰਾਜ' ਦਾ ਸੰਕਲਪ ਸਿੱਖ ਜੀਵਨ-ਜਾਚ ਦਾ ਅੰਤਿਮ ਨਿਸ਼ਾਨਾ ਅਤੇ ਮੰਜ਼ਿਲ ਹੈ। ਉੱਚ ਆਤਮਿਕ ਅਵਸਥਾ (ਨਾਮ ਜਪਣਾ), ਭ੍ਰਿਸ਼ਟਾਚਾਰ ਅਤੇ ਬੇਈਮਾਨੀ ਸਦਕਾ ਇਕੱਤਰ ਸਾਧਨਾਂ ਤੋਂ ਮੁਕਤ ਧਰਮ ਦੀ ਕਿਰਤ ਕਰਨੀ ਅਤੇ ਹੱਥੋਂ ਦੇ ਕੇ ਭਲਾ ਮਨਾਉਣ ਦੀ ਭਾਵਨਾ ਨਾਲ ਵੰਡ ਕੇ ਛਕਣਾ, ਇਸ ਖ਼ਾਲਸਈ ਜੀਵਨ ਜਾਂਚ ਦੇ ਐਸੇ ਸਰਬ ਕਲਿਆਣੀ ਥੰਮ੍ਹ ਹਨ, ਜਿਨ੍ਹਾਂ ਨਾਲ 'ਸਭੁ ਸੁਖਾਲੀ ਵੁਠੀਆ' (ਜਿਸ ਖਿੱਤੇ ਵਿੱਚ ਸਾਰੇ ਅਨੰਦਮਈ ਸੁਖਦ ਜੀਵਨ ਬਤੀਤ ਕਰਦੇ ਹਨ) ਵਾਲੇ ਬੇਗਮਪੁਰੇ 'ਹਲੇਮੀ ਰਾਜ' ਦਾ ਨਿਰੂਪਣ ਕੀਤਾ ਜਾ ਸਕਦਾ ਹੈ।

ਕੌਮ ਜੇਕਰ ਸੰਗਠਿਤ ਹੋਵੇ ਤਾਂ (ਜ਼ਿਕਰਯੋਗ ਹੈ ਕਿ ਖ਼ਾਲਸਾ ਸੰਗਠਿਤ, ਨਿਰੰਤਰ, ਇਕਸਾਰ ਪ੍ਰਵਾਹ ਦੀ ਕ੍ਰਿਆ ਦਾ ਸੂਚਕ ਹੈ) ਇਕ ਵੀ ਕੌਮੀ ਅੰਗ ਉਪਰ ਲੱਗੇ ਦਰਦ ਦੀ ਕਸਕ ਸਮੁੱਚੇ ਸੰਗਠਿਤ ਢਾਂਚੇ ਨੂੰ ਮਹਿਸੂਸ ਹੁੰਦੀ ਹੈ। ਸ਼ਾਇਰ-ਏ-ਮਸ਼ਰਿਕ ਡਾ: ਮੁਹੰਮਦ ਇਕਬਾਲ ਨੇ ਬੜਾ ਸੁੰਦਰ ਬਿਆਨ ਕੀਤਾ ਹੈ ਕਿ ਸਰੀਰ ਦੇ ਕਿਸੇ ਵੀ ਅੰਗ ਦਾ ਦੁੱਖ ਹੰਝੂ ਬਣ ਕੇ ਅੱਖ ਦੇ ਜ਼ਰੀਏ ਹੀ ਵਹਿੰਦਾ ਹੈ,

ਮੁਬਤਲਾਏ ਦਰਦ ਕੋਈ ਖ਼ੁਦ ਬ ਖ਼ੁਦ ਰੋਤੀ ਹੈ ਆਂਖ,
ਕਿਸ ਕਦਰ ਹਮਦਰਦ ਸਾਰੇ ਜਿਸਮ ਕੀ ਹੋਤੀ ਹੈ ਆਂਖ।

ਕੋਈ ਸ਼ੱਕ ਨਹੀਂ ਕਿ ਸੰਗਠਿਤ ਕੌਮੀ ਢਾਂਚੇ ਨਾਲ ਵਾਪਰੀ ਕੋਈ ਵੀ ਘਟਨਾ ਜਾਂ ਮੰਦਘਟਨਾ ਸਮੁੱਚੇ ਢਾਂਚੇ ਨੂੰ ਪ੍ਰਭਾਵਿਤ ਕਰਦੀ ਹੈ। ਨੀਲਾ ਤਾਰਾ (ਘੱਲੂਘਾਰਾ ਜੂਨ 84) ਸੰਗਠਿਤ ਖ਼ਾਲਸਾ ਕੌਮ ਦੀ ਵਿਲੱਖਣ ਹੋਂਦ-ਹਸਤੀ, ਨਿਆਰੇਪਨ ਅਤੇ ਗ਼ੈਰਤ ਉਪਰ ਹੁਕਮਰਾਨੀ ਤਾਕਤਾਂ ਵੱਲੋਂ ਕੀਤਾ ਗਿਆ ਵਿਉਂਤਬੱਧ ਹੱਲਾ ਸੀ, ਜਿਸ ਦਾ ਨਿਸ਼ਾਨਾ ਖ਼ਾਲਸਈ ਜਾਹੋ-ਜਲਾਲ ਦੇ ਪ੍ਰਤੀਕ ਤਖ਼ਤ-ਏ-ਅਕਾਲ ਨੂੰ ਹਿੰਦੂਤਵ ਦੇ ਦੁਨਿਆਵੀ ਤਖ਼ਤ ਅੱਗੇ ਝੁਕਾਉਣਾ ਸੀ, ਪ੍ਰੰਤੂ ਬਾਬਾ-ਏ-ਕੌਮ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਇਸ ਤਖ਼ਤ ਦੀ ਅਜ਼ਮਤ ਖ਼ਾਤਰ ਜਾਮ-ਏ-ਸ਼ਹਾਦਤ ਪ੍ਰਾਪਤ ਕਰਕੇ ਕੌਮ ਨੂੰ ਹਲੂਣਾ ਦੇ ਗਏ ਕਿ ਖ਼ਾਲਸਈ ਤਖ਼ਤਾਂ ਦੇ ਵਾਰਿਸ ਦਿੱਲੀ ਦੇ ਤਖ਼ਤਾਂ ਦੇ ਗੁਲਾਮ

ਨਹੀਂ ਹੋ ਸਕਦੇ। 29 ਸਾਲ ਦੇ ਕਰੀਬ ਬੀਤ ਜਾਣ ਦੇ ਬਾਅਦ ਵੀ ਭਾਵੇਂ ਹਰ ਸੁਹਿਰਦ ਪੰਥ ਦਰਦੀ ਦੇ ਮਨ ਅੰਦਰ ਇਸ ਘੱਲੂਘਾਰੇ ਦੀ ਕਸਕ ਜਿਉਂ ਦੀ ਤਿਉਂ ਕਾਇਮ ਹੈ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਘੱਲੂਘਾਰੇ ਤੋਂ ਬਾਅਦ ਐਸੇ ਸਿੰਘ ਸੂਰਮੇ ਹੁਕਮਰਾਨੀ ਤਾਕਤਾਂ ਖਿਲਾਫ਼ ਮੈਦਾਨ-ਏ-ਜੰਗ ਵਿੱਚ ਨਿੱਤਰੇ ਜਿਨ੍ਹਾਂ ਨੇ ਵਹਿੰਦੇ ਹੰਝੂਆਂ ਨੂੰ, ਅੱਖ 'ਚੋਂ ਵਹਿੰਦੇ ਜੋਸ਼ੀਲੇ ਲਹੂ ਦਾ ਰੂਪ ਦਿੱਤਾ ਅਤੇ ਤਖ਼ਤ-ਏ-ਅਕਾਲ ਦੀ ਬੇਹੁਰਮਤੀ ਦਾ ਬਦਲਾ ਲੈ ਕੇ ਖ਼ਾਲਸਈ ਜਾਹੋ-ਜਲਾਲ ਭਰੀ ਅੱਖ ਦੀ ਤੱਕਣੀ ਦਾ ਦੁਨੀਆਂ ਨੂੰ ਅਹਿਸਾਸ ਕਰਵਾ ਦੱਸਿਆ ਕਿ,

ਰਗੋ ਮੇਂ ਬਹਿਨੇ ਵਾਲੇ, ਲਹੂ ਕੇ ਹਮ ਨਹੀਂ ਕਾਇਲ,
ਜੋ ਆਂਖ ਮੇਂ ਨਾ ਉਤਰੇ ਵੋ ਲਹੂ ਕਿਆ ਹੈ।

ਖ਼ਾਲਸਈ ਜੀਵਨ ਪੰਥ ਦੇ ਨਿਰੰਤਰ ਵਹਿੰਦੇ 'ਹਲੇਮੀ ਰਾਜ' ਦੀ ਪ੍ਰਾਪਤੀ ਦੇ ਪ੍ਰਵਾਹ ਵਿੱਚ ਕੇਵਲ 'ਤਖ਼ਤ' ਅਤੇ 'ਤਖ਼ਤਾ' ਹੀ ਅੰਤਿਮ ਮੰਜ਼ਿਲ ਹਨ। ਕੋਈ ਤੀਜਾ ਰਾਹ ਇਸ ਦਰਮਿਆਨ ਨਹੀਂ। ਖ਼ਾਲਸਾ ਜਾਂ ਬਾਗ਼ੀ ਹੈ ਜਾਂ ਬਾਦਸ਼ਾਹ ਹੈ। ਗੁਲਾਮੀ ਅਤੇ ਕਾਇਰਤਾ ਖ਼ਾਲਸਈ ਜੀਵਨ-ਜਾਚ ਦਾ ਅੰਗ ਨਹੀਂ ਹਨ। ਬਾਗੀਆਨਾ ਪੰਧ ਨੂੰ ਤਿਆਗ ਜਿਹੜੇ ਲੋਕ ਖ਼ੁਦਾਈ ਬਾਦਸ਼ਾਹਤ ਨੂੰ ਤਿਲਾਂਜਲੀ ਦੇ ਕੇ ਹੋਰ ਦੁਨਿਆਵੀ ਬਾਦਸ਼ਾਹਤ ਦੇ ਜ਼ਰ ਖਰੀਦ ਮੋਹਰੇ ਬਣਦੇ ਹਨ ਉਹਨਾਂ ਨੂੰ ਇਤਿਹਾਸ ਆਪਣੀ ਬੁੱਕਲ ਵਿੱਚ ਨਹੀਂ ਲੈਂਦਾ ਪ੍ਰੰਤੂ ਜ਼ੁਲਮ ਹਕੂਮਤਾਂ ਖਿਲਾਫ਼ ਬਾਗੀ ਬਣ ਕੇ ਬਾਦਸ਼ਾਹੀ ਤਖ਼ਤ ਵੱਲ ਪਹੁੰਚਣ ਵਾਲੀਆਂ ਪੈੜਾਂ ਜਿਥੇ ਇਤਿਹਾਸ ਦਾ ਅੰਗ ਬਣਦੀਆਂ ਹਨ ਉਥੇ ਨਾਲ ਹੀ ਭਵਿੱਖ ਦੀਆਂ ਨਸਲਾਂ ਦਾ ਮਾਰਗ-ਦਰਸ਼ਨ ਕਰਦੀਆਂ ਹਨ। ਇਸ ਸੰਘਰਸ਼ਮਈ ਇਤਿਹਾਸ ਵਿੱਚੋਂ ਹੀ ਖ਼ਾਲਸਾ ਪੰਥ ਦਾ ਸਿਧਾਂਤ ਪ੍ਰਚੰਡ ਜਵਾਲਾ ਵਾਂਗ ਪ੍ਰਕਾਸ਼ਮਾਨ ਹੁੰਦਾ ਹੈ ਕਿ,

ਕੈ ਰਾਜ ਕਰੇਂ ਹੈਂ, ਕੈ ਲੜ ਮਰੇ ਹੈਂ।

ਰਾਜ ਕਰਨਾ ਜਾਂ ਲੜ ਮਰਨਾ, ਬਾਗੀ ਜਾਂ ਬਾਦਸ਼ਾਹ, ਤਖ਼ਤਾ ਜਾਂ ਤਖ਼ਤ, ਦੋਹਾਂ 'ਚੋਂ ਇਕ ਦੀ ਹੀ ਪ੍ਰਾਪਤੀ ਹੈ। ਤੀਜਾ ਰਸਤਾ ਜੋ ਕਾਇਰਤਾ, ਗੁਲਾਮੀ ਅਤੇ ਰਹਿਮ ਦੀ ਭੀਖ ਹੈ ਉਹ ਪੰਥਕ ਪੰਧ ਦੇ ਮੀਲ ਪੱਥਰਾਂ ਵਿੱਚ ਨਹੀਂ ਆਉਂਦਾ।

ਬਾਬਾ-ਏ-ਕੌਮ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਇਸ ਸਦੀ ਵਿੱਚ, ਇਸ ਸਦੀ ਦੇ ਇਤਿਹਾਸ ਤੋਂ ਵੱਡੇ ਕੱਦ ਦੇ ਜਰਨੈਲ ਹੋ ਨਿਬੜੇ, ਜਿਸ ਜਰਨੈਲ ਦੀਆਂ ਪੈੜਾਂ ਵੀ ਇਤਿਹਾਸ ਬਣ ਗਈਆਂ। 'ਹਲੇਮੀ ਰਾਜ' ਦੀ ਸਿਰਜਣਾ ਹੇਤ ਸੰਤਾਂ ਦੀ ਸ਼ਹਾਦਤ ਕੌਮੀ ਗੌਰਵਮਈ ਇਤਿਹਾਸ ਦਾ ਹਿੱਸਾ ਬਣ ਗਈ। ਘੱਲੂਘਾਰਾ 84 ਤੋਂ ਬਾਅਦ ਕੌਮੀ ਆਜ਼ਾਦੀ ਦੇ ਸੰਘਰਸ਼ ਦੌਰਾਨ ਹੋਈਆਂ ਸ਼ਹਾਦਤਾਂ ਦੀ ਗੱਲ ਕਰੀਏ ਤਾਂ ਕੋਈ ਸ਼ੱਕ-ਸ਼ੁਬਾ ਨਹੀਂ ਕਿ ਬਾਬਾ-ਏ-ਕੌਮ ਸੰਤ ਜਰਨੈਲ ਸਿੰਘ ਜੀ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਸਨ। ਇਹੀ ਕਾਰਨ ਸੀ ਕਿ ਕੇਵਲ ਸੰਤਾਂ ਦੇ ਬੋਲ ਹੀ ਨੌਜਵਾਨਾਂ ਵਿੱਚ ਬਾਗੀ ਤਬੀਅਤ ਦਾ ਪ੍ਰਵਾਹ ਕਰ ਜਾਂਦੇ ਅਤੇ ਉਹਨਾਂ ਦੇ ਕਦਮ ਬਾਦਸ਼ਾਹਤ ਦੀ ਪ੍ਰਾਪਤੀ ਲਈ, ਹੁਕਮਰਾਨੀ ਬਾਦਸ਼ਾਹਤ ਖਿਲਾਫ਼ ਡੱਟ ਜਾਂਦੇ। ਸ਼ਾਇਦ ਗੁਰਮਤਿ ਜੀਵਨ-ਜਾਚ ਅਤੇ ਗੁਰਬਾਣੀ ਰਸ ਵਿੱਚ ਲਬਰੇਜ਼, ਸੰਤਾਂ ਦੇ ਮੁਖ ਵਿੱਚੋਂ ਨਿਕਲੇ ਬੋਲਾਂ ਦੀ ਤਾਸੀਰ

ਸੀ ਕਿ ਇਸ ਸਦੀ ਵਿੱਚ ਵੀ ਬਾਗੀ ਜਾਂ ਬਾਦਸ਼ਾਹ ਦਾ ਸੰਕਲਪ ਦ੍ਰਿਸ਼ਮਾਨ ਹੋਇਆ। ਕੋਈ ਅਤਿਕਥਨੀ ਨਹੀਂ ਕਿ ਅਜੋਕੇ ਨਿਘਾਰ ਦੀ ਦਸ਼ਾ ਵਿੱਚ ਇਸ ਮਰਦ-ਏ-ਮਜ਼ਾਹਿਦ ਦੀ ਘਾਟ ਹਰ ਪੰਥ ਦਰਦੀ ਨੂੰ ਮਹਿਸੂਸ ਨਹੀਂ ਹੈ ਅਤੇ ਹਰ ਪੰਥ ਦਰਦੀ ਦੇ ਹਿਰਦੇ ਵਿੱਚ ਕਿਸੇ ਅਦੀਬ ਦੇ ਕਥਨ ਗੂੰਜਦੇ ਹਨ,

ਸੁਣ ਰਾਹੀਆ ਕਰਮਾਂ ਵਾਲਿਆ, ਮੈਂ ਬੇਕਰਮੀ ਦੀ ਬਾਤ।
ਮੇਰਾ ਚੜ੍ਹਦਾ ਸੂਰਜ ਡੁੱਬਿਆ ਮੇਰੇ ਦਿਨ ਨੂੰ ਖਾ ਗਈ ਰਾਤ।

ਪ੍ਰੰਤੂ ਹਰ ਰਾਤ ਤੋਂ ਬਾਅਦ ਦਿਨ ਦਾ ਚੜ੍ਹਾਅ ਵੀ ਕੁਦਰਤੀ ਪ੍ਰਕ੍ਰਿਆ ਦਾ ਹਿੱਸਾ ਹੈ ਅਤੇ ਉੜਕ ਇਹ ਰਾਤ ਜ਼ਰੂਰ ਮੁੱਕੇਗੀ। ਲੋੜ ਹੈ, ਹਰ ਮੁਹਾਜ਼ ਉਪਰ ਕੌਮੀ ਫ਼ਰਜ਼ ਨੂੰ ਪਛਾਣੀਏ। ਕਿਸੇ ਅਦੀਬ ਦਾ ਕਥਨ ਹੈ ਕਿ ਸੰਘਰਸ਼ ਦੀ ਖੜੋਤ ਦੇ ਮੌਕੇ ਤਾਂ ਬੁਲਬੁਲ ਨੂੰ ਵੀ ਐਸੇ ਅਜਿਹੇ ਬੀਰ-ਰਸੀ ਤਰਾਨੇ ਛੇੜਨੇ ਚਾਹੀਦੇ ਹਨ ਜੋ ਕਬੂਤਰਾਂ ਵਿੱਚ ਵੀ ਬਾਜ਼ ਦਾ ਜਿਗਰ ਪੈਦਾ ਕਰ ਦੇਣ :

ਨਵਾ ਪੋਰਾ ਹਵਾਏ ਬੁਲਬੁਲ ਕਿ ਹੋ ਤੋ ਤੇਰੇ ਤਰੱਨੁਮ ਸੇ,
ਕਬੂਤਰ ਕੇ ਤਨੇ ਨਾਜ਼ੁਕ ਮੇਂ ਸ਼ਾਹੀਂ ਕਾ ਜਿਗਰ ਪੈਦਾ।

ਜੂਨ ਦਾ ਮਹੀਨਾ ਸਿੱਖ ਤਵਾਰੀਖ਼ ਵਿੱਚ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਇਹ ਜੇਠ-ਹਾੜ ਦਾ ਹੀ ਸਮਾਂ ਸੀ ਜਦੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ ਨੇ ਜਗਤ ਜਲੰਦੇ ਦੀ ਰੱਖਿਆ ਹੇਠ ਜਾਮ-ਏ-ਸ਼ਹਾਦਤ ਪੀਤਾ। ਦਰਅਸਲ ਇਤਿਹਾਸਕ ਸਰੋਤਾਂ ਦੀ ਘੋਖਵੀਂ ਪੜਤਾਲ ਕਰੀਏ ਤਾਂ ਭਾਰਤੀ ਤਵਾਰੀਖ਼ ਵਿੱਚ ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਕਿਸੇ ਵੀ ਸ਼ਹੀਦ ਦਾ ਜ਼ਿਕਰ ਨਹੀਂ ਮਿਲਦਾ। ਜੂਨ ਦੀ ਮਹੀਨੇ ਵਿੱਚ ਹੀ ਸਿੱਖ ਕੌਮ ਦੇ ਦੋ ਐਸੇ ਜਰਨੈਲਾਂ ਦੇ ਸ਼ਹੀਦੀ ਦਿਨ ਵੀ ਆਉਂਦੇ ਹਨ ਜਿਨ੍ਹਾਂ ਦਾ ਦ੍ਰਿਸ਼ਟਾਂਤ, ਵਿਰਤਾਂਤ ਅਤੇ ਦੁਖਾਂਤ ਵੀ ਆਪਸ ਵਿੱਚ ਗੂੜ੍ਹੀ ਸਾਂਝ ਰੱਖਦਾ ਹੈ ਅਤੇ ਜਿਨ੍ਹਾਂ ਨੇ ਸੁੱਤੀ ਹੋਈ ਅਤੇ ਬੇਗ਼ੈਰਤ ਹੁੰਦੀ ਜਾ ਰਹੀ ਕੌਮ ਦੀਆਂ ਰਗਾਂ ਅੰਦਰ ਅਣਖੀਲੇ ਲਾਵੇ ਦਾ ਪ੍ਰਵਾਹ ਚਾਲੂ ਕੀਤਾ। ਇਕ ਹਨ ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਦੂਸਰੇ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ। ਦੋਹਾਂ ਹੀ ਜਰਨੈਲਾਂ ਨੂੰ ਕੌਮ ਦੇ ਬੇਤਾਜ ਬਾਦਸ਼ਾਹ ਹੋਣ ਦਾ ਮਾਣ ਹਾਸਲ ਹੈ ਭਾਵੇਂ ਕਿ ਬਾਬਾ ਬੰਦਾ ਸਿੰਘ ਜੀ ਨੇ ਮੁਗਲ ਰਾਜ ਨੂੰ ਜਿੱਤ ਕੇ ਵੀ ਆਪਣੀ ਤਾਜਪੋਸ਼ੀ ਨਹੀਂ ਕਰਵਾਈ ਅਤੇ ਸੰਤ ਬਾਬਾ ਜਰਨੈਲ ਸਿੰਘ ਨੇ ਭਾਰਤੀ ਹਕੂਮਤ ਦੇ ਜ਼ੁਲਮੀ ਰਾਜ ਦੇ ਖਿਲਾਫ ਸੰਘਰਸ਼ ਆਰੰਭ ਕਰਕੇ ਅਤੇ ਅਣਖੀਲੀ ਸ਼ਹਾਦਤ ਪ੍ਰਾਪਤ ਕਰਕੇ ਸਿੱਖ ਕੌਮ ਦੇ ਮਹਾਨ ਸ਼ਹੀਦ ਦਾ ਰੁਤਬਾ ਹਾਸਿਲ ਕੀਤਾ।

ਜੇਕਰ ਸਿੱਖ ਤਵਾਰੀਖ਼ ਦੀ ਘੋਖ ਕਰੀਏ ਤਾਂ ਦੋਹਾਂ ਹੀ ਜਰਨੈਲਾਂ ਨਾਲ ਆਪਣਿਆਂ ਹੀ ਵਿਸਾਹਘਾਤ ਕੀਤਾ ਅਤੇ ਤਵਾਰੀਖ਼ਦਾਨਾਂ (ਕੁਝ ਇਕ ਨੂੰ ਛੱਡ ਕੇ) ਨੇ ਕੇਵਲ ਮਜ਼ਹਬੀ ਜਨੂੰਨ ਅਧੀਨ ਹੀ ਦੋਹਾਂ ਜਰਨੈਲਾਂ ਬਾਰੇ ਰੋਲ-ਘਚੋਲਾ ਪਾਉਣ ਵਿੱਚ ਕੋਈ ਕਸਰ ਨਹੀਂ ਛੱਡੀ। 'ਸਿਆਰ-ਉਲ-ਮੁਤਾਖ਼ਰੀਨ' ਦੇ ਕਰਤਾ ਗ਼ੁਲਾਮ ਹੁਸੈਨ ਨੇ ਬਾਬਾ ਬੰਦਾ ਸਿੰਘ ਬਾਰੇ ਅਪਸ਼ਬਦਾਵਲੀ ਵਰਤਣ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਦੂਸਰੇ ਪਾਸੇ ਬਾਬਾ ਜਰਨੈਲ ਸਿੰਘ ਬਾਰੇ ਅਪਸ਼ਬਦਾਵਲੀ ਵਰਤਣ ਵਾਲੇ ਲੋਕਾਂ ਨੇ ਵੀ ਰੱਜ ਕੇ ਕਸਰ ਪੂਰੀ ਕੀਤੀ

ਹੈ। ਭਾਈ ਗੁਰਦਾਸ ਜੀ ਦੀ ਇਕ ਤੁੱਕ ਇਸ ਵਰਤਾਰੇ ਬਾਰੇ ਬਾਰ-ਬਾਰ ਜ਼ਿਹਨ ਵਿੱਚ ਆ ਜਾਂਦੀ ਹੈ ਕਿ,

ਸਭਨਾ ਕੇ ਸਿਰ ਗੁੰਦੀਅਨ, ਗੰਜੀ ਗੁਰੜਾਵੇ ॥

(ਭਾਈ ਗੁਰਦਾਸ ਜੀ)

ਗੰਜੀਆਂ ਤ੍ਰੀਮਤਾਂ ਕੋਲੋਂ ਸੋਹਣੇ ਕੇਸਾਂ ਵਾਲੀਆਂ ਸੁਹਾਗਣਾਂ ਕਿਥੇ ਬਰਦਾਸ਼ਤ ਹੁੰਦੀਆਂ। ...ਖੈਰ! ਇਹਨਾਂ ਦੋ ਜਰਨੈਲਾਂ ਦੀ ਸ਼ਹਾਦਤ ਤੋਂ ਬਾਅਦ ਕੌਮ ਦੇ ਹਾਲਾਤ ਨੂੰ ਸਮਝਣਾ ਅਤੇ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਜ਼ਿਕਰਯੋਗ ਹੈ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਭਾਵੇਂ ਸਿੱਖ ਕੌਮ ਨਾਲ ਬਹੁਤ ਹੀ ਭਿਆਨਕ ਕਾਂਡ ਵਾਪਰੇ ਪ੍ਰੰਤੂ ਸਿੱਖ ਜਰਨੈਲਾਂ ਦੀ ਦੂਰਅੰਦੇਸ਼ੀ, ਸਿਆਣਪ, ਇਕਮੁੱਠਤਾ ਅਤੇ ਨਿਸ਼ਾਨੇ ਦੀ ਪੂਰਤੀ ਦੇ ਮੰਤਵ ਨੇ ਏਸ਼ੀਆ ਦੀ ਸਭ ਤੋਂ ਵੱਡੀ ਸਲਤਨਤ ਨੂੰ ਭੇਢ ਦਹਾਕੇ ਵਿੱਚ ਏਨਾ ਮਜਬੂਰ ਅਤੇ ਕਮਜ਼ੋਰ ਕਰ ਦਿੱਤਾ ਕਿ ਸਿੱਖਾਂ ਵੱਲ ਨਵਾਬੀ ਦੀ ਪੇਸ਼ਕਸ਼ ਭੇਜਣੀ ਪਈ ਅਤੇ ਗੁਰੂ ਕੇ ਲਾਲਾਂ ਨੇ ਇਹ ਕਹਿ ਕੇ ਨਵਾਬੀ ਠੁਕਰਾ ਦਿੱਤੀ,

ਹਮ ਕੌ ਲੌੜ ਨਵਾਬੀ ਨਾਹੀਂ।

ਇਸ ਦਾ ਇਹ ਭਾਵ ਨਹੀਂ ਕਿ ਸਿੱਖ ਰਾਜ ਨਹੀਂ ਚਾਹੁੰਦਾ ਸਗੋਂ ਇਸ ਦਾ ਭਾਵ ਹੈ ਕਿ ਸਿੱਖ ਦਾ ਅਟੱਲ ਵਿਸ਼ਵਾਸ ਹੈ ਕਿ,

ਹਮ ਰਾਖਤ ਪਾਤਸ਼ਾਹੀ ਦਾਵਾ।

ਕਿ ਅਸੀਂ ਤਾਂ ਬਾਦਸ਼ਾਹੀ ਦੇ ਦਾਅਵੇਦਾਰ ਹਾਂ, ਸਾਨੂੰ ਗੁਰੂ ਨੇ ਬਾਦਸ਼ਾਹੀ ਦਿੱਤੀ ਹੈ ਅਤੇ ਨਵਾਬੀ ਖ਼ੈਰ ਵਿੱਚ ਨਹੀਂ ਲੈਣੀ।

ਪ੍ਰੰਤੂ ਦੂਸਰੇ ਪਾਸੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਸ਼ਹਾਦਤ ਨੂੰ 29 ਸਾਲ ਹੋ ਚੁੱਕੇ ਸਨ ਪ੍ਰੰਤੂ ਸਿੱਖ ਲੀਡਰਸ਼ਿਪ ਨੇ ਅਜੇ ਤੱਕ ਕਿਸੇ ਵੀ ਤਰੀਕੇ ਨਾਲ ਦੂਰ-ਅੰਦੇਸ਼ਤਾ ਦਾ ਕੋਈ ਸਬੂਤ ਨਹੀਂ ਦਿੱਤਾ। ਹਰ ਪੱਧਰ ਉਪਰ ਕੌਮੀ ਨਿਘਾਰ ਦੀ ਕ੍ਰਿਆ-ਬਾ-ਦਸਤੂਰ ਜਾਰੀ ਹੈ। ਸ਼ਾਇਦ ਸਿੱਖਾਂ ਨੇ ਆਪਣੀਆਂ ਪ੍ਰੰਪਰਾਵਾਂ ਨੂੰ ਵਿਸਾਰ ਦਿੱਤਾ ਹੈ ਜਾਂ ਫਿਰ ਅਬਦਾਲੀ ਵਰਗੇ ਸਮੁੰਦਰਾਂ ਦਾ ਟਾਕਰਾ ਕਰਨ ਵਾਲਾ ਸੂਰਮਾ ਹੁਣ ਬ੍ਰਾਹਮਣਵਾਦ ਦੀ ਗੰਗਾ ਵਿੱਚ ਡੁੱਬਦਾ ਜਾ ਰਿਹਾ ਹੈ। ਕਿਸੇ ਅਦੀਬ ਦਾ ਕਥਨ ਹੈ,

ਯੇ ਦੀਨੇ ਹਿਜ਼ਾਜੀ ਕਾ ਬੇਬਾਕ ਬੇੜਾ
ਨਾ ਗੋਹੂੰ ਮੇਂ ਅਟਕਾ, ਨਾ ਸੇਹੂੰ ਮੇਂ ਠਹਿਰਾ।
ਕੀਏ ਪਾਰ ਜਿਸ ਨੇ ਥੇ ਸਾਤੋਂ ਸਮੁੰਦਰ,
ਵੋ ਡੂਬਾ ਦਹਿਨੇ ਮੇਂ ਗੰਗਾ ਕੇ ਆਕਰ।

'ਸੰਸਥਾ ਇਤਿਹਾਸ' ਵਲੋਂ ਇਹ ਤੁੱਛ ਜਿਹਾ ਉਪਰਾਲਾ ਹੈ ਕਿ ਕੌਮ ਉਪਰ ਵਾਪਰੇ ਇਸ ਸੰਤਾਪ ਦੇ ਪਿਛੋਕੜ, ਵਰਤਾਰੇ ਅਤੇ ਇਸ ਉਪਰੰਤ ਕੌਮ ਦੇ ਹਾਲਾਤ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਵੇ ਅਤੇ ਇਸੇ ਹੀ ਹਥਲੀ ਪੁਸਤਕ ਨੂੰ ਸੰਪਾਦਿਤ ਕੀਤਾ ਗਿਆ ਹੈ। ਇਸ ਕਾਰਜ ਦੀ ਵਧੇਰੇ ਲੋੜ ਤਾਂ ਉਸ ਸਮੇਂ ਮਹਿਸੂਸ ਹੋਈ ਜਦੋਂ ਇਕ ਟੀ.ਵੀ. ਚੈਨਲ ਵਲੋਂ ਘੱਲੂਘਾਰਾ ਜੂਨ 84 ਬਾਰੇ ਵਿਖਾਏ ਇਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸਾਰੀ ਹੀ

ਰੂਪ-ਰੇਖਾ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਅਤੇ ਸਰਕਾਰੀ ਪੱਖ ਦਾ ਜ਼ੋਰਦਾਰ ਮੰਡਨ ਕੀਤਾ ਗਿਆ। ਦਰਅਸਲ ਇਹ ਸੰਸਥਾ ਦੀ ਕੋਈ ਮੂਲ ਰਚਨਾ ਨਹੀਂ ਹੈ ਭਾਵੇਂ ਕਿ ਬਹੁਤ ਸਾਰੇ ਲੇਖ ਸੰਸਥਾ ਦੀ ਦੇਣ ਹਨ ਪਰ ਇਸ ਵਿੱਚ ਵਧੇਰੇ ਹੋਰਨਾਂ ਵਿਦਵਾਨਾਂ ਦੇ ਲੇਖਾਂ ਨੂੰ ਲੜੀਬੱਧ ਕੀਤਾ ਗਿਆ ਹੈ (ਜਿਹਨਾਂ ਦੀ ਸੰਸਥਾ ਤਹਿ ਦਿਲੋਂ ਧੰਨਵਾਦੀ ਹੈ) ਤਾਂ ਕਿ ਇਸ ਵਰਤਾਰੇ ਬਾਰੇ ਸਾਰੇ ਪੱਖ ਸਪੱਸ਼ਟ ਹੋ ਸਕਣ। ਇਸ ਪ੍ਰਤੀ ਮੈਂ ਸ: ਅਜਮੇਰ ਸਿੰਘ, ਏ.ਆਰ. ਦਰਸ਼ੀ, ਨਰਾਇਣ ਸਿੰਘ, ਹਰਸਿਮਰਨ ਸਿੰਘ, ਮਿਹਰ ਸਿੰਘ ਗਿੱਲ, ਸ. ਗੁਰਦਰਸ਼ਨ ਸਿੰਘ ਢਿਲੋਂ, ਕਰਮਜੀਤ ਸਿੰਘ, ਇਕਚੇਤਨ ਸਿੰਘ, ਸਵ. ਸ. ਬਲਬੀਰ ਸਿੰਘ ਸੰਧੂ, ਸਵ. ਸ. ਮਹਿੰਦਰ ਸਿੰਘ, ਰਣਯੋਧ ਸਿੰਘ, ਸ. ਕੁਲਦੀਪ ਸਿੰਘ, ਸਿਮਰਜੀਤ ਸਿੰਘ, ਗਿਆਨੀ ਜੁਗਿੰਦਰ ਸਿੰਘ ਜੀ, ਰਾਗੀ ਗੁਰਚਰਨ ਸਿੰਘ, ਮੁਖਤਿਆਰ ਸਿੰਘ ਮੁਖੀ, ਸ. ਮਨਜੀਤ ਸਿੰਘ, ਹਰਬੀਰ ਸਿੰਘ ਭੰਵਰ, ਜਸਵੰਤ ਸਿੰਘ, ਸਵ. ਡਾ: ਕੁਲਦੀਪ ਸਿੰਘ, ਬੀਬੀ ਪ੍ਰੀਤਮ ਕੌਰ, ਗੁਰਨਾਮ ਸਿੰਘ, ਚਰਨਜੀਤ ਸਿੰਘ, ਅਤੇ ਹੋਰ ਅਨੇਕਾਂ ਸੱਜਣ ਜਿਹਨਾਂ ਨੇ ਨਾਮ ਪ੍ਰਕਾਸ਼ਿਤ ਕਰਨ ਤੋਂ ਇਨਕਾਰ ਕੀਤਾ ਹੈ, ਦਾ ਬਹੁਤ ਹੀ ਧੰਨਵਾਦੀ ਹਾਂ। ਸੰਸਥਾ ਨਾਲ ਸੰਬੰਧਿਤ ਸਾਰੇ ਵੀਰ ਜਿਹਨਾਂ ਵਿੱਚ ਰਣਜੀਤ ਸਿੰਘ ਪੱਟੀ, ਹਰਜਿੰਦਰ ਸਿੰਘ, ਹਰਵਿੰਦਰ ਸਿੰਘ ਹੁਸ਼ਿਆਰਪੁਰ ਹਨ, ਨੇ ਸਾਰੇ ਕਾਰਜ ਦੌਰਾਨ ਬਹੁਤ ਹੀ ਵਧੀਆ ਭੂਮਿਕਾ ਨਿਭਾਈ। ਇਸ ਸਮੁੱਚੇ ਕਾਰਜ ਵਿੱਚ ਸਾਥ ਦੇਣ ਲਈ ਗੁਰਪ੍ਰੀਤ ਸਿੰਘ ਅਤੇ ਅਮਰਬੀਰ ਸਿੰਘ ਦਾ ਵੀ ਤਹਿ ਦਿਲੋਂ ਰਿਣੀ ਹਾਂ।

ਅਕਸਰ ਪੰਥਕ ਕਾਰਜ ਵੀ ਤਾਂ ਹੀ ਨੇਪਰੇ ਚੜ੍ਹਦੇ ਹਨ ਜੇਕਰ ਘਰੇਲੂ ਮਾਹੌਲ ਵੀ ਸਾਜ਼ਗਾਰ ਹੋਵੇ। ਮੇਰੇ ਮਾਤਾ ਪਿਤਾ ਅਤੇ ਵੱਡੇ ਵੀਰ ਗੁਰਪ੍ਰੀਤ ਸਿੰਘ (ਅਮਰੀਕਾ) ਦੇ ਧੰਨਵਾਦ ਲਈ ਤਾਂ ਸ਼ਾਇਦ ਮੇਰੇ ਕੋਲ ਸ਼ਬਦਾਂ ਦੀ ਘਾਟ ਹੋਵੇ ਕਿਉਂਕਿ ਸਭ ਕੁਝ ਉਹਨਾਂ ਦੇ ਸਹਿਯੋਗ ਦਾ ਹੀ ਸਿੱਟਾ ਹੈ। ਮੇਰੀ ਸੁਪਤਨੀ ਜਸਪਿੰਦਰ ਕੌਰ ਨੇ ਸੰਸਥਾ ਦੀਆਂ ਜ਼ਿੰਮੇਵਾਰੀਆਂ ਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਵੱਧ ਅਹਿਮੀਅਤ ਦਿੱਤੀ। ਮਾਤਾ ਹਰਿੰਦਰ ਕੌਰ (ਇੰਗਲੈਂਡ) ਅਤੇ ਜਗਜੀਤ ਕੌਰ ਜੌਹਲ ਜੀ ਦਾ ਨਿੱਘਾ ਪਿਆਰ ਅਤੇ ਸਨੇਹ ਹਮੇਸ਼ਾ ਮੇਰੇ ਨਾਲ ਰਿਹਾ। ਹਰਦੀਪ ਸਿੰਘ ਮਾਨ ਜਮਸ਼ੇਰ ਖ਼ਾਸ ਹੋਰਾਂ ਵਲੋਂ ਸੰਸਥਾ ਦੀ ਕੀਤੀ ਜਾਂਦੀ ਮਲਟੀਮੀਡੀਆ ਦੀ ਸੇਵਾ ਦਾ ਹਮੇਸ਼ਾ ਰਿਣੀ ਹਾਂ।

ਕਿਸੇ ਵੀ ਕਾਰਜ ਲਈ ਉਸਾਰੂ ਅਤੇ ਨਿੱਗਰ ਹੱਲਾਸ਼ੇਰੀ ਦੀ ਆਪਣੀ ਅਹਿਮੀਅਤ ਹੁੰਦੀ ਹੈ ਅਤੇ ਆਪਣੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਵੀਰਾਂ ਦਾ ਨਿੱਘਾ ਪਿਆਰ ਅਤੇ ਸਲਾਹੁਤਾ ਮੈਨੂੰ ਹਮੇਸ਼ਾ ਹੀ ਅਜੀਬ ਬਲ ਪ੍ਰਧਾਨ ਕਰਦੀ ਰਹੀ। ਹਰੇਕ ਵੀਰ ਦਾ ਨਾਮ ਦੇਣਾ ਤਾਂ ਅਸੰਭਵ ਹੈ ਪਰ ਫਿਰ ਵੀ ਅੰਮ੍ਰਿਤ ਸੇਵਾ ਸੁਸਾਇਟੀ (ਅਮਰੀਕਾ), ਕੀਰਤਨ ਕੌਂਸਲ ਗੜ੍ਹਦੀਵਾਲਾ, ਸੰਸਥਾ ਇਤਿਹਾਸ (ਕਰਾਉਲੀ, ਇੰਗਲੈਂਡ ਯੂਨਿਟ), ਪੰਥਕ ਵਿਚਾਰ ਮੰਚ (ਨਿਊਜ਼ੀਲੈਂਡ), ਸਿੱਖ ਚੈਨਲ ਯੂ.ਕੇ, ਸੰਗਤ ਟੀ.ਵੀ. ਯੂ.ਕੇ, ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ (ਨਿਊਯਾਰਕ), ਰਘਬੀਰ ਸਿੰਘ ਫਰਾਂਸ (ਸੰਗਤ ਟੀ.ਵੀ), ਗੁਰਮੀਤ ਸਿੰਘ ਖਨਿਆਣ (ਸਿੱਖ ਚੈਨਲ ਜਰਮਨੀ), ਰਵਿੰਦਰ ਸਿੰਘ ਨਿਊਜਰਸੀ, ਹਰਵਿੰਦਰ ਸਿੰਘ ਕਰਾਏਡਨ, ਗੁਰਮੇਜ ਸਿੰਘ ਨਿਊਯਾਰਕ, ਰਮਿੰਦਰ ਸਿੰਘ ਡਰਬੀ,

ਦਵਿੰਦਰ ਸਿੰਘ ਘਲੌਂਟੀ, ਡਾ: ਸਾਧੂ ਸਿੰਘ ਯੂ.ਕੇ., ਰਾਜਵੀਰ ਸਿੰਘ ਸਿੰਘਾਪੁਰ, ਡਾ: ਜਗਬੀਰ ਸਾਹਿਬ, ਮੀਡੀਆ ਪੰਜਾਬ ਜਰਮਨੀ, ਇੰਦਰਪਾਲ ਸਿੰਘ ਅਸਟਰੀਆ, ਨਰਿੰਦਰ ਸਿੰਘ (ਸਵੀਡਨ), ਆਜ਼ਾਦ ਸਿੰਘ (ਸਵੀਡਨ), ਸਰਬਜੀਤ ਸਿੰਘ (ਮਾਨਚੈਸਟਰ), ਭੁਪਿੰਦਰ ਸਿੰਘ (ਆਸਟਰੇਲੀਆ), ਅਤੇ ਹੋਰ ਅਨੇਕਾਂ ਹੀ ਵੀਰ ਭੈਣਾਂ ਜਿਹਨਾਂ ਦੇ ਨਾਮ ਨਹੀਂ ਆ ਸਕੇ ਜਿਸ ਕਰਕੇ ਉਹਨਾਂ ਤੋਂ ਮਾਫ਼ੀ ਦਾ ਤਲਬਗਾਰ ਵੀ ਹਾਂ, ਦਾ ਹਮੇਸ਼ਾ ਰਿਣੀ ਰਹਾਂਗਾ।

ਸਾਰੇ ਪਾਠਕਾਂ ਤੋਂ ਨਿੱਘੇ ਹੁੰਗਾਰੇ ਅਤੇ ਉਸਾਰੂ ਸੁਝਾਵਾਂ ਦੀ ਆਸ ਵਿੱਚ

ਡਾ: ਸੁਖਪ੍ਰੀਤ ਸਿੰਘ ਉਦੋਕੇ
ਪਿੰਡ ਤੇ ਡਾਕ: ਉਦੋਕੇ
ਜ਼ਿਲ੍ਹਾ ਅੰਮ੍ਰਿਤਸਰ
ਪੰਜਾਬ (143119)

udoke@gmail.com
Mobile-09872272004
ITIHAS
Institute for Training Ideology Heritage
and Artefacts of Sikhism
www.itihas.net

ਘੱਲੂਘਾਰਾ ਜੂਨ 1984—ਪਿਛੋਕੜ

ਜੂਨ 84 ਘੱਲੂਘਾਰਾ ਨੀਲਾ ਤਾਰਾ ਪਿਛੋਕੜ

(ਲਾਇਬ੍ਰੇਰੀ ਨੂੰ ਅੱਗ 8-9 ਜੂਨ ਨੂੰ ਲਗਾਈ ਗਈ, ਪ੍ਰੰਤੂ 6-7 ਜੂਨ ਨੂੰ ਫ਼ੌਜ ਹਰਿਮੰਦਰ ਸਾਹਿਬ 'ਤੇ ਕਾਬਜ਼ ਹੋ ਚੁੱਕੀ ਸੀ ਤੇ ਅੰਦਰ ਕੋਈ ਖਾੜਕੂ ਨਹੀਂ ਸੀ ਜਿਸ ਦਾ ਬਹਾਨਾ ਬਣ ਸਕੇ। ਭਰੋਸੇ ਯੋਗ ਸੂਤਰਾਂ ਅਨੁਸਾਰ ਕੌਮ ਦਾ ਧਾਰਮਿਕ ਸਾਹਿਤ ਸਾੜਿਆ ਨਹੀਂ ਗਿਆ ਬਲਕਿ ਸਰਕਾਰ ਦੇ ਪਾਸ ਮੌਜੂਦ ਹੈ। ਕੌਮ ਨੂੰ ਜਥੇਬੰਦਕ ਹੋ ਕੇ ਇਸ ਅਣਮੁੱਲੇ ਸਾਹਿਤ ਦੀ ਪ੍ਰਾਪਤੀ ਲਈ ਉਪਰਾਲਾ ਕਰਨਾ ਚਾਹੀਦਾ ਹੈ। ਅਸੀਂ ਪਹਿਲਾਂ ਹੀ ਬਹੁਤ ਸੰਤਾਪ ਭੋਗ ਚੁੱਕੇ ਹਾਂ ਪ੍ਰੰਤੂ ਇਤਿਹਾਸ ਦੀ ਰੱਦੋ-ਬਦਲ ਦੁਆਰਾ ਕੀਤਾ ਗਿਆ ਬੌਧਿਕ ਹਮਲਾ ਕੌਮ ਨੂੰ ਝੰਜੋੜ ਕੇ ਰੱਖ ਦੇਵੇਗਾ- ਡਾ: ਸੁਖਪ੍ਰੀਤ ਸਿੰਘ ਉਦੋਕੇ)

ਹਿੰਦੁਸਤਾਨ ਦੀ ਸੰਸਕ੍ਰਿਤੀ, ਸੀਮਾਵਾਂ, ਧਰਮ, ਅਣਖ, ਆਬਰੂ, ਗੈਰਤ ਦੀ ਰੱਖਿਆ ਹੇਤ ਸਿੱਖਾਂ ਨੇ ਆਪਣਾ ਖ਼ੂਨ ਪਾਣੀ ਦੀ ਤਰ੍ਹਾਂ ਵਹਾਇਆ ਹੈ। ਦੂਸਰੇ ਸ਼ਬਦਾਂ ਵਿੱਚ ਜੇਕਰ ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਵਲੋਂ ਪ੍ਰਗਟ ਕੀਤਾ ਖ਼ਾਲਸਾ ਪੰਥ ਆਪਣੀ ਰੱਤ ਨਾਲ ਇਸ ਧਰਤੀ ਨੂੰ ਲਾਲ ਰੰਗਤ ਨਾ ਦਿੰਦਾ ਤਾਂ ਸ਼ਾਇਦ ਹਿੰਦੁਸਤਾਨ ਦਾ ਨਕਸ਼ਾ ਤੇ ਇਤਿਹਾਸ ਹੋਰ ਹੀ ਹੁੰਦਾ। ਕਈ ਹਮਲਾਵਰ ਆਉਂਦੇ ਰਹੇ ਤੇ ਹਿੰਦੁਸਤਾਨ ਦੀ ਗ਼ੈਰਤ ਤੇ ਇੱਜ਼ਤ ਨੂੰ ਪੈਰਾਂ ਹੇਠ ਰੋਲਦੇ ਰਹੇ, ਪਰ ਕਿਸੇ ਹਿੰਦੁਸਤਾਨੀ ਦੇ ਜੋਸ਼ ਨੇ ਉਬਾਲਾ ਨਾ ਖਾਧਾ, ਕਿਸੇ ਦੇ ਡੋਲੇ ਨਾ ਫਰਕੇ, ਸਗੋਂ ਮੂਕ ਦਰਸ਼ਕ ਬਣ ਕੇ ਆਪਣੀ ਲੁੱਟੀ ਪੱਤ ਦਾ ਨਜ਼ਾਰਾ ਦੇਖਿਆ। ਨਿਰਮਲ ਪੰਥ ਦੇ ਸੰਸਥਾਪਕ ਜਗਤ ਗੁਰੂ ਨੇ ਸੰਸਾਰ ਮੰਚ 'ਤੇ ਕਦਮ ਰੱਖਿਆ ਤਾਂ ਹਮਲਾਵਰ ਹੋ ਕੇ ਆਏ ਬਾਬਰ ਨੂੰ ਜਾਬਰ ਤੇ ਉਸਦੀ ਹਮਲਾਵਰ ਫ਼ੌਜ ਨੂੰ ਪਾਪ ਕੀ ਜੰਵ ਆਖਿਆ। ਸ਼ਹਾਦਤ ਸਮੇਂ ਦੀ ਲੋੜ ਬਣੀ ਤਾਂ ਕਿਸੇ ਮੁਗਲ ਅਹਿਲਕਾਰ ਅੱਗੇ ਕੌਮੀ ਅਣਖ ਨਹੀਂ ਗਵਾਈ ਸਗੋਂ ਕੌਮੀ ਗੈਰਤ ਦੀ ਰੱਖਿਆ ਹੇਠ ਸ਼ਹਾਦਤ ਦੀ ਪ੍ਰਾਪਤੀ ਵਿੱਚ ਫ਼ਖਰ ਮਹਿਸੂਸ ਕੀਤਾ। ਮੈਦਾਨੇ ਜੰਗ ਵਿੱਚ ਜੂਝਣ ਦਾ ਸਮਾਂ ਆਇਆ ਤਾਂ ਅਕਾਲ ਤਖ਼ਤ ਪ੍ਰਗਟ ਕਰਕੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਤੇ ਰਾਜਨੀਤੀ ਦਾ ਸੁਮੇਲ ਕਰਕੇ ਅਜਿਹੇ ਹਲੀਮੀ ਰਾਜ ਅਬਿਚਲ ਨਗਰ ਦੀ ਨੀਂਹ ਰੱਖ ਦਿੱਤੀ ਕਿ ਮੁਗਲ ਹਕੂਮਤ ਦੀਆਂ ਜੜ੍ਹਾਂ ਹਿੱਲ ਗਈਆਂ। ਪਰ ਸੰਸਾਰ ਦੇ ਲੋਕਾਂ ਨੇ ਅਜੀਬ ਨਜ਼ਾਰਾ ਵੇਖਿਆ ਜਿਸ ਕਰਮਕਾਂਡੀ ਚਿੰਨ੍ਹ ਨੂੰ ਪਹਿਲੇ ਜਾਮੇ ਵਿੱਚ ਬਿਪਰਵਾਦ ਦਾ ਜੂਲਾ ਕਹਿ ਕੇ ਤ੍ਰਿਸਕਾਰ ਦਿੱਤਾ, ਉਸ ਦੇ ਸਮਰਥਕ ਬਿਹਬਲਤਾ ਦੀ ਹਾਲਤ ਵਿੱਚ ਧਰਮ ਦੀ ਰੱਖਿਆ ਦੀ ਜੋਦੜੀ ਲੈ ਕੇ ਆਏ ਤਾਂ ਨੌਵੇਂ ਜਾਮੇ ਵਿੱਚ ਗੈਰ ਧਰਮ ਦੀ ਰੱਖਿਆ ਹੇਤ

ਆਪਣੇ ਸਰੀਰ ਦਾ ਠੀਕਰਾ ਦਿੱਲੀ ਵਿੱਚ ਭੰਨਣਾ ਕਬੂਲਿਆ। ਦਸਵੇਂ ਜਾਮੇ ਵਿੱਚ ਹਿੰਦੁਸਤਾਨ ਦੀ ਬੇਅਣਖ ਤੇ ਆਬਰੂਹੀਣ ਹੋ ਚੁੱਕੀ ਮਿੱਟੀ ਨੂੰ ਤੀਰਾਂ ਦੀ ਨੋਕ ਨਾਲ ਉਲੱਥਿਆ, ਮੋਈ ਮਿੱਟੀ ਵਿੱਚ ਨਵੀਂ ਰੂਹ ਫੂਕ ਕੇ ਨਿਜ ਰੂਪ ਕਹਿ ਕਿ ਨਿਵਾਜਿਆ। ਅਕਾਲ ਪੁਰਖ ਦੀ ਫ਼ੌਜ ਦੇ ਵਜਾਏ ਰਣਜੀਤ ਨਗਾਰੇ ਨੇ ਤਾਂ ਮੁਗਲ ਹਕੂਮਤ ਦੇ ਸਿਰ ਪੀੜ ਲਾ ਦਿੱਤੀ, ਪਰ ਉਸ ਤੋਂ ਵੀ ਪਹਿਲਾਂ ਧੌਤੀ, ਟੋਪੀ ਦੇ ਆਲੰਬਰਦਾਰ ਪਹਾੜੀ ਰਾਜੇ ਹਮਲਾਵਰ ਹੋ ਆਏ ਜੋ ਖ਼ਾਲਸੇ ਦੇ ਜਾਹੋ-ਜਲਾਲ ਅੱਗੇ ਟਿਕ ਨਾ ਸਕੇ। ਸਾਰਾ ਸਰਬੰਸ ਕੌਮ ਦੀ ਭੇਟ ਚੜ੍ਹਾ ਦਿੱਤਾ; ਰਿੱਧੀਆਂ, ਸਿੱਧੀਆਂ ਤੇ ਤੰਤਰ ਸਾਧਨਾ ਨਾਲ ਬੇਅਣਖ ਹੋ ਕੇ ਸੁੱਤੇ ਯੋਗੀ ਮਾਧੋ ਦਾਸ ਨੂੰ ਖੰਡੇ ਦੀ ਠੋਕਰ ਨਾਲ ਹਲੂਣਿਆ, ਪਾਹੁਲ ਦੇ ਕੇ ਐਸਾ ਸੂਰਮਾ ਬਣਾ ਦਿੱਤਾ ਜਿਸ ਨੇ ਜ਼ੁਲਮੀ ਜੜ੍ਹਾਂ ਉਖੇੜ ਕੇ ਰੱਖ ਦਿੱਤੀਆਂ।

ਸਮੇਂ ਦਾ ਗੇੜ ਬਦਲਿਆ, ਖ਼ਾਲਸੇ ਦੇ ਸਿਰਾਂ ਦੇ ਮੁੱਲ ਪਏ ਤੇ ਮੁੱਲ ਵੀ ਅਣਖ ਅਨੁਸਾਰ ਪਏ। ਗਜ਼ਨੀ ਦੇ ਬਜ਼ਾਰਾਂ ਵਿੱਚ ਹਿੰਦੁਸਤਾਨ ਦੀ ਜਿਊਂਦੀ ਜਾਗਦੀ ਇੱਜ਼ਤ ਆਬਰੂ ਟਕੇ-ਟਕੇ ਵਿਕਦੀ ਸੀ ਪਰ ਸਿੰਘਾਂ ਦੇ ਸਿਰਾਂ ਦਾ ਮੁੱਲ ਕਈ ਗੁਣਾਂ ਵੱਧ ਪਾਇਆ ਗਿਆ। ਨਾਦਰਾਂ/ਅਬਦਾਲੀਆਂ ਤਾਂ ਸਿੰਘਾਂ ਦੀ ਰੱਤ 'ਚ ਨਹਾਉਣਾ ਹੀ ਸੀ, ਅਕ੍ਰਿਤਘਣ ਜਸਪਤ, ਲਖਪਤ ਨੇ ਵੀ ਕੋਈ ਕਸਰ ਨਾ ਛੱਡੀ। ਪਿੰਡੇ 'ਤੇ ਜ਼ਖ਼ਮਾਂ ਦੀਆਂ ਪੰਡਾਂ ਲੈ ਕੇ ਖ਼ਾਲਸਾ ਖੁੰਢੀਆਂ ਤੇਗਾਂ ਨਾਲ ਲੜਿਆ, ਅਖੀਰ ਫ਼ਤਹਿ ਨੇ ਖ਼ਾਲਸੇ ਦੇ ਪੈਰ ਚੁੰਮੇ। ਖ਼ਾਲਸਾ ਰਾਜ ਹੋਂਦ ਵਿੱਚ ਆਇਆ, ਖ਼ਾਲਸੇ ਦੀ ਗਰਜ਼ ਨਾਲ ਤਿੱਬਤ ਤੋਂ ਲੈ ਕੇ ਕਾਬਲ, ਕੰਧਾਰ ਕੰਬ ਉਠਿਆ। ਵਿਦੇਸ਼ੀ ਹਮਲਾਵਰ ਦੀ ਇਸ ਧਰਤੀ ਵੱਲ ਅੱਖ ਚੁੱਕ ਕੇ ਵੇਖਣ ਦੀ ਹਿੰਮਤ ਨਾ ਪਈ, ਪਰ ਅਕ੍ਰਿਤਘਣਾਂ ਨੇ ਖ਼ਾਲਸੇ ਦੀ ਪਿੱਠ ਵਿੱਚ ਐਸਾ ਛੁਰਾ ਮਾਰਿਆ ਕਿ ਖ਼ੂਨ ਨਾਲ ਸਿੰਜਿਆ ਖ਼ਾਲਸੇ ਰਾਜ ਦਾ ਬੂਟਾ ਫਿਰੰਗੀਆਂ ਹੱਥ ਚਲਾ ਗਿਆ।

ਇਤਿਹਾਸ ਦੀ ਲੋਅ ਵਿੱਚ ਅਧਿਐਨ ਕੀਤਾ ਜਾਵੇ ਤਾਂ ਖ਼ਾਲਸੇ ਦਾ ਇਕ ਵਿਸ਼ੇਸ਼ ਗੁਣ ਜਾਂ ਫਿਤਰਤ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਖ਼ਾਲਸਾ ਜਾਂ ਆਜ਼ਾਦ ਹਾਕਮ ਹੁੰਦਾ ਹੈ ਜਾਂ ਬਾਗੀ। ਗ਼ੁਲਾਮ ਹੋਣਾ ਖ਼ਾਲਸੇ ਦੇ ਸੁਭਾਅ ਦਾ ਅੰਗ ਨਹੀਂ। ਫਿਰੰਗੀਆਂ ਵਿਰੁੱਧ ਸੰਘਰਸ਼ ਖ਼ਾਲਸੇ ਨੇ ਆਰੰਭਿਆ, ਕੁਰਬਾਨੀ ਦੇ ਅੰਕੜੇ ਪੜ੍ਹ ਕੇ ਹੈਰਾਨ ਹੋ ਜਾਈਦਾ ਹੈ। ਅਬਾਦੀ ਕੇਵਲ 1.5% ਤੇ ਕੁਰਬਾਨੀਆਂ 80% ਤੋਂ ਵਧੇਰੇ ਤੇ ਦੂਸਰੇ ਪਾਸੇ ਖ਼ਾਲਸੇ ਦੇ ਖ਼ੂਨ ਨਾਲ ਲਿਬੜੇ ਮੋਢਿਆਂ 'ਤੇ ਚੜ੍ਹ ਕੇ ਰਾਜ ਭਾਗ ਮਾਨਣ ਵਾਲੀ ਕੌਮ ਦੀ ਆਬਾਦੀ 80% ਤੇ ਕੁਰਬਾਨੀਆਂ 2% ਤੋਂ ਵੀ ਘੱਟ।

ਆਜ਼ਾਦੀ ਮਿਲਣ ਉਪਰੰਤ ਇਸ ਦੇਸ਼ ਦੀ ਬਹੁ-ਗਿਣਤੀ ਲੀਡਰਸ਼ਿਪ ਨੇ ਅਕ੍ਰਿਤਘਣਤਾਂ ਦੇ ਸਾਰੇ ਹੱਦ ਬੰਨੇ ਤੋੜ ਕੇ ਜਿਹੋ ਜਿਹਾ ਵਿਸਾਹਘਾਤ ਸਿੱਖਾਂ ਨਾਲ ਕੀਤਾ ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਹਰ ਹੀਲਾ ਖ਼ਾਲਸੇ ਦੀ ਅਣਖ ਨੂੰ ਮਲੀਆਮੇਟ ਕਰਨ ਦਾ ਵਰਤਿਆ ਗਿਆ, ਸਿੱਖੀ ਦੀ ਅਣਖ ਨੂੰ ਖਤਮ ਕਰਨ ਵਾਸਤੇ, ਕੌਮੀ ਗ਼ੈਰਤ ਦੀ ਚਿੰਗਾਰੀ ਨੂੰ ਬੁਝਾਉਣ ਵਾਸਤੇ ਭਾਵੇਂ ਰਾਜ ਭਾਗੀਆਂ ਵੱਲੋਂ ਪਹਿਲੇ ਦਿਨ ਤੋਂ ਹੀ ਹਮਲੇ ਸ਼ੁਰੂ ਹੋ ਗਏ ਸਨ ਪਰ ਘੱਲੂਘਾਰਾ ਨੀਲਾ ਤਾਰਾ ਐਸਾ ਭਿਆਨਕ ਘੱਲੂਘਾਰਾ ਹੈ ਜਿਸ ਦੇ ਨਿਸ਼ਾਨ ਕੌਮ ਦੇ ਹਿਰਦੇ ਤੋਂ ਕਦੀ ਮਿਟ ਨਹੀਂ ਸਕਦੇ। ਇਕ ਐਸਾ ਨਛੱਤਰ ਸਿੱਖਾਂ ਖਿਲਾਫ਼ ਵਰਤਿਆ ਗਿਆ ਜਿਸ ਨੇ ਕੌਮ ਨੂੰ ਵਲੂੰਧਰ ਕੇ ਰੱਖ ਦਿੱਤਾ ਅਤੇ ਇਹ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਹਮਲਿਆਂ ਤੋਂ ਵਧੇਰੇ ਕਰੂਰਤਾ ਪੂਰਨ ਕਾਰਵਾਈ ਸੀ। ਇਸ ਭਿਆਨਕ ਘੱਲੂਘਾਰੇ ਦਾ ਨਿਸ਼ਾਨਾ ਕੇਵਲ ਸਿੱਖ ਨਹੀਂ ਸਿੱਖੀ ਸੀ, ਮਕਸਦ ਕੇਵਲ ਬਾਬਾ ਜਰਨੈਲ ਸਿੰਘ ਨੂੰ ਖਤਮ ਕਰਨਾ ਨਹੀਂ ਸਗੋਂ ਕੌਮ ਨੂੰ ਜ਼ਲੀਲ ਕਰਨਾ ਸੀ, ਕੌਮ ਦੀ ਗ਼ੈਰਤ ਨੂੰ ਰੋਲਣਾ ਸੀ। ਰਾਜ ਭਾਗ ਦੀ ਮਲਿਕਾ ਇੰਦਰਾ ਗਾਂਧੀ ਦੀ ਪ੍ਰਬਲ ਇੱਛਾ ਕੌਮ ਨੂੰ ਸਬਕ ਸਿਖਾਉਣਾ ਸੀ ਕਿਉਂਕਿ ਉਸ ਵੱਲੋਂ ਲਗਾਈ 1977 ਦੀ ਐਮਰਜੈਂਸੀ ਦੌਰਾਨ ਜਦੋਂ ਸਾਰਾ ਦੇਸ਼ ਸੁਸਰੀ ਵਾਂਗ ਸੌਂ ਗਿਆ ਸੀ ਤਾਂ ਸਿਰਫ਼ ਗੁਰੂ ਖ਼ਾਲਸਾ ਹੀ ਮੈਦਾਨ ਵਿੱਚ ਡਟਿਆ ਸੀ। ਅੱਜਕੱਲ ਆਪਣੇ ਆਪ ਨੂੰ ਹਿੰਦੂਤਵ ਦੇ ਮੁਦਈ ਅਖਵਾਉਣ ਵਾਲੇ ਅਤੇ ਦੇਸ਼ ਦੇ ਭਗਵੇਂਕਰਨ ਦਾ ਸੁਪਨਾ ਲੈਣ ਵਾਲੇ, ਖਾਕੀ ਨਿੱਕਰਾਂ ਲੁਕਾ ਕੇ ਖ਼ਾਲਸਾ ਪੰਥ ਦੀ ਸ਼ਰਨ ਆਏ ਸਨ। ਤ੍ਰੀਆ ਹੱਠ ਸਦਕਾ ਹੰਕਾਰੀ ਬੀਬੀ ਖ਼ਾਲਸੇ ਨੂੰ ਜ਼ਲੀਲ ਕਰਨਾ ਸੋਚਦੀ ਸੀ।

ਨਕਲੀ ਨਿਰੰਕਾਰੀਆਂ ਵਰਗੇ ਪਾਖੰਡੀਆਂ ਨੇ ਸਿੱਖੀ ਸਿਧਾਂਤਾਂ ਦਾ ਮਜ਼ਾਕ ਉਡਾਇਆ। ਗੁਪਤ ਸਰਕਾਰੀ ਫੰਡ, ਸਰਕਾਰੀ ਮਸ਼ੀਨਰੀ ਨੇ ਪੂਰਾ ਸਹਿਯੋਗ ਦਿੱਤਾ, ਇਥੋਂ ਤੱਕ ਕਿ ਪੰਜਾਬ ਦੀਆਂ ਉੱਚ ਪਦਵੀਆਂ ਉਪਰ ਵੀ ਉਸੇ ਵਿਚਾਰਧਾਰਾ ਦੇ ਸਮਰਥਕਾਂ ਨੂੰ ਬਿਠਾਇਆ ਗਿਆ। 13 ਅਪ੍ਰੈਲ, 1978 ਨੂੰ ਨਕਲੀ ਨਿਰੰਕਾਰੀਆਂ ਨੇ ਅੰਮ੍ਰਿਤਸਰ ਵਿਖੇ ਖ਼ਾਲਸੇ ਦੇ ਖ਼ੂਨ ਨਾਲ ਹੋਲੀ ਖੇਡੀ, ਪੁਲਿਸ ਤੇ ਪ੍ਰਸ਼ਾਸਨ ਨੇ ਮੂਕ ਦਰਸ਼ਕ ਬਣ ਕੇ ਸਭ ਕੁਝ ਦੇਖਿਆ। ਪੰਜਾਬ ਦੀ ਅਕਾਲੀ ਸਰਕਾਰ ਪੰਥਕ ਹਿੱਤਾਂ ਤੋਂ ਮੂੰਹ ਮੋੜ ਗਈ। ਇਸ ਮੁਕੱਦਮੇ ਦੌਰਾਨ ਹੋਏ ਪੱਖਪਾਤ ਨੂੰ ਲੈ ਕੇ ਸਿੱਖ ਕੌਮ ਦਾ ਵਿਸ਼ਵਾਸ ਇਸ ਫਿਰਕੂ ਭਾਰਤੀ ਨਿਆਂ ਪ੍ਰਣਾਲੀ ਤੋਂ ਵੀ ਬਿਲਕੁਲ ਚੁੱਕਿਆ ਗਿਆ। ਕੌਮ ਦੀ ਗ਼ੈਰਤ ਉਪਰ, ਸਿੱਖੀ ਉਪਰ ਹੋ ਰਹੇ ਨਿਤਾਪ੍ਰਤੀ ਹਮਲਿਆਂ ਨੇ ਸੰਤ ਬਾਬਾ ਜਰਨੈਲ ਸਿੰਘ ਨੂੰ ਮੈਦਾਨ ਵਿੱਚ ਨਿਤਰਨ ਲਈ ਮਜਬੂਰ ਕੀਤਾ। ਸਰਕਾਰੀ ਸ਼ਹਿ ਪ੍ਰਾਪਤ ਗੁੰਡਿਆਂ (ਖਾਸ ਕਰਕੇ ਹਰਬੰਸ ਲਾਲ ਖੰਨਾ) ਨੇ ਕਈ ਥਾਵਾਂ 'ਤੇ ਸਿੱਖ ਸਰੂਪ ਦੀ ਬੇਅਦਬੀ ਕੀਤੀ, ਪੰਜਾਬ ਦੀ ਧਰਤੀ 'ਤੇ ਇਹ ਨਾਅਰੇ ਸੁਣੇ ਜਾ ਰਹੇ ਸਨ,

ਕੱਛ, ਕੜਾ, ਕੰਘਾ, ਕ੍ਰਿਪਾਨ, ਧੱਕ ਦਿਆਂਗੇ ਪਾਕਿਸਤਾਨ

ਅਜਿਹੇ ਦੁਰਵਿਹਾਰ ਦੇਖ ਕੇ ਕੌਮੀ ਜੋਸ਼ ਨੇ ਉਬਾਲ ਖਾਧਾ। ਜਿਸ ਕੌਮ ਨੇ ਪਰਾਇਆਂ ਦੀ ਇੱਜ਼ਤ ਰੁਲਦੀ ਵੇਖ ਕੇ ਖ਼ੂਨ ਵਹਾਇਆ ਹੋਵੇ, ਉਹ ਕੌਮ ਆਪਣੀ ਇੱਜ਼ਤ ਰੁਲਦੀ ਕਿਵੇਂ ਵੇਖ ਸਕਦੀ ਸੀ? ਗੁਰੂ ਸਰੂਪਾਂ ਦੀ ਬੇਅਦਬੀ, ਸਰਕਾਰੀ ਧੱਕੇਸ਼ਾਹੀ, ਵਿਤਕਰਾ ਅਤੇ ਸਰਕਾਰੀ ਗੁੰਡਾਗਰਦੀ ਨੇ ਕੌਮ ਦੇ ਜਜ਼ਬਾਤਾਂ ਨੂੰ ਹਲੂਣਿਆਂ। ਪੰਜਾਬ ਦੀਆਂ ਹੱਕੀਂ ਮੰਗਾਂ ਨੂੰ ਲੈ ਕੇ ਸ਼ੁਰੂ ਕੀਤਾ ਧਰਮ ਯੁੱਧ ਮੋਰਚਾ ਪੂਰੇ ਜੋਬਨ 'ਤੇ ਸੀ। ਕੌਮੀ ਅਣਖ ਉਪਰ ਹੋਏ ਹਮਲਿਆਂ ਦਾ ਜਵਾਬ ਸਿੱਖ ਜਵਾਨੀ ਨੇ ਦਿੱਤਾ। ਸਰਕਾਰੀ ਮਸ਼ੀਨਰੀ, ਪ੍ਰਚਾਰ ਸਾਧਨਾਂ ਤੇ ਖਾਸ ਕਰਕੇ ਮਹਾਸ਼ਾ ਪ੍ਰੈਸ ਨੇ ਸਿੱਖ ਨੌਜਵਾਨੀ ਨੂੰ ਅਤਿਵਾਦੀ, ਦਹਿਸ਼ਤਗਰਦ ਗਰਦਾਨਣ ਵਿੱਚ ਕੋਈ ਕਸਰ ਨਾ ਛੱਡੀ। ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਹਨਾਂ ਦੇ ਸਾਥੀ ਜੋ ਹਰਿਮੰਦਰ ਸਾਹਿਬ ਟਿਕੇ ਹੋਏ ਸਨ, ਨੂੰ ਵੱਖਵਾਦੀ, ਪਾਕਿਸਤਾਨ

ਦੇ ਏਜੰਟ ਗਰਦਾਨਿਆ ਗਿਆ। ਧਰਮ ਯੁੱਧ ਮੋਰਚੇ ਨੂੰ ਕੁਚਲਣ ਵਾਸਤੇ ਸਰਕਾਰ ਨੇ ਪੂਰਾ ਤਾਣ ਲਾਇਆ ਪਰ ਕੌਮ ਦੇ ਭੜਕੇ ਜਜ਼ਬਾਤਾਂ ਸਾਹਮਣੇ ਕੋਈ ਪੇਸ਼ ਨਾ ਗਈ।

ਮਹਾਸ਼ਾ ਪ੍ਰੈਸ ਪਾਵਨ ਧਾਰਮਿਕ ਅਸਥਾਨਾਂ ਨੂੰ ਅੱਤਵਾਦੀਆਂ ਦਾ ਅੱਡਾ, ਅਸਲਾ ਫੈਕਟਰੀ, ਵਿਦੇਸ਼ੀ ਏਜੰਸੀਆਂ ਦਾ ਘਰ ਅਤੇ ਮੁਜਰਿਮਾਂ ਦਾ ਕੇਂਦਰ ਕਹਿ ਕੇ ਨਿਵਾਜ ਰਹੀ ਸੀ ਤੇ ਸਿੱਖਾਂ ਦੇ ਖਿਲਾਫ਼ ਆਮ ਜਨਤਾ ਨੂੰ ਭੜਕਾ ਕੇ ਨਫ਼ਰਤ ਦੇ ਬੀਅ ਬੀਜ ਰਹੀ ਸੀ। ਇਹ ਉਹ ਹੀ ਪ੍ਰੈਸ ਸੀ ਜਿਸ ਨੇ ਪੰਜਾਬ ਨੂੰ ਮੁੜ ਦੋਭਾਸ਼ੀ ਬਣਾਉਣ ਦੇ ਯਤਨ ਕੀਤੇ ਸਨ ਤੇ ਹਿੰਦੂਆਂ ਨੂੰ ਮਾਂ ਬੋਲੀ ਪੰਜਾਬੀ ਅਪਨਾਉਣ ਤੋਂ ਰੋਕਿਆ। ਉਸ ਸਮੇਂ ਦੇ ਪੁਲਿਸ ਮੁਖੀ ਪੀ.ਐਸ. ਭਿੰਡਰ ਨੇ ਮਹਾਸ਼ਿਆਂ ਵੱਲੋਂ ਲਾਏ ਤਕਰੀਬਨ ਉਪਰੋਕਤ ਸਾਰੇ ਦੋਸ਼ਾਂ ਨੂੰ ਰੱਦ ਕੀਤਾ ਸੀ।

ਸੰਤ ਬਾਬਾ ਜਰਨੈਲ਼ ਸਿੰਘ ਖ਼ਾਲਸਾ ਨੂੰ ਵੀ ਪ੍ਰੈਸ ਨਾਲ ਅਕਸਰ ਇਹੀ ਗਿਲਾ ਸੀ ਕਿ ਉਸ ਦੀਆਂ ਤਕਰੀਰਾਂ ਨੂੰ ਗਲਤ ਰੰਗਤ ਦੇ ਕੇ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਪੱਤਰਕਾਰ ਐਸ. ਕਰਪੇਕਰ ਨੇ ਇਸ ਦੀ ਪੁਸ਼ਟੀ ਕਰਦਿਆਂ ਲਿਖਿਆ ਸੀ ਕਿ ਭਿੰਡਰਾਂਵਾਲਾ ਅਖੀਰ ਤੱਕ ਇਹੀ ਕਹਿੰਦਾ ਰਿਹਾ ਕਿ ਉਹ ਉਨ੍ਹਾਂ ਕਤਲਾਂ ਵਾਸਤੇ ਜ਼ਿੰਮੇਵਾਰ ਨਹੀਂ ਜਿਹਨਾਂ ਦੀ ਆੜ ਹੇਠ ਫ਼ੌਜ ਹਮਲਾਵਰ ਹੋ ਕੇ ਆਉਣਾ ਚਾਹੁੰਦੀ ਹੈ।

ਭਾਰਤੀ ਫ਼ੌਜ ਦਾ ਤਜਰਬੇਕਾਰ ਜਰਨੈਲ ਮੇਜਰ ਜਨਰਲ ਸ਼ੁਬੇਗ ਸਿੰਘ (ਅਤਿ ਵਿਸ਼ਿਸ਼ਟ ਸੇਵਾ ਮੈਡਲ ਵਿਜੇਤਾ) ਜਿਸ ਨੇ ਪਾਕਿਸਤਾਨੀ ਫ਼ੌਜ ਤੋਂ ਹਥਿਆਰ ਸੁਟਾਉਣ ਅਤੇ ਬੰਗਲਾ ਦੇਸ਼ ਦੀ ਹੋਂਦ ਲਈ ਅਹਿਮ ਹਿੱਸਾ ਪਾਇਆ, ਉਸ ਨੂੰ ਇਮਾਨਦਾਰੀ ਨਾਲ ਕੀਤੀ ਸੇਵਾ ਦਾ ਇਵਜ਼ਾਨਾ ਸਜ਼ਾ ਦੇ ਰੂਪ ਵਿੱਚ ਮਿਲਿਆ। ਦੇਸ਼ ਦੀ ਬੇਸ਼ਕੀਮਤੀ ਸੇਵਾ ਉਪਰੰਤ ਬ੍ਰਾਹਮਣਵਾਦੀ ਸਰਕਾਰ ਪਾਸੋਂ ਖ਼ਵਾਰੀ ਮਿਲੀ। ਉਸ ਨੇ ਸਿੱਖਾਂ ਨਾਲ ਹੁੰਦੇ ਵਿਤਕਰੇ ਦੇ ਜ਼ਖਮਾਂ ਨੂੰ ਆਪਣੀ ਦੇਹੀ 'ਤੇ ਹੰਢਾਇਆ। ਇਹ ਜਰਨੈਲ ਬਾਬਾ ਜਰਨੈਲ ਸਿੰਘ ਦੀ ਸੱਜੀ ਬਾਂਹ ਦੇ ਰੂਪ ਵਿੱਚ ਉਭਰਿਆ ਤੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਵਿਉਂਤਬੰਦੀ ਦਾ ਜ਼ਿੰਮਾ ਆਪਣੇ ਸਿਰ ਲਿਆ।

2 ਜੂਨ, 1984 ਨੂੰ ਦੇਸ਼ ਦੀ ਮਲਿਕਾ ਇੰਦਰਾ ਗਾਂਧੀ ਇਕ ਪਾਸੇ ਦੇਸ਼ ਦੇ ਨਾਮ ਸੰਦੇਸ਼ ਜਾਰੀ ਕਰਕੇ ਅਕਾਲੀਆਂ ਨੂੰ ਪੰਜਾਬ ਮਸਲੇ ਦੇ ਹੱਲ ਦਾ ਸੱਦਾ ਦੇ ਰਹੀ ਸੀ ਤੇ ਦੂਜੇ ਪਾਸੇ ਫ਼ੌਜ ਨੂੰ ਪੰਜਾਬ ਵੱਲ ਕੂਚ ਕਰਨ ਦਾ ਲੁਕਵਾਂ ਹੁਕਮ ਦਿੱਤਾ ਜਾ ਰਿਹਾ ਸੀ। ਕੁਝ ਹੀ ਸਮੇਂ ਬਾਅਦ ਇਹ ਖ਼ਬਰ ਪ੍ਰਸਾਰਤ ਹੋਈ ਕਿ ਪੰਜਾਬ ਵਿੱਚ ਸਿਵਲ ਪ੍ਰਸ਼ਾਸਨ ਦੀ ਮਦਦ ਵਾਸਤੇ ਫ਼ੌਜ ਤਾਇਨਾਤ ਕੀਤੀ ਜਾ ਰਹੀ ਹੈ। ਪੱਛਮੀ ਕਮਾਂਡ ਦੇ ਲੈਫਟੀਨੈਂਟ ਜਨਰਲ ਆਰ.ਐਸ. ਦਿਆਲ ਨੂੰ ਗਵਰਨਰ ਪੰਜਾਬ ਦਾ ਸਲਾਹਕਾਰ ਨਿਯੁਕਤ ਕਰ ਦਿੱਤਾ। ਉਧਰ ਦਰਬਾਰ ਸਾਹਿਬ ਕੰਪਲੈਕਸ ਦੁਆਲੇ ਤਾਇਨਾਤ ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਨੇ ਬਿਨਾਂ ਕਿਸੇ ਭੜਕਾਹਟ ਦੇ ਗੋਲਾਬਾਰੀ ਆਰੰਭ ਕਰ ਦਿੱਤੀ। ਫ਼ੌਜ ਦੀ ਆਮਦ ਹੁੰਦਿਆਂ ਹੀ ਸਾਰਾ ਪੰਜਾਬ ਸੀਲ ਕਰ ਦਿੱਤਾ ਗਿਆ ਅਤੇ ਸੀ.ਆਰ.ਪੀ.ਐਫ. ਦੇ ਟਿਕਾਣਿਆਂ ਉਪਰ ਫ਼ੌਜ ਆ ਬੈਠੀ। 3 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਪੁਰਬ ਹੋਣ ਸਦਕਾ ਕਾਫ਼ੀ ਸੰਗਤ ਪਾਵਨ ਅਸਥਾਨ 'ਤੇ ਪਹੁੰਚੀ ਹੋਈ ਸੀ ਅਤੇ ਇਸ

ਦਿਨ ਫ਼ੌਜੀ ਗੋਲਾਬਾਰੀ ਸਦਕਾ ਅੰਦਰ ਕਾਫ਼ੀ ਸਿੰਘ ਜੋ ਕਿ ਸ਼ਰਧਾਲੂ ਸਨ, ਸ਼ਹੀਦ ਹੋਏ। ਫ਼ੌਜੀ ਮੁਖੀ ਕੇ.ਐਸ. ਬਰਾੜ ਜੋ ਇਹ ਵਿਚਾਰ ਲੈ ਕੇ ਆਇਆ ਸੀ ਕਿ ਤੋਪਾਂ ਤੇ ਗੋਲਿਆਂ ਦੀ ਗੂੰਜ ਨਾਲ ਵੱਡੇ ਵੱਡੇ ਜਰਨੈਲ ਕੰਬ ਜਾਂਦੇ ਹਨ, ਨੂੰ ਬੜੀ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਅੰਦਰ ਜਾਣ ਦੀ ਕੋਸ਼ਿਸ਼ ਕਰਨ ਵਾਲੇ ਫ਼ੌਜੀ ਦਸਤਿਆਂ ਦਾ ਅੰਦਰਲੇ ਸਿੰਘਾਂ ਨੇ ਯਥਾ-ਸ਼ਕਤਿ ਸੁਆਗਤ ਕੀਤਾ। ਕਮਾਂਡੋ ਦਸਤੇ ਅੰਦਰ ਜਾਣ ਵਿੱਚ ਨਾਕਾਮ ਹੋ ਗਏ। ਬਾਹਰੋਂ ਆਧੁਨਿਕ ਹਥਿਆਰਾਂ ਨਾਲ ਹੋ ਰਹੀ ਗੋਲਾਬਾਰੀ ਦਾ ਜਵਾਬ ਸਿੰਘਾਂ ਨੇ ਸੀਮਤ ਸਾਧਨਾਂ ਨਾਲ ਦਿੱਤਾ। ਭਾਵੇਂ ਸ਼ਸਤਰਾਂ ਦਾ ਅਭਾਵ ਸੀ ਪਰ ਗੁਰਧਾਮਾਂ ਦੀ ਰੱਖਿਆ ਅਤੇ ਕੌਮੀ ਗ਼ੈਰਤ ਉਪਰ ਹੋ ਰਹੇ ਇਸ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਦਾ ਜਜ਼ਬਾ ਮਨ ਅੰਦਰ ਸੀ। 2 ਜੂਨ ਤੋਂ ਲੈ ਕੇ 5 ਜੂਨ ਤੱਕ ਫ਼ੌਜ ਨੂੰ ਕੋਈ ਬਹੁਤੀ ਸਫ਼ਲਤਾ ਹਾਸਿਲ ਨਾ ਹੋਈ। ਅਖੀਰ ਵਿਸ਼ੇਸ਼ ਹਦਾਇਤਾਂ ਪ੍ਰਾਪਤ ਕਰਕੇ ਹਰਿਮੰਦਰ ਸਾਹਿਬ ਅੰਦਰ ਵਿਜਯੰਤ-72 ਟੈਂਕ, ਏ.ਪੀ.ਸੀ. ਗੱਡੀਆਂ ਭੇਜੀਆਂ, ਜਿਨ੍ਹਾਂ ਨੇ ਪਰਕਰਮਾ 'ਚ ਮੋਰਚਾ ਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਗੋਲਾਬਾਰੀ ਆਰੰਭੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਹਿ-ਢੇਰੀ ਕਰ ਦਿੱਤਾ। ਅੰਦਰਲੇ ਸਿੰਘਾਂ ਨੇ ਜਨਰਲ ਸ਼ੁਬੇਗ ਸਿੰਘ ਦੀ ਅਗਵਾਈ ਵਿੱਚ ਜਿਸ ਤਰ੍ਹਾਂ ਫ਼ੌਜੀ ਹਮਲੇ ਦਾ ਜਵਾਬ ਦਿੱਤਾ, ਉਸ ਨੇ ਖ਼ਾਲਸਈ ਰਵਾਇਤਾਂ ਨੂੰ ਮੁੜ ਉਜਾਗਰ ਕੀਤਾ। ਫ਼ੌਜ ਵੱਲੋਂ ਭਾਵੇਂ ਕਿ ਅੰਦਰ ਨਿਹੱਥੇ ਸ਼ਰਧਾਲੂਆਂ ਦਾ ਬੇਇੰਤਹਾ ਕਤਲੇਆਮ ਕੀਤਾ ਗਿਆ ਪ੍ਰੰਤੂ ਦਰਬਾਰ ਸਾਹਿਬ ਦੀ ਰੱਖਿਆ ਕਰ ਰਹੇ ਜੋਸ਼ੀਲੇ ਸਿੰਘਾਂ ਨੇ ਫ਼ੌਜ ਦਾ ਕਾਫ਼ੀ ਜਾਨੀ ਨੁਕਸਾਨ ਕੀਤਾ।

6 ਜੂਨ ਨੂੰ ਬਾਬਾ ਜਰਨੈਲ ਸਿੰਘ ਅਤੇ ਉਹਨਾਂ ਦੇ ਸਾਥੀ ਦਰਬਾਰ ਸਾਹਿਬ ਦੀ ਰੱਖਿਆ ਕਰਦਿਆਂ, ਫ਼ੌਜ ਨਾਲ ਲੋਹਾ ਲੈਂਦਿਆਂ ਜਾਮੇ-ਸ਼ਹਾਦਤ ਪੀ ਗਏ। ਫ਼ੌਜ ਪੂਰੇ ਦਰਬਾਰ ਸਾਹਿਬ ਕੰਪਲੈਕਸ ਉਤੇ ਕਾਬਜ਼ ਹੋ ਗਈ। ਸਿੰਘਾਂ ਦੇ ਯੁੱਧਨੀਤਕ ਕਰਤੱਬਾਂ ਅਤੇ ਬਾਬਾ ਜਰਨੈਲ ਸਿੰਘ ਦੀ ਦ੍ਰਿੜ੍ਹਤਾ ਦਾ ਪ੍ਰਗਟਾਵਾ ਕਰਦਾ ਜਨਰਲ ਕੇ.ਐਸ. ਬਰਾੜ ਲਿਖਦਾ ਹੈ ਕਿ ਸੰਤ ਜਰਨੈਲ ਸਿੰਘ ਤੇ ਉਸਦੇ ਸਾਥੀ ਦ੍ਰਿੜ੍ਹਤਾ ਨਾਲ ਡਟੇ, ਪੂਰੀ ਸੂਰਮਤਾਈ ਦਾ ਪ੍ਰਗਟਾਵਾ ਕੀਤਾ

ਭਿੰਡਰਾਂਵਾਲਾ ਉਚ ਦਰਜੇ ਦਾ ਸੂਰਮਾ ਹੋ ਨਿਬੜਿਆ

(THE TRUE STORY OPERATION BLUE STAR)

ਇਸ ਘੱਲੂਘਾਰੇ ਨੇ ਕੌਮ ਅੰਦਰ ਪੰਥ ਪ੍ਰਸਤੀ ਦਾ ਅਥਾਹ ਜਜ਼ਬਾ ਪੈਦਾ ਕੀਤਾ ਪ੍ਰੰਤੂ ਰੋਹ ਤੋਂ ਉਠੀ ਖਾੜਕੂ ਲਹਿਰ ਜਲਦੀ ਹੀ ਸਰਕਾਰੀ ਏਜੰਸੀਆਂ ਦੇ ਜਾਲ ਦਾ ਸ਼ਿਕਾਰ ਹੋ ਗਈ। ਸਰਕਾਰੀ ਸਾਜ਼ਿਸ਼ ਅਧੀਨ ਸੰਤ ਬਾਬਾ ਜਰਨੈਲ ਸਿੰਘ ਦੀ ਸ਼ਹਾਦਤ ਨੂੰ ਛੁਪਾਇਆ ਗਿਆ ਅਤੇ ਉਸ ਨੂੰ ਕੌਮੀ ਸ਼ਹੀਦ ਦੇ ਤੌਰ 'ਤੇ ਉਭਰਨ ਨਾ ਦਿੱਤਾ। ਕਾਫੀ ਸਾਰੀਆਂ ਖਾੜਕੂ ਅਤੇ ਗਰਮਦਲੀ ਧਿਰਾਂ ਜੋ ਸੰਤ ਬਾਬਾ ਜਰਨੈਲ ਸਿੰਘ ਜੀ ਦਾ ਸੰਸਥਾਗਤ ਪ੍ਰਭਾਵ ਕਬੂਲਦੀਆਂ ਸਨ, ਨੇ ਬਾਬਾ ਜਰਨੈਲ ਸਿੰਘ ਦੇ ਜ਼ਿੰਦਾ ਹੋਣ ਦਾ ਅਤੇ ਦੁਬਾਰਾ ਪ੍ਰਗਟ ਹੋਣ ਦਾ ਪ੍ਰਚਾਰ ਕੀਤਾ। ਇਸ ਦੇ ਸਿੱਟੇ ਵਜੋਂ ਕੋਈ ਨਵੀਂ ਲੀਡਰਸ਼ਿਪ ਨਾ ਉਭਰ ਸਕੀ ਅਤੇ ਪੰਥ ਦੋਖੀਆਂ ਨੂੰ ਖਾੜਕੂ ਸੰਘਰਸ਼ ਵਿੱਚ ਘੁਸਪੈਠ ਕਰਨ ਦਾ ਸੁਨਹਿਰਾ ਅਵਸਰ

ਮਿਲਿਆ। ਖਾੜਕੂ ਜਥੇਬੰਦੀਆਂ ਵਿੱਚ ਆਪਸੀ ਖਿੱਚੋਤਾਣ ਇਕ ਜਥੇਬੰਦਕ ਢਾਂਚੇ ਅਤੇ ਅਨੁਸਾਸ਼ਨ ਦੀ ਘਾਟ ਨੇ ਇਸ ਲਹਿਰ ਨੂੰ ਖਤਮ ਕਰਨ ਵਿੱਚ ਅਥਾਹ ਯੋਗਦਾਨ ਪਾਇਆ। ਪੰਥ ਪ੍ਰਸਤੀ ਦੀ ਗੱਲ ਕਰਨ ਵਾਲਿਆਂ ਨੂੰ ਜਿਥੇ ਸਰਕਾਰੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਣਾ ਪਿਆ ਉਥੇ ਖਾੜਕੂਆਂ ਦੇ ਭੇਸ ਵਿੱਚ ਸਰਕਾਰੀ ਏਜੰਟਾਂ ਨੇ ਵੀ ਕੋਈ ਘੱਟ ਨਾ ਕੀਤੀ। ਪੇਂਡੂ ਲੋਕਾਂ ਦੇ ਘਰ ਖਾੜਕੂਆਂ ਦੀਆਂ ਛੁਪਣਗਾਹਾਂ ਸਨ ਪ੍ਰੰਤੂ ਖਾੜਕੂਆਂ ਦੇ ਭੇਸ ਵਿੱਚ ਸਰਕਾਰੀ ਕਾਲੀਆਂ ਬਿੱਲੀਆਂ ਦੀਆਂ ਕਾਲੀਆਂ ਕਰਤੂਤਾਂ ਨੇ ਖਾੜਕੂਆਂ ਨੂੰ ਪੇਂਡੂ ਲੋਕਾਂ ਵਿੱਚ ਨਫ਼ਰਤ ਦਾ ਪਾਤਰ ਬਣਾ ਦਿੱਤਾ। ਸਿਆਸੀ ਮਹਾਰਥੀਆਂ ਨੇ ਖਾੜਕੂਆਂ ਨੂੰ ਪੁੱਜ ਕੇ ਆਪਣੇ ਹਿੱਤ ਦੀ ਪੂਰਤੀ ਵਾਸਤੇ ਵਰਤਿਆ। ਸਰਕਾਰੀ ਅਸ਼ੀਰਵਾਦ ਪ੍ਰਾਪਤ 'ਸੰਤਾਂ' ਨੇ ਜਿੱਥੇ ਅਜਿਹੇ ਘੱਲੂਘਾਰੇ ਦੀ ਯਾਦ ਦੇ ਨਿਸ਼ਾਨ ਵੀ ਮਿਟਾ ਦਿੱਤੇ ਉਥੇ ਕੌਮ ਨੇ ਵੀ ਸੰਗਠਿਤ ਹੋ ਕੇ ਸਿੱਖ ਰੈਫਰੈਂਸ ਲਾਇਬ੍ਰੇਰੀ ਜਿਸ ਦਾ ਇਕ ਖਾਸ ਸਾਜ਼ਿਸ਼ ਅਧੀਨ ਨੁਕਸਾਨ ਕੀਤਾ ਗਿਆ, ਦੀ ਪੂਰਤੀ ਬਾਰੇ ਕੋਈ ਨਿੱਗਰ ਪ੍ਰੋਗਰਾਮ ਨਾ ਉਲੀਕਿਆ ਕਿਉਂਕਿ ਲਾਇਬ੍ਰੇਰੀ ਨੂੰ ਅੱਗ 8-9 ਜੂਨ ਨੂੰ ਲਗਾਈ ਗਈ, ਪ੍ਰੰਤੂ 6-7 ਜੂਨ ਨੂੰ ਫ਼ੌਜ ਹਰਿਮੰਦਰ ਸਾਹਿਬ 'ਤੇ ਕਾਬਜ਼ ਹੋ ਚੁੱਕੀ ਸੀ ਤੇ ਅੰਦਰ ਕੋਈ ਖਾੜਕੂ ਨਹੀਂ ਸੀ ਜਿਸ ਦਾ ਬਹਾਨਾ ਬਣ ਸਕੇ। ਭਰੋਸੇ ਯੋਗ ਸ੍ਰੋਤਾਂ ਅਨੁਸਾਰ ਕੌਮ ਦਾ ਧਾਰਮਿਕ ਸਾਹਿਤ ਸਾੜਿਆ ਨਹੀਂ ਗਿਆ ਬਲਕਿ ਸਰਕਾਰ ਦੇ ਪਾਸ ਮੌਜੂਦ ਹੈ। ਕੌਮ ਨੂੰ ਜਥੇਬੰਦਕ ਹੋ ਕੇ ਇਸ ਅਣਮੁੱਲੇ ਸਾਹਿਤ ਦੀ ਪ੍ਰਾਪਤੀ ਲਈ ਉਪਰਾਲਾ ਕਰਨਾ ਚਾਹੀਦਾ ਹੈ।

ਅਸੀਂ ਪਹਿਲਾਂ ਹੀ ਬਹੁਤ ਸੰਤਾਪ ਭੋਗ ਚੁੱਕੇ ਹਾਂ ਪ੍ਰੰਤੂ ਇਤਿਹਾਸ ਦੀ ਰੱਦੋ ਬਦਲ ਦੁਆਰਾ ਕੀਤਾ ਗਿਆ ਬੌਧਿਕ ਹਮਲਾ ਕੌਮ ਨੂੰ ਝੰਜੋੜ ਕੇ ਰੱਖ ਦੇਵੇਗਾ। ਆਰ.ਐਸ.ਐਸ. ਦੀ ਰਾਜਨੀਤਕ ਸ਼ਾਖਾ ਜੋ ਰਾਜਗੱਦੀ ਉਪਰ ਬਿਰਾਜਮਾਨ ਰਹੀ ਸੀ, ਵੱਲੋਂ ਬਣਾਇਆ ਗਿਆ ਭਾਰਤੀ ਇਤਿਹਾਸ ਪਰਿਕਲਪ ਬੋਰਡ ਭਾਰਤ ਦੇ 5000 ਸਾਲਾ ਇਤਿਹਾਸ ਨੂੰ ਮਨਮਰਜ਼ੀ ਨਾਲ ਤੋੜ-ਮਰੋੜ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਹਿੰਦੂ ਆਰੀਆ ਹਮਲਾਵਰ ਨਹੀਂ ਬਲਕਿ ਮੂਲ ਹਿੰਦ ਵਾਸੀ ਹਨ। ਭਾਰਤ ਸਰਕਾਰ ਦੇ ਕਬਜ਼ੇ 'ਚ ਪਿਆ ਸਿੱਖ ਰੈਫਰੈਂਸ ਲਾਇਬ੍ਰੇਰੀ ਤੋਂ ਲੁੱਟਿਆ ਸਾਡਾ ਵੱਡਮੁੱਲਾ ਸਾਹਿਤ ਜੇਕਰ ਕਿਸੇ ਅਜਿਹੀ ਸੰਸਥਾ ਦੇ ਹੱਥ ਆਇਆ ਤਾਂ ਮਨਮਰਜ਼ੀ ਦਾ ਖਿਲਵਾੜ ਕੀਤਾ ਜਾਵੇਗਾ। ਅਜੇ ਵੀ ਸਮਾਂ ਹੈ ਕਿ ਵਿਦਵਾਨ ਜਥੇਬੰਦ ਹੋ ਕੇ ਇਹ ਮਸਲਾ ਸਰਕਾਰ ਅੱਗੇ ਪੇਸ਼ ਕਰ ਸਕਦੇ ਹਨ। ਸਿੱਖ ਲੀਡਰਸ਼ਿਪ ਨੂੰ ਵੀ ਸੰਜ਼ੀਦਾ ਹੋ ਕੇ ਇਸ ਪ੍ਰਤੀ ਨਿਗਰ ਉਪਰਾਲਾ ਕਰਨਾ ਚਾਹੀਦਾ ਹੈ। ਮਗਰੋਂ ਹੱਥ ਛੱਡ ਕੇ ਅਰਕਾਂ ਚੱਟਣੀਆਂ ਔਖੀਆਂ ਹੋਣਗੀਆਂ। ਪਲਾਂ ਦੇ ਧੁੰਝੇ ਸਦੀਆਂ 'ਤੇ ਡਿੱਗ ਪਵਾਂਗੇ, ਇਤਿਹਾਸ ਗਵਾਹ ਹੈ :

ਵੋ ਵਕਤ ਭੀ ਦੇਖੇ ਹੈਂ, ਤਾਰੀਖ ਕੀ ਰਾਹੋਂ ਨੇ।
ਲਮਹੋਂ ਨੇ ਖ਼ਤਾ ਕੀ, ਸਦੀਓਂ ਨੇ ਸਜ਼ਾ ਪਾਈ।

ਤੀਜੇ ਘੱਲੂਘਾਰੇ ਦਾ ਪਿਛੋਕੜ

(ਸ: ਰਣਜੋਧ ਸਿੰਘ ਜੀ ਨੇ ਹੱਥਲੇ ਲੇਖ ਵਿੱਚ ਜੂਨ 1984 ਦੇ ਘੱਲੂਘਾਰੇ ਦੇ ਕੁਝ ਰਾਜਨੀਤਕ ਅਤੇ ਸਮਾਜਿਕ ਕਾਰਨਾਂ ਉਪਰ ਬਹੁਤ ਹੀ ਸੰਖੇਪ ਰੂਪ ਵਿੱਚ ਚਾਨਣਾ ਪਾਇਆ ਹੈ)

ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ।
ਸਦੀਉਂ ਰਹਾ ਹੈ ਦੁਸ਼ਮਨ ਦੌਰ-ਏ-ਜ਼ਮਾਂ ਹਮਾਰਾ।

ਸੰਖੇਪ ਪਿਛੋਕੜ

ਵਰਤਮਾਨ (ਆਜ਼ਾਦ) ਭਾਰਤ ਵਿੱਚ ਸਿੱਖ ਸੰਘਰਸ਼ ਦਾ ਮੁੱਢ ਤਾਂ ਉਦੋਂ ਹੀ ਬੱਝ ਗਿਆ ਸੀ ਜਦੋਂ 1950 ਵਿੱਚ ਕਨਸਟੀਚੂਐਂਟ ਅਸੈਂਬਲੀ ਵਿੱਚ ਸਿੱਖ ਨੁਮਾਇੰਦਿਆਂ ਵੱਲੋਂ ਭਾਰਤੀ ਸੰਵਿਧਾਨ ਨੂੰ ਨਕਾਰਨਾ ਪਿਆ ਕਿਉਂਕਿ ਇਹ ਉਹਨਾਂ ਸਾਰਿਆਂ ਵਾਅਦਿਆਂ, ਅਹਿਦਨਾਮਿਆਂ ਅਤੇ ਭਰੋਸਿਆਂ ਦੀ ਉਲੰਘਣਾ ਸੀ ਜੋ ਸਵਤੰਤਰਤਾ ਤੋਂ ਪਹਿਲਾਂ ਭਾਰਤੀ (ਕਾਂਗਰਸੀ) ਲੀਡਰਾਂ ਨੇ ਸਮੇਂ ਸਮੇਂ ਘੱਟ ਗਿਣਤੀਆਂ ਪ੍ਰਤੀ ਕੀਤੇ ਹਨ। ਇਸ ਸੰਵਿਧਾਨ ਵਿੱਚ ਕਿਤੇ ਉਸ ਫੈਡਰਲ ਨਿਜ਼ਾਮ ਦੀ ਝਲਕ ਨਹੀਂ ਸੀ ਜਿਸ ਵਿੱਚ ਘੱਟ-ਗਿਣਤੀ ਕੌਮਾਂ ਆਪਣੀਆਂ ਭਾਵਨਾਵਾਂ ਅਤੇ ਅਕਾਂਕਸ਼ਾਵਾਂ ਅਨੁਸਾਰ ਆਪਣੀ ਸਮਾਜਿਕ, ਭਾਈਚਾਰਕ, ਧਾਰਮਿਕ ਅਤੇ ਆਰਥਿਕ ਉਨਤੀ ਲਈ ਯਤਨ ਕਰ ਸਕਣ। ਇਹ ਇਕ ਕੇਂਦਰੀਕਰਨ ਵਾਲਾ ਸੰਵਿਧਾਨ ਹੈ, ਜਿਸ ਵਿਚ ਪ੍ਰਾਂਤਕ ਲੋੜਾਂ ਅਤੇ ਕਾਰਜ-ਪ੍ਰਣਾਲੀ ਦਾ ਨਿਰਣਾ ਸਭ ਕੇਂਦਰ (ਭਾਵ ਬਹੁ-ਗਿਣਤੀ) ਦੇ ਵੱਸ ਹੈ। ਇਸ ਸਾਰੀ ਮਸ਼ਕ ਤੋਂ ਘੱਟ-ਗਿਣਤੀਆਂ ਪ੍ਰਤੀ ਇਕ ਅਵਿਸ਼ਵਾਸ ਦੀ ਝਲਕ ਵੀ ਮਿਲਦੀ ਹੈ ਅਤੇ ਐਸੀ ਮਾਨਸਿਕਤਾ ਦਾ ਪ੍ਰਗਟਾਅ ਵੀ ਕਈ ਇਕ ਲੀਡਰਾਂ ਵੱਲੋਂ ਕੀਤਾ ਜਾ ਚੁੱਕਾ ਹੈ। ਹਾਲਾਂਕਿ ਸਵਤੰਤਰਤਾ ਸੰਗਰਾਮ ਵਿੱਚ ਸਾਰੇ ਭਾਰਤੀਆਂ ਦੇ ਮੁਕਾਬਲੇ ਇਕੱਲੇ ਸਿੱਖਾਂ ਦੀ ਕੁਰਬਾਨੀ ਕਰੀਬ 80% ਸੀ ਅਤੇ ਸਵਤੰਤਰਤਾ ਤੋਂ ਮਗਰੋਂ ਵੀ ਸਿੱਖ ਕੌਮ ਦੇਸ਼ ਦੀ ਰੱਖਿਆ ਅਤੇ ਉਨਤੀ ਲਈ ਮੂਹਰਲੀਆਂ ਕਤਾਰਾਂ ਵਿੱਚ ਰਹੀ ਹੈ। ਖ਼ਸੂਸੀ ਤੌਰ 'ਤੇ ਪੰਜਾਬ ਨੂੰ ਆਮ ਪ੍ਰਾਂਤਾਂ ਦੀ ਤਰ੍ਹਾਂ ਨਾ ਦੇਖ ਕੇ ਸਿੱਖਾਂ ਦਾ ਘਰ ਸਮਝ ਕੇ ਇਸ ਨਾਲ ਖ਼ਾਸ ਤਰ੍ਹਾਂ ਦੀ ਦੁਰਾਂਡੀ ਵੀ ਸਪੱਸ਼ਟ ਹੈ ਅਤੇ ਇਹੀ ਇਕ ਬਹੁਤ ਵੱਡਾ ਕਾਰਨ ਹੈ ਕਿ ਆਪਣੀਆਂ ਕੂਟਨੀਤੀਆਂ ਅਤੇ ਕੋਝੀਆਂ ਚਾਲਾਂ ਨਾਲ ਇਸ ਪ੍ਰਾਂਤ ਦੀ ਵੱਸੋਂ ਨੂੰ ਹਿੰਦੂ-ਸਿੱਖ ਧੜਿਆਂ

ਵਿੱਚ ਵੰਡ ਕੇ ਇਹਨਾਂ ਲੀਡਰਾਂ ਨੇ ਆਪਣੀ ਵੋਟ ਬੈਂਕ ਬਣਾਈ ਹੈ ਅਤੇ ਦੇਸ਼ ਦੇ ਹਿੱਤਾਂ ਅਤੇ ਜਨਤਾ ਦੀ ਭਲਾਈ ਜਿਹੇ ਮੁੱਦਿਆਂ ਨੂੰ ਛਿੱਕੇ ਟੰਗ ਰੱਖਿਆ ਹੈ। ਇਸ ਪਾੜੋ ਅਤੇ ਰਾਜ ਕਰੋ ਦੀ ਘਟੀਆ ਅਤੇ ਨਿੰਦਨੀਯ ਨੀਤੀ ਦਾ ਹੀ ਨਤੀਜਾ ਹੈ ਕਿ ਜਦੋਂ ਵੀ ਪੰਜਾਬ ਦੇ ਹੱਕ ਦੀ ਗੱਲ ਹੋਵੇ ਤਾਂ ਉਹ ਕੇਵਲ ਸਿੱਖ ਹੀ ਕਰਨ ਅਤੇ ਇਸ ਤਰ੍ਹਾਂ ਸਾਰੇ ਮਸਲੇ ਨੂੰ ਹਿੰਦੂ-ਸਿੱਖ ਮਸਲਾ ਅਤੇ ਸਿੱਖਾਂ ਨੂੰ ਦੇਸ਼ ਧ੍ਰੋਹੀ ਗਰਦਾਨਣ ਦਾ ਮੌਕਾ ਬਣੇ।

ਬੋਲੀ 'ਤੇ ਅਧਾਰਿਤ ਪੰਜਾਬੀ ਸੂਬਾ ਲੈਣ ਲਈ ਵੀ ਸਿੱਖਾਂ ਨੂੰ ਡੇਢ ਦਹਾਕੇ ਦਾ ਲੰਬਾ ਸੰਘਰਸ਼ ਕਰਨਾ ਪਿਆ ਜਿਸ ਵਿੱਚ ਲੱਖਾਂ ਨੇ ਜੇਲ੍ਹਾਂ ਕੱਟੀਆਂ ਅਤੇ ਸੈਂਕੜੇ ਮਾਰੇ ਗਏ। (ਸ: ਦਰਸਨ ਸਿੰਘ ਫੇਰੂਮਾਨ ਜੀ ਦੀ ਵਸੀਅਤ ਜੋ ਕਿ ਸਾਰੇ ਪੱਖਾਂ ਨੂੰ ਉਘੇੜਦੀ ਹੈ ਅੰਤਿਕਾ ਵਿੱਚ ਹੈ) ਪੰਜਾਬੀ ਬੋਲਦੇ ਲੋਕਾਂ ਨੂੰ ਪੰਜਾਬੀ ਤੋਂ ਇਨਕਾਰੀ ਬਣਾਉਣਾ ਵੀ ਕਿਸੇ ਕੂਟਨੀਤੀ ਦਾ ਹਿੱਸਾ ਸੀ। ਲੰਗੜਾ, ਲੂਲਾ ਪੰਜਾਬ ਬਣਾ ਕੇ ਉਸ ਦੀ ਤਰੱਕੀ ਦੇ ਸਾਰੇ ਦਰਵਾਜ਼ੇ ਬੰਦ ਕਰ ਦੇਣਾ ਅਤੇ ਕਿਸੇ ਗ਼ੈਰ-ਸਿੱਖ ਵੱਲੋਂ ਇਸ ਵਿਰੁੱਧ ਆਵਾਜ਼ ਨਾ ਚੁੱਕਣਾ ਇਸ ਕੂਟਨੀਤੀ ਦੀ ਹੀ ਸਫ਼ਲਤਾ ਕਹੀ ਜਾ ਸਕਦੀ ਹੈ। ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ ਸੰਬੰਧੀ ਅਤੇ ਪੰਜਾਬ ਦੇ ਪਾਣੀ, ਬਿਜਲੀ ਅਤੇ ਹੋਰ ਵਸੀਲਿਆਂ ਪੁਰ ਅੰਤਰ-ਰਾਸ਼ਟਰੀ ਕਾਨੂੰਨ ਦੇ ਖਿਲਾਫ ਕੇਂਦਰ ਦਾ ਕੰਟਰੋਲ, ਪੰਜਾਬੀ ਲੋਕਾਂ ਦੀ ਬੈਂਕਾਂ ਵਿੱਚ ਜਮ੍ਹਾ ਕੀਤੀ ਬੱਚਤ ਦਾ 75% ਦੂਜੇ ਰਾਜਾਂ ਵਿੱਚ ਨਿਵੇਸ਼ ਕਰਨਾ ਅਤੇ ਪੰਜਾਬ ਦੀ ਪੈਦਾਵਾਰ ਨੂੰ ਵਰਤੋਂ ਯੋਗ ਬਨਾਉਣ ਲਈ ਪੰਜਾਬ ਵਿੱਚ ਵਸੀਲੇ ਨਾ ਬਣਾ ਕੇ ਦੂਜੇ ਰਾਜਾਂ ਨੂੰ ਘੱਲਣਾ ਅਤੇ ਉਥੋਂ ਮਹਿੰਗੇ ਭਾਅ ਵਾਪਸ ਲੈਣਾ ਅਤੇ ਐਸੇ ਹੋਰ ਮਸਲੇ ਪ੍ਰਾਂਤਕ ਹਨ ਪਰ ਇਹਨਾਂ ਲਈ ਕਦੇ ਕਾਂਗਰਸ ਜਾਂ ਬੀ.ਜੇ.ਪੀ. ਨੇ ਆਵਾਜ਼ ਨਹੀਂ ਉਠਾਈ। ਇਸ ਤੋਂ ਸਪੱਸ਼ਟ ਹੋਰ ਕੀ ਸੰਕੇਤ ਹੋ ਸਕਦੇ ਹਨ ਕਿ ਇਹ ਸਾਰੀਆਂ ਪਾਰਟੀਆਂ ਪੰਜਾਬ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ ਬਲਕਿ ਬਹੁ-ਗਿਣਤੀ ਮਾਨਸਿਕਤਾ ਦਾ ਸ਼ਿਕਾਰ ਹਨ। ਇਸ ਸਾਰੇ ਵਰਤਾਰੇ ਤੋਂ ਸਪੱਸ਼ਟ ਹੈ ਕਿ ਸਿੱਖਾਂ ਦੀ ਆਜ਼ਾਦ ਹਸਤੀ ਅਤੇ ਪਹਿਚਾਣ ਹੀ ਬਹੁ-ਗਿਣਤੀ ਦੀ ਅੱਖ ਦੀ ਰੜਕ ਹੈ। ਸਿੱਖ ਆਪਣੀ ਅੱਡਰੀ ਹਸਤੀ ਸਮੇਤ ਫ਼ਿਰਕੂ ਏਕਤਾ ਦੇ ਚਾਹਵਾਨ ਹਨ ਜਦ ਕਿ ਬਹੁ-ਗਿਣਤੀ, ਏਕਤਾ ਦੀ ਬਜਾਏ, ਸਭ ਦੀ ਅਲੱਗ ਹਸਤੀ ਮਿਟਾ ਕੇ ਇਕਸਾਰਤਾ ਦੀ ਇਛੁੱਕ ਹੈ।

1975 ਵਿੱਚ ਅਲਾਹਾਬਾਦ ਹਾਈਕੋਰਟ ਤੋਂ ਚੋਣ ਸੰਬੰਧੀ ਕੇਸ ਹਾਰ ਕੇ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਦੀ ਗੱਦੀ ਛੱਡਣ ਦੀ ਬਜਾਏ ਸਾਰੇ ਦੇਸ਼ ਅੰਦਰ ਹੰਗਾਮੀ ਹਾਲਤ ਦੀ ਸਥਿਤੀ ਲਾਗੂ ਕਰ ਕੇ ਆਪਣਾ ਦਮਨ ਚੱਕਰ ਚਲਾਇਆ। 1 ਲੱਖ 20 ਹਜ਼ਾਰ ਲੋਕ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ ਅਤੇ ਮੀਸਾ ਅਤੇ ਡੀ.ਆਈ.ਆਰ. ਵਰਗੇ ਦਾਨਵੀ ਕਾਨੂੰਨ ਬਣਾ ਕੇ ਭਾਰਤੀਆਂ ਤੋਂ ਉਹਨਾਂ ਦੇ ਮੁੱਢਲੇ ਅਧਿਕਾਰ ਵੀ ਖੋਹ ਲਏ। ਉਸ ਵੇਲੇ ਵੀ ਇਸ ਜ਼ੁਲਮ ਅਤੇ ਅਨਿਆਇ ਵਿਰੁੱਧ ਸਾਰੇ ਦੇਸ਼ ਵਿੱਚੋਂ ਕੇਵਲ ਸਿੱਖ ਕੌਮ ਨੇ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਥੱਲੇ ਜਥੇਬੰਦਕ ਰੂਪ ਵਿੱਚ ਇਸ ਦੀ ਵਿਰੋਧਤਾ ਕੀਤੀ ਅਤੇ ਕਰੀਬ 45000 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਹੁਣ ਅਕਾਲੀ (ਸਿੱਖ) ਇੰਦਰਾ ਗਾਂਧੀ ਦੇ ਸੀਨੇ ਦਾ ਕੰਡਾ ਬਣ ਗਏ।

ਸਿੱਖਾਂ ਨੂੰ ਕਮਜ਼ੋਰ ਕਰਨ ਅਤੇ ਸਬਕ ਸਿਖਾਉਣ ਲਈ ਇਸ ਬਹੁ-ਗਿਣਤੀ ਮਾਨਸਿਕਤਾ ਨੇ ਸਮੇਂ ਸਮੇਂ ਅਨੇਕਾਂ ਹੱਥਕੰਡੇ ਅਪਨਾਏ ਹਨ। ਏਸ਼ੀਆਈ ਖੇਡਾਂ ਸਮੇਂ ਬੱਸਾਂ ਵਿੱਚੋਂ ਅਤੇ ਰਾਹ ਜਾਂਦੇ ਸਿੱਖਾਂ ਨੂੰ ਫੜ ਕੇ ਬੇਇੱਜ਼ਤ ਕਰਨਾ, ਨਕਲੀ ਨਿਰੰਕਾਰੀਆਂ ਵਰਗੀਆਂ ਸਿੱਖ ਵਿਰੋਧੀ ਇਕਾਈਆਂ ਨੂੰ ਸ਼ਹਿ ਦੇਣੀ, ਸਿੱਖਾਂ ਪ੍ਰਤੀ ਮਜ਼ਾਕ ਉਡਾਉਣ ਦਾ ਕੋਈ ਮੌਕਾ ਨਾ ਜਾਣ ਦੇਣਾ ਆਦਿ ਇਸੇ ਮਾਨਸਿਕਤਾ ਦੀ ਦੇਣ ਹੈ।

ਸ੍ਰੀ ਅਨੰਦਪੁਰ ਸਾਹਿਬ ਦਾ ਮਤਾ

ਧਰਮ ਯੁੱਧ ਮੋਰਚੇ ਦੌਰਾਨ ਅਤੇ ਘੱਲੂਘਾਰਾ ਜੂਨ 1984 ਤੋਂ ਬਾਅਦ ਅਨੰਦਪੁਰ ਸਾਹਿਬ ਦੇ ਮਤੇ ਦਾ ਜ਼ਿਕਰ ਆਮ ਸਿੱਖ ਦੀ ਜ਼ੁਬਾਨ ਉਪਰ ਰਿਹਾ ਹੈ। 'ਪੰਥਕ ਦਸਤਾਵੇਜ਼' ਦੇ ਪਹਿਲੇ ਭਾਗ ਵਿੱਚ ਸਰਦਾਰ ਨਰਾਇਣ ਸਿੰਘ ਲਿਖਦੇ ਹਨ ਕਿ ਇਹ ਅਕਾਲੀ ਦਲ ਵਲੋਂ ਤਿਆਰ ਕੀਤਾ ਗਿਆ ਅਕਾਲੀ ਦਲ ਦਾ ਨਵਾਂ ਪਾਲਿਸੀ ਪ੍ਰੋਗਰਾਮ ਹੀ ਸੀ ਜਿਹੜਾ ਕਿ ਅਨੰਦਪੁਰ ਸਾਹਿਬ ਵਿਖੇ ਪਾਸ ਕੀਤਾ ਗਿਆ ਹੋਣ ਕਰਕੇ ਇਸ ਦਾ ਨਾਮ ਆਮ ਸਿੱਖ ਦੀ ਜ਼ੁਬਾਨ ਉਪਰ ਅਨੰਦਪੁਰ ਦਾ ਮਤਾ ਹੀ ਚੜ੍ਹ ਗਿਆ। ਦਰਅਸਲ ਜਦੋਂ ਅਸੀਂ ਜੂਨ 1984 ਦੇ ਕਾਰਨਾਂ ਵੱਲ ਝਾਤੀ ਮਾਰਦੇ ਹਾਂ ਤਾਂ ਅਨੰਦਪੁਰ ਸਾਹਿਬ ਦਾ ਮਤਾ ਵੀ ਇਕ ਮੂਲ ਕਾਰਨ ਦੇ ਰੂਪ ਵਿੱਚ ਸਿੱਖ ਮਾਨਸਿਕਤਾ ਦੇ ਜ਼ਿਹਨ ਵਿੱਚ ਉਭਰਦਾ ਹੈ ਅਤੇ ਕੋਈ ਸ਼ੱਕ ਨਹੀਂ ਕਿ ਸਿੱਖ ਵਿਰੋਧੀ ਰਾਜਸੀ ਧਿਰ ਨੇ ਇਸ ਨੂੰ ਸਿੱਖ ਕੌਮ ਖ਼ਿਲਾਫ ਬਹੁਤ ਹੀ ਚਲਾਕੀ ਨਾਲ ਵਰਤਿਆ ਅਤੇ ਪੰਜਾਬ ਦਾ ਗ਼ੈਰ-ਸਿੱਖ ਵਰਗ ਵੀ ਇਸ ਕੁਟਲਨੀਤੀ ਨੂੰ ਸਮਝਣ ਵਿੱਚ ਅਸਫ਼ਲ ਰਿਹਾ। ਜੇਕਰ ਪੰਜਾਬ ਦਾ ਗ਼ੈਰ-ਸਿੱਖ ਖ਼ਾਸ ਕਰਕੇ ਹਿੰਦੂ ਵਰਗ ਇਸ ਮਤੇ ਦਾ ਸੁਹਿਰਦਤਾ ਨਾਲ ਅਧਿਐਨ ਕਰਦਾ ਅਤੇ ਘੋਖਦਾ ਕਿ ਇਸ ਮਤੇ ਦੀਆਂ ਬਹੁਤੀਆਂ ਮੰਗਾਂ ਦਾ ਸੰਬੰਧ ਪੰਜਾਬੀਅਤ ਨਾਲ ਹੈ ਨਾ ਕਿ ਕੇਵਲ ਸਿੱਖਾਂ ਨਾਲ ਤਾਂ ਸ਼ਾਇਦ ਏਨੀ ਵੱਡੀ ਸਮੱਸਿਆ ਦਾ ਮੁੱਢ ਵੀ ਨਾ ਬੱਝਦਾ। ਤ੍ਰੈਮਾਸਿਕ ਪੱਤਰ 'ਸ਼ਮਸ਼ੀਰੇ ਕੌਮ' ਵਿੱਚ ਇਸ ਮਤੇ ਦੀਆਂ ਮੰਗਾਂ ਨੂੰ ਬੜੀ ਹੀ ਸੁਖੈਲ ਸ਼ਬਦਾਵਲੀ ਵਿੱਚ ਪੇਸ਼ ਕੀਤਾ ਗਿਆ ਸੀ ਜੋ ਕਿ ਇਸ ਤਰ੍ਹਾਂ ਹੈ। ਇਸ ਮਤੇ ਪ੍ਰਤੀ ਭਾਰਤੀ ਹਕੂਮਤੀ ਨੀਤੀ ਤਾਂ ਕੁਝ ਇਸ ਤਰ੍ਹਾਂ ਦੀ ਸੀ :

1. ਭਾਰਤ ਸਰਕਾਰ ਦਾ ਵੋਟਾਂ ਦੀ ਰਾਜਨੀਤੀ ਖ਼ਾਤਿਰ ਸਿੱਖਾਂ ਨੂੰ ਹਿੰਦੂ ਬਹੁ-ਗਿਣਤੀ ਦੀ ਨਿਗਾਹ ਵਿੱਚ ਹਊਆ ਸਾਬਤ ਕਰਨਾ।
2. ਸਿੱਖ ਆਗੂਆਂ ਦੀ ਆਪਸੀ ਫੁੱਟ ਕਾਰਨ ਇਕ ਦੂਸਰੇ ਨੂੰ ਠਿੱਬੀ ਲਾਉਣ ਦੀ ਪਰਵਿਰਤੀ ਦੇ ਚੱਲਦਿਆਂ ਹਰ ਕਿਸੇ ਨੇ ਪੂਰਾ ਤਾਣ, ਆਪਣੇ ਵਿਰੋਧੀਆਂ ਦਾ ਸਫਾਇਆ ਕਰਨ ਵਿੱਚ ਲਗਾਇਆ। ਕਿਸੇ ਨੇ ਵੀ ਭਾਰਤ ਦੀ ਬਹੁ-ਗਿਣਤੀ ਨੂੰ ਅਨੰਦਪੁਰ ਸਾਹਿਬ ਦੇ ਮਤੇ ਦੀ ਜਾਣਕਾਰੀ ਦੇਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਦਕਿ ਇਸ ਨਾਲ ਮਿਲਦੇ ਜੁਲਦੇ ਮਤੇ ਭਾਰਤ ਦੇ ਛੇ ਤੋਂ ਵੱਧ ਰਾਜ ਪਾਸ ਕਰ ਚੁੱਕੇ ਹਨ। ਆਉ ਇਹ ਵੇਖੀਏ ਕਿ ਅਨੰਦਪੁਰ ਦੇ ਮਤੇ ਵਿੱਚ ਕੀ ਹੈ ? ਮੁੱਖ ਤੌਰ 'ਤੇ ਇਹਨਾਂ ਮਤਿਆਂ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਸੀ।

ਸਿਧਾਂਤ

1. ਸ਼੍ਰੋਮਣੀ ਅਕਾਲੀ ਦਲ ਸਿੱਖ ਧਰਮ ਦੀਆਂ ਇੱਛਾਵਾਂ ਨੂੰ ਪ੍ਰਗਟਾਉਣ ਦਾ ਇਕੋ ਇਕ ਵਸੀਲਾ ਹੈ। ਇਸ ਨੂੰ ਧਰਮ ਦੀ ਨੁਮਾਇੰਦਗੀ ਕਰਨ ਦਾ ਪੂਰਾ ਪੂਰਾ ਅਧਿਕਾਰ ਹੈ।
2. ਇਹ ਸਿਧਾਂਤ ਸਿੱਖਾਂ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਦੇ ਤਿੰਨ ਉਪਦੇਸ਼ ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛਕੋ 'ਤੇ ਆਧਾਰਿਤ ਹੈ।

ਉਦੇਸ਼

1. ਮੂਲ ਮੰਤਰ ਦਾ ਪ੍ਰਚਾਰ ਕਰਨ, ਨਾਸਤਿਕਤਾ ਤੇ ਮੂੜ੍ਹ ਮੱਤ ਦਾ ਖ਼ਾਤਮਾ ਕਰਨਾ।
2. ਸਿੱਖਾਂ ਵਿੱਚ ਧਾਰਮਿਕ ਸੁਤੰਤਰਤਾ ਦੇ ਜਜ਼ਬੇ ਦੀ ਜੋਤ ਜਗਾਈ ਰੱਖਣਾ, ਧਾਰਮਿਕ ਸੁਤੰਤਰਤਾ ਨੂੰ ਸਥਿਰ ਰੱਖਣਾ ਅਤੇ ਭੇਦ-ਭਾਵ ਵਾਲੀ ਨੀਤੀ ਨੂੰ ਖ਼ਤਮ ਕਰਨ ਲਈ ਯਤਨ ਕਰਨੇ।
3. ਗ਼ਰੀਬ ਅਤੇ ਬੇਰੁਜ਼ਗਾਰ ਲੋਕਾਂ ਨੂੰ ਆਸਰਾ ਦੇਣ ਦਾ ਯਤਨ ਕਰਨਾ। ਨਿਆਂਪ੍ਰਣਾਲੀ ਦੇ ਉਚਿਤ ਸਾਧਨਾਂ ਨੂੰ ਸਥਿਰ ਰੱਖਣਾ ਅਤੇ ਭੇਦ ਭਾਵ ਵਾਲੀ ਨੀਤੀ ਨੂੰ ਖ਼ਤਮ ਕਰਨ ਲਈ ਯਤਨ ਕਰਨੇ।
4. ਗੁਰੂ ਸਾਹਿਬ ਦੇ ਕਥਨ ਅਨੁਸਾਰ ਛੂਤ ਛਾਤ ਅਤੇ ਜਾਤ-ਪਾਤ ਦੇ ਭੇਦ ਭਾਵ ਨੂੰ ਦੂਰ ਕਰਨਾ।
5. ਬਿਮਾਰ ਲੋਕਾਂ ਦੇ ਇਲਾਜ ਲਈ ਸਾਧਨ ਪੈਦਾ ਕਰਨਾ। ਅਨੰਦਪੁਰ ਸਾਹਿਬ ਦੇ ਮਤੇ ਦੇ ਪਹਿਲੇ ਭਾਗ ਵਿੱਚ ਕਿਹਾ ਗਿਆ ਹੈ ਕਿ ਸਿੱਖਾਂ ਵਿੱਚ ਧਾਰਮਿਕ ਭਾਵਨਾ ਪੈਦਾ ਕਰਨਾ ਅਤੇ ਉਨ੍ਹਾਂ ਵਿੱਚ ਸਿੱਖ ਹੋਣ ਪ੍ਰਤੀ ਮਾਣ ਪੈਦਾ ਕਰਨਾ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਫਰਜ਼ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਅਕਾਲੀ ਦਲ ਹੇਠ ਲਿਖੇ ਕਦਮ ਚੁਕੇਗਾ :

☛ਵਾਹਿਗੁਰੂ ਦਾ ਨਾਮ ਜਪਣਾ ਤੇ ਗੁਰਬਾਣੀ ਦਾ ਪ੍ਰਚਾਰ ਕਰਨਾ। ਗੁਰੂ ਗ੍ਰੰਥ ਸਾਹਿਬ ਵਿੱਚ ਦ੍ਰਿੜ੍ਹ ਨਿਸ਼ਚਾ ਪੈਦਾ ਕਰਨਾ ਅਤੇ ਉਨ੍ਹਾਂ ਦੇ ਸਿਧਾਂਤਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਨਾਉਣਾ।

☛ਗੁਰੂ ਸਾਹਿਬ ਦੇ ਉਪਦੇਸ਼ ਦਾ ਪ੍ਰਚਾਰ ਕਰਨਾ।

☛ਵੱਡੇ ਪੈਮਾਨੇ 'ਤੇ ਅੰਮ੍ਰਿਤ ਸੰਚਾਰ ਕਰਨਾ।

☛ਦਸਵੰਧ ਦੀ ਪ੍ਰਥਾ ਨੂੰ ਮੁੜ ਜੀਵਤ ਕਰਨ ਲਈ ਸਿੱਖਾਂ ਨੂੰ ਪ੍ਰੇਰਿਤ ਕਰਨਾ।

☛ਗੁਰਦੁਆਰਿਆਂ ਦੇ ਪ੍ਰਬੰਧ ਨੂੰ ਵਧੇਰੇ ਸੁਚੱਜਾ ਬਣਾਉਣਾ। ਗੁਰਦੁਆਰਿਆਂ ਦੇ ਕਰਮਚਾਰੀਆਂ ਨੂੰ ਜਨਤਕ ਵਤੀਰੇ ਅਤੇ ਧਰਮ ਅਧਿਐਨ ਦੀ ਸਿਖਲਾਈ ਦੇਣ ਦਾ ਉਚਿਤ ਪ੍ਰਬੰਧ ਕਰਨਾ।

☛ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ।

☛ਸਮੁੱਚੇ ਸੰਸਾਰ ਦੇ ਸਮੂਹ ਗੁਰਦੁਆਰਿਆਂ ਅਤੇ ਗੁਰਧਾਮਾਂ ਨੂੰ, ਜਿਨ੍ਹਾਂ ਨੂੰ ਸਿੱਖ ਪੰਥ ਤੋਂ ਵਿਛੋੜਿਆ ਗਿਆ ਹੈ, ਉਨ੍ਹਾਂ ਦੇ ਦਰਸ਼ਨਾਂ ਦਾ ਅਧਿਕਾਰ ਬਿਨਾਂ ਕਿਸੇ ਰੋਕ ਟੋਕ ਦੇ ਸਮੂਹ ਸੰਗਤਾਂ ਨੂੰ ਦੇਣਾ।

ਰਾਜਨੀਤਕ ਉਦੇਸ਼

ਰਾਜਸੀ ਉਦੇਸ਼ਾਂ ਦੀ ਪੂਰਤੀ ਲਈ ਹੇਠ ਲਿਖੇ ਯਤਨ ਕਰਨੇ:

1. ਜੋ ਪੰਜਾਬੀ ਬੋਲਣ ਵਾਲੇ ਇਲਾਕੇ ਪੰਜਾਬ ਤੋਂ ਵੱਖ ਕਰਕੇ ਦੂਜੇ ਰਾਜਾਂ ਵਿੱਚ ਮਿਲਾਏ ਗਏ ਹਨ ਜਿਵੇਂ ਕਿ ਅੰਬਾਲਾ, ਚੰਡੀਗੜ੍ਹ, ਪਿੰਜੌਰ, ਕਾਲਕਾ, ਡਲਹੌਜ਼ੀ, ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ, ਹਿਸਾਰ ਜ਼ਿਲ੍ਹੇ ਦੇ ਕੁਝ ਭਾਗ, ਇਨ੍ਹਾਂ ਸਾਰਿਆਂ ਨੂੰ ਮੁੜ ਪੰਜਾਬ ਵਿੱਚ ਸ਼ਾਮਲ ਕਰਨ ਦੇ ਯਤਨ ਕਰਨੇ।
2. ਰਾਜਾਂ ਵਿੱਚ ਕੇਂਦਰ ਦਾ ਦਖਲ ਸਿਰਫ਼ ਦੇਸ਼ ਦੀ ਰੱਖਿਆ, ਡਾਕ ਤਾਰ, ਰੇਲ ਤੇ ਕਰੰਸੀ ਤੱਕ ਹੀ ਸੀਮਤ ਕਰਨਾ ਅਤੇ ਦੂਜੇ ਸਾਰੇ ਵਿਭਾਗ ਪੰਜਾਬ ਦੇ ਅਧਿਕਾਰ ਖੇਤਰ ਅਧੀਨ ਕਰਵਾਉਣਾ।
3. ਪੰਜਾਬ ਤੋਂ ਬਾਹਰ ਰਹਿਣ ਵਾਲੀ ਸਿੱਖ ਵਸੋਂ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕਰਨਾ ਤਾਂ ਜੋ ਕਿਸੇ ਕਿਸਮ ਦਾ ਵਿਤਕਰਾ ਨਾ ਹੋ ਸਕੇ।
4. ਕੇਂਦਰ ਅਤੇ ਪ੍ਰਾਂਤਾਂ ਕੋਲੋਂ ਸਿੱਖਾਂ ਅਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਨਿਆਂ ਦਿਵਾਉਣ ਲਈ ਯਤਨ ਕਰਨੇ ਅਤੇ ਉਨ੍ਹਾਂ ਨਾਲ ਹੋਣ ਵਾਲੇ ਅੱਤਿਆਚਾਰਾਂ ਵਿਰੁੱਧ ਆਵਾਜ਼ ਚੁੱਕਣਾ।
5. ਹਰ ਇਕ ਮਰਦ ਅਤੇ ਔਰਤ ਜਿਸ ਨੂੰ ਅਦਾਲਤ ਵੱਲੋਂ ਸਜ਼ਾ ਨਾ ਦਿੱਤੀ ਗਈ ਹੋਵੇ, ਛੋਟੇ ਹਥਿਆਰ ਜਿਵੇਂ ਬੰਦੂਕ, ਪਿਸਤੌਲ, ਰਿਵਾਲਵਰ, ਰਾਈਫ਼ਲ ਆਦਿ ਰੱਖਣ ਦੀ ਪੂਰੀ ਆਜ਼ਾਦੀ ਪ੍ਰਦਾਨ ਕਰਨਾ।
6. ਸ਼ਰਾਬ ਤੇ ਦੂਜੀਆਂ ਨਸ਼ੀਲੀਆਂ ਵਸਤਾਂ ਦੀ ਮਨਾਹੀ ਲਈ ਪ੍ਰਯਤਨ ਕਰਨੇ ਅਤੇ ਤੰਬਾਕੂ ਦੇ ਪ੍ਰਯੋਗ 'ਤੇ ਪਾਬੰਦੀ ਲਗਾਉਣੀ।

ਆਰਥਿਕ ਉਦੇਸ਼

1. ਰਾਜ ਵਿੱਚ ਖੇਤੀਬਾੜੀ ਦੀ ਉਨਤੀ ਲਈ ਯਤਨ ਕਰਨੇ।
2. ਅਮੀਰ ਅਤੇ ਗਰੀਬ ਵਿੱਚ ਅੰਤਰ ਘਟਾਉਣ ਲਈ ਅਤੇ ਖੇਤੀ ਦੀ ਉਪਜ ਵਧਾਉਣ ਲਈ ਭੂਮੀ ਸੁਧਾਰ ਕਰਨੇ। ਫ਼ਾਲਤੂ ਸਰਕਾਰੀ ਭੂਮੀ ਨੂੰ ਗਰੀਬਾਂ ਵਿੱਚ ਵੰਡਣਾ।
3. ਖੇਤੀ ਦੇ ਆਧੁਨਿਕੀਕਰਨ ਲਈ ਯਤਨ ਕਰਨੇ।
4. ਪੇਂਡੂ ਖੇਤਰਾਂ ਵਿੱਚ ਸਹਿਕਾਰੀ ਸੰਸਥਾਵਾਂ ਬਣਾਉਣ ਨੂੰ ਉਤਸ਼ਾਹ ਦੇਣਾ।
5. ਵੱਡੇ ਪੈਮਾਨੇ ਦੇ ਉਦਯੋਗਾਂ ਨੂੰ ਉਤਸ਼ਾਹ ਅਤੇ ਸਹਾਇਤਾ ਦੇਣਾ, ਛੋਟੇ ਉਦਯੋਗਾਂ

ਦੀ ਉਨਤੀ ਲਈ ਯਤਨ ਕਰਨੇ।

6. ਉਦਯੋਗਿਕ ਅਤੇ ਖੇਤੀਬਾੜੀ ਕਿੱਤਿਆਂ ਲਈ ਲੋੜ ਅਨੁਸਾਰ ਤਨਖ਼ਾਹ ਨਿਸ਼ਚਿਤ ਕਰਵਾਉਣੀ।
7. ਦੇਸ਼ ਵਿੱਚ ਅਨਾਜ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਵਿੱਚ ਆਉਣ ਵਾਲੀਆਂ ਰੋਕਾਂ ਨੂੰ ਹਟਾਉਣਾ।

ਅਨੰਦਪੁਰ ਸਾਹਿਬ ਦੇ ਮਤੇ ਵਿੱਚ ਬੇਰੁਜ਼ਗਾਰੀ ਦੂਰ ਕਰਨ ਅਤੇ ਸਿਖਿਆ ਅਤੇ ਸੱਭਿਆਚਾਰ ਦੇ ਪ੍ਰਸਾਰ ਦੇ ਕਦਮ:-

ਇਸ ਪ੍ਰਸਤਾਵ ਰਾਹੀਂ ਅਕਾਲੀ ਦਲ ਨੇ ਬੇਰੁਜ਼ਗਾਰੀ ਦੂਰ ਕਰਨ ਲਈ ਕੁਝ ਮਹੱਤਵਪੂਰਨ ਕਦਮ ਚੁੱਕਣ ਲਈ ਕਿਹਾ ਹੈ:

☛ਬੇਰੁਜ਼ਗਾਰੀ ਦੂਰ ਕਰਨ ਲਈ ਕਿੱਤਾ ਸਿਖਲਾਈ ਸੰਸਥਾਵਾਂ ਖੋਲ੍ਹੀਆਂ ਜਾਣ।

☛ਨੌਜਵਾਨ ਨੂੰ ਸਵੈ-ਰੁਜ਼ਗਾਰ ਅਪਨਾਉਣ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਖੁੱਲ੍ਹੇ ਦਿਲ ਨਾਲ ਕਰਜ਼ੇ ਦਿੱਤੇ ਜਾਣ।

☛ਬੇਰੁਜ਼ਗਾਰ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਜਿਸ ਦੀ ਰਕਮ ਹੇਠ ਲਿਖੇ ਅਨੁਸਾਰ ਹੋਵੇ:

1. ਮੈਟ੍ਰਿਕ ਪਾਸ ਅਤੇ ਸਿਖਿਅਤ ਕਾਰੀਗਰਾਂ ਲਈ 50 ਰੁਪਏ ਮਹੀਨਾ।
2. ਬੀ.ਏ. ਪੜ੍ਹੇ-ਲਿਖਿਆਂ ਨੂੰ 75 ਰੁਪਏ ਮਹੀਨਾ।
3. ਐਮ.ਏ. ਪੜ੍ਹੇ ਲਿਖਿਆਂ ਨੂੰ 100 ਰੁਪਏ ਮਹੀਨਾ। (ਜ਼ਿਕਰਯੋਗ ਹੈ ਕਿ ਇਹ ਭੱਤਾ ਉਸ ਸਮੇਂ ਅਨੁਸਾਰ ਹੈ ਜਦੋਂ ਇਹ ਮਤਾ ਹੋਂਦ ਵਿੱਚ ਆਇਆ ਸੀ)

ਇਸ ਪ੍ਰਸਤਾਵ ਵਿੱਚ ਇਹ ਕਿਹਾ ਗਿਆ ਹੈ ਕਿ ਅਕਾਲੀ ਦਲ ਨੂੰ ਸਿੱਖਿਆ ਅਤੇ ਸੱਭਿਆਚਾਰ ਦੇ ਪ੍ਰਸਾਰ ਲਈ ਹੇਠ ਲਿਖੇ ਕਦਮ ਚੁੱਕਣੇ ਚਾਹੀਦੇ ਹਨ:-

1. ਸਿੱਖ ਜਾਤੀ ਦੇ ਅਧਿਆਪਕਾਂ, ਲੇਖਕਾਂ, ਵਿਦਵਾਨਾਂ, ਦਾਰਸ਼ਨਿਕਾਂ, ਕਲਾਕਾਰਾਂ ਆਦਿ ਨੂੰ ਇਸ ਜਾਤੀ ਦੀ ਵੱਡਮੁੱਲੀ ਸੰਪਤੀ ਸਮਝਦੇ ਹੋਏ ਇਨ੍ਹਾਂ ਨੂੰ ਸਮਾਜ ਵਿੱਚ ਵਿਸ਼ੇਸ਼ ਇੱਜ਼ਤ-ਮਾਣ ਦੇਣਾ ਚਾਹੀਦਾ ਹੈ।

2. ਦਸਵੀਂ ਸ਼੍ਰੇਣੀ ਤੱਕ ਸਮੂਹਿਕ, ਲਾਜ਼ਮੀ ਅਤੇ ਮੁਫ਼ਤ ਸਿਖਿਆ ਦੇਣ ਦੇ ਪ੍ਰਬੰਧ ਕਰਨੇ ਚਾਹੀਦੇ ਹਨ।

3. ਪੇਂਡੂ ਅਤੇ ਪਿਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਹੂਲਤਾਂ ਅਤੇ ਵਜ਼ੀਫੇ ਦੇਣੇ ਚਾਹੀਦੇ ਹਨ।

4. ਦਸਵੀਂ ਸ਼੍ਰੇਣੀ ਤੱਕ ਸਭ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਬਣਾਈ ਜਾਣੀ ਚਾਹੀਦੀ ਹੈ।

5. ਵਿਗਿਆਨਕ ਅਤੇ ਤਕਨੀਕੀ ਸਿਖਿਆ ਦੇਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

6. ਖੇਡਾਂ ਦਾ ਪੱਧਰ ਉੱਚਾ ਕਰਨ ਲਈ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਕੀਤੇ ਜਾਣੇ ਚਾਹੀਦੇ ਹਨ।

ਰਾਜਨੀਤਕ ਉਦੇਸ਼ ਵਿੱਚੋਂ ਦੂਸਰੇ ਮਤੇ ਨੂੰ ਛੱਡ ਕੇ ਬਾਕੀ ਸ਼ਾਰੇ ਮਤੇ ਰੋਜ਼ਾਨਾ ਚਲੰਤ ਮਸਲਿਆਂ ਨਾਲ ਸੰਬੰਧਤ ਹਨ ਅਤੇ ਇਨ੍ਹਾਂ ਨੂੰ ਪੂਰਿਆਂ ਕਰਨਾ ਹੀ ਅਕਾਲੀ ਦਲ ਦਾ ਫ਼ਰਜ਼ ਹੈ ਪਰ ਜਿਹੜੇ ਭਾਰਤ ਵਾਸੀ ਇਸ ਬਾਰੇ ਜਾਣੇ ਬਗੈਰ ਹੀ ਇਸ ਨੂੰ ਖਾਲਿਸਤਾਨ ਦਾ ਮਤਾ ਮਿੱਥ ਬੈਠੇ ਅਤੇ ਕੇਂਦਰ ਨੂੰ ਵੋਟਾਂ ਦੀ ਰਾਜਨੀਤੀ ਕਰਨ ਦਾ ਮੌਕਾ ਮਿਲਿਆ, ਇਸ ਨੂੰ ਚੰਗੀ ਤਰ੍ਹਾਂ ਪੜ੍ਹਿਆਂ ਸਮਝ ਆਉਂਦੀ ਹੈ ਕਿ ਇਕ ਤਾਂ ਇਸ ਵਿੱਚ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਗਲਤ ਫੈਸਲੇ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਦੂਸਰਾ ਕੇਂਦਰ ਵੱਲੋਂ ਵਾਰ ਵਾਰ ਹੁੰਦੇ ਧੱਕੇ ਨੂੰ ਰੋਕਣ ਲਈ ਸੁਝਾਅ ਸੀ। ਇਨ੍ਹਾਂ ਦੋਵਾਂ ਤੋਂ ਇਲਾਵਾ ਕੇਂਦਰ ਦਾ ਅਨੰਦਪੁਰ ਸਾਹਿਬ ਦੇ ਮਤੇ ਦੀ ਕਿਸੇ ਮੱਦ ਨਾਲ ਵੀ ਕੋਈ ਸੰਬੰਧ ਨਹੀਂ ਹੈ ਅਤੇ ਇਸ ਦੀਆਂ ਮੱਦਾਂ ਵੀ ਅਜਿਹੀਆਂ ਨਹੀਂ ਹਨ ਜਿਹਨਾਂ ਨੂੰ ਮੁੱਦਾ ਬਣਾ ਕੇ ਅਕਾਲੀਆਂ ਨੂੰ ਜਾਂ ਸਿੱਖਾਂ ਨੂੰ ਬਦਨਾਮ ਕੀਤਾ ਜਾ ਸਕਦਾ। ਯਕੀਨਨ ਭਾਰਤੀ ਫ਼ੌਜਾਂ ਵੱਲੋਂ ਦਰਬਾਰ ਸਾਹਿਬ 'ਤੇ ਹਮਲੇ ਦੇ ਪਿੱਛੇ ਕੁਝ ਹੋਰ ਕਾਰਨ ਸਨ, ਜੋ ਹੌਲੀ-ਹੌਲੀ ਸਾਹਮਣੇ ਆਉਂਦੇ ਜਾਂਦੇ ਹਨ। 1984 ਮਗਰੋਂ ਹਰ ਪਾਰਟੀ, ਹਰ ਫਿਰਕਾ ਕੇਂਦਰ ਸਰਕਾਰ ਵਿੱਚ ਭਾਈਵਾਲ ਬਣਿਆ ਪਰ ਕਿਸੇ ਨੇ ਵੀ ਅਜਿਹੀ ਘਿਨਾਉਣੀ ਹਰਕਤ ਲਈ ਅਫ਼ਸੋਸ ਦੇ ਦੋ ਲਫ਼ਜ਼ ਪਾਸ ਨਹੀਂ ਕੀਤੇ। ਇਸ ਦਾ ਮਤਲਬ ਸਾਫ਼ ਹੈ ਕਿ ਢੱਕੀ ਹੋਈ ਤੌੜੀ ਵਿੱਚ ਜੋ ਕੁਝ ਵੀ ਰਿੱਝ ਰਿਹਾ ਹੈ ਉਸ ਵਿੱਚ ਅਕਾਲੀ ਦਲ ਸਮੇਤ ਸਾਰੀਆਂ ਪਾਰਟੀਆਂ ਦਾ ਹਿੱਸਾ ਹੈ ਅਤੇ ਇਹੀ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਹੈ।

ਅਨੰਦਪੁਰ ਸਾਹਿਬ ਦੇ ਮਤੇ ਬਾਰੇ ਸਿਰਦਾਰ ਕਪੂਰ ਸਿੰਘ ਦੇ ਵਿਚਾਰ

ਸਿਰਦਾਰ ਕਪੂਰ ਸਿੰਘ ਸਾਬਕਾ ਆਈ.ਸੀ.ਐਸ, ਸਿੱਖ ਕੌਮ ਦੇ ਉੱਘੇ ਦਾਰਸ਼ਨਿਕ ਅਤੇ ਥਿੰਕ ਟੈਂਕ ਹਨ। ਉਹਨਾਂ ਨੂੰ ਵਿਸ਼ਾਲ ਵਿਦਵਤਾ, ਬੇਮਿਸਾਲ ਸੋਝੀ ਅਤੇ ਸੁਹਿਰਦ ਪੰਥਕ ਸੋਚ ਸਦਕਾ ਮਿਤੀ 13-10-1973 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦੀ ਪਦਵੀ ਬਖ਼ਸ਼ਿਸ਼ ਕੀਤੀ ਗਈ ਸੀ। ਉਹਨਾਂ ਵਲੋਂ ਸੁਣਾਈਆਂ ਗਈਆਂ ਖ਼ਰੀਆਂ-ਖ਼ਰੀਆਂ ਅਤੇ ਪਰਗਟ ਕੀਤੇ ਗਏ ਡੂੰਘੇ ਖਿਆਲਾਂ ਵਿੱਚ ਸਿੱਖ ਕੌਮ ਦੀ ਵਿਗੜੀ ਸੰਵਾਰਨ ਦਾ ਬਲ ਹੈ। ਸਿੱਖ ਰਾਜਨੀਤੀ ਸਮੇਤ ਖ਼ਾਲਸੇ ਦੇ ਹਰ ਖੇਤਰ ਬਾਰੇ ਉਹਨਾਂ ਦੀ ਸਮਝ, ਪਹੁੰਚ ਅਤੇ ਵਿਚਾਰਧਾਰਾ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। 'ਧਰਮ ਯੁੱਧ' ਮੋਰਚੇ ਦੌਰਾਨ ਉਹਨਾਂ ਵੱਲੋਂ ਲੰਡਨ ਤੋਂ ਛਪਦੇ ਸਪਤਾਹਿਕ ਪੰਜਾਬੀ ਅਖ਼ਬਾਰ 'ਦੇਸ਼ ਪ੍ਰਦੇਸ਼' ਨੂੰ ਦਿੱਤੀ ਗਈ ਇਸ ਇੰਟਰਵਿਊ ਵਿੱਚ, ਸਿੱਖ ਰਾਜਨੀਤੀ ਦੀਆਂ ਕਮਜ਼ੋਰੀਆਂ, ਹਿੰਦੂ ਜ਼ਿਹਨੀਅਤ ਦੇ ਤਾਂਡਵ, ਅਕਾਲੀ ਆਗੂਆਂ ਦੇ ਨੀਵੇਂ ਕਿਰਦਾਰ, ਗੱਦਾਰਾਂ ਦੀਆਂ ਗਦਾਰੀਆਂ ਅਤੇ ਲਾਲਸਾਵਾਂ ਨੂੰ ਪਰਗਟ ਕਰਦੀਆਂ ਸਿਰਦਾਰ ਕਪੂਰ ਸਿੰਘ ਦੀਆਂ ਅਹਿਮ ਟਿੱਪਣੀਆਂ ਹਨ। ਸਿਰਦਾਰ ਜੀ ਦੀ ਇਹ ਇੰਟਰਵਿਊ ਸਿੱਖਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਅਤੇ 'ਪੂਰਨ ਪ੍ਰਭੂਸੱਤਾ ਸੰਪੰਨ ਖ਼ਾਲਸਾ ਰਾਜ' ਕਾਇਮ ਕਰਨ ਲਈ ਇਰਾਦੇ ਨੂੰ ਦ੍ਰਿੜ੍ਹ ਬਣਾਉਣ ਦੀ ਪ੍ਰੇਰਨਾ ਵੀ ਦਿੰਦੀ ਹੈ ਅਤੇ ਸਿੱਖ ਇਕ ਵੱਖਰੀ ਕੌਮ ਦੇ ਸੰਕਲਪ ਨੂੰ ਵੀ ਉਜਾਗਰ ਕਰਦੀ ਹੈ ਅਤੇ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾ ਅਨੁਸਾਰ ਚੱਲਣ ਦੀ ਨਸੀਹਤ ਵੀ ਕਰਦੀ ਹੈ। ਇਹ ਇੰਟਰਵਿਊ ਉਹਨਾਂ ਲੋਕਾਂ ਲਈ ਲਾਹੇਵੰਦ ਹੋਵੇਗੀ, ਜਿਹੜੇ ਸਿੱਖ ਸਮੱਸਿਆਵਾਂ ਨੂੰ ਜਾਣਨ ਅਤੇ ਸਮਝਣ ਲਈ ਡੂੰਘੀ ਦਿਲਚਸਪੀ ਰੱਖਦੇ ਹਨ।

ਦੁਨੀਆ 'ਚ ਰਾਜ ਕੇਵਲ ਸਿੱਖ ਕੌਮ ਨੇ ਕੀਤਾ

—ਸਿਰਦਾਰ ਕਪੂਰ ਸਿੰਘ

"ਜਦੋਂ 1934 ਵਿੱਚ ਮੈਂ ਕੈਂਬਰਿਜ ਵਿੱਚ ਫ਼ਿਲਾਸਫ਼ੀ ਦੀ ਪੜ੍ਹਾਈ ਕਰ ਰਿਹਾ ਸਾਂ ਤਾਂ ਬਾਕੀ ਵਿਦਿਆਰਥੀ ਮੈਨੂੰ ਪਾਗਲ ਸੱਦਦੇ ਸਨ। ਫ਼ਿਲਾਸਫ਼ੀ ਦਾ ਮਜ਼ਮੂਨ ਹੀ ਬੰਦੇ ਨੂੰ ਪਾਗਲਾਂ ਵਰਗਾ ਕਰ ਦਿੰਦਾ ਹੈ। ਦੂਜੇ ਮੇਰੇ ਦਿਮਾਗ ਵਿੱਚ ਦੁਨੀਆਂ ਨੂੰ ਕਲਾਵੇ ਵਿੱਚ

ਲੈਣ ਦਾ ਸ਼ੁਦਾਅ ਸੀ। ਜਵਾਨੀ ਦੀ ਉਮਰ ਵਿੱਚ ਬੰਦਾ ਕਹਿੰਦਾ ਹੈ, ਜੋ ਵਾਪਰਨਾ ਹੈ ਹੁਣੇ ਵਾਪਰੇ, ਜੋ ਮੈਂ ਸੋਚਦਾ ਹਾਂ ਉਸ ਦਾ ਚਮਤਕਾਰ ਹੁਣੇ ਦਿਸੇ। ਮੈਂ ਹੁਣ 70-72 ਸਾਲ ਦੀ ਉਮਰ ਦਾ ਹਾਂ। ਉਮਰ ਨਾਲ ਸੋਚ ਵੀ ਪਲਟ ਗਈ ਹੈ। ਉਦੋਂ ਮੈਂ ਕੈਂਬਰਿਜ਼ ਵਿੱਚੋਂ ਫਸਟ ਆਇਆ ਸੀ। ਇਕ ਗੱਲ ਮੈਂ ਅੱਜ ਤੋਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਭਾਵੇਂ ਮੈਨੂੰ ਦੁਬਾਰਾ ਜਨਮ ਮਿਲ ਜਾਵੇ ਅਤੇ 15 ਹਜ਼ਾਰ ਸਾਲ ਮਿਲਦਾ ਰਹੇ, ਮੈਂ ਫਿਰ ਵੀ ਇਹੀ ਆਖਾਂਗਾ ਕਿ ਸਿੱਖਾਂ ਦਾ ਖ਼ੁਦਮੁਖ਼ਤਿਆਰ ਹਕੂਮਤ ਬਗੈਰ ਗੁਜ਼ਾਰਾ ਨਹੀਂ। ਸਿੱਖ ਇੱਕ ਕਰੋੜ ਹਨ। ਸਾਰੇ ਮੇਰੇ ਖਿਆਲਾਂ ਦੇ ਵਿਰੋਧੀ ਸਨ। ਮੈਂ ਇਕੱਲਾ ਹੀ ਡੱਟਿਆ ਰਿਹਾ। ਅੱਜ ਵੀ ਭਾਰਤ ਵਿੱਚ ਸ਼ਰੇਆਮ ਕਹਿੰਦਾ ਹਾਂ ਕਿ ਸਿੱਖਾਂ ਦਾ ਰਾਜ ਭਾਗ ਲਾਜ਼ਮੀ ਹੈ। ਸਮੇਂ ਦੀ ਸਰਕਾਰ ਮੇਰਾ ਜੋ ਵਿਗਾੜਨਾ, ਵਿਗਾੜ ਲਵੇ। ਸ਼ਾਇਦ ਸਮੇਂ ਦੀ ਸਰਕਾਰ ਮੈਨੂੰ ਇਸ ਕਰਕੇ ਹੱਥ ਨਹੀਂ ਪਾਉਂਦੀ ਕਿ ਬੰਦਾ ਦੋ ਵੇਲੇ ਦੀ ਰੋਟੀ ਤੋਂ ਤਾਂ ਤੰਗ ਹੈ, ਇਹਨੂੰ ਫੜ ਕੇ ਕੀ ਲੈਣਾ। ਮੈਂ ਆਪਣਾ ਹੱਠ ਨਹੀਂ ਛੱਡਿਆ, ਵਰਨਾ ਸ. ਹੁਕਮ ਸਿੰਘ ਵਾਂਗੂੰ ਗਵਰਨਰੀ ਮੇਰੇ ਪੈਰਾਂ ਵਿੱਚ ਰੁਲਦੀ ਸੀ। ਨਵਾਬ ਕਪੂਰ ਸਿੰਘ ਨੇ ਵੀ ਤਾਂ ਨਵਾਬੀ ਨੂੰ ਲੱਤ ਮਾਰ ਦਿੱਤੀ ਸੀ, ਅੱਜ ਮੇਰਾ ਗੁਜ਼ਾਰਾ ਮੁਸ਼ਕਲ ਹੈ, ਪਰ .ਗੁਲਾਮੀ ਦੀ ਚੋਪੜੀ ਨਾਲੋਂ ਅਜ਼ਾਦ ਦੀ ਰੁੱਖੀ ਚੰਗੀ।"

ਇਹ ਪੁੱਛਣ 'ਤੇ ਕਿ ਸਮੁੱਚੇ ਭਾਰਤ ਵਿੱਚ ਸਿੱਖਾਂ ਨੂੰ ਕਿਸੇ ਗੱਲ ਦੀ ਘਾਟ ਹੈ ਅਤੇ ਕੀ ਸਿਖਾਂ ਉੱਤੇ ਕਿਸੇ ਕਿਸਮ ਦਾ ਜ਼ੁਲਮ ਹੋ ਰਿਹਾ ਹੈ? ਸਿਰਦਾਰ ਕਪੂਰ ਸਿੰਘ ਨੇ ਆਖਿਆ :

-"ਹਾਂ, ਗੁਲਾਮ ਰਹਿ ਕੇ ਪੈਸ ਬਹੁਤ ਕਮਾਏ ਜਾ ਸਕਦੇ ਹਨ। ਬਥੇਰੇ ਸਿੱਖ ਕਮਾ ਰਹੇ ਹਨ। ਸ. ਹੁਕਮ ਸਿੰਘ ਨੇ ਬੇਹੱਦ ਕਮਾਏ ਹੀ ਹਨ, ਪਰ ਗੁਲਾਮੀ ਦੇ ਜਿਉਣ ਨਾਲੋਂ ਲੋਕ ਕਹਿੰਦੇ ਹਨ, ਮੌਤ ਚੰਗੀ ਹੈ। ਸਿੱਖ ਉਤੇ ਜ਼ੁਲਮ ਹੋ ਰਿਹਾ ਹੈ ਜਾਂ ਨਹੀਂ, ਮੇਰੇ ਮੂੰਹੋਂ ਕਿਉਂ ਅਖਵਾਉਦੇ ਹੋ?...ਭਗਤ ਸਿੰਘ ਨੂੰ ਫ਼ਾਂਸੀ ਲੱਗਣ ਤੋਂ ਕੁਝ ਦਿਨ ਪਹਿਲੋਂ ਲੁਧਿਆਣੇ ਦੇ ਭਾਈ ਰਣਧੀਰ ਸਿੰਘ ਉਸ ਨੂੰ ਜੇਲ੍ਹ ਵਿੱਚ ਮਿਲੇ ਸਨ। ਪਹਿਲਾਂ ਤਾਂ ਕਈ ਦਿਨ ਕਹਿੰਦੇ ਰਹੇ ਕਿ ਪਤਿਤ ਹੋ ਗਏ ਸਿੱਖ ਨਾਲ ਮੈਂ ਗੱਲ ਨਹੀਂ ਕਰਾਂਗਾ ਪਰ ਜਦੋਂ ਭਗਤ ਸਿੰਘ ਕਈ ਦਿਨ ਖਹਿੜੇ ਹੀ ਪੈ ਗਿਆ ਕਿ ਉਸ ਦੀ ਗੱਲ ਤਾਂ ਸੁਣ ਲਈ ਜਾਵੇ, ਤਾਂ ਭਾਈ ਸਾਹਿਬ ਨੇ ਮੁਲਾਕਾਤ ਕੀਤੀ। ਪਤਾ ਹੈ ਭਗਤ ਸਿੰਘ ਨੇ ਕੀ ਕਿਹਾ ਸੀ? ਉਸ ਆਖਿਆ ਸੀ ਕਿ ਪਹਿਲੋਂ ਕੇਸ ਕਤਲ ਕਰਨੇ ਲਾਹੌਰ 'ਚੋਂ ਨਿਕਲਣ ਦਾ ਰਸਤਾ ਸੀ। ਬਾਦ ਵਿੱਚ ਕੇਸ ਇਸ ਕਰਕੇ ਨਹੀਂ ਰੱਖੇ ਕਿ ਹਿੰਦੂ ਪ੍ਰੈਸ ਨੇ ਉਸ ਦੀ ਫੋਟੋ ਤਾਂ ਕੀ, ਉਸਦੀ ਕੋਈ ਖਬਰ ਵੀ ਨਹੀਂ ਛਾਪਣੀ ਸੀ। ਅੱਜ ਤਾਂ ਹਕੂਮਤ ਹੀ ਹਿੰਦੂਆਂ ਦੇ ਹੱਥ ਹੈ। ਇਹ ਸਿੱਖਾਂ ਦਾ ਖੁਰਾ-ਖੋਜ ਕਿਉਂ ਨਾ ਮਿਟਾਉਣਗੇ? ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਖਤਮ ਹੁੰਦੇ ਸਾਰ ਕਰੀਬ ਦੋ ਲੱਖ ਸਿੱਖ ਮੁਸਲਮਾਨ ਬਣ ਗਏ ਸਨ। ਟਿਵਾਣੇ ਮੁਸਲਮਾਨ, ਸਿੱਖ ਹੀ ਤਾਂ ਸਨ। ਹਿੰਦੂ ਗ਼ਲਬੇ ਹੇਠ ਸਿੱਖ ਆਪਣਾ ਧਰਮ ਬਰਕਰਾਰ ਨਹੀਂ ਰੱਖ ਸਕਣਗੇ, ਆਪਣੀ ਹਸਤੀ ਮਿਟਾ ਬਹਿਣਗੇ।"

? ਸਿੱਖਾਂ ਦੀ ਵਰਤਮਾਨ ਲੀਡਰਸ਼ਿਪ ਸਿੱਖ ਰਾਜ ਦੀ ਮੰਗ ਨਹੀਂ ਕਰ ਰਹੀ, ਸਿਰਫ਼ 'ਆਨੰਦਪੁਰ ਦੇ ਮਤੇ' ਤੱਕ ਸੀਮਤ ਹੈ।

-'ਆਨੰਦਪੁਰ ਦਾ ਮਤਾ' ਮੈਂ ਖੁਦ ਹੀ ਬਣਾਇਆ ਸੀ। ਇਹਨੂੰ ਘੋਖ ਕੇ ਪੜ੍ਹੋ। ਮਤੇ ਵਿੱਚ ਸਿੱਖ ਕੌਮ ਭਾਰਤੀ ਸੰਵਿਧਾਨ ਨਹੀਂ ਮੰਨਦੀ, ਆਪਣਾ ਅਲਹਿਦਾ ਰਾਜ ਮੰਗਦੀ ਹੈ। ਦਰਅਸਲ ਗ਼ਲਤੀ ਸ. ਬਲਦੇਵ ਸਿੰਘ ਤੋਂ ਹੋ ਗਈ। ਮਰਨ ਤੋਂ ਤਿੰਨ ਦਿਨ ਪਹਿਲੋਂ ਮੈਂ ਉਸ ਨੂੰ ਮਿਲਣ ਗਿਆ ਸੀ। ਮੈਨੂੰ ਕਹਿਣ ਲੱਗਾ ਕਿ ਮੈਂ ਬਚਣਾ ਨਹੀ, ਇਸ ਲਈ ਦਿਲ ਦੀਆਂ ਸਾਰੀਆਂ ਗੱਲਾਂ ਕਰ ਦੇਣੀਆਂ ਚਾਹੁੰਦਾ ਹਾਂ। ਉਸ ਨੇ ਆਖਿਆ, "ਕਿ 1947 ਵਿੱਚ ਜਦੋਂ ਅੰਗਰੇਜ਼ ਸਿੱਖਾਂ ਨੂੰ ਵੱਖਰਾ ਰਾਜ ਦਿੰਦੇ ਵੀ ਸਨ, ਉਸ ਨੇ ਅਜਿਹੀ ਭੁੱਲ ਕੀਤੀ ਕਿ ਕਈ ਜਨਮ ਉਹਦੀ ਰੂਹ ਮਾਫ਼ੀਆਂ ਮੰਗਦੀ ਰਹੇਗੀ, ਪਰ ਸਿੱਖ ਕੌਮ ਉਸ ਨੂੰ ਮੁਆਫ਼ ਨਹੀਂ ਕਰੇਗੀ।"

ਦੂਜਾ ਆਗੂ ਮਾਸਟਰ ਤਾਰਾ ਸਿੰਘ ਸੀ। ਉਹਦੇ 'ਚ ਅਕਲ ਇੰਨੀ ਨਹੀਂ ਸੀ ਕਿ ਦੂਰ ਤੱਕ ਦੀ ਸੋਚ ਸਕਦਾ। ਵਰਤਮਾਨ ਅਕਾਲੀ ਲੀਡਰਸ਼ਿਪ ਨੂੰ ਮੈਂ 'ਕੰਜਰੀ' ਦਾ ਨਾਂ ਦਿੰਦਾ ਹਾਂ। ਕੰਜਰੀ ਨੂੰ ਭਾਵੇਂ ਲੱਖ ਕਹੋ ਕਿ ਉਹ ਸ਼ਰੀਫ਼ ਬਣ ਜਾਵੇ, ਉਲਟਾ ਤੁਹਾਨੂੰ ਬੇਵਕੂਫ਼ ਕਹੇਗੀ। ਵਰਤਮਾਨ ਲੀਡਰਸ਼ਿਪ ਦੇ ਦਿਲ ਵਿੱਚ ਕੀ ਹੈ? ਉਹ ਹੀ ਜਾਣਦੇ ਹੋਣਗੇ। ਸਰਕਾਰ ਬਣਾ ਵੀ ਲੈਣ, ਪਰ ਗ਼ੁਲਾਮੀ ਦੀ ਸਰਕਾਰ ਹੀ ਹੋਵੇਗੀ। ਮੈਨੂੰ ਟੌਹੜਾ ਮਿਲਦਾ ਰਿਹਾ ਹੈ। ਮੇਰੇ ਨਾਲ ਗੱਲ ਕਰਨ ਸਮੇਂ ਆਖਦਾ ਹੈ, "ਕਿ ਅੰਦਰੋਂ ਉਹ ਸਿੱਖ ਰਾਜ ਦੀ ਮੰਗ ਕਰ ਰਹੇ ਹਨ" ਪਰ ਹੈਰਾਨੀ ਦੀ ਗੱਲ ਹੈ ਕਿ ਜਦੋਂ ਪਬਲਿਕ ਵਿਚ ਬੋਲਦੇ ਹਨ ਤਾਂ ਮੰਗਾਂ ਦੀ ਸ਼ਬਦਾਵਲੀ ਬਦਲ ਜਾਂਦੀ ਹੈ। ਇਹਨਾਂ ਨੂੰ ਜੇ ਵਜ਼ਾਰਤ ਮਿਲ ਜਾਵੇ ਤਾਂ 'ਅਨੰਦਪੁਰ ਦਾ ਮਤਾ' ਉੱਕਾ ਭੁੱਲ ਜਾਣਗੇ। ਇਹਨਾਂ ਦੇ ਮਨਾਂ ਵਿੱਚ ਕੁਝ ਹੋਰ ਹੈ, ਮੂੰਹ 'ਤੇ ਹੋਰ। ਇਹਨਾਂ ਨੂੰ ਗਾਲ੍ਹਾਂ ਕੱਢ ਲੈਂਦਾ ਸਾਂ—ਕੁੱਤਿਓ, ਹਰਾਮਜ਼ਾਦਿਓ, ਪਬਲਿਕ ਨਾਲ ਧੋਖਾ ਨਾ ਕਰੋ, ਪਰ ਇਹ ਮੈਨੂੰ ਪਾਗਲ ਸੱਦਦੇ ਸਨ।

? ਪਬਲਿਕ ਦੀ ਕੀ ਮੰਗ ਹੈ ?

-ਆਮ ਸਧਾਰਨ ਜ਼ਿਮੀਂਦਾਰ ਸਿੱਖ, 'ਵੱਖਰੇ ਸਿੱਖ ਰਾਜ' ਦੀ ਮੰਗ ਕਰਦਾ ਹੈ, ਪਰ ਜੇ ਲੀਡਰਸ਼ਿਪ ਹੀ ਕੁਰਸੀਆਂ ਨੂੰ ਹੀ ਪਈ ਹੋਵੇ ਤਾਂ ਉਹ ਕੀ ਕਰੇ?

? ਸਿੱਖ ਰਾਜ ਦਾ ਮਤਲਬ ਤੁਸੀਂ ਇਕ ਹੋਰ ਪਾਕਿਸਤਾਨ ਚਾਹੁੰਦੇ ਹੋ?

-ਲੈ ਦੱਸ!..ਕੀ ਗੱਲਾਂ ਕਰਦੇ ਹੋ? ਮੈਂ ਸਿਹਤ ਦੇ ਤੌਰ 'ਤੇ ਸਹੀ ਨਹੀਂ, ਬਿਮਾਰੀ ਤੋਂ ਉਠਿਆ ਹਾਂ। ਸਵਾਲ ਸਿੱਧੇ ਕਰੋ। ਭਾਰਤ ਨੂੰ ਆਜ਼ਾਦੀ ਅੰਗਰੇਜ਼ਾਂ ਨੇ ਦਿੱਤੀ। ਕੇਵਲ ਸਿੱਖਾਂ ਖਾਤਰ ਹੀ, ਉਹ ਸਿੱਖਾਂ ਦਾ ਵੱਖਰਾ ਰਾਜ ਚਾਹੁੰਦੇ ਸਨ, ਤਾਂ ਜੋ ਇਹ ਕੌਮ ਮਾਣ ਤੇ ਸ਼ਾਨ ਨਾਲ ਜੀਅ ਸਕੇ। ਗ਼ੁਲਾਮ ਬਣ ਕੇ ਨਹੀਂ। ਮੈਂ ਉਦੋਂ ਡਿਪਟੀ ਸੈਕਟਰੀ ਸੀ ਅਤੇ ਮੇਰੇ ਰਾਹੀਂ ਅੰਗਰੇਜ਼ਾਂ ਨੇ ਪਹੁੰਚ ਕੀਤੀ ਕਿ ਇਸ ਬੇਵਕੂਫ਼ ਕੌਮ ਨੂੰ ਸਮਝਾਓ ਕਿ ਬਾਅਦ ਵਿੱਚ ਕੁਝ ਨਹੀਂ ਮਿਲਣਾ। ਕੋਲ ਕੁਝ ਹੋਵੇ ਤਾਂ ਤੁਸੀਂ ਸੌਦੇ ਦੀ ਗੱਲ ਕਰਦੇ ਹੋ। ਜੇ ਪੱਲੇ ਹੀ ਕੁਝ ਨਹੀਂ ਤਾਂ ਗੱਲਬਾਤ ਦਾ ਅਰਥ ਖ਼ਤਮ ਹੋ ਜਾਂਦਾ ਹੈ। ਮੰਗਿਆਂ ਰਾਜ ਕਦੇ ਕਿਸੇ ਨਹੀਂ ਦਿੱਤੇ, ਮੰਗਤਿਆਂ ਨੂੰ ਚਾਰ ਪੈਸੇ ਮਿਲ ਸਕਦੇ ਹਨ।

? ਤੁਸੀਂ ਸਿੱਖ ਕੌਮ ਦੀ ਗੱਲ ਕਰਦੇ ਹੋ, ਪਰ ਲਾਰਡ ਡੈਨਿੰਗ ਨੇ ਆਖਿਆ ਹੈ

ਕਿ ਇਹ ਧਾਰਮਿਕ ਫ਼ਿਰਕਾ ਹੈ, ਕੌਮ ਨਹੀਂ।

-ਇਹਨਾਂ ਅੰਗਰੇਜ਼ਾਂ ਨੂੰ ਅੱਜ ਦੀ ਏਸ਼ੀਅਨ ਸਿਆਸਤ ਦਾ ਕੀ ਪਤਾ? ਇਹ ਲੋਕ ਕਿੰਨੀ ਕੁ ਅਕਲ ਰੱਖਦੇ ਹਨ? ਲਾਰਡ ਡੈਨਿੰਗ ਦੇ ਫ਼ੈਸਲੇ ਨਾਲ ਸਿੱਖ ਕੌਮ ਫ਼ਿਰਕਾ ਨਹੀਂ ਬਣ ਜਾਣ ਲੱਗੀ। ਤੁਸੀਂ ਦੁਨੀਆਂ ਦੀ ਸਾਰੀ ਤਵਾਰੀਖ਼ ਫਰੋਲ ਲਵੋ, ਰਾਜ ਕੇਵਲ ਸਿੱਖ ਕੌਮ ਨੇ ਕੀਤਾ ਹੈ। ਸਿਕੰਦਰ ਦਾ ਰਾਜ, ਅਕਬਰ ਦਾ ਰਾਜ, ਵਿਕਟੋਰੀਆ ਦਾ ਰਾਜ, ਇੰਦਰਾ ਗਾਂਧੀ ਦਾ ਰਾਜ ਤਾਂ ਹੋ ਸਕਦਾ ਹੈ, ਪਰ ਖ਼ਾਲਸੇ ਦਾ ਜਾਂ ਖ਼ਾਲਸੇ ਵਰਗਾ ਰਾਜ ਦੁਨੀਆਂ ਦੀ ਤਵਾਰੀਖ਼ ਵਿੱਚ ਕਿਧਰੇ ਨਹੀਂ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕੋਈ ਨਹੀਂ ਆਖਦਾ, 'ਸਿੱਖ ਰਾਜ' ਕਿਹਾ ਜਾਂਦਾ ਹੈ।

? ਫਿਰ ਤਾਂ ਡਾ. ਜਗਜੀਤ ਸਿੰਘ ਜੋ ਕੁਝ ਕਰ ਰਿਹਾ ਹੈ, ਤੁਹਾਡੀ ਸੋਚ ਅਨੁਸਾਰ ਠੀਕ ਹੀ ਕਰ ਰਿਹਾ ਹੈ।

- ਪਹਿਲਾਂ ਤਾਂ ਮੈਂ ਡਾ. ਜਗਜੀਤ ਸਿੰਘ ਨੂੰ ਇਕ ਚਲਾਕ ਬੰਦਾ ਸਮਝ ਕੇ ਉਸ ਉਤੇ ਵਿਸ਼ਵਾਸ ਨਹੀਂ ਸੀ ਕਰਦਾ, ਕਿਉਂਕਿ ਇਹ ਦੂਜੇ ਦਿਨ ਫਿਰ ਜਾਂਦਾ ਹੈ, ਪਰ ਹੁਣ ਮੈਂ ਦੇਖਿਆ ਹੈ ਇਹ ਬੰਦਾ ਸਹੀ ਰਸਤੇ ਉਤੇ ਹੈ। ਆਹ ਹਾਈਜੈਕ ਕਰ ਕੇ ਲਾਹੌਰ ਲੈ ਜਾਣ ਵਾਲੇ ਮੁੰਡੇ ਵੀ ਮੈਨੂੰ ਮਿਲਦੇ ਰਹੇ ਸਨ, ਪਰ ਸੀ ਬਹੁਤ ਛੋਟੇ। ਹਾਂ, ਮੈਂ ਇਹ ਵੀ ਦੱਸ ਦਿਆਂ ਕਿ ਕਿਸ ਦਿਨ ਸਿੱਖ ਰਾਜ ਬਣਨਾ ਹੈ। ਤੁਸੀਂ ਦੱਸਦੇ ਹੋ ਕਿ ਇਕ ਲੱਖ ਸਿੱਖ ਇੰਗਲੈਡ ਵਿੱਚ ਵੱਸਦੇ ਹਨ, ਮੈਂ ਆਖਦਾ ਹੈ ਕਿ ਇਹਨਾਂ ਵਿੱਚ ਪੰਜਾਹ ਹਜ਼ਾਰ ਹੀ, ਵੀਹ ਹਜ਼ਾਰ ਹੀ ਜਾਂ ਕੇਵਲ ਵੀਹ ਹੀ ਜੋ ਆਪਣੇ ਮਿਸ਼ਨ ਵਿੱਚ ਡਾ. ਜਗਜੀਤ ਸਿੰਘ ਬਣ ਜਾਣ ਤਾਂ ਸਿੱਖ ਰਾਜ ਆਇਆ ਕਿ ਆਇਆ। ਸਿੱਖਾਂ ਨੂੰ ਹੌਸਲਾ ਨਹੀਂ ਛੱਡਣਾ ਚਾਹੀਦਾ, ਇੰਦਰਾ ਗਾਂਧੀ ਸਾਰੀ ਉਮਰ ਤਾਂ ਬੈਠੀ ਨਹੀਂ ਰਹਿਣ ਲੱਗੀ, ਬਾਅਦ ਵਿੱਚ ਦੇਖਿਓ ਕੀ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਐਵੇਂ ਸਿੱਖ ਪੰਜਾਬ ਨਾਲ ਬੰਨ੍ਹੀ ਜਾਂਦੇ ਹਨ। ਉਹਨਾਂ ਦੀ ਸੋਚਣੀ ਪੂਰੇ ਹਿੰਦੁਸਤਾਨ ਦੀ ਸੀ, ਪੰਜਾਂ ਪਿਆਰਿਆਂ ਵਿੱਚੋਂ ਕੇਵਲ ਇਕ ਪੰਜਾਬੀ, ਬਾਕੀ ਦੂਜੇ ਪ੍ਰਾਂਤਾਂ ਦੇ ਸਨ। ਅਫ਼ਗਾਨਿਸਤਾਨ ਤੋਂ ਦੱਖਣ ਤੱਕ ਫ਼ੈਲੀ ਹੋਈ ਮੁਗਲੀਆ ਸਲਤਨਤ ਢੇਰੀ ਕਰ ਕੇ ਰੱਖ ਦਿੱਤੀ, ਸਿਰਫ਼ ਜੱਟਾਂ, ਝਿਊਰਾਂ, ਛੀਂਬਿਆਂ ਤੇ ਹਰੀਜਨਾਂ ਨੇ। ਲੋਕ ਉਠ ਖੜ੍ਹਦੇ ਹਨ ਤਾਂ ਉਹ ਸਰਕਾਰਾਂ ਦੀ ਪ੍ਰਵਾਹ ਨਹੀਂ ਕਰਦੇ। ਗੁਰੂ ਗੋਬਿੰਦ ਸਿੰਘ ਜੀ ਦਾ ਨਾ ਜਨਮ ਪੰਜਾਬ ਵਿੱਚ ਹੋਇਆ, ਨਾ ਉਹ ਪੰਜਾਬ ਵਿੱਚ ਜੋਤੀ ਜੋਤ ਸਮਾਏ। ਉਹ ਦੱਖਣ ਦਾ ਰਾਜ ਸਿੱਖਾਂ ਨੂੰ ਦਿੰਦੇ ਸੀ, ਪਰ ਸੇਵਕਾਂ ਨੇ ਆਖਿਆ, ਸਾਨੂੰ ਆਪਣਾ ਘਰ ਹੀ ਚਾਹੀਦਾ ਹੈ। ਅੱਜ ਇਹ ਲੋਕ ਆਪਣਾ ਘਰ ਵੀ ਨਹੀਂ ਮੰਗ ਰਹੇ।

ਨਿਰੰਕਾਰੀ ਮਤ, ਸਾਕਾ ਵਿਸਾਖੀ 1978 ਅਤੇ ਕਰਣੀ ਦਾ ਫਲ

(ਇਸ ਲੇਖ ਵਿੱਚ ਨਿਰੰਕਾਰੀ ਮਤ ਦੀ ਸ਼ੁਰੂਆਤ, ਅਤੇ ਉਸ ਤੋਂ ਬਾਅਦ ਉਨਾਂ ਦੇ ਮੁਖੀਆਂ ਵਲੋਂ ਕੀਤੇ ਗਏ ਕੁਕਰਮਾਂ ਤੋਂ ਲੈ ਕੇ ਉਹਨਾਂ ਦੇ ਮੁਖੀ ਨੂੰ ਕਰਣੀ ਦਾ ਫਲ ਭੁਗਤਾਉਣ ਦਾ ਸਾਰਾ ਵਿਸਥਾਰ ਦਿੱਤਾ ਹੋਇਆ ਹੈ।

ਡਾ. ਸੁਖਪ੍ਰੀਤ ਸਿੰਘ ਉਦੋਕੇ)

ਮੌਜੂਦਾ ਪੰਥਕ ਦਸ਼ਾ, ਨੌਜੁਆਨੀ ਦਾ ਕਤਲੇਆਮ, ਗੁਰਧਾਮਾਂ ਦੀ ਬੇ-ਅਦਬੀ, 84 ਦਾ ਕਤਲੇਆਮ, ਸਰਕਾਰੀ ਦਹਿਸ਼ਤਗਰਦੀ ਅਤੇ ਸਿੱਖ ਪੰਥ ਦੀ ਅਸੰਤੁਸ਼ਟਤਾ ਦਾ ਇਕ ਕਾਰਨ ਇਹ ਨਕਲੀ ਨਿਰੰਕਾਰੀ ਮੰਡਲ ਹੈ। ਸਮੁੱਚੀ ਸਿੱਖ ਕੌਮ ਨੂੰ ਇਸ ਪ੍ਰਤੀ ਰੋਸ ਹੈ ਅਤੇ ਜ਼ਿਆਦਾ ਰੋਸ ਇਸ ਗੱਲ ਦਾ ਹੈ ਕਿ ਜੇ ਸਰਕਾਰ ਚਾਹੁੰਦੀ ਤਾਂ ਇਸ ਕਤਲੇਆਮ ਨੂੰ ਅਤੇ ਇਸ ਦੇਹਧਾਰੀ ਗੁਰੂ ਡੰਮ੍ਹ ਦੇ ਪਸਾਰੇ ਨੂੰ ਯੋਗ ਤਰੀਕਿਆਂ ਸਦਕਾ ਰੋਕ ਸਕਦੀ ਸੀ। ਇਹ ਗੱਲ ਠੀਕ ਹੈ ਕਿ ਲੋਕਤੰਤਰਿਕ ਪ੍ਰਣਾਲੀ ਵਿੱਚ ਕੋਈ ਮਨੁੱਖ ਕੋਈ ਵੀ ਧਰਮ ਅਪਣਾ ਸਕਦਾ ਹੈ, ਪਰ ਕਿਸੇ ਧਰਮ ਵਿਰੁੱਧ ਝੂਠਾ ਪ੍ਰਚਾਰ ਕਰਨ ਦੀ ਖੁੱਲ੍ਹ ਨਹੀਂ ਤੇ ਖ਼ਾਸ ਕਰਕੇ ਉਸ ਧਰਮ ਪ੍ਰਤੀ ਜੋ ਇਸ ਦੇਸ਼ ਦੀ ਰੀੜ੍ਹ ਦੀ ਹੱਡੀ ਹੈ ਅਤੇ ਜੋ ਹਰ ਧਰਮ, ਹਰ ਜਾਤੀ—ਖੱਤਰੀ, ਬ੍ਰਾਹਮਣ, ਸੂਦ, ਵੈਸ਼ ਨੂੰ ਸਰਬ ਸਾਂਝਾ ਉਪਦੇਸ਼ ਦਿੰਦਾ ਹੈ। ਪਿਛਲੇ ਸਮੇਂ ਤੋਂ ਜੋ ਸੰਕਟ ਖ਼ਾਲਸਾ ਪੰਥ ਉਪਰ ਝੁਲਿਆ ਹੈ ਜੇਕਰ ਉਸਦੀ ਪੂਰੀ ਇਮਾਨਦਾਰੀ ਨਾਲ, ਡੂੰਘਾਈ ਨਾਲ ਘੋਖ ਕੀਤੀ ਜਾਵੇ ਤਾਂ ਜਿਸ ਤਹਿ 'ਤੇ ਅਸੀਂ ਪਹੁੰਚਾਂਗੇ, ਨਿਰੰਕਾਰੀ ਮੰਡਲ ਉਹਨਾਂ ਸੰਕਟਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ ਹੈ।

ਨਿਰੰਕਾਰੀ ਸ਼ਬਦ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪ੍ਰਚਲਿਤ ਹੈ ਭਾਵੇਂ ਕਿ ਅੱਜ ਇੰਝ ਲੱਗਦਾ ਹੈ ਕਿ ਜਿਵੇਂ ਇਹ ਸ਼ਬਦ ਸਿਰਫ਼ ਨਰਕਧਾਰੀਆਂ ਨੇ ਹੀ ਰਜਿਸਟਰਡ ਕਰਵਾ ਲਿਆ ਹੈ। ਪਾਪਾਂ ਅਤੇ ਜਬਰ-ਜ਼ੁਲਮ ਦੀ ਅੱਗ ਵਿੱਚ ਸੜ ਰਹੀ ਲੋਕਾਈ ਨੂੰ ਗੁਰੂ ਜੀ ਨੇ ਫੋਕੇ ਕਰਮ-ਕਾਂਡ ਤੋਂ ਉਪਰ ਚੁੱਕ ਕੇ ਅਕਾਲ ਮੂਰਤ, ਸਦੀਵੀ ਸੱਚ, ਅਜੂਨੀ ਨਿਰੰਕਾਰ ਨਾਲ ਜੋੜਿਆ, ਜਿਸ ਕਰਕੇ ਕਈ ਪੁਰਾਤਨ ਇਤਿਹਾਸਕਾਰਾਂ ਨੇ ਗੁਰੂ ਜੀ ਨੂੰ ਨਾਨਕ ਨਿਰੰਕਾਰੀ ਵੀ ਲਿਖਿਆ ਹੈ।

ਅਜੂਨੀ, ਅਜੈ, ਅਮਰ, ਅਬਿਨਾਸ਼ੀ ਅਕਾਲ ਪੁਰਖ ਲਈ 'ਨਿਰੰਕਾਰੀ' ਸ਼ਬਦ ਕਿਰਤਮ ਨਾਮ ਦੇ ਤੌਰ 'ਤੇ ਵਰਤਿਆ ਹੈ। ਗੁਰਮਤਿ ਵਿਆਕਰਨ ਅਨੁਸਾਰ ਜਿਸ ਦਾ

ਕੋਈ ਆਕਾਰ ਨਾ ਹੋਵੇ, ਉਸ ਵਾਸਤੇ 'ਨਿਰੰਕਾਰੀ' ਸ਼ਬਦ ਵਰਤਿਆ ਜਾਂਦਾ ਹੈ, ਜੋ ਸੰਗਯਾ ਹੈ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜਕਾਲ ਦੌਰਾਨ ਸਿੱਖਾਂ ਵਿੱਚ ਕਈ ਕਰਮ-ਕਾਂਡੀ ਬ੍ਰਾਹਮਣਵਾਦੀ ਕੁਰੀਤੀਆਂ ਆ ਗਈਆਂ। ਹਿੰਦੂਵਾਦੀ ਕਰਮਕਾਂਡ ਗੁਰਮਤਿ ਮਰਿਆਦਾ ਉਪਰ ਭਾਰੀ ਹੋ ਗਏ, ਕਈ ਮਹਾਨ ਗੁਰ-ਅਸਥਾਨਾਂ ਉਪਰ ਮੂਰਤੀ ਪੂਜਾ ਸ਼ੁਰੂ ਹੋ ਗਈ, ਗੁਰਧਾਮਾਂ ਦੇ ਮਾਲਕ ਗੁਰਮਤਿ ਤੋਂ ਹੀਣੇ ਮਹੰਤ ਬਣ ਬੈਠੇ। ਉਸ ਦੁਬਿਧਾ ਭਰੇ ਸਮੇਂ ਵਿੱਚ ਬਾਬਾ ਦਿਆਲ ਸਿੰਘ ਜੀ ਨੇ 'ਨਿਰੰਕਾਰੀ ਦਰਬਾਰ' ਨਾਮਕ ਸੰਪਰਦਾਇ ਦੀ ਨੀਂਹ ਰਾਵਲਪਿੰਡੀ ਵਿੱਚ ਰੱਖੀ, ਗੁਰਮਤਿ ਮਰਿਆਦਾ ਦਾ ਪ੍ਰਚਾਰ ਕੀਤਾ ਅਤੇ 18 ਮਾਘ 1911 ਨੂੰ ਆਪ ਦਾ ਦਿਹਾਂਤ ਹੋ ਗਿਆ। (ਦੇਖੋ ਮਹਾਨ ਕੋਸ਼, ਪੰਨਾ 714)

ਇਨ੍ਹਾਂ ਤੋਂ ਬਾਅਦ ਬਾਬਾ ਗੁਰਦਿੱਤ ਸਿੰਘ ਇਸ ਸੰਪ੍ਰਦਾਇ ਦੇ ਮੁਖੀ ਬਣੇ। 1930 ਤੱਕ ਇਹ ਸੰਪ੍ਰਦਾਇ ਬੁਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਹੋ ਗਈ ਅਤੇ ਇਕ ਬੂਟਾ ਸਿੰਘ ਨਾਮਕ ਵਿਅਕਤੀ ਨੇ ਆਪਣੇ ਆਪ ਹੀ ਇਸ ਸੰਪ੍ਰਦਾਇ ਤੋਂ ਅਲੱਗ ਹੋ ਕੇ 'ਨਿਰੰਕਾਰੀ ਮੰਡਲ' ਨਾਮਕ ਸੰਸਥਾ ਬਣਾ ਲਈ। ਦੇਸ਼ ਦੀ ਵੰਡ ਤੋਂ ਬਾਅਦ ਬੂਟਾ ਸਿੰਘ ਦਿੱਲੀ ਆ ਗਿਆ ਅਤੇ ਇਸ ਕੂੜ ਦੀ ਦੁਕਾਨ ਦਾ ਪ੍ਰਚਾਰ ਜਾਰੀ ਰੱਖਿਆ। ਬੂਟਾ ਸਿੰਘ ਦੀ ਮੌਤ ਤੋਂ ਬਾਅਦ ਅਵਤਾਰ ਸਿੰਘ ਇਸ ਦਾ ਮੁਖੀ ਬਣਿਆ ਅਤੇ ਕੂੜ ਦਾ ਪਾਸਾਰ ਜਾਰੀ ਰੱਖਿਆ। 1963 ਵਿੱਚ ਅਵਤਾਰ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਲੜਕਾ ਗੁਰਬਚਨ ਸਿੰਘ ਮੁਖੀ ਬਣਿਆ। ਇਸ ਨੇ ਤਾਂ ਇਸ ਮੱਤ ਦੇ ਪ੍ਰਚਾਰ ਲਈ ਬਹੁਤ ਹੀ ਘਟੀਆ ਹੱਥਕੰਡੇ ਵਰਤਣੇ ਸ਼ੁਰੂ ਕੀਤੇ। ਗੁਰੂ ਸਾਹਿਬਾਨ ਦੇ ਖਿਲਾਫ਼ ਬੋਲਣਾ, ਲਿਖਣਾ ਸ਼ੁਰੂ ਕੀਤਾ। ਆਪਣੇ ਅਖੌਤੀ ਸਤਿਸੰਗਾਂ ਵਿੱਚ ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰਨੇ ਸ਼ੁਰੂ ਕੀਤੇ। ਇਸ ਦੇ 'ਗੁਰੂਕਾਲ' ਦੌਰਾਨ ਹੀ ਮੰਡਲ ਦੀਆਂ ਲਿਖਤਾਂ ਵਿੱਚ ਗੁਰੂ ਸਾਹਿਬਾਨ ਪ੍ਰਤੀ ਘਟੀਆ ਸ਼ਬਦਾਵਲੀ ਵਰਤੀ ਗਈ। 'ਨਿਰੰਕਾਰੀ ਮੰਡਲ' ਵੱਲੋਂ ਪ੍ਰਕਾਸ਼ਿਤ ਦੋ ਕਿਤਾਬਾਂ 'ਸੰਪੂਰਨ ਅਵਤਾਰ ਬਾਣੀ' ਅਤੇ 'ਯੁਗ ਪੁਰਸ਼' ਇਸ ਦੀਆਂ ਮਿਸਾਲਾਂ ਹਨ। ਇਨ੍ਹਾਂ ਤੋਂ ਇਲਾਵਾਂ ਹੋਰ ਵੀ ਕਈ ਛੋਟੇ ਛੋਟੇ ਕਿਤਾਬਚੇ ਮੰਡਲ ਵੱਲੋਂ ਕਾਵਿ ਅਤੇ ਵਾਰਤਕ ਰੂਪ ਵਿੱਚ ਪ੍ਰਕਾਸ਼ਿਤ ਕੀਤੇ ਗਏ, ਜਿਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਰਤੀ ਗਈ। ਇਸ ਅਖੌਤੀ ਗੁਰੂ ਨੇ ਸਿੱਖ ਪੰਥ ਖਿਲਾਫ਼ ਖੁੱਲ੍ਹ ਕੇ ਬੋਲਣਾ ਸ਼ੁਰੂ ਕੀਤਾ ਅਤੇ ਮੰਡਲ ਦੇ ਕੁਝ ਪ੍ਰਮੁੱਖ ਵਿਅਕਤੀਆਂ ਨੂੰ ਗੁਰੂ ਸਾਹਿਬਾਨ ਅਤੇ ਮਹਾਨ ਗੁਰਸਿੱਖਾਂ ਦੇ ਨਾਵਾਂ ਨਾਲ ਪੁਕਾਰਿਆ ਜਾਣ ਲੱਗਾ। ਡੇਰੇ ਅੰਦਰ ਅਸ਼ਲੀਲਤਾ ਦਾ ਬੋਲਬਾਲਾ ਸੀ। ਜੇ ਚੰਗੀ ਤਰ੍ਹਾਂ ਖੋਜ ਕੀਤੀ ਜਾਵੇ ਤਾਂ ਇਸ ਮੱਤ ਨੂੰ ਅਜੋਕੇ ਯੁਗ ਦਾ 'ਆਧੁਨਿਕ ਵਾਮ ਮਾਰਗ' ਕਿਹਾ ਜਾ ਸਕਦਾ ਹੈ। ਇਸ ਸਮੇਂ ਦੌਰਾਨ ਹੀ ਇਸ ਅਖੌਤੀ ਗੁਰੂ ਵੱਲੋਂ ਮਸਤੀ ਵਿੱਚ ਡੁੱਬੇ ਆਪਣੇ ਉਪਾਸ਼ਕਾਂ ਨੂੰ 'ਇਹ ਜੱਗ ਮਿੱਠਾ, ਅਗਲਾ ਕਿਸ ਨੇ ਡਿੱਠਾ' ਦਾ ਅਖੌਤੀ ਉਪਦੇਸ਼ ਦਿੱਤਾ। ਇਸ ਅਖੌਤੀ ਗੁਰੂ ਨੇ ਚੰਦੋਆ ਲਗਵਾ ਕੇ ਪੰਜ ਪਿਆਰਿਆਂ ਵਾਂਗ ਸੱਤ ਸਿਤਾਰਿਆਂ ਦੀ ਰਚਨਾ ਕਰਨ ਦਾ ਐਲਾਨ ਕੀਤਾ। 13 ਅਪ੍ਰੈਲ, 1978 ਨੂੰ ਇਸ ਨੇ ਆਪ ਪਾਲਕੀ ਵਿੱਚ ਬੈਠ ਕੇ ਅੰਮ੍ਰਿਤਸਰ ਵਿਖੇ ਜਲੂਸ ਕੱਢਿਆ। ਸਿੱਖਾਂ ਨੇ ਇਸ ਨੂੰ ਰੋਕਣ ਲਈ ਇਕ ਸ਼ਾਂਤਮਈ ਜਥਾ ਤੋਰਿਆ। ਅਪ੍ਰੈਲ 1978 ਨੂੰ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਦੁਬਾਰਾ ਫਿਰ ਨਨਕਾਣਾ ਸਾਹਿਬ ਦਾ ਸਾਕਾ ਦੁਹਰਾਇਆ ਗਿਆ। ਸ਼ਾਂਤਮਈ ਤਰੀਕੇ ਨਾਲ ਜਾ ਰਹੇ ਸਿੱਖਾਂ 'ਤੇ ਇਸ ਸਰਕਾਰੀ ਸ਼ਹਿ ਪ੍ਰਾਪਤ ਨਕਲੀ ਗੁਰੂ ਦੇ ਗੁੰਡਿਆਂ ਨੇ ਗੋਲੀਆਂ ਦੀ ਵਰਖਾ ਕੀਤੀ। 13 ਸਿੰਘਾਂ ਨੇ ਜਾਮ-ਏ-ਸ਼ਹਾਦਤ ਪੀਤਾ ਅਤੇ ਇਹ ਕਲਯੁਗੀ ਗੁਰੂ ਸਰਕਾਰ ਦੀ ਮਦਦ ਸਦਕਾ ਦਿੱਲੀ ਆ ਗਿਆ। ਉਸ ਤੋਂ ਬਾਅਦ ਕਾਨਪੁਰ ਵੀ ਅਜਿਹਾ ਕਾਂਡ ਵਾਪਰਿਆ, ਪਰ ਸਰਕਾਰ ਦੇ ਕੰਨ 'ਤੇ ਜੂੰ ਨਾ ਸਰਕੀ। ਸਮੁੱਚਾ ਸਿੱਖ ਪੰਥ ਇਸ ਘਟਨਾ ਪ੍ਰਤੀ ਰੋਸ ਵਿੱਚ ਡੁੱਬਿਆ ਪਿਆ ਸੀ ਅਤੇ ਇਹ ਕਲਯੁਗੀ ਗੁਰੂ ਰੰਗਰਲੀਆਂ ਮਨਾ ਰਿਹਾ ਸੀ।

ਇਸ ਸਰਕਾਰ ਨੇ ਕਰਨਾ ਵੀ ਕੀ ਸੀ? ਕਾਜ਼ੀ ਨੂਰ ਮੁਹੰਮਦ ਨੇ ਜੋ ਸਾਨੂੰ ਮਾਣ ਪੱਤਰ ਅੱਜ ਤੋਂ ਕੁਝ ਸਮਾਂ ਪਹਿਲਾਂ 'ਸਗਾ' ਕਹਿ ਕੇ ਦਿੱਤਾ ਸੀ, ਅਜ਼ਾਦੀ ਮਿਲਣ ਤੋਂ ਸਿਰਫ਼ 56 ਦਿਨ ਬਾਅਦ ਇਸ ਸਰਕਾਰ ਨੇ ਉਸ ਨੂੰ ਨਵੇਂ ਨਾਮ 'ਜਰਾਇਮ ਪੇਸ਼ਾ' ਅਧੀਨ ਜਾਰੀ ਕਰ ਦਿੱਤਾ ਸੀ। ਇਸ ਅਖੌਤੀ ਲੋਕਤਾਂਤਰਿਕ ਸਰਕਾਰ ਤੋਂ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਸੀ।

ਇਸ ਗੁਰੂ ਦੇ ਸਮੇਂ ਹੀ ਅਵਤਾਰ ਬਾਣੀ ਨਾਮਕ ਗ੍ਰੰਥ ਦੀ ਰਚਨਾ ਕੀਤੀ ਗਈ ਅਤੇ ਖੁੱਲ੍ਹੇ ਤੌਰ 'ਤੇ ਨਿਰੰਕਾਰੀ ਸਮਾਗਮਾਂ ਵਿੱਚ ਵੰਡਿਆ ਜਾਣ ਲੱਗਾ। ਇਸ ਗ੍ਰੰਥ (ਕਿਤਾਬਚੇ) ਦਾ ਪੂਰਾ ਨਾਮ 'ਸੰਪੂਰਨ ਅਵਤਾਰ ਬਾਣੀ' ਹੈ। ਜੋ ਅਪਮਾਨਜਨਕ ਸ਼ਬਦ ਇਸ ਕਿਤਾਬਚੇ ਵਿੱਚ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਵਰਤੇ ਹਨ, ਉਨ੍ਹਾਂ ਨੂੰ ਜਾਨਣਾ ਹਰ ਸਿੱਖ ਲਈ ਬਹੁਤ ਜ਼ਰੂਰੀ ਹੈ, ਕਿਉਂਕਿ ਜੋ ਮਨੁੱਖ ਆਪਣੀਆਂ ਗ਼ਲਤੀਆਂ ਤੋਂ ਕੁਝ ਸਿੱਖਦਾ ਨਹੀਂ, ਉਹ ਹੋਰ ਗ਼ਲਤੀਆਂ ਦਾ ਕਾਰਨ ਬਣਦਾ ਹੈ। ਇਸ ਕਿਤਾਬ ਦਾ ਮੁਖ-ਬੰਦ ਰਾਮ ਸ਼ਰਨ ਵੱਲੋਂ ਲਿਖਿਆ ਹੈ ਜਿਸ ਨੂੰ ਭਾਈ ਸਾਹਿਬ ਭਾਈ ਰਾਮ ਸ਼ਰਨ ਬ੍ਰਹਮਲੀਨ ਲਿਖਿਆ ਗਿਆ ਹੈ ਅਤੇ ਮੁਖ-ਬੰਦ ਵਿੱਚ ਇਹ ਲੇਖਕ ਕਹਿੰਦਾ ਹੈ :

ਜੋ ਆਦਿ ਗ੍ਰੰਥ ਵਿੱਚ ਲਿਖਿਆ ਗਿਆ ਹੈ, ਉਦੋਂ ਇਸ ਵਿੱਚ ਲਿਖੀ ਗਈ ਬੋਲੀ ਹੀ ਬੋਲ-ਚਾਲ ਦੀ ਆਮ ਬੋਲੀ ਸੀ। ਪਰ ਅੱਜ ਸਮੇਂ ਦੇ ਪਰਿਵਰਤਨ ਨਾਲ ਭਾਸ਼ਾ ਦੀ ਰੂਪ ਰੇਖਾ ਬਦਲ ਗਈ ਹੈ। ਇਸ ਲਈ ਆਮ ਲੋਕਾਂ ਨੂੰ ਬ੍ਰਹਮ ਗਿਆਨ ਅਤੇ ਸੱਚਾ ਧਰਮ ਸਮਝਾਉਣ ਲਈ ਸਮੇਂ ਦੇ ਮਹਾਂਪੁਰਸ਼ ਨੇ 'ਸੰਪੂਰਨ ਅਵਤਾਰ ਬਾਣੀ' ਦੀ ਰਚਨਾ ਪ੍ਰਚਲਿਤ ਭਾਸ਼ਾ ਵਿੱਚ ਕਰਕੇ ਜਿਥੇ ਸਮੇਂ ਦੀ ਲੋੜ ਨੂੰ ਪੂਰਾ ਕੀਤਾ ਹੈ ਉਥੇ ਜਨ-ਸਧਾਰਨ ਉਪਰ ਵੀ ਮਹਾਨ ਉਪਕਾਰ ਕੀਤਾ ਹੈ।

ਇਸ ਕਿਤਾਬ ਦੇ ਨਾਮ ਅਤੇ ਮੁਖ-ਬੰਦ ਤੋਂ ਪਾਠਕ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਇਸ ਨਿਰੰਕਾਰੀ ਮੰਡਲ ਦੇ ਆਗੂਆਂ ਨੂੰ ਕਿੰਨਾ ਕੁ ਗਿਆਨ ਹੈ। ਇੰਨੀ ਨਫ਼ਰਤ ਹੈ ਇਨ੍ਹਾਂ ਦੇ ਮਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਕਿ ਇਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਲਿਖਿਆ ਹੈ ਨਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ। ਸ਼ਾਇਦ ਇਨ੍ਹਾਂ ਵੀਰਾਂ ਨੂੰ ਇਹ ਗਿਆਨ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਹਨ।

ਦਸਵੇਂ ਜਾਮੇ ਵਿੱਚ ਗੁਰੂ ਨਾਨਕ ਮਹਾਰਾਜ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿੱਚ ਆਪਣੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰੱਖ ਕੇ ਖ਼ਾਲਸਾ ਪੰਥ ਨੂੰ ਹੁਕਮ ਦਿੱਤਾ :

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਅਨਿੰਨ ਸੇਵਕ, ਮਹਾਨ ਕਵੀ ਭਾਈ ਨੰਦ ਲਾਲ ਜੀ ਆਪਣੇ ਰਹਿਤਨਾਮੇ ਵਿੱਚ ਲਿਖਦੇ ਹਨ ਕਿ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ। ਆਪ ਫ਼ਰਮਾਉਂਦੇ ਹਨ :

ਦੂਸਰ ਰੂਪ ਗ੍ਰੰਥ ਜੀ ਜਾਣ। ਉਸ ਕੋ ਅੰਗ ਮੇਰੋ ਕਰ ਮਾਨ।
ਮੇਰਾ ਰੂਪ ਗ੍ਰੰਥ ਜੀ ਜਾਣ। ਇਸ ਮੈਂ ਭੇਦ ਨਹੀਂ ਕਿਛੂ ਜਾਨ।

(ਰਹਿਤਨਾਮਾ ਭਾਈ ਨੰਦ ਲਾਲ ਜੀ)

ਕਿੰਨਾ ਸਤਿਕਾਰ ਦਿੱਤਾ ਹੈ, ਦਸਮੇਸ਼ ਪਿਤਾ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ, ਪਰ ਪਤਾ ਨਹੀਂ ਕਿਉਂ ਇਹਨਾਂ ਵੀਰਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਕਹਿੰਦਿਆਂ ਸ਼ਰਮ ਆਉਂਦੀ ਹੈ? ਦੂਸਰੀ ਗੱਲ ਜੋ ਇਸ ਮੁਖ-ਬੰਦ ਦੇ ਲੇਖਕ ਨੇ ਲਿਖੀ ਹੈ, ਉਹ ਇਹ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਸਮਝ ਤੋਂ ਬਾਹਰ ਹੈ।

ਬੜੀ ਅਜੀਬ ਗੱਲ ਹੈ ਕਿ ਜਿਸ ਮਹਾਨ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਵਿਸ਼ਵ ਪ੍ਰਸਿੱਧ ਇਤਿਹਾਸਕਾਰਾਂ ਨੇ ਲਿਖਿਆ ਹੈ, "ਜੋ ਕਿਤੇ ਸਾਰਾ ਸੰਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨ ਕੇ, 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਸਿਧਾਂਤ ਅਪਨਾ ਲਵੇ ਤਾਂ ਸਾਰੇ ਸੰਸਾਰ ਦੀ ਬੇਰੁਜ਼ਗਾਰੀ, ਝਗੜਿਆਂ ਆਦਿ ਦਾ ਅੰਤ ਹੋ ਜਾਵੇਗਾ। ਪਰ ਉਸ ਮਹਾਨ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਇਹਨਾਂ ਵੀਰਾਂ ਦੀ ਸਮਝ ਤੋਂ ਬਾਹਰ ਹੈ। ਪੁਰਾਤਨ ਸਮਿਆਂ ਵਿੱਚ ਕਈ ਵੇਦ, ਗ੍ਰੰਥ, ਸ਼ਾਸਤਰ ਹਿੰਦੁਸਤਾਨ ਦੇ ਅੰਦਰ ਰਚੇ ਗਏ। ਕੁਰਾਨ, ਬਾਈਬਲ ਹਿੰਦੁਸਤਾਨ ਤੋਂ ਬਾਹਰ ਰਚੀਆਂ ਗਈਆਂ ਪਰ ਸਾਰੇ ਵਿਸ਼ਵ ਅੰਦਰ ਕੋਈ ਅਜਿਹਾ ਗ੍ਰੰਥ ਨਹੀਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜਿੰਨੀ ਅਧਿਆਤਮਕ ਅਹਿਮੀਅਤ ਰੱਖਦਾ ਹੋਵੇ ਜਾਂ ਕੋਈ ਗੁਰੂ ਪਦ ਦਾ ਅਧਿਕਾਰੀ ਹੋਵੇ। ਸਭ ਤੋਂ ਵੱਡੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੂਹਾਨੀਅਤ ਦਾ ਇਹ ਸੰਦੇਸ਼ ਬਿਨਾਂ ਕਿਸੇ ਜਾਤੀ ਵਿਤਕਰੇ ਦੇ ਦਰਜ ਹੈ। ਇਸ ਮਹਾਨ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਮੁੱਖ ਭਾਰਤੀ ਬੋਲੀਆਂ ਤੋਂ ਇਲਾਵਾ ਗ਼ੈਰ-ਭਾਰਤੀ ਬੋਲੀਆਂ (ਅਰਬੀ, ਫ਼ਾਰਸੀ) ਆਦਿ ਵੀ ਸ਼ਾਮਲ ਹਨ। ਪ੍ਰਸਿੱਧ ਅੰਗਰੇਜ਼ ਵਿਦਵਾਨ ਮਿ. ਟਿਆਨਬੀ ਲਿਖਦਾ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤੀ ਬੋਲੀਆਂ ਦਾ ਖ਼ਜ਼ਾਨਾ ਹੈ।"

'ਅਵਤਾਰਬਾਣੀ' ਦੇ ਮੁਖ-ਬੰਦ ਦੇ ਲੇਖਕ ਨੇ ਇਸ ਨੂੰ ਬ੍ਰਹਮ ਗਿਆਨ ਦੀ ਬਾਣੀ ਕਿਹਾ ਹੈ, ਪਰ ਕੀ ਇਹ ਵੀਰ ਇਹ ਗੱਲ ਦੱਸ ਸਕਦੇ ਹਨ ਕਿ ਇਸ ਬ੍ਰਹਮਬਾਣੀ ਵਿੱਚ ਕਿਹੜਾ ਆਤਮਿਕ ਉਪਦੇਸ਼ ਹੈ। ਇਸ ਅਖੌਤੀ ਬਾਣੀ ਦੀਆਂ ਕੁੱਝ ਸਤਰਾਂ ਪਾਠਕਾਂ ਦੀ ਪੇਸ਼-ਏ-ਖ਼ਿਦਮਤ ਹਨ,

ਜਗਤ ਮਾਤਾ ਨੇ ਜਗਤ ਨੂੰ ਕਿਹਾ ਅੰਤ ਪੁਕਾਰ।
ਗੁਰਬਚਨ ਗੁਰੂ ਹੈ ਜਗਤ ਦਾ, ਆਪੇ ਹੈ ਅਵਤਾਰ।
ਧੰਨ ਆਖੈ ਜਗਤ ਮਾਂ, ਜਿਸ ਜਾਇਆ ਦਇਆਲ।
ਨਿਰਗੁਣ ਸਰਗੁਣ ਆਪ ਹੈ, ਹਰਦਮ ਰਹਿੰਦਾ ਨਾਲ।

(ਅਵਤਾਰ ਬਾਣੀ, ਪੰਨਾ 1)

ਇਸ ਮੰਗਲਾਚਰਨ ਵਿੱਚ ਅਵਤਾਰ ਸਿੰਘ ਦੀ ਪਤਨੀ ਅਤੇ ਗੁਰਬਚਨ ਸਿੰਘ ਦੀ ਮਾਤਾ ਨੂੰ ਜਗਤ ਮਾਤਾ ਕਿਹਾ ਗਿਆ ਹੈ, ਪਰ ਇਹ ਸਮਝ ਨਹੀਂ ਆਉਂਦੀ ਕਿ ਇਸ ਜਗਤ ਮਾਤਾ ਨੇ ਸੰਸਾਰ ਨੂੰ ਕਿਹੜਾ ਆਤਮਿਕ ਉਪਦੇਸ਼ ਦਿੱਤਾ ਹੈ? ਕੋਈ ਤਿਆਗ ਕੀਤਾ ਹੈ ਜਾਂ ਕੋਈ ਬਲੀਦਾਨ ਦਿੱਤਾ ਹੈ? ਦੇਸ਼ ਦੀ, ਕੌਮ ਦੀ, ਧਰਮ ਦੀ ਰੱਖਿਆ ਵਾਸਤੇ ਕੋਈ ਔਕੜ ਸਹੀ ਹੈ?

ਅਖੌਤੀ ਅਵਤਾਰ ਬਾਣੀ ਦੇ ਰਚਨਹਾਰਿਓ, ਕਿਤੇ ਗੁਰੂ ਨਾਨਕ ਦੇ ਨਿਰਮਲ ਪੰਥ ਦੇ ਇਤਿਹਾਸ ਵੱਲ ਗਹੁ ਨਾਲ ਤੱਕੋ, ਕਿਤੇ ਮਾਤਾ ਖੀਵੀ ਸੰਗਤ ਲਈ ਲੰਗਰ ਤਿਆਰ ਕਰਦੀ ਨਜ਼ਰ ਆਵੇਗੀ, ਕਿਤੇ ਮਾਤਾ ਭਾਨੀ ਗੁਰੂ ਘਰ ਦੀ ਸੇਵਾ ਕਰ ਰਹੀ ਹੈ, ਕਿਤੇ ਮਾਤਾ ਸੁੰਦਰ ਕੌਰ ਅੰਮ੍ਰਿਤ ਦਾ ਬਾਟਾ ਤਿਆਰ ਕਰਵਾ ਰਹੀ ਹੈ, ਕਿਤੇ ਬਿਰਧ ਮਾਤਾ ਗੁਜਰੀ ਛੋਟੇ ਛੋਟੇ ਲਾਲਾਂ ਨੂੰ ਜਾਮ-ਏ-ਸ਼ਹਾਦਤ ਪੀਣ ਵਾਸਤੇ ਤੋਰ ਰਹੀ ਹੈ ਅਤੇ ਕਿਤੇ ਮਾਈ ਭਾਗੋ ਹੱਥ ਵਿੱਚ ਨੇਜ਼ਾ ਫੜ ਕੇ ਮੈਦਾਨ-ਏ-ਜੰਗ ਵਿੱਚ ਵੈਰੀਆਂ ਨਾਲ ਜੂਝ ਰਹੀ ਹੈ। ਪਰ ਇਸ ਮਾਤਾ ਨੇ ਪਤਾ ਨਹੀਂ ਕਿਹੜਾ ਪਰਉਪਕਾਰ ਕੀਤਾ ਹੈ? ਹਾਂ, ਇੰਨਾ ਜ਼ਰੂਰ ਕੀਤਾ ਹੈ ਕਿ ਜਗਤ ਨੂੰ ਇਹ ਸੋਝੀ ਜ਼ਰੂਰ ਦਿੱਤੀ ਹੈ ਕਿ ਜਗਤ ਗੁਰੂ ਗੁਰਬਚਨ ਹੈ। ਪਰ ਨਾਲ ਹੀ ਆਪਣੇ ਪੁੱਤਰ ਦੀ ਤੁਲਨਾ ਨਿਰਗੁਣ, ਸਰਗੁਣ, ਨਿਰਾਕਾਰ, ਸਰਾਕਾਰ, ਅਜੂਨੀ ਅਕਾਲ ਪੁਰਖ ਨਾਲ ਕੀਤੀ ਹੈ, ਪਰ ਮੇਰੇ ਗੁਰਦੇਵ ਪਾਤਸ਼ਾਹ ਦਾ ਫ਼ੁਰਮਾਨ ਹੈ :

ਸਰਗੁਣ ਨਿਰਗੁਣ ਥਾਪੈ ਨਾਉ॥
ਦੁਹ ਮਿਲਿ ਏਕੈ ਕੀਨੋ ਠਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੮੭)

ਅਰਥਾਤ ਸਰਗੁਣ ਨਿਰਗੁਣ ਦੋਵੇਂ ਹੀ ਅਕਾਲ ਪੁਰਖ ਅਜੂਨੀ ਦੇ ਸਰੂਪ ਹਨ ਅਤੇ ਜੋ ਦੇਹ ਨੂੰ ਨਿਰਗੁਣ ਸਰਗੁਣ ਅਕਾਲ ਪੁਰਖ ਦੱਸਦਾ ਹੈ ਉਸ ਬਾਰੇ ਗੁਰੂ ਜੀ ਦਾ ਫ਼ੁਰਮਾਨ ਹੈ :

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੩੬)

ਅਕਾਲ ਪੁਰਖ ਜੋ ਕਿ ਸਭ ਦਾ ਰਚਣਹਾਰ, ਨਿਰਗੁਣ, ਸਰਗੁਣ ਬ੍ਰਹਮ ਹੈ, ਦੀ ਉਪਾਸ਼ਨਾ ਛੱਡ ਕੇ ਆਪਣੇ ਆਪ ਨੂੰ ਬ੍ਰਹਮ ਦੱਸਿਆ ਜਾ ਰਿਹਾ ਹੈ। ਨਿਰੰਕਾਰੀ ਅਖਵਾਉਣ ਵਾਲੇ ਗੁਰਮਤਿ ਤੋਂ ਅਣਜਾਣ ਇਹ ਵੀਰ ਸ਼ਾਇਦ ਇਹ ਨਹੀਂ ਜਾਣਦੇ ਕਿ ਨਿਰੰਕਾਰ ਆਕਾਰ ਤੋਂ ਰਹਿਤ ਹੈ। ਦਸਮ ਪਾਤਸ਼ਾਹ ਦਾ ਪਾਵਨ ਫ਼ੁਰਮਾਨ ਹੈ :

ਚੱਕ੍ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥

(ਜਾਪੁ ਸਾਹਿਬ, ਪਾ: ੧੦)

ਇਸ ਤੋਂ ਅੱਗੇ ਜਾ ਕੇ ਸਫ਼ਾ 37 ਉਪਰ ਇਹ ਰਚਨਹਾਰੇ ਲਿਖਦੇ ਹਨ :

ਗਲੇ ਸੜੇ ਨਾ ਪਾਣੀ ਡੋਬੇ, ਦਾਤ ਅਨੋਖੀ ਪਾ ਲਈਏ।
ਅਵਤਾਰ ਦੇ ਚਰਨੀ ਲੱਗ ਕੇ ਆਵਣ ਜਾਣ ਮੁਕਾ ਲਈਏ।

(ਅਵਤਾਰ ਬਾਣੀ, ਪੰਨਾ 37, ਕਾਵਿ ਬੰਦ 76)

ਕਿੰਨਾ ਵਧੀਆ ਪਾਖੰਡ ਰਚਿਆ ਹੈ, ਇਨ੍ਹਾਂ ਕਲਯੁਗੀ ਗੁਰੂਆਂ ਨੇ ਕਲਯੁਗੀ ਜੀਵਾਂ ਨੂੰ ਮੁਕਤ ਕਰਨ ਦਾ। ਸ਼ਾਇਦ ਇਹ ਅਖੌਤੀ ਗੁਰੂ ਇਸ ਗੱਲ ਤੋਂ ਅਣਜਾਣ ਹਨ ਕਿ ਦੇਹ ਬਿਨਸਣਯੋਗ ਹੈ, ਸ਼ਬਦ ਸਦੀਵੀ ਅਟੱਲ ਹੈ, ਦੇਹ ਕਿਸੇ ਭਵਜਲ ਤੋਂ ਪਾਰ ਨਹੀਂ ਲੰਘਾ ਸਕਦੀ ਹੈ, ਜਿਸ ਮਨੁੱਖ ਨੇ ਆਤਮਿਕ ਸ਼ਾਂਤੀ ਪ੍ਰਾਪਤ ਕਰਨੀ, ਉਸ ਨੂੰ ਸ਼ਬਦ ਗੁਰੂ ਦਾ ਆਸਰਾ ਲੈ ਕੇ ਅਕਾਲ ਪੁਰਖ ਨਾਲ ਜੁੜਨਾ ਪਵੇਗਾ। ਜੋ ਸੰਗਤਾਂ ਨੂੰ ਸ਼ਬਦ ਦਾ ਆਸਰਾ ਲੈ ਕੇ ਦੇਹ ਨਾਲ ਜੋੜਦੇ ਹਨ, ਉਹ ਧੋਖ਼ੇਬਾਜ਼ ਫ਼ਰੇਬੀ ਹਨ। ਗੁਰਦੇਵ ਪਾਤਸ਼ਾਹ ਫ਼ਰਮਾਉਂਦੇ ਹਨ ਕਿ ਮੈਂ ਉਸ ਗੁਰੂ (ਸ਼ਬਦ) ਦੇ ਬਲਿਹਾਰ ਜਾਂਦਾ ਹਾਂ ਜੋ ਆਪ ਮੁਕਤ ਹੈ ਅਤੇ ਮੁਕਤੀ ਦਾਤਾ ਹੈ। ਗੁਰੂ ਪਾਤਸ਼ਾਹ ਦਾ ਫ਼ੁਰਮਾਨ ਹੈ :

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥

(ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੦੧)

ਜਿਹੜੇ ਦੇਹ ਦੀ ਪੂਜਾ ਕਰਦੇ ਹਨ ਉਹ ਮੁਕਤ ਕਿਵੇਂ ਹੋ ਸਕਦੇ ਹਨ ਕਿਉਂਕਿ ਦੇਹ ਤਾਂ ਖੁਦ ਬਿਨਸਣਯੋਗ ਹੈ। ਨੌਵੇਂ ਪਾਤਸ਼ਾਹ ਦਾ ਫ਼ੁਰਮਾਨ ਹੈ :

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥

(ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੪੨੧)

ਜਿਹੜੇ ਆਪ ਵਿਸ਼ੇ ਵਿਕਾਰਾਂ, ਤ੍ਰਿਸ਼ਨਾ ਵਾਸ਼ਨਾ ਦੇ ਸਮੁੰਦਰ ਵਿੱਚ ਡੁੱਬੇ ਹੋਏ ਹਨ, ਉਹ ਕਿਸੇ ਨੂੰ ਕੀ ਮੁਕਤ ਕਰ ਸਕਦੇ ਹਨ? ਸਗੋਂ ਉਹਨਾਂ ਦੇ ਚਰਨੀਂ ਲੱਗਣ ਵਾਲੇ ਮਨੁੱਖ ਅਗਿਆਨੀ ਹਨ। ਦਸਮ ਪਿਤਾ ਦਾ ਪਾਵਨ ਫ਼ੁਰਮਾਨ ਹੈ :

ਕੈਸੇ ਤਹਿ ਤਾਰ ਹੈ ਸੁਨਿ ਜੜ ਆਪ ਡੁਬਿਯੋ ਭਵ ਸਾਗਰ ॥

(ਸ਼ਬਦ ਹਜ਼ਾਰੇ, ਪਾ: ੧੦)

ਇਸ ਅਖੌਤੀ ਰੂਹਾਨੀ ਅਵਤਾਰ ਬਾਣੀ ਦੇ ਰਚਨਹਾਰੇ ਨੇ ਇਸ ਕਿਤਾਬ ਦੇ ਪੰਨਾ 43 'ਤੇ ਕਾਵਿ ਬੰਦ ਨੰ: 89 ਵਿੱਚ ਤਾਂ ਕਮਾਲ ਹੀ ਕਰ ਛੱਡੀ ਹੈ, ਆਪਣੀ ਮੂਰਖਤਾ ਨੂੰ ਦਰਸਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਪਤਾ ਨਹੀਂ ਕਿਸ ਅਗੰਮੀ ਅੰਬਰ ਦੀਆਂ ਉਚਾਈਆਂ ਉਪਰ ਬੈਠ ਕੇ ਇਹ ਬਾਣੀ ਰਚੀ ਹੈ ਕਿ ਇਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਮਹਾਨ ਸ਼ਖਸੀਅਤ ਵੀ ਨਜ਼ਰ ਨਾ ਆਈ। ਆਪਣੀ ਮੂਰਖਤਾ ਦਾ ਪ੍ਰਗਟਾਵਾ ਇਸ ਕਲਯੁਗੀ ਗੁਰੂ ਨੇ ਬੜੇ ਹੀ ਸੁੰਦਰ ਢੰਗ ਨਾਲ ਕੀਤਾ ਹੈ :

ਜਿੰਨੇ ਵੀ ਗੁਜ਼ਰੇ ਅੱਜ ਤੱਕ ਆਪਣਾ ਆਪ ਨਾ ਪਾ ਸਕੇ।
ਰਾਮ ਕਿਸ਼ਨ ਤੇ ਨਾਨਕ ਵਰਗੇ ਖੁਦ ਨਾ ਪਰਦਾ ਲਾਹ ਸਕੇ।
ਅਵਤਾਰ ਕਹੇ ਪਰ ਅੰਨ੍ਹੀ ਦੁਨੀਆਂ ਐਵੇਂ ਪਾਉਂਦੀ ਸ਼ੋਰ ਰਹੀ।

(ਅਵਤਾਰ ਬਾਣੀ, ਪੰਨਾ 43)

ਇਸ ਰੂਹਾਨੀਅਤ ਭਰੀ ਅਵਤਾਰ ਬਾਣੀ ਦਾ ਰਚਨਹਾਰਾ ਬੜੇ ਫ਼ਖ਼ਰ ਨਾਲ ਗੱਲ ਲਿਖ ਰਿਹਾ ਹੈ ਕਿ ਜਿੰਨੇ ਵੀ ਹੋ ਗੁਜ਼ਰੇ ਅੱਜ ਤੱਕ ਅਰਥਾਤ ਸਾਰੇ ਵਲੀ, ਪੀਰ, ਗੁਰੂ ਸਥਿਰ ਨਹੀਂ ਰਹੇ। ਪਰ ਜ਼ਰਾ ਸੋਚੋ, ਕੀ ਇਹ ਸਦਾ ਸਥਿਰ ਰਿਹਾ, ਜਾਂ ਇਸ ਦੀ ਦੇਹ ਬਿਨਸਣਯੋਗ ਨਹੀਂ ਹੈ? ਇਹ ਤਾਂ ਅਕਾਲ ਪੁਰਖ ਦਾ ਹੁਕਮ ਹੈ ਕਿ ਜੋ ਉਪਜਿਆ ਹੈ ਉਸ ਨੇ ਖ਼ਤਮ ਹੋਣਾ ਹੈ। ਪਰ ਵਿਦਵਾਨ ਵੀਰ ਸ਼ਾਇਦ ਇਹ ਨਹੀਂ ਜਾਣਦੇ ਕਿ ਸਿੱਖ ਪੰਥ ਦੇਹ ਦਾ ਉਪਾਸ਼ਕ ਨਹੀਂ ਹੈ, ਸਗੋਂ ਸ਼ਬਦ ਗੁਰੂ 'ਤੇ ਟੇਕ ਰੱਖ ਕੇ ਅਕਾਲ ਪੁਰਖ ਨਾਲ ਜੁੜਦਾ ਹੈ, ਦੇਹ ਦੇ ਪੁਜਾਰੀ ਤਾਂ ਮੇਰੇ ਵੀਰੋ! ਤੁਸੀਂ ਹੋ ਜੋ ਅੰਧਵਿਸ਼ਵਾਸੀ ਭਾਰਤੀ ਲੋਕਾਂ ਨੂੰ ਆਪਣੀਆਂ ਬਿਨਸਣਹਾਰ ਦੇਹਾਂ ਨਾਲ ਜੋੜਦੇ ਹੋ।

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਨੇ ਸ਼ਬਦ ਨੂੰ ਹੀ ਗੁਰੂ ਕਿਹਾ ਹੈ। ਜਿਹੜਾ ਲਫ਼ਜ਼ 'ਹੋ ਗੁਜ਼ਰੇ' ਮੇਰੇ ਵੀਰਾਂ ਨੇ ਗੁਰੂ ਪਾਤਸ਼ਾਹ ਬਾਰੇ ਲਿਖਿਆ ਹੈ, ਉਹ ਉਹਨਾਂ ਲਈ ਜਾਇਜ਼ ਹੈ ਜੋ ਦੇਹ ਦੀ ਪੂਜਾ ਕਰਦੇ ਹਨ। ਸਿੱਖ ਪੰਥ ਦੇ ਜਾਗਤ ਜੋਤ ਗੁਰੂ, ਪ੍ਰਗਟ ਗੁਰਾਂ ਕੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ ਜੁਗ ਅਟੱਲ ਹਨ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

(ਗੁਰੂ ਗ੍ਰੰਥ ਸਾਹਿਬ ਜੀ, ਅੰਗ ੯੪੩)

ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਭਾਵੇਂ ਦੇਹਧਾਰੀ ਗੁਰੂ ਦੀ ਪਰੰਪਰਾ ਸੀ ਪਰ ਸਤਿਗੁਰਾਂ ਨੇ ਦੇਹ ਦੀ ਪੂਜਾ ਦਾ ਪ੍ਰਚਾਰ ਨਹੀਂ ਕੀਤਾ, ਸਗੋਂ ਸੰਗਤਾਂ ਨੂੰ ਸ਼ਬਦ ਗੁਰੂ ਨੂੰ ਹੀ ਅਕਾਲ ਪੁਰਖ ਦੀ ਪ੍ਰਾਪਤੀ ਦਾ ਸਾਧਨ ਦੱਸਿਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ-ਪਦ ਬਖ਼ਸ਼ ਕੇ ਦੇਹਧਾਰੀ ਗੁਰੂ ਪਰੰਪਰਾ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ।

ਪਰ ਗੁਰੂ ਸੁਮੱਤ ਬਖ਼ਸ਼ੇ, ਕਿੰਨੇ ਅਣਜਾਣ ਹਨ ਇਹ ਅਖੌਤੀ ਗੁਰੂ ਅਤੇ ਉਹ ਲੋਕ ਜੋ ਇਨ੍ਹਾਂ ਦੇਹਧਾਰੀਆਂ ਨੂੰ ਜਾ ਕੇ ਮੱਥੇ ਟੇਕਦੇ ਹਨ। ਗੁਰੂ ਪਾਤਸ਼ਾਹ ਦਾ ਫ਼ੁਰਮਾਨ ਹੈ :

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥

(ਰਾਗ ਸੋਰਠਿ ਮਹਲਾ ੧, ਅੰਗ ੬੩੪)

ਅਗਲੀ ਸਤਰ ਵਿੱਚ ਇਸ ਬਾਣੀ ਦੇ ਰਚਣਹਾਰੇ ਅਖੌਤੀ ਗੁਰੂ ਨੇ ਰਾਮ, ਕ੍ਰਿਸ਼ਨ ਅਤੇ ਗੁਰੂ ਨਾਨਕ ਦੇਵ ਜੀ ਨੂੰ ਇਕ ਸਮਾਨ ਦਰਜਾ ਦਿੱਤਾ ਹੈ ਅਤੇ ਲਿਖਿਆ 'ਨਾਨਕ ਵਰਗੇ' ਆਪਣਾ ਪਰਦਾ ਨਾ ਲਾਹ ਸਕੇ, ਲੋਕਾਂ ਦਾ ਤਾਂ ਕੀ ਉਧਾਰ ਕਰਨਾ ਸੀ?

ਸਦਕੇ ਜਾਈਏ, ਅਜਿਹੇ ਵਿਦਵਾਨ ਵੀਰ ਦੀ ਬਾਣੀ ਤੋਂ, ਕਿੰਨੀ ਮੂਰਖਤਾਈ ਨਾਲ ਇਸ ਨੇ ਆਪਣੇ ਆਪ ਨੂੰ ਉਚਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਇੱਥੇ ਸਭ ਤੋਂ ਪਹਿਲਾਂ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਕਿਰਤਮ ਨਾਮਾਂ ਦੀ ਤਰ੍ਹਾਂ ਰਾਮ, ਕ੍ਰਿਸ਼ਨ ਆਦਿ ਦੀ ਵੀ ਵਰਤੋਂ ਕੀਤੀ ਗਈ ਹੈ ਪਰ ਖ਼ਾਲਸਾ ਪੰਥ ਵਿੱਚ ਕਿਸੇ ਤਰ੍ਹਾਂ ਦੇ ਅਖੌਤੀ ਦੇਵੀ ਦੇਵਤੇ ਦੀ ਪੂਜਾ ਦਾ ਵਿਧਾਨ ਨਹੀਂ ਹੈ। ਪੰਥਕ ਧਰਮ ਭਾਵੇਂ ਕਿਸੇ ਵਲੀ, ਪੀਰ, ਦੇਵਤੇ ਦੀ ਨਿੰਦਿਆ ਨਹੀਂ ਕਰਦਾ ਪਰ ਇਸ਼ਟ ਸਿਰਫ਼ ਅਕਾਲ

ਪੁਰਖ ਨੂੰ ਹੀ ਮੰਨਦਾ ਹੈ। ਭਾਵੇਂ ਕਿ ਹਿੰਦੂ ਮੱਤ ਇਹਨਾਂ ਦੀ ਹੋਂਦ ਦੀ ਮਿੱਥ ਪ੍ਰਗਟ ਕਰਦਾ ਹੈ ਪਰ ਸਿੱਖ ਪੰਥ ਵਿੱਚ ਇਹਨਾਂ ਦੀ ਉਪਾਸ਼ਨਾ ਦਾ ਕੋਈ ਵਿਧਾਨ ਨਹੀਂ ਹੈ। ਗੁਰੂ ਦਸਮ ਪਿਤਾ ਦਾ ਫ਼ੁਰਮਾਨ ਹੈ :

ਬਿਨ ਕਰਤਾਰ ਨਾ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥

(ਸ਼ਬਦ ਹਜ਼ਾਰੇ, ਪਾ: ੧੦)

ਜੋ ਇਸ ਅਖੌਤੀ ਮਹਾਂਪੁਰਸ਼ ਨੇ ਰਾਮ, ਕ੍ਰਿਸ਼ਨ ਅਤੇ ਹੋਰ ਪੀਰਾਂ ਫਕੀਰਾਂ ਦੀ ਗੁਰੂ ਨਾਨਕ ਸਾਹਿਬ ਜੀ ਨਾਲ ਸਮਾਨਿਤ ਤੁਲਨਾ ਕੀਤੀ ਹੈ, ਨਿਰਮੂਲ ਹੈ। ਕਿਸੇ ਹੋਰ ਧਰਮ ਦੇ ਨਾਮਧਰੀਕ ਦੇਵਤੇ ਰਾਮ ਕ੍ਰਿਸ਼ਨ ਤਾਂ ਸੰਸਾਰ ਮਾਰਗ ਤੋਂ ਜਾ ਚੁੱਕੇ ਹਨ ਪਰ ਗੁਰੂ ਨਾਨਕ ਦੇ ਪੰਥ ਦੇ ਅਨੁਯਾਈਆਂ ਦਾ ਰਾਮ ਸਦੀਵੀ ਸੱਚ ਅਤੇ ਅਟੱਲ ਹੈ, ਉਹ ਪ੍ਰਮੇਸ਼ਰ ਅਜੂਨੀ ਅਤੇ ਅਕਾਲ ਮੂਰਤਿ ਹੈ।

ਸਭ ਤੋਂ ਅਣਹੋਣੀ ਗੱਲ ਜੋ ਇਸ ਅਖੌਤੀ ਵਿਚਾਰਵਾਨ ਵੀਰਾਂ ਨੇ ਲਿਖੀ ਹੈ ਕਿ 'ਨਾਨਕ ਤਕ ਵੀ ਆਪਣਾ ਪਰਦਾ ਨਾ ਲਾਹ ਸਕੇ' ਕਿੰਨੀ ਅਜੀਬ ਗੱਲ ਹੈ ਕਿ ਜਿਸ ਗਹਿਨੁਮਾ ਬਾਰੇ ਅਜਿਹੀ ਗੱਲ ਲਿਖੀ ਹੈ ਉਨ੍ਹਾਂ ਵਰਗਾ ਮਹਾਨ ਕ੍ਰਾਂਤੀਕਾਰੀ ਆਗੂ, ਵਿਚਾਰਵਾਨ, ਸਮਾਜ ਸੁਧਾਰਕ ਅਤੇ ਉਹਨਾਂ ਜਿਹੀ ਦਇਆਵਾਨ ਹਸਤੀ ਸ਼ਾਇਦ ਕਦੀ ਦੁਨੀਆਂ ਵਿੱਚ ਪਹਿਲਾਂ ਪੈਦਾ ਹੀ ਨਹੀਂ ਹੋਈ।

ਅੱਜ ਕੱਲ੍ਹ ਦੇ ਗੁਰੂ ਤਾਂ ਪੈਸੇ ਕਮਾਉਣ ਅਤੇ ਸਾਧ ਸੰਗਤ ਦੀ ਮਾਇਆ 'ਤੇ ਐਸ਼ ਕਰਨ ਵਿਦੇਸ਼ ਜਾਂਦੇ ਹਨ, ਪਰ ਮੇਰੇ ਗੁਰਦੇਵ ਪਿਤਾ ਨੇ ਸੰਸਾਰਕ ਜੀਵਾਂ ਦੇ ਉਧਾਰ ਵਾਸਤੇ ਪ੍ਰਚਾਰਕ ਦੌਰੇ ਕੀਤੇ। ਆਪ ਜੀ ਦੀ ਅਣਥੱਕ ਮਿਹਨਤ ਅਤੇ ਪ੍ਰਚਾਰਕ ਦੌਰਿਆਂ ਜਾਂ ਉਦਾਸੀਆਂ ਦੀ ਸਫ਼ਲਤਾ ਸਦਕਾ ਹਰ ਮਾਈ ਭਾਈ ਦੇ ਮੁਖਾਰਬਿੰਦ ਵਿੱਚੋਂ ਸੁਭਾਵਿਕ ਹੀ ਨਿਕਲਦਾ ਹੈ :

ਧੰਨ ਨਾਨਕ ਤੇਰੀ ਵਡੀ ਕਮਾਈ ॥

ਹਿੰਦੁਸਤਾਨ ਦੇ ਇਤਿਹਾਸ ਵਿਚ ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਕੋਈ ਅਜਿਹਾ ਮਹਾਂਪੁਰਸ਼ ਨਹੀਂ ਜਿਸ ਨੇ ਕਿਸੇ ਬਾਹਰੀ ਹਮਲਾਵਰ (ਬਾਬਰ ਵਰਗੇ) ਨੂੰ ਜਾਬਰ ਕਿਹਾ ਹੋਵੇ। ਸੋ ਅਜਿਹੇ ਮਹਾਨ ਯੁੱਗ ਪੁਰਸ਼ ਕ੍ਰਾਂਤੀਕਾਰੀ ਦੇ ਸੰਬੰਧ ਵਿੱਚ ਅਜਿਹਾ ਲਿਖ ਦੇਣਾ ਇਕ ਮਹਾਨ ਅਪਰਾਧ ਹੈ। 'ਅਵਤਾਰ ਬਾਣੀ' ਨਾਮਕ ਕਿਤਾਬਚੇ ਵਿੱਚ ਹੋਰ ਵੀ ਕਈ ਇਤਰਾਜ਼ ਯੋਗ ਕਾਵਿ ਬੰਦ ਹਨ ਜੋ ਹੇਠ ਲਿਖੇ ਅਨੁਸਾਰ ਹਨ :

1. **ਰੱਬ ਦਾ ਰਸਤਾ ਪੁੱਛ ਰਿਹਾ ਹੈਂ ਪੁਸਤਕ ਵੇਦ ਗ੍ਰੰਥਾਂ ਤੋਂ।**
 ਰੱਬ ਦਾ ਰਸਤਾ ਪੁੱਛ ਰਿਹਾ ਏਂ ਫ਼ਿਰਕੇਦਾਰੀ ਪੰਥਾਂ ਤੋਂ।

(ਪੰਨਾ 45)

2. **ਤੂੰ ਹੀ ਤੂੰ ਨਿਰੰਕਾਰ ਕਰੋ ਤੇ ਪਲ ਪਲ ਇਹਨੂੰ ਯਾਦ ਕਰੋ।**
 ਇਸ ਅੰਮ੍ਰਿਤ ਨੂੰ ਰੱਜ ਰੱਜ ਪੀਉ ਤਨ ਸੋਖਾ ਦਿਲ ਸ਼ਾਦ ਕਰੋ।

(ਪੰਨਾ 87)

3. **ਵਿਰਲਾ ਵਿਰਲਾ ਸਤਿਗੁਰੂ (ਅਵਤਾਰ)**
 ਕੋਲੋਂ ਇਹ ਰਸ ਅੰਮ੍ਰਿਤ ਪੀਂਦਾ ਹੈ।

(ਪੰਨਾ 54)

4. **ਗੰਗਾ ਜਮਨਾ ਅੰਮ੍ਰਿਤਸਰ ਵਿੱਚ ਨਹਾ ਕੇ ਜੇਕਰ ਪਾਪ ਉਤਰਦੇ।**
 ਤਾਂ ਤੇ ਮੱਛੀ ਡੱਡੂ ਕੱਛੂ ਇਕ ਇਕ ਕਰਕੇ ਸਾਰੇ ਤਰਦੇ।

(ਪੰਨਾ 67)

5. **ਪਾ ਕੇ ਕੇਵਲ ਸ਼ੇਰ ਦਾ ਚੋਲਾ ਸ਼ੇਰ ਨਾਮ ਰਖਾਵੇਂ ਤੂੰ।**

(ਪੰਨਾ 43)

ੳ. ਪਹਿਲੀ ਗੱਲ ਤਾਂ ਇਹ ਕਿ ਖ਼ਾਲਸਾ ਪੰਥ ਅਜਿਹਾ ਪੰਥ ਹੈ ਜੋ ਫ਼ਿਰਕਾਪ੍ਰਸਤੀ ਵਿੱਚ ਯਕੀਨ ਨਹੀਂ ਰੱਖਦਾ ਹੈ। ਇਸ ਪੰਥ ਦੇ ਯੁੱਧ ਦਾ ਮਕਸਦ ਜ਼ਰ, ਜ਼ੋਰੂ ਜਾਂ ਜ਼ਮੀਨ ਨਹੀਂ ਰਿਹਾ, ਸਗੋਂ ਮਜ਼ਲੂਮਾਂ ਦੀ ਰੱਖਿਆ ਹੈ।

ਅ. ਸਿੱਖ ਧਰਮ ਅਨੁਸਾਰ ਸਿੱਖ ਉਹ ਹੀ ਅਖਵਾ ਸਕਦਾ ਹੈ ਜੋ ਖੰਡੇ ਦੀ ਪਾਹੁਲ ਦਾ ਧਾਰਨੀ ਹੈ।

ੲ. ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਕੇਵਲ ਪੰਜ ਪਿਆਰਿਆਂ ਤੋਂ ਹੀ ਪ੍ਰਾਪਤ ਹੁੰਦੀ ਹੈ, ਜਿਸ ਬਦਲੇ ਸੀਸ ਭੇਟ (ਤਨ, ਮਨ, ਧਨ) ਅਰਪਣ ਕਰਨਾ ਪੈਂਦਾ ਹੈ।

ਸ. ਭਾਵੇਂ ਸਿੱਖ ਪੰਥ ਤੀਰਥ ਇਸ਼ਨਾਨ ਦਾ ਖੰਡਨ ਕਰਦਾ ਹੈ ਪਰ ਹਰਿਮੰਦਰ ਸਾਹਿਬ ਸਿੱਖਾਂ ਦੀ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਹੈ। ਇਸ ਨਾਲ ਸਿੱਖਾਂ ਦਾ ਇਤਿਹਾਸ ਅਤੇ ਜਜ਼ਬਾਤੀ ਧਾਰਨਾਵਾਂ ਜੁੜੀਆਂ ਪਈਆਂ ਹਨ।

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥

ਹ. ਗੁਰੂ ਪਾਤਸ਼ਾਹ ਦੇ ਪੰਥ ਦੇ ਸਿੰਘ (ਸ਼ੇਰ) ਕੇਵਲ ਨਾਮ ਧਰੀਕ ਹੀ ਨਹੀਂ ਹਨ ਸਗੋਂ ਸਾਰਾ ਵਿਸ਼ਵ ਇਨ੍ਹਾਂ ਦੀ ਤੇਗ ਦਾ ਲੋਹਾ ਮੰਨਦਾ ਹੈ।

ਖ਼ਾਲਸਾ ਪੰਥ ਹੱਕ ਅਤੇ ਸੱਚ ਲਈ ਜੱਦੋ-ਜਹਿਦ ਕਰਨ ਵਾਲੇ ਮਰਜੀਵੜਿਆਂ ਦਾ ਧਰਮ ਹੈ। ਇਸ ਧਰਮ ਖੰਡੇ ਦੀ ਧਾਰ ਅਤੇ ਲਹੂ ਦੀਆਂ ਨਦੀਆਂ ਵਿੱਚੋਂ ਪੈਦਾ ਹੋਇਆ ਹੈ। ਇਸ ਧਰਮ ਦੇ ਮੋਢੀਆਂ ਨੇ ਜਿੱਥੇ ਤੱਤੀ ਤਵੀ 'ਤੇ ਬੈਠ ਕੇ ਸਾਨੂੰ ਸਬਰ ਸਿਦਕ ਵਿੱਚ ਪ੍ਰਪੱਕ ਕੀਤਾ ਹੈ, ਉਥੇ ਮਰਦ ਅਗੰਮੜੇ, ਨਾਸਰੋ ਮਨਸੂਰ, ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸੂਰਬੀਰਤਾ ਅਤੇ ਕੁਰਬਾਨੀ ਵਿੱਚ ਪ੍ਰਪੱਕ ਕੀਤਾ ਹੈ। ਪਰ ਖ਼ਾਲਸਾ ਪੰਥ ਦੇ ਦੋਖੀਆਂ ਨੂੰ ਖ਼ਾਲਸਾ ਪੰਥ ਨੇ ਜਿਸ ਤਰ੍ਹਾਂ ਫਿਰ ਕਰਣੀ ਦਾ ਫ਼ਲ ਭੁਗਤਾਇਆ ਇਸ ਬਾਰੇ ਨਰਾਇਣ ਸਿੰਘ ਲਿਖਦੇ ਹਨ ਕਿ ਸਰਕਾਰੀ ਸ਼ਹਿ ਅਤੇ ਪੰਥ ਦੁਸ਼ਮਣ ਤਾਕਤਾਂ ਦੇ ਸਹਾਰੇ ਨਕਲੀ ਨਿਰੰਕਾਰੀਆਂ ਨੇ ਸ਼ਬਦ ਗੁਰੂ ਦੇ ਸਿਧਾਂਤ, ਪੰਜ ਪਿਆਰਿਆਂ ਦੀ ਪ੍ਰੰਪਰਾ ਅਤੇ ਸਿੱਖ ਧਰਮ ਦਾ ਮਖੌਲ ਉਡਾਉਣਾ ਸ਼ੁਰੂ ਕਰ ਦਿੱਤਾ ਸੀ। ਦੇਹਧਾਰੀ ਦੰਭ ਦਾ ਇਹ ਕੂੜ ਪ੍ਰਚਾਰ ਖ਼ਾਲਸਾ ਪੰਥ ਲਈ ਵੱਡੀ ਚੁਣੌਤੀ ਬਣਦਾ ਜਾ ਰਿਹਾ ਸੀ। ਸਿੱਖਾਂ ਨਾਲ ਇਹਨਾਂ ਦਾ ਕਈ ਵਾਰ ਟਕਰਾ ਹੋ ਚੁੱਕਾ ਸੀ, ਪਰ ਇਹ ਆਪਣੀਆਂ

ਪੰਥ ਵਿਰੋਧੀ ਗਤੀਵਿਧੀਆਂ ਤੋਂ ਟਲਣ ਦੀ ਥਾਂ, ਹੋਰ ਵੀ ਅੱਗੇ ਵੱਧ ਰਹੇ ਸਨ। ਸਰਕਾਰ ਵੱਲੋਂ ਧੜਾ-ਧੜ ਦਿੱਤੇ ਜਾ ਰਹੇ ਹਥਿਆਰਾਂ ਦੇ ਲਾਇਸੈਂਸਾਂ ਨੇ ਇਹਨਾਂ ਦੇ ਹੌਸਲੇ ਹੋਰ ਵੀ ਵਧਾ ਦਿੱਤੇ ਸਨ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿਚਲੀ ਤਾਕਤਵਰ ਆਰ.ਐਸ.ਐਸ. ਅਤੇ ਨਿਰੰਕਾਰੀ ਲਾਬੀ ਇਹਨਾਂ ਦੀ ਪਿੱਠ 'ਤੇ ਸੀ। ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਆਪਣੇ ਪ੍ਰਪੰਚ ਦੇ ਪ੍ਰਸਾਰ ਕਰਨ ਲਈ ਇਸ ਲਾਬੀ ਦਾ ਪੂਰਾ ਫ਼ਾਇਦਾ ਉਠਾ ਰਿਹਾ ਸੀ। ਉਸਨੇ ਖ਼ਾਲਸਾ ਪੰਥ ਨੂੰ ਖ਼ਾਲਸੇ ਦੇ ਘਰ ਅੰਮ੍ਰਿਤਸਰ ਵਿੱਚ ਹੀ ਵੰਗਾਰਨ ਲਈ ਖ਼ਾਲਸਾ ਪ੍ਰਗਟ ਦਿਵਸ ਦਾ ਪਵਿੱਤਰ ਦਿਹਾੜਾ ਚੁਣਿਆ। 13 ਅਪ੍ਰੈਲ, 1978 ਨੂੰ ਉਸਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਅੰਮ੍ਰਿਤਸਰ ਵਿੱਚ ਆਪਣਾ ਸੰਮੇਲਨ ਰੱਖ ਲਿਆ। ਇਸ ਦੇ ਇਸ਼ਤਿਹਾਰ ਦਰਬਾਰ ਸਾਹਿਬ ਦੀਆਂ ਕੰਧਾਂ 'ਤੇ ਵੀ ਚਿਪਕਾਏ ਗਏ। ਉਸਨੇ ਸ਼ਾਹੀ ਠਾਠ ਨਾਲ ਅੰਮ੍ਰਿਤਸਰ ਵਿੱਚ ਮਾਰਚ ਕੀਤਾ। ਕੋਈ ਪਾਖੰਡੀ ਖ਼ਾਲਸਾ ਪੰਥ ਨੂੰ ਖ਼ਾਲਸੇ ਦੇ ਘਰ ਆ ਕੇ ਵੰਗਾਰੇ, ਖ਼ਾਲਸੇ ਲਈ ਇਹ ਅਸਹਿ ਸੀ। ਸਿੱਖਾਂ ਦੇ ਦਿਲਾਂ ਅੰਦਰ ਇਸ ਪ੍ਰਪੰਚ ਲਈ ਰੋਹ ਜਾਗ ਪਿਆ। ਸੰਤ ਜਰਨੈਲ ਸਿੰਘ ਨੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸਜੇ ਸਮਾਗਮ ਦੀ ਸਟੇਜ 'ਤੇ ਮੌਜੂਦ ਬਾਦਲ ਸਰਕਾਰ ਦੇ ਮਾਲ ਮੰਤਰੀ ਜੀਵਨ ਸਿੰਘ ਉਮਰਾਨੰਗਲ ਨੂੰ ਸਿੱਖ ਧਰਮ ਵਿਰੁੱਧ ਹੋ ਰਹੇ ਇਸ ਕੂੜ ਪ੍ਰਚਾਰ ਨੂੰ ਰੋਕਣ ਲਈ ਕਿਹਾ ਪਰ ਉਸਨੇ ਆਪਣੇ ਆਪ ਨੂੰ ਸੈਕੂਲਰ ਦਿਖਾਉਂਦਿਆਂ ਸਿੱਖ ਸੰਗਤਾਂ ਦੀ ਆਵਾਜ਼ ਠੁਕਰਾ ਦਿੱਤੀ। ਸੰਤ ਜਰਨੈਲ ਸਿੰਘ ਉਸ ਤੋਂ ਕੌਰਾ ਜਵਾਬ ਸੁਣ ਕੇ ਇਹ ਕਹਿੰਦੇ ਹੋਏ ਦੀਵਾਨ 'ਚੋਂ ਤੁਰ ਪਏ ਕਿ ਫਿਰ ਅਸੀਂ ਨਿਰੰਕਾਰੀਆਂ ਦੇ ਸਿੱਖ ਧਰਮ ਵਿਰੁੱਧ ਪ੍ਰਚਾਰ ਨੂੰ ਰੋਕਣ ਜਾ ਰਹੇ ਹਾਂ। ਅਖੰਡ ਕੀਰਤਨੀ ਜਥੇ ਦੇ ਅਜੀਤ ਨਗਰ ਵਿੱਚ ਸਜੇ ਦੀਵਾਨ ਵਿੱਚ ਵੀ ਇਹ ਖ਼ਬਰ ਪਹੁੰਚ ਗਈ। ਭਾਈ ਫ਼ੌਜਾ ਸਿੰਘ ਸਿੰਘਾਂ ਦਾ ਜਥਾ ਲੈ ਕੇ ਪਹੁੰਚ ਗਏ। ਅਰਦਾਸ ਕਰਨ ਉਪਰੰਤ ਭਾਈ ਫ਼ੌਜਾ ਸਿੰਘ ਦੀ ਜਥੇਦਾਰੀ ਹੇਠ ਸਿੰਘਾਂ ਦੇ ਪੰਜ ਜਥੇ ਵਾਹਿਗੁਰੂ ਦਾ ਜਾਪ ਕਰਦੇ ਰੇਲਵੇ ਕਲੌਨੀ ਬੀ ਬਲਾਕ ਨਿਰੰਕਾਰੀ ਸੰਮੇਲਨ ਕੋਲ ਪਹੁੰਚ ਗਏ। ਬਾਦਲ ਸਰਕਾਰ ਦੀ ਪੁਲਿਸ ਨਿਰੰਕਾਰੀਆਂ ਦੀ ਸੁਰੱਖਿਆ ਲਈ ਅੱਗੇ ਤਾਇਨਾਤ ਸੀ। ਡੀ.ਐਸ.ਪੀ. ਜੋਸ਼ੀ ਅਤੇ ਇੰਸਪੈਕਟਰ ਅਨੂਪ ਸਿੰਘ ਨੇ ਸਿੰਘਾਂ ਦੇ ਜਥੇ ਨੂੰ ਅੱਗੇ ਵਧਣ ਤੋਂ ਰੋਕ ਲਿਆ। ਭਾਈ ਫ਼ੌਜਾ ਸਿੰਘ ਨੇ ਪੁਲਿਸ ਅਫ਼ਸਰਾਂ ਨੂੰ ਕਿਹਾ ਕਿ ਤੁਸੀਂ ਨਿਰੰਕਾਰੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਨਿਰਾਦਰ ਕਰਨ ਤੋਂ ਰੋਕੋ, ਪਰ ਪੁਲਿਸ ਤਾਂ ਨਿਰੰਕਾਰੀਆਂ ਨੂੰ ਅਜਿਹਾ ਪ੍ਰਚਾਰ ਕਰਨ ਲਈ ਸੁਰੱਖਿਆ ਦੇਣ ਵਾਸਤੇ ਆਈ ਸੀ, ਉਹ ਕਿਉਂ ਰੋਕਦੀ? ਉਧਰ ਨਿਰੰਕਾਰੀ ਸਿੰਘਾਂ ਦੇ ਲਹੂ ਦੇ ਤਿਹਾਏ ਸਨ ਉਹਨਾਂ ਨੇ ਆਪਣੇ ਹਥਿਆਰਾਂ ਨਾਲ ਵਾਹਿਗੁਰੂ ਦਾ ਜਾਪ ਕਰ ਰਹੇ ਸਿੰਘਾਂ 'ਤੇ ਗੋਲੀ ਚਲਾ ਦਿੱਤੀ। ਭਾਈ ਫ਼ੌਜਾ ਸਿੰਘ ਸਮੇਤ 13 ਸਿੰਘਾਂ ਦੀ ਸ਼ਹੀਦੀ ਅਤੇ 78 ਸਿੰਘਾਂ ਦੇ ਜ਼ਖਮੀ ਹੋਣ ਨਾਲ 13 ਅਪ੍ਰੈਲ, 1978 ਦੀ ਵਿਸਾਖੀ ਦਾ ਦਿਹਾੜਾ ਇਤਿਹਾਸਕ ਬਣ ਗਿਆ।

ਸਿੰਘਾਂ ਦੇ ਡੁੱਲ੍ਹੇ ਪਵਿੱਤਰ ਲਹੂ ਦੀ ਮਹਿਕ ਪੂਰੇ ਸਿੱਖ ਜਗਤ ਅੰਦਰ ਫੈਲ ਗਈ। ਗ਼ਮ ਵਿੱਚ ਡੁੱਬੇ ਸਿੰਘਾਂ ਦੇ ਦਿਲਾਂ ਵਿੱਚ ਦੇਹਧਾਰੀ ਦੰਭ ਦੇ ਇਸ ਕੂੜ ਦਾ ਭਾਂਡਾ ਭੰਨਣ ਲਈ ਗੁੱਸਾ ਤੇ ਜੋਸ਼ ਭਰ ਗਿਆ। 22 ਅਪ੍ਰੈਲ, 1978 ਨੂੰ ਦੀਵਾਨ ਹਾਲ ਮੰਜੀ ਸਾਹਿਬ

ਵਿਖੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਸਜਿਆ। ਸਿੱਖ ਕੌਮ ਅੰਦਰ ਪੈਦਾ ਹੋਏ ਇਸ ਜੋਸ਼ ਦਾ ਪ੍ਰਗਟਾਵਾ ਕਰਦਿਆਂ ਸੰਤ ਜਰਨੈਲ ਸਿੰਘ ਨੇ ਆਪਣੀ ਤਕਰੀਰ ਵਿੱਚ ਕਿਹਾ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿਸਾਖੀ ਦੇ ਸ਼ਹੀਦਾਂ ਬਾਰੇ ਜੋ ਪ੍ਰੋਗਰਾਮ ਉਲੀਕਣਗੇ ਅਸੀਂ ਉਸਨੂੰ ਦੇਖਾਂਗੇ, ਘੋਖਾਂਗੇ ਅਤੇ ਕੋਈ ਕਦਮ ਕਾਹਲੀ ਵਿੱਚ ਨਹੀਂ ਚੁਕਾਂਗੇ ਪਰ ਨਾਲ ਹੀ ਇਹ ਵੀ ਕਹਿੰਦੇ ਹਾਂ ਕਿ ਸਮਾਂ ਐਵੇਂ ਅਜਾਈਂ ਨਾ ਲੰਘ ਜਾਵੇ। ਸਾਡੀ ਇਹ ਪ੍ਰਤਿੱਗਿਆ ਹੈ ਕਿ ਸ਼ਹੀਦਾਂ ਦਾ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਹਰਗਿਜ਼ ਨਹੀਂ ਸਹਾਰਾਂਗੇ।"

"ਅਸੀਂ ਮੰਗ ਕਰਦੇ ਹਾਂ ਕਿ ਪਾਖੰਡੀ ਨਿਰੰਕਾਰੀ ਮਿਸ਼ਨ 'ਤੇ ਪਾਬੰਦੀ ਲਾਈ ਜਾਏ, ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਉਹਨਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਨੂੰ ਵੀ ਮਾਫ਼ ਨਾ ਕੀਤਾ ਜਾਏ। ਮੈਨੂੰ ਆਸ ਹੈ ਕਿ ਸੰਗਤਾਂ ਪੰਜਾਬ ਸਰਕਾਰ ਵੱਲੋਂ ਦਿਵਾਏ ਗਏ ਭਰੋਸੇ 'ਤੇ ਯਕੀਨ ਕਰਨਗੀਆਂ, ਪਰ ਫਿਰ ਵੀ ਮੈਂ ਚਿਤਾਵਨੀ ਦਿੰਦਾ ਹਾਂ ਕਿ ਜੇ ਸਰਕਾਰ ਨੇ ਸਮਾਂ ਲੈ ਕੇ ਵੀ ਕੁਝ ਨਾ ਕੀਤਾ ਤਾਂ ਅਸੀਂ ਸੰਗਤਾਂ 'ਤੇ ਕਾਬੂ ਨਹੀਂ ਪਾ ਸਕਾਂਗੇ।"

ਪਰ ਜਿਸ ਸਰਕਾਰ ਦੀ ਪੁਲਿਸ ਮੂਕ ਦਰਸ਼ਕ ਬਣ ਕੇ ਸਿੰਘਾਂ ਦੇ ਹੋ ਰਹੇ ਕਤਲੇਆਮ ਨੂੰ ਤੱਕਦੀ ਰਹੀ ਹੋਵੇ, ਜਿਹੜੀ ਸਰਕਾਰ ਆਪਣੀ ਗੱਡੀ ਵਿੱਚ ਚੜ੍ਹਾ ਕੇ ਕਾਤਲ ਟੋਲੇ ਦੇ ਮੁਖੀ ਗੁਰਬਚਨ ਸਿੰਹੁ ਨਿਰੰਕਾਰੀ ਨੂੰ ਪੰਜਾਬ ਤੋਂ ਬਾਹਰ ਸੁਰੱਖਿਅਤ ਭੇਜ ਦੇਵੇ, ਜਿਸ ਸਰਕਾਰ ਨੇ ਕਾਤਲਾਂ ਨੂੰ ਮੌਕੇ 'ਤੇ ਫੜਨ ਦੀ ਕੋਸ਼ਿਸ਼ ਹੀ ਨਾ ਕੀਤੀ ਹੋਵੇ, ਉਸ ਤੋਂ ਇਨਸਾਫ਼ ਦੀ ਕੀ ਆਸ? ਸੰਤ ਜਰਨੈਲ ਸਿੰਘ ਭਲੀ ਭਾਂਤ ਜਾਣਦੇ ਸਨ ਕਿ ਬਾਦਲ ਸਰਕਾਰ ਸਿੱਖਾਂ ਨੂੰ ਇਨਸਾਫ਼ ਨਹੀਂ ਦਿਵਾਏਗੀ ਪਰ ਉਹਨਾਂ ਨੇ ਫਿਰ ਵੀ ਕਾਨੂੰਨ ਅਨੁਸਾਰ ਇਨਸਾਫ਼ ਕਰਨ ਦਾ ਸਰਕਾਰ ਨੂੰ ਪੂਰਾ ਪੂਰਾ ਮੌਕਾ ਦਿੱਤਾ। ਪਰ ਹੋਇਆ ਉਹ ਹੀ ਜਿਸ ਦੀ ਉਮੀਦ ਸੀ। ਬਾਦਲ ਸਰਕਾਰ ਅੰਮ੍ਰਿਤਸਰ ਖ਼ੂਨੀ ਸਾਕੇ ਦੇ ਮੁਖ ਦੋਸ਼ੀ ਨਿਰੰਕਾਰੀ ਮੁਖੀ ਨੂੰ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਹੀ ਨਾ ਕਰ ਸਕੀ ਤੇ ਨਿਰੰਕਾਰੀਆਂ ਨੇ ਇਸ ਕੇਸ ਨੂੰ ਕਰਨਾਲ ਦੀ ਅਦਾਲਤ ਵਿੱਚ ਤਬਦੀਲ ਕਰਵਾ ਲਿਆ। ਬਾਦਲ ਸਾਹਿਬ ਦੀ ਪੁਲਿਸ ਦੇ ਇੰਸਪੈਕਟਰ ਅਤੇ ਇਸ ਕੇਸ ਦੇ ਆਈ.ਓ.ਨੇ ਆਪਣੀ ਗਵਾਹੀ ਮੁਜਰਮਾਂ ਨੂੰ ਸਜ਼ਾ ਦਿਵਾਉਣ ਲਈ ਨਹੀਂ, ਬਰੀ ਕਰਾਉਣ ਲਈ ਦਿੱਤੀ। ਬਾਦਲ ਸਾਹਿਬ ਦੇ ਮਾਲ ਮੰਤਰੀ ਉਮਰਾਨੰਗਲ ਦੀ ਬਿਆਨਬਾਜ਼ੀ ਨੇ ਵੀ ਕਾਤਲਾਂ ਦਾ ਬਚਾ ਕੀਤਾ। ਕਰਨਾਲ ਦੇ ਸੈਸ਼ਨਜ਼ ਜੱਜ ਆਰ.ਐਸ. ਗੁਪਤਾ ਨੇ 4 ਜਨਵਰੀ, 1980 ਨੂੰ ਸੁਣਾਏ ਆਪਣੇ ਫੈਸਲੇ ਵਿੱਚ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਸਮੇਤ ਸਾਰੇ ਦੇ ਸਾਰੇ 60 ਦੋਸ਼ੀ ਸਾਫ਼ ਬਰੀ ਕਰ ਦਿੱਤੇ। ਬਰੀ ਹੋ ਕੇ ਨਿਰੰਕਾਰੀ ਹੋਰ ਵੀ ਖ਼ੁਦੀ ਵਿੱਚ ਆ ਗਏ। ਉਨ੍ਹਾਂ ਨੇ ਇਹ ਕਹਿ ਕੇ, "ਸਿੱਖਾਂ ਦਾ ਗੁਰੂ ਤਾਂ 52 ਬੰਦੀ ਹੀ ਛੁਡਵਾ ਕਿ ਲਿਆਇਆ ਸੀ ਤੇ ਸਾਡੇ ਮਹਾਰਾਜ ਨੇ 60 ਛੁਡਾਏ ਹਨ", ਗੁਰੂ ਹਰਿਗੋਬਿੰਦ ਪਾਤਸ਼ਾਹ ਦਾ ਅਪਮਾਨ ਕਰਨਾ ਸ਼ੁਰੂ ਕਰ ਦਿੱਤਾ। ਬਾਦਲ ਸਰਕਾਰ ਨੇ ਤਾਂ ਕਰਨਾਲ ਦੀ ਅਦਾਲਤ ਦੇ ਫੈਸਲੇ ਵਿਰੁੱਧ ਹਾਈ ਕੋਰਟ ਵਿੱਚ ਅਪੀਲ ਵੀ ਨਾ ਕੀਤੀ। ਇੰਝ ਸਿੱਖਾਂ ਲਈ ਇਨਸਾਫ਼ ਦੇ ਸਭ ਕਾਨੂੰਨੀ ਦਰਵਾਜ਼ੇ ਬੰਦ ਹੋ ਗਏ।

ਨਿਰੰਕਾਰੀ 26 ਸਤੰਬਰ, 1978 ਨੂੰ ਕਾਨਪੁਰ ਵਿਖੇ 16 ਸਿੰਘਾਂ ਦਾ ਅਤੇ 6 ਨਵੰਬਰ, 1978 ਨੂੰ ਦਿੱਲੀ ਵਿਖੇ 3 ਸਿੰਘਾਂ ਦਾ ਲਹੂ ਵਹਾ ਚੁੱਕੇ ਸਨ।

ਹੁਣ ਸਿੰਘਾਂ ਪਾਸ ਇਨਸਾਫ਼ ਲਈ ਦਸਮੇਸ਼ ਪਿਤਾ ਵੱਲੋਂ ਬਖਸ਼ਿਆ :

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥

ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥

ਦਾ ਆਖਰੀ ਤਰੀਕਾ ਹੀ ਰਹਿ ਗਿਆ ਸੀ। ਗੁਰੂ ਮਹਾਰਾਜ ਦੇ ਇਸ ਹੁਕਮ 'ਤੇ ਪਹਿਰਾ ਦੇਣਾ ਹੁਣ ਸਿੰਘਾਂ ਦਾ ਧਰਮ, ਕਰਮ ਤੇ ਫ਼ਰਜ਼ ਸੀ। ਸੰਤ ਜਰਨੈਲ ਸਿੰਘ ਖ਼ਾਲਸਾ ਨੇ ਭਾਈ ਲੱਖਾ ਸਿੰਘ ਨਾਗੋਕੇ, ਭਾਈ ਮੇਜਰ ਸਿੰਘ ਨਾਗੋਕੇ, ਭਾਈ ਨਿਰੰਤਰ ਸਿੰਘ ਉਰਫ਼ ਭਾਈ ਕਾਬਲ ਸਿੰਘ ਸਮੇਤ ਕੁਝ ਚੌਣਵੇਂ ਸਿੰਘਾਂ ਦੇ ਨਾਲ ਸਿੰਘਾਂ ਦੇ ਕਾਤਲ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਨੂੰ ਸੋਧਣ ਦੀ ਸਲਾਹ ਕੀਤੀ ਅਤੇ 10 ਜੂਨ; 1980 ਤੱਕ ਹਰ ਹਾਲਤ ਵਿੱਚ ਸਿੰਘਾਂ ਦੇ ਇਸ ਕਾਤਲ ਦਾ ਸਿਰ ਵੱਢਣ ਦਾ ਆਪਣਾ ਫੈਸਲਾ ਸੁਣਾਇਆ ਅਤੇ ਨਾਲ ਹੀ ਕਿਹਾ ਕਿ ਜੇਕਰ ਸਿੰਘੋ, ਤੁਸੀਂ ਇਸ ਦਿਨ ਤੱਕ ਇਹ ਨਾ ਕਰ ਸਕੇ ਤਾਂ ਫਿਰ ਮੈਂ ਖ਼ੁਦ ਇਸ ਕੰਮ ਲਈ ਜਾਵਾਂਗਾ। ਸਿੰਘਾਂ ਨੇ ਇਹ ਜ਼ਿੰਮੇਵਾਰੀ ਸੰਭਾਲ ਲਈ ਅਤੇ ਵਿਉਂਤ ਬਣਾਉਣ ਲੱਗੇ ਪਏ। ਭਾਈ ਲੱਖਾ ਸਿੰਘ ਨਾਗੋਕੇ ਅਤੇ ਭਾਈ ਮੇਜਰ ਸਿੰਘ ਨਾਗੋਕੇ ਦੇ ਪਿੰਡ ਦਾ ਇਕ ਸਿੰਘ ਭਾਈ ਗਿਆਨ ਸਿੰਘ ਨਾਗੋਕੇ ਦਿੱਲੀ ਰਹਿੰਦਾ ਸੀ ਅਤੇ ਰਣਜੀਤ ਅਖਾੜਾ ਦਿੱਲੀ ਵਿਖੇ ਸਿੰਘਾਂ ਨੂੰ ਗਤਕਾਬਾਜ਼ੀ ਸਿਖਾਉਂਦਾ ਹੁੰਦਾ ਸੀ। ਭਾਈ ਗਿਆਨ ਸਿੰਘ ਗਤਕੇ ਦਾ ਇੰਨਾ ਮਾਹਿਰ ਸੀ ਚਾਰ ਚੁਫੇਰਿਓਂ ਚੱਲ ਰਹੀਆਂ ਤੇਗਾਂ ਨੂੰ ਵੀ ਰੋਕ ਲੈਂਦਾ ਸੀ ਅਤੇ ਵਾਹਣ ਵਿੱਚ ਖੜਾ ਹੋ ਕੇ ਵੀ ਕਿਸੇ ਪਾਸਿਓਂ ਢੇਮ ਸਰੀਰ 'ਤੇ ਨਹੀਂ ਸੀ ਲੱਗਣ ਦੇਂਦਾ। ਉਸ ਨੇ ਚੈਲੰਜ ਰੱਖਿਆ ਸੀ ਕਿ ਜੇਕਰ ਇਕ ਕਿੱਲੇ 'ਤੇ ਖੜ੍ਹ ਕੇ ਥਰੀ ਨਟ ਥਰੀ ਰਾਈਫਲ ਨਾਲ ਗੋਲੀ ਚਲਾਉਣ ਵਾਲੇ ਦੇ ਕੋਲ ਵਰ੍ਹਦੀ ਗੋਲੀ ਵਿੱਚ ਜੇ ਮੈਂ ਪਹੁੰਚ ਜਾਵਾਂ ਉਸ ਦਾ ਸਿਰ ਵੱਢ ਲਵਾਂਗਾ ਪਰ ਕਿਸੇ ਨੇ ਵੀ ਇਹ ਚੈਲੰਜ ਨਹੀਂ ਸੀ ਮੰਨਿਆ। ਪਿੰਡ ਦੇ ਹੋਣ ਕਰਕੇ ਭਾਈ ਲੱਖਾ ਸਿੰਘ ਤੇ ਭਾਈ ਮੇਜਰ ਸਿੰਘ ਦਾ ਭਾਈ ਗਿਆਨ ਸਿੰਘ ਨਾਲ ਕਾਫ਼ੀ ਪ੍ਰੇਮ ਤੇ ਨੇੜ ਸੀ। ਇਹ ਦੋਵੇਂ ਸਿੰਘ ਨਿਰੰਕਾਰੀ ਮੁਖੀ ਨੂੰ ਸੋਧਣ ਲਈ ਯੋਜਨਾ ਬਣਾਉਣ ਲਈ ਰਣਜੀਤ ਅਖਾੜਾ ਦਿੱਲੀ ਵਿਖੇ ਭਾਈ ਗਿਆਨ ਸਿੰਘ ਨਾਗੋਕੇ ਕੋਲ ਪਹੁੰਚ ਗਏ। ਭਾਈ ਰਣਜੀਤ ਸਿੰਘ ਵੀ ਰਣਜੀਤ ਅਖਾੜੇ ਭਾਈ ਗਿਆਨ ਸਿੰਘ ਤੋਂ ਗਤਕਾਬਾਜ਼ੀ ਸਿੱਖਦਾ ਰਿਹਾ ਸੀ ਤੇ ਨਿਰੰਕਾਰੀ ਭਵਨ ਵਿੱਚ ਤਰਖਾਣਾ ਕੰਮ ਕਰਦਾ ਹੁੰਦਾ ਸੀ।

ਭਾਈ ਗਿਆਨ ਸਿੰਘ ਨਾਗੋਕੇ ਨੇ ਕੁਝ ਸਮਾਂ ਮੰਗਿਆ। ਕੁਝ ਦਿਨਾਂ ਦੇ ਅੰਦਰ ਹੀ ਭਾਈ ਰਣਜੀਤ ਸਿੰਘ ਨਾਲ ਗੱਲਬਾਤ ਹੋ ਗਈ ਅਤੇ ਭਾਈ ਰਣਜੀਤ ਸਿੰਘ ਇਸ ਕੰਮ ਲਈ ਤਿਆਰ ਹੋ ਗਿਆ। ਭਾਈ ਰਣਜੀਤ ਸਿੰਘ ਅਤੇ ਭਾਈ ਗਿਆਨ ਸਿੰਘ ਨਾਗੋਕੇ ਨੂੰ ਨਾਲ ਲੈ ਕੇ ਭਾਈ ਮੇਜਰ ਸਿੰਘ ਨਾਗੋਕੇ ਅਤੇ ਭਾਈ ਲੱਖਾ ਸਿੰਘ ਨਾਗੋਕੇ ਗੁਰਦੁਆਰਾ ਗੁਰਦਰਸ਼ਨ ਮਹਿਤੇ ਸੰਤ ਜਰਨੈਲ ਸਿੰਘ ਪਾਸ ਪਹੁੰਚ ਗਏ। ਸੰਤਾਂ ਨੇ ਕਿਹਾ ਕਿ ਉਸ ਦਾ ਸਿਰ ਵੱਢ ਕੇ ਲਿਆਉਣਾ ਹੈ। ਸੰਤਾਂ ਨੂੰ ਮਿਲ ਕੇ ਭਾਈ ਰਣਜੀਤ ਸਿੰਘ ਅਤੇ ਭਾਈ ਗਿਆਨ ਸਿੰਘ ਨਾਗੋਕੇ ਵਾਪਸ ਦਿੱਲੀ ਚਲੇ ਗਏ ਅਤੇ ਭਾਈ ਰਣਜੀਤ ਸਿੰਘ ਨੇ ਤਿਆਰੀ ਸ਼ੁਰੂ ਕਰ ਦਿੱਤੀ। ਭਾਈ ਰਣਜੀਤ ਸਿੰਘ ਨੇ ਨਿਰੰਕਾਰੀ ਭਵਨ ਵਿੱਚ ਜਾਣ ਲਈ ਭਾਈ ਗਿਆਨ ਸਿੰਘ ਦਾ ਪਾਸ ਵੀ ਬਣਾ ਲਿਆ। ਭਾਈ ਗਿਆਨ ਸਿੰਘ ਦੋ ਕੁ ਵਾਰੀ ਰਣਜੀਤ ਸਿੰਘ ਨਾਲ ਨਿਰੰਕਾਰੀ ਭਵਨ ਵਿੱਚ ਵੀ ਗਿਆ। ਭਾਈ ਰਣਜੀਤ ਸਿੰਘ ਨੇ ਗਰਿੱਲਾਂ ਵੱਢ ਕੇ ਮੁਖੀ ਦੇ ਬੈਡਰੂਮ ਤੱਕ ਆਉਣ ਜਾਣ ਦਾ ਗੁਪਤ ਰਸਤਾ ਬਣਾ ਲਿਆ ਅਤੇ ਲੱਕੜ ਦੀ ਚੁਗਾਠ ਵਿੱਚ ਜਗ੍ਹਾ ਬਣਾ ਕੇ ਕਾਰਬਾਈਨ ਵੀ ਲੈ ਗਿਆ ਪਰ ਉਸ ਦਾ ਗੰਨਮੈਨ ਪ੍ਰਤਾਪ ਸਿੰਹੁ ਸਾਰੀ ਰਾਤ ਜਾਗ ਕੇ ਪਹਿਰਾ ਦਿੰਦਾ ਸੀ ਅਤੇ ਥੋੜੀ ਜਿੰਨੀ ਵੀ ਅਣਗਹਿਲੀ ਨਹੀਂ ਸੀ ਵਰਤਦਾ। ਕਹਿੰਦੇ ਸਨ ਕਿ ਉਹ ਪ੍ਰਤਾਪ ਸਿੰਹੁ ਪਹਿਲਾਂ ਮਿਲਖਾ ਸਿੰਹੁ ਡਾਕੂ ਦਾ ਗੰਨਮੈਨ ਹੁੰਦਾ ਸੀ। ਫਿਰ ਇਹ ਪੇਸ਼ ਹੋ ਗਿਆ ਤੇ ਕੇਸ ਵਾਪਸ ਲਏ ਜਾਣ ਜਾਂ ਖਤਮ ਹੋ ਜਾਣ ਮਗਰੋਂ ਇਹ ਨਿਰੰਕਾਰੀ ਮੁਖੀ ਦਾ ਨਿੱਜੀ ਗੰਨਮੈਨ ਬਣ ਗਿਆ। ਇਸ ਦੀ ਯੋਗਤਾ ਨੂੰ ਵੇਖ ਕੇ ਨਿਰੰਕਾਰੀ ਮੁਖੀ ਨੇ ਇਸਨੂੰ ਆਪਣੀ ਸਕਿਓਰਟੀ ਫੋਰਸ ਦਾ ਕਮਾਂਡਰ ਬਣਾ ਦਿੱਤਾ।

ਸਿੰਘ ਕਈ ਦਿਨ ਯਤਨ ਕਰਦੇ ਰਹੇ। ਅਖੀਰ ਮਿਤੀ 24-4-1980 ਨੂੰ ਇਸ ਦਾ ਅੰਤ ਆ ਗਿਆ। ਭਾਈ ਰਣਜੀਤ ਸਿੰਘ, ਭਾਈ ਨਿਰੰਤਰ ਸਿੰਘ ਉਰਫ਼ ਭਾਈ ਕਾਬਲ ਸਿੰਘ ਅਤੇ ਭਾਈ ਦਲਬੀਰ ਸਿੰਘ ਕਾਰਬਾਈਨ ਲੈ ਕੇ ਫੀਅਟ ਕਾਰ 'ਤੇ ਸਵਾਰ ਹੋ ਕੇ ਇਸ ਨੂੰ ਸੋਧਣ ਲਈ ਚੱਲ ਪਏ। ਸਿੰਘਾਂ ਨੂੰ ਇਸ ਦੇ ਆਉਣ ਦੇ ਸਮੇਂ ਦੀ ਸੂਹ ਸੀ। ਭਾਈ ਕਾਬਲ ਸਿੰਘ, ਭਾਈ ਦਲਬੀਰ ਸਿੰਘ ਭਵਨ ਦੇ ਬਾਹਰ ਖੜੇ ਹੋ ਗਏ ਅਤੇ ਭਾਈ ਰਣਜੀਤ ਸਿੰਘ ਅੰਦਰ ਚਲਾ ਗਿਆ। ਸ਼ਾਮ ਨੂੰ ਜਦੋਂ ਸਿੰਘਾਂ ਦਾ ਕਾਤਲ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਆਪਣੀ ਘਰ ਵਾਲੀ ਤੇ ਗੰਨਮੈਨ ਪ੍ਰਤਾਪ ਸਿੰਹੁ ਨਾਲ ਭਵਨ 'ਚ ਗਿਆ ਤਾਂ ਭਾਈ ਰਣਜੀਤ ਸਿੰਘ ਨੇ ਕਾਰਨਾਮਾ ਕਰ ਦਿੱਤਾ। ਪਹਿਲਾਂ ਪ੍ਰਤਾਪ ਸਿੰਹੁ ਗੰਨਮੈਨ 'ਤੇ ਗੋਲੀ ਮਾਰੀ ਤੇ ਫਿਰ ਗੁਰਬਚਨ ਸਿੰਹੁ 'ਤੇ, ਦੋਵੇਂ ਲੋਟਣੀ ਖਾ ਕੇ ਜ਼ਮੀਨ 'ਤੇ ਡਿੱਗ ਪਏ। ਅਚਾਨਕ ਇਕ ਗੋਲੀ ਨਿਰੰਕਾਰੀ ਮੁਖੀ ਦੀ ਘਰਵਾਲੀ ਦੀ ਲੱਤ ਵਿੱਚ ਵੀ ਲੱਗ ਗਈ। ਲੋਕਾਂ ਨੂੰ ਨਿਰੰਕਾਰ ਦੇ ਦਰਸ਼ਨ ਕਰਾਉਣ ਦਾ ਛਲ ਕਰਨ ਵਾਲਾ ਨਿਰੰਕਾਰੀ ਮੁਖੀ ਖੁਦ ਮੌਤ ਦੇ ਮੂੰਹ ਵਿੱਚ ਪੈ ਗਿਆ। ਸਿੰਘਾਂ ਨੇ ਆਪਣਾ ਕਾਰਨਾਮਾ ਦਿਖਾ ਕੇ ਸਿੱਖ ਕੌਮ ਨੂੰ ਇਨਸਾਫ਼ ਦੇ ਦਿੱਤਾ ਜਿਹੜਾ ਹਿੰਦੁਸਤਾਨ ਦੀ ਨਿਆਂਪਾਲਿਕਾ ਤੋਂ ਨਹੀਂ ਸੀ ਮਿਲਿਆ। ਭਵਨ ਦੇ ਬਾਹਰ ਪਿਛਲੇ ਪਾਸੇ ਖੜੀ ਫੀਅਟ ਕਾਰ ਵਿੱਚ ਬੈਠ ਕੇ ਸਿੰਘ ਨਿਕਲ ਗਏ।

ਨਿਰੰਕਾਰੀਆਂ ਨੂੰ ਭਵਨ ਵਿੱਚੋਂ ਰਣਜੀਤ ਸਿੰਘ ਦੇ ਗਾਇਬ ਹੋਣ ਦਾ ਉਸੇ ਵੇਲੇ ਹੀ ਪਤਾ ਲੱਗ ਗਿਆ ਅਤੇ ਨਿਰੰਕਾਰੀ ਮੁਖੀ ਨੂੰ ਸੋਧਣ ਦਾ ਸ਼ੱਕ ਤੁਰੰਤ ਉਸ 'ਤੇ ਹੀ ਗਿਆ। ਸਾਰੇ ਪਾਸੇ ਰੈਡ ਅਲਰਟ ਹੋ ਗਿਆ ਅਤੇ ਥਾਂ-ਥਾਂ ਪੁਲਿਸ ਚੌਕਸ ਹੋ ਗਈ। ਸਿੰਘਾਂ ਨੇ ਸੁਰੱਖਿਅਤ ਨਿਕਲਣ ਲਈ ਕਾਰਬਾਈਨ ਜਮਨਾ ਵਿੱਚ ਸੁੱਟ ਦਿੱਤੀ ਅਤੇ ਆਪ ਸਹੀ ਸਲਾਮਤ ਨਿਕਲ ਗਏ। ਸਿੰਘਾਂ ਦੇ ਕਾਰਨਾਮੇ ਨਾਲ ਦਿੱਲੀ ਹਿੱਲ ਗਈ ਅਤੇ ਅਖੌਤੀ ਨਿਰੰਕਾਰੀ ਥਰ-ਥਰ ਕੰਬਣ ਲੱਗੇ ਪਏ।

ਭਾਈ ਗਿਆਨ ਸਿੰਘ ਨਾਗੋਕੇ ਇਹ ਸੋਚ ਕੇ ਦਿੱਲੀ ਹੀ ਰਿਹਾ ਕਿ ਰਣਜੀਤ ਸਿੰਘ ਤਾਂ ਨਿਕਲ ਗਿਆ ਹੈ ਉਸ 'ਤੇ ਕਿਸੇ ਨੂੰ ਸ਼ੱਕ ਨਹੀਂ ਪੈਣਾ। ਪਰ ਨਿਰੰਕਾਰੀ ਭਵਨ ਵਿੱਚ ਉਸਦੀ ਰਣਜੀਤ ਸਿੰਘ ਨਾਲ ਦੋ ਕੁ ਵਾਰੀ ਇੰਟਰੀ ਹੋਣ ਕਾਰਨ ਪੁਲਿਸ ਨੇ ਉਸ ਨੂੰ ਦਿੱਲੀ ਤੋਂ ਹੀ ਫੜ ਲਿਆ। ਜਾਪਦਾ ਹੈ ਕਿ ਉਹ ਅਕਹਿ ਤੇ ਅਸਹਿ ਤਰੀਕਿਆਂ ਨਾਲ ਹਿਰਾਸਤ ਵਿੱਚ ਹੀ ਸ਼ਹੀਦ ਹੋ ਗਿਆ ਸੀ। ਇਸ ਕਾਰਣ ਉਸ ਦੀ ਉਘ-ਸੁਘ ਹੀ ਨਹੀਂ ਕੱਢੀ ਗਈ। ਗਿਆਨ ਸਿੰਘ ਦੀ ਘਰਵਾਲੀ, ਬੱਚੇ ਅਤੇ ਅਖਾੜੇ ਦੇ ਲੋਕ ਉਸ ਦੇ ਫੜੇ ਜਾਣ ਦੇ ਤਾਂ ਚਸ਼ਮਦੀਦ ਗਵਾਹ ਹਨ, ਪਰ ਉਸ ਤੋਂ ਬਾਅਦ ਉਸ ਨਾਲ ਕੀ ਅਤੇ ਕਿਵੇਂ ਵਾਪਰਿਆ ਵਾਹਿਗੁਰੂ ਹੀ ਜਾਣਦਾ ਹੈ।

ਭਾਈ ਦਲਬੀਰ ਸਿੰਘ ਅਤੇ ਭਾਈ ਕਾਬਲ ਸਿੰਘ ਜੂਨ 1984 ਦੇ ਫ਼ੌਜੀ ਹਮਲੇ ਸਮੇਂ ਹਿੰਦ ਫ਼ੌਜ ਨੂੰ ਲੋਹੇ ਦੇ ਚਣੇ ਚਬਾਉਂਦੇ ਹੋਏ ਸ਼ਹੀਦ ਹੋ ਗਏ ਅਤੇ ਭਾਈ ਰਣਜੀਤ ਸਿੰਘ 'ਤੇ ਕੇਸ ਚੱਲਿਆ ਤੇ ਉਮਰ ਕੈਦ ਦੀ ਸਜ਼ਾ ਹੋਈ। ਪੰਥ ਨੇ ਭਾਈ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਨਾਲ ਸਨਮਾਨਿਆ ਤੇ ਸਤਿਕਾਰ ਦਿੱਤਾ, ਪਰ ਨਿਰੰਕਾਰੀਆਂ ਨੂੰ ਸਿੰਘਾਂ ਦੇ ਲਹੂ ਵਿੱਚ ਨਹਾਉਣ ਲਈ ਅੰਮ੍ਰਿਤਸਰ ਸੰਮੇਲਨ ਕਰਨ ਲਈ ਆਪਣੀ ਸਰਕਾਰ ਵੱਲੋਂ ਪ੍ਰਵਾਨਗੀ ਦੇਣ ਵਾਲੇ ਬਾਦਲ ਨੂੰ ਇਹ ਕਿਵੇਂ ਰਾਸ ਆ ਸਕਦਾ ਸੀ ਕਿ ਭਾਈ ਰਣਜੀਤ ਸਿੰਘ ਅਕਾਲ ਤਖ਼ਤ ਦਾ ਜਥੇਦਾਰ ਰਹੇ ਅਤੇ ਉਸਦੀਆਂ ਪੰਥ ਵਿਰੋਧੀ ਕਾਰਵਾਈਆਂ ਨੂੰ ਰੋਕੇ। ਬਾਦਲ ਨੇ ਆਪਣੀ ਸੱਤਾ ਦੀ ਤਾਕਤ ਵਰਤੀ ਅਤੇ ਹਿੰਦੂਤਵੀਆਂ ਤੇ ਪੰਥ ਦੋਖੀਆਂ ਨੂੰ ਖੁਸ਼ ਕਰਨ ਲਈ ਭਾਈ ਰਣਜੀਤ ਸਿੰਘ ਨੂੰ ਇਸ ਪੰਥਕ ਪਦਵੀ ਤੋਂ ਲਾਹ ਦਿੱਤਾ। ਕੌਮ ਨੂੰ ਜਿਵੇਂ ਇਹਨਾਂ ਸਿਰਲੱਥ ਯੋਧਿਆਂ ਦੇ ਕਾਰਨਾਮੇ 'ਤੇ ਫ਼ਖਰ ਹੈ ਉਥੇ ਬਾਦਲ ਦੀ ਪੰਥ ਵਿਰੋਧੀ ਸੋਚ 'ਤੇ ਗੁੱਸਾ ਹੈ।

ਘੱਲੂਘਾਰਾ ਨੀਲਾ ਤਾਰਾ ਪਿੱਛੇ ਕਾਂਗਰਸ ਅਤੇ ਭਾਜਪਾ ਦੀ ਸਾਂਝੀ ਭੂਮਿਕਾ

(ਜ਼ਿਕਰ ਯੋਗ ਹੈ ਕਿ ਆਮ ਸਿੱਖ ਜੋ ਕਿ ਜੂਨ 1984 ਦੇ ਘੱਲੂਘਾਰੇ ਵਿੱਚ ਕੇਵਲ ਭਾਰਤ ਦੀ ਇਕ ਰਾਜਨੀਤਕ ਪਾਰਟੀ ਕਾਂਗਰਸ ਨੂੰ ਹੀ ਕੇਵਲ ਦੋਸ਼ੀ ਸਮਝਦਾ ਹੈ, ਉਹ ਇਸ ਘੱਲੂਘਾਰੇ ਵਿੱਚ ਭਾਜਪਾ ਦੀ ਭੂਮਿਕਾ ਤੋਂ ਅਣਜਾਣ ਹੈ ਜਦੋਂ ਕਿ ਭਾਜਪਾ ਅਤੇ ਕਾਂਗਰਸ ਇਕੋ ਹੀ ਸਿੱਕੇ ਦੇ ਦੋ ਪਹਿਲੂ ਹਨ ਅਤੇ ਸਿੱਖਾਂ ਪ੍ਰਤੀ ਇਹਨਾਂ ਦੀ ਫ਼ਿਰਕੂ ਸੋਚ ਵਿੱਚ ਕੋਈ ਅੰਤਰ ਨਹੀਂ ਹੈ—ਡਾ: ਸੁਖਪ੍ਰੀਤ ਸਿੰਘ ਉਦੋਕੇ)

ਘੱਲੂਘਾਰਾ ਨੀਲਾ ਤਾਰਾ ਤੋਂ ਬਾਅਦ ਸਿੱਖ ਸੰਘਰਸ਼ ਦੇ ਚੜ੍ਹਾਅ ਅਤੇ ਉਤਰਾਅ ਦੇ ਕਾਰਨਾਂ ਦਾ ਅਧਿਐਨ ਕਰੀਏ ਤਾਂ ਕਈ ਪੱਖਾਂ ਨੂੰ ਬੜੀ ਸੂਖ਼ਮਤਾ ਨਾਲ ਵਿਚਾਰਨਾ ਪਵੇਗਾ। ਵੈਸੇ ਤਾਂ ਆਜ਼ਾਦੀ ਦੇ ਸੰਘਰਸ਼ (1947) ਤੋਂ ਪਹਿਲਾਂ ਅਤੇ ਬਾਅਦ ਵਿੱਚ ਸਿੱਖ ਲੀਡਰਸ਼ਿਪ ਦੇ ਰੋਸ਼ਨ ਦਿਮਾਗ਼ ਵਿਚ ਇਕ ਬੜੀ ਵੱਡੀ ਘਾਟ ਰਹੀ ਹੈ ਕਿ ਸਿੱਖ ਦੋਸਤ ਅਤੇ ਦੁਸ਼ਮਣ ਦੀ ਸ਼ਨਾਖਤ ਕਰਨ ਪ੍ਰਤੀ ਬਹੁਤ ਅਵੇਸਲਾਪਨ ਵਰਤਦੇ ਹਨ। ਕੇਵਲ ਕੋਈ ਹਮਦਰਦੀ ਦੇ ਚਾਰ ਸ਼ਬਦ ਕਹਿ ਦੇਵੇ ਇਹ ਪਿੱਛੇ ਲੱਗ ਤੁਰਦੇ ਹਨ ਪੂੰਜ ਸ਼ਬਦਾਂ ਪਿਛਲੇ ਸਵਾਰਥ ਵੱਲ ਝਾਤੀ ਮਾਰਨ ਦਾ ਯਤਨ ਨਹੀਂ ਕਰਦੇ। ਦਰਅਸਲ ਕਿਸੇ ਦਾ ਇਕ ਪਹਿਲੂ ਉਸਦੀ ਸਮੁੱਚੀ ਵਿਚਾਰਧਾਰਾ ਦਾ ਜ਼ਾਮਨ ਨਹੀਂ ਹੁੰਦਾ ਅਤੇ ਕੇਵਲ ਇਕ ਪੱਖ ਤੋਂ ਹੀ ਸਮੁੱਚੀ ਸ਼ਖ਼ਸੀਅਤ, ਹਮਦਰਦੀ ਅਤੇ ਭਾਵਨਾ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਮੌਜੂਦਾ ਸੰਘਰਸ਼ (1978 ਈ.) ਦੇ ਸਮੇਂ ਤੋਂ ਲੈ ਕੇ ਹੁਣ ਤੱਕ ਇਹ ਸਮੱਸਿਆ ਜਿਉਂ ਦੀ ਤਿਉਂ ਖੜ੍ਹੀ ਹੈ। ਕੇਵਲ ਇਸ ਸਮੇਂ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਦਾ ਸਮਾਂ ਐਸਾ ਸੁਨਹਿਰੀ ਕਾਲ ਹੈ ਜਦੋਂ ਨੌਜਵਾਨੀ ਸੰਤਾਂ ਦੀ ਅਧੀਨਗੀ ਸਵੀਕਾਰ ਕਰਕੇ ਪੰਥਕ ਦੁਸ਼ਮਣਾਂ ਤੋਂ ਪ੍ਰਹੇਜ਼ਗਾਰੀ ਕਰ ਰਹੀ ਸੀ। ਸੰਘਰਸ਼ ਤੋਂ ਬਾਅਦ ਨੁਕਸਾਨ-ਦਰ-ਨੁਕਸਾਨ ਦੀ ਲਹਿਰ ਆਰੰਭ ਹੈ। ਬਹੁਤੇਰੀਆਂ ਖਾੜਕੂ ਧਿਰਾਂ ਜੋ ਹੁਣ ਗਰਮ- ਖਿਆਲੀ ਵਿਚਾਰਧਾਰਾ ਦਾ ਤਿਆਗ ਕਰ ਰਾਜਨੀਤਕ ਪਿੜ ਵਿਚ ਸਥਾਪਤੀ ਲਈ ਯਤਨਸ਼ੀਲ ਹਨ ਅਜੇ ਤੱਕ ਉਹ ਵੀ ਇਹ ਸ਼ਨਾਖਤ ਕਰਨ ਨੂੰ ਤਿਆਰ ਨਹੀਂ ਕਿ ਅਸੀਂ ਦੁਸ਼ਮਣ ਅਤੇ ਦੋਸਤਾਂ ਵਿਚ ਨਿਖੇੜਾ ਰੱਖਣਾ ਹੈ।

ਰਾਜਨੀਤਕ ਤੌਰ 'ਤੇ ਸਥਾਪਿਤ ਅਖੌਤੀ ਪੰਥਕ ਪਾਰਟੀ (ਸ਼੍ਰੋ. ਅਕਾਲੀ ਦਲ) ਅਤੇ

ਇਸ ਦਾ ਵਿਰੋਧੀ ਗਰਮ ਦਲ (ਸਥਾਪਤੀ ਦੀ ਕੋਸ਼ਿਸ਼ ਵਿਚ) ਭਾਜਪਾ ਅਤੇ ਕਾਂਗਰਸ ਨਾਲ ਸੰਬੰਧਾਂ ਵਿੱਚ ਯਕੀਨ ਰੱਖਦੇ ਹਨ। ਗਰਮਦਲੀ ਸਿਆਸਤਦਾਨਾਂ ਅਤੇ ਅਕਾਲੀਆਂ (ਸਥਾਪਿਤ ਦਲ ਵਿਰੋਧੀਆਂ) ਦੀ ਸੋਚ ਹੈ ਕਿ ਸ਼ਾਇਦ ਉਹ ਕਾਂਗਰਸ ਦੀ ਮਦਦ ਨਾਲ ਪੰਜਾਬ ਦੀ ਰਾਜਨੀਤਕ ਸੱਤਾ ਉਪਰ ਕਾਬਜ਼ ਹੋ ਜਾਣਗੇ ਅਤੇ ਰਵਾਇਤੀ (ਸ਼੍ਰੋਮਣੀ ਅਕਾਲੀ ਦਲ) ਲੀਡਰਸ਼ਿਪ ਸੋਚਦੀ ਹੈ ਕਿ ਸ਼ਾਇਦ ਉਹ ਆਪਣੀ ਹਿਮਾਇਤੀ ਰਾਜਨੀਤਕ ਪਾਰਟੀ (ਬੀ.ਜੇ.ਪੀ.) ਨਾਲ ਯਾਰੀ ਨਿਭਾ ਕੇ ਹਮੇਸ਼ਾ ਹੀ ਰਾਜਨੀਤਕ ਸੱਤਾ ਦਾ ਆਨੰਦ ਮਾਣਦੀ ਰਹੇਗੀ।

ਜੇਕਰ ਬੀਤੇ ਵਿੱਚ ਵਾਪਰੀਆਂ ਘਟਨਾਵਾਂ ਅਤੇ ਸਮੇਂ-ਸਮੇਂ ਦੌਰਾਨ ਖੁਲ੍ਹ ਰਹੀਆਂ ਰਾਜਨੀਤਕ ਪਰਤਾਂ ਦਾ ਅਧਿਐਨ ਕਰੀਏ ਤਾਂ ਸਪੱਸ਼ਟ ਨਜ਼ਰੀਂ ਪੈਂਦਾ ਹੈ ਕਿ ਦੋਵੇਂ ਧਿਰਾਂ ਹੀ ਗਲਤ-ਫ਼ਹਿਮੀ ਵਿੱਚ ਹਨ। ਦੋਵੇਂ ਹੀ ਕੇਂਦਰੀ ਪਾਰਟੀਆਂ (ਕਾਂਗਰਸ ਅਤੇ ਬੀ.ਜੇ.ਪੀ.) ਸਿੱਖ ਕੌਮ ਦੀ ਗੱਦੀ ਦੀ ਹਵਸ ਦੇ ਤਵੇ ਉਪਰ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੀਆਂ ਹਨ। ਦੋਵੇਂ ਹੀ ਰਵਾਇਤੀ ਅਤੇ ਗਰਮ ਦਲ ਨੂੰ ਵਰਤ ਕੇ ਆਪਣਾ ਆਧਾਰ ਸਥਾਪਤੀ ਲਈ ਜ਼ੋਰ ਲਗਾ ਰਹੀਆਂ ਹਨ। ਕਾਂਗਰਸ ਸਿੱਖੀ ਦਾ ਲਿਬਾਸ ਪ੍ਰਗਟਾ ਕਰਕੇ ਆਪਣੀਆਂ ਕੀਤੀਆਂ ਗਲਤੀਆਂ ਤੋਂ ਕੌਮ ਦਾ ਧਿਆਨ ਲਾਂਭੇ ਕਰਨਾ ਚਾਹੁੰਦੀ ਹੈ ਅਤੇ ਬੀ.ਜੇ.ਪੀ. ਅਕਾਲੀ ਦਲ ਨੂੰ ਅਧਾਰਸ਼ਿਲਾ ਬਣਾ ਕੇ ਪੰਜਾਬ ਵਿੱਚ ਆਪਣਾ ਹਿੰਦੂਤਵੀ ਏਜੰਡਾ ਲਾਗੂ ਕਰਨਾ ਚਾਹੁੰਦੀ ਹੈ।

ਜੇਕਰ ਦੋਹਾਂ ਪਾਰਟੀਆਂ ਦੇ ਅੰਦਰ ਛਿਪੇ ਤੁਅੱਸਬ ਅਤੇ ਹਿੰਦੂਤਵੀ ਨੀਤੀਆਂ ਦੇ ਫੈਲਾਅ ਦੀ ਤੀਬਰ ਤਾਂਘ ਦਾ ਅਧਿਐਨ ਕਰੀਏ ਦੋਵੇਂ ਹੀ ਸਿੱਖ ਵਿਰੋਧੀ ਹਨ ਅਤੇ ਹਿੰਦੂਤਵ ਦੇ ਫੈਲਾਅ ਲਈ ਇਕ ਦੂਸਰੇ ਦੀਆਂ ਪੂਰਕ ਹਨ। ਜ਼ਰਾ ਘੋਖੀਏ ਤਾਂ ਪਤਾ ਲੱਗਦੈ, ਇਕ ਹਰਿਮੰਦਰ 'ਤੇ ਹਮਲਾ ਕਰਦਾ (ਕਾਂਗਰਸ) ਤੇ ਦੂਸਰਾ (ਬੀ.ਜੇ.ਪੀ.) ਦੇਰ ਨਾਲ ਕੀਤੀ ਦਰੁਸਤ ਕਾਰਵਾਈ ਕਹਿੰਦੈ। ਕੌਮ ਹਮਲੇ ਦਾ ਬਦਲਾ ਲੈਂਦੀ ਤਾਂ ਬੀ.ਜੇ.ਪੀ. ਇੰਦਰਾ ਗਾਂਧੀ ਨੂੰ ਇਸ ਸਦੀ ਦੀ ਦੁਰਗਾ ਦੇਵੀ ਆਖਦੀ। ਇਕ ਸਮੁੱਚੇ ਦੇਸ਼ ਨੂੰ ਸਿੱਖਾਂ ਦੇ ਕਤਲੇਆਮ ਦਾ ਖੁੱਲ੍ਹਾ ਸੱਦਾ ਦਿੰਦਾ ਕਹਿੰਦਾ,

ਮਾਰੋ ਸਰਦਾਰੋਂ ਕੋ, ਦੇਸ਼ ਕੇ ਗੱਦਾਰੋਂ ਕੋ।

ਤੇ ਦੂਸਰਾ (ਬੀ.ਜੇ.ਪੀ.) ਆਪਣੀਆਂ ਹਥਿਆਰਬੰਦ ਸੈਨਾਵਾਂ (ਸ਼ਿਵ ਸੈਨਾ, ਬਜਰੰਗ ਦਲ) 'ਦੇਸ਼ ਦੇ ਗੱਦਾਰਾਂ' (ਸਿੱਖਾਂ) ਨੂੰ ਕਤਲ ਕਰਨ ਲਈ ਕੂਚ ਦਾ ਹੁਕਮ ਦਿੰਦਾ ਹੈ। (ਵੇਖੋ ਪ੍ਰਤਿਪਕਸ਼ ਮਾਸਿਕ ਪੱਤਰ ਦਿੱਲੀ ਜਿਸ ਵਿੱਚ ਸਿੱਖਾਂ ਦੇ ਕਤਲੇਆਮ ਵਿੱਚ ਆਰ.ਐਸ.ਐਸ. ਦੀ ਸ਼ਮੂਲੀਅਤ ਦਾ ਜ਼ਿਕਰ ਹੈ।)

ਸਿੱਖ ਜੂਨ ਚੁਰਾਸੀ ਦੇ ਘੱਲੂਘਾਰੇ ਦੀ ਸੋਗਮਈ ਯਾਦ ਮਨਾਉਂਦੇ ਹਨ ਅਤੇ ਹਿੰਦੂਤਵੀ (ਕਾਂਗਰਸ+ਬੀ.ਜੇ.ਪੀ.) ਇਸ ਹਮਲੇ ਵਿੱਚ ਮਾਰੇ ਗਏ ਫ਼ੌਜੀਆਂ ਦੀ ਯਾਦ ਵਿੱਚ ਹਵਨ ਕਰਦੇ ਹਨ।

ਸਿੱਖ ਕੌਮ ਅਜੇ ਵੀ ਅਵੇਸਲੀ ਬੈਠੀ ਹੈ ਅਤੇ ਰਾਜਨੀਤਕ ਧੜੇਬੰਦੀ ਕੇਵਲ ਸਿਆਸੀ ਸਵਾਰਥਾਂ ਦੀ ਪੂਰਤੀ ਤੋਂ ਵੱਧ ਕੁੱਝ ਵੀ ਨਹੀਂ। ਪਿਛਲੇ ਸਮੇਂ ਅਡਵਾਨੀ ਵੱਲੋਂ

ਲਿਖੀ ਕਿਤਾਬ 'ਮੇਰਾ ਦੇਸ਼, ਮੇਰੀ ਜ਼ਿੰਦਗੀ' (My Country, My Life) ਵਿੱਚ ਹਿੰਦੂਤਵ ਦਾ ਏਜੰਡਾ ਅਤੇ ਸਿੱਖ ਕੌਮ ਪ੍ਰਤੀ ਸੋਚ ਬੇਨਕਾਬ ਹੋਈ ਹੈ। ਕਿਤਾਬ ਦਾ ਵਿਧੀਅਤ ਅਧਿਐਨ ਕਰਨ ਤੋਂ ਪਹਿਲਾਂ ਮੈਂ ਇਕ ਬੇਨਤੀ ਜੋ ਹਮੇਸ਼ਾ ਹੀ ਸਿੱਖ ਵੀਰਾਂ ਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ :

"ਸਿੱਖ ਦੀ ਗਰਦਨ 'ਤੇ ਲਟਕਦੀ ਹਿੰਦੂਤਵੀ ਤਲਵਾਰ ਦਾ ਮਿਆਨ ਭਾਵੇਂ ਤਿਰੰਗਾ (ਕਾਂਗਰਸੀ) ਹੋਵੇ ਜਾਂ ਭਗਵਾਂ (ਬੀ.ਜੇ.ਪੀ.), ਉਸ ਦਾ ਨਿਸ਼ਾਨਾ ਕੇਵਲ ਸਿੱਖੀ ਦੀ ਗ਼ੈਰਤ ਦਾ ਘਾਣ ਹੈ।"

ਬਹੁਤ ਸਮਾਂ ਆਪਣੇ ਆਪ ਨੂੰ ਭਵਿੱਖ ਦਾ ਪ੍ਰਧਾਨ ਮੰਤਰੀ ਸਮਝੀ ਬੈਠੇ ਐਲ.ਕੇ. ਅਡਵਾਨੀ ਦੀ ਕਿਤਾਬ 'ਮੇਰਾ ਦੇਸ਼, ਮੇਰੀ ਜ਼ਿੰਦਗੀ' (My Country My Life) ਰਿਲੀਜ਼ ਹੋਈ ਸੀ। ਇਸ ਕਿਤਾਬ ਵਿੱਚੋਂ ਅਡਵਾਨੀ ਦਾ ਘੱਟ-ਗਿਣਤੀਆਂ ਪ੍ਰਤੀ ਵਿਅਕਤੀਗਤ ਰਵੱਈਆ ਜੋ ਘ੍ਰਿਣਾ ਭਰਿਆ ਹੈ, ਪ੍ਰਗਟ ਹੁੰਦਾ ਹੈ ਅਤੇ ਇਸ ਕਿਤਾਬ ਵਿੱਚ ਸਤਹੀ ਪੱਧਰ ਦੀਆਂ ਕਈ ਗਲਤੀਆਂ ਹਨ। ਜ਼ਿਕਰਯੋਗ ਹੈ ਕਿ ਬੀ.ਜੇ.ਪੀ. ਦੀ ਘੱਟ-ਗਿਣਤੀਆਂ ਅਤੇ ਹਿੰਦੂਆਂ ਪ੍ਰਤੀ ਸੰਗਠਿਤ ਸੋਚ ਦਾ ਪ੍ਰਗਟਾਵਾ ਤਾਂ ਹਜ਼ਾਰਾਂ ਪ੍ਰਕਾਸ਼ਨਾਵਾਂ ਅਤੇ ਦੰਗਿਆਂ, ਕਤਲੇਆਮਾਂ ਦੌਰਾਨ ਹੋ ਚੁੱਕਾ ਹੈ।

ਜੇਕਰ ਅਡਵਾਨੀ ਦੀ ਇਸ ਕਿਤਾਬ ਦਾ ਅਧਿਐਨ ਕਰੀਏ ਤਾਂ ਕੋਈ ਸਵੈ-ਜੀਵਨੀ ਨਹੀਂ ਲੱਗਦੀ ਬਲਕਿ ਰਾਜਨੀਤਕ ਪ੍ਰਾਪਤੀ ਨੂੰ ਮੁੱਖ ਰੱਖ ਕੇ ਤਿਆਰ ਕੀਤੇ ਭਾਸ਼ਣ ਦਾ ਖਰੜਾ ਵਧੇਰੇ ਲੱਗਦਾ ਹੈ ਜਿਹੜਾ ਕਿਸੇ ਖਾਸ (ਹਿੰਦੂ ਵੋਟ ਹਥਿਆਉਣ) ਮਕਸਦ ਦੀ ਪੂਰਤੀ ਲਈ ਲਿਖਿਆ ਗਿਆ ਹੈ। ਕੇਵਲ ਭਾਰਤੀ ਖਿੱਤੇ ਵਿਚ ਵਾਪਰੀਆਂ ਅਜਿਹੀਆਂ ਰਾਜਨੀਤਕ ਘਟਨਾਵਾਂ ਦਾ ਜ਼ਿਕਰ ਹੈ ਜਿਨ੍ਹਾਂ ਦਾ ਪ੍ਰਭਾਵ ਭਾਰਤੀ ਜਨਤਾ ਪਾਰਟੀ ਉਪਰ ਪਿਆ ਹੈ ਪ੍ਰੰਤੂ ਸਵੈ-ਜੀਵਨੀ ਵਰਗੀ ਕੋਈ ਗੱਲ ਨਹੀਂ ਹੈ।

ਬਾਬਰੀ ਮਸਜਿਦ ਬਾਰੇ

ਅਡਵਾਨੀ ਦੇ ਬਿਆਨਾਂ, ਕੀਤੀਆਂ ਕਾਰਵਾਈਆਂ ਅਤੇ ਕਿਤਾਬ ਦੀ ਭਾਸ਼ਾ ਤੋਂ ਸਪੱਸ਼ਟ ਕਰਨਾ ਬੜਾ ਔਖਾ ਹੈ ਕਿ ਅਡਵਾਨੀ ਦਾ ਅਸਲ ਚਿਹਰਾ ਕੀ ਹੈ? ਅਦਾਲਤੀ (ਬਾਬਰੀ ਮਸਜਿਦ ਦੀ) ਕਾਰਵਾਈ ਦੌਰਾਨ ਅਡਵਾਨੀ ਕਹਿੰਦਾ ਹੈ ਕਿ ਉਸ ਨੂੰ ਬਾਬਰੀ ਮਸਜਿਦ ਦੇ ਢਹਿਣ ਜਾਂ ਢਾਹੇ ਜਾਣ ਦਾ ਬਹੁਤ ਦੁੱਖ ਹੈ ਪ੍ਰੰਤੂ ਆਪਣੀ ਕਿਤਾਬ ਵਿੱਚ ਇੰਕਸਾਫ਼ ਕਰਦਾ ਹੈ,

"ਕੁਝ ਸਮੇਂ ਬਾਅਦ ਇਕ ਹੋਰ ਗੁੰਬਦ ਡਿੱਗ ਪਿਆ, ਫਿਰ ਹੋਰ, ਫਿਰ ਤੀਸਰਾ ਵੀ ਮਿੱਟੀ ਵਿੱਚ ਜਾ ਮਿਲਿਆ, ਕੋਈ ਮੇਰੇ ਨੇੜੇ ਆਇਆ ਅਤੇ ਮਠਿਆਈ ਵੰਡਣੀ ਸ਼ੁਰੂ ਕੀਤੀ। ਪਰ ਮੈਂ ਕਿਹਾ ਅੱਜ ਮਠਿਆਈ ਨਹੀਂ।"

ਬੜੀ ਅਜੀਬ ਵਿਡੰਬਨਾ ਹੈ ਅਡਵਾਨੀ ਖੁਦ ਸਵੀਕਾਰ ਕਰ ਰਿਹਾ ਕਿ ਮੇਰੇ ਸਾਹਮਣੇ ਘਟਨਾ ਵਾਪਰੀ, ਉਹ ਪਾਰਟੀ ਦਾ ਨੇਤਾ ਸੀ ਪ੍ਰੰਤੂ ਫਿਰ ਵੀ ਭਾਰਤੀ ਨਿਆਂਪਾਲਿਕਾ

ਇਸ ਉਪਰ ਚੁੱਪ ਹੈ।

ਤੀਸਰਾ ਪੱਖ ਅਡਵਾਨੀ ਨੇ ਜ਼ੀ. ਨਿਊਜ਼ (ਟੀ.ਵੀ. ਚੈਨਲ) ਨੂੰ ਦਿੱਤੀ ਗਈ ਇਕ ਇੰਟਰਵਿਊ ਵਿੱਚ ਕਿਹਾ ਸੀ ਕਿ ਵਿਵਾਦਿਤ ਰਾਮ ਜਨਮ ਭੂਮੀ ਖੇਤਰ ਵਿਚ ਕਦੀ ਵੀ ਮਸਜਿਦ ਨਹੀਂ ਬਣ ਸਕਦੀ। ਅਯੁੱਧਿਆ ਵਰਗੀਆਂ ਘਟਨਾਵਾਂ ਤਾਂ ਵਾਪਰੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਦਾ ਅੰਤਿਮ ਹੱਲ ਨਹੀਂ।

ਦਰਅਸਲ ਆਪਣੀ ਕਥਿਤ ਸਵੈ-ਜੀਵਨੀ ਅਨੁਸਾਰ ਜੇਕਰ ਅਡਵਾਨੀ ਇਸ ਘਟਨਾ 'ਤੇ ਖੁਸ਼ ਨਹੀਂ ਸੀ ਤਾਂ 'ਕਾਰ ਸੇਵਕਾਂ' ਹੱਥੋਂ ਢਹਿੰਦੀ ਬਾਬਰੀ ਮਸਜਿਦ ਨੂੰ ਕਿਉਂ ਵੇਖਦਾ ਰਿਹਾ। ਉਥੋਂ ਵਾਪਸ ਕਿਉਂ ਨਾ ਆ ਗਿਆ। ਦਰਅਸਲ ਅਡਵਾਨੀ ਹਿੰਦੂ ਬਹੁ-ਗਿਣਤੀ ਦੀਆਂ ਭਾਵਨਾਵਾਂ ਦੇ ਵਹਾਅ ਦੇ ਨਾਲ ਵਹਿ ਕੇ ਹਿੰਦੂਤਵੀ ਵੋਟ ਬੈਂਕ ਵਿੱਚ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦਾ ਸੀ। ਇਹੀ ਕਾਰਨ ਹੈ ਕਿ ਅਡਵਾਨੀ ਜਾਂ ਇਸ ਦੀ ਸੰਬੰਧਿਤ ਪਾਰਟੀ ਨੇ ਅਜੇ ਤੱਕ ਵੀ ਇਸ ਦੁਖਦ ਘਟਨਾ ਬਾਰੇ ਦੋ ਸ਼ਬਦ ਵੀ ਨਹੀਂ ਕਹੇ। ਅਡਵਾਨੀ ਇਸ ਪ੍ਰਕਾਸ਼ਨਾ ਰਾਹੀਂ ਕੇਵਲ ਆਪਣੇ ਪ੍ਰਧਾਨ ਮੰਤਰੀ ਬਣਨ ਦੇ ਸੁਪਨਿਆਂ ਦਾ ਆਧਾਰ ਹੀ ਤਿਆਰ ਕਰ ਰਿਹਾ ਸੀ। ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਦੇਸ਼ ਦੀ ਰਾਜਨੀਤੀ ਨਾਲ ਸੰਬੰਧਿਤ ਤੱਥਾਂ ਅਤੇ ਸ਼ਖ਼ਸੀਅਤਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ।

ਆਪਣੀ ਬੇਇਜ਼ਤੀ ਤੋਂ ਬਚਣ ਲਈ

ਅਡਵਾਨੀ ਨੇ ਇਤਿਹਾਸਕ ਤੱਥਾਂ ਨੂੰ ਗਲਤ ਮੋੜ ਦਿੰਦਿਆਂ ਕਈ ਵਾਪਰੀਆਂ ਘਟਨਾਵਾਂ ਨੂੰ ਵੀ ਕੋਝੀ ਅਤੇ ਗਲਤ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ, ਜਿਸਦਾ ਨਿਸ਼ਾਨਾ ਉਸਦਾ ਆਪਣਾ ਅਤੇ ਪਾਰਟੀ ਦਾ ਬਚਾਅ ਹੈ।

ਜ਼ਿਕਰਯੋਗ ਹੈ ਕਿ ਦਸੰਬਰ 1999 ਵਿੱਚ ਇਸਲਾਮੀ ਖਾੜਕੂ 13-814 ਨੰਬਰ ਜਹਾਜ਼ ਨੂੰ ਅਗਵਾ ਕਰਕੇ 160 ਸਵਾਰੀਆਂ ਸਮੇਤ ਕੰਧਾਰ (ਉਸ ਸਮੇਂ ਅਫ਼ਗਾਨਿਸਤਾਨ ਤਾਲਿਬਾਨ ਅਧੀਨ ਸੀ) ਲੈ ਗਏ ਅਤੇ ਭਾਰਤੀ ਜੇਲ੍ਹਾਂ ਵਿੱਚ ਬੰਦ ਆਪਣੇ ਤਿੰਨ ਸਾਥੀਆਂ ਦੀ ਰਿਹਾਈ ਦੀ ਮੰਗ ਕੀਤੀ। ਅਡਵਾਨੀ ਉਸ ਸਮੇਂ ਗ੍ਰਹਿ ਮੰਤਰੀ ਸੀ ਅਤੇ ਸਰਕਾਰੀ ਸਲਾਹ ਨਾਲ ਰੱਖਿਆ ਮੰਤਰੀ ਜਸਵੰਤ ਸਿੰਘ ਤਿੰਨ ਖਾੜਕੂਆਂ ਨੂੰ ਸੁਰੱਖਿਆ ਅਧੀਨ ਕੰਧਾਰ ਲੈ ਕੇ ਗਿਆ ਅਤੇ ਉਹਨਾਂ ਨੂੰ ਸੁਰੱਖਿਅਤ ਰਿਹਾ ਕੀਤਾ। ਜ਼ਿਕਰਯੋਗ ਹੈ ਕਿ ਇਸ ਵਿੱਚ ਜੈਸ਼-ਏ-ਮੁਹੰਮਦ ਦਾ ਉਹ ਖਾੜਕੂ ਵੀ ਸੀ ਜੋ ਪੱਤਰਕਾਰ (ਅਮਰੀਕੀ) ਡੇਨੀਅਲ ਪਰਲ ਦੀ ਹੱਤਿਆ ਲਈ ਜ਼ਿੰਮੇਵਾਰ ਸੀ।

ਅਡਵਾਨੀ ਬਹਾਦਰੀ ਦੀਆਂ ਟਾਹਰਾਂ ਮਾਰਦਾ ਕਿਤਾਬ ਵਿੱਚ ਬਾਰ-ਬਾਰ ਲਿਖਦਾ ਹੈ ਕਿ ਉਹ ਕਦੀ ਖਾੜਕੂਆਂ ਅੱਗੇ ਝੁੱਕ ਨਹੀਂ ਸਕਦਾ ਪ੍ਰੰਤੂ ਇਸ ਘਟਨਾ ਬਾਰੇ ਚੁੱਪ ਹੈ ਅਤੇ ਕੋਈ ਜਵਾਬ ਨਹੀਂ ਕਿ ਉਸ ਸਮੇਂ ਇਹ ਬਹਾਦਰ ਗ੍ਰਹਿ ਮੰਤਰੀ ਕੰਧਾਰ ਵਿੱਚ ਜੂਝਣ ਦੀ ਬਜਾਏ ਖਾੜਕੂਆਂ ਅੱਗੇ ਗੋਡੇ ਕਿਉਂ ਟੇਕ ਗਿਆ। ਜਦੋਂ ਕਿ ਕੁਝ ਸਮਾਂ ਪਹਿਲਾਂ ਜਾਰਜ਼ ਫਰਨਾਂਡੀਜ਼ (ਸਾਬਕਾ ਮੰਤਰੀ) ਨੇ ਕਿਹਾ ਕਿ ਇਸ ਘਟਨਾ ਬਾਰੇ ਗ੍ਰਹਿ ਮੰਤਰੀ ਨੂੰ ਸਭ ਕੁਝ ਪਤਾ ਸੀ। ਦਰਅਸਲ ਅਡਵਾਨੀ (ਗ੍ਰਹਿ ਮੰਤਰੀ) ਦੀ ਸਲਾਹ ਨਾਲ ਹੀ ਸਾਰੇ ਮੰਤਰੀ ਮੰਡਲ ਨੇ ਖਾੜਕੂਆਂ ਅੱਗੇ ਗੋਡੇ ਟੇਕੇ, ਪ੍ਰੰਤੂ ਪ੍ਰਧਾਨ ਮੰਤਰੀ ਦੇ ਸੁਪਨੇ ਵੇਖਣ ਵਾਲਾ (ਅਡਵਾਨੀ) ਆਪਣੇ ਆਪ ਨੂੰ ਖਾੜਕੂ ਵਿਰੋਧੀ 'ਬੀਰ ਬਹਾਦਰ' ਸਥਾਪਤ ਕਰਨ ਲਈ ਅਜਿਹੇ ਮਸਲਿਆਂ ਉਪਰ ਪਰਦਾ ਪਾ ਰਿਹਾ ਹੈ।

ਗੋਧਰਾ ਕਾਂਡ ਬਾਰੇ

ਆਪਣੇ ਇਸ ਅਧੂਰੇ ਦਸਤਾਵੇਜ਼ ਵਿੱਚ ਗੁਜਰਾਤ ਦੰਗਿਆਂ ਬਾਰੇ ਅਡਵਾਨੀ ਲਿਖਦਾ ਹੈ ਕਿ ਜਦੋਂ ਮੈਨੂੰ ਇਸ ਬਾਰੇ ਪਤਾ ਲੱਗਾ ਤਾਂ ਮੈਂ ਉਸ ਵੇਲੇ ਨਰਿੰਦਰ ਮੋਦੀ ਨੂੰ ਟੈਲੀਫ਼ੋਨ ਕੀਤਾ ਅਤੇ ਜ਼ਰੂਰੀ ਕਦਮ ਪੁੱਟਣ ਲਈ ਕਿਹਾ। ਅਗਲੇ ਦਿਨ ਮੈਨੂੰ ਨਰਿੰਦਰ ਮੋਦੀ ਦਾ ਫ਼ੋਨ ਆਇਆ ਕਿ ਸਭ ਕੁਝ ਠੀਕ-ਠਾਕ ਹੈ, ਕੋਈ ਮੰਦ-ਘਟਨਾ ਨਹੀਂ ਵਾਪਰੀ, ਦੋਸ਼ੀ ਵਿਅਕਤੀ ਗ੍ਰਿਫ਼ਤਾਰ ਕਰ ਲਏ ਗਏ ਹਨ।

ਅਡਵਾਨੀ ਸ਼ਬਦਾਂ ਦੀ ਕਲਾਬਾਜ਼ੀ ਨਾਲ ਗੋਧਰਾ ਕਾਂਡ ਦੀ ਜ਼ਿੰਮੇਵਾਰੀ ਤੋਂ ਮੁਕਤ ਹੋਣ ਬਾਰੇ ਵਧੇਰੇ ਚਿੰਤਤ ਹੈ।

ਸਿੱਖਾਂ ਉਪਰ ਨਵੰਬਰ 1984 ਵਿੱਚ ਵਾਪਰੇ ਕਤਲੇਆਮ ਤੋਂ ਬਾਅਦ ਇਹ (ਗੁਜਰਾਤ/ਗੋਧਰਾ) ਵੀ ਐਸਾ ਭਿਆਨਕ ਕਤਲੇਆਮ ਸੀ ਜਿਹੜਾ ਲਗਾਤਾਰ ਛੇ ਦਿਨ ਮੁਸਲਮਾਨਾਂ ਦੀ ਨਸਲਕੁਸ਼ੀ ਕਰਦਾ ਰਿਹਾ। ਬੱਚੇ ਕਤਲ ਕੀਤੇ, ਬਲਾਤਕਾਰ ਹੋਏ ਅਤੇ ਹਜ਼ਾਰਾਂ ਗਰੀਬ ਮੁਸਲਮਾਨ ਕਤਲ ਕਰ ਦਿੱਤੇ ਗਏ ਅਤੇ ਅਜੇ ਤੱਕ ਵੀ ਇਸ ਰਾਜਨੀਤਕ ਪਾਰਟੀ (ਬੀ.ਜੇ.ਪੀ.) ਦਾ ਸਾਰਾ ਜ਼ੋਰ ਦੰਗਿਆਂ ਦੇ ਦੋਸ਼ੀਆਂ ਨੂੰ ਬਚਾਉਣ ਲਈ ਲੱਗ ਰਿਹਾ ਹੈ। ਆਪਣੇ ਇਸ ਪੇਤਲੇ ਜਿਹੇ ਦਸਤਾਵੇਜ਼, ਜਿਸ ਨੂੰ ਨਾ ਤਾਂ ਸਵੈ-ਜੀਵਨੀ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਕੋਈ ਰਾਜਨੀਤਕ ਦਸਤਾਵੇਜ਼, ਵਿੱਚ ਅਡਵਾਨੀ ਕੇਵਲ ਭਵਿੱਖ ਦਾ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਵੇਖਦਾ ਹੈ ਅਤੇ ਪਿਛਲੀਆਂ ਇਤਿਹਾਸਕ ਗਲਤੀਆਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦਾ ਹੈ।

ਵਾਹ! ਸ਼ੇਖ ਰੇ ਤੇਰੀ ਆਯਾਰੀ, ਕਿਸ ਤਵੱਜੋਂ ਸੇ ਪੜਤਾ ਹੈ ਨਮਾਜ਼।

ਗਲਤ ਬਿਆਨੀ/ਇਤਿਹਾਸਕ ਤੋੜ-ਮਰੋੜ/ ਮੂਲ ਜਾਣਕਾਰੀ ਦੀ ਘਾਟ

ਜੇਕਰ ਸਮੁੱਚੀ ਕਿਤਾਬ ਦਾ ਗਹਿਰਾਈ ਨਾਲ ਅਧਿਐਨ ਕੀਤਾ ਜਾਵੇ ਤਾਂ ਕਿਤਾਬ ਵਿੱਚ ਐਸੀਆਂ ਗਲਤੀਆਂ ਹਨ ਜਿਹਨਾਂ ਤੋਂ ਅਡਵਾਨੀ ਦੇ ਦਿਮਾਗੀ ਤਵਾਜ਼ਨ ਦਾ ਪਤਾ ਲੱਗਦਾ ਹੈ, ਕੁਝ ਗਲਤੀਆਂ ਤਾਂ ਭਾਵੇਂ ਛਪਾਈ ਦੀਆਂ ਹੋ ਸਕਦੀਆਂ ਹਨ ਜਿਵੇਂ ਘੱਲੂਘਾਰਾ 84 ਨਾਲ ਸੰਬੰਧਿਤ ਸਾਲ ਨੂੰ 2004 ਲਿਖਿਆ ਹੈ, ਪ੍ਰੰਤੂ ਕੁਝ ਐਸੀਆਂ ਗਲਤੀਆਂ ਹਨ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦਾ

ਸੁਪਨਾ ਲੈਣ ਵਾਲੇ ਅਡਵਾਨੀ ਦਾ ਮਾਨਸਿਕ ਪੱਧਰ ਕਿੰਨਾ ਕੁ ਹੈ ਅਤੇ ਜਿਸ ਮਨੁੱਖ ਨੂੰ ਵਾਪਰੀਆਂ ਘਟਨਾਵਾਂ ਅਤੇ ਭਵਿੱਖ ਦੇ ਵਿਅਕਤੀਗਤ ਕੱਦਾਂ ਦਾ ਗਿਆਨ ਵੀ ਨਹੀਂ ਉਹ ਭਾਰਤ ਦਾ ਪ੍ਰਧਾਨ ਮੰਤਰੀ ਬਣ ਕੇ ਦੇਸ਼ ਨੂੰ ਕਿਹੜੀ ਮੰਝਧਾਰ ਵਿੱਚ ਲੈ ਜਾਵੇਗਾ।

ਮਿਸਾਲ ਦੇ ਤੌਰ 'ਤੇ :

1. ਅਡਵਾਨੀ ਲਿਖਦਾ ਹੈ ਕਿ ਕੰਧਾਰ ਜਹਾਜ਼ ਅਗਵਾ ਕਾਂਡ ਸਮੇਂ ਭਾਰਤ ਵਿੱਚ ਅਮਰੀਕੀ ਸਫ਼ੀਰ ਰੋਬਰਟ ਬਲੈਕਵਿੱਲ ਸੀ, ਜੋ ਕਿ ਬਿਲਕੁਲ ਗਲਤ ਸੀ।
2. ਅਡਵਾਨੀ ਲਿਖਦਾ ਹੈ ਕਿ ਭਗਤ ਸਿੰਘ ਨੂੰ ਅਸੈਂਬਲੀ ਵਿੱਚ ਬੰਬ ਸੁੱਟਣ ਕਰਕੇ ਫਾਂਸੀ ਦਿੱਤੀ ਗਈ, ਜਦੋਂ ਕਿ ਭਗਤ ਸਿੰਘ ਨੂੰ ਲਾਹੌਰ ਸਾਜ਼ਿਸ਼ ਕਾਂਡ ਵਿੱਚ ਫਾਂਸੀ ਦੀ ਸਜ਼ਾ ਹੋਈ ਸੀ।
3. ਅਡਵਾਨੀ ਕਹਿੰਦਾ ਹੈ ਕਿ ਕੰਧਾਰ ਜਹਾਜ਼ ਅਗਵਾ ਕਾਂਡ ਦੌਰਾਨ ਛੱਡੇ ਇਸਲਾਮੀ ਖਾੜਕੂਆਂ ਦਾ ਉਸ ਨੂੰ ਗਿਆਨ ਨਹੀਂ ਪ੍ਰੰਤੂ ਇਹ ਸਭ ਕੁਝ ਗ੍ਰਹਿ ਮੰਤਰਾਲੇ/ ਰੱਖਿਆ ਮੰਤਰਾਲੇ ਅਤੇ ਸਮੁੱਚੀ ਰਾਜਨੀਤਕ ਧਿਰ ਵੱਲੋਂ ਲਿਆ ਗਿਆ ਫੈਸਲਾ ਸੀ। ਜਿਸ ਬਾਰੇ ਅਡਵਾਨੀ ਕੋਰਾ ਝੂਠ ਬੋਲਦਾ ਹੈ।
4. ਰਾਮਾ ਕ੍ਰਿਸ਼ਨਾ ਮਿਸ਼ਨ ਦੇ ਬਾਰੇ ਜਾਣਕਾਰੀ ਦਿੰਦਾ ਅਡਵਾਨੀ ਕਾਫ਼ੀ ਗਲਤ ਬਿਆਨੀ ਕਰ ਜਾਂਦਾ ਹੈ।
5. ਅਡਵਾਨੀ ਦਾ ਦਿਮਾਗ਼ੀ ਤਵਾਜ਼ਨ ਤਾਂ ਐਸਾ ਹਿੱਲਿਆ ਹੋਇਆ ਹੈ ਕਿ ਸੀ.ਪੀ.ਆਈ. ਲੀਡਰ ਸੋਂਤਿਆਪਾਲ ਡਾਂਗ ਨੂੰ ਕਿਤਾਬ ਵਿੱਚ ਸਵਰਗਵਾਸੀ ਲਿਖਦਾ ਹੈ ਜਦੋਂ ਕਿ ਉਹ ਕਿਤਾਬ ਲਿਖਣ ਸਮੇਂ ਸਹੀ ਸਲਾਮਤ ਸੀ।

ਸਦਮਾ ਤੇ ਪੰਜਾਬ ਦੀ ਜਿੱਤ

(The Trauma and Triumph Of Punjab)

ਪੰਥ ਖ਼ਾਲਸਾ ਪਿਛਲੇ 24 ਸਾਲਾਂ ਤੋਂ ਇਹ ਗੱਲ ਕਹਿੰਦਾ ਆ ਰਿਹਾ ਹੈ ਕਿ ਜੂਨ 1984 'ਚ ਇੰਦਰਾ ਗਾਂਧੀ ਤੇ ਉਸਦੀ ਜੁੰਡਲੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਨ ਲਈ ਜੇ ਮੁੱਖ ਦੋਸ਼ੀ ਹੈ ਤਾਂ ਭਾਰਤੀ ਜਨਤਾ ਪਾਰਟੀ ਤੇ ਉਸ ਦਾ ਲਾਣਾ ਇਹ ਹਮਲਾ ਕਰਵਾਉਣ ਲਈ ਜ਼ਿੰਮੇਵਾਰ ਹੈ। ਜੇ ਇੰਦਰਾ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਦੇਸ਼ ਭਰ 'ਚ ਸਿੱਖ ਵਿਰੋਧੀ ਮਾਹੌਲ ਬਣਾਉਣ ਲਈ ਜ਼ਿੰਮੇਵਾਰ ਸੀ ਤਾਂ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਇਹ ਮਾਹੌਲ ਬਣਾਉਣ ਲਈ ਜ਼ਿੰਮੇਵਾਰ ਸੀ। 24 ਸਾਲਾਂ ਬਾਅਦ ਇਹ ਗੱਲ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀਆਂ ਯਾਦਾਂ 'ਤੇ ਆਧਾਰਿਤ ਕਿਤਾਬ 'ਮੇਰਾ ਦੇਸ਼, ਮੇਰੀ ਜ਼ਿੰਦਗੀ' (My Country My Life) ਵਿੱਚ ਮੰਨ ਲਈ ਹੈ? ਆਪਣੇ ਪੰਜਾਬ ਵਾਲੇ ਚੈਪਟਰ 'ਸਦਮਾ ਅਤੇ ਪੰਜਾਬ ਦੀ ਜਿੱਤ' (The Trauma And Triumph Of Punjab) ਵਿੱਚ ਉਸ ਨੇ ਆਪਣੇ ਇਸ ਰੋਲ ਨੂੰ ਬੜਾ ਸਪੱਸ਼ਟ ਬਿਆਨ ਕੀਤਾ ਹੈ।

ਅਡਵਾਨੀ ਅਨੁਸਾਰ "ਭਾਰਤੀ ਜਨਤਾ ਪਾਰਟੀ ਦੀਆਂ ਵੱਡੀਆਂ ਜੱਦੋ-ਜਹਿਦਾਂ ਵਿੱਚ ਇਕ ਮਈ 1984 (ਹਿੰਦੂਤਵੀ ਮੱਧ ਵਰਗ ਦੇ ਬੌਧਿਕ ਆਗੂ ਬਣਨ ਦੀ ਧੁੱਸ ਵਿੱਚ ਕਾਹਲੀ ਨਾਲ ਛਪਵਾਈ ਗਈ ਇਸ ਕਿਤਾਬ ਵਿੱਚ ਮਈ 1984 ਦੀ ਥਾਂ ਮਈ 2004 ਲਿਖਿਆ ਹੈ ਤੇ ਇਹੋ ਜਿਹੀਆਂ ਹੋਰ ਵੀ ਅਨੇਕਾਂ ਪਰੂਫ ਦੀਆਂ ਗਲਤੀਆਂ ਕਿਤਾਬ ਵਿੱਚ ਮੌਜੂਦ ਹਨ), ਦਾ ਮਸਲਾ ਹੈ ਜਦੋਂ ਅਸੀਂ ਭਿੰਡਰਾਂਵਾਲੇ ਅਤੇ ਉਸਦੀ ਨਿਜੀ ਫ਼ੌਜ ਵੱਲੋਂ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸੁਨਹਿਰੀ ਮੰਦਰ (ਦਰਾਬਰ ਸਾਹਿਬ) ਨੂੰ ਆਪਣੀਆਂ ਸਰਗਰਮੀਆਂ ਦਾ ਹੈਡਕੁਆਟਰ ਬਣਾਏ ਜਾਣ, ਜਿਸ ਨੂੰ ਅਸੀਂ ਸਰਕਾਰ ਦੇ 'ਸੱਚੀਂ ਮੁੱਚੀਂ ਆਤਮ ਸਮਰਪਣ' ਦਾ ਨਾਂ ਦਿੱਤਾ, ਵਿਰੁੱਧ 10 ਦਿਨਾਂ ਸੱਤਿਆਗ੍ਰਹਿ ਕੀਤਾ। ਤਿੰਨ ਮਈ ਨੂੰ ਅਟਲ ਜੀ ਨੇ ਚੌਧਰੀ ਚਰਨ ਸਿੰਘ ਨਾਲ (ਜਿਸ ਨਾਲ ਪਾਰਟੀ ਨੇ ਗਠਜੋੜ ਕਾਇਮ ਕੀਤਾ ਸੀ) 15000 ਮੁਜਾਹਰਾਕਾਰੀਆਂ ਦੀ ਅਗਵਾਈ ਕਰਕੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਇਸਦੇ ਦੂਜੇ ਦਿਨ ਇਕ ਹੋਰ ਵੱਡਾ ਜਲੂਸ ਕੱਢਿਆ ਗਿਆ। ਮੈਂ ਸਰਕਾਰ 'ਤੇ ਇਹ ਦੋਸ਼ ਲਾਉਂਦਿਆਂ ਹੋਇਆਂ ਕਿ ਉਹ ਕਾਨੂੰਨ ਦਾ ਰਾਜ ਕਾਇਮ ਕਰਨ ਅਤੇ ਰਾਸ਼ਟਰੀ ਏਕਤਾ ਨੂੰ ਮਿਲੀ ਇਸ ਬੇਮਿਸਾਲ ਚੁਣੌਤੀ ਦਾ ਸਾਹਮਣਾ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ, ਇਹ ਮਸਲਾ ਪਾਰਲੀਮੈਂਟ ਵਿੱਚ ਉਠਾਇਆ। ਇੰਦਰਾ ਗਾਂਧੀ ਦੀ ਡਾਵਾਂਡੋਲ ਨੀਤੀ, ਦ੍ਰਿੜ੍ਹ ਕਾਰਵਾਈ ਦੀ ਘਾਟ ਅਤੇ ਸਿਆਸੀ ਲਾਭ ਲੈਣ ਦੇ ਪੱਖਪਾਤੀ ਰੁਝਾਣ ਨੇ ਪੰਜਾਬ ਵਿਚਲੀ ਸਮੱਸਿਆ ਨੂੰ ਹੋਰ ਵਧਾ ਦਿੱਤਾ ਸੀ। ਪਰ ਸਾਡੀ ਇਸ ਜੱਦੋ-ਜਹਿਦ ਤੋਂ ਬਾਅਦ ਦੇਸ਼ ਪਰਦੇਸ਼ ਵਿੱਚ ਆਪਣੀ ਸਾਖ ਦਾਅ 'ਤੇ ਲੱਗੀ ਵੇਖ ਕੇ, ਪ੍ਰਧਾਨ ਮੰਤਰੀ ਸੁਨਹਿਰੀ ਮੰਦਰ ਨੂੰ ਇਸ ਰਾਸ਼ਟਰ ਵਿਰੋਧੀ ਕਬਜ਼ੇ ਤੋਂ ਮੁਕਤ ਕਰਵਾਉਣ ਲਈ, ਉਥੇ ਫ਼ੌਜ ਭੇਜਣ ਵਾਸਤੇ ਮਜਬੂਰ ਹੋਈ।"

ਇਹ ਹੈ ਲਾਲ ਕ੍ਰਿਸ਼ਨ ਅਡਵਾਨੀ ਦਾ ਇਕਬਾਲੀਆ ਬਿਆਨ, ਜਿਸ ਨੇ 24 ਸਾਲ ਬਾਅਦ ਪੰਥ ਖ਼ਾਲਸੇ ਦੀਆਂ ਧਾਰਨਾਵਾਂ ਦੀ ਪੁਸ਼ਟੀ ਕਰ ਦਿੱਤੀ ਹੈ।

ਅਸਲ ਵਿੱਚ ਜਿਵੇਂ ਕਿ ਦੇਸ਼ ਅੰਦਰਲੀਆਂ ਬਾਅਦ ਵਿੱਚ ਵਾਪਰੀਆਂ ਘਟਨਾਵਾਂ ਨੇ ਵੀ ਸਪੱਸ਼ਟ ਕੀਤਾ ਹੈ ਕਿ ਅਡਵਾਨੀ ਤੇ ਇੰਦਰਾ ਗਾਂਧੀ ਦੀ ਹਿੰਦੂਤਵੀ ਰਾਜਨੀਤੀ ਵਿੱਚ ਤੱਤ ਦਾ ਕੋਈ ਫਰਕ ਨਹੀਂ, ਸਿਰਫ਼ ਇਸਦਾ ਚਿਹਰਾ ਮੋਹਰਾ ਹੀ ਵੱਖਰਾ ਹੈ। ਜੇ ਇੰਦਰਾ ਗਾਂਧੀ ਤੇ ਉਸਦੀ ਜੁੰਡਲੀ ਨੇ ਸਿੱਖ ਵਿਰੋਧੀ ਪੈਂਤੜੇ ਤੋਂ ਬ੍ਰਾਹਮਣੀ-ਸਾਮਰਾਜੀ ਫਿਰਕਾਪ੍ਰਸਤ ਰਾਜਨੀਤੀ ਕੀਤੀ ਹੈ ਤਾਂ ਅਡਵਾਨੀ-ਮੋਦੀ ਐਂਡ ਕੰਪਨੀ ਨੇ ਮੁਸਲਮਾਨ ਵਿਰੋਧੀ ਪੈਂਤੜੇ ਤੋਂ ਇਹੀ ਰਾਜਨੀਤੀ ਕੀਤੀ ਹੈ। ਇਸ ਤੱਥ ਦੀ ਪੁਸ਼ਟੀ ਵੀ ਉਸ ਨੇ ਟੇਢੇ ਢੰਗ ਨਾਲ ਇਸ ਚੈਪਟਰ ਵਿੱਚ ਕਰ ਦਿੱਤੀ ਹੈ। ਅਡਵਾਨੀ ਦਾ ਕਹਿਣਾ ਹੈ ਕਿ ਆਪਣੀ ਇਸੇ ਕਥਿਤ ਸਿੱਖ ਪੱਖੀ 'ਅਸੂਲੀ' ਰਾਜਨੀਤੀ ਦਾ ਖਮਿਆਜਾ ਸਾਨੂੰ 1984 ਦੀਆਂ ਪਾਰਲੀਮੈਂਟ ਚੋਣਾਂ 'ਚ ਭੁਗਤਣਾ ਪਿਆ, ਜਿਸ ਵਿੱਚ ਸਾਨੂੰ ਸਭ ਤੋਂ ਘੱਟ ਸੀਟਾਂ ਮਿਲੀਆਂ। ਇਹੀ ਉਹ ਮੋੜ ਨੁਕਤਾ ਹੈ ਜਿੱਥੇ ਭਾਰਤੀ ਜਨਤਾ ਪਾਰਟੀ ਨੇ ਕਾਂਗਰਸ ਨੂੰ ਇਸ ਤਰ੍ਹਾਂ ਦੀ ਰਾਜਨੀਤੀ ਦੇ ਪਿੜੋਂ ਕੱਢਣ ਲਈ ਮੁਸਲਮਾਨ ਵਿਰੋਧੀ ਪੈਂਤੜਾ

ਅਖ਼ਤਿਆਰ ਕੀਤਾ ਤੇ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਬਣਾਉਣ ਦੇ ਮੁੱਦੇ ਨੂੰ ਲੈ ਕੇ ਮੁਸਲਿਮ ਵਿਰੋਧੀ ਜਨੂੰਨ ਭੜਕਾਉਣ ਦਾ ਕਾਰਜ ਆਰੰਭਿਆ, ਜਿਸ ਦੀ ਸਿਖਰ ਗੁਜਰਾਤ ਦੇ ਸੋਮਨਾਥ ਮੰਦਰ ਤੋਂ ਅਯੁੱਧਿਆ ਤੱਕ ਆਰੰਭੀ ਖੂਨੀ ਰੱਥ ਯਾਤਰਾ ਸੀ ਤੇ ਜਿਸ ਤੋਂ ਬਾਅਦ ਇਸ ਦੇਸ਼ ਦਾ ਜੋ ਹਸ਼ਰ ਹੋਇਆ, ਉਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਇਸਦਾ ਖਮਿਆਜਾ ਅੱਜ ਵੀ ਦੇਸ਼ ਭੁਗਤ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਅਜੇ ਹੋਰ ਵੀ ਭੁਗਤੇਗਾ।

ਅਡਵਾਨੀ ਸਿੱਖ ਮਾਨਸਿਕਤਾ ਤੇ ਹਕੀਕੀ ਇਤਿਹਾਸ ਤੋਂ ਕਿੰਨਾ ਦੂਰ ਹੈ ਇਸਦਾ ਪਤਾ ਉਸਦੀ ਸੰਤ ਭਿੰਡਰਾਂਵਾਲੇ ਬਾਰੇ ਕੀਤੀ ਇਸ ਟਿੱਪਣੀ ਤੋਂ ਲੱਗਦਾ ਹੈ। ਅਡਵਾਨੀ ਦਾ ਕਥਨ ਹੈ ਕਿ "ਪੰਜਾਬ ਵਿੱਚ ਖਾੜਕੂਵਾਦ ਦਾ ਇਤਿਹਾਸ ਸਪੱਸ਼ਟ ਤੌਰ 'ਤੇ ਵਿਖਾਉਂਦਾ ਹੈ ਕਿ ਕਾਗਰਸ ਪਾਰਟੀ ਦੀ ਭਿੰਡਰਾਂਵਾਲਾ ਤੇ ਉਸਦੇ ਪੈਰੋਕਾਰਾਂ ਨੂੰ ਸੌੜੇ ਰਾਜਨੀਤਕ ਮਨੋਰਥਾਂ ਲਈ ਵਰਤਣ ਦੀ ਨੀਤੀ ਕਾਰਨ ਉਹ ਭਸਮਾਸੁਰ ਬਣ ਗਿਆ।" ਭਸਮਾਸੁਰ ਬਾਰੇ ਟਿੱਪਣੀ ਕਰਦਿਆਂ ਉਸਨੇ ਜਾਣਕਾਰੀ ਦਿੱਤੀ ਹੈ ਕਿ "ਭਸਮਾਸੁਰ ਹਿੰਦੂ ਮਿਥਿਹਾਸ ਵਿਚਲਾ ਇਕ ਦੈਂਤ ਸੀ। ਭਗਵਾਨ ਸ਼ਿਵਾ ਨੂੰ ਖੁਸ਼ ਕਰਨ ਲਈ ਕੀਤੀ ਗਈ ਉਸਦੀ ਲੰਬੀ ਭਗਤੀ ਕਾਰਨ, ਸ਼ਿਵਾ ਨੇ ਉਸਦੀ ਚਾਹਤ ਪੁੱਛੀ ਤਾਂ ਭਸਮਾਸੁਰ ਨੇ ਕਿਹਾ ਕਿ 'ਮੈਨੂੰ ਸ਼ਕਤੀ ਦਿਓ ਕਿ ਮੈਂ ਕਿਸੇ ਦੇ ਵੀ ਸਿਰ 'ਤੇ ਹੱਥ ਰੱਖ ਕੇ ਉਸ ਨੂੰ ਖਤਮ ਕਰ ਸਕਾਂ।' ਸ਼ਿਵਾ ਨੇ ਉਸਦੀ ਚਾਹਤ ਪੂਰੀ ਕਰ ਦਿੱਤੀ। ਅਸਧਾਰਨ ਸ਼ਕਤੀ ਦੇ ਨਸ਼ੇ 'ਚ ਭਸਮਾਸੁਰ ਨੇ ਆਪਣੇ ਦਾਤੇ ਨਾਲੋਂ ਵੱਧ ਸ਼ਕਤੀਸ਼ਾਲੀ ਬਣਨ ਲਈ ਉਸ ਨੂੰ ਹੀ ਖਤਮ ਕਰਨ ਦੀ ਯੋਜਨਾ ਬਣਾਈ। ਕਹਾਣੀ ਅੱਗੇ ਦੱਸਦੀ ਹੈ ਕਿ ਸ਼ਿਵਾ ਦੀ ਰੱਖਿਆ ਭਗਵਾਨ ਵਿਸ਼ਨੂੰ ਨੇ ਕੀਤੀ, ਜਿਸ ਨੇ ਇਕ ਖ਼ੂਬਸੂਰਤ ਔਰਤ ਦੇ ਭੇਖ ਵਿੱਚ ਭਸਮਾਸੁਰ ਨੂੰ ਆਪਣੇ ਨਾਲ ਨੱਚਣ ਲਈ ਭਰਮਾਇਆ ਅਤੇ ਨਾਚ ਕਰਦਿਆਂ ਉਸ ਨੂੰ ਆਪਣੇ ਸਿਰ 'ਤੇ ਹੱਥ ਰੱਖਣ ਲਈ ਤਿਆਰ ਕੀਤਾ।'

ਅਡਵਾਨੀਕਿਆਂ ਦਾ ਇਹ ਕੂੜ ਮਿਥਿਹਾਸ ਅਤੇ ਇਸ ਮਿਥਿਹਾਸਕ ਦੈਂਤ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਕੀਤੀ ਤੁਲਨਾ ਹੀ ਉਸਦਾ ਠੋਸ ਰਾਜਨੀਤਕ ਸੱਚਾਈ ਤੋਂ ਕੋਹਾਂ ਦੂਰ ਹੋਣਾ ਅਤੇ ਮੂਰਖਾਂ ਦੀ ਦੁਨੀਆਂ ਵਿੱਚ ਰਹਿਣ ਬਾਰੇ ਦੱਸਦਾ ਹੈ। ਮਨੂੰਵਾਦੀ ਬ੍ਰਾਹਮਣਾਂ ਦੇ ਇਹੋ ਜਿਹੇ ਮਿਥਿਹਾਸ ਨੇ ਹੀ ਹੁਣ ਇਸ ਦੇਸ਼ ਤੇ ਇਸ ਦੇਸ਼ ਦੇ ਲੋਕਾਂ ਦਾ ਭਲਾ ਨਹੀਂ ਹੋਣ ਦਿੱਤਾ। ਅਸਲ ਵਿੱਚ ਸਿੱਖ ਗੁਰੂਆਂ ਨੇ ਇਸੇ ਕੂੜ ਮਿਥਿਹਾਸ ਵਿਰੁੱਧ ਸਿੱਖ ਇਨਕਲਾਬ ਉਭਾਰਿਆ ਸੀ। ਉਸਨੇ ਜਿਵੇਂ ਸੰਤ ਭਿੰਡਰਾਂਵਾਲੇ ਦੀ ਤੁਲਨਾ ਭਸਮਾਸੁਰ ਦੈਂਤ ਨਾਲ ਕਰਕੇ ਉਹਨਾਂ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ ਹੈ ਉਹ ਸੱਚ ਤੋਂ ਕਿੰਨੀ ਦੂਰ ਹੈ। ਅੱਜ ਸੰਤ ਭਿੰਡਰਾਂਵਾਲੇ ਦੁਨੀਆਂ ਭਰ 'ਚ ਵਸਦੇ ਸਿੱਖਾਂ ਦੇ ਮਨਾਂ 'ਤੇ ਰਾਜ ਕਰ ਰਹੇ ਹਨ। ਇਸਦੀ ਪੁਸ਼ਟੀ ਭਾਰਤੀ ਜਨਤਾ ਪਾਰਟੀ ਦੇ ਕਰਿੰਦਿਆਂ ਵੱਲੋਂ ਪੂਰੇ ਜ਼ੋਰ ਸ਼ੋਰ ਨਾਲ ਰੌਲਾ ਪਾਉਣ ਦੇ ਬਾਵਜੂਦ, ਉਸ ਦੇ ਚਹੇਤੇ ਬਾਦਲਕਿਆਂ ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀ ਸ੍ਰੀ ਹਰਿਮੰਦਰ ਸਾਹਿਬ ਦੇ ਅਜਾਇਬ ਘਰ ਵਿੱਚ ਲੱਗੀ ਤਸਵੀਰ ਨੂੰ ਉਤਾਰਨ ਦੀ ਹਿੰਮਤ ਨਾ ਪੈਣ ਤੋਂ ਹੁੰਦੀ ਹੈ। ਅਡਵਾਨੀ ਹਕੀਕਤ

ਤੋਂ ਟੁੱਟੀ ਮੂਰਖਾਂ ਦੀ ਕਿਸ ਦੁਨੀਆਂ ਵਿੱਚ ਰਹਿ ਰਿਹਾ ਹੈ ਇਸਦਾ ਪਤਾ ਉਸਦੀ ਇਸ ਅਣਜਾਣਤਾ ਤੋਂ ਵੀ ਲੱਗਦਾ ਹੈ ਕਿ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਤ ਜਰਨੈਲ ਸਿੰਘ ਨੂੰ ਵੀਹਵੀਂ ਸਦੀ ਦਾ ਮਹਾਨ ਸਿੱਖ ਜਰਨੈਲ ਐਲਾਨਿਆ ਜਾ ਚੁੱਕਾ ਹੈ। ਅਡਵਾਨੀ ਦੇ ਇਸ ਇਕਬਾਲੀਆ ਬਿਆਨ ਤੋਂ ਬਾਅਦ ਇਹ ਗੱਲ ਹੁਣ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਪਾਰਟੀ ਇਕ ਹੀ ਸਿੱਕੇ ਦੇ ਦੋ ਪਾਸੇ ਹਨ ਤੇ ਦੋਹਾਂ ਨੂੰ ਇਸ ਦੇਸ਼ ਦੇ ਲੋਕਾਂ ਦੇ ਮਗਰੋਂ ਲਾਹੁਣਾ ਸਿੱਖ ਪੰਥ ਦੀ ਅਣਸਰਦੀ ਲੋੜ ਹੈ। ਅਡਵਾਨੀ ਨੇ ਆਪਣੀ ਇਸ ਕਿਤਾਬ ਵਿੱਚ ਅਨੰਦਪੁਰ ਦੇ ਮਤੇ ਦੀ ਖੁਲ੍ਹ ਕੇ ਮੁਖਾਲਫ਼ਿਤ ਕੀਤੀ ਹੈ ਤੇ ਉਸ ਨੂੰ ਦੇਸ਼ ਨੂੰ ਤੋੜਨ ਦਾ ਐਲਾਨਨਾਮਾ ਕਰਾਰ ਦਿੱਤਾ ਹੈ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਜੀਵਨ ਅਤੇ ਸ਼ਖਸੀਅਤ

(ਸੰਤ ਜਰਨੈਲ ਸਿੰਘ ਦੇ ਜੀਵਨ, ਅਤੇ ਉਹਨਾਂ ਦੇ ਸੰਘਰਸ਼ਮਈ ਜੀਵਨ ਬਾਰੇ ਇਸ ਲੇਖ ਵਿੱਚ ਬਹੁਤ ਹੀ ਵਿਸਥਾਰ ਸਹਿਤ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ—ਸੰਪਾਦਕ)

ਭਾਰਤੀ ਹੁਕਮਰਾਨਾਂ ਦੀਆਂ ਜ਼ਿਆਦਤੀਆਂ ਖਿਲਾਫ਼ ਅਤੇ ਅਜ਼ਾਦ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਬਾਬਾ-ਏ-ਕੌਮ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਸੰਘਰਸ਼ ਦਾ ਪਹਿਲਾ ਅਤੇ ਮੁੱਢਲਾ ਕਾਰਨ ਵੀ ਦੇਹਧਾਰੀ ਗੁਰੂ-ਡੰਮ੍ਹੀਆਂ ਵੱਲੋਂ ਸਿਆਸੀ ਛੱਤਰੀ ਹੇਠ ਸਿੱਖ ਧਰਮ ਦੀ ਮਰਿਆਦਾ ਨਾਲ ਖਿਲਵਾੜ ਸੀ। ਹੁਕਮਰਾਨ ਹਿੰਦੁਸਤਾਨ ਦੀ ਰਾਜਨੀਤਕ ਸੱਤਾ ਵੱਲੋਂ ਨਿਰੰਕਾਰੀਆਂ ਦੀ ਪਿੱਠ ਠੋਕਣਾ ਅਤੇ ਸਿੱਖ ਧਰਮ ਦੇ ਪ੍ਰਚਾਰਕ ਅਤੇ ਸਤਿਕਾਰਤ ਥੰਮ੍ਹਾਂ ਖਿਲਾਫ਼ ਕਾਰਵਾਈ ਕਰਨੀ ਅਤੇ ਕਾਰਵਾਈ ਕਰਨ ਵਾਲੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸਲਾਹੁਤਾ ਕਰਨੀ ਐਸੀ ਫਿਰਕਾਪ੍ਰਸਤੀ ਭਰੀ ਚਾਲ ਸੀ ਜਿਸ ਨੇ ਸਮੁੱਚੀ ਕੌਮ ਅੰਦਰ ਰੋਹ ਭਰ ਦਿੱਤਾ ਅਤੇ ਖ਼ਾਲਸਾ ਪੰਥ ਸੰਘਰਸ਼ ਵਿੱਚ ਕੁੱਦ ਪਿਆ। ਮਰਦ-ਏ-ਮੁਜਾਹਿਦ, ਬਾਬਾ-ਏ-ਕੌਮ ਸੰਤ ਬਾਬਾ ਜਰਨੈਲ ਸਿੰਘ ਵਰਗਾ ਆਗੂ ਮਿਲਣਾ ਵੀ ਸੋਨੇ 'ਤੇ ਸੁਹਾਗੇ ਦਾ ਕੰਮ ਕਰ ਗਿਆ। ਭਾਵੇਂ ਕਿ ਇਸ ਸੰਘਰਸ਼ ਦੀ ਕਾਫ਼ੀ ਹੱਦ ਤੱਕ ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਦੇ ਪ੍ਰਚਾਰ ਨੇ ਜਨਤਕ ਪਿੱਠ ਭੂਮੀ ਤਿਆਰ ਕਰ ਦਿੱਤੀ ਸੀ ਪ੍ਰੰਤੂ ਸੰਘਰਸ਼ ਦੇ ਸਿਖ਼ਰ ਦੇ ਦੌਰ ਦੌਰਾਨ ਕੌਮੀ ਜਾਹੋ-ਜਲਾਲ ਅਤੇ ਪੰਥ ਪ੍ਰਤੀ ਇਮਾਨਦਾਰ ਆਗੂ ਮਿਲਣਾ ਹੀ ਸੰਘਰਸ਼ ਨੂੰ ਕੌਮੀ ਆਜ਼ਾਦੀ ਦੇ ਮਾਰਗ ਉਪਰ ਤੋਰ ਗਿਆ।

ਆਜ਼ਾਦੀ ਦੇ ਸੰਘਰਸ਼ ਲਈ ਭਾਵੇਂ ਹੁਣ ਵੀ ਕਈ ਧਿਰਾਂ ਯਤਨਸ਼ੀਲ ਹਨ, ਪ੍ਰੰਤੂ ਸਿਧਾਂਤਹੀਣ ਆਗੂਆਂ ਦੀ ਅਗਵਾਈ ਹਰ ਯਤਨ ਨੂੰ ਨਾਕਾਮ ਕਰ ਰਹੀ ਹੈ। ਅਜੀਬ ਕੌਮੀ ਤਰਾਸਦੀ ਹੈ ਕਿ ਦੇਹਧਾਰੀ ਗੁਰੂ-ਡੰਮ੍ਹ ਦੇ ਵਿਰੋਧ ਦੀ ਅਗਨ ਵਿੱਚੋਂ ਪੈਦਾ ਹੋਇਆ ਕੌਮੀ ਸੰਘਰਸ਼ ਤਕਰੀਬਨ ਅੰਤਿਮ ਸਾਹਾਂ ਉਪਰ ਹੈ ਪ੍ਰੰਤੂ ਦੇਹਦਾਰੀ ਗੁਰ-ਡੰਮ੍ਹ ਦਾ ਪ੍ਰਕੋਪ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਅੱਜ ਸਾਡੀਆਂ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਵਿੱਚ ਬਾਬਾ-ਏ-ਕੌਮ ਸੰਤ ਜਰਨੈਲ ਸਿੰਘ ਜੀ ਦਾ ਕੋਈ ਵੀ ਚਿੰਨ੍ਹ, ਲੱਛਣ, ਸਿਆਣਪ, ਇਮਾਨਦਾਰੀ, ਦੂਰ-ਅੰਦੇਸ਼ੀ, ਪੰਥਕ ਪਿਆਰ, ਨਿਡਰਤਾ ਆਦਿਕ ਨਜ਼ਰ ਨਹੀਂ ਆਉਂਦਾ।

ਲੀਹੋਂ ਲੱਥੇ ਸੰਘਰਸ਼ ਨੂੰ ਤਾਂ ਮੁੜ ਸੁਰਜੀਤ ਕੀ ਕਰਨਾ ਸੀ, ਪੰਜਾਬ ਅੰਦਰ ਦੇਹਧਾਰੀ ਗੁਰੂ-ਡੰਮ੍ਹ ਅਤੇ ਡੇਰਾਵਾਦ ਦੇ ਖ਼ਾਤਮੇ ਦਾ ਆਗਾਜ਼ ਵੀ ਨਹੀਂ ਹੋ ਸਕਿਆ।

ਅੱਜ ਦੇ ਸਮੇਂ ਇਨ੍ਹਾਂ ਪ੍ਰਮੁੱਖ ਸਮੱਸਿਆਵਾਂ ਦੇ ਮੱਦੇਨਜ਼ਰ ਇਸ ਸਦੀ ਦੇ ਮਹਾਨ ਜੁਝਾਰੂ ਆਗੂ ਅਤੇ ਕੌਮੀ ਪ੍ਰਵਾਨੇ ਬਾਬਾ ਜਰਨੈਲ ਸਿੰਘ ਦੇ ਜੀਵਨ, ਸੰਘਰਸ਼ ਅਤੇ ਵਾਪਰੀਆਂ ਘਟਨਾਵਾਂ ਨੂੰ ਜਾਣਨਾ ਅਤਿ ਜ਼ਰੂਰੀ ਹੈ। ਭਾਈ ਨਰਾਇਣ ਸਿੰਘ (ਮੁਖੀ ਅਕਾਲ ਫੈਡਰੇਸ਼ਨ) ਨੇ ਬਾਬਾ ਜੀ ਦੇ ਜੀਵਨ ਅਤੇ ਘਟਨਾਵਾਂ ਨੂੰ ਅਜਿਹੇ ਰੂਪ ਵਿੱਚ ਲੜੀਬੱਧ ਕੀਤਾ ਹੈ ਕਿ ਥੋੜ੍ਹੇ ਸ਼ਬਦ ਹੀ ਵਿਸਥਾਰਿਤ ਭੂਮਿਕਾ ਬੰਨ੍ਹ ਦਿੰਦੇ ਹਨ।

ਕੌਮ ਦੇ ਇਸ ਅਣਖੀਲੇ ਜਰਨੈਲ ਅਤੇ ਸੁਹਿਰਦ ਚਿੰਤਕ ਦਾ ਜਨਮ 2 ਜੂਨ, 1947 ਨੂੰ ਫਰੀਦਕੋਟ ਜ਼ਿਲ੍ਹੇ ਦੀ ਮੋਗਾ ਤਹਿਸੀਲ ਦੇ ਪਿੰਡ ਰੋਡੇ ਵਿੱਚ ਸ. ਜੋਗਿੰਦਰ ਸਿੰਘ ਅਤੇ ਬੀਬੀ ਨਿਹਾਲ ਕੌਰ ਦੇ ਘਰ ਹੋਇਆ। ਇਹ ਉਹ ਸਮਾਂ ਸੀ ਜਦ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦੇ ਸਿਆਸੀ ਭਵਿੱਖ ਦਾ ਫੈਸਲਾ ਹੋ ਰਿਹਾ ਸੀ। ਮਿਸਟਰ ਜ਼ਿਨਾਹ ਦੀ ਅਗਵਾਈ ਹੇਠ ਮੁਸਲਮਾਨ ਆਪਣੇ ਵੱਖਰੇ ਆਜ਼ਾਦ ਇਸਲਾਮੀ ਰਾਜ, 'ਪਾਕਿਸਤਾਨ' ਦੀ ਮੰਗ ਕਰ ਰਹੇ ਸਨ ਅਤੇ ਹਿੰਦੂ ਗਾਂਧੀ ਤੇ ਨਹਿਰੂ ਦੀ ਅਗਵਾਈ ਹੇਠ ਪਾਕਿਸਤਾਨ ਦੀ ਸਥਾਪਨਾ ਦਾ ਵਿਰੋਧ ਕਰਕੇ ਮਜ਼ਬੂਤ ਬ੍ਰਾਹਮਣ ਸਾਮਰਾਜ 'ਹਿੰਦੁਸਤਾਨ' ਕਾਇਮ ਕਰਨਾ ਚਾਹੁੰਦੇ ਸਨ, ਪਰ 95% ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ, ਕਿਸੇ ਸੁਹਿਰਦ ਤੇ ਦੂਰ-ਅੰਦੇਸ਼ ਆਗੂ ਤੋਂ ਸੱਖਣੀ, ਬੂਹੇ ਆਈ ਆਜ਼ਾਦੀ ਨੂੰ ਠੁਕਰਾ ਰਹੀ ਸੀ ਅਤੇ ਅੰਗਰੇਜ਼ ਸਾਮਰਾਜ ਦੇ ਜੂਲੇ ਵਿੱਚੋਂ ਨਿਕਲ ਕੇ ਬ੍ਰਾਹਮਣ ਸਾਮਰਾਜ ਦੀ ਪੰਜਾਲੀ ਵਿੱਚ ਸਿਰ ਦੇ ਰਹੀ ਸੀ। ਕੌਮ ਦੇ ਭਵਿੱਖ ਨੂੰ ਸੰਵਾਰਨ ਦੀ ਤਮੰਨਾ ਰੱਖਣ ਵਾਲਾ ਕੌਮ ਦਾ ਇਹ ਜਰਨੈਲ ਅਜੇ ਢਾਈ ਮਹੀਨੇ ਦਾ ਹੀ ਸੀ ਕਿ ਸਿੱਖ ਆਗੂਆਂ ਨੇ ਸਿੱਖ ਕੌਮ ਦੀ ਕਿਨਾਰੇ ਪਹੁੰਚੀ ਬੇੜੀ ਤੂਫ਼ਾਨੀ ਘੁੰਮਣ-ਘੇਰੀਆਂ ਵਿੱਚ ਫਸਾ ਕੇ ਡੋਬ ਦਿੱਤੀ ਅਤੇ ਸਿੱਖ ਗੌਰੇ ਦੀ ਗ਼ੁਲਾਮੀ ਵਿੱਚੋਂ ਨਿਕਲ ਕੇ, ਹਿੰਦੂ ਦੀ ਗ਼ੁਲਾਮੀ ਵਿੱਚ ਫਸ ਗਏ। ਸਦੀਆਂ ਤੋਂ ਗੁਲਾਮ ਚਲੇ ਆ ਰਹੇ ਹਿੰਦੂ ਨੇ ਸੱਤਾ ਸੰਭਾਲਦਿਆਂ ਹੀ ਸਿੱਖ ਕੌਮ ਨੂੰ ਜਰਾਇਮ-ਪੇਸ਼ਾ ਕੌਮ ਦਾ ਫਤਵਾ ਦਿੱਤਾ ਅਤੇ ਕਾਂਗਰਸ ਦੇ ਲਾਰਿਆਂ ਅਤੇ ਲਾਲਚ ਵਿੱਚ ਆ ਕੇ ਕੌਮ ਦੇ ਪੈਰਾਂ 'ਤੇ ਕੁਹਾੜਾ ਮਾਰਨ ਵਾਲੇ ਸਿੱਖ ਆਗੂਆਂ ਨੂੰ ਮੁਸਲਮਾਨ ਆਗੂਆਂ ਦੀ ਕਹੀ ਹੋਈ ਗੱਲ, 'ਤੁਸੀਂ ਗ਼ੁਲਾਮ ਹਿੰਦੂ ਨੂੰ ਦੇਖਿਆ ਹੈ ਆਜ਼ਾਦ ਨੂੰ ਨਹੀਂ' ਕੰਨਾਂ ਵਿੱਚ ਗੂੰਜਣ ਲੱਗੀ। ਰਹਿੰਦੀ ਕਸਰ ਉਸ ਦਿਨ ਨਿਕਲ ਗਈ ਜਦ ਨਹਿਰੂ ਨੂੰ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਕਹਿਣ 'ਤੇ ਜਵਾਬ ਮਿਲਿਆ, 'ਕਿ ਹੁਣ ਸਮਾਂ ਬਦਲ ਚੁੱਕਾ ਹੈ।' ਹਿੰਦੂ ਸਾਮਰਾਜ ਦੀ ਸੱਤਾ ਦਾ ਪੂਰਾ ਅਹਿਸਾਸ ਉਸ ਦਿਨ ਹੋਇਆ, ਜਦ ਸਿੱਖ ਆਗੂ ਮਾਸਟਰ ਤਾਰਾ ਸਿੰਘ ਨੂੰ ਰੋਸ-ਮੁਜਾਹਰਾ ਕਰਨ ਲਈ ਦਿੱਲੀ ਜਾਂਦਿਆਂ ਨਾਰਲੇ ਦੇ ਸਟੇਸ਼ਨ 'ਤੇ ਗੱਡੀ 'ਚੋਂ ਲਾਹ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਫਿਰ 'ਤਾਲੋਂ ਘੁਥੀ ਤੂੰਬੜੀ ਬੋਲੇ ਤਾਲ ਬੇਤਾਲ' ਦੀ ਤਰ੍ਹਾਂ ਕਦੇ ਕਿਸੇ ਮੰਗ ਲਈ ਅਤੇ ਕਦੇ ਕਿਸੇ ਮੰਗ ਲਈ ਮੋਰਚੇ ਲਾ ਕੇ, ਕੌਮ ਦੀ ਸ਼ਕਤੀ ਨੂੰ ਅਜਾਈਂ ਗੁਆਇਆ ਗਿਆ। ਕਦੇ ਜਨਸੰਘੀਆਂ ਨਾਲ ਅਤੇ ਕਦੇ ਕਮਿਊਨਿਸਟਾਂ ਨਾਲ ਗ਼ੈਰ ਸਿਧਾਂਤਿਕ ਸਮਝੌਤੇ ਤੇ ਸੰਧੀਆਂ ਕਰਕੇ, ਕੌਮ ਦੀ ਗ਼ੈਰਤ ਰੋਲੀ ਅਤੇ ਕਦੇ ਸੱਤਾ ਹਾਸਲ

ਕਰਨ ਦੀ ਲਾਲਸਾ ਪੂਰੀ ਕਰਨ ਲਈ ਕੌਮ ਵਿੱਚ ਫੁੱਟ ਦਾ ਬੂਟਾ ਲਾਇਆ। ਖ਼ਾਲਸਈ ਸਿਧਾਂਤਾਂ ਅਤੇ ਪੰਥਕ ਰਵਾਇਤਾਂ ਨੂੰ ਤਿਲਾਂਜਲੀ ਦੇ ਕੇ, ਗਾਂਧੀਵਾਦੀ ਸਿਧਾਂਤਾਂ ਨੂੰ ਅਪਣਾ ਲਿਆ ਗਿਆ ਅਤੇ ਕਦੇ ਮਰਨ ਵਰਤ ਰੱਖ ਕੇ ਤੇ ਕਦੇ ਸੜ ਮਰਨ ਦੀਆਂ ਗੱਲਾਂ ਕਰਕੇ, ਅਰਦਾਸੇ ਤੋੜੇ ਅਤੇ ਕੌਮ ਦੀ ਖਿੱਲੀ ਉਡਾਈ ਗਈ। ਪੰਜਾਬੀ ਸੂਬਾ ਬਣਾਉਂਦੇ-ਬਣਾਉਂਦੇ, ਪੰਜਾਬ ਦੇ ਜ਼ਰਖੇਜ਼ ਇਲਾਕੇ ਵੀ ਹਿਮਾਚਲ, ਹਰਿਆਣੇ ਅਤੇ ਰਾਜਸਥਾਨ ਨੂੰ ਦੇ ਬੈਠੇ। ਹਰ ਮੋਰਚੇ ਵਿੱਚ ਹੀ ਜਿੱਤੀ ਬਾਜ਼ੀ ਹਾਰ ਕੇ ਕੌਮ ਦੀ ਸ਼ਕਤੀ ਅਜਾਈਂ ਗਵਾਉਂਦੇ ਤੇ ਖਵਾਰ ਕਰਦੇ ਰਹੇ। ਕੌਮ, ਅਕਾਲੀ ਆਗੂਆਂ ਦੀਆਂ ਚਾਲ-ਬਾਜ਼ੀਆਂ, ਲਾਲਸਾਵਾਂ, ਧੋਖੇਬਾਜ਼ੀਆਂ, ਖਹਿ-ਬਾਜ਼ੀਆਂ ਤੇ ਮੌਕਾਪ੍ਰਸਤੀ ਤੋਂ ਨਿਰਾਸ਼ ਹੋ ਕੇ ਤੰਗ ਆ ਕੇ, ਦੇਹਧਾਰੀ ਦੰਭ ਵਿੱਚ ਫਸਣ ਅਤੇ ਜਾਂ ਫਿਰ ਨਾਸਤਿਕ ਸੋਚ ਅਪਨਾਉਣ ਲੱਗ ਪਈ। ਸਿੱਖ, ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਆਰਥਿਕ ਹਰ ਖੇਤਰ ਵਿੱਚ ਪੱਛੜ ਗਏ ਅਤੇ ਗੁਰਮਤਿ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਹਿਰਦੇ ਵਿੱਚ ਵਸਾਉਣ ਦੀ ਥਾਂ, ਬੁਰਾਈਆਂ ਦਾ ਸ਼ਿਕਾਰ ਹੋਣ ਲੱਗ ਪਏ। ਕੌਮ ਦੀਆਂ ਨਜ਼ਰਾਂ ਵਿੱਚ ਸਿੱਖ ਸਿਆਸਤਦਾਨਾਂ ਅਤੇ ਧਾਰਮਿਕ ਆਗੂਆਂ ਦਾ ਵਿਕਾਰ ਡਿੱਗ ਪਿਆ ਅਤੇ ਭਵਿੱਖ ਧੁੰਦਲਾ ਹੋ ਗਿਆ।

ਕੌਮ ਦੇ ਹਰ ਖੇਤਰ ਵਿੱਚ ਆਈਆਂ ਕਮਜ਼ੋਰੀਆਂ, ਦੇਹਧਾਰੀ ਦੰਭ ਅਤੇ ਨਾਸਤਿਕਵਾਦ ਆਦਿ ਚੁਨੌਤੀਆਂ ਸੰਤ ਜਰਨੈਲ ਸਿੰਘ ਨੂੰ ਵਿਰਸੇ ਵਿੱਚ ਹੀ ਮਿਲੀਆਂ। ਕੌਮੀ ਕਮਜ਼ੋਰੀਆਂ ਨੂੰ ਦੂਰ ਕਰਨਾ ਅਤੇ ਦੇਹਧਾਰੀ ਦੰਭ ਅਤੇ ਨਾਸਤਿਕਵਾਦ ਦਾ ਮੁਕਾਬਲਾ ਕਰਨਾ, ਮਾਮੂਲੀ ਗੱਲਾਂ ਨਹੀਂ ਸਨ। ਇਸ ਕੌਮੀ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਮਰਨਾ ਮੰਡ ਕੇ ਤੁਰਨ ਦੀ ਲੋੜ ਸੀ। ਲੀਹੋਂ ਲੱਥੇ ਸਿੱਖ ਸਿਆਸਤਦਾਨ ਅਤੇ ਧਾਰਮਿਕ ਆਗੂ ਪੈਰ-ਪੈਰ ਦਾ ਰੋੜਾ ਬਣ ਚੁੱਕੇ ਸਨ। ਬ੍ਰਾਹਮਣ ਸਾਮਰਾਜ, ਸਿੱਖ ਕੌਮ ਦੀ ਨਸਲਕੁਸ਼ੀ ਕਰਨ ਅਤੇ ਕਮਿਊਨਿਸਟ ਧਰਮ ਨੂੰ ਨਿਗਲ ਜਾਣ 'ਤੇ ਤੁਲੇ ਹੋਏ ਸਨ। ਦੇਹਧਾਰੀ ਪਾਖੰਡੀ ਸਰਕਾਰ ਦੇ ਇਸ਼ਾਰੇ 'ਤੇ ਗੁਰਮਤਿ ਦੇ ਰਾਹਾਂ ਵਿੱਚ ਕੰਡੇ ਖਿਲਾਰਨ ਲਈ ਹਰ ਵੇਲੇ ਤਿਆਰ ਸਨ। ਕੌਮੀ ਦਰਦ ਰੱਖਣ ਵਾਲੇ ਸਿੱਖ ਆਗੂ ਨੂੰ ਬਦਨਾਮ ਕਰਨ ਦਾ ਸਰਕਾਰੀ ਜਾਲ ਵੀ ਪੈਰ-ਪੈਰ 'ਤੇ ਵਿਛਿਆ ਹੋਇਆ ਸੀ, ਪਰ ਸੰਤ ਜਰਨੈਲ ਸਿੰਘ ਨੇ ਇਨ੍ਹਾਂ ਸਾਰੀਆਂ ਚੁਨੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਸੰਘਰਸ਼ ਲਈ ਆਪਣੀ ਜ਼ਿੰਮੇਵਾਰੀ ਸੰਭਾਲ ਲਈ।

ਸੰਤ ਜਰਨੈਲ ਸਿੰਘ ਨੂੰ ਕੌਮ ਦੀ ਇਹ ਜ਼ਿੰਮੇਵਾਰੀ ਸੰਤ ਕਰਤਾਰ ਸਿੰਘ ਦੇ ਮਿਤੀ 16-08-1977 ਨੂੰ ਐਕਸੀਡੈਂਟ ਕਾਰਨ ਹੋਏ ਅਕਾਲ ਚਲਾਣੇ ਕਾਰਨ ਸੌਂਪੀ ਗਈ। ਮਿਤੀ 20-08-1977 ਨੂੰ ਦਮਦਮੀ ਟਕਸਾਲ ਦੀਆਂ ਰਵਾਇਤਾਂ ਅਨੁਸਾਰ ਸੰਤ ਜਰਨੈਲ ਸਿੰਘ ਦੀ ਦਸਤਾਰ ਬੰਦੀ ਹੋਈ ਅਤੇ 30 ਸਾਲ ਦੀ ਉਮਰ ਵਿੱਚ ਦਮਦਮੀ ਟਕਸਾਲ ਦਾ ਮੁਖੀ ਥਾਪਿਆ ਗਿਆ। ਧਾਰਮਿਕ ਮਾਹੌਲ ਵਿੱਚ ਪਲਿਆ ਅਤੇ ਨਾਮ ਰੰਗ ਵਿੱਚ ਰੰਗਿਆ ਇਹ ਕੌਮੀ ਜਰਨੈਲ, ਸੰਤ ਸਿਪਾਹੀ ਦੇ ਰੂਪ 'ਚ ਮੈਦਾਨ ਵਿੱਚ ਨਿਤਰਿਆ ਅਤੇ ਸਿੱਖ ਕੌਮ ਦੇ ਹਰ ਖੇਤਰ ਵਿੱਚ ਆ ਚੁੱਕੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਮੁਹਿੰਮ ਸ਼ੁਰੂ ਕ ਦਿੱਤੀ।

ਬਚਪਨ ਤੋਂ ਹੀ ਦਮਦਮੀ ਟਕਸਾਲ ਵਿੱਚ ਰਹਿ ਕੇ ਸੰਤ ਗੁਰਬਚਨ ਸਿੰਘ ਅਤੇ ਸੰਤ ਕਰਤਾਰ ਸਿੰਘ ਤੋਂ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ ਹੋਣ ਸਦਕਾ, ਸੰਤ ਜਰਨੈਲ ਸਿੰਘ ਉੱਚ-ਕੋਟੀ ਦਾ ਪ੍ਰਚਾਰਕ ਅਤੇ ਦਿਲਾਂ ਨੂੰ ਟੁੰਬਣ ਵਾਲਾ ਬੁਲਾਰਾ ਪਹਿਲਾਂ ਹੀ ਸੀ। ਟਕਸਾਲ ਦੇ ਮੁਖੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਸੰਤ ਜਰਨੈਲ ਸਿੰਘ ਨੇ ਸਿੱਖ ਕੌਮ ਵਿੱਚੋਂ ਪਤਿਤਪੁਣੇ ਦੀ ਬੁਰਾਈ ਨੂੰ ਦੂਰ ਕਰਨ ਲਈ ਪ੍ਰਚਾਰ ਵਹੀਰ ਆਰੰਭ ਦਿੱਤੀ।

ਜਟਕੀ ਬੋਲੀ ਵਿੱਚ ਸੰਤ ਜਰਨੈਲ ਸਿੰਘ ਦੇ ਗੁਰਮਤਿ ਵਿਖਿਆਨ ਸਰੋਤਿਆਂ ਨੂੰ ਕੀਲ ਲੈਂਦੇ ਅਤੇ ਦਿਲ 'ਤੇ ਗਹਿਰਾ ਘਾਉ ਕਰਦੇ। ਵਿਖਿਆਨ ਸੁਣ ਕੇ ਸਰੋਤੇ ਪਤਿਤਪੁਣੇ ਦੀ ਜੂਠ ਉਤਾਰ ਕੇ ਅਤੇ ਨਸ਼ਿਆਂ ਦਾ ਤਿਆਗ ਕਰਕੇ ਵੱਡੀ ਗਿਣਤੀ ਵਿੱਚ ਅੰਮ੍ਰਿਤਪਾਨ ਕਰਨ ਲੱਗ ਪਏ। 6 ਮਹੀਨਿਆਂ ਵਿੱਚ ਹੀ ਵੱਡੀ ਗਿਣਤੀ ਵਿੱਚ ਖੁੱਲ੍ਹੇ ਦਾਹੜੇ ਅਤੇ ਗਾਤਰੇ ਕ੍ਰਿਪਾਨਾਂ ਵਾਲੇ ਅੰਮ੍ਰਿਤਧਾਰੀ ਸਿੰਘ ਹਰ ਪਾਸੇ ਦਿਖਾਈ ਦੇਣ ਲੱਗ ਪਏ।

ਅੰਮ੍ਰਿਤ ਦੀ ਲਹਿਰ ਪ੍ਰਚੰਡ ਕਰਨ ਤੋਂ ਬਾਅਦ, ਸੰਤ ਜਰਨੈਲ ਸਿੰਘ ਨੇ ਦੇਹਧਾਰੀ ਦੰਭ ਅਤੇ ਨਾਸਤਿਕਵਾਦ ਦੇ ਵੱਧ ਰਹੇ ਪ੍ਰਭਾਵ ਨੂੰ ਠੱਲ੍ਹ ਪਾਉਣ ਦਾ ਪ੍ਰੋਗਰਾਮ ਉਲੀਕਿਆ। ਸਰਕਾਰੀ ਸ਼ਹਿ 'ਤੇ ਪਲ ਰਹੇ ਨਿੰਰਕਾਰੀ, ਸ਼ਬਦ-ਗੁਰੂ ਦੇ ਸਿਧਾਂਤ, ਪੰਜ ਪਿਆਰਿਆਂ ਦੀ ਪਰੰਪਰਾ ਅਤੇ ਸਿੱਖ ਧਰਮ ਦਾ ਮਖੌਲ ਉਡਾ ਰਹੇ ਸਨ। ਨਿੰਰਕਾਰੀ ਮੁਖੀ ਗੁਰਬਚਨ ਸਿੰਹੁ ਨੇ ਸਿੱਖ ਧਰਮ ਵਿਰੋਧੀ ਆਪਣੇ ਪ੍ਰਪੰਚ ਨੂੰ ਅੱਗੇ ਵਧਾਉਂਦਿਆਂ ਸਿੱਖਾਂ ਦੇ ਧਾਰਮਿਕ ਸ਼ਹਿਰ ਅੰਮ੍ਰਿਤਸਰ ਅਤੇ ਇਤਿਹਾਸਕ ਦਿਨ ਵਿਸਾਖੀ ਨੂੰ ਚੁਣਿਆ। ਉਸਦੇ ਇਸ਼ਤਿਹਾਰ ਦਰਬਾਰ ਸਾਹਿਬ ਕੰਪਲੈਕਸ ਦੀਆਂ ਕੰਧਾਂ ਉਤੇ ਵੀ ਚਿਪਕਾਏ ਗਏ। ਜਦ ਇਹ ਇਸ਼ਤਿਹਾਰ ਸੰਤ ਜਰਨੈਲ ਸਿੰਘ ਦੀ ਨਜ਼ਰੀਂ ਪਏ ਤਾਂ ਉਨ੍ਹਾਂ ਦੇ ਦਿਲ ਵਿੱਚ ਰੋਹ ਜਾਗ ਪਿਆ। ਉਧਰੋਂ ਇਕ ਸਿੰਘ ਨੇ, ਨਿਰੰਕਾਰੀਆਂ ਵੱਲੋਂ ਅੰਮ੍ਰਿਤਸਰ ਸ਼ਹਿਰ ਵਿੱਚ ਜਲੂਸ ਕੱਢ ਕੇ ਸਿੱਖ ਪਰੰਪਰਾਵਾਂ ਦੇ ਕੀਤੇ ਜਾ ਰਹੇ ਨਿਰਾਦਰ ਬਾਰੇ ਵੀ ਸੰਤ ਜਰਨੈਲ ਸਿੰਘ ਨੂੰ ਆਣ ਦੱਸਿਆ। ਉਹ ਤੁਰੰਤ ਦੀਵਾਨ ਹਾਲ ਮੰਜੀ ਸਾਹਿਬ ਪੁੱਜੇ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਤੇ ਮਾਲ ਮੰਤਰੀ ਪੰਜਾਬ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਤੋਂ ਮੰਗ ਕੀਤੀ ਕਿ ਨਿਰੰਕਾਰੀਆਂ ਨੂੰ ਸਿੱਖ ਧਰਮ ਵਿਰੁੱਧ ਪ੍ਰਚਾਰ ਕਰਨ ਤੋਂ ਰੋਕਿਆ ਜਾਵੇ, ਪਰ ਉਮਰਾਨੰਗਲ ਨੇ ਜਵਾਬ ਦਿੱਤਾ ਕਿ ਨਿਰੰਕਾਰੀ ਸਰਕਾਰ ਤੋਂ ਆਗਿਆ ਲੈ ਕੇ ਹੀ ਸਮਾਗਮ ਕਰ ਰਹੇ ਹਨ ਅਤੇ ਮੈਂ ਇਸ ਨੂੰ ਨਹੀਂ ਰੋਕ ਸਕਦਾ। ਸੰਤ ਜਰਨੈਲ ਸਿੰਘ ਨੇ ਦੁਬਾਰਾ ਮਾਈਕ 'ਤੇ ਆ ਕੇ ਕਿਹਾ ਕਿ ਜੇ ਨਿਰੰਕਾਰੀਆਂ ਦੇ ਸਮਾਗਮ ਨੂੰ ਨਹੀਂ ਰੋਕਿਆ ਜਾ ਸਕਦਾ ਤਾਂ ਜ਼ਿਲ੍ਹਾ ਅਧਿਕਾਰੀ ਉਨ੍ਹਾਂ ਨੂੰ ਸਿੱਖ ਵਿਰੋਧੀ ਪ੍ਰਚਾਰ ਕਰਨ ਤੋਂ ਤਾਂ ਰੋਕ ਸਕਦੇ ਹਨ, ਪਰ ਉਮਰਾਨੰਗਲ ਨੇ ਜਵਾਬ ਦਿੱਤਾ ਕਿ ਜ਼ਿਲ੍ਹਾ ਅਧਿਕਾਰੀ ਮੇਰੀ ਗੱਲ ਹੀ ਨਹੀਂ ਮੰਨਦੇ। ਉਮਰਾਨੰਗਲ ਦਾ ਕੋਰਾ ਜਵਾਬ ਸੁਣ ਕੇ ਸੰਤ ਜਰਨੈਲ ਸਿੰਘ ਦੀਵਾਨ 'ਚੋਂ ਉੱਠ ਪਏ ਅਤੇ ਇਹ ਕਹਿ ਕੇ ਕਿ, "ਅਸੀਂ ਸਿੱਖ ਧਰਮ ਵਿਰੋਧੀ ਜਲੂਸ ਨੂੰ ਰੋਕਣ ਜਾ ਰਹੇ ਹਾਂ।" ਸੰਤ ਗੁਰੂ ਰਾਮਦਾਸ ਨਿਵਾਸ ਵਿੱਚ ਪਹੁੰਚ ਗਏ। ਸਿੰਘਾਂ ਨਾਲ ਸਲਾਹ ਮਸ਼ਵਰਾ ਕਰਕੇ, ਸੰਤ ਜਰਨੈਲ ਸਿੰਘ ਨੇ ਨਿਰੰਕਾਰੀ ਪ੍ਰਪੰਚ ਨੂੰ ਰੋਕਣ ਲਈ ਜਾਣ ਵਾਲੇ ਜਥੇ ਦੀ ਅਗਵਾਈ ਖ਼ੁਦ ਕਰਨ ਦੀ ਇੱਛਾ ਪ੍ਰਗਟਾਈ, ਪਰ ਟਕਸਾਲ ਦੇ ਸੂਝਵਾਨ ਸਿੰਘਾਂ ਨੇ ਦੂਰ-ਅੰਦੇਸ਼ੀ ਸੋਚ ਸੋਚਦਿਆਂ, ਸੰਤਾਂ ਨੂੰ ਖ਼ੁਦ ਜਾਣ ਤੋਂ ਰੋਕਿਆ। ਸੰਤ ਜਰਨੈਲ ਸਿੰਘ ਜਦ ਸਿੰਘਾਂ ਵੱਲੋਂ ਰੋਕਣ 'ਤੇ ਵੀ ਜਥੇ ਵਿੱਚ ਜਾਣ ਤੋਂ ਪਿੱਛੇ ਹਟਦੇ ਨਾ ਜਾਪੇ ਤਾਂ ਫਿਰ ਸਿੰਘਾਂ ਨੇ ਪੰਜ ਪਿਆਰਿਆਂ ਦੀ ਪ੍ਰੰਪਰਾ ਦੀ ਵਰਤੋਂ ਕਰਨ ਦਾ ਫੈਸਲਾ ਸੁਣਾਇਆ। ਜਿਸ 'ਤੇ ਸੰਤ ਜਰਨੈਲ ਸਿੰਘ ਨੂੰ ਆਪਣਾ ਫੈਸਲਾ ਤਿਆਗਣਾ ਪਿਆ ਅਤੇ ਦਮਦਮੀ ਟਕਸਾਲ ਦੇ ਅਖੰਡ ਕੀਰਤਨੀ ਜਥੇ ਦੇ ਸਿੰਘ, ਭਾਈ ਫ਼ੌਜਾ ਸਿੰਘ ਸਮੇਤ ਪੰਜ ਸਿੰਘਾਂ ਦੀ ਅਗਵਾਈ ਹੇਠ ਰੇਲਵੇ ਕਲੌਨੀ, ਬੀ ਬਲਾਕ, ਜਿੱਥੇ ਨਿਰੰਕਾਰੀ ਸਮਾਗਮ ਹੋ ਰਿਹਾ ਸੀ, ਵੱਲ ਚੱਲ ਪਏ। ਜਦ ਸਿੰਘਾਂ ਦਾ ਇਹ ਜਥਾ ਨਿਰੰਕਾਰੀ ਸਮਾਗਮ ਨੇੜੇ ਪੁੱਜਾ ਤਾਂ ਸਿਟੀ ਇੰਸਪੈਕਟਰ ਅਨੂਪ ਸਿੰਘ ਅਤੇ ਡੀ.ਐੱਸ.ਪੀ ਜੋਸ਼ੀ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕ ਲਿਆ, ਪਰ ਨਿਰੰਕਾਰੀਆਂ ਨੇ ਇਸ ਜਥੇ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਭਾਈ ਫ਼ੌਜਾ ਸਿੰਘ ਸਮੇਤ 13 ਸਿੰਘ ਸ਼ਹੀਦ ਅਤੇ 78 ਜ਼ਖ਼ਮੀ ਹੋ ਗਏ। ਇਸ ਕਤਲੇਆਮ ਤੋਂ ਬਾਅਦ ਵੀ ਨਿਰੰਕਾਰੀ ਸਮਾਗਮ ਤਿੰਨ ਘੰਟੇ ਚਲਦਾ ਰਿਹਾ ਅਤੇ ਪੁਲਿਸ ਇਸ ਖ਼ੂਨੀ ਕਾਂਡ ਦੇ ਮੁੱਖ ਦੋਸ਼ੀ ਨਿਰੰਕਾਰੀ ਮੁਖੀ ਗੁਰਬਚਨ ਸਿਹੁੰ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ, ਪੰਜਾਬ ਸਰਕਾਰ ਦੀ ਗੱਡੀ ਵਿੱਚ ਬੈਠਾ ਕੇ ਦਿੱਲੀ ਪਹੁੰਚਾ ਆਈ। 13 ਅਪ੍ਰੈਲ, 1978 ਦਾ ਸਾਕਾ, 13 ਸਿੰਘਾਂ ਦੀ ਹੀ ਸ਼ਹੀਦੀ ਅਤੇ 78 ਸਿੰਘਾਂ ਦੇ ਹੀ ਜ਼ਖਮੀ ਹੋਣ ਨਾਲ ਇਤਿਹਾਸਕ ਕਾਂਡ ਬਣ ਗਿਆ।

ਗੁਰੂ ਰਾਮਦਾਸ ਦੀ ਨਗਰੀ ਅੰਮ੍ਰਿਤਸਰ ਵਿੱਚ ਨਿਰੰਕਾਰੀਆਂ ਹੱਥੋਂ ਸਿੰਘਾਂ ਦੇ ਡੁੱਲ੍ਹੇ ਇਸ ਲਹੂ ਨੇ ਸਿੱਖ ਜਗਤ ਅੰਦਰ ਜੋਸ਼, ਗੁੱਸੇ ਅਤੇ ਗ਼ਮ ਦੀ ਲਹਿਰ ਪੈਦਾ ਕਰ ਦਿੱਤੀ ਅਤੇ ਸਿੱਖ ਇਸ ਭਿਆਨਕ ਖ਼ੂਨੀ ਸਾਕੇ ਨੂੰ ਨਾ ਰੋਕਣ ਲਈ ਪੰਜਾਬ ਸਰਕਾਰ ਦੇ ਮਾਲ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜੀਵਨ ਸਿੰਘ ਉਮਰਾਨੰਗਲ ਨੂੰ ਮੁੱਖ ਦੋਸ਼ੀ ਕਹਿਣ ਲੱਗ ਪਏ। ਉਮਰਾਨੰਗਲ ਨੇ ਆਪਣੀ ਇਸ ਬੱਜਰ ਗਲਤੀ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿੱਚ, ਸੰਤ ਜਰਨੈਲ ਸਿੰਘ 'ਤੇ ਜਥਾ ਭੇਜ ਕੇ ਸਿੰਘਾਂ ਨੂੰ ਮਰਵਾਉਣ ਦਾ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਅਤੇ ਪੰਜਾਬ ਸਰਕਾਰ ਵਿੱਚ ਭਾਈਵਾਲ ਜਨਤਾ ਪਾਰਟੀ ਦੇ ਆਗੂਆਂ ਤੇ ਫਿਰਕੂ ਮਹਾਸ਼ਾ ਪ੍ਰੈਸ ਨੇ ਘੱਟ-ਗਿਣਤੀ ਦੇ ਧਰਮ ਵਿੱਚ, ਸੰਤ ਜਰਨੈਲ ਸਿੰਘ ਵੱਲੋਂ ਦਖਲ ਦੇਣ ਦੀ ਦੁਹਾਈ ਪਾ ਕੇ, ਉਮਰਾਨੰਗਲ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ। ਜਦੋਂ ਸਿੱਖ ਕੌਮ 'ਤੇ ਇਨ੍ਹਾਂ ਪੰਥ ਦੋਖੀਆਂ ਦੇ ਇਸ ਪ੍ਰਚਾਰ ਦਾ ਕੋਈ ਅਸਰ ਨਾ ਹੋਇਆ ਤਾਂ ਉਨ੍ਹਾਂ ਨੇ ਸਿੱਖ ਕੌਮ ਵਿੱਚ ਫੁੱਟ ਪਾਉਣ ਅਤੇ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦੀ ਇਕ ਹੋਰ ਚਾਲ ਚੱਲੀ। ਸੰਤਾਂ 'ਤੇ ਖੁਦ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਜਥੇ ਵਿੱਚ ਨਾ ਜਾ ਕੇ ਅਰਦਾਸ ਭੰਗ ਕਰਨ ਦਾ ਦੋਸ਼ ਲਗਾਇਆ ਗਿਆ, ਪਰ ਅਜਿਹੇ ਲੋਕਾਂ ਦੇ ਕੂੜ ਪ੍ਰਚਾਰ ਦਾ ਵੀ ਸਿੱਖ ਸੰਗਤਾਂ 'ਤੇ ਕੋਈ ਅਸਰ ਨਾ ਹੋਇਆ।

22 ਅਪ੍ਰੈਲ, 1978 ਨੂੰ ਅੰਮ੍ਰਿਤਸਰ ਸਾਕੇ ਦੇ 13 ਸ਼ਹੀਦ ਸਿੰਘਾਂ ਦੀ ਯਾਦ ਵਿੱਚ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਿਤ ਕਰਦਿਆਂ, ਆਪਣੇ ਸੰਖੇਪ ਭਾਸ਼ਨ ਵਿੱਚ ਸੰਤ ਜਰਨੈਲ ਸਿੰਘ ਨੇ ਐਲਾਨ ਕੀਤਾ ਕਿ, "ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ

ਵਿਸਾਖੀ ਦੇ ਸ਼ਹੀਦੀ ਸਾਕੇ ਬਾਰੇ ਜੋ ਪ੍ਰੋਗਰਾਮ ਉਲੀਕਣਗੇ, ਅਸੀਂ ਉਸ ਨੂੰ ਦੇਖਾਂਗੇ, ਘੋਖਾਂਗੇ ਤੇ ਕੋਈ ਕਦਮ ਕਾਹਲੀ ਵਿੱਚ ਨਹੀਂ ਚੁੱਕਾਂਗੇ, ਪਰ ਨਾਲ ਇਹ ਵੀ ਕਹਿੰਦੇ ਹਾਂ ਕਿ ਸਮਾਂ ਐਵੇਂ ਅਜਾਈਂ ਹੀ ਨਾ ਲੰਘ ਜਾਵੇ। ਸਾਡੀ ਇਹ ਪ੍ਰਤਿੱਗਿਆ ਹੈ ਕਿ ਸ਼ਹੀਦਾਂ ਦਾ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹਰਗਿਜ਼ ਨਹੀਂ ਸਹਾਰਾਂਗੇ।"

"ਅਸੀਂ ਮੰਗ ਕਰਦੇ ਹਾਂ ਕਿ ਪਾਖੰਡੀ ਨਿਰੰਕਾਰੀ ਮਿਸ਼ਨ 'ਤੇ ਪਾਬੰਧੀ ਲਾਈ ਜਾਏ, ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਨੂੰ ਵੀ ਮੁਆਫ਼ ਨਾ ਕੀਤਾ ਜਾਏ। ਮੈਨੂੰ ਆਸ ਹੈ ਕਿ ਸੰਗਤਾਂ ਪੰਜਾਬ ਸਰਕਾਰ ਵੱਲੋਂ ਦਿਵਾਏ ਗਏ ਭਰੋਸੇ 'ਤੇ ਯਕੀਨ ਕਰਨਗੀਆਂ, ਪਰ ਫਿਰ ਵੀ ਮੈਂ ਚਿਤਾਵਨੀ ਦਿੰਦਾ ਹਾਂ ਕਿ ਜੇ ਸਰਕਾਰ ਨੇ ਸਮਾਂ ਲੈ ਕੇ ਵੀ ਕੁਝ ਨਾ ਕੀਤਾ ਤਾਂ ਅਸੀਂ ਸੰਗਤਾਂ 'ਤੇ ਕਾਬੂ ਨਹੀਂ ਪਾ ਸਕਾਂਗੇ।"

"ਆਸ ਹੈ ਕਿ ਸਰਕਾਰ ਤੇ ਅਕਾਲੀ ਦਲ ਸਾਨੂੰ ਨਿਆਂ ਦਿਵਾਉਣਗੇ, ਪਰ ਜੇਕਰ ਇਨਸਾਫ਼ ਨਾ ਮਿਲਿਆ ਤਾਂ ਅਸੀਂ ਕੁਫ਼ਰ ਵਿਰੁੱਧ ਧਰਮ ਯੁੱਧ ਸ਼ੁਰੂ ਕਰ ਦਿਆਂਗੇ।" ਸੰਤ ਜਰਨੈਲ ਸਿੰਘ ਨੇ ਆਪਣੇ ਭਾਸ਼ਨ ਰਾਹੀਂ ਇਹ ਜਾਣਦਿਆਂ ਹੋਇਆਂ ਵੀ ਕਿ ਜਿਹੜੀ ਸਰਕਾਰ ਸਿੰਘਾਂ ਦੇ ਕਾਤਲ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਆਪਣੀ ਗੱਡੀ ਵਿੱਚ ਬੈਠਾ ਕੇ ਪੰਜਾਬ ਤੋਂ ਬਾਹਰ ਭੇਜ ਸਕਦੀ ਹੈ, ਉਹ ਉਸਨੂੰ ਸਜ਼ਾ ਵੀ ਨਹੀਂ ਦਿਵਾ ਸਕੇਗੀ, ਪਰ ਫਿਰ ਵੀ ਉਸ ਨੇ ਕਾਨੂੰਨ ਅਨੁਸਾਰ ਸਿੱਖਾਂ ਨੂੰ ਇਨਸਾਫ਼ ਦਿਵਾਉਣ ਦਾ ਸਰਕਾਰ ਨੂੰ ਪੂਰਾ-ਪੂਰਾ ਮੌਕਾ ਦਿੱਤਾ। ਅਸਲ ਵਿੱਚ ਸੰਤ ਪੜਾਅ ਵਾਰ ਅੱਗੇ ਵਧਣਾ ਚਾਹੁੰਦੇ ਸਨ ਤਾਂ ਕਿ ਉਨ੍ਹਾਂ 'ਤੇ ਪਹਿਲਾਂ ਵਾਰ ਕਰਨ ਦਾ, ਕੋਈ ਵਿਰੋਧੀ ਵੀ ਦੋਸ਼ ਨਾ ਲਾ ਸਕੇ।

17 ਅਪ੍ਰੈਲ, 1978 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ ਸਿੱਖ ਵਿਦਵਾਨਾਂ ਅਤੇ ਸੰਪਰਦਾਵਾਂ ਦੇ ਮੁਖੀਆਂ ਦੀ ਬੁਲਾਈ ਗਈ ਕਨਵੈਨਸ਼ਨ ਵਿੱਚ ਪਾਸ ਕੀਤੇ ਗਏ ਮਤੇ ਅਨੁਸਾਰ 10 ਜੂਨ, 1978 ਨੂੰ ਪੰਚਮ ਪਾਤਸ਼ਾਹ ਦੇ ਸ਼ਹੀਦੀ ਦਿਹਾੜੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਗਿਆ ਕਿ 'ਇਸ ਧਰਮ-ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿੱਚ ਵਧਣ ਫੈਲਣ ਨਾ ਦਿੱਤਾ ਜਾਵੇ।' (ਹੁਕਮਨਾਮੇ ਦੀ ਕਾਪੀ ਅੰਤਿਕਾ ਵਿੱਚ ਹੈ)

ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਇਸ ਹੁਕਮਨਾਮੇ 'ਤੇ ਸਿੱਖ ਸੰਗਤਾਂ ਵੱਲੋਂ ਪੂਰੀ ਸ਼ਰਧਾ ਅਤੇ ਜਜ਼ਬੇ ਨਾਲ ਅਮਲ ਕੀਤਾ ਗਿਆ, ਪਰ ਬਾਦਲ ਸਰਕਾਰ ਵਿੱਚ ਭਾਈਵਾਲ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਹੁਕਮਨਾਮੇ ਪ੍ਰਤੀ ਆਪਣੀ ਨਰਾਜ਼ਗੀ ਦਾ ਪ੍ਰਗਟਾਵਾ ਕਰਨ 'ਤੇ ਪੰਜਾਬ ਮੰਤਰੀ ਮੰਡਲ ਨੇ 17 ਜੂਨ, 1978 ਨੂੰ ਆਪਣੀ ਮੀਟਿੰਗ ਬੁਲਾ ਕੇ ਹੁਕਮਨਾਮੇ ਪ੍ਰਤੀ ਇਹ ਸਪੱਸ਼ਟ ਕਰ ਦਿੱਤਾ ਕਿ 'ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਉਨ੍ਹਾਂ ਸਿੱਖਾਂ ਲਈ ਹੈ, ਜਿਨ੍ਹਾਂ ਦਾ ਅਕਾਲ ਤਖ਼ਤ ਸਾਹਿਬ

'ਤੇ ਵਿਸ਼ਵਾਸ ਹੈ। ਦੂਸਰੇ ਲੋਕਾਂ ਤੇ ਸਰਕਾਰੀ ਕੰਮਾਂ-ਕਾਜਾਂ 'ਤੇ ਇਸ ਦਾ ਕੋਈ ਅਸਰ ਨਹੀਂ ਪਵੇਗਾ।'

ਅਸਲ ਵਿੱਚ ਬਾਦਲ ਸਰਕਾਰ ਜਨਤਾ ਪਾਰਟੀ ਅੱਗੇ ਝੁਕ ਗਈ ਸੀ ਅਤੇ ਉਸ ਨੇ ਹੁਕਮਨਾਮੇ ਦੇ ਖੇਤਰ ਨੂੰ ਸੀਮਤ ਕਰਨ ਦੀ ਅਵੱਗਿਆ ਕਰ ਦਿੱਤੀ ਸੀ। ਸੰਤ ਜਰਨੈਲ ਸਿੰਘ ਨੇ ਹੁਕਮਨਾਮੇ 'ਤੇ ਸਿੱਖੀ ਭਾਵਨਾ ਅਨੁਸਾਰ ਅਮਲ ਨਾ ਕਰਨ ਵਾਲੇ ਅਕਾਲੀ ਮੰਤਰੀਆਂ ਦੀ ਆਲੋਚਨਾ ਕੀਤੀ ਅਤੇ 16 ਅਗਸਤ, 1978 ਨੂੰ ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤ ਕਰਤਾਰ ਸਿੰਘ ਦੀ ਬਰਸੀ 'ਤੇ ਐਲਾਨ ਕਰ ਦਿੱਤਾ ਕਿ ਉਹ ਹੁਕਮਨਾਮੇ ਨੂੰ ਲਾਗੂ ਕਰਨ ਲਈ 20 ਅਗਸਤ ਨੂੰ ਅੰਮ੍ਰਿਤਸਰ ਦਾ ਨਿਰੰਕਾਰੀ ਭਵਨ ਬੰਦ ਕਰਾਉਣ ਦੀ ਮੁਹਿੰਮ ਆਰੰਭ ਕਰ ਦੇਣਗੇ। ਇਸ ਮੌਕੇ 'ਤੇ ਕੁਝ ਅਕਾਲੀ ਆਗੂ ਵੀ ਹਾਜ਼ਰ ਸਨ।

ਸੰਤ ਜਰਨੈਲ ਸਿੰਘ ਦੇ ਇਸ ਐਲਾਨ ਨਾਲ ਪੰਜਾਬ ਸਰਕਾਰ ਘਬਰਾ ਗਈ ਅਤੇ ਕੁਝ ਅਕਾਲੀ ਮੰਤਰੀਆਂ ਨੇ ਸੰਤ ਜਰਨੈਲ ਸਿੰਘ 'ਤੇ ਕਾਂਗਰਸ ਪਾਰਟੀ ਦੇ ਇਸ਼ਾਰੇ 'ਤੇ ਭਵਨ ਬੰਦ ਕਰਾਉਣ ਦਾ ਐਲਾਨ ਕਰਨ ਦਾ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ। ਜੀਵਨ ਸਿੰਘ ਉਮਰਾਨੰਗਲ ਤਾਂ ਅਜਿਹੀ ਬਿਆਨਬਾਜ਼ੀ ਕਰਨ ਅਤੇ ਸੰਤ ਜਰਨੈਲ ਸਿੰਘ ਨੂੰ ਧਮਕੀਆਂ ਦੇਣ ਵਿੱਚ ਦਿਨੋ-ਦਿਨ ਅੱਗੇ ਹੀ ਅੱਗੇ ਵੱਧਦਾ ਜਾ ਰਿਹਾ ਸੀ।

ਸੰਤ ਜਰਨੈਲ ਸਿੰਘ ਨੇ ਹਰ ਸਟੇਜ ਉੱਤੇ ਨਿਰੰਕਾਰੀ ਭਵਨ ਬੰਦ ਕਰਾਉਣ ਦਾ ਪ੍ਰਚਾਰ ਅਰੰਭ ਕਰ ਦਿੱਤਾ ਅਤੇ 17 ਅਗਸਤ ਨੂੰ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆਂ ਦੇ ਮੌਕੇ 'ਤੇ ਹੋ ਰਹੀ ਅਕਾਲੀ ਕਾਨਫਰੰਸ ਵਿੱਚ ਵੀ 20 ਅਗਸਤ ਨੂੰ ਅੰਮ੍ਰਿਤਸਰ ਦਾ ਨਿਰੰਕਾਰੀ ਭਵਨ ਦਾ ਆਪਣਾ ਦ੍ਰਿੜ੍ਹ ਨਿਸ਼ਚਾ ਦੁਹਰਾਇਆ ਅਤੇ ਸੰਗਤਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ। ਇਸ ਮੌਕੇ 'ਤੇ ਸਟੇਜ 'ਤੇ ਹਾਜ਼ਰ ਉਮਰਾਨੰਗਲ ਨੇ ਐਲਾਨ ਕੀਤਾ ਕਿ, "ਮੈਂ ਜਰਨੈਲ ਸਿੰਘ ਨੂੰ ਕਹਿਨਾਂ ਕਿ ਤੂੰ ਭਵਨ ਬੰਦ ਕਰਾਈਂ ਤੇ ਮੈਂ ਭਵਨ ਖੁਲ੍ਹਾਵਾਂਗਾ ਅਤੇ ਗੋਲੀਆਂ ਨਾਲ ਉਡਾਵਾਂਗਾ।" ਉਮਰਾਨੰਗਲ ਦੇ ਪੰਥ ਵਿਰੋਧੀ ਇਸ ਐਲਾਨ 'ਤੇ ਦੀਵਾਨ ਵਿੱਚ ਹਾਜ਼ਰ ਸੰਗਤਾਂ ਜੋਸ਼ ਵਿੱਚ ਆ ਗਈਆਂ ਅਤੇ ਉਮਰਾਨੰਗਲ ਵਿਰੁੱਧ ਸਖ਼ਤ ਰੋਸ ਦਾ ਪ੍ਰਗਟਾਵਾ ਕਰਨ ਲੱਗ ਪਈਆਂ। ਇਸ ਤਰ੍ਹਾਂ ਅਕਾਲੀ ਮੰਤਰੀਆਂ ਦੇ ਪੰਥ ਵਿਰੋਧੀ ਮਨਸੂਬੇ ਸਾਫ਼ ਪ੍ਰਗਟ ਹੋ ਗਏ।

ਸੰਤ ਜਰਨੈਲ ਸਿੰਘ ਨੇ ਨਿਰੰਕਾਰੀ ਭਵਨ ਬੰਦ ਕਰਾਉਣ ਦੇ ਆਪਣੇ ਐਲਾਨ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਅਤੇ ਉਮਰਾਨੰਗਲ ਦੀਆਂ ਧਮਕੀਆਂ ਦੀ ਕੋਈ ਪ੍ਰਵਾਹ ਨਾ ਕਰਦਿਆਂ, ਬਾਬਾ ਉਤਮ ਸਿੰਘ ਖਡੂਰ ਸਾਹਿਬ, ਬਾਬਾ ਦਇਆ ਸਿੰਘ ਸੁਰ ਸਿੰਘ, ਬਾਬਾ ਬਿਕਰਮਜੀਤ ਸਿੰਘ ਅੰਮ੍ਰਿਤਸਰ ਅਤੇ ਜਥੇਦਾਰ ਮੋਹਨ ਸਿੰਘ ਤੁੜ ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸਮੇਤ, ਅੰਮ੍ਰਿਤਸਰ ਦੇ ਨਿਰੰਕਾਰੀ ਭਵਨ ਵਿੱਚ ਗਏ। ਐਸ.ਐਸ.ਪੀ. ਗੁਰਬਚਨ ਜਗਤ ਵੱਲੋਂ ਭਵਨ ਦੇ ਗੇਟ ਅੱਗੇ ਰੋਕਣ 'ਤੇ ਵੀ ਨਾ ਰੁਕੇ ਅਤੇ ਭਵਨ ਦੇ ਧੁਰ ਅੰਦਰ ਜਾ ਕੇ ਭਵਨ ਬੰਦ ਹੋਣ ਦੀ ਤਸੱਲੀ ਕੀਤੀ।

ਸੰਤ ਜਰਨੈਲ ਸਿੰਘ ਦੇ ਇਸ ਕਦਮ ਨੇ ਬਾਦਲ ਸਰਕਾਰ ਹਿਲਾ ਕੇ ਰੱਖ ਦਿੱਤੀ ਅਤੇ ਉਸ ਨੇ ਮਹਾਸ਼ਾ ਪ੍ਰੈਸ ਅਤੇ ਜਨਤਾ ਪਾਰਟੀ ਦੇ ਮੰਤਰੀਆਂ ਦੇ ਦਬਾਅ ਹੇਠ ਆ

ਕੇ, ਆਪਣੀ ਸ਼ਾਖ ਦੇ ਜ਼ਿੰਦਾ ਹੋਣ ਦਾ ਦਿਖਾਵਾ ਕਰਨ ਲਈ 25 ਅਗਸਤ ਨੂੰ ਐਲਾਨ ਕੀਤਾ ਕਿ ਸੰਤ ਜਰਨੈਲ ਸਿੰਘ ਨੂੰ ਰਾਜ ਵਿੱਚ ਕਾਨੂੰਨ ਹੱਥ ਵਿੱਚ ਨਹੀਂ ਲੈਣ ਦਿੱਤਾ ਜਾਵੇਗਾ। ਪੈਦਾ ਹੋਈ ਇਸ ਸਥਿਤੀ ਨੇ ਅਕਾਲੀ ਦਲ ਨੂੰ ਕੁੜਿੱਕੀ ਵਿੱਚ ਫਸਾ ਲਿਆ। ਜੇਕਰ ਬਾਦਲ ਸਰਕਾਰ ਨਿਰੰਕਾਰੀ ਮੁੱਦੇ 'ਤੇ ਸੰਤ ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਕਰਦੀ ਸੀ ਤਾਂ ਉਸ 'ਤੇ ਨਿਰੰਕਾਰੀਆਂ ਦੇ ਹੱਕ ਵਿੱਚ ਖੜਨ ਤੇ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਦੋਸ਼ ਲੱਗਦਾ ਸੀ ਅਤੇ ਜੇ ਉਹ ਸੰਤ ਜਰਨੈਲ ਸਿੰਘ ਨੂੰ ਨਿਰੰਕਾਰੀ ਭਵਨ ਬੰਦ ਕਰਾਉਣ ਦੀ ਖੁੱਲ੍ਹ ਦਿੰਦੀ ਸੀ ਤਾਂ ਉਸ ਦੀ ਭਾਈਵਾਲ ਜਨਤਾ ਪਾਰਟੀ ਵੀ ਨਾਰਾਜ਼ ਹੁੰਦੀ ਸੀ ਅਤੇ ਉਸ ਦੀ ਸ਼ਾਖ ਵੀ ਮਿੱਟੀ ਵਿੱਚ ਮਿਲਦੀ ਸੀ।

ਅਜਿਹੀ ਸਥਿਤੀ ਤੋਂ ਬਚਣ ਲਈ, ਪ੍ਰਮੁੱਖ ਅਕਾਲੀ ਆਗੂ ਜਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਸਲਾਹ ਲੈਣ ਵਾਸਤੇ ਸਿਰਦਾਰ ਕਪੂਰ ਸਿੰਘ ਪਾਸ ਗਏ ਅਤੇ ਪੁਛਿਆ ਕਿ ਜੇ ਨਿਰੰਕਾਰੀ ਭਵਨਾਂ ਦੇ ਮੁੱਦੇ 'ਤੇ ਸੰਤ ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਇਸ ਦਾ ਕੀ ਪ੍ਰਤੀਕਰਮ ਹੋਵੇਗਾ। ਉਸ ਨੇ ਜਵਾਬ ਦਿੱਤਾ, "ਸੰਤ ਜਰਨੈਲ ਸਿੰਘ ਨਾਲ ਹਜ਼ਾਰਾਂ ਸਿੰਘ ਗ੍ਰਿਫ਼ਤਾਰੀ ਦੇਣਗੇ, ਜੇ ਅਜਿਹਾ ਨਾ ਹੋਇਆ ਤਾਂ ਘੱਟੋ-ਘੱਟ ਉਸ ਦੇ ਜਥੇ ਦੇ ਸਿੰਘ ਗ੍ਰਿਫ਼ਤਾਰੀ ਦੇਣਗੇ, ਜੇ ਅਜਿਹਾ ਵੀ ਨਾ ਹੋਇਆ ਤਾਂ ਉਨ੍ਹਾਂ ਦਾ ਗੜਵਈ, ਉਨ੍ਹਾਂ ਨਾਲ ਜ਼ਰੂਰ ਗ੍ਰਿਫ਼ਤਾਰੀ ਦੇਵੇਗਾ ਅਤੇ ਉਸ ਨੇ ਵੀ ਨਾ ਦਿੱਤੀ ਤਾਂ ਮੈਂ ਤਾਂ ਸੰਤਾਂ ਨਾਲ ਜ਼ਰੂਰ ਗ੍ਰਿਫ਼ਤਾਰੀ ਦੇਵਾਂਗਾ।" ਸ. ਕਪੂਰ ਸਿੰਘ ਦੇ ਇਹ ਵਿਚਾਰ ਸੁਣ ਕੇ ਅਕਾਲੀ ਆਗੂ ਪੈਦਾ ਹੋ ਰਹੀ ਸਥਿਤੀ ਦਾ ਕੋਈ ਹੋਰ ਹੱਲ ਢੂੰਡਣ ਲੱਗੇ ਅਤੇ ਅਖ਼ੀਰ ਉਨ੍ਹਾਂ ਨੇ ਛਲ-ਕਪਟ ਅਤੇ ਧੋਖੇਬਾਜ਼ੀ ਦਾ ਸਹਾਰਾ ਲਿਆ। ਉਨ੍ਹਾਂ ਨੇ ਸੰਤ ਜਰਨੈਲ ਸਿੰਘ ਨੂੰ ਭਰੋਸਾ ਦਿੱਤਾ ਕਿ ਨਿਰੰਕਾਰੀਆਂ ਨੂੰ 27 ਅਗਸਤ ਨੂੰ ਭਵਨ ਨਹੀਂ ਖੋਲ੍ਹਣ ਦਿੱਤਾ ਜਾਵੇਗਾ, ਪਰ ਤੁਸੀਂ ਵੀ ਭਵਨ ਬੰਦ ਹੋਣ ਦੀ ਤਸਦੀਕ ਕਰਨ ਲਈ ਅੰਮ੍ਰਿਤਸਰ ਨਾ ਜਾਓ। ਸੰਤ ਜਰਨੈਲ ਸਿੰਘ ਨੇ ਕਿਹਾ ਕਿ ਮੈਨੂੰ ਤਾਂ ਵਿਸ਼ਵਾਸ ਨਹੀਂ ਕਿ ਭਵਨ ਬੰਦ ਰਹੇਗਾ, ਪਰ ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਭਵਨ ਵਿੱਚ ਤਾਂ ਕੀ ਅੰਮ੍ਰਿਤਸਰ ਵਿੱਚ ਵੀ ਨਹੀਂ ਜਾਂਦਾ। ਸੰਤ ਜਰਨੈਲ ਸਿੰਘ ਤਾਂ ਅਕਾਲੀ ਆਗੂਆਂ ਵੱਲੋਂ ਦਿਵਾਏ ਵਿਸ਼ਵਾਸ ਕਾਰਨ, ਉਨ੍ਹਾਂ ਨਾਲ ਕੀਤੇ ਵਾਅਦੇ ਅਨੁਸਾਰ ਅੰਮ੍ਰਿਤਸਰ ਨਾ ਗਏ, ਪਰ ਬਾਦਲ ਸਰਕਾਰ ਵਿੱਚ ਭਾਈਵਾਲ ਜਨਤਾ ਪਾਰਟੀ ਦੇ ਐਮ.ਐਲ.ਏ. ਹਰਬੰਸ ਲਾਲ ਖੰਨਾ ਨੇ ਨਿਰੰਕਾਰੀਆਂ ਦੇ ਨਾਲ ਆਪ ਜਾ ਕੇ ਨਿਰੰਕਾਰੀ ਭਵਨ ਖੁਲ੍ਹਵਾਇਆ।

ਅਸਲ ਵਿੱਚ ਬਾਦਲ ਸਰਕਾਰ ਇਕ ਪਾਸੇ ਨਿਰੰਕਾਰੀ ਭਵਨ ਬੰਦ ਕਰਾਉਣ ਦੀ ਸੰਤ ਜਰਨੈਲ ਸਿੰਘ ਦੀ ਮੁਹਿੰਮ ਨੂੰ ਕਾਂਗਰਸ ਦੀ ਸਾਜ਼ਿਸ਼ ਦੱਸ ਕੇ ਬਦਨਾਮ ਕਰ ਰਹੀ ਸੀ ਅਤੇ ਦੂਜੇ ਪਾਸੇ ਉਸ ਨੂੰ ਧੋਖੇ ਵਿੱਚ ਰੱਖ ਕੇ, ਭਵਨ ਖੁਲ੍ਹਵਾ ਕੇ ਇਹ ਪ੍ਰਚਾਰਨਾ ਚਾਹੁੰਦੀ ਸੀ ਕਿ ਸੰਤ ਜਰਨੈਲ ਸਿੰਘ ਗ੍ਰਿਫ਼ਤਾਰੀ ਤੋਂ ਡਰਦਾ, ਭਵਨ ਬੰਦ ਕਰਵਾਉਣ ਦੇ ਆਪਣੇ ਐਲਾਨ ਤੋਂ ਭੱਜ ਗਿਆ ਹੈ।

ਸਿੱਖਾਂ ਉਪਰ ਇਸ ਕੂੜ ਪਚਾਰ ਦਾ ਕੋਈ ਅਸਰ ਨਾ ਹੋਇਆ ਅਤੇ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਵੱਲੋਂ ਆਰੰਭੀ ਨਿਰੰਕਾਰੀ ਭਵਨ ਬੰਦ ਕਰਾਉਣ ਦੀ ਮੁਹਿੰਮ ਨੂੰ ਭਰਵਾਂ

ਹੁੰਗਾਰਾ ਦਿੱਤਾ। ਪੰਜਾਬ ਤੋਂ ਬਾਹਰਲੇ ਸਿੱਖਾਂ ਵਲੋਂ 25 ਸਤੰਬਰ, 1978 ਨੂੰ ਨਿਰੰਕਾਰੀਆਂ ਵੱਲੋਂ ਯੂ.ਪੀ. ਵਿੱਚ, ਆਜਮਗੜ੍ਹ ਅਤੇ ਇਲਾਹਾਬਾਦ ਦੇ ਸਥਾਨਾਂ 'ਤੇ ਵੀ ਨਿਰੰਕਾਰੀ ਸੰਮੇਲਨ ਨਾ ਹੋਣ ਦਿੱਤੇ। 26 ਸਤੰਬਰ, 1978 ਨੂੰ ਨਿਰੰਕਾਰੀ ਮੁਖੀ ਨੇ ਕਾਨ੍ਹਪੁਰ ਵਿਖੇ ਆਪਣਾ ਸੰਮੇਲਨ ਰੱਖਿਆ। ਇਸ ਸੰਮੇਲਨ ਵਿੱਚ ਸਿੱਖੀ ਵਿਰੋਧੀ ਹੋ ਰਹੇ ਪ੍ਰਚਾਰ ਨੂੰ ਰੋਕਣ ਲਈ ਸਿੱਖਾਂ ਨੇ ਰੋਸ ਪ੍ਰਗਟ ਕੀਤਾ, ਪਰ ਨਿਰੰਕਾਰੀਆਂ ਨੇ ਅੰਮ੍ਰਿਤਸਰ ਵਾਂਗ ਹੀ ਇਥੇ ਵੀ ਗੋਲੀ ਚਲਾ ਦਿੱਤੀ ਅਤੇ ਇਕ ਬੀਬੀ ਸਮੇਤ 16 ਸਿੰਘ ਸ਼ਹੀਦ ਕਰ ਦਿੱਤੇ। ਇਕੋ ਸਾਲ ਵਿੱਚ ਹੀ ਵਾਪਰੇ ਇਸ ਦੂਜੇ ਸਾਕੇ ਨੇ ਸਿੱਖਾਂ ਅੰਦਰ ਰੋਹ ਪੈਦਾ ਕਰ ਦਿੱਤਾ ਅਤੇ ਉਨ੍ਹਾਂ ਨੇ ਦੁਨੀਆਂ ਭਰ ਵਿੱਚ ਪੁਰ-ਅਮਨ ਜਲੂਸ ਕੱਢ ਕੇ ਨਿਰੰਕਾਰੀਆਂ ਅਤੇ ਇਨ੍ਹਾਂ ਦੀਆਂ ਕਿਤਾਬਾਂ 'ਤੇ ਪਾਬੰਦੀ ਲਾਉਣ ਦੀ ਗੱਲ ਕੀਤੀ। ਸਿੱਖਾਂ ਦੇ ਇਸ ਰੋਹ ਨੂੰ ਵੇਖ ਕੇ ਅਤੇ ਆਪਣੀ ਹੋ ਰਹੀ ਬਦਨਾਮੀ ਤੋਂ ਬਚਣ ਲਈ ਬਾਦਲ ਸਰਕਾਰ ਨੇ ਨਿਰੰਕਾਰੀ ਮੁਖੀ ਦੇ ਪੰਜਾਬ ਦਾਖਲੇ 'ਤੇ ਪਾਬੰਦੀ ਲਾ ਦਿੱਤੀ, ਪਰ ਨਿਰੰਕਾਰੀ ਮੁਖੀ ਇਸ ਫੈਸਲੇ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ ਅਤੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਉਸ ਦੇ ਪੰਜਾਬ ਦਾਖਲੇ 'ਤੇ ਲਾਈ ਗਈ ਪਾਬੰਦੀ ਰੱਦ ਕਰ ਦਿੱਤੀ। ਨਿਰੰਕਾਰੀ ਮੁਖੀ ਨੇ 4, 5 ਅਤੇ 6 ਨਵੰਬਰ ਨੂੰ ਦਿੱਲੀ ਵਿਖੇ ਸੰਮੇਲਨ ਰੱਖ ਲਿਆ। ਦਿੱਲੀ ਦੇ ਸਿੱਖਾਂ ਅਤੇ ਕੇਂਦਰ ਦੇ ਮੁਰਾਰਜੀ ਡਿਸਾਈ ਸਰਕਾਰ ਵਿੱਚ ਭਾਈਵਾਲ ਅਕਾਲੀ ਦਲ ਨੇ ਸਰਕਾਰ ਤੋਂ ਇਸ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ, ਪਰ ਸਰਕਾਰ ਨੇ ਸਿੱਖਾਂ ਦੀ ਇਹ ਮੰਗ ਠੁਕਰਾ ਦਿੱਤੀ। ਨਿਰੰਕਾਰੀਆਂ ਨੇ ਇੰਡੀਆ ਗੇਟ ਦਿੱਲੀ ਵਿਖੇ ਆਪਣਾ ਤਿੰਨ ਦਿਨਾਂ ਸੰਮੇਲਨ ਕੀਤਾ। ਦਿੱਲੀ ਦੇ ਸਿੱਖਾਂ ਨੇ ਇਸ ਸਮਾਗਮ ਵਿਰੁੱਧ ਰੋਸ ਪ੍ਰਗਟ ਕੀਤਾ, ਪਰ ਪੁਲਿਸ ਵੱਲੋਂ ਰੋਸ ਪ੍ਰਗਟ ਕਰ ਰਹੇ ਇਹਨਾਂ ਸਿੱਖਾਂ ਉਪਰ ਲਾਠੀਚਾਰਜ, ਅੱਥਰੂ ਗੈਸ ਅਤੇ ਗੋਲੀ ਚਲਾਈ ਗਈ। ਜਿਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਅਵਤਾਰ ਸਿੰਘ ਕੋਹਲੀ ਸਮੇਤ ਤਿੰਨ ਸਿੰਘ ਸ਼ਹੀਦ ਅਤੇ ਬਹੁਤ ਸਾਰੇ ਜ਼ਖ਼ਮੀ ਹੋਏ। ਮੁਰਾਰਜੀ ਡਿਸਾਈ ਨੇ ਆਪਣੀ ਭਾਈਵਾਲ ਪਾਰਟੀ ਵੱਲੋਂ 28 ਅਕਤੂਬਰ ਨੂੰ ਲੁਧਿਆਣੇ ਵਿਖੇ ਅਕਾਲੀ ਕਾਨਫਰੰਸ ਵਿੱਚ ਨਿਰੰਕਾਰੀਆਂ ਦੇ ਖੁਲ੍ਹੇ ਪ੍ਰਚਾਰ, ਜਲੂਸ ਅਤੇ ਪੁਸਤਕਾਂ ਉਤੇ ਪਾਬੰਦੀ ਲਾਉਣ ਲਈ ਪਾਸ ਕੀਤੇ ਗਏ ਮਤੇ ਵੱਲ ਵੀ ਕੋਈ ਧਿਆਨ ਨਾ ਦਿੱਤਾ।

ਬਾਦਲ ਸਰਕਾਰ, ਨਿਰੰਕਾਰੀ ਮੁਖੀ ਨੂੰ, ਅੰਮ੍ਰਿਤਸਰ ਸਾਕੇ ਦੇ ਕੇਸ ਵਿੱਚ ਅਦਾਲਤ 'ਚ ਭੁਗਤਾਉਣ ਲਈ ਬੁਰੀ ਤਰ੍ਹਾਂ ਫ਼ੇਲ੍ਹ ਹੋਈ ਅਤੇ ਨਿਰੰਕਾਰੀਆਂ ਨੇ ਅਦਾਲਤ ਰਾਹੀਂ ਇਸ ਕੇਸ ਨੂੰ ਅੰਮ੍ਰਿਤਸਰ ਦੀ ਅਦਾਲਤ ਤੋਂ ਹਰਿਆਣੇ ਦੀ ਕਰਨਾਲ ਅਦਾਲਤ ਵਿੱਚ ਬਦਲਵਾ ਲਿਆ। ਕਰਨਾਲ ਦੇ ਸੈਸ਼ਨਜ਼ ਜੱਜ ਆਰ.ਐਸ. ਗੁਪਤਾ ਨੇ 4 ਜਨਵਰੀ, 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਸਮੇਤ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਬਰੀ ਹੋ ਜਾਣ ਤੋਂ ਬਾਅਦ ਨਿਰੰਕਾਰੀਆਂ ਨੇ ਗੁਰਬਚਨ ਸਿੰਹੁ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵੀ ਵੱਧ ਮਹੱਤਤਾ ਦਿੰਦਿਆਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ "ਸਿੱਖਾਂ ਦਾ ਗੁਰੂ ਤਾਂ 52 ਬੰਦੀਆਂ ਨੂੰ ਰਿਹਾਅ ਕਰਾ ਕੇ ਲਿਆਇਆ ਸੀ, ਪਰ ਸਾਡੇ ਗੁਰੂ ਨੇ 60 ਬੰਦੀ ਰਿਹਾਅ ਕਰਵਾਏ ਹਨ।"

13 ਸਿੰਘਾਂ ਦੇ ਕਾਤਲਾਂ ਦਾ ਅਦਾਲਤ ਵੱਲੋਂ ਸਾਫ਼ ਬਰੀ ਹੋ ਜਾਣਾ ਅਤੇ ਪੰਜਾਬ ਸਰਕਾਰ ਵੱਲੋਂ ਕਰਨਾਲ ਅਦਾਲਤ ਦੇ ਇਸ ਫੈਸਲੇ ਵਿਰੁੱਧ ਹਾਈ ਕੋਰਟ ਵਿੱਚ ਅਪੀਲ ਵੀ ਨਾ ਕਰਨੀ, ਸਿੱਖਾਂ ਲਈ ਇਨਸਾਫ਼ ਦੇ ਕਾਨੂੰਨੀ ਦਰਵਾਜ਼ੇ ਬੰਦ ਹੋ ਜਾਣ ਦਾ ਸਾਫ਼ ਸੰਕੇਤ ਸੀ।

ਅਕਾਲੀ ਦਲ ਵੱਲੋਂ ਨਿਰੰਕਾਰੀਆਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੀ ਵੀ ਖੁੱਲ੍ਹੇਆਮ ਅਵੱਗਿਆ ਹੋ ਰਹੀ ਸੀ ਅਤੇ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦਾ ਵੀ ਪੂਰਾ ਪੂਰਾ ਜ਼ੋਰ ਲੱਗ ਰਿਹਾ ਸੀ। ਅਪ੍ਰੈਲ 1978 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਅਕਾਲੀ ਉਮੀਦਵਾਰ ਉਮਰਾਨੰਗਲ ਨੇ ਗੁਰਦੁਆਰਾ ਚੋਣਾਂ ਵਿੱਚ ਨਿਰੰਕਾਰੀਆਂ ਦੀਆਂ ਵੋਟਾਂ ਬਣਾਈਆਂ ਅਤੇ ਹਾਸਲ ਕੀਤੀਆਂ ਸਨ ਤੇ ਬਾਦਲ ਸਰਕਾਰ ਨੇ ਸਰਕਾਰੀ ਮਸ਼ੀਨਰੀ ਦੀ ਗ਼ਲਤ ਵਰਤੋਂ ਕਰਕੇ, ਸੰਤ ਜਰਨੈਲ ਸਿੰਘ ਵੱਲੋਂ ਉਮਰਾਨੰਗਲ ਦੇ ਮੁਕਾਬਲੇ ਲਈ ਖੜੇ ਕੀਤੇ ਭਾਈ ਅਮਰੀਕ ਸਿੰਘ ਨੂੰ ਹਰਾ ਕੇ ਸੰਤ ਜਰਨੈਲ ਸਿੰਘ ਦੀ ਗੁਰਦੁਆਰਾ ਪ੍ਰਬੰਧ ਦੇ ਸੁਧਾਰ ਲਈ ਸ਼ੁਰੂ ਕੀਤੀ ਮੁਹਿੰਮ ਨੂੰ ਵੀ ਇਕ ਵਾਰੀ ਦਬਾ ਦਿੱਤਾ ਸੀ।

ਸੰਤ ਜਰਨੈਲ ਸਿੰਘ ਗੁਰਦੁਆਰਾ ਪ੍ਰਬੰਧ ਵਿੱਚ ਆ ਚੁੱਕੀਆਂ ਕਮਜ਼ੋਰੀਆਂ ਨੂੰ ਯੋਗ ਅੰਮ੍ਰਿਤਧਾਰੀ ਸਿੰਘਾਂ ਦੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਵਜੋਂ ਚੋਣ ਕਰਕੇ ਦੂਰ ਕਰਨਾ ਚਾਹੁੰਦਾ ਸੀ ਅਤੇ ਉਸ ਨੇ ਬਿਨਾਂ ਕੋਈ ਖ਼ਰਚ ਕੀਤੇ ਸ਼੍ਰੋਮਣੀ ਕਮੇਟੀ ਦੀਆਂ ਸਭ ਸੀਟਾਂ ਜਿੱਤ ਕੇ ਪੰਥ ਦੀ ਝੋਲੀ ਵਿੱਚ ਪਾਉਣ ਦੀ ਅਕਾਲੀ ਦਲ ਨੂੰ ਪੇਸ਼ਕਸ਼ ਵੀ ਕੀਤੀ ਸੀ, ਪਰ ਅਕਾਲੀ ਦਲ ਆਪਣੇ ਹੱਥ ਠੋਕਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾ ਕੇ ਇਸ ਧਾਰਮਿਕ ਸੰਸਥਾਂ ਦੀ ਸਿਆਸੀ ਵਰਤੋਂ ਕਰਨ ਦੀ ਲਾਲਸਾ ਰੱਖਦਾ ਸੀ। ਇਸ ਲਈ ਉਸ ਨੇ ਸੰਤਾਂ ਦੀ ਇਸ ਸੋਚ ਨੂੰ ਵੀ ਕਾਂਗਰਸ ਦੇ ਦਿਮਾਗ਼ ਦੀ ਸਾਜ਼ਿਸ਼ ਹੀ ਪ੍ਰਚਾਰਿਆ ਸੀ ਅਤੇ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਸੰਤ ਜਰਨੈਲ ਸਿੰਘ ਨੇ ਇਸ ਸਥਿਤੀ ਦਾ ਕਾਂਗਰਸ ਪਾਰਟੀ ਨੂੰ ਵੀ ਕੋਈ ਸਿਆਸੀ ਲਾਹਾ ਨਾ ਉਠਾਉਣ ਦਿੱਤਾ ਅਤੇ ਸਾਬਕਾ ਕਾਂਗਰਸੀ ਮੰਤਰੀ ਜਥੇਦਾਰ ਸੋਹਣ ਸਿੰਘ ਜਲਾਲਉਸਮਾਂ ਨੂੰ ਸਪੱਸ਼ਟ ਜਵਾਬ ਦਿੱਤਾ ਕਿ ਉਹ ਤਾਂ ਹੁਕਮਨਾਮੇ ਦੀ ਪਾਲਣਾ ਕਰਨ ਵਾਲੇ ਰਹਿਤਵਾਨ ਸਿੰਘ ਨੂੰ ਹੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣਾਉਣਾ ਚਾਹੁੰਦੇ ਹਨ, ਕਿਸੇ ਨੂੰ ਸਿਆਸੀ ਲਾਹਾ ਨਹੀਂ ਦੇ ਸਕਦੇ।

ਅਕਾਲੀ ਦਲ ਦੀ ਨਿਰੰਕਾਰੀਆਂ ਅਤੇ ਗੁਰਦੁਆਰਾ ਚੋਣਾਂ ਬਾਰੇ ਅਪਣਾਈ ਪੰਥ ਵਿਰੋਧੀ ਨੀਤੀ ਨੇ ਸਿੱਖ ਕੌਮ ਵਿੱਚ ਨਿਰਾਸ਼ਤਾ ਫੈਲਾਈ ਅਤੇ ਸੰਤ ਜਰਨੈਲ ਸਿੰਘ ਨੇ ਕੌਮ ਵਿੱਚ ਪੈਦਾ ਹੋਈ ਇਸ ਨਿਰਾਸ਼ਤਾ ਨੂੰ ਖਤਮ ਕਰਨ ਲਈ ਗੁਰੂ-ਆਸ਼ੇ ਦਾ ਜ਼ੋਰਦਾਰ ਪ੍ਰਚਾਰ ਸ਼ੁਰੂ ਕਰ ਦਿੱਤਾ ਤੇ ਸਿੱਖਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਪਾਲਣਾ ਕਰਨ ਦੀ ਪ੍ਰੇਰਨਾ ਸ਼ੁਰੂ ਕਰ ਦਿੱਤੀ। ਸੰਤ ਜਰਨੈਲ ਸਿੰਘ ਦੇ ਪ੍ਰਚਾਰ ਨੇ ਸਿੱਖ ਕੌਮ ਦੀ ਜਵਾਨੀ ਨੂੰ ਅਜਿਹਾ ਹਲੂਣਿਆ ਕਿ ਉਹ ਦਸਮੇਸ਼ ਪਿਤਾ ਜੀ ਦੇ ਹੁਕਮ :

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ॥

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਦੀ ਪਾਲਣਾ ਕਰਨ ਲੱਗ ਪਏ ਅਤੇ ਭਾਰਤੀ ਕਾਨੂੰਨ ਪ੍ਰਣਾਲੀ ਵੱਲੋਂ ਰਿਹਾਅ ਕਰ ਦਿੱਤੇ ਗਏ ਸਿੰਘਾਂ ਦੇ ਕਾਤਲ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਨੂੰ ਮਿਤੀ 24-04-1980 ਨੂੰ ਨਿਰੰਕਾਰੀ ਭਵਨ ਵਿੱਚ ਹੀ ਗੋਲੀਆਂ ਨਾਲ ਉਡਾ ਦਿੱਤਾ। ਸਿੰਘਾਂ ਦੇ ਇਸ ਕਾਰਨਾਮੇ ਨੇ ਦੇਹਧਾਰੀ ਦੰਭ ਦਾ ਭਾਂਡਾ ਭੰਨ੍ਹ ਸੁੱਟਿਆ ਅਤੇ ਸਿੱਖ ਕੌਮ ਦੀ ਅਣਖ ਨੂੰ ਕਾਇਮ ਰੱਖਦਿਆਂ ਸ਼ਹੀਦਾਂ ਦੇ ਲਹੂ ਦਾ ਬਦਲਾ ਲੈਣ ਦੀ ਸਿੱਖ ਪਰੰਪਰਾ ਨੂੰ ਮੁੜ ਸੁਰਜੀਤ ਕਰ ਦਿੱਤਾ। ਸੰਤ ਜਰਨੈਲ ਸਿੰਘ ਨੇ ਇਹ ਕੰਮ ਕਰਨ ਵਾਲਿਆਂ ਨੂੰ ਕੌਮੀ ਯੋਧੇ ਐਲਾਨ ਕੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਅਤੇ ਰਿਹਾਅ ਹੋ ਕੇ ਆਉਣ 'ਤੇ ਸੋਨੇ ਨਾਲ ਤੋਲਣ ਦਾ ਐਲਾਨ ਕੀਤਾ।

ਨਿਰੰਕਾਰੀ ਮੁਖੀ ਦੇ ਕਤਲ ਨਾਲ ਸਿੱਖ ਵਿਰੋਧੀ ਤਾਕਤਾਂ ਹਿੱਲ ਗਈਆਂ ਅਤੇ ਉਨ੍ਹਾਂ ਨੇ ਸੰਤ ਜਰਨੈਲ ਸਿੰਘ 'ਤੇ ਇਸ ਕਤਲ ਦੀ ਸਾਜ਼ਿਸ਼ ਘੜਨ ਦਾ ਰੋਲਾ ਪਾਉਣਾ ਸ਼ੁਰੂ ਕਰ ਦਿੱਤਾ। ਸੀ.ਬੀ.ਆਈ. ਨੇ ਵੀ ਆਪਣੀ ਇਨਕੁਆਰੀ ਵਿੱਚ ਵੀ ਇਸ ਕਤਲ ਦੀ ਸਾਜ਼ਿਸ਼ ਪਿੱਛੇ ਸੰਤ ਜਰਨੈਲ ਸਿੰਘ ਦਾ ਨਾਮ ਲੈ ਆਂਦਾ ਅਤੇ ਡੀ.ਆਈ.ਜੀ. ਸ਼ੇਖਰ ਦੀ ਅਗਵਾਈ ਹੇਠ ਸੀ.ਬੀ.ਆਈ. ਦੇ ਸੀਨੀਅਰ ਅਧਿਕਾਰੀਆਂ ਨੇ 05-05-1980 ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਸੰਤ ਜਰਨੈਲ ਸਿੰਘ ਤੋਂ ਇਸ ਕੇਸ ਬਾਰੇ ਪੁੱਛਗਿੱਛ ਕੀਤੀ।

ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦੀਆਂ ਵਧ ਰਹੀਆਂ ਸੰਭਾਵਨਾਵਾਂ ਨੇ ਸਿੱਖ ਕੌਮ ਅੰਦਰ ਗੁੱਸਾ ਪੈਦਾ ਕਰ ਦਿੱਤਾ, ਜਿਸ ਦਾ ਪ੍ਰਗਟਾਵਾ ਕੌਮ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਹੇਠ 7 ਜੂਨ, 1980 ਨੂੰ ਅੰਮ੍ਰਿਤਸਰ ਵਿਖੇ ਮਿਸ਼ਾਲਾਂ ਲੈ ਕੇ ਕੱਢੇ ਵਿਸ਼ਾਲ ਜਲੂਸ ਰਾਹੀਂ ਕੀਤਾ। ਇਸ ਤਰ੍ਹਾਂ ਹੀ ਚੰਡੀਗੜ੍ਹ ਅਤੇ ਜੰਮੂ ਕਸ਼ਮੀਰ ਸਮੇਤ ਪੰਜਾਬ ਦੇ ਕਰੀਬ ਬਹੁਤੇ ਜ਼ਿਲ੍ਹਿਆਂ ਵਿੱਚ ਜਲੂਸ ਕੱਢ ਕੇ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ ਵਿਰੁੱਧ ਆਪਣੇ ਰੋਸ ਅਤੇ ਗੁੱਸੇ ਨੂੰ ਪ੍ਰਗਟ ਕੀਤਾ ਗਿਆ। ਸਿੱਖਾਂ ਵਿੱਚ ਸੰਤ ਜਰਨੈਲ ਸਿੰਘ ਦੇ ਵੱਧ ਰਹੇ ਪ੍ਰਭਾਵ ਨੂੰ ਦੇਖ ਕੇ ਸਰਕਾਰ ਇਸ ਕੇਸ ਵਿੱਚ ਉਹਨਾਂ ਦੀ ਗ੍ਰਿਫ਼ਤਾਰੀ ਕਰਨ ਤੋਂ ਝਿੱਜਕ ਗਈ ਅਤੇ ਕੇਂਦਰੀ ਗ੍ਰਹਿ ਮੰਤਰੀ ਗਿ: ਜ਼ੈਲ ਸਿੰਘ ਨੂੰ ਇਕ ਧਿਆਨ ਦਿਵਾਉ ਮਤੇ ਦਾ ਜਵਾਬ ਦਿੰਦਿਆਂ ਇਹ ਕਹਿਣਾ ਪਿਆ ਕਿ "ਸੰਤ ਜਰਨੈਲ ਸਿੰਘ ਦਾ ਨਿਰੰਕਾਰੀ ਮੁਖੀ ਦੇ ਕਤਲ ਨਾਲ ਕੋਈ ਸੰਬੰਧ ਸਥਾਪਿਤ ਨਹੀਂ ਕੀਤਾ ਜਾ ਸਕਿਆ, ਸੰਤ ਜਰਨੈਲ ਸਿੰਘ ਨਿਰਦੋਸ਼ ਹਨ ਅਤੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਅਤੇ ਉਹ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਪ੍ਰਚਾਰ ਕਰ ਸਕਦੇ ਹਨ।"

ਸਰਕਾਰ ਨੂੰ ਤਾਂ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ, ਸੰਤ ਜਰਨੈਲ ਸਿੰਘ ਦੀ ਨਿਰੰਕਾਰੀ ਮੁਖੀ ਦੇ ਕਤਲ ਕੇਸ ਵਿੱਚ ਗ੍ਰਿਫ਼ਤਾਰੀ ਨਾ ਕਰਨ ਲਈ ਮਜਬੂਰ ਹੋਣਾ ਪਿਆ, ਪਰ ਅਕਾਲੀ ਦਲ ਵਿਚਲੇ ਟਕਸਾਲ ਵਿਰੋਧੀ ਧੜੇ ਨੇ ਇਸ ਗੱਲ ਨੂੰ ਅਧਾਰ ਬਣਾ ਕੇ ਸੰਤ ਜਰਨੈਲ ਸਿੰਘ ਦੇ ਕਾਂਗਰਸ ਨਾਲ ਸੰਬੰਧ ਹੋਣ ਦਾ ਝੂਠਾ ਪ੍ਰਚਾਰ ਕਰਨਾ ਆਰੰਭ ਕਰ

ਦਿੱਤਾ। ਸੰਤਾਂ ਦੇ ਕਾਂਗਰਸ ਨਾਲ ਸੰਬੰਧ ਹੋਣ ਦਾ ਅਕਾਲੀ ਦਲ ਨੇ ਇਹ ਤੀਜੀ ਵਾਰ ਪ੍ਰਚਾਰ ਕੀਤਾ।

ਜਿਉਂ ਜਿਉਂ ਸੰਤ ਜਰਨੈਲ ਸਿੰਘ ਦਾ ਸਿੱਖ ਕੌਮ ਵਿੱਚ ਪ੍ਰਭਾਵ ਵਧਣ ਲੱਗਾ, ਤਿਉਂ ਤਿਉਂ ਹੀ ਮਹਾਸ਼ਾ ਪ੍ਰੈਸ ਨੇ ਸੰਤ ਜਰਨੈਲ ਸਿੰਘ 'ਤੇ ਵੱਖਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ, ਕਾਨੂੰਨ ਨੂੰ ਹੱਥ ਵਿੱਚ ਲੈਣ ਅਤੇ ਨਿਰੰਕਾਰੀ ਕਤਲਾਂ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ। ਇਹਨਾਂ ਵਿੱਚ ਸਭ ਤੋਂ ਮੋਢੀ ਹਿੰਦ ਸਮਾਚਾਰ, ਪੰਜਾਬ ਕੇਸਰੀ ਅਤੇ ਜੱਗਬਾਣੀ ਅਖ਼ਬਾਰ ਦਾ ਮੁੱਖ ਸੰਪਾਦਕ ਲਾਲਾ ਜਗਤ ਨਰਾਇਣ ਸੀ। ਇਹ 1978 ਤੋਂ ਹੀ ਨਿਰੰਕਾਰੀਆਂ ਦੇ ਹੱਕ ਵਿੱਚ ਲਿਖਦਾ ਆ ਰਿਹਾ ਸੀ ਅਤੇ ਕਰਨਾਲ ਅਦਾਲਤ ਵਿੱਚ ਵੀ ਇਸ ਨੇ ਨਿਰੰਕਾਰੀਆਂ ਦੇ ਹੱਕ ਵਿੱਚ ਝੂਠੀ ਗਵਾਹੀ ਦਿੱਤੀ ਸੀ। ਇਸ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਨੂੰ ਵੀ ਗੱਦਾਰ ਕਿਹਾ ਸੀ ਅਤੇ ਤਿਲਕ ਜੰਝੂ ਦੀ ਰਾਖੀ ਲਈ ਨੌਵੇਂ ਪਾਤਸ਼ਾਹ ਵੱਲੋਂ ਦਿੱਤੀ ਸ਼ਹੀਦੀ ਨੂੰ ਵੀ ਘਰੋਗੀ ਝਗੜੇ ਕਾਰਨ ਮਿਲੀ ਸਜ਼ਾ ਕਹਿੰਦਾ ਸੀ। 7 ਸਤੰਬਰ, 1981 ਨੂੰ ਸਿੱਖਾਂ ਵੱਲੋਂ ਕੀਤੇ ਗਏ ਰੋਸ ਮਾਰਚ ਦਾ ਵੀ, ਇਸ ਨੇ ਡਟ ਕੇ ਵੀ ਵਿਰੋਧ ਕੀਤਾ ਸੀ। ਇਸ ਦੀਆਂ ਅਜਿਹੀਆਂ ਫਿਰਕਾਪ੍ਰਸਤ ਗਤੀਵਿਧੀਆਂ ਕਾਰਨ ਸਿੱਖ ਨੌਜੁਆਨਾਂ ਨੇ ਮਿਤੀ 09-09-1981 ਨੂੰ ਸ਼ਾਮ ਕਰੀਬ 6:15 ਵਜੇ ਲੁਧਿਆਣੇ ਨੇੜੇ ਕਾਰ ਵਿੱਚ ਆਉਂਦੇ ਨੂੰ ਗੋਲੀ ਮਾਰ ਦਿੱਤੀ। ਕਿਉਂਕਿ ਸੰਤ ਜਰਨੈਲ ਸਿੰਘ 1978 ਤੋਂ ਹੀ ਇਸ ਦੀਆਂ ਫਿਰਕਾਪ੍ਰਸਤ ਲਿਖਤਾਂ ਦਾ ਨੋਟਿਸ ਲੈਂਦੇ ਆ ਰਹੇ ਸਨ ਅਤੇ ਇਸ ਨੂੰ ਕਈ ਵਾਰ ਚਿਤਾਵਨੀ ਵੀ ਦੇ ਚੁੱਕੇ ਸਨ, ਇਸ ਲਈ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਇਸ ਕਤਲ ਦਾ ਦੋਸ਼ ਸੰਤ ਜਰਨੈਲ ਸਿੰਘ 'ਤੇ ਲਾਇਆ। ਇਸ ਕੇਸ ਵਿੱਚ ਦਮਦਮੀ ਟਕਸਾਲ ਦੇ ਦਲਬੀਰ ਸਿੰਘ ਅਤੇ ਸੰਤ ਜਰਨੈਲ ਸਿੰਘ ਦੇ ਭਤੀਜੇ ਸਵਰਨ ਸਿੰਘ ਅਤੇ ਸੰਤਾਂ ਦੇ ਪਿੰਡ ਦੇ ਨੌਜਵਾਨ ਨਛੱਤਰ ਸਿੰਘ ਨੂੰ ਮੁੱਖ ਦੋਸ਼ੀ ਨਾਮਜਦ ਕੀਤਾ ਗਿਆ ਅਤੇ ਸੰਤ ਜਰਨੈਲ ਸਿੰਘ 'ਤੇ ਇਸ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਗਿਆ।

12 ਸਤੰਬਰ, 1981 ਨੂੰ ਸੰਤ ਜਰਨੈਲ ਸਿੰਘ ਦੇ ਇਸ ਕੇਸ ਵਿੱਚ ਵਾਰੰਟ ਜਾਰੀ ਕਰ ਦਿੱਤੇ ਗਏ ਅਤੇ ਇਨ੍ਹਾਂ ਲਈ ਅਧਾਰ ਸੰਤ ਜਰਨੈਲ ਸਿੰਘ ਦੇ 26 ਜੁਲਾਈ, 1981 ਨੂੰ ਦਿੱਤੇ ਉਸ ਭਾਸ਼ਨ ਨੂੰ ਬਣਾਇਆ ਗਿਆ, ਜਿਸ ਵਿੱਚ ਉਨ੍ਹਾਂ ਨੇ ਲਾਲੇ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਹ ਸਿੱਖਾਂ ਵਿਰੁੱਧ ਲਿਖਣ ਤੋਂ ਨਾ ਹਟਿਆ ਤਾਂ ਉਸ ਨੂੰ ਸਬਕ ਸਿਖਾਇਆ ਜਾਵੇਗਾ।

ਸੰਤ ਜਰਨੈਲ ਸਿੰਘ 12 ਸਤੰਬਰ, 1981 ਨੂੰ ਹਰਿਆਣੇ ਦੇ ਪਿੰਡ ਚੰਦੋ ਕਲਾਂ ਸਮਾਗਮ ਕਰ ਰਹੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ ਤਾਂ ਉਹ ਉਸੇ ਰਾਤ ਕਰੀਬ 9:00 ਵਜੇ ਚੰਦੋ ਕਲਾਂ ਤੋਂ ਚੱਲ ਪਏ ਅਤੇ ਪੁਲਿਸ ਨੂੰ ਚਕਮਾ ਦੇ ਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਦੇ ਹੈਡਕੁਆਟਰ ਪਹੁੰਚ ਗਏ। ਪੁਲਿਸ ਨੇ 12 ਸਤੰਬਰ, 1981 ਨੂੰ ਪਟਿਆਲਾ ਰੇਂਜ਼ ਦੇ ਡੀ.ਆਈ.ਜੀ. ਡੀ.ਐਸ. ਮਾਂਗਟ ਦੀ ਅਗਵਾਈ ਹੇਠ, ਤੜਕੇ ਕਰੀਬ 3:00 ਵਜੇ ਚੰਦੋ

ਕਲਾਂ ਪਿੰਡ ਨੂੰ ਘੇਰਾ ਪਾ ਲਿਆ। ਇਸ ਪੁਲਿਸ ਪਾਰਟੀ ਵਿੱਚ ਨਿਰੰਕਾਰੀ ਪੁਲਿਸ ਅਫ਼ਸਰ ਡੀ.ਆਰ.ਭੱਟੀ ਅਤੇ ਡੀ.ਐਸ.ਪੀ. ਮਨੋਹਰ ਸਿੰਘ ਸਮੇਤ 6 ਪੁਲਿਸ ਕਪਤਾਨ, 12 ਉਪ ਪੁਲਿਸ ਕਪਤਾਨ ਅਤੇ 500 ਸਿਪਾਹੀ ਸ਼ਾਮਲ ਸਨ। ਪੁਲਿਸ ਨੇ ਜਾਂਦੇ ਸਾਰ ਹੀ ਪਹਿਲਾਂ ਫਾਈਰਿੰਗ ਸ਼ੁਰੂ ਕਰ ਦਿੱਤੀ ਅਤੇ ਫਿਰ ਅਨਾਊਂਸਮੈਂਟ ਕੀਤੀ ਕਿ "ਜੇ ਸੰਤ ਜਰਨੈਲ ਸਿੰਘ ਨੂੰ ਸਾਡੇ ਹਵਾਲੇ ਨਾ ਕੀਤਾ ਤਾਂ ਸਾਰਾ ਪਿੰਡ ਤਬਾਹ ਕਰ ਦਿਆਂਗੇ।" ਪਿੰਡ ਵਾਸੀਆਂ ਵੱਲੋਂ ਗੁਰਦੁਆਰੇ ਦੇ ਸਪੀਕਰ ਰਾਹੀਂ ਇਹ ਦੱਸਣ 'ਤੇ ਵੀ ਕਿ ਸੰਤ ਜਰਨੈਲ ਸਿੰਘ ਪਿੰਡ ਵਿੱਚ ਮੌਜੂਦ ਨਹੀਂ ਹਨ, ਪੁਲਿਸ ਨਾ ਟਲੀ ਅਤੇ ਉਸ ਨੇ ਘਰ ਘਰ ਦੀ ਤਲਾਸ਼ੀ ਦੇ ਬਹਾਨੇ ਪਿੰਡ ਦੇ ਲੋਕਾਂ ਦਾ ਤਿੰਨ ਲੱਖ ਦੀ ਕੀਮਤ ਦਾ ਸਮਾਨ ਲੁੱਟ ਲਿਆ, ਦਮਦਮੀ ਟਕਸਾਲ ਦੀਆਂ ਦੋ ਬੱਸਾਂ ਨੂੰ ਅੱਗ ਲਾ ਦਿੱਤੀ ਗਈ, ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਸਮੇਤ ਟਕਸਾਲ ਦਾ ਕੀਮਤੀ ਸਾਹਿਤ ਸੜ ਗਿਆ। ਡੀ.ਐਸ.ਪੀ. ਮਨੋਹਰ ਸਿੰਘ ਵੱਲੋਂ ਥਾਣਾ ਰਤੀਆ ਵਿੱਚ ਭਾਰਤੀ ਦੰਡਵਾਲੀ ਦੀ ਧਾਰਾ 307 ਤੇ 353 ਤਹਿਤ ਦਰਜ ਐਫ਼.ਆਰ.ਆਈ ਨੂੰ ਸਿੱਖਾਂ ਦੇ ਦੁਸ਼ਮਣ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਵਿਧਾਨ ਸਭਾ ਵਿੱਚ ਝੂਠੀ ਤੇ ਗਲਤ ਕਰਾਰ ਦਿੱਤਾ।

ਸੰਤ ਜਰਨੈਲ ਸਿੰਘ ਨੂੰ ਮਹਿਤੇ ਵਿਖੇ 16-09-1981 ਨੂੰ 'ਲਾਲਾ ਕਤਲ ਕੇਸ' ਵਿੱਚ ਵਾਰੰਟ ਦਿੱਤੇ ਗਏ ਅਤੇ ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਮੈਂ 20 ਸਤੰਬਰ, 1981 ਨੂੰ ਗ੍ਰਿਫ਼ਤਾਰੀ ਦੇ ਦੇਵਾਂਗਾ। ਸੰਤ ਜਰਨੈਲ ਸਿੰਘ ਦਾ ਇਹ ਐਲਾਨ ਸੁਣ ਕੇ ਸਿੱਖ ਆਗੂਆਂ ਸਮੇਤ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਮਹਿਤੇ ਪਹੁੰਚ ਗਈਆਂ। ਸੰਤ ਜਰਨੈਲ ਸਿੰਘ ਨੇ ਸਿੱਖ ਆਗੂਆਂ ਦੇ ਲੈਕਚਰਾਂ ਦੇ ਬਾਅਦ, ਸੰਗਤਾਂ ਨੂੰ ਸੰਬੋਧਨ ਕੀਤਾ ਤੇ ਬਾਅਦ ਦੁਪਹਿਰ ਕਰੀਬ 2:30 ਵਜੇ ਗੁਰਦੁਆਰੇ ਤੋਂ ਬਾਹਰ ਆ ਕੇ ਗ੍ਰਿਫ਼ਤਾਰੀ ਦੇ ਦਿੱਤੀ।

ਸੰਤ ਜਰਨੈਲ ਸਿੰਘ ਦੀ ਪੁਰ-ਅਮਨ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਸੰਗਤਾਂ ਦੇ ਜੋਸ਼ ਨੂੰ ਦੇਖ ਕੇ ਭੜਕਾਹਟ ਵਿੱਚ ਆ ਗਈ ਅਤੇ ਉਸ ਨੇ ਮੌਕੇ 'ਤੇ ਮੌਜੂਦ ਕਈ ਮੈਜਿਸਟਰੇਟਾਂ ਵਿੱਚੋਂ ਕਿਸੇ ਵੱਲੋਂ ਵੀ ਗੋਲੀ ਚਲਾਉਣ ਦਾ ਹੁਕਮ ਨਾ ਦੇਣ ਦੇ ਬਾਵਜੂਦ, ਸਿੱਖ ਸੰਗਤਾਂ 'ਤੇ ਗੋਲੀ ਚਲਾ ਦਿੱਤੀ। ਜਿਸ ਵਿੱਚ 12 ਸਿੰਘ ਸ਼ਹੀਦ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।

ਸੰਤ ਜਰਨੈਲ ਸਿੰਘ ਨੂੰ ਅਗਲੇ ਦਿਨ 21-09-1981 ਨੂੰ ਬਸੀਆ ਰੈਸਟ ਹਾਊਸ ਵਿੱਚ ਸਪੈਸ਼ਲ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਮੈਜਿਸਟਰੇਟ ਨੇ 24-09-1981 ਤੱਕ ਪੁਲਿਸ ਰਿਮਾਂਡ ਦੇ ਦਿੱਤਾ, ਜੋ 24 ਤਰੀਕ ਨੂੰ 26-09-1981 ਤੱਕ ਹੋਰ ਵਧਾ ਦਿੱਤਾ ਗਿਆ। ਪੁਲਿਸ ਰਿਮਾਂਡ ਵਿੱਚ ਸੰਤ ਜਰਨੈਲ ਸਿੰਘ ਤੋਂ 'ਲਾਲਾ ਕਤਲ ਕਾਂਡ' ਨਾਲ ਸੰਬੰਧਿਤ ਕਰੀਬ 450 ਸੁਆਲ ਪੁੱਛੇ ਗਏ, ਜਿਨ੍ਹਾਂ ਦੇ ਸੰਤਾਂ ਨੇ ਬਾਖੂਬੀ ਜੁਆਬ ਦਿੱਤੇ, ਪਰ ਪੁਲਿਸ ਇਸ ਲੰਬੀ ਪੁੱਛਗਿੱਛ ਦੌਰਾਨ ਵੀ ਸੰਤ ਜਰਨੈਲ ਸਿੰਘ ਦਾ 'ਲਾਲਾ ਕਤਲ ਕਾਂਡ' ਨਾਲ ਸੰਬੰਧ ਜੋੜਨ ਵਿੱਚ ਅਸਫ਼ਲ ਰਹੀ।

ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਅਤੇ ਮਹਿਤੇ ਵਿਖੇ ਸ਼ਹੀਦ ਹੋਏ ਸਿੰਘਾਂ ਦੀ ਸ਼ਹਾਦਤ ਨਾਲ ਸਿੱਖ ਕੌਮ ਵਿੱਚ ਰੋਹ ਜਾਗ ਪਿਆ ਅਤੇ ਸਿੱਖ ਨੌਜੁਆਨਾਂ ਨੇ ਪ੍ਰਤੀਕਰਮ

ਵਜੋਂ 20-09-1981 ਨੂੰ ਜਲੰਧਰ ਅਤੇ 21-09-1981 ਨੂੰ ਤਰਨਤਾਰਨ ਵਿਖੇ ਗੋਲੀ ਚਲਾ ਕੇ ਕੁਝ ਹਿੰਦੂ ਮਾਰ ਦਿੱਤੇ।

ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਨਾਲ ਪੈਦਾ ਹੋਈ ਇਸ ਗੰਭੀਰ ਸਥਿਤੀ ਕਾਰਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਪਣਾ ਵਿਦੇਸ਼ੀ ਦੌਰਾ ਮੁਲਤਵੀ ਕਰਨਾ ਪਿਆ ਅਤੇ ਉਸ ਨੇ 20-09-1981 ਨੂੰ ਚੰਡੀਗੜ੍ਹ ਆਉਣ ਦਾ ਐਲਾਨ ਕਰਦਿਆਂ, ਅਕਾਲੀ ਆਗੂਆਂ ਨੂੰ ਗੱਲਬਾਤ ਦਾ ਸੱਦਾ ਦਿੱਤਾ। ਅਕਾਲੀ ਆਗੂਆਂ ਨੇ ਇੰਦਰਾ ਗਾਂਧੀ ਨਾਲ ਗੱਲਬਾਤ ਦੌਰਾਨ ਸੰਤ ਜਰਨੈਲ ਸਿੰਘ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ।

29-09-1981 ਨੂੰ ਦਲ ਖ਼ਾਲਸਾ ਨੇ ਸ. ਗਜਿੰਦਰ ਸਿੰਘ ਦੀ ਅਗਵਾਈ ਹੇਠ ਭਾਰਤੀ ਹਵਾਈ ਜਹਾਜ਼ ਅਗਵਾ ਕਰ ਲਿਆ ਅਤੇ ਉਸ ਨੂੰ ਲਾਹੌਰ (ਪਾਕਿਸਤਾਨ) ਲੈ ਗਏ। ਸਿੱਖ ਹਾਈਜੈਕਰਾਂ ਨੇ ਸੰਤ ਜਰਨੈਲ ਸਿੰਘ ਦੀ ਰਿਹਾਈ ਦੀ ਸ਼ਰਤ ਰੱਖੀ, ਜਿਸ ਨਾਲ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਅੰਤਰ-ਰਾਸ਼ਟਰੀ ਪੱਧਰ 'ਤੇ ਪ੍ਰਚਾਰ ਹੋਇਆ।

ਅਖੀਰ ਸਿੱਖ ਸੰਗਤਾਂ ਵਿੱਚ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਪ੍ਰਤੀ ਪੈਦਾ ਹੋਏ ਰੋਹ ਨੂੰ ਮੁੱਖ ਰੱਖ ਕੇ ਸਰਕਾਰ ਨੂੰ ਉਨ੍ਹਾਂ ਦੀ ਰਿਹਾਈ ਦਾ ਫੈਸਲਾ ਲੈਣਾ ਪਿਆ ਅਤੇ ਮੈਜਿਸਟਰੇਟ ਸ੍ਰੀ ਜੇ.ਕੇ. ਰਾਏ. ਜੇਲ੍ਹ ਵਿੱਚ ਗਏ ਅਤੇ ਇਹ ਆਰਡਰ ਕਰਕੇ ਕਿ 'ਪੁਲਿਸ ਨੂੰ ਲਾਲਾ ਜਗਤ ਨਰਾਇਣ ਕੇਸ ਵਿੱਚ ਸੰਤ ਜਰਨੈਲ ਸਿੰਘ ਦੀ ਲੋੜ ਨਹੀਂ', ਸੰਤ ਜਰਨੈਲ ਸਿੰਘ ਨੂੰ ਫਿਰੋਜ਼ਪੁਰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ।

ਰਿਹਾਈ ਤੋਂ ਬਾਅਦ ਸੰਤ ਜਰਨੈਲ ਸਿੰਘ ਨੇ ਸਿੱਖ ਹਾਈਜੈਕਰਾਂ ਅਤੇ ਰੋਹ ਦਾ ਪ੍ਰਗਟਾਵਾ ਕਰਨ ਵਾਲੇ ਸਿੱਖ ਨੌਜੁਆਨਾਂ ਸਮੇਤ, ਸਿੱਖ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਅਕਾਲੀ ਦਲ ਵੱਲੋਂ ਹਾਈਜੈਕਰਾਂ ਨਾਲ ਕੋਈ ਸੰਬੰਧ ਨਾ ਹੋਣ ਦੇ ਦਿੱਤੇ ਗਏ ਬਿਆਨ ਦੀ ਸਖ਼ਤ ਆਲੋਚਨਾ ਕੀਤੀ ਤੇ ਨਾਲ ਹੀ ਸ਼ਹੀਦਾਂ ਦੇ ਡੁੱਲ੍ਹੇ ਲਹੂ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ, ਦਾ ਐਲਾਨ ਵੀ ਕੀਤਾ।

ਪਹਿਲਾਂ ਗ੍ਰਿਫ਼ਤਾਰੀ ਅਤੇ ਫਿਰ ਰਿਹਾਈ ਨੇ ਸੰਤ ਜਰਨੈਲ ਸਿੰਘ ਪ੍ਰਤੀ ਸਿੱਖ ਸੰਗਤਾਂ ਵਿੱਚ ਨਿੱਘਾ ਪਿਆਰ ਪੈਦਾ ਕਰ ਦਿੱਤਾ ਅਤੇ ਸੰਤ ਇਕ ਵਾਰੀ ਫਿਰ ਪੰਜਾਬ ਅਤੇ ਪੰਜਾਬ ਤੋਂ ਬਾਹਰ ਪ੍ਰਚਾਰ ਵਹੀਰ ਲੈ ਕੇ ਪ੍ਰਚਾਰ ਲਈ ਨਿਕਲ ਪਏ ਤੇ ਆਪਣੇ ਜੋਸ਼ੀਲੇ ਪ੍ਰਚਾਰ ਨਾਲ ਸਿੱਖ ਕੌਮ ਵਿੱਚ ਜੋਸ਼, ਹੌਸਲਾ ਅਤੇ ਦ੍ਰਿੜ੍ਹਤਾ ਭਰਨ ਲੱਗੇ।

ਸੰਤ ਜਰਨੈਲ ਸਿੰਘ ਨੇ ਰਵਾਇਤੀ ਅਕਾਲੀਆਂ ਨਾਲੋਂ ਬਿਲਕੁਲ ਵੱਖਰਾ ਰਾਹ ਅਪਣਾਇਆ ਅਤੇ ਗਾਂਧੀਵਾਦੀ ਸਿਧਾਂਤ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਕੇ, ਖ਼ਾਲਸਈ ਸਿਧਾਂਤਾਂ 'ਤੇ ਪਹਿਰਾ ਦੇਣ 'ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਤੂਫ਼ਾਨੀ ਪ੍ਰਚਾਰ ਦੌਰਿਆਂ ਨੇ ਸਿੱਖ ਨੌਜਵਾਨਾਂ ਨੂੰ ਟੁੰਬ ਲਿਆ ਅਤੇ ਉਨ੍ਹਾਂ ਨੇ ਕਾਨੂੰਨੀ ਜਕੜ ਵਿੱਚੋਂ ਬਚੇ ਕਈ ਪ੍ਰਮੁੱਖ ਨਿਰੰਕਾਰੀਆਂ ਨੂੰ ਹੱਥੀਂ ਸਜ਼ਾ ਦਿੱਤੀ।

ਪੰਜਾਬ ਵਿਚਲੀ ਕਾਂਗਰਸ ਪਾਰਟੀ ਦੀ ਦਰਬਾਰਾ ਸਿੰਹੁ ਸਰਕਾਰ ਪੰਜਾਬ ਵਿੱਚ ਵਾਪਰੀ ਹਰ ਘਟਨਾ ਨੂੰ ਸੰਤ ਜਰਨੈਲ ਸਿੰਘ ਦੇ ਨਾਂਅ ਨਾਲ ਜੋੜਨ ਲੱਗੀ ਅਤੇ ਉਨ੍ਹਾਂ ਨੂੰ ਪੁਲਿਸ ਮੁਕਾਬਲੇ ਰਾਹੀਂ ਮਾਰ ਮੁਕਾਉਣ ਦੀਆਂ ਸਾਜ਼ਿਸ਼ਾਂ ਘੜਨ ਲੱਗੀ। ਇਸ ਸਾਜ਼ਿਸ਼

ਨੂੰ ਸਿਰੇ ਚੜ੍ਹਾਉਣ ਲਈ ਮਹਾਂਰਾਸ਼ਟਰ ਪ੍ਰਾਂਤ ਦੇ ਮਹਾਂਨਗਰ ਬੰਬਈ ਨੂੰ ਚੁਣਿਆ ਗਿਆ। ਸੰਤ ਜਰਨੈਲ ਸਿੰਘ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਦਾਦਰ ਦੇ ਗੁਰਦੁਆਰੇ ਸਾਹਿਬ ਠਹਿਰੇ ਹੋਏ ਸਨ, ਜਿੱਥੇ ਉਨ੍ਹਾਂ ਨੇ 10 ਮਈ, 1982 ਤੱਕ ਰਹਿਣਾ ਸੀ, ਪਰ ਦਰਬਾਰਾ ਸਿੰਹੁ ਸਰਕਾਰ ਨੇ ਕੌਮੀ ਸੁਰੱਖਿਆ ਐਕਟ ਅਧੀਨ ਸੰਤ ਜਰਨੈਲ ਸਿੰਘ ਦੇ ਗ੍ਰਿਫ਼ਤਾਰੀ ਵਾਰੰਟ ਕੱਢ ਦਿੱਤੇ ਅਤੇ ਬੰਬਈ ਵਿੱਚ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਫੋਰਸ ਭੇਜ ਦਿੱਤੀ। ਸੰਤ ਜਰਨੈਲ ਸਿੰਘ ਨੂੰ ਸਰਕਾਰ ਦੀ ਇਸ ਸਾਜ਼ਿਸ਼ ਦੀ ਪਹਿਲਾਂ ਹੀ ਸੂਹ ਮਿਲ ਗਈ ਅਤੇ ਉਹ ਆਪਣੇ ਕਮਰੇ ਵਿੱਚ, ਆਪਣੀ ਥਾਂ, ਭਾਈ ਗੁਰਬਚਨ ਸਿੰਘ ਮਾਨੋਚਾਹਲ ਨੂੰ ਛੱਡ ਕੇ ਪੁਲਿਸ ਦਾ ਘੇਰਾ ਪੈਣ ਤੋਂ ਪਹਿਲਾਂ ਹੀ ਚੌਂਕ ਮਹਿਤਾ ਨੂੰ ਚੱਲ ਪਏ। ਰਸਤੇ ਵਿੱਚ ਨਾਕੇ 'ਤੇ ਪੁਲਿਸ ਵੱਲੋਂ ਰੋਕਣ ਤੇ ਪੁੱਛਗਿੱਛ ਕਰਨ ਦੇ ਬਾਵਜੂਦ ਉਹ ਪੁਲਿਸ ਨੂੰ ਚਕਮਾ ਦੇ ਗਏ ਅਤੇ ਡਰਾਈਵਰ ਦੀ ਹੁਸ਼ਿਆਰੀ ਨਾਲ ਚੌਂਕ ਮਹਿਤਾ ਪਹੁੰਚ ਗਏ।

ਜਦ ਪੰਜਾਬ ਸਰਕਾਰ ਸੰਤ ਜਰਨੈਲ ਸਿੰਘ ਨੂੰ ਮਾਰ ਮੁਕਾਉਣ ਦੇ ਆਪਣੇ ਇਰਾਦੇ ਵਿੱਚ ਸਫ਼ਲ ਨਾ ਹੋ ਸਕੀ ਅਤੇ ਮਹਾਂਰਾਸ਼ਟਰ ਸਰਕਾਰ ਨੇ ਵੀ ਉਸਦੀ ਇਸ ਕਾਰਵਾਈ ਦੀ ਆਲੋਚਨਾ ਕੀਤੀ ਤਾਂ ਉਸ ਨੇ ਦਮਦਮੀ ਟਕਸਾਲ ਦੇ ਸਿੰਘਾਂ ਦੀ ਗ੍ਰਿਫ਼ਤਾਰੀ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਅਤੇ ਮਿਤੀ 17-07-1982 ਨੂੰ ਬਾਬਾ ਉਤਮ ਸਿੰਘ ਖਡੂਰ ਸਾਹਿਬ ਵਾਲਿਆਂ ਨੂੰ ਛੱਡ ਕੇ ਵਾਪਸ ਆ ਰਹੇ ਜਥੇ ਦੇ ਤਿੰਨ ਸਿੰਘ ਭਾਈ ਜਗੀਰ ਸਿੰਘ, ਭਾਈ ਅਜਾਇਬ ਸਿੰਘ ਅਤੇ ਭਾਈ ਨਰਿੰਦਰ ਸਿੰਘ ਗ੍ਰਿਫ਼ਤਾਰ ਕਰ ਲਏ। ਸੰਤ ਜਰਨੈਲ ਸਿੰਘ ਨੇ ਉਨ੍ਹਾਂ ਦੀ ਪੈਰਵਾਈ ਕਰਨ ਲਈ ਭਾਈ ਅਮਰੀਕ ਸਿੰਘ ਅਤੇ ਬਾਬਾ ਥਾਰਾ ਸਿੰਘ ਨੂੰ ਭੇਜਿਆ। ਉਨ੍ਹਾਂ ਨੇ ਅੰਮ੍ਰਿਤਸਰ ਆਏ ਹੋਏ ਪੰਜਾਬ ਦੇ ਰਾਜਪਾਲ ਡਾ. ਐਮ. ਚੈਨਾ ਰੈਡੀ ਨੂੰ ਮਿਲ ਕੇ ਟਕਸਾਲ ਦੇ ਸਿੰਘਾਂ ਦੀਆਂ ਨਜਾਇਜ਼ ਹੋ ਰਹੀਆਂ ਗ੍ਰਿਫ਼ਤਾਰੀਆਂ ਤੋਂ ਜਾਣੂੰ ਕਰਵਾਉਣਾ ਚਾਹਿਆ, ਪਰ ਉਸ ਨੇ ਪੰਜਾਬ ਸਰਕਾਰ ਦੇ ਮੰਤਰੀ ਹਰਚਰਨ ਸਿੰਘ ਅਜਨਾਲਾ ਦੀ ਸਲਾਹ ਮੰਨ ਕੇ, ਉਨ੍ਹਾਂ ਦੀ ਗੱਲ ਸੁਣਨ ਦੀ ਥਾਂ, ਉਲਟਾ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲੈਣ ਦਾ, ਪੁਲਿਸ ਮੁਖੀ ਅੰਮ੍ਰਿਤਸਰ ਨੂੰ ਇਸ਼ਾਰਾ ਕਰ ਦਿੱਤਾ। 19-07-1982 ਨੂੰ ਭਾਈ ਅਮਰੀਕ ਸਿੰਘ ਅਤੇ ਬਾਬਾ ਥਾਰਾ ਸਿੰਘ ਨੂੰ ਕੁੱਝ ਹੋਰ ਸਿੰਘਾਂ ਸਮੇਤ ਅੰਮ੍ਰਿਤਸਰ ਕਚਹਿਰੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸੰਤ ਜਰਨੈਲ ਸਿੰਘ ਨੂੰ ਜਦ ਇਸ ਗ੍ਰਿਫ਼ਤਾਰੀ ਦਾ ਪਤਾ ਲੱਗਾ ਤਾਂ ਉਹ ਬਿਮਾਰੀ ਦੀ ਹਾਲਤ ਵਿੱਚ ਹੀ ਡਾਕਟਰ ਵੱਲੋਂ ਆਰਾਮ ਕਰਨ ਦੀ ਸਲਾਹ ਦੇਣ ਦੇ ਬਾਵਜੂਦ ਅੰਮ੍ਰਿਤਸਰ ਪਹੁੰਚ ਗਏ ਅਤੇ ਢਾਈ ਘੰਟੇ ਦੇ ਵਿੱਚ-ਵਿੱਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ, ਸਿੰਘਾਂ ਦੀ ਰਿਹਾਈ ਲਈ ਮੋਰਚਾ ਸ਼ੁਰੂ ਕਰ ਦਿੱਤਾ। ਹਰ ਰੋਜ਼ 51-51 ਸਿੰਘਾਂ ਦੇ ਜਥੇ ਗ੍ਰਿਫ਼ਤਾਰੀ ਲਈ ਭੇਜਣੇ ਸ਼ੁਰੂ ਕਰ ਦਿੱਤੇ ਗਏ। ਅਕਾਲੀ ਦਲ ਜੋ ਲੰਮੇ ਸਮੇਂ ਤੋਂ ਮੋਰਚਾ ਲਾਉਣ ਦਾ ਐਲਾਨ ਕਰਨ ਦੇ ਬਾਵਜੂਦ ਸ਼ੁਰੂ ਕਰਨ ਤੋਂ ਟਾਲ ਮਟੋਲਾ ਕਰ ਰਿਹਾ ਸੀ ਅਤੇ ਕਪੂਰੀ ਵਿਖੇ ਨਹਿਰ ਰੋਕੂ ਮੋਰਚੇ ਵਿੱਚ ਸੰਗਤਾਂ ਵੱਲੋਂ ਪੂਰਾ ਸਹਿਯੋਗ ਨਾ ਮਿਲਣ ਕਾਰਨ, ਮੋਰਚਾ ਬੰਦ ਕਰਕੇ ਘਬਰਾਹਟ ਦੀ ਸਥਿਤੀ ਵਿੱਚੋਂ ਲੰਘ ਰਿਹਾ ਸੀ, ਨੇ ਸੰਤ ਜਰਨੈਲ ਸਿੰਘ ਦੁਆਰਾ ਸਿਰਜੇ ਇਸ ਮਾਹੌਲ ਦਾ ਲਾਹਾ ਲੈਣ ਲਈ 4 ਅਗਸਤ, 1982 ਨੂੰ ਅਨੰਦਪੁਰ ਸਾਹਿਬ

ਦੇ ਮਤੇ ਦੀ ਪ੍ਰਾਪਤੀ ਲਈ 'ਧਰਮ ਯੁੱਧ' ਮੋਰਚਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਮੋਰਚੇ ਦੇ ਡਿਕਟੇਟਰ ਬਣਾ ਦਿੱਤੇ ਗਏ।

ਸੰਤ ਜਰਨੈਲ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਮਿਤੀ 28-09-1982 ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਸੁਖਜਿੰਦਰ ਸਿੰਘ ਵੀ 'ਧਰਮ ਯੁੱਧ' ਮੋਰਚੇ ਵਿੱਚ ਆਣ ਸ਼ਾਮਲ ਹੋਏ ਅਤੇ ਸਮੁੱਚਾ ਪੰਥ ਇਕਮੁੱਠ ਹੋ ਕੇ ਸਿੱਖ ਕੌਮ ਦੇ ਹੱਕਾਂ ਲਈ ਸੰਘਰਸ਼ ਕਰਨ ਲੱਗ ਪਿਆ।

ਧਰਮ ਯੁੱਧ ਮੋਰਚੇ ਦੇ ਪਹਿਲੇ ਦਿਨ ਸਾਬਕਾ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੇ 1126 ਸਿੰਘਾਂ ਸਮੇਤ ਗ੍ਰਿਫ਼ਤਾਰੀ ਦਿੱਤੀ। ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਸਿੰਘ ਜੇਲ੍ਹ ਜਾਣ ਲੱਗ ਪਏ। ਮੁੱਖ ਮੰਤਰੀ ਦਰਬਾਰਾ ਸਿੰਘ ਨੇ ਮੋਰਚੇ ਨੂੰ ਸੱਟ ਮਾਰਨ ਲਈ 26-09-1982 ਨੂੰ ਪੰਜਾਬ ਭਰ ਵਿੱਚੋਂ ਛਾਪੇ ਮਰਵਾ ਕੇ ਵੱਡੀ ਗਿਣਤੀ ਵਿੱਚ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਉਸਦੇ ਇਸ ਕਦਮ ਨਾਲ ਵੀ ਮੋਰਚੇ ਵਿੱਚ ਕਿਸੇ ਤਰ੍ਹਾਂ ਦੀ ਕਮਜ਼ੋਰੀ ਨਾ ਆਈ। ਸਿੰਘ ਪਹਿਲਾਂ ਵਾਂਗ ਹੀ ਸੈਂਕੜਿਆਂ ਦੀ ਗਿਣਤੀ ਵਿੱਚ ਹਰ ਰੋਜ਼ ਗ੍ਰਿਫ਼ਤਾਰੀ ਦਿੰਦੇ ਰਹੇ ਅਤੇ ਮੁੱਖ ਮੰਤਰੀ ਦੇ ਮੋਰਚੇ ਪ੍ਰਤੀ ਕੀਤੇ ਜਾ ਰਹੇ ਗੁੰਮਰਾਹਕੁੰਨ ਅਤੇ ਝੂਠੇ ਦਾਅਵਿਆਂ ਦਾ ਮਾਖੌਲ ਉਡਦਾ ਰਿਹਾ।

11 ਸਤੰਬਰ, 1982 ਨੂੰ ਸਰਕਾਰ ਦੀ ਅਣਗਹਿਲੀ ਕਾਰਨ ਤਰਨਤਾਰਨ ਫਾਟਕ 'ਤੇ ਬਹੁਤ ਵੱਡਾ ਹਾਦਸਾ ਵਾਪਰ ਗਿਆ ਅਤੇ ਜਥੇਦਾਰ ਬਚਨ ਸਿੰਘ ਦੀ ਅਗਵਾਈ ਹੇਠ ਗ੍ਰਿਫ਼ਤਾਰ ਹੋਏ ਜਥੇ ਨੂੰ ਰਾਤ ਸਮੇਂ ਬਠਿੰਡਾ ਜੇਲ੍ਹ ਲਿਜਾ ਰਹੀ ਬੱਸ, ਫਾਟਕ ਬੰਦ ਨਾ ਹੋਣ ਕਾਰਨ ਰੇਲਗੱਡੀ ਨਾਲ ਟਕਰਾ ਗਈ ਅਤੇ ਇਸ ਵਿੱਚ ਸਵਾਰ 34 ਸਿੰਘ ਸ਼ਹੀਦ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਇਹਨਾਂ ਸ਼ਹੀਦਾਂ ਦੀਆਂ ਅਸਥੀਆਂ ਜਲੂਸ ਦੀ ਸ਼ਕਲ ਵਿੱਚ ਪੂਰੇ ਪੰਜਾਬ ਦਾ ਚੱਕਰ ਲਗਾ ਕੇ ਮਿਤੀ 16 ਅਕਤੂਬਰ, 1982 ਨੂੰ ਪਾਰਲੀਮੈਂਟ ਦੇ ਸਾਹਮਣੇ ਦਿੱਲੀ ਲਿਜਾਈਆਂ ਗਈਆਂ, ਪਰ ਸਰਕਾਰ ਭੜਕਾਹਟ ਵਿੱਚ ਆ ਗਈ ਅਤੇ ਉਸ ਨੇ ਇਸ ਦੁਖਦਾਈ ਹਾਦਸੇ ਬਾਰੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਸ਼ਾਂਤਮਈ ਤਰੀਕੇ ਨਾਲ ਯਾਦ ਪੱਤਰ ਦੇਣ ਗਏ ਸਿੰਘਾਂ 'ਤੇ ਵੀ ਪਹਿਲਾਂ ਟੀਅਰ ਗੈਸ ਦੇ ਗੋਲੇ ਸੁੱਟੇ ਅਤੇ ਫਿਰ ਗੋਲੀਆਂ ਚਲਾ ਦਿੱਤੀਆਂ ਜਿਸ ਨਾਲ 4 ਸਿੰਘ ਸ਼ਹੀਦ ਹੋ ਗਏ।

ਪੰਜਾਬ ਦੀਆਂ ਜੇਲ੍ਹਾਂ ਵਿੱਚ ਵੀ ਡਾਕਟਰੀ ਸਹੂਲਤਾਂ ਦੀ ਘਾਟ ਅਤੇ ਮਾੜੇ ਪ੍ਰਬੰਧ ਕਾਰਨ ਦੋ ਮਹੀਨਿਆਂ ਦੇ ਅੰਦਰ ਹੀ ਜੇਲ੍ਹਾਂ ਵਿਚਲੇ ਹੋਰ 46 ਸਿੰਘ ਸ਼ਹੀਦ ਹੋ ਗਏ। ਦੋ ਮਹੀਨਿਆਂ ਦੇ ਅੰਦਰ ਅੰਦਰ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਭਰ ਗਈਆਂ ਅਤੇ ਸਰਕਾਰ ਨੂੰ ਮਜਬੂਰ ਹੋ ਕੇ ਹੱਥ ਖੜ੍ਹੇ ਕਰਨੇ ਪਏ। ਉਸਨੇ ਮਿਤੀ 18-10-1982 ਨੂੰ ਸਾਰੇ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ, ਪਰ ਸਿੰਘਾਂ ਦੇ ਜਥੇ ਪਹਿਲਾਂ ਵਾਂਗ ਹੀ ਗ੍ਰਿਫ਼ਤਾਰੀ ਦਿੰਦੇ ਰਹੇ ਅਤੇ ਸਰਕਾਰ ਉਨ੍ਹਾਂ ਨੂੰ ਸਿਰਫ਼ 24 ਘੰਟੇ ਹੀ ਜੇਲ੍ਹ ਵਿੱਚ ਰੱਖ ਕੇ ਰਿਹਾ ਕਰਨ ਲੱਗ ਪਈ।

ਅਕਾਲੀ ਦਲ ਨੇ 4 ਨਵੰਬਰ, 1982 ਤੋਂ ਦਿੱਲੀ ਵਿਖੇ ਹੋ ਰਹੀਆਂ ਏਸ਼ੀਆਈ ਖੇਡਾਂ ਸਮੇਂ ਦੁਨੀਆਂ ਨੂੰ ਸਿੱਖਾਂ ਦੀਆਂ ਮੰਗਾਂ ਤੋਂ ਜਾਣੂੰ ਕਰਵਾਉਣ ਲਈ, ਦਿੱਲੀ ਵਿਖੇ

ਗ੍ਰਿਫ਼ਤਾਰੀਆਂ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ, ਪਰ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਵਹਿਸ਼ੀਆਨਾ ਤਰੀਕੇ ਨਾਲ ਸਿੰਘਾਂ ਨੂੰ ਹਰਿਆਣੇ ਅੰਦਰ ਰੋਕ ਕੇ ਜ਼ਲੀਲ ਕੀਤਾ, ਜਿਸ ਨਾਲ ਪਹਿਲਾਂ ਤੋਂ ਹੀ ਸਰਕਾਰੀ ਨੀਤੀ ਤੋਂ ਦੁਖੀ ਸਿੱਖ, ਆਪਣੇ ਨਾਲ ਹੋ ਰਹੀ ਅਜਿਹੀ ਧੱਕੇਸ਼ਾਹੀ, ਵਧੀਕੀ ਅਤੇ ਬੇਇੱਜ਼ਤੀ ਤੋਂ ਹੋਰ ਵੀ ਰੋਹ ਵਿੱਚ ਆ ਗਏ ਅਤੇ ਸਿੱਖ ਆਗੂਆਂ ਤੋਂ ਕੋਈ ਫੈਸਲਾਕੁੰਨ ਕਦਮ ਚੁੱਕਣ ਦੀ ਮੰਗ ਕਰਨ ਲੱਗ ਪਏ।

ਸਿੱਖਾਂ ਵਿੱਚ ਪੈਦਾ ਹੋ ਰਹੇ ਇਸ ਰੋਹ ਨੂੰ ਧਿਆਨ ਵਿੱਚ ਰੱਖ ਕੇ ਮੋਰਚਾ ਡਿਕਟੇਟਰ ਲੌਂਗੋਵਾਲ ਨੇ 23-12-1982 ਨੂੰ ਸਾਬਕਾ ਫ਼ੌਜੀਆਂ ਦੀ ਅਤੇ 09-01-1983 ਨੂੰ ਸਿੱਖ ਬੁੱਧੀਜੀਵੀਆਂ ਦੀ ਕਨਵੈਨਸ਼ਨ ਬੁਲਾ ਕੇ ਅਗਲੀ ਰਣਨੀਤੀ ਤਿਆਰ ਕਰਨ ਲਈ ਵਿਚਾਰਾਂ ਕੀਤੀਆਂ। ਸਾਬਕਾ ਫ਼ੌਜੀਆਂ ਅਤੇ ਸਿੱਖ ਬੁੱਧੀਜੀਵੀਆਂ ਨੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਅਤੇ ਕੁਰਬਾਨੀ ਕਰਨ ਦਾ ਵਾਅਦਾ ਕੀਤਾ, ਪਰ ਲੌਂਗੋਵਾਲ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਕੋਈ ਕਾਰਗਰ ਤੇ ਅਸਰਦਾਰ ਪ੍ਰੋਗਰਾਮ ਨਾ ਦੇ ਸਕਿਆ। ਉਸ ਨੇ ਪ੍ਰੋਗਰਾਮ ਨੂੰ ਸਿਰਫ਼ ਅਕਾਲੀ ਐਮ.ਐਲ.ਏ. ਅਤੇ ਐਮ.ਪੀ. ਦੇ ਅਸਤੀਫ਼ੇ ਦੇਣ ਤੱਕ ਹੀ ਸੀਮਤ ਰੱਖਿਆ ਅਤੇ ਇਹ ਅਸਤੀਫ਼ੇ 27-01-1983 ਨੂੰ ਸੰਬੰਧਿਤ ਅਧਿਕਾਰੀਆਂ ਨੂੰ ਚੰਡੀਗੜ੍ਹ ਅਤੇ ਦਿੱਲੀ ਪਹੁੰਚ ਕੇ ਦੇ ਦਿੱਤੇ ਗਏ, ਪਰ ਸਰਕਾਰ ਨੇ ਅਸਤੀਫ਼ੇ ਮਨਜ਼ੂਰ ਨਾ ਕੀਤੇ। ਅਕਾਲੀ ਐਮ.ਐਲ.ਏ. ਅਤੇ ਐਮ.ਪੀ. ਅਸਤੀਫ਼ੇ ਦੇਣ ਦੇ ਬਾਵਜੂਦ ਵੀ ਤਨਖ਼ਾਹਾਂ, ਸਰਕਾਰੀ ਭੱਤੇ ਅਤੇ ਸਹੂਲਤਾਂ ਲੈਂਦੇ ਰਹੇ, ਜਿਸ ਦੀ ਸੰਤ ਜਰਨੈਲ ਸਿੰਘ ਨੇ ਆਲੋਚਨਾ ਕੀਤੀ।

ਸਿੱਖ ਕੌਮ ਵਿੱਚ, ਸਰਕਾਰ ਸਿੱਖ ਮਾਰੂ ਨੀਤੀਆਂ ਪ੍ਰਤੀ ਪੈਦਾ ਹੋ ਰਹੇ ਰੋਹ ਅਤੇ ਅਕਾਲੀ ਆਗੂਆਂ ਦੀ ਢਿੱਲੜ ਨੀਤੀ ਬਾਰੇ ਪੈਦਾ ਹੋ ਰਹੀ ਨਰਾਜ਼ਗੀ ਨੂੰ ਧਿਆਨ ਵਿੱਚ ਰੱਖ ਕੇ ਅਕਾਲੀ ਦਲ ਨੇ ਮਿਤੀ 08-08-1983 ਨੂੰ 'ਰਸਤਾ ਰੋਕੋ' ਪ੍ਰੋਗਰਾਮ ਦਿੱਤਾ। ਸਿੱਖਾਂ ਨੇ ਇਸ ਪੰਥਕ ਪ੍ਰੋਗਰਾਮ ਨੂੰ ਗੋਲੀਆਂ ਅੱਗੇ ਛਾਤੀਆਂ ਤਾਣ ਕੇ ਸਫ਼ਲ ਕੀਤਾ ਅਤੇ 26 ਸਿੰਘਾਂ ਨੇ ਆਪਣੀਆਂ ਜਾਨਾਂ ਵਾਰੀਆਂ।

ਇੰਦਰਾ ਗਾਂਧੀ ਨੇ ਲੋਕਾਂ ਨੂੰ ਧਰਮ ਯੁੱਧ ਮੋਰਚੇ ਨਾਲੋਂ ਤੋੜਨ ਦੀ ਕੋਸ਼ਿਸ਼ ਵਜੋਂ 29-05-1983 ਨੂੰ ਗੁਰਦਾਸਪੁਰ, ਲੁਧਿਆਣਾ ਅਤੇ ਨਾਭਾ ਤਿੰਨ ਥਾਵਾਂ ਤੇ ਕਾਨਫ਼ਰੰਸਾਂ ਕੀਤੀਆਂ, ਪਰ ਉਸ ਨੂੰ ਹਰ ਥਾਂ ਸਿੱਖ ਨੌਜੁਆਨ ਅਤੇ ਬੀਬੀਆਂ ਦੇ ਸਰਕਾਰ ਵਿਰੋਧੀ ਨਾਅਰੇ ਅਤੇ ਸਿੱਖਾਂ ਪ੍ਰਤੀ ਵਿਤਕਰੇ ਭਰੀਆਂ ਸਰਕਾਰੀ ਨੀਤੀਆਂ ਵਿਰੁੱਧ ਗੱਲਾਂ ਸੁਣਨੀਆਂ ਪਈਆਂ। ਇੰਦਰਾ ਗਾਂਧੀ ਸਿੱਖਾਂ ਵੱਲੋਂ ਕੀਤੇ ਇਹਨਾਂ ਪ੍ਰਦਰਸ਼ਨਾਂ ਰਾਹੀਂ ਪ੍ਰਗਟ ਕੀਤੀ ਗਈ ਲੋਕ ਰਾਇ ਨੂੰ ਸਮਝਣ ਦੀ ਥਾਂ, ਆਪਣੇ ਮੁੱਖ ਮੰਤਰੀ ਦਰਬਾਰਾ ਸਿੰਘ ਦੀਆਂ ਧਰਮ ਯੁੱਧ ਪ੍ਰਤੀ ਭੇਜੀਆਂ ਗ਼ਲਤ ਰਿਪੋਰਟਾਂ ਅਤੇ ਦਿੱਤੀਆਂ ਗਈਆਂ ਪੰਥ ਵਿਰੋਧੀ ਸਲਾਹਾਂ ਤੇ ਹੀ ਇਤਬਾਰ ਕਰਦੀ ਰਹੀ ਤੇ ਆਪਣੀ ਫਿਰਕੂ ਸੋਚ ਤਹਿਤ ਸਿੱਖਾਂ ਨੂੰ ਦੁਬਾਉਣ ਲਈ ਪੂਰਾ ਜ਼ੋਰ ਲਗਾਉਂਦੀ ਰਹੀ। ਉਸ ਦੀਆਂ ਇਹਨਾਂ ਕਾਨਫਰੰਸਾਂ ਸਮੇਂ ਸਿੱਖ ਹੱਕਾਂ ਲਈ ਪ੍ਰਦਰਸ਼ਨ ਕਰਨ ਵਾਲੇ ਸਿੱਖ ਨੌਜੁਆਨਾਂ ਅਤੇ ਬੀਬੀਆਂ 'ਤੇ ਭਾਰੀ ਤਸ਼ੱਦਦ ਕੀਤਾ ਗਿਆ ਅਤੇ ਕਈਆਂ ਨੂੰ ਕੇਸ ਪਾ ਕੇ ਜੇਲ੍ਹਾਂ ਵਿੱਚ ਵੀ ਬੰਦ ਕਰ ਦਿੱਤਾ ਗਿਆ।

ਸਿੱਖਾਂ ਵਿੱਚ ਦਿਨੋ-ਦਿਨ ਵੱਧ ਰਹੇ ਜੁਝਾਰੂ ਜਜ਼ਬੇ ਅਤੇ ਕੇਂਦਰ ਸਰਕਾਰ ਵੱਲੋਂ ਸਿੱਖਾਂ ਦੀਆਂ ਮੰਗਾਂ ਪ੍ਰਤੀ ਦਿਖਾਏ ਜਾ ਰਹੇ ਅਵੇਸਲੇਪਨ ਨੂੰ ਧਿਆਨ ਵਿੱਚ ਰੱਖ ਕੇ ਅਕਾਲੀ ਦਲ ਨੇ 17 ਜੂਨ, 1983 ਨੂੰ 'ਰੇਲ ਰੋਕੋ' ਪ੍ਰੋਗਰਾਮ ਦਾ ਐਲਾਨ ਕਰ ਦਿੱਤਾ, ਪਰ 'ਰਸਤਾ ਰੋਕੋ' ਪ੍ਰੋਗਰਾਮ ਦੀ ਸਫ਼ਲਤਾ ਤੋਂ ਜਾਣੂੰ ਸਰਕਾਰ ਨੇ ਪੰਜਾਬ ਵਿੱਚ ਇਸ ਦਿਨ ਖ਼ੁਦ ਹੀ ਰੇਲ ਆਵਾਜਾਈ ਰੋਕ ਦਿੱਤੀ।

ਇਸ ਧਰਮ ਯੁੱਧ ਮੋਰਚੇ ਵਿੱਚ ਕਰੀਬ 2 ਲੱਖ 30 ਹਜ਼ਾਰ ਗ੍ਰਿਫ਼ਤਾਰੀਆਂ ਦਿੱਤੀਆਂ ਗਈਆਂ ਅਤੇ 200 ਦੇ ਕਰੀਬ ਸਿੰਘਾਂ ਨੇ ਜਾਨਾਂ ਵੀ ਵਾਰੀਆਂ, ਪਰ ਨਾ ਤਾਂ ਸਰਕਾਰ ਨੇ ਹੀ ਸਿੱਖਾਂ ਦੀ ਕੋਈ ਮੰਗ ਮੰਨੀ ਅਤੇ ਨਾ ਹੀ ਅਕਾਲੀ ਦਲ ਕੋਈ ਕਾਰਗਰ ਪ੍ਰੋਗਰਾਮ ਦੇ ਕੇ ਸਰਕਾਰ ਤੇ ਸਿੱਖਾਂ ਦੀਆਂ ਮੰਗਾਂ ਮੰਨਣ ਅਤੇ ਹੱਕ ਦੇਣ ਲਈ ਦਬਾਅ ਪਾ ਸਕਿਆ। ਸਿੱਖ ਸਰਕਾਰ ਦੀ ਸਿੱਖਾਂ ਪ੍ਰਤੀ ਫਿਰਕੂ ਨੀਤੀ ਤੋਂ ਤੰਗ ਆ ਗਏ ਪਰ ਅਕਾਲੀ ਦਲ ਨੇ ਹੀ ਮਰਜੀਵੜਿਆਂ ਨੂੰ ਖ਼ਾਲਸਈ ਜਜ਼ਬੇ ਨਾਲ ਇਤਿਹਾਸਕ ਚਿੰਨ੍ਹਾਂ 'ਤੇ ਚੱਲਣ ਲਈ ਕੋਈ ਪ੍ਰੋਗਰਾਮ ਨਾ ਦਿੱਤਾ ਅਤੇ ਨਾ ਹੀ ਇਹ ਮਰਜੀਵੜੇ ਕੌਮ ਦੀ ਤਕਦੀਰ ਘੜਨ ਲਈ ਖ਼ੁਦ ਕੋਈ ਕਾਰਨਾਮਾ ਕਰ ਸਕੇ। ਅਕਾਲੀ ਦਲ ਕਦੇ ਧਾਰਾ 25 ਨੂੰ ਸੰਵਿਧਾਨ ਵਿਚੋਂ ਪਾੜਨ ਤੇ ਸਾੜਨ ਦਾ ਪ੍ਰੋਗਰਾਮ ਦਿੰਦਾ ਰਿਹਾ ਅਤੇ ਕਦੇ 'ਕੰਮ ਰੋਕੋ' ਤੇ 'ਆਜ਼ਾਦ ਹਫ਼ਤਾ' ਮਨਾਉਣ ਦਾ ਐਲਾਨ ਕਰਦਾ ਰਿਹਾ, ਪਰ ਉਸ ਨੇ ਕਦੇ ਵੀ ਆਪਣੇ ਇਹਨਾਂ ਐਲਾਨਾਂ 'ਤੇ ਗੰਭੀਰਤਾ ਤੇ ਸੱਚੇ ਮਨ ਨਾਲ ਅਮਲ ਨਾ ਕੀਤਾ। ਸਰਕਾਰ ਵੱਲੋਂ ਧਾਰਾ 25 ਦੀ ਮੰਗ ਨੂੰ ਮੰਨਣ ਲਈ ਵਿਚਾਰ ਕਰਨ ਦੇ ਮਾਮੂਲੀ ਬਿਆਨ 'ਤੇ ਹੀ ਭਰੋਸਾ ਕਰ ਲਿਆ ਅਤੇ 'ਆਜ਼ਾਦ ਹਫ਼ਤਾ' ਮਨਾਉਣ ਲਈ ਐਲਾਨੇ ਗਏ ਪ੍ਰੋਗਰਾਮ ਨੂੰ ਮੁਲਤਵੀ ਕਰ ਦਿੱਤਾ।

ਅਸਲ ਵਿੱਚ ਅਕਾਲੀ ਆਗੂ ਲੰਬੇ ਹੋ ਚੁਕੇ ਮੋਰਚੇ ਤੋਂ ਖਹਿੜਾ ਛੁਡਾਉਣ ਲਈ ਕੋਈ ਨਾ ਕੋਈ ਰਾਹ ਲੱਭਣ ਲੱਗ ਪਏ ਅਤੇ ਵਿਚੋਲਿਆਂ ਰਾਹੀਂ ਕਈ ਵਾਰ, ਕੌਮ ਤੋਂ ਚੋਰੀ ਇੰਦਰਾ ਗਾਂਧੀ ਅਤੇ ਉਸ ਦੇ ਮੰਤਰੀਆਂ ਨਾਲ ਗੱਲਬਾਤ ਕੀਤੀ, ਪਰ 'ਅੰਗੂਰ ਖੱਟੇ ਹਨ' ਦੀ ਕਹਾਵਤ ਵਾਂਗ ਹਰ ਵਾਰ ਉਨ੍ਹਾਂ ਦੇ ਪੱਲੇ ਨਿਰਾਸ਼ਤਾ ਹੀ ਪਈ।

ਅਕਾਲੀ ਆਗੂ ਇਸ ਮੋਰਚੇ ਤੋਂ ਆਪਣਾ ਛੁਟਕਾਰਾ ਕਰਾਉਣ ਲਈ ਉਹ ਸਭ ਕੁਝ ਕਰਨ ਲਈ ਤਰਲੋ ਮੱਛੀ ਸਨ, ਜੋ ਕੁਝ ਕਰਨ ਦੀ ਸਰਕਾਰੀ ਏਜੰਸੀਆਂ ਦੇ ਏਜੰਟ ਅਤੇ ਸਰਕਾਰੀ ਵਿਚੋਲੇ ਸਲਾਹ ਦੇ ਰਹੇ ਸਨ, ਪਰ ਉਹ ਸੰਤ ਜਰਨੈਲ ਸਿੰਘ ਨੂੰ ਮੋਰਚਾ ਛੱਡਣ ਦੇ ਰਾਹ ਵਿੱਚ ਸਭ ਤੋਂ ਵੱਡਾ ਅੜਿੱਕਾ ਸਮਝਦੇ ਸਨ, ਕਿਉਂਕਿ ਸੰਤ ਜਰਨੈਲ ਸਿੰਘ 'ਅਨੰਦਪੁਰ ਦੇ ਮਤੇ' ਦੇ ਅੱਖਰ ਅੱਖਰ ਦੀ ਪ੍ਰਾਪਤੀ ਤੱਕ ਮੋਰਚਾ ਜਾਰੀ ਰੱਖਣ ਲਈ ਦ੍ਰਿੜ੍ਹ ਸੰਕਲਪ ਸੀ ਅਤੇ ਉਸ ਦੇ ਜਿਉਂਦੇ ਜੀਅ ਅਕਾਲੀ ਆਗੂਆਂ ਲਈ ਮੋਰਚੇ ਤੋਂ ਖਹਿੜਾ ਛੁਡਾਉਣਾ ਮੁਸ਼ਕਿਲ ਸੀ। ਸੰਤ ਜਰਨੈਲ ਸਿੰਘ ਅਕਾਲੀ ਦਲ ਦੇ ਪਿੱਛੇ ਹਟਣ ਦੀ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਇਸ ਲਈ ਉਹ ਬਾਰ ਬਾਰ ਸਟੇਜ ਤੋਂ ਐਲਾਨ ਕਰਦੇ ਰਹਿੰਦੇ ਸਨ ਕਿ :

"ਐਤਕਾਂ ਜਾਂ ਭਾਂਡਿਆਂ ਵਾਲੀ ਰਹੇਗੀ ਜਾਂ ਟਾਂਡਿਆਂ ਵਾਲੀ।"

"ਐਤਕਾਂ ਜੂਸ ਮੂੰਹ ਨੂੰ ਲਾ ਕੇ ਮੋਰਚਾ ਨਹੀਂ ਛੱਡਣ ਦਿੱਤਾ ਜਾਵੇਗਾ।"

"ਜੇਕਰ ਫ਼ੈਸਲਾ ਅਨੰਦਪੁਰ ਸਾਹਿਬ ਦੇ ਮਤੇ ਤੋਂ ਘੱਟ ਹੋਇਆ ਤਾਂ ਸੰਗਤ ਨੂੰ ਜ਼ਰੂਰ ਜਾਣੂੰ ਕਰਾਵਾਂਗਾ।"

ਅਕਾਲੀ ਆਗੂ ਸੰਤ ਜਰਨੈਲ ਸਿੰਘ ਦੇ ਇਹਨਾਂ ਐਲਾਨਾਂ ਨੂੰ ਵੀ ਸੁਣਦੇ ਰਹਿੰਦੇ ਸਨ ਅਤੇ ਉਨ੍ਹਾਂ ਦੇ ਸੁਭਾਅ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਸਨ। ਸੰਤ ਜਰਨੈਲ ਸਿੰਘ ਵੱਲੋਂ ਨਿੱਤ ਅਕਾਲੀ ਆਗੂਆਂ ਪ੍ਰਤੀ ਸੁਚੇਤ ਕੀਤੀਆਂ ਜਾ ਰਹੀਆਂ ਸੰਗਤਾਂ ਦੇ ਰੋਹ ਤੋਂ ਬਚਣ ਲਈ, ਉਨ੍ਹਾਂ ਨੇ ਉਸ ਨੂੰ ਬਦਨਾਮ ਕਰਨ ਦਾ ਰਸਤਾ ਲੱਭ ਲਿਆ ਅਤੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ :

"ਸੰਤ ਜਰਨੈਲ ਸਿੰਘ ਮੋਰਚੇ ਨੂੰ ਢਾਹ ਲਾ ਰਿਹਾ ਹੈ।"

"ਸੰਤ ਜਰਨੈਲ ਸਿੰਘ ਸ਼ਹੀਦਾਂ ਦੇ ਨਾਂਅ 'ਤੇ ਆਏ ਫੰਡ ਦੀ ਗਲਤ ਵਰਤੋਂ ਕਰ ਰਿਹਾ ਹੈ।"

"ਸੰਤ ਜਰਨੈਲ ਸਿੰਘ ਕਾਂਗਰਸ ਦੀ ਬੋਲੀ ਬੋਲਦਾ ਹੈ।"

"ਸੰਤ ਜਰਨੈਲ ਸਿੰਘ ਨੇ ਅਕਾਲੀ ਦਲ ਨੂੰ ਹਥਿਆਰ ਖਰੀਦਣ ਅਤੇ ਇਕ ਫ਼ਿਰਕੇ ਦੇ ਲੋਕਾਂ ਨੂੰ ਮਾਰਨ ਦੀ ਸਲਾਹ ਦਿੱਤੀ ਹੈ।"

"ਅਕਾਲੀ ਦਲ ਦਾ ਮੋਟਰ ਸਾਈਕਲ ਵਾਲੇ ਨੌਜੁਆਨਾਂ ਅਤੇ ਪੰਜਾਬ ਵਿੱਚ ਹੋ ਰਹੀਆਂ ਵਾਰਦਾਤਾਂ ਨਾਲ ਕੋਈ ਸੰਬੰਧ ਨਹੀਂ।"

"ਅਕਾਲੀ ਦਲ ਦਾ ਖ਼ਾਲਿਸਤਾਨ ਦੀ ਮੰਗ ਨਾਲ ਕੋਈ ਸੰਬੰਧ ਨਹੀਂ।"

ਅਕਾਲੀ ਆਗੂਆਂ ਨੇ ਸੰਤ ਜਰਨੈਲ ਸਿੰਘ 'ਤੇ ਅਜਿਹੇ ਦੋਸ਼ ਪਹਿਲਾਂ ਟੇਡੇ ਢੰਗ ਨਾਲ ਅਤੇ ਫਿਰ ਸਿੱਧੇ ਰੂਪ ਵਿੱਚ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਕਹਿ ਦਿੱਤਾ ਕਿ ਉਹ ਆਪਣੇ ਪ੍ਰਬੰਧ ਹੇਠਲੇ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਨੂੰ ਬੋਲਣ ਦੀ ਆਗਿਆ ਨਾ ਦੇਵੇ। ਅਕਾਲੀ ਆਗੂਆਂ ਨੇ ਸਰਕਾਰ ਨਾਲ ਸੁਖਾਵੇਂ ਸੰਬੰਧ ਬਣਾ ਕੇ ਕਿਸੇ ਸਮਝੌਤੇ 'ਤੇ ਪਹੁੰਚਣ ਲਈ ਇਸ ਤਰ੍ਹਾਂ ਦੇ ਬਿਆਨ ਵੀ ਦਿੱਤੇ :

"ਅਕਾਲੀ ਦਲ ਦੇਸ਼ ਦੀ ਏਕਤਾ ਤੇ ਅਖੰਡਤਾ ਵਿੱਚ ਯਕੀਨ ਰੱਖਦਾ ਹੈ ਅਤੇ ਉਸ ਦਾ ਵੱਖਵਾਦੀ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ।"

"ਅਕਾਲੀ ਦਲ ਦਾ ਪ੍ਰੋਗਰਾਮ ਪੁਰਅਮਨ, ਸ਼ਾਂਤਮਈ ਅਤੇ ਲੋਕਤੰਤਰਿਕ ਹੈ।"

"ਅਕਾਲੀ ਦਲ ਹਿੰਦੂ, ਸਿੱਖ ਏਕਤਾ ਦਾ ਮੁਦਈ ਹੈ।"

ਇੰਦਰਾ ਗਾਂਧੀ ਤਾਂ ਪਹਿਲਾਂ ਹੀ ਸਿੱਖਾਂ ਨੂੰ ਕੁਚਲਣ ਦੀ ਨੀਤੀ ਤਿਆਰ ਕਰੀ ਬੈਠੀ ਸੀ, ਪਰ ਉਹ ਆਪਣੀ ਇਸ ਘਿਨਾਉਣੀ ਕਾਰਵਾਈ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਦੀ ਥਾਂ ਅਕਾਲੀ ਆਗੂਆਂ ਦੇ ਸਿਰ ਹੀ ਸੁੱਟਣੀ ਚਾਹੁੰਦੀ ਸੀ ਅਤੇ ਇਸ ਤਰ੍ਹਾਂ ਪੰਜਾਬ ਵਿੱਚ ਕਾਂਗਰਸ ਦੀ ਪ੍ਰਮੁੱਖ ਸ਼ਕਤੀਸ਼ਾਲੀ ਪਾਰਟੀ ਅਕਾਲੀ ਦਲ ਨੂੰ ਸਿੱਖ ਕੌਮ ਵਿੱਚ ਬਦਨਾਮ ਕਰਨਾ ਚਾਹੁੰਦੀ ਸੀ। ਅਕਾਲੀ ਆਗੂ ਉਸ ਦੀ ਇਸ ਘਿਨਾਉਣੀ ਨੀਤੀ ਨੂੰ ਸਮਝਣ ਵਿੱਚ ਅਸਫ਼ਲ ਰਹੇ ਅਤੇ ਉਨ੍ਹਾਂ ਨੇ ਸਿੱਖ ਕੌਮ ਦੀ ਗ਼ੁਲਾਮੀ ਦੂਰ ਕਰਨ ਲਈ ਜੂਝ ਰਹੇ ਕੌਮ ਦੇ ਅਣਖੀਲੇ ਜਰਨੈਲ, ਸੰਤ ਜਰਨੈਲ ਸਿੰਘ ਵਿਰੁੱਧ ਬਿਆਨਬਾਜ਼ੀ ਸ਼ੁਰੂ

ਕਰ ਦਿੱਤੀ। ਅਕਾਲੀ ਆਗੂਆਂ ਦੀ ਇਸ ਬਿਆਨਬਾਜ਼ੀ ਨੇ ਇੰਦਰਾ ਗਾਂਧੀ ਲਈ ਆਪਣੀ ਸਿੱਖ ਵਿਰੋਧੀ ਨੀਤੀ ਨੂੰ ਲਾਗੂ ਕਰਨ ਲਈ ਸਾਜ਼ਗਾਰ ਮਾਹੌਲ ਪੈਦਾ ਕਰ ਦਿੱਤਾ। ਇਸ ਤਰ੍ਹਾਂ ਲੌਂਗੋਵਾਲ ਨੇ ਸੰਤ ਜਰਨੈਲ ਸਿੰਘ ਨੂੰ ਮਰਵਾਉਣ ਦਾ ਰਾਹ ਪੱਧਰਾ ਕਰ ਦਿੱਤਾ ਅਤੇ ਪੰਥ ਨੇ ਆਪਣੇ ਪੈਰਾਂ 'ਤੇ ਖ਼ੁਦ ਹੀ ਕੁਹਾੜਾ ਮਾਰ ਲਿਆ।

ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੇ ਯਤਨ

ਸਰਕਾਰ ਨੇ ਆਪਣੇ ਏਜੰਟਾਂ ਰਾਹੀਂ ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੇ ਕਈ ਯਤਨ ਕੀਤੇ। ਪਹਿਲੀ ਵਾਰ ਜਦ ਸੰਤ ਜੀ ਦਰਬਾਰ ਸਾਹਿਬ ਦੀਆਂ ਪੌੜੀਆਂ ਚੜ੍ਹ ਰਹੇ ਸਨ ਤਾਂ ਇਕ ਬੰਦੇ ਨੇ ਘਾਤ ਲਾ ਕੇ ਉਨ੍ਹਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਸ਼ੱਕ ਪੈਣ 'ਤੇ ਜਦ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਪਿਸਟਲ ਨਿਕਲਿਆ। ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਉਹ ਕਤਲ ਕਰਨ ਲਈ ਹੀ ਆਇਆ ਸੀ।

ਦੂਜੀ ਵਾਰ ਇਕ ਹਮਲਾਵਰ ਨੇ ਨਾਨਕ ਨਿਵਾਸ ਦੇ ਕਮਰਾ ਨੰਬਰ 47 ਤੱਕ ਸੰਤ ਜਰਨੈਲ ਸਿੰਘ ਦਾ ਪਿੱਛਾ ਕੀਤਾ ਪਰ ਉਸ ਦਾ ਪਿਸਟਲ ਡਿੱਗ ਜਾਣ ਕਾਰਨ ਕਾਮਯਾਬੀ ਨਾ ਮਿਲੀ।

ਤੀਜੀ ਵਾਰ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਹਮਲਾਵਰ ਵੀ ਡਰ ਗਿਆ ਅਤੇ ਗੋਲੀ ਚਲਾਉਣ ਦੀ ਜੁਰਅਤ ਨਾ ਕਰ ਸਕਿਆ।

ਚੌਥੀ ਵਾਰ ਪੁਲਿਸ ਨੇ ਇਹ ਸਮਝ ਕੇ ਕਿ ਸੰਤ ਜਰਨੈਲ ਸਿੰਘ ਆਪਣੇ ਹੈੱਡਕਵਾਟਰ ਮਹਿਤਾ ਚੌਂਕ ਜਾ ਰਹੇ ਹਨ, ਮਾਨਾਂਵਾਲਾ ਚੌਂਕ ਨੇੜੇ ਟਕਸਾਲ ਦੀ ਜੀਪ 'ਤੇ ਰਾਕਟ ਲਾਂਚਰ ਨਾਲ ਗੋਲੇ ਸੁੱਟੇ। ਜਿਸ ਵਿੱਚ ਇਕ ਸਿੰਘ ਸ਼ਹੀਦ ਅਤੇ ਦੋ ਜ਼ਖ਼ਮੀ ਹੋ ਗਏ ਪਰ ਸੰਤਾਂ ਦੇ ਉਸ ਜੀਪ ਵਿੱਚ ਨਾ ਹੋਣ ਕਾਰਨ ਸਰਕਾਰ ਦੀ ਸਾਜ਼ਿਸ਼ ਸਿਰੇ ਨਾ ਚੜ੍ਹੀ।

ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੀਆਂ ਸਭ ਸਾਜ਼ਿਸ਼ਾਂ ਅਸਫ਼ਲ ਹੋਣ ਤੋਂ ਬਾਅਦ 14 ਅਪ੍ਰੈਲ, 1984 ਨੂੰ ਉਨ੍ਹਾਂ ਦੀ ਸੱਜੀ ਬਾਂਹ ਅਤੇ ਕੌਮੀ ਯੋਧੇ ਸ. ਸੁਰਿੰਦਰ ਸਿੰਘ ਸੋਢੀ ਨੂੰ, ਸੁਰਿੰਦਰ ਸਿੰਹੁ ਛਿੰਦਾ ਅਤੇ ਉਸ ਦੀ ਰਖੇਲ ਬਲਜੀਤ ਕੌਰ ਨੇ ਧੋਖੇ ਨਾਲ ਗੋਲੀ ਮਾਰ ਦਿੱਤੀ। ਬਲਜੀਤ ਕੌਰ ਦੀ ਤਫ਼ਤੀਸ਼ ਕਰਨ ਤੋਂ ਇਸ ਸਾਜ਼ਿਸ਼ ਪਿੱਛੇ ਅਕਾਲੀ ਦਲ ਦੇ ਸਕੱਤਰ ਗੁਰਚਰਨ ਸਿੰਹੁ ਦਾ ਹੱਥ ਨਿਕਲਿਆ। ਸੁਰਿੰਦਰ ਸਿੰਹੁ ਛਿੰਦੇ ਨੂੰ ਸਿੰਘਾਂ ਨੇ ਜਾ ਦਬੋਚਿਆ ਤੇ ਉਸ ਨੂੰ ਸੋਧ ਕੇ 24 ਘੰਟਿਆਂ ਦੇ ਅੰਦਰ ਹੀ ਸੁਰਿੰਦਰ ਸਿੰਘ ਸੋਢੀ ਦੇ ਕਤਲ ਦਾ ਬਦਲਾ ਲੈ ਲਿਆ। ਇਸ ਕਾਂਡ ਵਿੱਚ ਸ਼ਾਮਲ ਮਲਕ ਸਿਹੁੰ ਭਾਟੀਆ ਅਤੇ ਚਾਹ ਦੀ ਦੁਕਾਨ ਚਲਾਉਣ ਵਾਲਾ ਬਾਜ਼ਾ ਵੀ ਮਾਰੇ ਗਏ, ਪਰ ਇਸ ਸਾਜ਼ਿਸ਼ ਦੇ ਮੁੱਖ ਦੋਸ਼ੀ ਗੁਰਚਰਨ ਸਿੰਹੁ ਸਕੱਤਰ ਨੂੰ ਲੌਂਗੋਵਾਲ ਨੇ ਆਪਣੀ ਪਨਾਹ ਵਿੱਚ ਰੱਖ ਕੇ ਬਚਾ ਲਿਆ।

ਸੁਰਿੰਦਰ ਸਿੰਘ ਸੋਢੀ ਦੇ ਕਤਲ ਨਾਲ ਸਥਿਤੀ ਬਹੁਤ ਹੀ ਗੰਭੀਰ ਹੋ ਗਈ, ਜਿਸ ਨੂੰ ਸ਼ਾਂਤ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਆਪਣੇ ਸਕੱਤਰ ਭਾਨ ਸਿੰਘ ਦੀ ਅਗਵਾਈ

ਹੇਠ ਪੰਜ ਮੈਂਬਰੀ ਕਮੇਟੀ ਬਣਾਈ। ਇਸ ਕਮੇਟੀ ਨੇ ਆਪਣੀ ਇਨਕੁਆਰੀ ਉਪਰੰਤ ਸੰਤ ਜਰਨੈਲ ਸਿੰਘ ਕੋਲ ਤਾਂ ਗੁਰਚਰਨ ਸਿੰਹੁ ਨੂੰ ਦੋਸ਼ੀ ਮੰਨਿਆ, ਪਰ ਸੰਤ ਲੌਂਗੋਵਾਲ ਦੇ ਦਬਾਅ ਕਾਰਨ ਜਾਰੀ ਕੀਤੀ ਰਿਪੋਰਟ ਵਿੱਚ ਉਸ ਨੂੰ ਸੋਢੀ ਕਤਲ ਕੇਸ ਵਿੱਚੋਂ ਬਰੀ ਕਰ ਦਿੱਤਾ। ਦਰਬਾਰ ਸਾਹਿਬ ਕੰਪਲੈਕਸ ਦੇ ਮਾਹੌਲ ਨੂੰ ਸ਼ਾਂਤ ਕਰਨ ਲਈ ਪੰਜ ਸਿੰਘ ਸਾਹਿਬਾਨ ਨੇ ਵੀ ਦੋ ਵਾਰੀ ਸੰਤ ਜਰਨੈਲ ਸਿੰਘ ਨਾਲ ਲੰਬੀ ਗੱਲਬਾਤ ਕੀਤੀ ਅਤੇ ਸਾਰੇ ਕੇਸ ਦੀ ਇਨਕੁਆਰੀ ਉਪਰੰਤ ਗੁਰਚਰਨ ਸਿੰਹੁ ਨੂੰ ਦੋਸ਼ੀ ਪਾਇਆ, ਪਰ ਸੰਤ ਜਰਨੈਲ ਸਿੰਘ ਦੀ ਮੰਗ ਅਨੁਸਾਰ ਇਸ ਸਚਾਈ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਬਿਆਨ ਕਰਨ ਤੋਂ ਕੰਨੀ ਕਤਰਾ ਗਏ। ਸੰਤ ਜਰਨੈਲ ਸਿੰਘ ਨੇ ਭਾਨ ਸਿੰਘ ਕਮੇਟੀ ਦੀ ਹਾਜ਼ਰੀ ਵਿੱਚ ਗੁਰੂ ਰਾਮਦਾਸ ਲੰਗਰ ਦੀ ਛੱਤ ਉਪਰ ਸੰਗਤਾਂ ਸਾਹਮਣੇ ਸਾਰੇ ਕਾਂਡ ਦੀ ਅਸਲੀਅਤ ਬਿਆਨ ਕੀਤੀ ਅਤੇ ਸਬਰ ਤੋਂ ਕੰਮ ਲੈਂਦਿਆਂ ਸਭ ਨੂੰ ਧਰਮ ਯੁੱਧ ਮੋਰਚੇ ਵਿੱਚ ਸਰਗਰਮੀ ਨਾਲ ਹਿੱਸਾ ਪਾਉਣ ਦੀ ਅਤੇ ਆਪਸੀ ਖਾਨਾਜੰਗੀ ਤੋਂ ਬਚਣ ਦੀ ਅਪੀਲ ਕੀਤੀ, ਪਰ ਸੰਤ ਲੌਂਗੋਵਾਲ ਨੇ ਗੁਰਚਰਨ ਸਿੰਹੁ ਸਕੱਤਰ ਨੂੰ ਆਪਣੀ ਗੋਦ ਵਿੱਚ ਬੈਠਾਈ ਰੱਖਿਆ ਅਤੇ ਸੰਤ ਜਰਨੈਲ ਸਿੰਘ ਦੀ ਮੰਗ ਅਨੁਸਾਰ ਅਕਾਲੀ ਦਲ ਵਿੱਚੋਂ ਕੱਢਣ ਤੋਂ ਇਨਕਾਰ ਕਰ ਦਿੱਤਾ।

ਅਕਾਲੀ ਦਲ ਦੀ ਸਮੁੱਚੀ ਕਾਰਗੁਜ਼ਾਰੀ ਤੋਂ ਸਿੱਖ ਸੰਗਤਾਂ ਨਿਰਾਸ਼ ਹੋ ਗਈਆਂ ਅਤੇ ਸੰਤ ਜਰਨੈਲ ਸਿੰਘ ਦੀ ਅਗਵਾਈ ਵਿੱਚ ਜੁੜਨ ਲੱਗ ਪਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਬਹੁਗਿਣਤੀ ਵੀ ਸੰਤ ਜਰਨੈਲ ਸਿੰਘ ਪਾਸ ਚਲੀ ਗਈ ਅਤੇ ਅਕਾਲੀ ਆਗੂ ਘਬਰਾਹਟ ਵਿੱਚ ਆ ਗਏ।

ਇੰਦਰਾ ਗਾਂਧੀ ਨੇ ਇਸ ਸਾਰੇ ਮਾਹੌਲ ਦਾ ਫਾਇਦਾ ਉਠਾ ਕੇ ਸਿੱਖ ਕੌਮ ਨੂੰ ਕੁਚਲਣ ਦਾ ਵਧੀਆ ਮੌਕਾ ਸਮਝਿਆ। ਉਸ ਨੇ 25-05-1984 ਨੂੰ ਬੀ.ਐਸ.ਐਫ. ਦੇ ਸਪੈਸ਼ਲ ਹਵਾਈ ਜਹਾਜ਼ ਰਾਹੀਂ ਅਕਾਲੀ ਆਗੂਆਂ ਨੂੰ ਗੱਲਬਾਤ ਕਰਨ ਲਈ ਦਿੱਲੀ ਲਿਆਂਦਾ। ਅਸਲ ਵਿੱਚ ਇੰਦਰਾ ਗਾਂਧੀ ਇਹਨਾਂ ਆਗੂਆਂ ਨਾਲ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਨਹੀਂ ਸੀ ਗੱਲਬਾਤ ਕਰਨਾ ਚਾਹੁੰਦੀ, ਸੰਤ ਜਰਨੈਲ ਸਿੰਘ ਬਾਰੇ ਉਹਨਾਂ ਦੀ ਰਾਇ ਜਾਣਨਾ ਚਾਹੁੰਦੀ ਸੀ। ਉਹ ਇਨ੍ਹਾਂ ਨੂੰ ਮਿਲ ਕੇ ਜਾਣ ਗਈ ਸੀ ਕਿ ਅਕਾਲੀ ਆਗੂ ਹੁਣ ਸੰਤ ਜਰਨੈਲ ਸਿੰਘ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਵਿਰੁੱਧ ਬਹੁਤਾ ਪ੍ਰਤੀਕਰਮ ਨਹੀਂ ਕਰਨਗੇ। ਉਸ ਨੇ ਅਕਾਲੀ ਆਗੂਆਂ ਨੂੰ ਬਿਨਾਂ ਕੁਝ ਪੱਲੇ ਪਾਏ ਵਾਪਸ ਮੋੜ ਦਿੱਤਾ ਅਤੇ 30 ਮਈ, 1984 ਨੂੰ ਲੌਂਗੋਵਾਲ ਨਾਲ ਫ਼ੋਨ 'ਤੇ ਗੱਲ ਕੀਤੀ। ਲੌਂਗੋਵਾਲ ਨੇ ਇੰਦਰਾ ਗਾਂਧੀ ਦੀ ਹਮਦਰਦੀ ਜਿੱਤਣ ਕੋਸ਼ਿਸ਼ ਕਰਦਿਆਂ ਕਿਹਾ, "ਮੋਰਚਾ ਮੇਰੇ ਹੱਥ 'ਚੋਂ ਨਿਕਲ ਚੁੱਕਾ ਹੈ, ਹੁਣ ਤੁਸੀਂ ਜੋ ਚਾਹੋ ਕਰੋ।" ਇੰਦਰਾ ਗਾਂਧੀ ਜੋ ਕਰਨਾ ਚਾਹੁੰਦੀ ਸੀ, ਲੌਂਗੋਵਾਲ ਨੇ ਉਸ ਨੂੰ ਹਰੀ ਝੰਡੀ ਦੇ ਦਿੱਤੀ।

ਇੰਦਰਾ ਗਾਂਧੀ ਨੇ ਅਕਾਲੀ ਦਲ ਵੱਲੋਂ 3 ਜੂਨ, 1984 ਨੂੰ ਸ਼ੁਰੂ ਕੀਤੀ ਜਾਣ ਵਾਲੀ ਨਾ-ਮਿਲਵਰਤਣ ਲਹਿਰ, ਜਿਸ ਵਿੱਚ ਕਰਜ਼ੇ, ਬਿਜਲੀ ਪਾਣੀ ਦੇ ਬਿਲ ਤੇ ਮਾਲੀਆ ਨਾ ਅਦਾ ਕਰਨਾ, ਪੰਜਾਬ ਤੋਂ ਬਾਹਰ ਅਨਾਜ ਨਾ ਜਾਣ ਦੇਣਾ ਸ਼ਾਮਲ ਸੀ,

ਨੂੰ ਅਧਾਰ ਬਣਾ ਕੇ ਪੰਜਾਬ ਅਤੇ ਚੰਡੀਗੜ੍ਹ ਨੂੰ ਫ਼ੌਜ ਦੇ ਹਵਾਲੇ ਕਰ ਦਿੱਤਾ। ਉਸ ਨੇ 2 ਜੂਨ, 1984 ਸ਼ਾਮ ਨੂੰ ਦੂਰਦਰਸ਼ਨ ਅਤੇ ਰੇਡੀਉ ਤੋਂ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਨੂੰ ਗੱਲਬਾਤ ਦਾ ਸੱਦਾ ਦਿੱਤਾ ਸੀ। ਉਸ ਨੇ ਕਿਹਾ ਸੀ ਕਿ "ਜੇ ਕਿਸੇ ਸਵਾਲ ਬਾਰੇ ਕੋਈ ਗ਼ਲਤ-ਫ਼ਹਿਮੀਆਂ ਜਾਂ ਸ਼ੱਕ ਬਾਕੀ ਹੈ ਤਾਂ ਆਉ ਰਲ ਬੈਠੀਏ ਤੇ ਹੱਲ ਲੱਭੀਏ।" ਪਰ ਉਸ ਦੀਆਂ ਇਹ ਗੱਲਾਂ ਸਾਫ਼ ਦਿਲ ਨਾਲ ਨਹੀਂ, ਕਪਟੀ ਮਨ ਨਾਲ ਲੋਕਾਂ ਨੂੰ ਧੋਖੇ ਵਿੱਚ ਰੱਖਣ ਲਈ ਕਹੀਆਂ ਹੀ ਗਈਆਂ ਸਨ। ਉਹ ਤਾਂ ਆਪਣੀ ਇਸ ਤਕਰੀਰ ਤੋਂ ਪਹਿਲਾਂ ਹੀ ਪੰਜਾਬ ਅਤੇ ਚੰਡੀਗੜ੍ਹ ਨੂੰ ਫ਼ੌਜ ਦੇ ਹਵਾਲੇ ਕਰਕੇ ਸਿੱਖ ਕੌਮ ਨੂੰ ਕੁਚਲਣ ਦਾ ਹੁਕਮ ਦੇ ਚੁੱਕੀ ਸੀ। ਸਿੱਖਾਂ ਨੂੰ ਕੁਚਲਣ ਲਈ ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਚੁਣਿਆ। ਸ਼ਾਇਦ ਗੰਗੂ ਦੀ ਵਾਰਿਸ, ਚੰਦੂ ਵੱਲੋਂ ਕਹਿਰ ਕਮਾਉਣ ਦੇ ਦਿਨ 'ਤੇ ਹੀ ਸਿੱਖ ਕੌਮ 'ਤੇ ਮੁੜ ਕਹਿਰ ਕਮਾਉਣਾ ਚਾਹੁੰਦੀ ਸੀ।

3 ਜੂਨ, 1984 ਦੀ ਰਾਤ ਨੂੰ 9:00 ਵਜੇ ਤੋਂ ਪੂਰੇ ਪੰਜਾਬ ਵਿੱਚ ਸਖ਼ਤ ਕਰਫ਼ਿਊ ਲਾ ਕੇ ਲੋਕਾਂ ਨੂੰ ਘਰਾਂ ਵਿੱਚ ਬੰਦ ਕਰ ਦਿੱਤਾ ਗਿਆ। ਟੈਕਾਂ ਅਤੇ ਤੋਪਾਂ ਨਾਲ ਲੈਸ ਹੋਈ ਹਿੰਦ ਫ਼ੌਜ ਨੇ ਲੈਫ਼ਟੀਨੈਂਟ ਜਨਰਲ ਬਰਾੜ ਦੀ ਅਗਵਾਈ ਹੇਠ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ ਅਤੇ 4 ਜੂਨ, 1984 ਨੂੰ ਅੰਮ੍ਰਿਤ ਵੇਲੇ ਕਰੀਬ 4:00 ਵਜੇ ਸੰਤ ਜਰਨੈਲ ਸਿੰਘ ਨੂੰ ਨਿਸ਼ਾਨਾ ਬਣਾ ਕੇ ਪਹਿਲਾ ਗੋਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੁੱਟਿਆ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਤੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਭਟੇ ਸਿੰਘਾਂ ਨੇ ਸੰਤ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਅਗਵਾਈ ਹੇਠ 72 ਘੰਟੇ ਭਾਰਤੀ ਫ਼ੌਜ ਨਾਲ ਲੋਹਾ ਲਿਆ। ਸੰਤ ਜਰਨੈਲ ਸਿੰਘ ਨੇ ਆਪਣੇ ਕਹੇ ਹੋਏ ਵਾਕ, "ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਨੂੰ ਲੋਹੇ ਦੇ ਚਣੇ ਚਬਾਵਾਂਗੇ ਅਤੇ ਲਾਸ਼ਾਂ ਦੇ ਢੇਰ ਲਗਾ ਦੇਵਾਂਗੇ" ਪੂਰੇ ਕੀਤੇ ਅਤੇ ਅਖ਼ੀਰ 6 ਜੂਨ, 1984 ਨੂੰ ਦਿਨੇ ਕਰੀਬ 9:00 ਵਜੇ ਆਖ਼ਰੀ ਅਰਦਾਸ ਕਰਨ ਉਪਰੰਤ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਮਿਆਨ ਨਿਸ਼ਾਨ ਸਾਹਿਬ ਦੇ ਹੇਠਾਂ ਘਮਸਾਨ ਦੀ ਟੱਕਰ ਲੈਂਦਿਆਂ ਸ਼ਹਾਦਤ ਦਾ ਪਿਰਮ ਪਿਆਲਾ ਪੀ ਲਿਆ ਪਰ "ਫ਼ੌਜ ਸਾਡੀਆਂ ਲਾਸ਼ਾ ਉਪਰੋਂ ਲੰਘ ਕੇ ਆਵੇਗੀ" ਦਾ ਦਮਗਜ਼ਾ ਮਾਰਨ ਵਾਲਾ ਸੰਤ ਹਰਚੰਦ ਸਿੰਘ ਲੌਂਗੋਵਾਲ ਜਿਉਂਦੀ ਲਾਸ਼ ਬਣ ਕੇ, ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਉਪਰੋਂ ਲੰਘ ਕੇ ਫ਼ੌਜ ਦੀ ਗੱਡੀ ਵਿੱਚ ਬੈਠ ਗਿਆ ਅਤੇ ਧਰਮ ਯੁੱਧ ਮੋਰਚੇ ਤੋਂ ਖਹਿੜਾ ਛੁਡਾ ਕੇ ਸੁਰੱਖਿਅਤ ਜਗ੍ਹਾ ਪਹੁੰਚ ਗਿਆ।

ਸੰਤ ਜਰਨੈਲ ਸਿੰਘ ਕਹਿਣੀ ਅਤੇ ਕਰਣੀ ਵਿੱਚ ਪੂਰੇ ਉਤਰੇ। ਉਹਨਾਂ ਨੇ ਜੋ ਮੂੰਹ ਵਿਚੋਂ ਕੱਢਿਆ, ਉਸ ਨੂੰ ਪੂਰਾ ਕੀਤਾ। ਕੌਮ ਦੇ ਦਰਦ ਨੂੰ ਆਪਣੀ ਪੀੜਾ ਸਮਝਿਆ। ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਕੌਮ ਨੂੰ ਟੁੰਬਿਆ। ਦਸਮੇਸ਼ ਪਿਤਾ ਦੇ ਹੁਕਮ ਦੀ ਪਾਲਣਾ ਕਰਦਿਆਂ ਕੌਮ ਨੂੰ ਸ਼ਸਤਰਧਾਰੀ ਹੋ ਕੇ ਆਪਣੇ ਹੱਕ ਲੈਣ, ਮਜ਼ਲੂਮ ਦੀ ਰਾਖੀ ਕਰਨ, ਜ਼ਾਲਮਾਂ ਨੂੰ ਸੋਧਣ, ਧੀਆਂ ਭੈਣਾਂ ਦੀ ਇੱਜ਼ਤ ਬਚਾਉਣ, ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਕਰਨ, ਗੁਰਧਾਮਾਂ ਦੀ ਪਵਿੱਤਰਤਾ ਲਈ ਜੂਝਣ ਅਤੇ ਹਲੀਮੀ ਰਾਜ

ਕਾਇਮ ਕਰਨ ਲਈ ਪ੍ਰੇਰਿਆ। ਦੇਹਧਾਰੀ ਦੰਭ, ਪਾਖੰਡ ਅਤੇ ਨਾਸਤਿਕਪੁਣੇ ਨੂੰ ਠੱਲ੍ਹ ਪਾਈ। ਪਤਿਤਪੁਣੇ ਅਤੇ ਨਸ਼ਿਆਂ ਦੀ ਬੁਰਾਈ ਨੂੰ ਦੂਰ ਕੀਤਾ। ਮੁਰਝਾਏ ਚਿਹਰਿਆਂ 'ਤੇ ਨੂਰ, ਡੌਲਿਆਂ ਵਿੱਚ ਬਲ ਅਤੇ ਦਿਲਾਂ 'ਚ ਜਜ਼ਬਾ ਭਰਿਆ। ਸੱਚ ਸੁਣਾਇਆ ਅਤੇ ਸੱਚ ਸੁਣਾਉਣ ਦੀ ਜ਼ੁਰਅਤ ਪੈਦਾ ਕੀਤੀ। ਨਾ ਕਿਸੇ ਦਾ ਭੈ ਮੰਨਿਆ ਅਤੇ ਨਾ ਕਿਸੇ ਨੂੰ ਭੈ ਦਿੱਤਾ। ਆਪ ਵਾਰ ਨਹੀਂ ਕੀਤਾ ਪਰ ਵਾਰ ਦਾ ਜੁਆਬ ਜ਼ਰੂਰ ਦਿੱਤਾ।

ਕੌਮ ਲਈ ਸੋਚਣ, ਕੌਮ ਲਈ ਜਿਉਣ ਅਤੇ ਕੌਮ ਲਈ ਮਰਨ ਵਾਲੇ ਇਸ ਸਿਰਲੱਥ ਯੋਧੇ, ਕੌਮੀ ਜਰਨੈਲ, ਸੁਹਿਰਦ ਆਗੂ ਅਤੇ ਸੰਤ ਸਿਪਾਹੀ ਦੀ ਅਗਵਾਈ ਹੇਠ ਏਸ਼ੀਆ ਦੇ ਮਹਾਨ ਗੁਰੀਲੇ ਮੰਨੇ ਗਏ, ਜਨਰਲ ਸ਼ੁਬੇਗ ਸਿੰਘ ਜਿਹੇ ਜਰਨੈਲ, ਬੁੱਧੀਜੀਵੀ ਨਾਲ ਨੌਜੁਆਨ ਅਤੇ ਸਿੱਖ ਸੰਗਤਾਂ ਹੁੰਮ-ਹੁਮਾ ਕੇ ਆਣ ਜੁੜੀਆਂ। ਇਸ ਸੂਰਮੇ ਨੇ ਕੌਮ ਲਈ ਕਾਰਨਾਮੇ ਦਿਖਾਏ, ਸੇਵਾ ਨਿਭਾਈ, ਕੁਰਬਾਨੀ ਕੀਤੀ ਅਤੇ ਸੁਨਹਿਰੀ ਇਤਿਹਾਸ ਸਿਰਜਿਆ।

ਸੰਤ ਜਰਨੈਲ ਸਿੰਘ ਵੀਹਵੀਂ ਸਦੀ ਦੇ ਨਾਇਕ ਸਨ। ਕਿਸੇ ਮਨੁੱਖ ਨੂੰ ਸਦੀ ਦੇ ਨਾਇਕ ਦਾ ਰੁਤਬਾ ਦੇਣ ਲਈ ਕਹਿਣੀ-ਕਰਣੀ ਦੀ ਸੁਮੇਲਤਾ, ਸੱਚ ਕਹਿਣ ਦੀ ਜ਼ੁਰਅਤ, ਡਟ ਜਾਣ ਦੇ ਬਲ, ਕੁਰਬਾਨੀ ਦੇ ਜਜ਼ਬੇ, ਤਿਆਗ ਦੀ ਭਾਵਨਾ, ਸੇਵਾ ਦੀ ਲਗਨ, ਸਮੇਂ ਪ੍ਰਤੀ ਸੁਹਿਰਦਤਾ, ਨਿਸ਼ਾਨੇ ਪ੍ਰਤੀ ਇਮਾਨਦਾਰੀ, ਦੇਸ਼ ਪ੍ਰਤੀ ਭਗਤੀ, ਆਜ਼ਾਦੀ ਦੀ ਖਿੱਚ ਅਤੇ ਆਪਾ ਨਿਛਾਵਰ ਕਰਨ ਦਾ ਚਾਅ ਆਦਿ ਮਿਆਰਾਂ ਉਤੇ ਪਰਖ ਕੇ ਹੀ, ਸਦੀ ਵਿੱਚ ਪੈਦਾ ਹੋਈਆਂ ਤੇ ਜਾਣੀਆਂ ਜਾਂਦੀਆਂ ਹੋਰ ਸ਼ਖ਼ਸੀਅਤਾਂ ਨਾਲ ਤੋਲਿਆ ਜਾਂਦਾ ਹੈ। ਵੀਹਵੀਂ ਸਦੀ ਵਿੱਚ ਅਨੇਕਾਂ ਹੀ ਆਗੂ ਪੈਦਾ ਹੋਏ, ਮੰਚ 'ਤੇ ਉਭਰੇ, ਕੌਮ ਨੂੰ ਲਲਕਾਰਿਆ, ਕੁਰਬਾਨੀ ਦਾ ਸੱਦਾ ਦਿੱਤਾ, ਰੋਲਿਆ ਤੇ ਮਰਵਾਇਆ, ਮੁੱਲ ਵੱਟਿਆ, ਕੁਰਬਾਨੀ ਅਜਾਈਂ ਗਵਾਈ ਤੇ ਸਮੇਂ ਦਾ ਹਾਣੀ ਨਾ ਬਣ ਸਕੇ। ਦੂਰ-ਅੰਦੇਸ਼ੀ ਸੋਚ ਦੀ ਘਾਟ, ਕੁਰਸੀ ਦੀ ਲਾਲਸਾ, ਮੌਤ ਦਾ ਭੈਅ, ਫੋਕੀ ਸ਼ੁਹਰਤ ਅਤੇ ਝੋਲੀ ਚੁੱਕਣ ਦੀ ਪ੍ਰਵਿਰਤੀ ਦੀ ਧੂੜ ਬਣ ਕੇ ਉਡ ਗਏ ਅਤੇ ਸਦੀ ਦੇ ਨਾਇਕ ਦਾ ਰੁਤਬਾ ਪ੍ਰਾਪਤ ਨਾ ਕਰ ਸਕੇ।

ਇਹ ਮਹਾਨ ਰੁਤਬਾ ਵੀਹਵੀਂ ਸਦੀ ਦੇ ਮਹਾਨ ਜਰਨੈਲ ਤੇ ਸੰਤ ਸਿਪਾਹੀ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵੰਡੇ ਹੀ ਆਇਆ ਹੈ, ਜਿਨ੍ਹਾਂ ਨੇ ਉਪਰੋਕਤ ਮਿਆਰਾਂ ਦੀਆਂ ਸੱਚੀਆਂ-ਸੁੱਚੀਆਂ ਤੇ ਉਚੀਆਂ ਉਡਾਰੀਆਂ ਲਾ ਕੇ, ਭਰ ਜੁਆਨੀ ਵਿੱਚ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ, ਜੁਆਨੀ ਨੂੰ ਹਲੂਣਿਆ, ਸੁੱਤੀ ਕੌਮ ਨੂੰ ਜਗਾਇਆ, ਜ਼ੁਲਮ ਨੂੰ ਵੰਗਾਰਿਆ, ਦੁਸ਼ਟਾਂ ਨੂੰ ਸੋਧਿਆ, ਸੱਚ 'ਤੇ ਪਹਿਰਾ ਦਿੱਤਾ, ਕੂੜ ਦਾ ਭਾਂਡਾ ਫੋੜਿਆ, ਸੱਚੀ ਸੇਵਾ ਨਿਭਾਈ, ਤਿਆਗ ਦਿਖਾਇਆ, ਸੁਹਿਰਦਤਾ ਅਤੇ ਦੂਰ-ਅੰਦੇਸ਼ੀ ਨਾਲ ਸੋਚਿਆ, ਗਰੀਬਾਂ ਤੇ ਮਜ਼ਲੂਮਾਂ ਦੀ ਬਾਂਹ ਫੜੀ, ਮਨੁੱਖਤਾ ਨਾਲ ਪਿਆਰ ਕੀਤਾ, ਕੌਮ ਪ੍ਰਤੀ ਇਮਾਨਦਾਰੀ ਦਿਖਾਈ, ਵਤਨ ਦੀ ਆਜ਼ਾਦੀ ਦਾ ਝੰਡਾ ਚੁੱਕਿਆ। ਪੰਥ ਦੀ ਆਨ ਸ਼ਾਨ, ਧਰਮ ਦੀ ਰੱਖਿਆ, ਖ਼ਾਲਸੇ ਦੇ ਬੋਲਬਾਲੇ ਅਤੇ ਗੁਰਧਾਮਾਂ ਦੀ ਪਵਿੱਤਰਤਾ ਲਈ, ਸਿਰਲੱਥ ਯੋਧਿਆਂ ਤੇ ਸਰਦਾਰ ਸ਼ੁਬੇਗ ਸਿੰਘ ਜਿਹੇ ਜਰਨੈਲਾਂ ਦਾ ਜਥਾ ਤਿਆਰ ਕੀਤਾ ਅਤੇ ਅਖੀਰ ਜੂਝ ਮਰਨ ਦੇ ਚਾਉ ਨਾਲ ਹਰਿਮੰਦਰ ਸਾਹਿਬ ਤੇ

ਅਕਾਲ ਤਖ਼ਤ ਸਾਹਿਬ ਦੇ ਐਨ ਵਿਚਕਾਰ ਖਾਲਸਈ ਨਿਸ਼ਾਨ ਸਾਹਿਬ ਦੀ ਪਵਿੱਤਰ ਛਾਂ ਹੇਠ, ਸਨਮੁੱਖ ਜੂਝਦਿਆਂ, ਲੱਖਾਂ ਦੇ ਮਾਣ ਤੋੜ ਕੇ, ਟੈਂਕਾਂ ਅਤੇ ਤੋਪਾਂ ਦਾ ਬੰਦੂਕ ਨਾਲ ਮੁਕਾਬਲਾ ਕਰਦਿਆਂ, ਛਾਤੀ ਵਿੱਚ ਗੋਲੀਆਂ ਖਾ ਕੇ ਜਾਨ ਦੀ ਬਾਜ਼ੀ ਲਾਈ ਅਤੇ ਏਸ਼ੀਆ ਦੀ ਉੱਚ ਸਲਤਨਤ ਹਿੰਦੁਸਤਾਨ ਦੇ ਤੌਰ ਹਿਲਾ ਸੁੱਟੇ। ਵੀਹਵੀਂ ਸਦੀ ਦੇ ਲਾਸਾਨੀ ਸਿੱਖ ਜਰਨੈਲ ਦਾ ਰੁਤਬਾ ਸਿਰਫ਼ ਤੇ ਸਿਰਫ਼ ਸੰਤ ਸਿਪਾਹੀ, ਕਹਿਣੀ ਤੇ ਕਰਣੀ ਦੇ ਪੂਰੇ, ਬੋਲ ਦੇ ਸੂਰੇ, ਨਿਰਭੈ ਯੋਧੇ, ਧਾਰਮਿਕ ਆਗੂ, ਸੱਚ ਦੇ ਪਹਿਰੇਦਾਰ, ਵਤਨ ਦੇ ਪਰਵਾਨੇ ਅਤੇ ਕੁਰਬਾਨੀ ਦੀ ਮੂਰਤ, ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਹੀ ਮਿਲ ਸਕਦਾ ਹੈ, ਕਿਸੇ ਹੋਰ ਨੂੰ ਨਹੀਂ।

ਵੀਹਵੀਂ ਸਦੀ ਦੇ ਮਹਾਨ ਸਿੱਖ, ਲਾਸਾਨੀ ਜਰਨੈਲ ਅਤੇ ਸੁਹਿਰਦ ਆਗੂ ਦਾ ਮਾਣ ਪ੍ਰਾਪਤ ਕਰ ਚੁੱਕੇ, ਇਸ ਕੌਮੀ ਜਰਨੈਲ ਦੇ ਵਿਰੁੱਧ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਕੇ ਤਰ੍ਹਾਂ-ਤਰ੍ਹਾਂ ਦਾ ਪ੍ਰਾਪੇਗੰਡਾ ਵੀ ਕੀਤਾ ਗਿਆ। ਹਿੰਦੂਆਂ ਦਾ ਦੁਸ਼ਮਣ, ਵੱਖਵਾਦੀ, ਅੱਤਵਾਦੀ, ਕਾਂਗਰਸ ਦੀ ਉਪਜ, ਸਰਕਾਰ ਦਾ ਏਜੰਟ, ਵਿਦੇਸ਼ਾਂ ਦਾ ਏਜੰਟ ਅਤੇ ਖ਼ੂਨੀ ਹਤਿਆਰਾ ਆਦਿ ਅਨੇਕਾਂ ਦੋਸ਼ ਲਾਏ ਗਏ। ਦੋਸ਼ ਲਾਉਣ ਵਾਲਿਆਂ ਵਿੱਚ ਅਕਾਲੀ, ਕਾਂਗਰਸ, ਹਿੰਦੂ ਅਤੇ ਫਿਰਕਾਪ੍ਰਸਤ ਤੇ ਹਿੰਦੂ-ਪ੍ਰਸਤ ਲੇਖਕ ਆਦਿ ਹਰ ਵਰਗ ਦੇ ਲੋਕ ਸ਼ਾਮਲ ਸਨ ਜਿਨ੍ਹਾਂ ਨੇ ਆਪਣੀ ਸੌੜੀ ਸੋਚ ਅਤੇ ਈਰਖਾਲੂ ਬਿਰਤੀ ਕਾਰਨ ਕੌਮ ਦੇ ਇਸ ਅਣਖੀਲੇ ਜਰਨੈਲ ਵਿਰੁੱਧ ਪ੍ਰਚਾਰ ਕਰਨ ਲਈ ਆਪਣਾ ਪੂਰਾ ਜ਼ੋਰ ਲਗਾ ਦਿੱਤਾ।

ਸੰਤ ਜਰਨੈਲ ਸਿੰਘ 'ਤੇ ਕਾਂਗਰਸ ਦੀ ਉਪਜ ਅਤੇ ਸਰਕਾਰ ਦਾ ਏਜੰਟ ਹੋਣ ਦਾ ਦੋਸ਼ ਮੂਲੋਂ ਹੀ ਗ਼ਲਤ, ਅਧਾਰ ਰਹਿਤ ਅਤੇ ਸਰਾਸਰ ਝੂਠ ਹੈ। ਉਨ੍ਹਾਂ 'ਤੇ ਇਹ ਦੋਸ਼ ਈਰਖਾ, ਬੇਸਮਝੀ, ਸ਼ਰਾਰਤ ਅਤੇ ਗੁੰਮਰਾਹ ਹੋ ਕੇ ਹੀ ਲਗਾਇਆ ਗਿਆ ਹੈ। ਜਿਹੜਾ ਆਗੂ ਇੰਦਰਾ ਗਾਂਧੀ ਨੂੰ ਜ਼ਾਲਮ, ਦਰਬਾਰਾ ਸਿੰਹੁ ਨੂੰ ਜ਼ਕਰੀਆ, ਗਿਆਨੀ ਜ਼ੈਲ ਸਿੰਹੁ ਨੂੰ ਬਹੁ-ਰੂਪੀਆ ਅਤੇ ਸਵਰਨ ਸਿਹੁੰ ਨੂੰ ਇੰਦਰਾ ਦਾ ਸਿੱਖ ਕਹਿੰਦਾ ਅਤੇ ਭਜਨ ਲਾਲ ਨੂੰ ਸਮੁੰਦਰ ਵਿੱਚ ਘਰ ਪਾ ਲੈਣ 'ਤੇ ਵੀ ਸੋਧਣ ਦਾ ਐਲਾਨ ਕਰਦਾ ਹੈ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਨਾਲ ਹਥਿਆਰ-ਬੰਦ ਟੱਕਰ ਲੈਂਦਾ ਹੈ, ਜੇ ਕੋਈ ਉਸਨੂੰ ਕਾਂਗਰਸ ਦੀ ਉਪਜ ਕਹੇ ਤਾਂ ਫਿਰ ਉਸਦੀ ਸੌੜੀ ਸੋਚ, ਬੇ-ਸਮਝੀ ਅਤੇ ਸ਼ਰਾਰਤ ਹੀ ਮੰਨੀ ਜਾ ਸਕਦੀ ਹੈ, ਸੱਚ ਨਹੀਂ। ਜਿਸ ਸੰਤ ਜਰਨੈਲ ਸਿੰਘ ਨੇ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੂੰ ਮਿਲਣ ਲਈ ਸਮਾਂ ਮੰਗਣ 'ਤੇ ਵੀ ਮਿਲਣ ਤੋਂ ਨਾਂਹ ਕਰ ਦਿੱਤੀ ਹੋਵੇ ਅਤੇ ਸਪੱਸ਼ਟ ਰੂਪ ਵਿੱਚ ਕਹਿ ਦਿੱਤਾ ਹੋਵੇ ਕਿ 'ਜੇ ਮਿਲਣਾ ਹੈ ਤਾਂ ਗੁਰਦੁਆਰੇ ਮਿਲੋ ਅਤੇ ਜੇ ਗੱਲ ਕਰਨੀ ਹੈ ਤਾਂ ਸੰਗਤ ਦੇ ਸਾਹਮਣੇ ਕਰੋ', ਉਸ ਦੇ ਕਾਂਗਰਸ ਨਾਲ ਕੀ ਅਤੇ ਕਿਵੇਂ ਸੰਬੰਧ ਹੋ ਸਕਦੇ ਹਨ?

ਇਹ ਠੀਕ ਹੈ ਕਿ ਪੰਜਾਬ ਵਿੱਚ ਇਕੋ ਇਕ ਅਕਾਲੀ ਦਲ ਹੀ ਕਾਂਗਰਸ ਦੀ, ਸ਼ਕਤੀਸ਼ਾਲੀ ਵਿਰੋਧੀ ਪਾਰਟੀ ਸੀ ਅਤੇ ਉਸ ਨੂੰ ਸਿਆਸੀ ਤੌਰ 'ਤੇ ਕਮਜ਼ੋਰ ਕਰਨਾ ਕਾਂਗਰਸ ਦੀ ਨੀਤੀ ਵੀ ਸੀ। ਇਹ ਵੀ ਸੱਚ ਹੋ ਸਕਦਾ ਹੈ ਕਿ ਇਸ ਨੀਤੀ ਤਹਿਤ ਉਸ ਨੇ ਸਿੱਖ ਕੌਮ ਵਿੱਚ ਆਗੂ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਏ ਸੰਤ ਜਰਨੈਲ ਸਿੰਘ ਤੱਕ ਪਹੁੰਚ ਕਰਨ ਦੀ ਸੋਚ ਵੀ ਸੋਚੀ ਹੋਵੇਗੀ, ਪਰ ਕੀ ਕਾਂਗਰਸ ਦੀ ਇਹ ਸੋਚ ਸੰਤ ਜਰਨੈਲ ਸਿੰਘ 'ਤੇ ਕੋਈ ਅਸਰ ਕਰ ਸਕੀ? ਦ੍ਰਿੜ੍ਹਤਾ ਨਾਲ ਇੰਦਰਾ ਗਾਂਧੀ ਅਤੇ ਰਾਜੀਵ ਨੂੰ ਮਿਲਣ ਅਤੇ ਗੱਲ ਤੋਂ ਇਨਕਾਰ ਕਰਕੇ, ਪਹਿਲੇ ਦਿਨ ਹੀ ਮਸਲ ਦਿੱਤਾ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਪ੍ਰੈਲ 1978 ਵਿੱਚ ਹੋਈਆਂ ਚੋਣਾਂ 'ਚ ਸੰਤ ਜਰਨੈਲ ਸਿੰਘ ਵੱਲੋਂ ਅਕਾਲੀ ਦਲ ਦੇ ਉਮੀਦਵਾਰ ਜਥੇਦਾਰ ਉਮਰਾਨੰਗਲ ਦੇ ਵਿਰੁੱਧ ਭਾਈ ਅਮਰੀਕ ਸਿੰਘ ਨੂੰ ਖੜ੍ਹਾ ਕਰਨ ਦੇ ਕਦਮ ਨੂੰ ਵੀ, ਕਾਂਗਰਸ ਦੀ ਸਾਜ਼ਿਸ਼ ਪ੍ਰਚਾਰਿਆ ਜਾਂਦਾ ਹੈ, ਪਰ ਇਹ ਪ੍ਰਚਾਰ, ਧਰਮ ਅਤੇ ਰਾਜਨੀਤੀ ਦੀ ਸੁਮੇਲਤਾ ਅਤੇ ਸ਼ਬਦ-ਗੁਰੂ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ, ਸਿੱਖ ਸਿਆਸਤ ਦੀ ਸ਼ੁੱਧ ਭਾਵਨਾ ਤੋਂ ਭਟਕ ਚੁੱਕੇ ਅਤੇ ਅਕਾਲੀ ਦਲ ਨੂੰ ਹੀ ਸਿੱਖਾਂ ਦੀ ਇਕੋ ਇਕ, ਵਾਹਿਦ, ਨੁਮਾਇੰਦਾ ਤੇ ਸ਼ਹੀਦਾਂ ਦੀ ਪਾਰਟੀ ਸਮਝਣ ਦਾ ਭਰਮ ਪਾਲੀ ਬੈਠੇ, ਕੁਝ ਅਕਾਲੀ ਆਗੂਆਂ ਦੀ ਕੂੜੀ ਸਿਆਸਤ ਦਾ ਗੁੰਮਰਾਹਕੁਨ ਪ੍ਰਚਾਰ ਤਾਂ ਹੋ ਸਕਦਾ ਹੈ, ਪਰ ਬਿਲਕੁਲ ਅਸਲੀਅਤ ਨਹੀਂ। ਸੰਤ ਜਰਨੈਲ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਇਨ੍ਹਾਂ ਚੋਣਾਂ ਵਿੱਚ ਲਿਆ ਗਿਆ ਹਿੱਸਾ, ਗੁਰਦੁਆਰਾ ਪ੍ਰਬੰਧ ਵਿੱਚ ਆ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨ, ਪਨਪ ਰਹੀ ਮਹੰਤਸ਼ਾਹੀ, ਮਸੰਦ ਬਿਰਤੀ ਅਤੇ ਪੁਜਾਰੀਪੁਣੇ ਨੂੰ ਠੱਲ੍ਹ ਪਾਉਣ ਅਤੇ ਧਰਮ ਤੇ ਰਾਜਨੀਤੀ ਦੀ ਸੁਮੇਲਤਾ ਦੇ ਸਿਧਾਂਤ ਨੂੰ ਉਜਾਗਰ ਕਰਨ ਲਈ ਸੱਚੇ ਦਿਲੋਂ ਚੁੱਕਿਆ ਗਿਆ ਨਰੋਆ ਕਦਮ ਸੀ, ਜਿਸ ਨੂੰ ਅਕਾਲੀ ਦਲ ਨੇ ਆਪਣੀ ਸੌੜੀ ਸਿਆਸਤ ਕਾਰਨ ਦਬਾਉਣ ਲਈ ਹਰ ਹਰਬਾ ਵਰਤਿਆ।

ਅਕਾਲੀ ਆਗੂਆਂ ਨੇ ਸੰਤ ਜਰਨੈਲ ਸਿੰਘ ਉਪਰ ਇਹ ਦੋਸ਼ ਉਨ੍ਹਾਂ ਦੇ ਕੌਮ ਵਿੱਚ ਵਧ ਰਹੇ ਪ੍ਰਭਾਵ ਤੋਂ ਘਬਰਾ ਕੇ ਅਤੇ ਸਿੱਖਾਂ ਵਿੱਚ ਖੁਰ ਰਹੀ ਆਪਣੀ ਸ਼ਾਖ਼ ਤੋਂ ਡਰ ਕੇ ਲਾਇਆ। ਹਿੰਦੂ-ਪ੍ਰਸਤਾਂ ਨੇ ਸਿੱਖਾਂ ਵਿੱਚ ਪੈਦਾ ਹੋ ਰਹੇ ਸਿੱਖੀ ਜਜ਼ਬੇ ਤੋਂ ਘਬਰਾ ਕੇ ਅਤੇ ਬੁਜ਼ਦਿਲਾਂ ਨੇ ਆਪਣੀ ਬੁਜ਼ਦਿਲੀ 'ਤੇ ਪਰਦਾ ਪਾਉਣ ਲਈ ਅਜਿਹਾ ਦੋਸ਼ ਲਗਾਉਣਾ ਸ਼ੁਰੂ ਕਰ ਦਿੱਤਾ।

ਸੰਤ ਜਰਨੈਲ ਸਿੰਘ ਸਪੱਸ਼ਟ ਕਰਦੇ ਸਨ, "ਮੈਂ ਉਪਜ ਹਾਂ ਤਾਂ ਇਕੋ ਇਕ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਅਤੇ ਝੋਲੀ ਪਿਆ ਹਾਂ ਪੰਜਾਂ ਪਿਆਰਿਆਂ ਦੀ, ਜਦੋਂ ਅੰਮ੍ਰਿਤ ਛਕਿਆ। ਮਤਾਂ ਖਿਆਲ ਕਰਿਉ ਕਿ ਕੋਈ ਪੈਸੇ ਵਾਲਾ, ਕੁਰਸੀ ਵਾਲਾ, ਲੀਡਰੀ ਵਾਲਾ ਤੇ ਵਜ਼ੀਰੀ ਵਾਲਾ ਮੈਨੂੰ ਖਰੀਦ ਲਵੇਗਾ।"

ਸੰਤ ਜਰਨੈਲ ਸਿੰਘ 'ਤੇ ਇਕ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਦਾ ਲਗਾਇਆ ਜਾਂਦਾ ਦੋਸ਼ ਵੀ ਅਸਲੀਅਤ ਸਮਝਣ ਤੋਂ ਪਾਸਾ ਮੋੜਨ ਦਾ ਹੀ ਨਤੀਜਾ ਹੈ। ਸੰਤ ਜਰਨੈਲ ਸਿੰਘ ਸਿੱਖਾਂ ਨੂੰ ਪੱਕਾ ਸਿੱਖ, ਹਿੰਦੂ ਨੂੰ ਪੱਕਾ ਹਿੰਦੂ ਅਤੇ ਮੁਸਲਮਾਨ ਨੂੰ ਪੱਕਾ ਮੁਸਲਮਾਨ ਵੇਖਣਾ ਚਾਹੁੰਦੇ ਸਨ। ਸੰਤ ਜਰਨੈਲ ਸਿੰਘ ਨੇ ਆਪਣਾ ਦਰਦ ਲੈ ਕੇ ਆਏ ਹਿੰਦੂ ਨੂੰ ਵੀ ਗਲ ਨਾਲ ਲਾਇਆ ਅਤੇ ਉਸ ਦੀ ਹਰ ਤਰ੍ਹਾਂ ਮਦਦ ਕੀਤੀ।

1. ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਜਲਾਲਾਬਾਦ ਦੇ ਹਿੰਦੂ ਵੱਲੋਂ ਮਦਦ ਮੰਗਣ 'ਤੇ ਉਸਦੀ ਅਗਵਾਹ ਹੋਈ ਲੜਕੀ ਛੁਡਾ ਕੇ ਉਸ ਦੇ ਘਰ ਪਹੁੰਚਾਈ।

2. ਸਹੁਰਿਆਂ ਵੱਲੋਂ, ਪੇਕਿਆਂ ਤੋਂ ਪੈਸੇ ਲਿਆ ਕੇ ਨਾ ਦੇਣ ਕਾਰਨ ਤੰਗ ਕੀਤੀ ਜਾ ਰਹੀ ਅੰਮ੍ਰਿਤਸਰ ਦੀ ਹਿੰਦੂ ਲੜਕੀ ਨੂੰ ਆਪਣੀ ਧੀ ਬਣਾ ਲਿਆ ਅਤੇ ਉਸੇ ਵੇਲੇ ਹੀ ਉਸ ਦੇ ਸਹੁਰਿਆਂ ਨੂੰ ਬੁਲਾ ਕੇ ਉਸ ਦੀਆਂ ਮੁਸ਼ਕਿਲਾਂ ਦੂਰ ਕੀਤੀਆਂ।
3. ਹਿੰਦੂਆਂ ਦੀ ਰਾਮਾਇਣ ਦਾ ਕੋਲੋਂ ਫੀਸ ਦੇ ਕੇ ਕੇਸ ਲੜਿਆ।
4. ਹਿੰਦੂਆਂ ਦੇ ਕਹਿਣ 'ਤੇ ਗੁਰਦਾਸਪੁਰ ਜੇਲ੍ਹ ਵਿੱਚ ਮੰਦਰ ਬਣਾਇਆ।
5. 'ਰਸਤਾ ਰੋਕੋ' ਪ੍ਰੋਗਰਾਮ ਦੌਰਾਨ ਮਾਰੇ ਗਏ ਹਿੰਦੂਆਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਕੀਤੀ।
6. ਹਿੰਦੂ ਦੀ ਦੁਕਾਨ ਸੜ ਜਾਣ 'ਤੇ ਉਸ ਦੀ ਮੰਗ ਤੋਂ ਵੀ ਵੱਧ ਪੈਸੇ ਦਿੱਤੇ।

ਸੰਤ ਜਰਨੈਲ ਸਿੰਘ ਸਪੱਸ਼ਟ ਕਰਦੇ ਹਨ ਕਿ "ਜ਼ਾਤੀ ਤੌਰ 'ਤੇ ਹਿੰਦੂ ਨਾਲ ਸਾਡਾ ਕੋਈ ਵੈਰ ਨਹੀਂ, ਪਰ ਜੇ ਹਿੰਦੂ ਸਾਮਰਾਜ ਦੀ ਗੌਰਮੈਂਟ ਨੇ ਇਹ ਨਿਸ਼ਾਨਾ ਬਣਾ ਲਿਆ ਕੇ ਸਿੱਖਾਂ ਦਾ ਧਾਰਮਿਕ ਅਸਥਾਨ ਢਾਹੁਣਾ ਤੇ ਸਿੱਖਾਂ ਨੂੰ ਖ਼ਤਮ ਕਰਨਾ ਤਾਂ ਫਿਰ ਖੰਡਾ ਖੜਕਾਉਣਾ ਪਵੇਗਾ।"

ਸੰਤ ਜਰਨੈਲ ਸਿੰਘ ਨੇ ਨਾ ਤਾਂ ਪਹਿਲਾਂ ਕਿਸੇ 'ਤੇ ਵਾਰ ਕੀਤਾ ਅਤੇ ਨਾ ਹੀ ਪਹਿਲਾਂ ਕਦੇ ਕਿਸੇ ਨੂੰ ਧਮਕੀ ਹੀ ਦਿੱਤੀ, ਪਰ ਹਮੇਸ਼ਾ ਹਮਲੇ ਦਾ ਜੁਆਬ ਹੀ ਦਿੰਦੇ ਸਨ। ਜੇ ਇੰਦਰਾ ਗਾਂਧੀ ਨੇ ਜ਼ਿੰਮੇਵਾਰ ਹੁੰਦਿਆਂ ਹੋਇਆਂ ਸਿੱਖਾਂ ਨੂੰ ਧਮਕੀ ਦਿੱਤੀ, "ਸੋਚ ਲਉ ਬਾਹਰਲੇ ਸਿੱਖਾਂ ਦਾ ਕੀ ਬਣੇਗਾ", ਤਾਂ ਉਸ ਦੇ ਜੁਆਬ ਵਿੱਚ ਹੀ ਸੰਤ ਜਰਨੈਲ ਸਿੰਘ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਕਿ "ਬੀਬੀ ਜੇ ਤੇਰਾ ਪੱਗ ਤੇ ਦਾਹੜੇ ਵਾਲਿਆਂ ਵਾਸਤੇ ਇਹ ਨਜ਼ਰੀਆ ਤਾਂ ਸਾਨੂੰ ਵੀ 20-20 ਹੀ ਆਉਂਦੇ ਹਨ।"

ਸੰਤ ਜਰਨੈਲ ਸਿੰਘ ਨੇ ਹਿੰਦੂ ਸਿੱਖ ਫਸਾਦ ਕਰਾਉਣ ਦੀ ਫਿਰਕੂ ਸੋਚ ਦਾ ਸਦਾ ਵਿਰੋਧ ਕੀਤਾ ਅਤੇ ਉਨ੍ਹਾਂ ਦੇ ਨਾਂ 'ਤੇ ਕੁਝ ਹਿੰਦੂਆਂ ਨੂੰ ਲਿਖੀਆਂ ਧਮਕੀਆਂ ਭਰੀਆਂ ਚਿੱਠੀਆਂ ਦਾ ਸਖ਼ਤ ਨੋਟਿਸ ਲਿਆ।

ਸੰਤ ਜਰਨੈਲ ਸਿੰਘ ਜੀ ਦਾ ਰਾਜਨੀਤਕ ਕੱਦ

(ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਦੇ ਬਹੁਪੱਖੀ ਪਹਿਲੂਆਂ ਨੂੰ ਕਿਸੇ ਇਕ ਢਾਂਚੇ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ ਪਰ ਫਿਰ ਵੀ ਸ: ਹਰਸਿਮਰਨ ਸਿੰਘ ਹੋਰਾਂ ਨੇ ਸੰਤ ਜੀ ਦੇ ਕੁਝ ਪਹਿਲੂਆਂ ਖ਼ਾਸ ਕਰਕੇ ਰਾਜਨੀਤਕ ਅੰਸ਼ ਨੂੰ ਬਾਖ਼ੂਬੀ ਚਿਤਰਿਆ ਹੈ ਅਤੇ ਕੁਝ ਅੰਸ਼ਾਂ ਵਿਚਲੀ ਕੀਤੀ ਕਾਂਟ-ਛਾਂਟ ਲਈ ਖ਼ਿਮਾ ਦੇ ਤਲਬਗਾਰ ਹਾਂ—ਸੰਪਾਦਕ)

ਸਮਾਜ ਦੀਆਂ ਵੱਖ-ਵੱਖ ਸੰਸਥਾਵਾਂ ਦੇ ਆਗੂ/ਆਗੂਆਂ ਕਿਸ ਢੰਗ ਨਾਲ ਕਿਵੇਂ ਅਤੇ ਕਿਹੜੇ ਪਿਛੋਕੜ ਦੀ ਛਾਣੀ ਵਿੱਚੋਂ ਉਭਰ ਕੇ ਆਪਣੇ ਸੰਸਥਾ ਅਤੇ ਸਮਾਜ ਦਾ ਆਗੂ ਬਣ ਜਾਂਦਾ ਹੈ ਪਰ ਇਹ ਕੋਈ ਸਪੱਸ਼ਟ ਧਾਰਨਾ ਨਹੀਂ ਬਣਾਈ ਜਾ ਸਕਦੀ। ਸਿੱਖ ਪੰਥ ਵਿੱਚ ਧਰਮ ਦੇ ਖੇਤਰ ਵਿੱਚ ਪ੍ਰਚਾਰ ਕਰਨ ਵਾਲੇ ਪ੍ਰਚਾਰਕ ਅਤੇ ਗ੍ਰੰਥੀ ਵਰਗ ਨੂੰ ਸਿੱਖਿਅਤ ਕਰਨ ਤੋਂ ਇਲਾਵਾ ਹੋਰ ਆਗੂਆਂ ਦੀ ਆਪਣੀ ਸੰਸਥਾ ਦੀ ਅਗਵਾਈ ਲਈ

ਸਿੱਖਿਆ ਦਾ ਕੋਈ ਨਿਯਮਬੱਧ ਪ੍ਰਬੰਧ ਨਹੀਂ ਹੈ। ਰਾਜਿਆਂ ਮਹਾਰਾਜਿਆਂ ਦੇ ਬੱਚਿਆਂ ਨੂੰ ਰਾਜ ਕਰਨ ਦੀ ਸ਼ਾਸਨ ਕਲਾ ਵਿੱਚ ਨਿਪੁੰਨ ਕਰਨ ਦੇ ਸਿਸਟਮ ਤੋਂ ਉਲਟ ਰਾਜਨੀਤੀ ਆਦਿ ਤੇ ਹੋਰ ਸੰਸਥਾਵਾਂ ਦੇ ਆਗੂਆਂ ਦੇ ਬੱਚੇ ਆਲੇ-ਦੁਆਲੇ ਦੇ ਪਰਿਵਾਰਕ ਵਾਤਾਵਰਣ 'ਤੇ ਮਿਲੇ ਮੌਕਿਆਂ ਅਨੁਸਾਰ ਕੁਝ ਕੁ ਸਿੱਖਿਅਤ ਜ਼ਰੂਰ ਹੋ ਜਾਂਦੇ ਹਨ ਪਰ ਲੋਕਤੰਤਰੀ ਬਣਤਰ ਵਿੱਚ ਉਨ੍ਹਾਂ ਨੂੰ ਵੀ ਆਗੂ ਦੇ ਰੁਤਬੇ ਤੱਕ ਪਹੁੰਚਣ ਲਈ ਇਕ ਵਿਸ਼ੇਸ਼ ਪ੍ਰਕ੍ਰਿਆ ਨੂੰ ਅਪਣਾਉਣਾ ਪੈਂਦਾ ਹੈ, ਰਾਜ ਘਰਾਣੇ ਦੇ ਪਰਿਵਾਰਕ ਰਾਜ ਤੋਂ ਉਲਟ ਲੋਕਤੰਤਰੀ ਪ੍ਰਕ੍ਰਿਆ ਦੀ ਇਹ ਇਕ ਲੋੜ ਵੀ ਹੈ ਪਰ ਅਜਿਹੇ ਵਿਅਕਤੀ ਬਹੁਤ ਘੱਟ ਹੁੰਦੇ ਹਨ। "ਹੋਣਹਾਰ ਵਿਦਵਾਨ ਕੇ ਹੋਤ ਚੀਕਨੇ ਪਾਤ" ਦੀ ਕਹਾਵਤ ਅਨੁਸਾਰ ਕੁਦਰਤ ਦੇ ਇਕ ਵਰਤਾਰੇ ਮੁਤਾਬਿਕ ਸਮਾਜ ਵਿੱਚ ਅਜਿਹੇ ਲੋਕ ਹੁੰਦੇ ਹੀ ਹਨ, ਜਿਹਨਾਂ ਵਿੱਚ ਆਗੂ ਬਣਨ ਦੇ ਗੁਣ ਮੌਜੂਦ ਹੁੰਦੇ ਹਨ। ਆਪਣੇ ਸੰਬੰਧਿਤ ਖੇਤਰ ਵਿੱਚ ਕੰਮ ਕਰਦੇ ਹੋਏ ਉਨ੍ਹਾਂ ਦੀ ਰੋਜ਼ਮੱਰਾ ਦੀ ਜ਼ਿੰਦਗੀ ਦੇ ਵਾਤਾਵਰਣ ਵਿੱਚ ਜੋ ਵੀ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਤੋਂ ਉਹੋ ਪ੍ਰਭਾਵ ਕਬੂਲਦੇ ਰਹਿੰਦੇ ਹਨ। ਇਨ੍ਹਾਂ ਹਲਾਤਾਂ ਵਿੱਚ ਹੀ ਉਹ ਆਪਣੇ ਧਾਰਮਿਕ, ਰਾਜਨੀਤਕ, ਬੌਧਿਕ, ਆਰਥਿਕ ਪੱਧਰ ਦੀ ਯੋਗਤਾ ਪ੍ਰਾਪਤ ਕਰਦੇ ਰਹਿੰਦੇ ਹਨ। ਸਮਾਜ ਦੀ ਅਜਿਹੀ ਤੋਰ ਤੁਰਦਿਆਂ ਕੁਝ ਅਜਿਹੇ ਮੌਕੇ ਤੇ ਹਾਲਾਤ ਬਣ ਜਾਂਦੇ ਹਨ ਜਦੋਂ ਉਹ ਸਹਿਜ ਰੂਪ ਵਿੱਚ ਜਾਣ ਇਕੋ ਝਟਕੇ ਨਾਲ ਆਮ ਲੋਕਾਂ ਵਿੱਚੋਂ ਉਨ੍ਹਾਂ ਦੇ ਆਗੂ ਰੂਪ ਵਿੱਚ ਉਭਰ ਆਉਂਦੇ ਹਨ। ਯਾਨੀ "ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੇ ਲੁਕਾਈ" ਦੇ ਗੁਰਬਾਣੀ ਸਿਧਾਂਤ ਅਨੁਸਾਰ ਉਨ੍ਹਾਂ ਨੂੰ ਆਪਣੇ ਰਤਨ-ਰੂਪੀ ਗੁਣਾਂ ਨੂੰ ਪ੍ਰਗਟ ਕਰਨ ਲਈ ਕੁਦਰਤ ਇਕ ਮੌਕਾ ਜ਼ਰੂਰ ਬਖਸ਼ਦੀ ਹੈ, ਉਹ ਇਸ ਮੌਕੇ ਨੂੰ ਕਿਸ ਢੰਗ ਨਾਲ ਕਿਵੇਂ ਵਰਤਦੇ ਹਨ ਅਤੇ ਮਿਲੇ ਮੌਕਿਆਂ ਵਿੱਚ ਆਪਣੇ ਗੁਣਾਂ ਦਾ ਪ੍ਰਗਟਾਵਾ ਕਿਵੇਂ ਕਰਦੇ।

ਅਪ੍ਰੈਲ 1978 ਵਿੱਚ ਅਜਿਹੇ ਹਾਲਾਤ ਅਤੇ ਪ੍ਰਸਥਿਤੀਆਂ ਵਿੱਚ ਜਿਹਨਾਂ ਦਾ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਖਸੀਅਤ ਆਗੂ ਦੇ ਰੂਪ ਵਿੱਚ ਇਕ ਝਟਕੇ ਨਾਲ ਉਭਰੀ। ਉਹ ਮੁੱਢਲੇ ਤੌਰ 'ਤੇ ਇਕ ਧਾਰਮਿਕ ਸ਼ਖਸੀਅਤ ਸਨ, ਜਿਹਨਾਂ ਦਾ ਜਨਮ ਮਾਲਵੇ ਦੀ ਧਰਤੀ ਉਤੇ ਹੋਇਆ ਸੀ। ਉਹ ਗੁਰਬਾਣੀ ਨੂੰ ਸਮਝਣ, ਗੁਰਬਾਣੀ ਦੀ ਵਿਆਖਿਆ, ਸਿੱਖ ਇਤਿਹਾਸ ਅਤੇ ਸਿੱਖ ਪ੍ਰੰਪਰਾਵਾਂ ਦੀ ਸਿੱਖਿਆ ਪ੍ਰਾਪਤ ਕਰਨ ਲਈ ਦਮਦਮੀ ਟਕਸਾਲ ਨਾਲ ਇਕ ਸਿਖਿਆਰਥੀ ਵਜੋਂ ਆਪਣੇ ਬਚਪਨ ਵਿੱਚ ਹੀ ਜੁੜ ਗਏ ਸਨ। ਸਿੱਖ ਪੰਥ ਵਿੱਚ ਦਮਦਮੀ ਟਕਸਾਲ ਵਰਗੀਆਂ ਸੰਸਥਾਵਾਂ ਬਹੁਤ ਹੀ ਘੱਟ ਹਨ ਜੋ ਭਾਰਤੀ ਪ੍ਰਾਚੀਨ ਪਰੰਪਰਾ ਦੀ ਗੁਰ-ਸਿੱਖ ਪ੍ਰੰਪਰਾ ਅਨੁਸਾਰ ਸਿੱਖ ਬੱਚਿਆਂ ਨੂੰ ਇਕ ਨੀਯਤ ਮਰਿਆਦਾ ਅਨੁਸਾਰ ਗੁਰਬਾਣੀ, ਸਿੱਖ ਇਤਿਹਾਸ ਤੇ ਪ੍ਰੰਪਰਾਵਾਂ ਦਾ ਗਿਆਨ ਕਰਵਾਉਂਦੀਆਂ ਹਨ। ਸੰਤ ਜਰਨੈਲ ਸਿੰਘ ਜੀ ਵੀ ਇਹਨਾਂ ਹੀ ਵਿਦਿਆਰਥੀਆਂ ਵਿੱਚੋਂ ਇਕ ਵਿਦਿਆਰਥੀ ਸਨ ਜਿਹਨਾਂ ਨੂੰ ਦਮਦਮੀ ਟਕਸਾਲ ਦੇ ਮੁਖੀ ਸੰਤ ਕਰਤਾਰ ਸਿੰਘ ਜੀ ਦੀ ਪਾਰਖੂ ਅੱਖ ਉਨ੍ਹਾਂ ਵਿੱਚ ਮੌਜੂਦ ਆਗੂ ਨੂੰ ਪਹਿਚਾਣਦੀ ਸੀ। ਧਰਮ ਦੇ ਖੇਤਰ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਦੇ ਆਗੂਆਂ

ਨੂੰ ਅੱਗੇ ਲਿਆਉਣ ਦੇ ਨਿਵੇਕਲੇ ਮਾਪਦੰਡ ਹੁੰਦੇ ਹਨ। ਸੰਤ ਜਰਨੈਲ ਸਿੰਘ ਜੀ ਗੁਰਬਾਣੀ ਦੀ ਟਕਸਾਲੀ ਵਿਆਖਿਆ ਨੂੰ ਜਾਣਦੇ-ਸਮਝਦੇ ਅਤੇ ਇਸ ਸੰਬੰਧ ਵਿੱਚ ਸਿੱਖਿਆ ਪ੍ਰਾਪਤ ਕਰਦੇ ਹੋਏ ਆਪਣੇ ਹੋਰ ਸਾਥੀ ਸਿੰਘਾਂ ਤੋਂ ਕੁਝ ਕਦਮ ਅੱਗੇ ਨਿਕਲ ਗਏ ਸਨ। ਸਕੂਲੀ ਅਤੇ ਹੋਰ ਵਿਦਿਆ ਦੇ ਪੱਧਰ ਪੱਖੋਂ ਉਹ ਓਮੀ ਹੀ ਕਹੇ ਜਾ ਸਕਦੇ ਸਨ। ਪਰ ਚੂੰਕਿ ਸਿੱਖਾਂ ਵਿੱਚ ਗੁਰਬਾਣੀ ਦੀ ਜਾਣਕਾਰੀ ਦੇ ਨਾਲ ਨਾਲ ਧਾਰਮਿਕ ਮੁਹਾਵਰੇ ਅਤੇ ਬੋਲ-ਚਾਲ ਇਕ ਵਿਅਕਤੀ ਦੀ ਸ਼ਖਸੀਅਤ 'ਤੇ ਭਾਰੂ ਗੁਣਾਂ ਦਾ ਇਕ ਮਾਪਦੰਡ ਗਿਣਿਆ ਜਾਂਦਾ ਹੈ, ਇਸ ਲਈ ਦੂਜੀ ਸੰਸਾਰੀ ਵਿਦਿਆ ਨਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਸ਼ਖਸੀਅਤ ਆਪਣੇ ਸਾਥੀ ਸਿੰਘਾਂ ਦੇ ਮੁਕਾਬਲੇ ਵਧੇਰੇ ਇੱਜ਼ਤ ਮਾਣ ਰੱਖਦੀ ਸੀ। 1977 ਵਿੱਚ ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਦੇ ਸਮਰਾਲੇ ਨੇੜੇ ਹਾਦਸੇ ਦੇ ਨਤੀਜੇ ਵਜੋਂ ਹੋਏ ਅਕਾਲ ਚਲਾਣੇ ਉਪਰੰਤ ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ਹੋਣ ਦਾ ਮਾਣ ਹਾਸਿਲ ਹੋਇਆ। 1978 ਵਿੱਚ ਨਿਰੰਕਾਰੀਆਂ ਹੱਥੋਂ ਸਿੱਖਾਂ ਦੇ ਹੋਏ ਕਤਲੇਆਮ ਤੋਂ ਪਹਿਲਾਂ ਉਹ, ਜਿਵੇਂ ਉਪਰ ਬਿਆਨ ਕੀਤਾ ਗਿਆ ਹੈ, ਅੰਮ੍ਰਿਤਸਰ ਵਿਖੇ ਹੀ ਸਨ। ਇਸ ਸਾਕੇ ਵਿੱਚ ਸ਼ਹੀਦ ਹੋਏ 13 ਸ਼ਹੀਦਾਂ ਵਿੱਚੋਂ ਕੁਝ ਸਿੰਘ ਦਮਦਮੀ ਟਕਸਾਲ ਨਾਲ ਸੰਬੰਧਿਤ ਸਨ। 1978 ਦੇ ਸਾਕੇ ਤੋਂ ਬਾਅਦ ਸਿੱਖ ਪੰਥ ਵਿੱਚ ਜਜ਼ਬਿਆਂ ਦਾ ਜੋ ਉਭਾਰ ਪੈਦਾ ਹੋਇਆ, ਉਸ ਨੂੰ ਕੁਝ ਹੋਰ ਪੰਥਕ ਸਰੋਕਾਰਾਂ ਉੱਤੇ ਕੇਂਦਰਿਤ ਕਰਕੇ ਅਕਾਲੀ ਦਲ ਤੋਂ ਬਿਨਾਂ ਇਸ ਵਿੱਚੋਂ ਕਿਸੇ ਪੰਥਕ ਲਹਿਰ ਨੂੰ ਉਭਾਰਨ ਦੀ ਜ਼ਿੰਮੇਵਾਰੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ, ਅਖੰਡ ਕੀਰਤਨੀ ਜਥਾ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਅਕਾਲ ਫੈਡਰੇਸ਼ਨ ਉਤੇ ਆ ਪਈ। ਜਿਹਨਾਂ ਹਲਾਤ ਵਿੱਚ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਇਕ ਆਗੂ ਰੂਪ ਵਿੱਚ ਚੇਤਨਾ ਦਾ ਕੇਂਦਰ ਬਣ ਗਏ ਸਨ, ਉਸ ਵਿੱਚ ਹਰ ਤਰ੍ਹਾਂ ਦੇ ਮੀਡੀਆ ਦਾ ਆਪਣੇ ਥਾਂ ਯੋਗਦਾਨ ਪੈ ਗਿਆ, ਜੋ ਉਨ੍ਹਾਂ ਦੇ ਹੱਕ ਜਾਂ ਵਿਰੋਧ ਵਿੱਚ ਲਿਖਦੇ ਸਨ। ਸਪੱਸ਼ਟ ਹੈ ਕਿ ਉਨ੍ਹਾਂ ਦੀ ਸ਼ਖਸੀਅਤ ਮੁੱਢਲੇ ਤੌਰ 'ਤੇ ਧਰਮ ਦੇ ਰੰਗ ਵਿੱਚ ਰੰਗੀ ਹੋਈ ਇਕ ਧਾਰਮਿਕ ਸ਼ਖਸੀਅਤ ਸੀ ਜਿਹਨਾਂ ਨੂੰ ਸਮੇਂ ਦੇ ਇਤਿਹਾਸ ਨੇ ਉਸ ਸਮੇਂ ਦੇ ਹਾਲਾਤ ਵਿੱਚ ਉਨ੍ਹਾਂ ਲਈ ਇਕ ਰੋਲ ਨਿਸ਼ਚਿਤ ਕਰ ਦਿੱਤਾ ਸੀ। ਉਨ੍ਹਾਂ ਦੇ ਪਿਛੋਕੜ ਅਤੇ ਹਾਲਾਤ ਅਨੁਸਾਰ ਉਨ੍ਹਾਂ ਦਾ ਮੁਹਾਵਰਾ ਵੀ ਧਾਰਮਿਕ ਅਤੇ ਬੇ-ਝਿੱਜਕ ਸੱਚ ਨੂੰ ਸੱਚ ਕਹਿਣ ਦੀ ਦਲੇਰੀ ਵਾਲਾ ਸੀ। ਉਹ ਦੂਜੇ ਕੁਝ ਰਾਜਨੀਤਕਾਂ ਜਾਂ ਕੁਝ ਧਾਰਮਿਕ ਆਗੂਆਂ ਤੋਂ ਉਲਟ ਵਲ-ਛਲ ਰੱਖਣ ਵਾਲੇ ਨਹੀਂ ਸਨ। ਜਦੋਂ ਉਹਨਾਂ ਦਾ ਕਦ ਦੂਜੀ ਅਕਾਲੀ ਸ਼ਖਸੀਅਤ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲੋਂ ਉੱਚਾ ਹੋ ਗਿਆ ਤਾਂ ਉਨ੍ਹਾਂ ਨੇ ਬਿਨਾਂ ਕਿਸੇ ਝਿਜਕ ਤੋਂ ਆਪਣੀ ਗੱਲ ਸਪੱਸ਼ਟ ਕਹਿਣ ਦੇ ਆਪਣੇ ਮੁਹਾਵਰੇ ਦੀ ਵਰਤੋਂ ਕੀਤੀ, ਜਿਸ ਦੀ ਕੂਟਨੀਤਕ ਹਲਕਿਆਂ ਵਿੱਚ ਬਹੁਤ ਘੱਟ ਗੁੰਜਾਇਸ਼ ਹੁੰਦੀ ਹੈ। ਆਮ ਲੋਕ ਮੁਹਾਵਰੇ ਅਨੁਸਾਰ ਉਨ੍ਹਾਂ ਦੇ ਜਿਸਮ ਵਿੱਚ ਇਕ ਸ਼ਹੀਦ ਦੀ ਰੂਹ ਦਾ ਵਾਸਾ ਸੀ। ਮੌਤ ਦੇ ਭੈਅ ਤੋਂ ਮੁਕਤ ਸੰਤ ਜਰਨੈਲ ਸਿੰਘ ਜੀ ਦਾ ਜਿਸਮ ਜਿਵੇਂ ਕਿ ਬਾਅਦ ਦੀਆਂ ਘਟਨਾਵਾਂ ਨੇ ਸਪੱਸ਼ਟ ਕੀਤਾ ਹੈ, ਸ਼ਹਾਦਤ ਦੇਣ ਲਈ ਕਾਹਲਾ ਸੀ, ਉਹ ਸਿੱਖ ਸ਼ਹਾਦਤ ਪ੍ਰੰਪਰਾ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਵਾਲੀ ਇੱਕ ਮਹੱਤਵਪੂਰਨ ਕੜੀ

ਸਨ। ਧਰਮ ਦੀ ਸੂਝ ਰੱਖਦੇ ਹੋਏ ਸੱਚ ਅਤੇ ਨਿਆਂ ਦਾ ਡੰਕਾ ਬੁਲੰਦ ਕਰਨ ਵਾਲੇ ਆਪਣੇ ਬੇਬਾਕ ਪਰ ਕਈ ਵਾਰੀ ਲੋਕ ਮੁਹਾਵਰੇ ਦੀ ਵਰਤੋਂ ਕਰਨ ਵਾਲੀ ਉਨ੍ਹਾਂ ਦੀ ਸ਼ਖਸੀਅਤ ਅਤੇ ਸ਼ਹਾਦਤ ਨੂੰ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਦੀ ਲੜੀ ਵਿੱਚ ਰੱਖਿਆ ਜਾ ਸਕਦਾ ਹੈ। ਭਾਵੇਂ ਕਿ ਪ੍ਰਸਿਥਤੀਆਂ ਅਤੇ ਹਾਲਾਤ ਵੱਖ-ਵੱਖ ਸਨ।

ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਆਪਣੇ ਆਲੇ-ਦੁਆਲੇ ਪ੍ਰਸਥਿਤੀਆਂ ਨੂੰ ਸਮਝਣ ਦੀ ਸੂਝ ਅਸਾਧਾਰਨ ਸੀ। ਜਿਵੇਂ ਉਪਰ ਬਿਆਨ ਕੀਤਾ ਗਿਆ ਕਿ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਮੁੱਢਲੇ ਤੌਰ 'ਤੇ ਧਰਮ ਦੇ ਖੇਤਰ ਨਾਲ ਸੰਬੰਧਿਤ ਸ਼ਖਸੀਅਤ ਸਨ ਅਤੇ ਉਨ੍ਹਾਂ ਦਾ ਉਭਾਰ ਹੀ ਸਿੱਖ ਧਰਮ/ਗੁਰਬਾਣੀ ਦੇ ਸੱਚ ਤੇ ਸਿੱਖ ਪ੍ਰੰਪਰਾਵਾਂ ਨੂੰ ਪੇਸ਼ ਖਤਰਿਆਂ ਦਾ ਸਾਹਮਣਾ ਕਰਨ ਲਈ ਬਣੇ ਹਾਲਾਤ ਵਿੱਚ ਹੋਇਆ ਸੀ। ਬਾਅਦ ਦੀਆਂ ਘਟਨਾਵਾਂ ਨੇ ਵਿਸ਼ੇਸ਼ ਕਰਕੇ 1980-81 ਵਿੱਚ ਜੋ ਹਾਲਾਤ ਤੇ ਪ੍ਰਸੰਗ ਉਨ੍ਹਾਂ ਦੀ ਸ਼ਖਸੀਅਤ ਦੁਆਲੇ ਸਿਰਜਿਆ ਗਿਆ, ਉਸ ਅਨੁਸਾਰ ਉਨ੍ਹਾਂ ਨੂੰ ਸਰਗਰਮ ਰਾਜਨੀਤਕ ਰੋਲ ਨਿਭਾਉਣਾ ਪਿਆ। ਯਾਨੀ ਧਰਮ ਦੀ ਧਾਰਾ ਵਿੱਚੋਂ ਉਭਰੀ ਇਕ ਸ਼ਖਸੀਅਤ ਨੂੰ ਰਾਜਨੀਤਕ ਭੂਮਿਕਾ ਨਿਭਾਉਣ ਲਈ ਰਾਜਨੀਤਕਾਂ ਤੇ ਕੂਟਨੀਤਕਾਂ ਵਾਂਗ ਵਿਚਰਨਾ ਪਿਆ। ਇਥੋਂ ਹੀ ਉਨ੍ਹਾਂ ਦੀ ਸ਼ਖਸੀਅਤ ਦਾ ਇਕ ਉਭਰਦਾ ਰੂਪ ਸਾਡੇ ਸਾਹਮਣੇ ਆਉਂਦਾ ਹੈ। ਇਕ ਰਾਜਨੀਤਕ ਸ਼ਖਸੀਅਤ ਦੀ ਮਾਨਸਿਕਤਾ, ਵਿਚਾਰ ਅਤੇ ਇਸ ਦਾ ਸਮੁੱਚਾ ਅਮਲ ਰਾਜਨੀਤੀ ਦੀਆਂ ਲੋੜਾਂ ਅਨੁਸਾਰ ਸਿਰਜਿਆ ਜਾਂਦਾ ਹੈ। ਧਾਰਮਿਕ ਸ਼ਖਸੀਅਤਾਂ ਵਾਂਗ ਦੂਜੇ ਆਰਥਿਕ, ਵਿਦਿਆ ਅਤੇ ਹੋਰ ਖੇਤਰਾਂ ਨਾਲ ਸੰਬੰਧਿਤ ਸ਼ਖਸੀਅਤਾਂ ਦਾ ਅਮਲ ਵੀ ਉਸੇ ਪ੍ਰਬੰਧ ਅਨੁਸਾਰ ਸਿਰਜਿਆ ਜਾਂਦਾ ਹੈ। ਪਰ ਜਦੋਂ ਇਕ ਧਾਰਮਿਕ ਪਿਛੋਕੜ ਵਿੱਚੋਂ ਉਠੀ ਸ਼ਖਸੀਅਤ ਨੂੰ ਰਾਜਨੀਤਕ ਭੂਮਿਕਾ ਦੀ ਲੋੜ ਆ ਪਵੇ, ਜਿਸ ਵਿੱਚ ਉਹ ਇਕ ਵਿਸ਼ੇਸ਼ ਹੱਦ ਤੱਕ ਸਫ਼ਲ ਵੀ ਹੋ ਜਾਏ ਤਾਂ ਉਸਦਾ ਇਤਿਹਾਸ ਵਿੱਚ ਸਥਾਨ ਇਕ ਵਿਸ਼ੇਸ਼ ਰੁਤਬੇ ਨੂੰ ਪ੍ਰਾਪਤ ਹੋ ਜਾਂਦਾ ਹੈ।

ਲਾਲਾ ਜਗਤ ਨਰਾਇਣ ਦੇ 9 ਸਤੰਬਰ, 1981 ਨੂੰ ਮਾਰੇ ਜਾਣ ਤੋਂ ਬਾਅਦ ਜੋ ਵਾਪਰੀਆਂ ਘਟਨਾਵਾਂ ਉਨ੍ਹਾਂ ਵਿੱਚ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਨੂੰ ਰਾਜਨੀਤਕ ਅਤੇ ਸੰਘਰਸ਼ਸ਼ੀਲ ਚੌਖਟੇ ਵਿੱਚ ਰੱਖ ਕੇ ਵੇਖਿਆ ਜਾਣਾ ਚਾਹੀਦਾ ਹੈ। ਲਾਲਾ ਜਗਤ ਨਰਾਇਣ ਦੀ ਮੌਤ ਵਿੱਚ ਉਹਨਾਂ ਦਾ ਕੋਈ ਸਿੱਧਾ ਜਾਂ ਅਸਿੱਧਾ ਹੱਥ ਸੀ, ਜਾਂ ਸਰਕਾਰ ਨੇ ਉਸ ਕਤਲ ਦੀ ਸਾਜ਼ਿਸ਼ ਦਾ ਇਲਜ਼ਾਮ ਲਗਾ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਸਾਡੇ ਲਈ ਇਹ ਮੁੱਦਾ ਮਹੱਤਵਪੂਰਨ ਨਹੀਂ, ਸਗੋਂ ਮਹੱਤਵਪੂਰਨ ਉਹ ਹਾਲਾਤ ਹਨ ਜਿਹਨਾਂ ਵਿੱਚ ਸੰਤ ਜਰਨੈਲ ਸਿੰਘ ਜੀ ਦੀ ਸ਼ਖਸੀਅਤ ਦਾ ਪੂਰਾ ਰੂਪਾਂਤਰਨ ਹੋ ਗਿਆ ਸੀ। ਸੰਤ ਜਰਨੈਲ ਸਿੰਘ ਜੀ ਨੇ ਰਾਜਨੀਤਕ ਮਾਨਸਿਕਤਾ ਵਾਲੇ ਹਿੰਦੂਆਂ ਦੀ ਸਿੱਖਾਂ ਪ੍ਰਤੀ ਨਫ਼ਰਤ ਅਤੇ ਆਪਣੇ ਹੀ ਕੁਝ ਮਖੌਟਾਧਾਰੀ ਅਕਾਲੀ ਆਗੂਆਂ ਦੇ ਕਿਰਦਾਰ ਨੂੰ ਵੇਖ ਕੇ ਜੋ ਪ੍ਰਤੀਕ੍ਰਿਆ ਜ਼ਾਹਰ ਕੀਤੀ ਉਸ ਦੀ ਸ਼ੈਲੀ, ਸਿੱਖੀ ਦਾ ਦਰਦ ਰੱਖਣ ਵਾਲੀ ਸੀ ਜਿਸ ਦਾ ਉਦੇਸ਼ ਸਿੱਖਾਂ ਨੂੰ ਆਪਣੀ ਆਜ਼ਾਦੀ ਲਈ ਇਕ ਲੰਮੀ ਜੱਦੋ-ਜਹਿਦ ਲਈ ਤਿਆਰ ਕਰਨਾ ਵੀ ਸੀ। 1947 ਤੋਂ 1980 ਤੱਕ ਦੇ ਸਮੇਂ

ਦੌਰਾਨ ਰਾਜਨੀਤਕ ਮੰਚ ਉਤੇ ਜੋ ਵੀ ਆਗੂ ਅਕਾਲੀ ਦਲ ਜਾਂ ਹੋਰ ਪੰਥਕ ਸੰਗਠਨਾਂ ਰਾਹੀਂ ਰਾਜਨੀਤੀ ਦੇ ਪਿੜ ਵਿੱਚ ਆਉਂਦੇ ਰਹੇ ਸਨ ਉਨ੍ਹਾਂ ਨੇ ਹਿੰਦੂਆਂ ਵੱਲੋਂ ਸਿੱਖਾਂ ਨਾਲ ਕੀਤੇ ਵਿਵਹਾਰ ਬਾਰੇ ਬਹੁਤ ਹੀ ਨਪੇ-ਤੁਲੇ ਅਤੇ ਕੂਟਨੀਤਕ ਲਹਿਜ਼ੇ ਵਾਲੇ ਅਤੇ ਰੱਖਿਆਤਮਕ ਪਹੁੰਚ ਵਾਲੇ ਸ਼ਬਦ ਵਰਤੇ ਸਨ, ਪਰ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਮਹਿਜ਼ ਇਕ ਅਜਿਹੇ ਸੰਤ ਸਨ, ਜਿਹਨਾਂ ਨੇ ਹਿੰਦੂ ਹਾਕਮਾਂ ਪ੍ਰਤੀ ਤੇ ਹਿੰਦੂ ਪਿਛਲੱਗ ਅਕਾਲੀ ਆਗੂਆਂ ਪ੍ਰਤੀ ਬਿਨਾਂ ਕਿਸੇ ਲਿਹਾਜ਼ ਜਾਂ ਕਿਸੇ ਡਰ ਦੇ ਅਜਿਹੀ ਭਾਸ਼ਾ ਦੀ ਵਰਤੋਂ ਕੀਤੀ ਜੋ ਬਹੁ-ਗਿਣਤੀ ਸਿੱਖਾਂ ਦੇ ਕੰਨਾਂ ਨੂੰ ਤਾਂ ਚੰਗੀ ਲੱਗਦੀ ਹੀ ਸੀ, ਉਹ ਸਗੋਂ ਸਿੱਖ ਮਾਨਸਿਕਤਾ ਦੀ ਆਵਾਜ਼ ਵੀ ਬਣਦੀ ਜਾ ਰਹੀ ਸੀ। ਹਿੰਦੂ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਨਫ਼ਰਤ ਕਰਨ ਦੀ ਹੱਦ ਤੱਕ ਚਲੇ ਗਏ। ਉਨ੍ਹਾਂ ਦੀ ਬੇਬਾਕੀ ਗਿਣਤੀਆਂ-ਮਿਣਤੀਆਂ ਵਿੱਚ ਉਲਝੇ ਰਹਿੰਦੇ ਅਕਾਲੀ ਆਗੂਆਂ ਨੂੰ ਵੀ ਪਸੰਦ ਨਹੀਂ ਸੀ। ਅਕਾਲੀ ਆਗੂਆਂ ਲਈ ਰਾਜਨੀਤੀ ਵਿੱਚ ਸੰਤ ਜਰਨੈਲ ਸਿੰਘ ਜੀ ਦੀ ਸ਼ਖਸੀਅਤ ਦਾ ਉਭਾਰ ਉਨ੍ਹਾਂ ਦੀ ਲੀਡਰਸ਼ਿਪ ਦੀ ਨਿਰੰਤਰਤਾ ਕਰਨ ਲਈ ਖ਼ਤਰੇ ਦੀ ਘੰਟੀ ਵਾਂਗ ਹੀ ਸੀ।

ਵੋਟਾਂ ਦੀ ਇਸ ਗਿਣਤੀ-ਮਿਣਤੀ ਵਿੱਚ ਜਦੋਂ ਸਿੱਖਾਂ ਦੇ ਵੱਡੇ ਹਿੱਸੇ ਦੀ ਹਮਾਇਤ ਸੰਤ ਜਰਨੈਲ ਸਿੰਘ ਜੀ ਨਾਲ ਆ ਖੜੀ ਹੋਈ ਤਾਂ ਉਸ ਦਾ ਕੁਦਰਤੀ ਲਾਭ ਕਾਂਗਰਸ ਨੂੰ ਜਾਣਾ ਸੀ। ਇਥੇ ਹੀ ਇਕ ਹੋਰ ਸਿੱਖ ਤਰਾਸਦੀ ਦਾ ਆਰੰਭ ਹੁੰਦਾ ਹੈ, ਜਿਸ ਦਾ ਬਾਅਦ ਵਿੱਚ ਦਲ ਖ਼ਾਲਸਾ ਵੀ ਸ਼ਿਕਾਰ ਹੋਇਆ। ਅਕਾਲੀ ਆਪਣੀ ਆਦਤ ਅਨੁਸਾਰ ਪੰਥਕ ਪਰਿਵਾਰ ਵਿੱਚੋਂ ਉੱਠੀ ਹਰ ਸ਼ਕਤੀ ਨੂੰ ਕਾਂਗਰਸ ਨਾਲ ਜੋੜਨ ਦੇ ਆਦੀ ਹਨ। ਇਸੇ ਕਰਕੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਨੂੰ ਵੀ ਕਾਂਗਰਸ ਦੀ ਪੈਦਾਵਾਰ ਕਿਹਾ ਗਿਆ ਹੈ। ਅਕਾਲੀਆਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਵੀ ਉਠੀ ਦੂਜੀ ਪੰਥਕ ਧਿਰ ਨੂੰ ਕਾਂਗਰਸੀ ਗਰਦਾਨਣ ਦੇ ਰਾਜਨੀਤਕ ਤੇ ਹੋਰ ਕਾਰਨਾਂ ਦੀ ਚਰਚਾ ਕਰਨੀ ਸਮੇਂ ਦੀ ਜ਼ਰੂਰਤ ਹੈ। ਜਿਨ੍ਹਾਂ ਹਾਲਾਤ ਵਿੱਚ ਰਾਜਨੀਤਕ ਪਿੜ ਵਿੱਚ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦਾ ਉਭਾਰ ਹੋਇਆ ਸੀ ਉਨ੍ਹਾਂ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਧਰਮ ਯੁੱਧ ਮੋਰਚਾ ਲੜਨ ਵਾਲੇ ਆਗੂਆਂ ਦੀ ਬਣ ਚੁੱਕੀ ਵਿਸ਼ਵਾਸ ਯੋਗਤਾ ਦੇ ਬਾਵਜੂਦ ਸੰਤ ਜਰਨੈਲ ਸਿੰਘ ਜੀ ਉੱਚ ਸ੍ਰੇਸ਼ਟ ਆਗੂ ਸਾਬਤ ਹੋ ਗਏ ਸਨ ਜਿਨ੍ਹਾਂ ਸਾਹਮਣੇ ਪ੍ਰਕਾਸ਼ ਸਿੰਘ ਬਾਦਲ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਆਗੂ ਵੀ ਬੌਣੇ ਨਜ਼ਰ ਆਉਂਦੇ ਹਨ। ਸੰਤ ਜਰਨੈਲ ਸਿੰਘ ਜੀ ਅਕਾਲੀ ਆਗੂਆਂ ਦੇ ਇਕ ਮਜ਼ਬੂਤ ਬਦਲ ਵਜੋਂ ਤਿਆਰ ਹੋਏ ਸਨ। ਜਿਸ ਲਈ ਉਨ੍ਹਾਂ ਨੂੰ ਬਰਾਬਰ ਦੀ ਜਥੇਬੰਦੀ ਉਸਾਰਨ ਲਈ ਅਜੇ ਸਮਾਂ ਚਾਹੀਦਾ ਸੀ। ਮੌਕਾਪ੍ਰਸਤ ਅਕਾਲੀ ਸੱਭਿਆਚਾਰ, ਹਿੰਦੂ ਫ਼ਿਰਕਾਪ੍ਰਸਤ ਆਗੂਆਂ ਤੇ ਸਿੱਖਾਂ ਨੂੰ ਨਫ਼ਰਤ ਕਰਨ ਵਾਲੇ ਆਮ ਹਿੰਦੂਆਂ ਦੇ ਵਤੀਰੇ ਆਦਿ ਬਾਰੇ ਖੁੱਲ੍ਹ ਕੇ ਵਿਚਾਰ ਪ੍ਰਗਟ ਕਰਨ ਦੀ ਰੁਚੀ ਨਾਲ ਉਨ੍ਹਾਂ ਦੇ ਦੁਸ਼ਮਣਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਸੀ। ਜਿਸ ਨਾਲ ਉਹ ਕੁਝ ਘਿਰਦੇ ਵੀ ਜਾ ਰਹੇ ਸਨ। ਜੇਕਰ ਉਹ ਪੰਥ ਵਿੱਚ ਆਪਣੀ ਸ਼ਕਤੀ ਦਾ ਵਾਧਾ ਕਰ ਰਹੇ ਸਨ

ਤਾਂ ਉਨ੍ਹਾਂ ਦੇ ਦੁਸ਼ਮਣਾਂ ਵਿੱਚ ਵੀ ਵਾਧਾ ਹੋ ਰਿਹਾ ਸੀ। ਸੰਤ ਜਰਨੈਲ ਸਿੰਘ ਜੀ ਦੇ ਅਜਿਹੇ ਵਿਚਾਰਾਂ ਵਿੱਚੋਂ ਪੈਦਾ ਹੋਇਆ ਉਬਾਲ ਤੇ ਪੰਥਕ ਜਜ਼ਬਾਤ ਸਿੱਖ ਮਾਨਸਿਕਤਾ ਦੇ ਦਰਦ ਦਾ ਪ੍ਰਗਟਾਅ ਕਰਦੇ ਸਨ।

1982-83 ਵਿੱਚ ਹਥਿਆਰਬੰਦ ਸੰਘਰਸ਼ ਲੜਨ ਵਾਲੀਆਂ ਕਈ ਜਥੇਬੰਦੀਆਂ ਬਣ ਗਈਆਂ ਸਨ ਜਿਨ੍ਹਾਂ ਨੂੰ ਸੰਤ ਜਰਨੈਲ ਸਿੰਘ ਜੀ ਦੀ ਸਿੱਧੀ-ਅਸਿੱਧੀ ਸਰਪ੍ਰਸਤੀ ਪ੍ਰਾਪਤ ਸੀ। ਇਸ ਤਰ੍ਹਾਂ ਸਿੱਖ ਮਾਨਸਿਕਤਾ ਨੇ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਨੂੰ ਪੂਰਨ ਤੌਰ 'ਤੇ ਇਕ ਆਗੂ ਰੂਪ ਵਿੱਚ ਅਪਣਾ ਲਿਆ ਸੀ। ਸ੍ਰੀ ਦਰਬਾਰ ਸਾਹਿਬ ਖੇਤਰ ਵਿੱਚ ਸਥਿਤ ਉਨ੍ਹਾਂ ਦੇ ਹੋਰ ਖਾੜਕੂ ਜਥੇਬੰਦੀਆਂ ਦੀ ਖੁੱਲ੍ਹੀ ਮੌਜੂਦਗੀ ਤੇ ਸਮੁੱਚੀ ਸਰਗਰਮੀ ਭਾਰਤ ਸਰਕਾਰ ਲਈ ਇਕ ਚੁਣੌਤੀ ਤਾਂ ਪਹਿਲਾਂ ਹੀ ਬਣ ਗਈ ਸੀ। ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉਤੇ ਸੰਤ ਜਰਨੈਲ ਸਿੰਘ ਜੀ ਅਤੇ ਉਨ੍ਹਾਂ ਦੇ ਕੁਝ ਸਹਿਯੋਗੀ ਆਗੂ ਸੱਚਮੁੱਚ ਹੀ ਸਿੱਖ ਪੰਥ ਦੇ ਨਵੇਂ ਆਗੂ ਬਣ ਗਏ ਸਨ। ਉਹ ਸਮਾਂ ਸੰਘਰਸ਼ ਅਤੇ ਰਾਜਨੀਤੀ ਦੇ ਖੇਤਰ ਵਿੱਚ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਦ੍ਰਿੜ੍ਹੀਕਰਨ ਕਰਨ ਦਾ ਸੀ ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਪੰਥ ਪ੍ਰਤੀ ਇਮਾਨਦਾਰੀ ਤੇ ਪ੍ਰਤੀਬੱਧਤਾ

ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਇਕ ਅਜਿਹੇ ਆਗੂ ਸਨ ਜੋ ਪੰਥ ਦੀ ਚੜ੍ਹਦੀ ਕਲਾ ਅਤੇ ਇਸ ਦੇ ਭਵਿੱਖ ਬਾਰੇ ਇਮਾਨਦਾਰ ਪ੍ਰਤੀਬੱਧਤਾ ਦੇ ਨਾਲ ਨਾਲ ਆਪਣੀ ਪਹੁੰਚ ਪ੍ਰਤੀ ਸਪੱਸ਼ਟ ਸਨ, ਜਿਸ ਨਾਲ ਹਰ ਇਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਉਹ ਜੋ ਕੁਝ ਬਾਹਰੋਂ ਸਨ, ਉਹੋ ਕੁਝ ਹੀ ਅੰਦਰੋਂ ਸਨ। ਆਮ ਤੌਰ 'ਤੇ ਰਾਜਨੀਤਕ ਆਗੂ ਦੋ ਤਰ੍ਹਾਂ ਦੇ ਜੀਵਨ ਜਿਉਂਦੇ ਹਨ ਪਰ ਰਾਜਨੀਤਕ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਇਕੋ ਸਮੇਂ ਇਕੋ ਹੀ ਮਤਲਬ ਵਾਲੇ ਵਿਚਾਰ ਰੱਖਦੇ ਸਨ ਤੇ ਉਹ ਕੁਝ ਹੀ ਬੋਲਦੇ ਸਨ। ਉਨ੍ਹਾਂ ਦੀ ਸ਼ਖਸੀਅਤ ਦਾ ਇਕ ਪੱਖ ਉਨ੍ਹਾਂ ਦੇ ਵਿਰੁੱਧ ਵੀ ਚਲਾ ਗਿਆ ਸੀ। ਕੁਝ ਲੋਕਾਂ ਨੂੰ ਉਨ੍ਹਾਂ ਦਾ ਸੁਭਾਅ ਅੱਖੜਦਾ ਵੀ ਸੀ। ਆਪਣਾ ਰਾਜਨੀਤਕ ਰੋਲ ਨਿਭਾਉਣ ਲਈ ਉਹ ਆਪਣੇ ਆਲੇ-ਦੁਆਲੇ ਦੇ ਸਲਾਹਕਾਰਾਂ ਉਤੇ ਵਧੇਰੇ ਨਿਰਭਰ ਕਰਦੇ ਸਨ। ਪਰ ਜਦੋਂ ਉਹ ਕਿਸੇ ਰਾਜਨੀਤਕ ਮੁੱਦੇ ਬਾਰੇ ਗੱਲ ਕਰਦੇ ਸਨ ਤਾਂ ਉਹ ਗੁਰਬਾਣੀ ਦੇ ਸੱਚ ਅਤੇ ਮੁਹਾਵਰੇ ਨਾਲ ਜੁੜੀ ਹੁੰਦੀ ਸੀ। ਲਗਭਗ 18ਵੀਂ ਸਦੀ ਦੇ ਸਮੇਂ ਤੋਂ ਆਮ ਸਿੱਖ ਗੁਰਬਾਣੀ ਦੇ ਸੱਚ ਨਾਲ ਜੁੜੀ ਹੋਈ ਪੰਥਕ ਹੋਂਦ ਨੂੰ ਬਚਾਉਣ ਤੇ ਸਿੱਖ ਰਾਜ ਦੀ ਸਥਾਪਨਾ ਲਈ ਸੰਘਰਸ਼ ਲੜਦੇ ਰਹੇ ਸਨ। ਉਹ ਪੰਥ ਲਈ ਜਿਉਂਦੇ ਅਤੇ ਸ਼ਹੀਦ ਹੁੰਦੇ ਰਹੇ। 19ਵੀਂ ਅਤੇ 20ਵੀਂ ਸਦੀ ਦੇ ਸਿੱਖਾਂ ਦੇ ਮੁਕਾਬਲੇ 18ਵੀਂ ਸਦੀ ਦੇ ਸਿੱਖਾਂ ਦਾ ਜੀਵਨ ਸਿੱਖ ਇਤਿਹਾਸ ਦਾ ਸੁਨਹਿਰੀ ਕਾਲ ਗਿਣਿਆ ਜਾਂਦਾ ਹੈ। 20ਵੀਂ ਸਦੀ ਵਿੱਚ ਸੰਤ ਜਰਨੈਲ ਸਿੰਘ ਜੀ ਵਰਗੀਆਂ ਸ਼ਖਸੀਅਤਾਂ ਬਹੁਤ ਘੱਟ ਸਨ, ਜੋ 18ਵੀਂ ਸਦੀ ਦੇ ਸਿੱਖਾਂ ਦੀ ਸ਼ਖਸੀਅਤ ਨੂੰ ਇਸ ਯੁੱਗ ਵਿੱਚ ਰੂਪਮਾਨ ਕਰ ਰਹੇ ਸਨ। ਯਾਨੀ 18ਵੀਂ ਸਦੀ ਦੀ ਮਾਨਸਿਕਤਾ ਵਾਲੀਆਂ ਸ਼ਖਸੀਅਤਾਂ ਦਾ 20ਵੀਂ ਸਦੀ ਵਿੱਚ ਸੋਕਾ ਪਿਆ ਹੋਇਆ ਸੀ।

ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਸਿੱਖ ਇਤਿਹਾਸ, ਇਸ ਦੀਆਂ ਘਟਨਾਵਾਂ, ਵਿਸ਼ੇਸ਼ ਕਰਕੇ 1947 ਦੀ ਘਟਨਾਵਾਂ 'ਚੋਂ ਨਿਕਲੇ ਦੁਖਦਾਈ ਘਟਨਾਕ੍ਰਮਾਂ ਤੇ ਹਿੰਦੂ ਆਗੂਆਂ ਦੇ ਸਿੱਖਾਂ ਪ੍ਰਤੀ ਅਪਣਾਏ ਰਵੱਈਏ ਬਾਰੇ ਪੂਰੀ ਜਾਣਕਾਰੀ ਰੱਖਦੇ ਸਨ। ਆਮ ਸੂਝ ਵਾਲੇ ਵਿਅਕਤੀ ਨੂੰ ਉਨ੍ਹਾਂ ਦੀ ਸਮੁੱਚੀ ਲਹਿਰ ਕਰਣੀ ਦਾ ਫਲ ਦੀ ਭਾਵਨਾ ਉੱਤੇ ਖੜੀ ਨਜ਼ਰ ਆਉਂਦੀ ਹੈ, ਪਰ ਇਤਿਹਾਸ ਵਿੱਚ ਕਈ ਵਾਰ ਅਜਿਹੇ ਮੁਕਾਮ ਆ ਜਾਂਦੇ ਸਨ ਜਦੋਂ ਕਿਸੇ ਘਟਨਾ ਲਈ ਕਰਣੀ ਦਾ ਫਲ ਭੁਗਤਾਉਣਾ ਸਗੋਂ ਕੌਮ ਨੂੰ ਉਤਸ਼ਾਹਤ ਕਰਦਾ ਰਿਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਯੁੱਗ ਇਸ ਸਿਧਾਂਤ ਦੀ ਗਵਾਹੀ ਭਰਦਾ ਹੈ। ਉਨ੍ਹਾਂ ਨੇ ਕਰਣੀ ਦਾ ਫਲ ਭੁਗਤਾਉਣ ਦੀ ਭਾਵਨਾ (ਆਮ ਸ਼ਬਦਾਵਲੀ ਵਿੱਚ ਬਦਲਾ) ਨੂੰ ਆਪਣੀ ਅਗਵਾਈ ਹੇਠ ਸਰਗਰਮ ਹੋਈ ਹਥਿਆਰਬੰਦ ਲਹਿਰ ਦਾ ਨਿਸ਼ਾਨਾ ਨਹੀਂ ਬਣਨ ਦਿੱਤਾ ਸਗੋਂ ਇਸ ਸਾਧਨ ਨੂੰ ਹਥਿਆਰਬੰਦ ਸੰਘਰਸ਼ ਦੀ ਸ਼ਕਤੀ ਬਣਾਉਣ ਲਈ ਬਾਖੂਬੀ ਵਰਤਿਆ। ਹਿੰਦੂ ਬਹੁ-ਗਿਣਤੀ ਦੇ ਰਾਜ ਵਿੱਚ ਇਕ ਘੱਟ*ਗਿਣਤੀ ਆਗੂ ਵੱਲੋਂ ਹਿੰਦੁਸਤਾਨ ਨੂੰ ਵੰਗਾਰਨਾ ਅਤੇ ਆਪਣੇ ਕਹੇ ਹੋਏ ਬੋਲਾਂ ਉਤੇ ਡਟਣਾ ਸੰਤ ਜਰਨੈਲ ਸਿੰਘ,ਭਿੰਡਰਾਂਵਾਲੇ ਦੇ ਹਿੱਸੇ ਆਇਆ। ਉਨ੍ਹਾਂ ਦੇ ਅਜਿਹੇ ਵਿਚਾਰਾਂ ਨੇ ਸ਼ਹਿਰਾਂ ਵਿਚਲੇ ਸਿੱਖਾਂ ਦੇ ਮਨਾਂ ਵਿੱਚੋਂ ਬਹੁ-ਗਿਣਤੀ ਹਿੰਦੂ ਦਾ ਡਰ ਕੱਢਿਆ। ਉਹ ਸੁਤੇ-ਸਿੱਧ ਹੀ ਸੰਤ ਜੀ ਨੂੰ ਆਪਣਾ ਹਰਮਨ ਪਿਆਰਾ ਆਗੂ ਸਮਝਣ ਲੱਗ ਪਏ ਸਨ। ਵੈਸੇ ਇਕ ਸੰਤ ਦੇ ਮੂੰਹੋਂ ਨਿਕਲਣ ਵਾਲੇ ਅਜਿਹੇ ਵਿਚਾਰ ਆਮ ਸਧਾਰਨ ਵਿਅਕਤੀ ਨੂੰ ਕੁਝ ਆਪਾ-ਵਿਰੋਧੀ ਵੀ ਲੱਗਦੇ ਸਨ। ਪਰ ਉਹ ਸੰਤ ਸਿਪਾਹੀ ਦੀ ਸ਼ਖਸੀਅਤ ਦੇ ਅਜਿਹੇ ਸੁਮੇਲ ਵੀ ਬਣ ਚੁੱਕੇ ਸਨ ਜਿਹਨਾਂ ਨੂੰ ਉਪਰੋਕਤ ਉਬਾਲਾ ਨਹੀਂ ਦਿੱਤਾ ਜਾ ਸਕਦਾ। ਹਿੰਦੂਤਵੀ ਅੰਸ਼ ਸੋਚਦਾ ਹੈ ਕਿ ਉਸਨੇ ਆਪਣੀ ਬਹੁ-ਗਿਣਤੀ ਦੇ ਬਲ ਉੱਤੇ ਭਾਰਤ ਦੀ ਸੱਤਾ ਉਤੇ ਸਦੀਵ ਕਾਲ ਤੱਕ ਕਾਬਜ਼ ਰਹਿਣਾ ਹੀ ਹੈ। ਉਸ ਕੋਲੋਂ ਘੱਟ-ਗਿਣਤੀਆਂ ਇਕ ਵਿਸ਼ੇਸ਼ ਨੀਤੀ ਉੱਤੇ ਚੱਲ ਕੇ ਆਪਣੇ ਅਧਿਕਾਰ ਲੈ ਸਕਦੀਆਂ ਹਨ। ਆਪਣੇ ਵਿਰੁੱਧ ਕਿਸੇ ਵੀ ਘੱਟ ਗਿਣਤੀ ਦਾ ਸੰਬੰਧਤ ਆਗੂ ਦੇ ਵਿਚਾਰਾਂ ਤੇ ਸਰਗਰਮੀ ਆਦਿ ਨੂੰ ਉਹ ਇਕ ਸੀਮਾ ਤੱਕ ਹੀ ਬਰਦਾਸ਼ਤ ਕਰ ਸਕਦਾ ਹੈ। ਭਾਰਤ ਦੀ ਸਮੁੱਚੀ ਰੱਖਿਆ ਦਾ ਬੋਝ ਉਸ ਨੇ ਆਪਣੇ ਉੱਤੇ ਲਿਆ ਹੋਇਆ ਹੈ। ਉਹ ਆਪਣੀ ਸੱਤਾ ਨੂੰ ਬਚਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ (ਹੈ)। 1984 ਵਿੱਚ ਦਰਬਾਰ ਸਾਹਿਬ ਕੰਪਲੈਕਸ ਉੱਤੇ ਭਾਰਤੀ ਫ਼ੌਜਾਂ ਵੱਲੋਂ ਇੰਦਰਾ ਗਾਂਧੀ ਦੇ ਹੁਕਮ ਨਾਲ ਵਰਤਾਇਆ ਗਿਆ ਘੱਲੂਘਾਰਾ ਇਸਦਾ ਪ੍ਰਮਾਣ ਹੈ।

ਸੰਤ ਜਰਨੈਲ ਸਿੰਘ ਜੀ ਦੇ ਕੁਝ ਚੋਣਵੇਂ ਵਿਖਿਆਨ

ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਵਾਲਿਆਂ ਨੂੰ ਠੱਲ੍ਹ ਪਾਉਣ ਦੀ ਅਪੀਲ

ਬੜਾ ਭਾਰੀ ਦੁੱਖ ਹੋਇਆ ਇਸ ਮਨ ਵਿੱਚ, ਮੈਨੂੰ ਤਾਂ ਪਤਾ ਨਹੀਂ ਸੀ ਅੱਜ ਸਵੇਰ ਦਾ ਕਿ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਜੀ ਦੀ ਇਤਨੀ ਘੋਰ ਬੇ-ਅਦਬੀ ਕੀਤੀ ਹੋਵੇ ਤੇ ਸਿੱਖ ਉਥੇ ਕੋਲ ਹੋਣ, ਪਾਸ ਹੋਣ। ਮੈਂ ਸਮਝਦਾ ਹਾਂ ਕਿ ਪਤਾ ਨਹੀਂ ਉਹ ਕਿਸ ਤਰੀਕੇ ਨਾਲ ਮਾਂਵਾਂ ਨੂੰ ਜੰਮ ਪਏ। ਡੰਗਰਾਂ ਦੇ ਤੇ ਕੁੱਤਿਆਂ ਬਿੱਲਿਆਂ ਦੇ ਘਰੇ ਕਿਉਂ ਨਾ ਜੰਮੇ? ਜਿਨ੍ਹਾਂ ਨੇ ਉਹਨਾਂ (ਬੇ-ਅਦਬੀ ਕਰਨ ਵਾਲਿਆਂ) ਨੂੰ ਝਟਕਾਇਆ ਨਹੀਂ। ਸਿੰਘੋ, ਅੱਗੇ ਵੀ ਕਈ ਵਾਰੀ ਬੇਨਤੀ ਕੀਤੀ ਆ, ਅੱਜ ਵੀ ਸੰਗਤ ਬਹੁਤ ਆਈ ਸੀ, ਮਿਲੀ ਆ। ਸਾਰੇ ਇਹ ਹੀ ਆਣ ਕੇ ਕਹਿੰਦੇ ਆ, ਸੰਤ ਜੀ ਕੁਝ ਹੁਕਮ ਕਰੋ? ਭਾਈ, ਹੁਕਮ ਕਿਸ ਤਰੀਕੇ ਨਾਲ ਕਰਾਉਣਾ? ਸੰਗਤ ਕੋਈ ਸਾਧਨ ਦੱਸੇ ਹੁਕਮ ਦਾ ਕਿ ਕਿਹੋ ਜਿਹਾ ਹੁਕਮ ਚਾਹੁੰਨੇ ਆਂ? ਸੰਤ ਲੌਂਗੋਵਾਲ ਸਾਹਿਬ ਵੀ ਇਥੇ ਸਟੇਜ 'ਤੇ ਬੋਲ ਚੁੱਕੇ ਆ। ਜਿਤਨੀ ਸੰਗਤ ਦਾਸ ਕੋਲੋਂ ਨਿੱਤ ਜਾਂਦੀ ਆ, ਉਹਨੂੰ ਵੀ ਬੇਨਤੀ ਕਰਦਾ ਹਾਂ, ਅਖ਼ਬਾਰਾਂ ਵਿੱਚ ਵੀ ਕਹਿ ਚੁੱਕਾ ਹਾਂ ਪਰ ਹੁਕਮ ਹੁਕਮ ਕਰੀ ਜਾਨੇ ਓ, ਮੰਨਣ ਨੂੰ ਰਤੀ ਮਾਤਰ ਵੀ ਤੁਸੀਂ ਤਿਆਰ ਨਹੀਂ। ਕਿੰਨੀ ਵੇਰਾਂ ਬੇਨਤੀ ਕੀਤੀ ਆ, ਜਿਹੜਾ ਸਤਿਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਕਰਦਾ, ਉਹਨੂੰ ਇਕਦਮ ਮੌਕੇ ਦੇ ਉਪਰ ਝਟਕਾ ਦੇਣਾ ਚਾਹੀਦਾ। ਜੇ ਉਹ ਉਸ ਵੇਲੇ ਹੱਥ ਵਿੱਚ ਨਹੀਂ ਆਉਂਦਾ, ਪਿਛੋਂ ਭਾਲ ਕੇ, ਪੜਤਾਲ ਕਰਕੇ ਉਹਨੂੰ ਗੱਡੀ ਚੜ੍ਹਾਉ। ਕਿਉਂ ਨਹੀਂ ਚੜ੍ਹਾਉਂਦੇ? ਤੇ ਸਾਡੇ ਮੂੰਹਾਂ ਵੱਲ ਵੇਖੀ ਜਾਨੇ ਆਂ ਦੋਹਾਂ ਦੇ, ਅੰਗੂਰ ਲੱਗੇ ਆ ਸਾਨੂੰ! ਗੁਰੂ ਕੇ ਸਿੱਖ ਹੋ, ਸਿੱਖਾਂ ਦੇ ਪੁੱਤਰ ਹੋ। ਹਿੰਦੁਸਤਾਨ ਵਿੱਚ ਜੰਮੇ ਆਂ, ਪੰਜਾਬ ਦੀ ਧਰਤੀ ਵਿੱਚ ਜੰਮੇ ਹੋ। ਇੰਨੀ ਘੋਰ ਬੇ-ਅਦਬੀ ਥਾਂ-ਥਾਂ 'ਤੇ ਹੋਵੇ ਤੇ ਤੁਸੀਂ ਆਖੋ ਜੀ ਪੱਪੂ ਹੁਣੀ ਰੋਂਦੇ ਸੀ। ਪੱਪੂ ਹੁਣਾਂ ਨੂੰ ਵਰਾਉਂਦਿਆਂ ਪਿਉਂ ਦੀ ਬੇ-ਇਜ਼ਤੀ ਕਰਾ ਲੈਣੀ ਆ! ਕਿਹੜਾ ਹੁਕਮ ਲੈਣਾ ਚਾਹੁੰਦੇ ਹੋ ਤੁਸੀਂ ਦੱਸੋ? ਹੱਥ ਜੋੜ ਕੇ ਬੇਨਤੀ ਕਰਾਂਗਾ, ਨਿਮਰਤਾ ਸਹਿਤ, ਐਸੀਆਂ ਘਟਨਾਵਾਂ ਨੂੰ ਜਦੋਂ ਤੱਕ ਤੁਸੀਂ ਆਪੋ ਆਪਣੀ ਜ਼ਿੰਮੇਵਾਰੀ ਨਾਲ, ਥਾਂ-ਥਾਂ 'ਤੇ ਪਹੁੰਚ ਕੇ, ਇਹਨਾਂ ਸ਼ਰਾਰਤੀ ਲੋਕਾਂ ਦੇ ਨੱਕ ਵਿੱਚ ਨੱਥ ਨਹੀਂ ਪਾਉਂਦੇ, ਤਦੋਂ ਤੱਕ ਇਹਨਾਂ ਨੇ ਸੂਤ ਨਹੀਂ ਆਉਣਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਰੱਖਣ ਦੀ ਅਪੀਲ

ਪਿਆਰੇ ਖ਼ਾਲਸਾ ਜੀ, ਸਟੇਜ ਤੋਂ ਕੋਈ ਵੀ ਬੁਲਾਰਾ ਬੋਲੇ, ਆਪਾਂ ਨੂੰ ਬੁਲਾਰੇ ਦੇ ਖ਼ਿਆਲਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ, ਮੈਂ ਇਹ ਨਹੀਂ ਕਹਿੰਦਾ (ਕਿ) ਧਿਆਨ ਨਹੀਂ ਦੇਣਾ ਚਾਹੀਦਾ, ਸੁਣਨਾ ਚਾਹੀਦਾ, ਪਰ ਬੁਲਾਰੇ ਵੱਲ ਧਿਆਨ ਦੇਣ ਨਾਲੋਂ ਜ਼ਿਆਦਾ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵੱਲ ਆਪਾਂ ਨੂੰ ਧਿਆਨ ਰੱਖਣਾ ਚਾਹੀਦਾ। ਜਦੋਂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵੱਲ ਧਿਆਨ ਦੇਵਾਂਗੇ, ਵਾਤਾਵਰਣ ਸ਼ਾਂਤੀ ਵਾਲਾ ਬਣੇਗਾ। ਉਸ ਵੇਲੇ ਬੁਲਾਰੇ ਦਾ ਬੋਲਿਆ ਹੋਇਆ, ਆਪਣੇ ਹਰ ਇਕ ਦੇ ਕੰਨ ਵਿੱਚ ਆਵਾਜ਼ ਪਵੇਗੀ, ਸੁਣ ਕੇ ਲਾਭ ਉਠਾ ਸਕਾਂਗੇ, ਪਰ ਜੋ ਹਾਲਾਤ ਆਪਾਂ ਹੁਣ ਵੇਖ ਰਹੇ ਹਾਂ ਜਾਂ ਜਿਹੜੇ ਹਾਲਾਤ ਆਪਾਂ ਇੱਥੇ ਬਣਾ ਰਹੇ ਹਾਂ, ਕੀ ਉਹ ਸਤਿਸੰਗਤ ਦਾ ਵਰਤਾਰਾ ਹੈ? ਕਿੰਨੀ ਵਾਰ ਸਟੇਜ ਤੋਂ ਸੈਕਟਰੀ ਬੋਲਿਆ, ਕਿੰਨੀ ਵੇਰਾਂ ਬਾਕੀ ਬੁਲਾਰੇ ਇੱਥੇ ਬੋਲੇ ਆ। ਮੈਂ ਆਹ ਨੌਜੁਆਨ ਵੀਰਾਂ ਨੂੰ ਬੇਨਤੀ ਕਰਾਂਗਾ ਕਿ ਜਦੋਂ ਵੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿੱਚ ਅੱਗੋਂ ਪਿੱਛੋਂ ਵੀ ਆਵੋ, ਨਮਸਕਾਰ ਕਰਕੇ, ਜੇ ਕੋਈ ਜ਼ਰੂਰੀ ਕੰਮ ਆ ਤੇ ਇਕ ਪਾਸੇ ਦੀ ਬੜੀ ਸ਼ਾਂਤੀ ਤੇ ਧੀਰਜ ਤੇ ਧੰਮਲ ਨਾਲ ਦਰਬਾਰ ਸਾਹਿਬ ਵਾਲੇ ਪਾਸੇ ਦੀ ਹੋ ਕੇ, ਨਮਸਕਾਰ ਕਰਕੇ ਆਪਣੇ ਵਿਹਾਰਾਂ ਵਾਲੇ ਪਾਸੇ ਜਾਣਾ ਚਾਹੀਦਾ।

ਜੇ ਸੰਗਤ ਵਿੱਚ ਆਉਣਾ ਤੇ ਮੱਥਾ ਟੇਕ ਕੇ, ਜਿੱਥੇ ਥਾਂ ਮਿਲੇ ਉਥੇ ਬੈਠ ਜਾਣਾ ਚਾਹੀਦਾ ਹੈ। ਆਹ ਜੋ ਕੁਝ ਮੈਂ ਇੱਥੇ ਵੇਖ ਰਿਹਾ ਕਿ ਆਉਣਾ ਸਭ ਤੋਂ ਪਿੱਛੋਂ ਤੇ ਥਾਂ ਸਭ ਤੋਂ ਅੱਗੇ ਭਾਲਣਾ, ਕਿਸ ਵਾਸਤੇ? ਕਿ ਮੇਰੀ ਫੋਟੋ ਕਿਸੇ ਤਰ੍ਹਾਂ ਕੈਮਰੇ ਵਿੱਚ ਆ ਜਾਵੇ, ਭਾਵੇਂ ਪੱਗ ਮਹਾਰਾਜ ਦੀ ਹਜ਼ੂਰੀ ਵਿੱਚ ਡਿੱਗ ਈ ਪਵੇ। ਕੀ ਆਪਣਾ ਇਹੀ ਪਿਆਰ ਰਹਿ ਗਿਆ? ਇਕ ਪਾਸੇ ਮਰਨ ਵਾਸਤੇ ਚੱਲੇ ਆਂ। ਸ਼ਹੀਦੀਆਂ ਪਾਉਣ ਵਾਸਤੇ ਚੱਲੇ ਆਂ, ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੇ ਸਿੱਖ ਕੌਮ ਦੀ ਸ਼ਾਨ ਨੂੰ ਉੱਚਿਆਂ ਕਰਨ ਵਾਸਤੇ ਚੱਲੇ ਆਂ ਤੇ ਦੂਜੇ ਪਾਸੇ ਚੋਜੀ ਪ੍ਰੀਤਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਖ਼ੁਦ ਕਰ ਲਈਏ, ਏਦੋਂ ਵੱਡਾ ਪਾਪ ਹੋਰ ਆਪਣੇ ਕੋਲੋਂ ਕੀ ਹੋਵੇਗਾ? ਸੋ ਬੜੀ ਨਿਮਰਤਾ ਸਹਿਤ ਬੇਨਤੀ ਆ, ਜਦੋਂ ਵੀ ਇੱਥੇ ਆਵੋ, ਉਸ ਵੇਲੇ ਟਿਕਾਅ ਤੇ ਸ਼ਾਂਤੀ ਨਾਲ ਬੈਠਣਾ ਚਾਹੀਦਾ ਹੈ। ਜੇ ਮਨ ਚੰਚਲ ਆ ਤੇ ਟਿਕਦਾ ਨਹੀਂ ਜਾਂ ਬਹਿਣਾ ਔਖਾ ਤੇ ਫਿਰ ਆਹ ਜਿਹੜੀ ਬਾਹਰਲੇ ਪਾਸੇ ਗਰਾਊਂਡ ਆ, ਉਥੇ ਖੁੱਲ੍ਹੇ ਥਾਂ 'ਚ ਬਹਿ ਜਾਇਆ ਕਰੋ। ਸਤਿਗੁਰੂ ਦੇ ਸਤਿਕਾਰ ਨੂੰ ਪੂਰਾ ਪੂਰਾ ਕਾਇਮ ਰੱਖੋ, ਤਾਂ ਆਪਾਂ ਨੂੰ ਪੂਰਾ ਹੱਕ ਪ੍ਰਾਪਤ ਹੋਵੇਗਾ ਤੇ ਸਿੱਖੀ ਸਰੂਪ ਵਿੱਚ ਹੋ ਕੇ ਤੇ ਬਹੁਰੂਪੀਆ ਰੂਪ ਧਾਰਨ ਕਰਕੇ ਤੇ ਕਿਸੇ ਦੀ ਨਕਲ ਲਾਹ ਕੇ ਤੇ ਚੰਚਲਤਾਈ ਦੇ ਸ਼ਿਕਾਰ ਹੋ ਕੇ, ਗੁਰੂ ਦੀ ਬੇਅਦਬੀ ਕੀਤੀ ਤੇ ਹੱਕ ਪੂਰਾ ਪ੍ਰਾਪਤ ਨਹੀਂ ਹੋਵੇਗਾ। ਸੋ ਨਿਮਰਤਾ ਸਹਿਤ ਇਹ ਬੇਨਤੀ ਆ ਸਾਰੀ ਸੰਗਤ ਨੂੰ, ਅੱਗੇ ਵਾਸਤੇ ਜਦੋਂ ਵੀ ਹਜ਼ੂਰ ਦੀ ਹਜ਼ੂਰੀ ਵਿੱਚ ਆਉਣਾ, ਨਮਸਕਾਰ ਕਰਕੇ ਬੈਠ ਜਾਣਾ ਚਾਹੀਦਾ।

ਏਕਤਾ ਦੀ ਅਪੀਲ

ਸੋ ਖ਼ਾਲਸਾ ਜੀ ਜਦੋਂ ਤੱਕ ਆਪਣੀ ਮੁੱਠ ਮੀਟੀ ਹੋਈ ਆ ਇਕ ਥਾਂ, ਨੁਕਤਾਚੀਨੀ ਕਰਨ ਤੋਂ ਸੰਕੋਚ ਆ, ਇਕ ਦੂਜੇ ਸਿੰਘ ਨਾਲ ਮਿਲ ਕੇ ਚੱਲਾਂਗੇ। ਇਹ ਕਹਿਣਾ ਛੱਡ ਦੇਈਏ ਕਿ ਮੈਂ ਕਾਂਗਰਸੀ ਹਾਂ, ਮੈਂ ਅਕਾਲੀ ਹਾਂ, ਮੈਂ ਭਿੰਡਰਾਂਵਾਲਾ ਹਾਂ, ਮੈਂ ਫਲਾਣੇ ਵਾਲਾ ਹਾਂ। ਇਹਦਾ ਤਿਆਗ ਕਰਕੇ, ਕੇਵਲ ਸਿੱਖ ਦੇ ਦਿਮਾਗ ਵਿੱਚ ਇਹ ਗੱਲ ਘਰ ਕਰ ਜਾਣੀ ਚਾਹੀਦੀ ਆ ਕਿ ਮੈਂ ਸਿੱਖ ਹਾਂ ਤੇ ਸਿੱਖ ਬਣ ਕੇ ਰਹਿਣਾ, ਕੇਸਾਧਾਰੀ ਹਿੰਦੂ ਬਣ ਕੇ ਮੈਂ ਹਿੰਦੁਸਤਾਨ ਵਿੱਚ ਜਿਊਣਾ ਨਹੀਂ। ਜਦੋਂ ਤੱਕ ਇਹ ਗੱਲ ਆਪਣੇ ਮਨ ਵਿੱਚ ਆ ਗਈ। ਇਹ (ਇੰਦਰਾ) ਤਾਂ ਕਹਿੰਦੀ ਮੁੱਠੀ ਭਰ ਆ। ਹੁਣ ਤਾਂ 1 ਲੱਖ 15 ਹਜ਼ਾਰ ਨੇ ਉਥੇ ਪ੍ਰਣ ਕੀਤਾ, ਕੁਝ ਕੁ ਮੇਰੇ ਕੋਲ ਵੀ ਲਿਖਾਏ ਆ ਨੌਜੁਆਨਾਂ ਦੇ ਨਾਉਂ। ਕਈ ਕਹਿੰਦੇ ਤੇਰੇ ਕੋਲ ਕਿਵੇਂ ਲਿਖਾ ਦਿੱਤਾ? ਕਈ ਵੀਰਾਂ ਦੀ ਇਹ ਵੀ ਚਰਚਾ ਸ਼ੁਰੂ ਆ। ਨਾਂਅ ਮੈਂ ਇਹਨਾਂ ਦਾ ਲੈਣਾ ਨਹੀਂ ਚਾਹੁੰਦਾ, ਰੱਬ ਇਹਨਾਂ ਨੂੰ ਸੁਮੱਤ ਬਖ਼ਸ਼ੇ। ਗੁਰੂ ਅੱਗੇ ਅਰਦਾਸ ਕਰਦਾਂ, ਗੁੱਸਾ ਨਹੀਂ ਉਹਨਾਂ 'ਤੇ, ਮੱਤ ਈ ਇੰਨੀ ਕੁ ਆ। ਨਾਂ ਮੇਰੇ ਕੋਲ ਵੀ ਸੱਜਣਾ ਨੇ ਲਿਖਾਏ ਆ। ਕਿਨ੍ਹਾਂ ਨੇ ਲਿਖਾਏ ਆ, ਜਿਹੜੇ ਕਹਿੰਦੇ ਕਿ ਅਸੀਂ ਏਦੋਂ ਬਿਨਾਂ ਕਿਤੇ ਨਹੀਂ ਜਾਣਾ। ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਸਾਹਿਬ ਨੂੰ ਪੁੱਛਿਆ ਸੀ। ਬੇਨਤੀ ਕੀਤੀ ਸੀ ਕਿ ਬਾਬਾ ਜੀ ਕੁਝ ਕੁ ਸਿੰਘਾਂ ਦਾ ਆਹ ਖਿਆਲ ਹੈ, ਤੁਸੀਂ ਦੱਸੋ ? ਕੱਲ ਨੂੰ ਜੇ ਤਾਂ ਚਰਚਾ ਚੱਲਣੀ ਆਂ ਤੇ ਮੈਂ ਲਿਖਵਾ ਦੇਵਾਂ। ਉਹਨਾਂ ਕਿਹਾ ਲਿਖਵਾ ਲਉ। 16 ਸਾਲ ਤੋਂ ਲੈ ਕੇ 40 ਸਾਲ ਦੀ ਉਮਰ ਤੱਕ ਦੇ ਨਾਂਵਾਂ ਦੀ 30 ਹਜ਼ਾਰ ਦੀ ਗਿਣਤੀ ਆ ਮੇਰੇ ਕੋਲ, ਇਕੱਲੇ ਕੋਲੋਂ ਤੇ ਇਹ ਕਹਿੰਦੀ ਮੁੱਠੀ ਭਰ ਆ। ਗਰਜਾ ਸਿੰਘ ਤੇ ਬੋਤਾ ਸਿੰਘ ਦੋ ਸੀ। ਗੁਰੂ ਕ੍ਰਿਪਾ, ਸਤਿਗੁਰੂ ਬਖਸ਼ਿਸ਼ ਕਰਨ, ਸ਼ਾਂਤੀ ਨਾਲ ਕੰਮ ਨਿਬੜ ਜਾਏ ਤੇ ਬਹੁਤਾ ਚੰਗਾ, ਹਾਮੀ ਤਾਂ ਆਪਾਂ ਸ਼ਾਂਤੀ ਦੇ ਈ ਆਂ, ਪਰ ਜੇ ਕਿਤੇ ਗੱਡੀ ਚੱਲ ਪਈ ਤੇ (ਫਿਰ) ਪਤਾ ਲੱਗਣਾ ਕਿ ਮੁੱਠੀ ਭਰ ਆ ਜੋ ਬੁੱਕਲ 'ਚ ਵੀ ਨਹੀਂ ਪੈਂਦੇ। ਰੱਖਣੀ ਸ਼ਾਂਤੀ ਆ, ਕਿਉਂਕਿ ਅਜੇ ਹੁਕਮ ਸ਼ਾਂਤੀ ਦਾ ਪਰ ਇਕੱਲੀ ਸ਼ਾਂਤੀ ਨਾਲ ਸਰਨਾ ਨਹੀਂ, ਤਿਆਰ-ਬਰ-ਤਿਆਰ ਵੀ ਹੋਣਾ ਪੈਣਾ। ਸ਼ਸਤਰਧਾਰੀ ਬਣੋ ਤੇ ਆਪਸ ਵਿੱਚ ਮਿਲ ਕੇ ਚੱਲੋ ਤੇ ਨਸ਼ਿਆਂ ਦਾ ਤਿਆਗ ਕਰੋ।

ਸਰਸੇ ਇਲਾਕੇ ਵਿੱਚ ਦੇਹਧਾਰੀ ਡੰਮ੍ਹ

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਸਟੇਜ ਉਪਰੋਂ ਬੋਲਣ ਵਾਲਿਆਂ ਬੁਲਾਰਿਆਂ ਦੇ ਪਾਸੋਂ ਸੁੰਦਰ ਵਿਚਾਰ ਸੁਣੇ ਹਨ ਤੇ ਵਡਭਾਗੀ ਬਣੇ ਹੋ। ਜੋ ਅੱਜ ਦਾ ਜਥਾ ਗ੍ਰਿਫ਼ਤਾਰੀ ਦੇਣ ਵਾਸਤੇ, ਸਤਿਗੁਰੂ ਦਾ ਓਟ ਆਸਰਾ ਤੱਕ ਕੇ ਜਾ ਰਿਹਾ ਹੈ, ਇਸ ਜਥੇ ਦੇ ਜਥੇਦਾਰ ਸਾਹਿਬ ਨੇ ਆਪਣੇ ਵਿਚਾਰ ਦੱਸੇ ਹਨ। ਸਰਸੇ ਦੇ ਇਲਾਕੇ ਵਿੱਚ ਕੁਝ ਕੁ ਮਨੁੱਖ ਪੂਜਕ ਲੋਕਾਂ ਦਾ ਬੜਾ ਭਾਰੀ ਜ਼ੋਰ ਸੀ। ਜਿਸ ਵੇਲੇ ਦਾਸ ਉਥੇ ਪਹੁੰਚਿਆ, ਬਾਬਾ ਪ੍ਰੀਤਮ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਹੁਕਮ ਨੂੰ ਮੰਨ ਕੇ, ਤਾਂ ਉਹਨਾਂ ਸੱਜਣਾਂ

ਵਿੱਚ ਕੁਝ ਪ੍ਰੇਮੀ ਆਪਣੇ ਵਿੱਚ ਅੱਜ ਵੀ ਮੌਜੂਦ ਹਨ, ਜਿਨ੍ਹਾਂ ਨੇ ਪ੍ਰਬੰਧ ਵਿੱਚ ਹਿੱਸਾ ਲਿਆ ਸੀ। ਇਹਨਾਂ ਦੇ ਮਗਰ ਜੀਪਾਂ ਵੀ ਲਾਈਆਂ ਗਈਆਂ, ਹਥਿਆਰ ਵਿਖਾ ਕੇ ਇਹਨਾਂ ਨੂੰ ਭੈਭੀਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹ ਵੀ ਨਾਲ ਕਿਹਾ ਗਿਆ ਕਿ ਭਿੰਡਰਾਂਵਾਲਿਆਂ ਨੂੰ ਇਸ ਇਲਾਕੇ ਵਿੱਚ ਨਹੀਂ ਆਉਣ ਦੇਣਾ ਚਾਹੀਦਾ ਕਿਉਂਕਿ ਇਹ ਬੜਾ ਖ਼ਤਰਨਾਕ ਬੰਦਾ। ਜਦੋਂ ਉਥੇ ਜਾ ਕੇ ਸਤਿਗੁਰੂ ਜੀ ਦੇ ਅਸਥਾਨ ਦੇ ਦਰਸ਼ਨ ਕੀਤੇ ਹਨ, ਇਹਨਾਂ ਸਿੰਘਾਂ ਨਾਲ ਵਿਚਾਰ ਵਟਾਂਦਰਾ ਹੋਇਆ, ਭਾਵੇਂ ਪਹਿਲੀ ਵੇਰਾਂ ਇਹਨਾਂ ਦੇ ਦਰਸ਼ਨ ਹੋਏ ਸੀ। ਕਈ ਸੱਜਣਾਂ ਨੇ ਕਿਹਾ ਕਿ ਕਰਨੀਵਾਲ ਤੇ ਅਮਰਾਸਰ ਜਿਹੜਾ ਹੈ ਨਗਰ, ਜਿੱਥੇ ਕਿ ਨਾਮਧਾਰੀ ਵੀਰਾਂ ਦਾ ਕਾਫ਼ੀ, ਨਿੱਜੀ ਤੌਰ 'ਤੇ ਆਪਣਾ ਜ਼ੋਰ ਹੈ, ਉਸ ਇਲਾਕੇ ਵਿੱਚ ਆਪਾਂ ਨੂੰ ਕੁਝ ਕੁ ਸੰਕੋਚ ਕਰਨੀ ਚਾਹੀਦੀ ਹੈ ਕਿਉਂਕਿ ਉਹਨਾਂ ਦਾ ਮਨ ਠੀਕ ਨਹੀਂ। ਉਹ ਗੁਰਮਤਿ ਦੇ ਪ੍ਰਚਾਰ ਨੂੰ ਚੰਗਾ ਨਹੀਂ ਸਮਝਦੇ। ਦਾਸ ਨੇ ਬੇਨਤੀ ਕੀਤੀ ਸੀ (ਕਿ) ਜਿਸ ਨੂੰ ਭਾਈ ਡਰ ਹੈ, ਮੌਤ ਦਾ ਜਾਂ ਸਰੀਰ ਦੇ ਤਿਆਗਣ ਦਾ, ਉਹ ਆਰਾਮ ਨਾਲ ਗੁਰਦੁਆਰੇ ਵਿੱਚ ਬੈਠੇ। ਮੈਂ ਆਪਣੇ ਵੱਲੋਂ ਕਦੀ ਕੁਝ ਕਿਹਾ ਨਹੀਂ। ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ, ਜਿਹਨਾਂ ਦੀ ਬਰਸੀ ਪਹਿਲੀ ਭਾਦਰੋਂ ਨੂੰ ਆ ਰਹੀ ਹੈ, ਉਹਨਾਂ ਮਹਾਂਪੁਰਖਾਂ ਦਾ ਹੁਕਮ ਸੀ :

ਬੋਲੋ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਮੈਂ ਜੈਕਾਰੇ ਵਾਲੇ ਨੂੰ ਬੇਨਤੀ ਕਰਾਂਗਾ। ਟਾਈਮ ਵੀ ਬਹੁਤ ਥੋੜਾ ਬਾਕੀ। ਰਸਨਾ ਵੀ ਅੱਜ ਬਹੁਤਾ ਕੰਮ ਨਹੀਂ ਦਿੰਦੀ, ਜ਼ਿਆਦਾ ਪੱਕੀ ਹੋਈ ਆ। ਇਹ ਤਾਂ ਕੇਵਲ, ਸਿੰਘ ਸਾਹਮਣੇ ਬੈਠੇ ਹੋਣ ਕਰਕੇ, ਦੋ ਕੁ ਮਿੰਟ ਇਹਨਾਂ ਦੇ ਸੰਬੰਧ ਵਿੱਚ ਬੋਲਣਾ ਪੈਣਾ। ਉਹਨਾਂ ਮਹਾਂਪੁਰਖਾਂ ਦਾ ਹੁਕਮ ਸੀ ਕਿ ਸਿੰਘੋ, ਜਿਸ ਵੇਲੇ ਪ੍ਰਚਾਰ ਕਰਨਾ, ਉਸ ਵੇਲੇ ਇਹ ਨਹੀਂ ਸੋਚਣਾ ਕਿ ਮੇਰਾ ਸਰੀਰ ਪ੍ਰਚਾਰ ਕਰ ਰਿਹਾ ਹੈ, ਇਹ ਸੋਚਣਾ ਕਿ ਮੇਰਾ ਜਿਹੜਾ ਸਿਰ ਹੈ, ਉਹ ਖੱਬੇ ਹੱਥ ਦੀ ਤਲੀ 'ਤੇ (ਹੈ ਅਤੇ) ਮੇਰਾ ਧੜ ਸੰਗਤਾਂ ਦੇ ਜੋੜੇ ਝਾੜ ਰਿਹਾ, ਤਾਂ ਗੁਰਮਤਿ ਦਾ ਪ੍ਰਚਾਰ ਹੋਵੇਗਾ ਨਹੀਂ ਤੇ ਨਹੀਂ ਹੋਵੇਗਾ। ਇਸੇ ਤਰ੍ਹਾਂ ਹੀ ਉਥੇ ਕਰਨਾ ਪਿਆ। ਸੰਗਤਾਂ ਨੇ ਵੀ ਪਿਆਰ ਦਾ ਸਬੂਤ ਦਿੱਤਾ। ਉਹਨਾਂ ਇਲਾਕਿਆਂ ਵਿੱਚ ਜਾ ਕੇ ਜਿੱਥੇ ਜਿੱਥੇ ਉਹਨਾਂ ਦਾ ਨਿੱਜੀ ਤੌਰ 'ਤੇ ਬਹੁਤ ਭਾਰੀ ਜ਼ੋਰ ਸੀ। ਸੋ ਜਿਸ ਵੇਲੇ ਗੁਰਬਾਣੀ ਦੀ ਕਥਾ ਹੋਈ, ਘੰਟਾ ਸਵਾ ਘੰਟਾ। ਉਹਨਾਂ ਲੋਕਾਂ ਨੇ ਸੰਗਤ ਦੇ ਮਨ ਵਿੱਚ ਇਕ ਬੜਾ ਭਾਰੀ ਭੁਲੇਖਾ ਪਾਇਆ ਹੋਇਆ ਸੀ, ਜੋ ਕਾਫ਼ੀ ਹੱਦ ਤੱਕ ਦੂਰ ਹੋ ਚੁੱਕਾ, ਮਾਮੂਲੀ ਜਿਹਾ ਰਹਿੰਦਾ, ਇਕ ਅੱਧਾ ਗੇੜਾ ਹੋਰ ਲੱਗਾ ਤਾਂ ਦੂਰ ਹੋਵੇਗਾ। ਉਹ ਭੁਲੇਖਾ ਕੀ ਸੀ? ਇਹ ਸੱਜਣ ਵੀ ਕੋਲ ਬੈਠੇ ਨੇ ਇਹਨਾਂ ਨੂੰ ਖਾਸ ਕਰਕੇ ਪਤਾ।

ਬੁਲਾਰਿਆਂ 'ਤੇ ਵਿਅੰਗ

ਨਿਤਾਪ੍ਰਤੀ, ਹਰ ਰੋਜ਼, ਸਿੰਘਾਂ ਦੀਆਂ ਸ਼ਹੀਦੀਆਂ ਸੁਣਦੇ ਹਾਂ ਅਤੇ ਸਟੇਜਾਂ ਉੱਪਰੋਂ ਕੋਈ ਵੀ ਬੋਲਣ ਵਾਲਾ ਪ੍ਰੇਮੀ ਬੋਲਦਾ ਹੈ, ਚਾਹੇ ਕੋਈ ਸੰਤ ਨਾਉਂ ਨਾਲ ਹੈ, ਚਾਹੇ ਕੋਈ ਲੀਡਰ ਨਾਉਂ ਨਾਲ ਹੈ, ਚਾਹੇ ਕੋਈ ਜਥੇਦਾਰੀ ਦੇ ਨਾਉਂ ਨਾਲ ਬੋਲਦਾ ਹੈ, ਚਾਹੇ ਕੋਈ

ਵਰਕਰ ਦੇ ਰੂਪ ਵਿੱਚ ਬੋਲਦਾ ਹੈ, ਆਪਾਂ ਸਾਰਿਆਂ ਨੇ ਇਹ, ਮੈਂ ਸਮਝਦਾ ਹਾਂ ਰਟੀਨ ਜਿਹਾ ਬਣਾ ਲਿਆ ਹੈ ਕਿ ਅਸੀਂ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ, ਇਹਦੇ ਸਿੱਟੇ ਗੰਭੀਰ ਨਿਕਲਣਗੇ, ਜ਼ਿੰਮੇਵਾਰ ਸਰਕਾਰ ਹੋਵੇਗੀ। ਏਦੋਂ ਵੱਧ ਅਗਾਂਹ ਕੁਝ ਨਹੀਂ ਕਰਦੇ ਕਿਉਂਕਿ ਨਿਤਾਪ੍ਰਤੀ ਅੱਖਰ ਛਪਣ ਦੇ ਨਾਲ ਤੇ ਸੁਣਾਉਣ ਵਾਲੇ ਵੀ ਤੇ ਏਦੋਂ ਵੱਧ ਅੱਗੇ ਇਹਦਾ ਕੋਈ ਸਿਧਾਂਤ ਨਹੀਂ ਰਹਿ ਜਾਂਦਾ। ਸੋ ਆਪਾਂ ਨੂੰ ਇਹਨਾਂ ਦਾ ਤਿਆਗ ਕਰਕੇ, ਜੋ ਆਪਾਂ ਇਹ ਕਹਿਣਾ ਆਰੰਭ ਕੀਤਾ ਹੋਇਆ ਬਹੁਤ ਸਮੇਂ ਤੋਂ ਕਿ ਗੌਰਮੈਂਟ ਨੂੰ ਸਮਝ ਲੈਣਾ ਚਾਹੀਦਾ। 'ਉਹ ਸਮਝ ਲੈਣਾ ਚਾਹੀਦਾ' ਇਕ, ਦੋ, ਚਾਰ, ਦਸ ਵੇਰਾਂ ਹੁੰਦਾ ਕਹਿਣ ਵਾਸਤੇ, ਉਸ ਤੋਂ ਪਿੱਛੋਂ ਸੋਚਣਾ ਪਵੇਗਾ ਇਹ ਕਹਿਣ ਵਾਲਿਆਂ ਨੂੰ ਕਿ ਇਹ ਸਮਝਾਉਣਾ ਕਿਵੇਂ ਆਂ? ਸਮਝ ਲੈਣਾ ਚਾਹੀਦਾ, ਠੀਕ ਆ ਵਾਰਨਿੰਗ ਦੇਣੀ ਚੰਗੀ ਹੁੰਦੀ ਆ, ਪਰ ਜੇ ਕੋਈ ਸੈਂਕੜੇ ਵਾਰ ਕਹਿਣ ਦੇ ਬਾਵਜੂਦ ਵੀ ਸਮਝੇ ਨਾ ਤੇ ਖ਼ਾਲਸਾ ਜੀ, ਕਹਿਣ ਵਾਲਿਆਂ ਨੂੰ ਸਮਝਾਉਣ ਵਾਸਤੇ ਮਜਬੂਰ ਹੋਣਾ ਪਵੇਗਾ। ਹੁਣ ਉਹ ਸਮਾਂ ਆਪਣੇ 'ਤੇ ਆ ਪਹੁੰਚਿਆ।

ਨਰਕਧਾਰੀਆਂ ਦੇ ਐਲਾਨ 'ਤੇ ਪ੍ਰਤੀਕਰਮ

ਸੋ ਹੁਣ ਤੱਕ ਇਹਨਾਂ ਨੇ ਨਵਾਂ ਤਤਕਾਲ ਸ਼ੁਰੂ ਕਰ ਲਿਆ। ਅਖ਼ਬਾਰਾਂ ਵਾਲੇ ਵੀ ਪੁੱਛਦੇ ਆ, ਸੰਗਤ ਵੀ, ਕਈ ਪ੍ਰੇਮੀ ਗੁਰਮੁਖ ਗੁਰਸਿੱਖ ਪੁਛਦੇ ਆ—ਸੰਤ ਜੀ, ਆਹ ਨਰਕਧਾਰੀਆਂ ਨੇ, ਇਕ ਪ੍ਰੋਗਰਾਮ ਅਰੰਭਿਆ (ਤੇ) ਉਹ ਕਹਿੰਦੇ ਹਨ (ਕਿ) ਅਸੀਂ ਇਕੀਆਂ ਇਕੀਆਂ ਦਾ ਜਥਾ ਬਣਾ ਕੇ। ਕੋਈ ਕਹਿੰਦਾ ਮੈਂ ਚੰਡੀਗੜ੍ਹ ਤੋਂ ਦਿੱਲੀ ਤੇ ਦਿੱਲੀ ਤੋਂ ਫਿਰ ਆਵਾਂਗਾ ਅੰਮ੍ਰਿਤਸਰ। ਕੁਝ ਕੁ ਕਹਿੰਦੇ ਅਸੀਂ ਦਿੱਲੀਉ ਸਿੱਧੇ ਆਵਾਂਗੇ ਤੇ ਅਸੀਂ ਇਥੇ ਆ ਕੇ ਧਰਨਾ ਮਾਰ ਕੇ ਬੈਠਾਂਗੇ। ਮੈਂ ਤੇ ਆਨ੍ਹਾ ਸ਼ੁਕਰ ਹੈ, ਚੰਗੀ ਗੱਲ ਆ, ਜੇ ਆ ਜਾਣ ਤੇ ਮਾੜੀ ਗੱਲ ਨਹੀਂ। ਚੰਗਾ ਹੋਵੇਗਾ। ਕਈਆਂ ਦਾ ਇਹ ਵੀ ਵਿਚਾਰ ਆ (ਕਿ) ਜੇ ਜੀ ਉਹਨਾਂ ਨੇ ਧਰਨਾ ਮਾਰ ਲਿਆ ਤੇ ਕੀ ਹੋਵੇਗਾ? ਇਹਦੇ ਬਾਰੇ ਮੈਂ ਬਹੁਤਾ ਨਹੀਂ ਕਹਿੰਦਾ, ਇਹ ਤੇ ਸਮਾਂ ਦੱਸੇਗਾ, ਪਰ ਕਿਸੇ ਸਿੱਖ ਦੀ ਮਾਈ ਦੇ ਲਾਲ ਦੀ ਜ਼ੁਰਅਤ ਹੈ (ਕਿ) ਨਰਕਧਾਰੀਏ ਉਥੇ ਆਏ ਹੋਣ ਤੇ ਕੋਈ ਗੁਰੂ ਕਾ ਸਿੱਖ ਉਹਨਾਂ ਨੂੰ ਜਾ ਕੇ ਫ਼ਤਹਿ ਬੁਲਾਏ, ਹੁਕਮਨਾਮੇ ਦੀ ਉਲੰਘਣਾ ਕਰਕੇ, ਤਾਕਤ ਹੈ ਕਿਸੇ ਸਿੱਖ ਦੀ ਇਹ? ਚੋਰੀ ਤਾਂ ਠੀਕ ਆ ਬੁਲਾਉਂਦੇ ਫਿਰਦੇ ਬੁਲਾਉਣ ਤੇ ਜੋ (ਉਹ) ਇਥੇ ਬੈਠੇ ਤੇ ਉਦੋਂ ਜਿਹੜਾ ਸਿੱਖ ਉਹਨਾਂ ਨੂੰ ਫ਼ਤਹਿ ਬੁਲਾਉ, ਪਤਾ ਉਦੋਂ ਲੱਗਣਾ ਕੀ ਵਰਤਦੀ ਆ? ਕਈਆਂ ਵੀਰਾਂ ਦਾ ਖਿਆਲ ਆ ਭਈ ਜੇ ਇਥੇ ਆ ਗਏ ਤੇ ਸ਼ਾਇਦ ਫ਼ਤਹਿ ਫੁਤਹੇ ਬੁਲਾ ਕੇ ਸਹੀ ਹੋ ਜਾਉ ਉਹਨਾਂ ਨਾਲ। ਹੁਕਮਨਾਮੇ ਦੀ ਉਲੰਘਣਾ ਕਰਕੇ ਭਲਾ ਲੰਘਿਉ ਤੇ ਸਹੀ ਕੋਈ ਕਦਮ ਉਧਰ ਨੂੰ ਤੇ ਜਿਹੜੇ ਵੀਰ ਕਹਿੰਦੇ ਜੀ ਜੇ ਅੰਦਰ ਵੜ ਗਏ। ਮੈਨੂੰ ਅੱਜ ਅਖ਼ਬਾਰਾਂ ਵਾਲੇ ਪੁੱਛਦੇ ਸੀ ਕਿ ਜੇ ਨਾਨਕ ਨਿਵਾਸ ਵਿੱਚ ਆ ਗਏ ਤੇ ਤੁਹਾਡਾ ਕੀ ਖਿਆਲ ਆ? ਮੈਂ ਤਾਂ ਪੰਗਤੀ ਗੁਰੂ ਕੀ ਪੜ੍ਹੀ, ਗੁਰੂ ਦੇ ਆਸਰੇ ਜਿਉਨਾ। ਸਤਿਗੁਰੂ ਕਾ ਫੁਰਮਾਨ ਹੈ :

ਇਛਾ ਪੂਰਕ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥

(ਧਨਾਸਰੀ ਮਃ ੪, ਅੰਗ ੬੬੫)

ਉਹਨਾਂ ਦੀ ਇੱਛਾ ਹੈ ਕਿ ਅਸਾਂ ਕੁਰਬਾਨੀ ਦੇਣੀ ਆਂ ਤੇ ਸਿੱਖ ਚਾਹੁੰਦੇ ਆ ਕਿ ਸਾਡਾ ਕਰਜ਼ਾ ਪੂਰਾ ਹੋਵੇ ਤੇ ਗਲੋਂ ਗਲਾਵਾਂ ਲੱਥੇ। ਉਹ ਆਈ ਜਾਣ ਤੇ ਸਿੱਖ ਕੁਰਬਾਨੀ ਲਈ ਜਾਣਗੇ, ਤੁਰਨ ਤੇ ਸਹੀ ਭਲਾ ਕਿਸੇ ਪਾਸੇ?

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਉਹਨਾਂ ਨੇ ਇਹ ਭੁਲੇਖਾ ਪਾਉਣ ਦੀ ਕੋਸ਼ਿਸ਼ ਆਰੰਭ ਕੀਤੀ ਆ ਗੌਰਮੈਂਟ ਦੇ ਆਸਰੇ ਨਾਲ, ਕਿਉਂਕਿ ਗੁਰੂ ਕੇ ਸਿੱਖ ਤਾਂ ਹਨ ਨਹੀਂ, ਸਰਕਾਰ ਦੇ ਸਿੱਖ ਆ। ਸਰਕਾਰ ਦੇ ਟਾਊਟ ਆ ਉਹ, ਉਹਨਾਂ ਦਾ ਖਿਆਲ ਆ ਭਈ ਕਿਸੇ ਬਹਾਨੇ ਨਾਲ ਇਥੇ ਭੇਜ ਦਿਉ ਤੇ ਕੁਝ ਦਲ ਦੇ ਸਿੰਘ ਉਧਰ ਜਾ ਵੜਨਗੇ ਤੇ ਕੁਝ ਭਿੰਡਰਾਂਵਾਲੇ ਨੂੰ ਕਹਿ ਦੇਣਗੇ। ਉਹਨਾਂ ਦੇ ਚਿੱਤ ਵਿੱਚ ਆ ਕੇ ਜਿਹੜਾ ਅਖ਼ਬਾਰਾਂ 'ਚ ਨਿਤਾਪ੍ਰਤੀ ਲਿਖਿਆ ਹੁੰਦਾ ਨਾ (ਕਿ ਅਕਾਲੀ ਆਪਸ ਵਿੱਚ) ਲੜਦੇ ਆ ਤੇ ਖੌਰੀਂ ਇਹੀ ਗੱਲ ਹੁਣੀ ਆ। ਇਹ ਪਤਾ ਤਾਂ ਲੱਗਣਾ ਜਿੱਦੇਂ ਇੱਥੇ ਆਏ। ਸ਼ਾਇਦ ਹੋ ਸਕਦਾ ਮੈਨੂੰ ਪਤਾ ਵੀ ਨਾ ਲੱਗੇ ਤੇ ਘਰ ਦੀ ਗੱਲ ਆ, ਵਿੱਚੋਂ ਈ ਉੱਠ ਕੇ ਕੋਈ ਮਾਂਜਾ ਫੇਰ ਦੇਵੇ, ਨਾਂਅ ਤਾਂ ਮੇਰਾ ਈ ਲੱਗਣਾ ਨਾ।

ਸੋ ਗੁਰੂ ਕੇ ਸਿੰਘੋ, ਇਹੋ ਜਿਹੀਆਂ ਗੱਲਾਂ ਸੁਣ ਕੇ, ਇਹੋ ਜਿਹੀਆਂ ਚਾਲਾਂ ਸੁਣ ਕੇ, ਕਿਸੇ ਘਬਰਾਹਟ ਵਿੱਚ ਨਹੀਂ ਆਉਣਾ ਚਾਹੀਦਾ। ਨਾ ਹੀ ਇਹਨਾਂ 'ਤੇ ਕੋਈ ਬਹੁਤਾ ਨਿਸ਼ਚਾ ਰੱਖਣਾ, ਇਕ ਥਾਂ ਸਾਰੇ, ਠੀਕ ਆ ਕਿਸੇ ਨੂੰ ਮਾੜਾ ਮੋਟਾ ਕਿਸੇ ਨਾਲ ਗੁੱਸਾ ਗਿਲ਼ਾ ਹੋਵੇਗਾ ਤੇ ਆਪੇ ਨਿਕਾਲਦਾ ਫਿਰੇਗਾ, ਪਰ ਗੁਰੂ ਕੀ ਸੰਗਤ ਨੂੰ ਇਕ ਥਾਂ ਰਹਿਣਾ ਚਾਹੀਦਾ। ਨਿਸ਼ਾਨ ਸਾਹਿਬ ਦੇ ਥੱਲੇ ਰਹੋ, ਸਤਿਗੁਰੂ ਗ੍ਰੰਥ ਸਾਹਿਬ 'ਤੇ ਅਡੋਲ ਨਿਸ਼ਚਾ ਰੱਖੋ, ਕਿਤੇ ਬੰਦੇ ਦਾ ਆਸਰਾ ਨਾ ਤੱਕੋ। ਸਤਿਗੁਰੂ ਦਾ ਫੁਰਮਾਨ ਹੈ:

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨ॥

(ਗਉੜੀ ਮਃ ੫, ਅੰਗ ੨੮੧)

ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ॥

(ਸੋਰਠਿ ਮਃ ੫, ਅੰਗ ੬੨੪)

ਉਸ ਅਕਾਲ ਪੁਰਖ ਦੇ ਆਸਰੇ ਰਹੋ। ਪੰਥ ਦੇ ਨਾਲ ਡਟ ਕੇ ਚੱਲਣਾ, ਸਤਿਗੁਰੂ ਅਕਾਲ ਪੁਰਖ ਦਾ ਆਸਰਾ ਰੱਖਣਾ ਤੇ ਨਿਸ਼ਾਨ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣਾ।

ਨਰਕਧਾਰੀਆਂ ਨੂੰ ਦਰਬਾਰ ਸਾਹਿਬ ਭੇਜਣ ਦੀ ਸਾਜ਼ਿਸ਼

ਗੌਰਮੈਂਟ ਵਾਲਿਉ, ਤੁਹਾਨੂੰ ਦੱਸਣਾ ਚਾਹੁੰਨੇ ਆਂ ਕਦੇ ਬੁੰਗਿਆਂ 'ਤੇ ਨਿਗ੍ਹਾ, ਕਦੇ ਛਾਉਣੀਆਂ 'ਤੇ ਨਿਗ੍ਹਾ, ਕਦੇ ਗੁਰਦੁਆਰਿਆਂ 'ਤੇ ਨਿਗ੍ਹਾ, ਕਦੇ ਨਾਨਕ ਨਿਵਾਸ 'ਤੇ ਨਿਗ੍ਹਾ ਤੇ ਇਕ 15 ਤਰੀਕ ਨੂੰ 21 ਸਿੰਘਾਂ ਦਾ ਇਕ ਜਥਾ ਆ ਰਿਹਾ ਨਰਕਧਾਰੀਆਂ ਦਾ ਤੇ ਇਹ ਗੌਰਮੈਂਟ ਦੀ ਰਚੀ ਹੋਈ ਇਕ ਸਾਜ਼ਿਸ਼ ਆ। 78 ਨੂੰ ਵੀ ਉਹਨਾਂ ਨੂੰ ਸੱਦ ਕੇ ਇਥੇ ਗੜਬੜ ਕਰਾਈ ਸੀ ਤੇ ਹੁਣ ਖ਼ਾਲਸਾ ਜੀ, ਗੌਰਮੈਂਟ ਚਾਹੁੰਦੀ ਆ ਕਿ ਧਰਮ

ਯੁੱਧ ਮੋਰਚਾ ਚੜ੍ਹਦੀ ਕਲਾ ਵਿੱਚ ਜਾ ਰਿਹਾ ਹੈ, ਸਿੱਖ ਕੌਮ ਇਕ ਥਾਂ ਇਕੱਠੀ ਹੋਈ ਆ ਤੇ ਕਿਸੇ ਤਰੀਕੇ ਨਾਲ, ਅਕਾਲੀ ਦਲ ਨੂੰ, ਤੇ ਟਕਸਾਲਾਂ ਨੂੰ, ਸੰਪਰਦਾਵਾਂ ਨੂੰ, ਬਦਨਾਮ ਕੀਤਾ ਜਾਵੇ ਤੇ ਇਥੇ ਭੇਜ ਕੇ ਟਕਰਾਉ ਉਹਨਾਂ ਦਾ ਕੀਤਾ ਜਾਵੇ ਤੇ ਮੈਂ ਨਰਕਧਾਰੀਆਂ ਨੂੰ ਦੱਸ ਦੇਣਾ ਚਾਹੁੰਨਾਂ, ਦਿੱਲੀ ਜਦੋਂ 10 ਦਿਨ ਰਹੇ ਆ ਤੇ ਤੁਹਾਨੂੰ ਕਿਹਾ ਸੀ ਕਿ ਜੇ ਜਾਨ ਤੇ ਜ਼ੁਰਅਤ ਤੇ ਅਣਖ ਆ ਤੇ ਤੁਸੀਂ ਆਪਣਾ ਭਵਨ ਦਿੱਲੀ ਖੋਲ੍ਹ ਕੇ ਵਿਖਾਉ। ਉਦੋਂ ਛੱਡ ਕੇ ਮਸੂਰੀ ਚਲਿਆ ਗਿਆ ਸੀ ਇਹਨਾਂ ਦਾ ਮੁੰਡਾ। ਗੁਰਬਚਨਾ ਤਾਂ ਭਲਾ ਚੜ੍ਹ ਗਿਆ ਨਾ ਉਤਾਂਹ ਤੇ ਇਹ ਉਥੇ ਠਹਿਰਿਆ ਨਹੀਂ ਸੀ ਤੇ ਨਰਕਧਾਰੀਓ, ਤੁਹਾਨੂੰ ਦੱਸਣਾ ਚਾਹੁੰਨੇ ਆਂ, ਅਜੇ ਤੱਕ ਚੁੱਪ ਚਾਪ ਆਂ। ਸਿੰਘ ਕੁਝ ਬਹੁਤੇ ਇਸ ਪਾਸੇ ਧਿਆਨ ਜ਼ਿਆਦਾ ਨਹੀਂ ਦਿੰਦੇ, ਕਿਤੇ ਮਾੜਾ ਮੋਟਾ ਏ। ਜੇ ਤਾਂ ਟਿਕਾਅ ਰੱਖਣਾ ਤੇ ਚੰਗੀ ਗੱਲ ਆ ਤੇ ਜੇ ਸਾਰਿਆਂ ਨੇ ਇਹ ਹੀ ਰਸਤਾ ਫੜ ਲਿਆ ਕਿ ਜਿਹੜੇ ਰਸਤੇ ਗੁਰਬਚਨਾ ਗਿਆ, ਉਸੇ ਰਸਤੇ ਜਾਣਾ (ਤੇ ਫਿਰ) ਜੀਅ ਸਦਕੇ ਆਉ, ਤੁਹਾਡਾ ਸਤਿਕਾਰ ਇਥੇ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਤੇ ਜੇ ਤਾਂ ਬਚਣਾ ਚਾਹੁੰਦੇ ਆਂ ਤੇ ਫਿਰ ਸਰਕਾਰ ਦੇ ਹੱਥ ਚੜ੍ਹ ਕੇ ਇੱਧਰ ਨੂੰ ਆਉਣ ਦਾ ਮੂੰਹ ਨਾ ਕਰਿਉ ਤੇ ਜੇ ਜ਼ਰੂਰ ਇਸੇ ਰਸਤੇ ਲੰਘਣਾ ਤੇ ਫਿਰ ਮੀਰੀ ਪੀਰੀ ਦੇ ਮਾਲਕ ਨੇ ਰਾਏ ਯੋਗ ਨੂੰ ਕਿਹਾ ਸੀ, ਜਦੋਂ ਹਸਨ ਖਾਂ ਦੂਤ ਗਿਆ। ਮਹਾਰਾਜ ਕਹਿਣ ਲੱਗੇ, ਰਾਏ ਯੋਗ, ਇਹਨੂੰ ਛੱਡ ਦਿਉ ਤੇ ਰਾਏ ਯੋਗ ਕਹਿਣ ਲੱਗਾ, ਸੱਚੇ ਪਾਤਸ਼ਾਹ, ਇਹ ਜਾਸੂਸ ਆ। ਮਹਾਰਾਜ ਕਹਿਣ ਲੱਗੇ ਸ਼ਰਨ ਵਿੱਚ ਰਹੇਗਾ ਤਾਂ ਕੁਝ ਲੈ ਲਵੇਗਾ ਤੇ ਜੇ ਬਹੁਤਾ ਉਰਾਂ ਪਰਾਂ ਕਰੇਗਾ ਜਿਥੇ 34 ਹਜ਼ਾਰ ਲੰਘਾਉਣੇ ਇਕ ਵਿੱਚ ਇਹ ਵੀ ਉਸ ਰਸਤੇ ਲੰਘ ਜਾਵੇਗਾ। ਮੈਂ ਬਾਬਾ ਜੀ ਹੁਣਾਂ ਨੂੰ ਬੇਨਤੀ ਕੀਤੀ ਸੀ। ਉਹਨਾਂ ਨੂੰ ਥੋੜ੍ਹਾ ਜਿਹਾ ਕਹਿੰਦੇ, ਉਹ ਨਰਮ ਆਂ। ਉਹ ਉਹਨਾਂ ਦੀ ਮਰਜ਼ੀ ਆ। ਸਾਡਾ ਵੈਰ ਕਿਸੇ ਨਾਲ ਹੈ ਨਹੀਂ, ਆਏ ਨੂੰ ਅਸੀਂ ਨਾਰਾਜ਼ ਮੋੜਦੇ ਨਹੀਂ ਤੇ ਸਰਕਾਰ ਦੇ ਹੱਥੀਂ ਚੜ੍ਹ ਕੇ ਜਾਣ ਬੁੱਝ ਕੇ ਪੰਗਾ ਲੈਣਾ ਤੇ ਫਿਰ ਜੀ ਸਦਕੇ ਆਉਣ ਤੇ ਸਿੱਖਾਂ ਨੂੰ ਬੇਨਤੀ ਕਰਾਂਗਾ ਸਮੁੱਚੇ ਤੌਰ 'ਤੇ (ਕਿ) ਗਲ ਕਿਸੇ ਦੇ ਪੈਣਾ ਨਹੀਂ ਤੇ ਜੇ ਦਿੱਲੀਉਂ ਚੜ੍ਹ ਕੇ ਇਥੇ ਟਕਰਾਉਣ ਵਾਸਤੇ, ਇਥੇ ਲੜਾਉਣ ਵਾਸਤੇ, ਧਰਮ ਯੁੱਧ ਮੋਰ੍ਚੇ ਦੇ ਵਿੱਚ ਵਿਘਨ ਪਾਉਣ ਵਾਸਤੇ, ਨਰਕਧਾਰੀਏ ਰਾਹ ਵਿੱਚ ਜੇ ਆਉਣ (ਤਾਂ) ਹੁਕਮਨਾਮਾ ਜਾਰੀ ਹੋਇਆ, ਉਹਦੀ ਪੂਰੀ ਪਾਲਣਾ ਕਰਿਉ। ਮੈਂ ਆਪਣੇ ਵੱਲੋਂ, ਸ਼੍ਰੋਮਣੀ ਅਕਾਲੀ ਦਲ ਦਾ ਸਭ ਤੋਂ ਪਹਿਲਾਂ, ਗ਼ਲਤੀ ਹੋ ਗਈ ਮੁਆਫ਼ ਕਰਿਉ, ਸਭ ਤੋਂ ਪਹਿਲੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਸ ਸਵਾਸ ਧੰਨਵਾਦ ਕਰਦਾਂ ਤੇ ਸ਼੍ਰੋਮਣੀ ਅਕਾਲੀ ਦਲ, ਸਮੁੱਚੇ ਤੌਰ 'ਤੇ ਸਿੱਖ ਜਗਤ, ਵਿਸ਼ੇਸ਼ ਤੌਰ 'ਤੇ ਸਮੂਹ ਸੰਪਰਦਾਵਾਂ ਤੇ ਸਭ ਤੋਂ ਵਿਸ਼ੇਸ਼ ਤੌਰ 'ਤੇ ਜਹਾਜ਼ ਅਗਵਾਹ ਕਰਨ ਵਾਲੇ ਤੇ ਮੋਟਰ ਸਾਈਕਲ ਵਾਲਿਆਂ ਦਾ ਧੰਨਵਾਦ ਕਰਦਾਂ ਹਾਂ ਵਧਾਈ ਦਿੰਦਾ ਹਾਂ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਨਰਕਧਾਰੀਆਂ ਦਾ ਸੁਆਗਤ ਕਰਨ ਬਾਰੇ ਝੂਠੀ ਖ਼ਬਰ

ਨਰਕਧਾਰੀਆਂ ਬਾਰੇ ਅੱਜ ਅਖ਼ਬਾਰਾਂ ਵਿੱਚ ਖ਼ਬਰਾਂ ਪੜ੍ਹ ਮਨ ਬੜਾ ਹੈਰਾਨ ਹੋਇਆ। ਨਰਕਧਾਰੀਆਂ (ਨਿਰੰਕਾਰੀਆਂ), ਉਹ ਜਿਹਨਾਂ ਨੂੰ ਤੇ ਲਹਿਜੇ ਦਾ ਪਤਾ, ਉਹਨਾਂ ਨੂੰ ਸਮਝ ਤਾਂ ਆਈ ਹੋਵੇਗੀ, ਪਰ ਆਮ ਜਨਤਾ ਦੇ ਮਨ ਵਿੱਚ ਭੁਲੇਖਾ ਪੈ ਸਕਦਾ ਕਿ ਭਿੰਡਰਾਂਵਾਲਿਆਂ ਨੇ ਆਖਿਆ ਕਿ ਨਿਰੰਕਾਰੀ ਜਦੋਂ ਇੱਥੇ ਆਉਣ ਤਾਂ ਉਹਨਾਂ ਦਾ ਸੁਆਗਤ ਕੀਤਾ ਜਾਵੇ, ਜਾਂ ਤਾਂ ਨਾਲ ਦੱਸ ਦਿੰਦੇ ਕਿ ਜਿਵੇਂ ਗੁਰੂ ਕੇ ਨਿੰਦਕ ਦਾ ਸੁਆਗਤ ਕਰੀਦਾ, ਉਸ ਤਰ੍ਹਾਂ ਕਰਨਾ। ਪਰ ਫਿਰ ਵੀ ਸ਼ੱਕ ਨਾ ਕਿਸੇ ਨੂੰ ਪੈਂਦੀ। ਇਕੱਲੇ ਅੱਖਰ ਲਿਖ ਦਿੱਤੇ ਨੇ ਕਿ ਨਰਕਧਾਰੀਆਂ ਦਾ ਸੁਆਗਤ ਭਿੰਡਰਾਂਵਾਲੇ ਨੇ ਕਿਹਾ ਕਿ ਕਰੋ। ਹੁਣ ਇਹਦਾ ਕੀ ਪਤਾ ਕਿਵੇਂ ਕਰਨਾ? ਸਤਿਗੁਰੂ ਕ੍ਰਿਪਾ ਕਰਨ, ਆਪਾਂ ਗਲ ਕਿਸੇ ਦੇ ਪੈਣਾ ਨਹੀਂ ਤੇ ਜੇ ਮੱਲੋ-ਮਲੀ ਆਣ ਕੇ ਗਲ ਚੜ੍ਹੇਗਾ, ਫਿਰ ਲਾਹੁਣ ਤੋਂ ਟਲਣਾ ਨਹੀਂ। ਉਹਨਾਂ ਨੇ ਸਕੀਮਾਂ ਬਣਾਈਆਂ ਕਿ ਘੰਟਾ ਘਰ ਵਾਲੇ ਪਾਸੇ 21-21 ਬੰਦਿਆਂ ਦੇ ਜਥੇ ਭੇਜ ਕੇ ਤੇ ਸ਼੍ਰੋਮਣੀ ਅਕਾਲੀ ਦਲ ਤੇ ਭਿੰਡਰਾਂਵਾਲੇ ਦੀ ਪਿਆਸ ਬੁਝਾ ਦੇਈਏ ਤੇ ਇਹਨਾਂ ਨੂੰ ਕਹੀਏ ਜਿੰਨਾ ਖ਼ੂਨ ਪੀਣਾ ਪੀ ਲਵੋ ਤੇ ਜਦੋਂ ਟਕਰਾ ਹੋਇਆ, ਉਦੋਂ ਕਹਿ ਦਿਆਂਗੇ ਜੀ ਇਹ ਤਾਂ ਅਕਾਲੀ ਦਲ ਨੇ ਕਰਵਾਇਆ, ਭਿੰਡਰਾਂਵਾਲੇ ਨੇ ਕਰਵਾਇਆ। ਮੈਂ ਸੰਗਤ ਦੇ ਚਰਨਾਂ ਵਿੱਚ ਬੇਨਤੀ ਕਰਾਂਗਾ ਇਹ ਇਲਜ਼ਾਮ ਆਪਣੇ 'ਤੇ ਕੋਈ ਸਿੱਧ ਨਹੀਂ ਹੋਣਾ। ਜੇ ਚਾਹਟਾ ਛਕਾ ਦਿੱਤਾ ਨਾ ਕਿਸੇ ਨੇ ਤਾਂ ਕੋਈ ਨੁਕਸਾਨ ਨਹੀਂ ਹੁੰਦਾ। ਫਿਕਰ ਨਾ ਕਰਿਉ, ਕਿਉਂਕਿ ਸਿੱਖਿਆ ਉਹਨਾਂ ਨੇ ਦੇ ਦਿੱਤੀ ਆ। ਜੇ ਉਹ ਸ਼ਾਂਤਮਈ ਨਾਲ ਆਉਣ ਲੱਗੇ ਆ ਤੇ ਉਹਨਾਂ ਨੂੰ ਕਿਸੇ ਨੇ ਚਾਹਟਾ ਛਕਾ ਦਿੱਤਾ ਆ ਤੇ ਕਹਿੰਦੇ (ਨੇ) ਕੇਸ ਬਣੇਗਾ ਤੇ ਜੇ ਆਪਣੇ ਸ਼ਾਂਤਮਈ ਗਏ ਸੀ ਤੇ ਉਨ੍ਹਾਂ ਨੇ ਤੇਰਾਂ ਭੁੰਨ ਦਿੱਤੇ ਸੀ, ਉਨ੍ਹਾਂ 'ਤੇ ਕਿੰਨੇ ਕੁ ਕੇਸ ਚੱਲੇ ਸੀ। ਆਪਣੇ ਸਿੰਘ ਲੜਨ ਤੇ ਨਹੀਂ ਸੀ ਗਏ ਉਦੋਂ 78 ਵਿੱਚ 1978 ਨੂੰ। ਉਹ ਵੀ ਤਾਂ ਸ਼ਾਂਤੀ ਨਾਲ ਹੀ ਗਏ ਸੀ ਨਾ (ਕਿ) ਗੁਰੂ ਦੀ ਨਿੰਦਿਆ ਨਾ ਕਰੋ ਤੇ ਜੇ ਦੁਬਾਰਾ ਇਹ ਸ਼ਾਂਤੀ ਨਾਲ ਆਉਣਗੇ ਤੇ ਆਪਾਂ (ਵੀ ਉਹੋ) ਰਸਤਾ ਅਖ਼ਤਿਆਰ ਕਰ ਲਾਂਗੇ, ਅੱਗੇ ਜਿਵੇਂ ਗੁਰੂ ਨੂੰ ਭਾਵੇਗਾ।

ਮੈਂ ਆਪਣੇ ਵੱਲੋਂ ਜਥੇ ਵਿੱਚ ਜਾਣ ਵਾਲੇ ਜਥੇਦਾਰਾਂ ਦਾ, ਸਾਰੇ ਮਾਈਆਂ, ਭਾਈਆਂ, ਗੁਰਮੁਖਾਂ, ਨੌਜੁਆਨਾਂ ਦਾ ਧੰਨਵਾਦ ਕਰਦਾ ਤੇ ਜਿਹਨਾਂ ਸਿੰਘਾਂ ਨੇ ਅੱਜ ਸ਼ਰਾਬ ਛੱਡੀ ਆ ਤੇ ਦਾਹੜੀ ਤੇ ਕੇਸ ਰੱਖਣ ਦਾ ਪ੍ਰਣ ਕੀਤਾ, ਉਹਨਾਂ ਸਿੰਘਾਂ ਨੂੰ ਵੀ ਬੇਨਤੀ ਕਰਾਂਗਾ (ਕਿ) ਸਿੰਘੋ, ਪ੍ਰਣ ਕਰਕੇ ਮੁਕਰਨਾ ਨਹੀਂ। ਸਿੱਖੀ ਸਰੂਪ ਵਿੱਚ ਸਾਬਤ ਰਹਿਣਾ, ਬਾਣੀ ਪੜ੍ਹਨੀ ਤੇ ਰਹਿਤ ਮਰਿਆਦਾ ਵਿੱਚ ਚੱਲਣਾ। ਸਤਿਗੁਰੂ ਕ੍ਰਿਪਾ ਕਰਨਗੇ, ਜ਼ਰੂਰ ਚੜ੍ਹਦੀ ਕਲਾ ਹੋਵੇਗੀ। ਸਦਾ ਨਿਸ਼ਾਨ ਸਾਹਿਬ ਦੇ ਥੱਲੇ ਰਹਿ ਕੇ, ਪੰਥ ਦੀ ਨੰਗੇ ਧੜ ਡਟ ਕੇ ਹਮਾਇਤ ਕਰਨੀ, ਘੁੰਢ ਜਿਹਾ ਕੱਢ ਕੇ ਨਹੀਂ। ਸਤਿਗੁਰੂ ਕ੍ਰਿਪਾ ਕਰਨ ਸਾਨੂੰ ਸਾਰਿਆਂ ਨੂੰ ਉਦਮ ਬਖਸ਼ਣ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਗਾਂਧੀ ਨੂੰ ਬਾਪੂ ਕਹਿਣ ਵਾਲੇ

ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ, ਮੈਂ ਗੁੱਸੇ ਨਾਲ ਤੇ ਨਹੀਂ ਕਹਿੰਦਾ, ਅਫ਼ਸੋਸ ਨਾਲ ਕਹੂੰਗਾ, ਕਿਉਂਕਿ ਛੋਟਾ ਆਂ। ਪਿੱਛੋਂ ਕਈ ਵਾਰ ਕਹਿ ਵੀ ਦਿੰਦੇ ਆ ਕਿ ਤੂੰ ਕਿਉਂ ਸਾਨੂੰ ਝਿੜਕਿਆ? ਓ ਬੁਲਾਰੇ ਤੇ ਪ੍ਰੇਮੀ ਭਾਈਓ ਤੇ ਵਿਦਿਆਰਥੀਓ, ਖਾਸ ਕਰਕੇ ਤੁਹਾਨੂੰ ਮੈਂ ਜ਼ਰੂਰ ਕਹਾਂਗਾ ਅੱਜ। ਹਿੰਦੁਸਤਾਨ ਦਾ ਬਾਪੂ, ਸਾਡੇ ਮੀਤ ਪ੍ਰਧਾਨ ਨੇ ਬੋਲਿਆ ਸੀ, ਉਹ ਬਾਪੂ ਬਾਹਮਣਾਂ ਦਾ ਹੋਵੇਗਾ, ਸਾਡਾ ਬਾਪੂ ਤੇ ਗੁਰੂ ਗ੍ਰੰਥ ਸਾਹਿਬ ਆ।

ਸਤਿਗੁਰ ਸਾਹਿਬ ਛਡ ਕੈ ਮਨਮੁਖ ਹੋਇ ਬੰਦੇ ਦਾ ਬੰਦਾ ॥

(ਵਾਰਾਂ ਭਾਈ ਗੁਰਦਾਸ ਜੀ, ੧੫-੪)

ਜਿਹਨੂੰ ਲੋਕਾਂ ਨੇ ਰਾਸ਼ਟਰੀ ਬਾਪੂ ਕਹਿ ਦਿੱਤਾ, ਲਾਲਚੀਆਂ ਨੇ, ਉਸ ਰਾਸ਼ਟਰੀ ਬਾਪੂ ਪਖੰਡੀ ਦੇ ਚਰਖੇ ਨਾਲ ਹਿੰਦੁਸਤਾਨ ਆਜ਼ਾਦ ਹੋਇਆ? ਫਾਂਸੀ 'ਤੇ ਭਗਤ ਸਿੰਘ ਲਟਕਾਇਆ। ਓਡਵਾਇਰ ਨੂੰ ਮਾਰਨ ਵਾਸਤੇ ਊਧਮ ਸਿੰਘ ਪਹੁੰਚਿਆ। ਓਏ 6 ਗੋਲੀਆਂ ਦੇ ਨਾਲ ਵੱਖੀ ਵਿੱਚ ਦੀ ਲੰਘਾ ਕੇ ਆਜ਼ਾਦੀ ਮਿਲੀ ਕਿ ਚਰਖ਼ੇ ਦੀਆਂ ਫੱਟੀਆਂ ਨਾਲ ਮਿਲੀ ਆ? ਤੋਪ ਦਾ ਗੋਲਾ ਵੱਜਿਆ, ਫੱਟੀ ਉੱਡੀ ਬਾਰਡਰ ਤੋਂ, ਦਿੱਲੀਓਂ ਉਰਾਂ ਖਲੋਂਦੀ ਨਹੀਂ। ਉਥੇ ਕਛਹਿਰਿਆਂ ਵਾਲੇ ਤੇ ਦਾਹੜਿਆਂ ਵਾਲੇ ਤੇ ਗਾਤਰੇ ਕ੍ਰਿਪਾਨਾਂ ਤੇ ਸਿੰਘ ਨਾਂਅ ਵਾਲੇ ਸੀਸ ਤਲੀ 'ਤੇ ਰੱਖਣ ਵਾਲੇ ਲੜਨ ...ਤੇ ਰਾਸ਼ਟਰੀ ਬਾਪੂ ਇਹਨਾਂ ਦਾ ਗਾਂਧੀ। ਇਹ ਰੱਖੀ ਫਿਰਨ ਆਪ ਦਾ। ਕੁਝ ਅਕਲ ਤੋਂ ਕੰਮ ਲਿਆ ਕਰੋ ਬੋਲਣ ਲੱਗੇ।

ਸਤਿਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ ਜੀ ਨੇ, ਇਸ ਵੇਲੇ ਖ਼ਾਲਸੇ ਦਾ ਸੀਸ ਧੜ ਤੋਂ ਜੁਦਾ ਕਰਕੇ, ਅੰਮ੍ਰਿਤ ਦੇ ਬਾਟੇ ਕੋਲੇ ਲਿਜਾ ਕੇ ਯੂਨਿਟੀ ਪੈਦਾ ਕੀਤੀ, ਏਕਤਾ ਪੈਦਾ ਕੀਤੀ। ਕੀਹਨੇ ਕੀਤੀ? ਕੈਂਚੀ ਤੇ ਪਛਣਾ ਦੁਬਿਧਾ ਤੇ ਫਿਰਕਾਪ੍ਰਸਤੀ ਦੇ ਪ੍ਰਤੀਕ ਆ। ਕ੍ਰਿਪਾਨ ਏਕਤਾ ਦੀ ਪ੍ਰਤੀਕ ਆ ਨੌਜੁਆਨੋਂ! ਜਿਸ ਤੋਂ ਅੱਜ ਤੁਸੀਂ ਜਿਵੇਂ ਤੀਰ ਤੋਂ ਕਾਂ ਚੱਲਦਾ, ਇਸ ਤਰ੍ਹਾਂ ਤੁਸੀਂ ਡਰਦੇ ਓ ਕ੍ਰਿਪਾਨ ਪਾਉਣ ਤੋਂ। ਇਕੋ ਇਕ ਕ੍ਰਿਪਾਨ, ਸ੍ਰੀ ਸਾਹਿਬ ਹੈ ਜੋ ਸਾਰਿਆਂ ਨੂੰ ਇਕ ਥਾਂ ਬਿਠਾਉਣ ਵਾਲੀ ਆ ਤੇ ਪਛਣੇ ਤੇ ਕੈਂਚੀ ਨਾਲ ਮੂੰਹ ਸਿਰ ਮੁੰਨ ਦੇਈਏ ਹਿੰਦੂ ਬਣ ਜਾਂਦਾ, ਲਥਾਂ ਕੱਟ ਕੇ ਸੁੰਨਤ ਕਰ ਦੇਈਏ ਮੁਸਲਮਾਨ ਬਣ ਜਾਂਦਾ ਤੇ ਕ੍ਰਿਪਾਨ ਨਾਲ ਸਿਰ ਵੱਢ ਕੇ ਅੰਮ੍ਰਿਤ ਦੇ ਬਾਟੇ ਕੋਲ ਲੈ ਜਾਈਏ ਤੇ ਗੁਰੂ ਦਾ ਮਾਲਕ ਬਣ ਜਾਂਦਾ। ਮਹਾਰਾਜ ਕਹਿੰਦੇ ਹਨ :

ਰਹਿਣੀ ਰਹਹਿ ਸੋਈ ਸਿਖ ਮੇਰਾ॥
ਉਹ ਸਾਹਿਬ ਮੈ ਉਸ ਕਾ ਚੇਰਾ॥

ਇਹ ਕ੍ਰਿਪਾਨ ਨਾਲ ਮਿਲਿਆ ਸੀ ਕਿ ਕੈਂਚੀ-ਪਛਣੇ ਨਾਲ ਮਿਲਿਆ ਸੀ ?

ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਤੋਂ ਬਚ ਕੇ ਰਹਿਣ ਦੀ ਅਪੀਲ

ਬਾਕੀ ਆਹ ਜਿਹੜਾ ਪ੍ਰੋਗਰਾਮ ਚੱਲਿਆ। ਇਹਨੂੰ ਸੁਣ ਕੇ ਕਿਤੇ ਇਹ ਨਾ ਖਿਆਲ ਕਰ ਲਿਉ ਭਈ ਪੰਥ ਤੋਂ ਵੱਖਰੇ ਹੋ ਕੇ ਤੁਰਨਾ। ਤੁਰਨਾ ਪੰਥ ਦੇ ਨਾਲ ਆ, ਕੇਸਰੀ ਨਿਸ਼ਾਨ

ਸਾਹਿਬ ਦੇ ਥੱਲੇ ਰਹਿਣਾ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ, ਪਰ ਇਕ ਗੱਲ ਇਹ ਪੱਕੀ ਨੋਟ ਕਰਨੀ ਆਂ। ਪੰਥ ਦੇ ਨਾਂਅ ਦੀ ਡੁਗ-ਡੁਗੀ ਖੜਕਾ ਕੇ, ਨਿਸ਼ਾਨ ਸਾਹਿਬ ਦਾ ਨਾਂਅ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਸਤਾ ਪਾ ਕੇ, ਹੁਕਮਨਾਮੇ ਦੀ ਉਲੰਘਣਾ ਕਰਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ ਕੇ, ਉਹਨਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਰੱਖਣ ਦਾ ਕੋਈ ਮਨੁੱਖ ਪਖੰਡ ਕਰਦਾ ਤਾਂ ਉਹ ਗੁਰੂ ਦਾ ਸਿੱਖ ਨਹੀਂ।

ਭਾਰਤੀ ਰਾਜ ਦੇ ਹਕੀਕੀ ਖਾਸੇ ਬਾਰੇ ਸੰਤ ਜਰਨੈਲ ਸਿੰਘ ਜੀ ਦੀ ਸੋਚ

(ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਜਿਹੜੀ ਕਿ ਆਮ ਰਵਾਇਤੀ ਅਕਾਲੀ ਆਗੂਆਂ ਨਾਲੋਂ ਬਹੁਤ ਹੀ ਉੱਚੀ ਅਤੇ ਦੂਰ-ਅੰਦੇਸ਼ੀ ਨਾਲ ਭਰਪੂਰ ਸੀ, ਬਾਰੇ ਕੌਮ ਦੇ ਮਹਾਨ ਚਿੰਤਕ ਸ: ਅਜਮੇਰ ਸਿੰਘ ਹੋਰਾਂ ਦਾ ਇਹ ਲੇਖ ਬਹੁਤ ਹੀ ਬਗੀਕੀ ਭਰੇ ਅਧਿਐਨ ਲਈ ਸਹਾਇਕ ਹੈ।)

ਭਾਰਤ ਅੰਦਰ ਸਿੱਖ ਕੌਮ ਦੀ ਸਥਿਤੀ ਬਾਰੇ ਸੰਤ ਜਰਨੈਲ ਸਿੰਘ ਦੀ ਸਮਝ ਰਵਾਇਤੀ ਸਿੱਖ ਸੋਚਣੀ ਨਾਲੋਂ ਅਹਿਮ ਰੂਪ ਵਿੱਚ ਅਲੱਗ ਸੀ। ਆਜ਼ਾਦੀ ਤੋਂ ਬਾਅਦ ਸਿੱਖ ਆਗੂਆਂ ਦੀ ਹਿੰਦੂ ਹਾਕਮਾਂ ਖਿਲਾਫ਼ ਇਹ ਹਰਦਮ ਸ਼ਿਕਾਇਤ ਬਣੀ ਰਹੀ ਕਿ ਭਾਰਤ ਅੰਦਰ ਸਿੱਖਾਂ ਨਾਲ ਸਾਵਾਂ ਸਲੂਕ ਨਹੀਂ ਹੋ ਰਿਹਾ ਅਤੇ ਉਨ੍ਹਾਂ ਨਾਲ ਪੈਰ-ਪੈਰ 'ਤੇ ਵਿਤਕਰਾ ਤੇ ਬੇਇਨਸਾਫ਼ੀ ਹੋ ਰਹੀ ਹੈ। ਇਹ ਮੁੱਦਾ 1947 ਤੋਂ ਬਾਅਦ ਅਕਾਲੀ ਦਲ ਦੀ ਸਮੁੱਚੀ ਰਾਜਨੀਤਕ ਸਰਗਰਮੀ ਦਾ ਧੁਰਾ ਬਣਿਆ ਰਿਹਾ। ਜ਼ਾਹਰਾ ਤੌਰ 'ਤੇ ਸੰਤ ਭਿੰਡਰਾਂਵਾਲੇ ਵੀ ਸਿੱਖ ਕੌਮ ਨਾਲ ਵਿਤਕਰੇ ਤੇ ਦਵੈਤ ਦਾ ਹੀ ਸੁਆਲ ਉਠਾਉਂਦੇ ਰਹੇ। ਪ੍ਰੰਤੂ ਜੇਕਰ ਉਹਨਾਂ ਦੀ ਪੇਸ਼ਕਾਰੀ ਦੇ ਅੰਦਾਜ਼ ਅਤੇ ਤੱਤ ਦਾ ਗਹਿਰਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਨ੍ਹਾਂ ਦੀ ਰਾਜਸੀ ਵਿਚਾਰਧਾਰਾ ਦਾ ਅਕਾਲੀ ਲੀਡਰਸ਼ਿਪ ਦੀ ਸੋਚਣੀ ਨਾਲੋਂ ਸਿਫ਼ਤੀ ਵਖਰੇਵਾਂ ਸਪੱਸ਼ਟ ਉਗੜ ਆਉਂਦਾ ਹੈ। ਮਾ. ਤਾਰਾ ਸਿੰਘ ਦੀ ਲੀਡਰਸ਼ਿਪ ਦੇ ਦੌਰ ਅੰਦਰ ਸਿੱਖ ਕੌਮ ਨਾਲ ਵਿਤਕਰੇ ਨੂੰ ਵੱਧ ਧਾਰਮਿਕ-ਸੱਭਿਆਚਾਰਕ ਦ੍ਰਿਸ਼ਟੀ ਤੋਂ ਵੇਖਿਆ ਤੇ ਪੇਸ਼ ਕੀਤਾ ਜਾਂਦਾ ਰਿਹਾ। ਮਗਰਲੇ ਦੌਰ ਦੀ ਅਕਾਲੀ ਲੀਡਰਸ਼ਿਪ ਵਿਤਕਰੇ ਦੀ ਗੱਲ ਕਰਨ ਵੇਲੇ ਵੱਧ ਇਸਦੇ ਆਰਥਿਕ ਪਹਿਲੂ ਉਤੇ ਦਾਬ ਦੇਣ ਦੀ ਰੁਚੀ ਦਾ ਪ੍ਰਗਟਾਵਾ ਕਰਦੀ ਰਹੀ। ਦੋਨੋਂ ਹੀ ਵੰਨਗੀਆਂ ਦੀ ਅਕਾਲੀ ਲੀਡਰਸ਼ਿਪ, ਆਪਣੇ ਅਲੱਗ-ਅਲੱਗ ਕਾਰਨਾਂ ਕਰਕੇ, ਸਿੱਖ ਕੌਮ ਨਾਲ ਹੋ ਰਹੇ ਧੱਕੇ ਤੇ ਵਿਤਕਰੇ ਦੇ ਸਿਆਸੀ ਤੱਤ ਨੂੰ ਪਛਾਨਣ ਅਤੇ ਇਸ ਨੂੰ ਆਪਣੀ ਸੋਚ ਤੇ ਸਰਗਰਮੀ ਦਾ ਧੁਰਾ ਬਣਾਉਣ ਤੋਂ ਟਾਲਾ ਵਟਦੀ ਰਹੀ। ਸੰਤ ਜਰਨੈਲ ਸਿੰਘ ਪਹਿਲੇ ਸਿੱਖ ਆਗੂ ਸਨ ਜਿਨ੍ਹਾਂ ਨੇ ਸਿੱਖ ਕੌਮ ਨਾਲ ਹੋ ਰਹੇ ਧੱਕੇ ਤੇ ਵਿਤਕਰੇ ਦੇ ਪ੍ਰਤੱਖ ਇਜ਼ਹਾਰਾਂ ਤੋਂ ਆਰ-ਪਾਰ ਦੇਖਣ ਅਤੇ ਇਕ 'ਸੁਜਾਣ ਵੈਦ' ਦੀ ਤਰ੍ਹਾਂ 'ਮਰਜ਼' ਦੇ 'ਲੱਛਣਾਂ' ਤੋਂ ਮਰਜ਼ ਦੇ ਖਾਸੇ ਨੂੰ ਬੁੱਝਣ ਦੀ ਯੋਗ ਪਹੁੰਚ ਅਪਣਾਈ। ਉਨ੍ਹਾਂ ਨੇ ਜ਼ੋਰ ਤੇ ਜਥ੍ਹੇ ਨਾਲ ਇਹ ਰਾਜਸੀ ਮੱਤ ਉਭਾਰਿਆ ਕਿ ਭਾਰਤ ਅੰਦਰ ਸਿੱਖਾਂ

ਨਾਲ ਜੋ ਵਿਤਕਰਾ ਤੇ ਧੱਕਾ ਹੋ ਰਿਹਾ ਹੈ, ਉਹ ਤੱਤ ਰੂਪ ਵਿੱਚ ਗਲਬੇ ਤੇ ਗੁਲਾਮੀ ਦਾ ਪ੍ਰਤੀਕ ਹੈ। ਭਾਵ ਇਹ ਕਿ ਇਸ ਅਜ਼ਾਦ ਭਾਰਤ ਅੰਦਰ ਸਿੱਖਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਸਲੂਕ ਹੋ ਰਿਹਾ ਹੈ। ਉਨ੍ਹਾਂ ਠੋਸ ਤੱਥਾਂ ਤੇ ਉਦਾਹਰਨਾਂ ਨਾਲ ਦਰਸਾਇਆ ਕਿ ਭਾਰਤੀ ਹਾਕਮਾਂ ਦੁਆਰਾ ਦੋਹਰੇ ਕਾਨੂੰਨ ਤੇ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ। ਜਹਾਜ਼ ਅਗਵਾ ਕਾਂਡ ਦੇ ਹਵਾਲੇ ਨਾਲ ਉਨ੍ਹਾਂ ਭਾਰਤੀ ਹਾਕਮਾਂ ਦਾ ਦੋਗਲਾਪਣ ਉਜਾਗਰ ਕਰਦਿਆਂ ਹੋਇਆਂ ਇਹ ਨੰਗਾ ਸੱਚ ਉਘਾੜਿਆ ਕਿ ਦੇਸ਼ ਅੰਦਰ ਇਕੋ ਹੀ ਕਿਸਮ ਦੇ ਜੁਰਮ ਲਈ ਹਿੰਦੂਆਂ ਅਤੇ ਸਿੱਖਾਂ ਵਾਸਤੇ ਅਲੱਗ-ਅਲੱਗ ਮਾਪਦੰਡ ਅਪਣਾਏ ਜਾਂਦੇ ਹਨ। ਅਰਥਾਤ 1977 ਵਿੱਚ ਉੱਤਰ ਪ੍ਰਦੇਸ਼ ਦੇ ਜਿਨ੍ਹਾਂ ਦੋ ਪਾਂਡੇ ਭਰਾਵਾਂ ਨੇ ਇੰਦਰਾ ਗਾਂਧੀ ਦੀ ਰਿਹਾਈ ਵਾਸਤੇ ਜਹਾਜ਼ ਅਗਵਾ ਕੀਤਾ ਸੀ ਉਨ੍ਹਾਂ ਨੂੰ ਬਾਅਦ ਵਿੱਚ ਇਨਾਮ ਦੇ ਤੌਰ 'ਤੇ ਵਿਧਾਨ ਸਭਾ ਦੀਆਂ ਮੈਂਬਰੀਆਂ ਨਾਲ ਨਿਵਾਜਿਆ ਗਿਆ। ਪ੍ਰੰਤੂ ਜਿਨ੍ਹਾਂ ਸਿੰਘਾਂ ਨੇ ਸਤੰਬਰ 1981 ਵਿੱਚ ਸੰਤ ਜਰਨੈਲ ਸਿੰਘ ਦੀ ਰਿਹਾਈ ਲਈ ਜਹਾਜ਼ ਅਗਵਾ ਕੀਤਾ, ਉਨ੍ਹਾਂ ਨੂੰ 'ਦੇਸ਼ ਦੇ ਦੁਸ਼ਮਣ' ਗਰਦਾਨਿਆ ਗਿਆ ਅਤੇ ਅਗਸਤ 1982 ਵਿੱਚ ਜੋਧਪੁਰ ਤੋਂ ਬੋਇੰਗ 737 ਨਾਂ ਦੇ ਜਹਾਜ਼ ਨੂੰ ਅਗਵਾ ਕਰਨ ਵਾਲੇ ਇਕ ਸਿੰਘ (ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ) ਨੂੰ ਰਾਜਾਸਾਂਸੀ ਹਵਾਈ ਅੱਡੇ ਉਤੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ। ਸੰਤ ਜਰਨੈਲ ਸਿੰਘ ਨੇ ਭਾਰਤ ਅੰਦਰ ਸਿੱਖ ਕੌਮ ਨਾਲ ਹੋ ਰਹੇ ਇਸ ਮਤਰੇਏ ਸਲੂਕ ਨੂੰ ਉਸਦੀ ਗੁਲਾਮੀ ਦੇ ਚਿੰਨ੍ਹ ਵਜੋਂ ਦੇਖਿਆ ਅਤੇ ਇਸ ਤਰ੍ਹਾਂ ਇਸ ਮਾਮਲੇ 'ਚ ਰਵਾਇਤੀ ਸੋਚ-ਧਾਰਾ ਨਾਲੋਂ ਤਿੱਖਾ ਨਿਖੇੜਾ ਕਰਦਿਆਂ ਹੋਇਆਂ ਉਨ੍ਹਾਂ ਇਕ ਅਸਲੋਂ ਹੀ ਵੱਖਰੀ ਰਾਜਨੀਤਕ ਸੇਧ ਤੇ ਸ਼ੈਲੀ ਅਪਣਾ ਲਈ।

ਜੇਕਰ ਵਿਤਕਰੇ ਨੂੰ ਗੁਲਾਮੀ ਦੇ ਚਿੰਨ੍ਹ ਵਜੋਂ ਦੇਖਿਆ ਜਾਂਦਾ ਹੈ ਤਾਂ ਇਸ ਨਾਲ ਵਿਤਕਰੇ ਦੇ ਸ਼ਿਕਾਰ ਵਰਗ ਦੀ ਰਾਜਨੀਤੀ ਦੀ ਸਮੁੱਚੀ ਵਿਆਕਰਣ ਅਤੇ ਉਸਦੇ ਰਾਜਸੀ ਸੰਘਰਸ਼ ਦੀ ਸਮੁੱਚੀ ਜਿਓਮੈਟਰੀ ਹੀ ਬਦਲ ਜਾਂਦੀ ਹੈ। ਗੁਲਾਮੀ ਦਾ ਅਹਿਸਾਸ ਮਹਿਕੂਮ ਕੌਮ ਅੰਦਰ ਆਜ਼ਾਦੀ ਦੀ ਰੀਝ ਅਤੇ ਤੜਪ ਪੈਦਾ ਕਰਨਾ ਹੈ। ਇਕੱਲੇ ਵਿਤਕਰੇ ਦਾ ਅਹਿਸਾਸ, ਵੱਧ ਤੋਂ ਵੱਧ, ਕਾਇਮ-ਮੁਕਾਮ ਰਾਜ ਵਿਵਸਥਾ ਦੇ ਅੰਦਰ ਹੀ ਸਾਵੇਂ ਸਲੂਕ ਤੇ ਇਨਸਾਫ਼ ਦੀ ਤਮੰਨਾ ਪੈਦਾ ਕਰਦਾ ਹੈ। ਕਈ ਵਾਰ ਵਿਤਕਰੇ ਦਾ ਅਹਿਸਾਸ ਵੀ ਪੀੜਤ ਵਰਗ ਅੰਦਰ ਰੋਸ ਅਤੇ ਗੁੱਸੇ ਦੀਆਂ ਪ੍ਰਬਲ ਭਾਵਨਾਵਾਂ ਪੈਦਾ ਕਰ ਦਿੰਦਾ ਹੈ। ਪ੍ਰੰਤੂ ਇਹ ਰੋਸ ਜ਼ਿਆਦਾ ਕਰਕੇ, ਵੇਲੇ ਦੇ ਹੁਕਮਰਾਨਾਂ ਦੇ ਖਿਲਾਫ਼ ਸੇਧਤ ਹੁੰਦਾ ਹੈ, ਰਾਜ ਵਿਵਸਥਾ ਦੇ ਖਿਲਾਫ਼ ਨਹੀਂ। ਵਿਤਕਰੇ ਦੇ ਸ਼ਿਕਾਰ ਵਰਗ ਦਾ ਵੇਲੇ ਦੇ ਹੁਕਮਰਾਨਾਂ ਤੋਂ ਭਲੇ ਹੀ ਮੋਹ ਭੰਗ ਹੋ ਜਾਵੇ ਪ੍ਰੰਤੂ ਉਸ ਦਾ ਵਿਵਸਥਾ (State) ਤੋਂ ਪੂਰਨ ਰੂਪ ਵਿੱਚ ਵਿਸ਼ਵਾਸ ਨਹੀਂ ਟੁੱਟਦਾ। ਉਸ ਅੰਦਰ ਸੰਬੰਧਿਤ ਵਿਵਸਥਾ ਦੇ ਅੰਦਰ ਹੀ ਇਨਸਾਫ਼ ਦੀ ਉਮੀਦ ਲਗਾਤਾਰ ਬਣੀ ਰਹਿੰਦੀ ਹੈ। ਉਦਾਰਹਣ ਵਜੋਂ ਭਾਰਤੀ ਹਾਕਮਾਂ ਹੱਥੋਂ ਵਾਰ-ਵਾਰ ਧੋਖਾ ਖਾਣ ਅਤੇ ਪੁੱਜ ਕੇ ਜ਼ਲੀਲ ਹੋਣ ਦੇ ਬਾਵਜੂਦ ਅਕਾਲੀ ਆਗੂਆਂ ਦਾ ਭਾਰਤੀ ਰਾਜ 'ਤੇ ਭਰੋਸਾ ਖਤਮ ਨਹੀਂ ਹੋਇਆ। ਉਹ ਸਿੱਖ ਪੰਥ ਨਾਲ ਹੋ ਰਹੇ ਵਿਤਕਰੇ ਤੇ ਬੇਇਨਸਾਫ਼ੀਆਂ ਨੂੰ ਭਾਰਤੀ ਰਾਜ ਦੇ ਮੂਲ ਖਾਸੇ ਨਾਲ ਜੋੜ ਕੇ ਦੇਖਣ ਤੇ ਸਮਝਣ ਦੀ

ਥਾਵੇਂ, ਇਸ ਨੂੰ ਜਾਂ ਤਾਂ ਕਿਸੇ ਵਿਸ਼ੇਸ਼ ਹੁਕਮਰਾਨ ਜਾਂ ਵਿਸ਼ੇਸ਼ ਖਾਨਦਾਨ (ਨਹਿਰੂ ਪਰਿਵਾਰ) ਜਾਂ ਵਿਸ਼ੇਸ਼ ਰਾਜਸੀ ਦਲ (ਕਾਂਗਰਸ) ਨਾਲ ਜੋੜ ਕੇ ਦੇਖਦੇ ਰਹੇ। ਸਿੱਟੇ ਵਜੋਂ, ਕਦੇ ਉਹ ਕਾਂਗਰਸ ਪਾਰਟੀ ਦੇ ਅੰਦਰ ਹੀ ਚੰਗੇ ਤੇ ਮਾੜੇ ਤੱਤਾਂ ਵਿਚਕਾਰ ਨਖੇੜਾ ਕਰਨ ਦੀਆਂ ਫਜ਼ੂਲ ਮਸ਼ਕਾਂ ਕਰਦੇ ਰਹੇ, ਕਦੇ ਸਮੁੱਚੀ ਕਾਂਗਰਸ ਲੀਡਰਸ਼ਿਪ ਤੋਂ ਬਦਜ਼ਨ ਹੋ ਕੇ ਵਿਰੋਧੀ ਪਾਰਟੀਆਂ ਕੋਲੋਂ ਸਿੱਖ ਕੌਮ ਦੇ ਭਲੇ ਦੀਆਂ ਬੇਬੁਨਿਆਦ ਉਮੀਦਾਂ ਪਾਲਦੇ ਰਹੇ, ਕਦੇ ਸਮੁੱਚੇ ਹਿੰਦੂ ਰਾਜਸੀ ਵਰਗ ਤੋਂ ਨਿਰਾਸ਼ ਅਤੇ ਬੇਆਸ ਹੋ ਕੇ ਦੇਸ਼ ਦੇ ਕਾਨੂੰਨ ਅਤੇ ਨਿਆਂਪਾਲਿਕਾ ਹੱਥੋਂ ਇਨਸਾਫ਼ ਦੀ ਉਮੀਦ ਦੇ ਤਿਣਕੇ ਦਾ ਆਸਰਾ ਤੱਕਦੇ ਰਹੇ। ਅਕਾਲੀ ਲੀਡਰਸ਼ਿਪ ਦੀ ਇਸ ਗੰਧਲੀ ਚੇਤਨਾ ਦਾ ਸਿਖ਼ਰ ਪ੍ਰਗਟਾਵਾ ਉਦੋਂ ਹੋਇਆ ਜਦ ਜੁਲਾਈ 1982 ਵਿੱਚ ਇੰਦਰਾ ਗਾਂਧੀ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਗਿਆਨੀ ਜ਼ੈਲ ਸਿੰਘ ਦੇ ਨਾਂ ਦੀ ਚੋਣ ਕਰ ਲਈ। ਅਕਾਲੀ ਲੀਡਰਸ਼ਿਪ ਨੇ ਮਹਿਜ਼ ਇਸ ਅਧਾਰ 'ਤੇ ਕਿ ਇਤਿਹਾਸ ਵਿੱਚ ਪਹਿਲੀ ਵਾਰ ਕੋਈ ਸਿੱਖ ਭਾਰਤ ਦੇ ਰਾਸ਼ਟਰਪਤੀ ਦੀ ਪਦਵੀ ਗ੍ਰਹਿਣ ਕਰਨ ਜਾ ਰਿਹਾ ਹੈ, ਗਿਆਨੀ ਜ਼ੈਲ ਸਿੰਘ ਦੀ ਬਿਨਾਂ ਸ਼ਰਤ ਹਮਾਇਤ ਕਰਨ ਦਾ ਨਿਰਣਾ ਕਰ ਲਿਆ । ਜੇਕਰ ਅਕਾਲੀ ਆਗੂ ਭਾਰਤੀ ਰਾਜ ਦੇ ਮੂਲ ਖਾਸੇ ਬਾਰੇ ਅਤੇ ਭਾਰਤ ਦੀ ਰਾਜਸੀ ਹਕੀਕਤ ਬਾਰੇ ਸਾਫ਼ ਅਤੇ ਸਹੀ ਸਮਝ ਰੱਖਦੇ ਹੁੰਦੇ ਤਾਂ ਉਹਨਾਂ ਨੂੰ ਇਹ ਗੱਲ ਬੁੱਝਣ ਵਿੱਚ ਕੋਈ ਮੁਸ਼ਕਿਲ ਨਹੀਂ ਸੀ ਆਉਣੀ ਕਿ ਗਿਆਨੀ ਜ਼ੈਲ ਸਿੰਘ ਵਰਗਾ ਹੌਲਾ ਤੇ ਬੇਗੁਣਾ ਵਿਅਕਤੀ ਰਾਸ਼ਟਰਪਤੀ ਦੇ ਆਸਣ ਉਤੇ ਬੈਠ ਕੇ ਸਿੱਖ ਕੌਮ ਦਾ ਭਲਾ ਕਰ ਸਕਣ ਦੀ ਥਾਵੇਂ, ਨਾ ਸਿਰਫ਼ ਆਮ ਰੂਪ ਵਿੱਚ ਹਿੰਦੂ ਹੁਕਮਰਾਨ ਵਰਗ ਦੇ ਹਿੱਤਾਂ ਦੀ ਪੂਰਤੀ ਦਾ ਲਾਹੇਵੰਦਾ ਸੰਦ ਹੋ ਨਿਬੜੇਗਾ ਸਗੋਂ ਵਿਅਕਤੀਗਤ ਤੌਰ 'ਤੇ ਇੰਦਰਾ ਗਾਂਧੀ ਦਾ ਝਾੜੂ ਬਰਦਾਰ ਬਣਨ ਵਿੱਚ ਵੀ ਕੋਈ ਸ਼ਰਮ ਜਾਂ ਸੰਕੋਚ ਨਹੀਂ ਕਰੇਗਾ । ਹੋਇਆ ਵੀ ਇੰਝ ਹੀ। ਜਿਸ ਸਦਕਾ ਸਾਰੀ ਸਿੱਖ ਕੌਮ ਨੂੰ ਵੱਡੀ ਨਮੋਸ਼ੀ ਝੱਲਣੀ ਪਈ।

ਭਾਰਤੀ ਰਾਜ ਦੇ ਹਕੀਕੀ ਖਾਸੇ ਬਾਰੇ ਅਕਾਲੀ ਲੀਡਰਸ਼ਿਪ ਦੀ ਅਸਪੱਸ਼ਟ ਅਤੇ ਭਰਮ-ਗ੍ਰੱਸੀ ਸਮਝ ਉਸਦੇ ਲਈ ਅਤੇ ਉਸ ਨਾਲੋਂ ਵੀ ਵੱਧ ਸਿੱਖ ਕੌਮ ਲਈ ਇਕ ਵੱਡਾ ਰਾਜਨੀਤਕ ਸਰਾਪ ਹੋ ਗੁਜ਼ਰਿਆ। ਅਕਾਲੀ ਆਗੂ ਇਨਸਾਫ਼ ਹਾਸਿਲ ਕਰਨ ਲਈ ਇਕ ਤੋਂ ਬਾਅਦ ਦੂਜੀ ਲੜਾਈ ਵਿੱਢਦੇ ਰਹੇ। ਪਰ ਇਨਸਾਫ਼ ਉਨ੍ਹਾਂ ਲਈ ਮ੍ਰਿਗ-ਤ੍ਰਿਸ਼ਨਾ ਬਣਿਆ ਰਿਹਾ। ਉਨ੍ਹਾਂ ਨੂੰ ਵਾਰ-ਵਾਰ ਕੌੜੇ ਅਨੁਭਵਾਂ ਦਾ ਸੁਆਦ ਚੱਖਣਾ ਪੈਂਦਾ ਰਿਹਾ। ਪ੍ਰੰਤੂ ਆਪਣੀ ਵਜੂਦ ਸਮੋਈ ਸਿਧਾਂਤਕ ਕਮਜ਼ੋਰੀ ਦੀ ਵਜ੍ਹਾ ਕਰਕੇ ਉਹ ਇਹਨਾਂ ਕੌੜੇ ਅਨੁਭਵਾਂ ਵਿੱਚੋਂ ਕਦੇ ਵੀ ਯੋਗ ਸਬਕ ਗ੍ਰਹਿਣ ਕਰਨ ਦੇ ਸਮੱਰਥ ਨਾ ਹੋ ਸਕੇ। ਇਸ ਸਿਧਾਂਤਕ ਜ਼ਹਿਮਤ ਤੋਂ ਸੁਰਖਰੂ ਹੋਣਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸ੍ਰੇਸ਼ਠ ਗੁਣ ਹੋ ਨਿਬੜਿਆ। ਅਕਾਲੀ ਆਗੂਆਂ ਦੇ ਉਲਟ, ਸੰਤ ਭਿੰਡਰਾਂਵਾਲਿਆਂ ਨੇ ਸੰਘਰਸ਼ ਦੇ ਅਮਲ ਦੌਰਾਨ ਵਾਪਰੀ ਹਰ ਅਹਿਮ ਘਟਨਾ 'ਚੋਂ ਯੋਗ ਸਬਕ ਗ੍ਰਹਿਣ ਕਰਨ ਅਤੇ ਇਸ ਨੂੰ ਸਿੱਖ ਕੌਮ ਦੀ ਸਮੂਹਿਕ ਚੇਤਨਾ ਦਾ ਅੰਗ ਬਣਾਉਣ ਦੀ ਸੇਧ ਅਖ਼ਤਿਆਰ ਕੀਤੀ। ਸਿੱਟੇ ਵਜੋਂ, ਜਿੱਥੇ ਅਕਾਲੀ ਲੀਡਰ ਸੰਘਰਸ਼ ਦੇ ਅਮਲ ਦੌਰਾਨ ਪੈਰ-ਪੈਰ 'ਤੇ ਥਿੜਕਦੇ ਅਤੇ ਆਪ ਸਹੇੜੀਆਂ ਦੁਵਿਧਾਵਾਂ ਤੇ ਉਲਝਣਾਂ ਵਿੱਚ ਫਸਦੇ ਰਹੇ, ਉਥੇ ਸੰਤ ਜਰਨੈਲ

ਸਿੰਘ ਵੱਲੋਂ ਹਰ ਮੋੜ ਤੇ ਹਰ ਜੋੜ (Juncture) ਉਤੇ ਸਪੱਸ਼ਟਤਾ ਅਤੇ ਅਡੋਲਤਾ ਦਾ ਪ੍ਰਗਟਾਵਾ ਕੀਤਾ ਜਾਂਦਾ ਰਿਹਾ।

ਲੜਾਈ ਨੂੰ ਕਾਰਗਰ ਤਰੀਕੇ ਨਾਲ ਲੜਨ ਲਈ ਦੋ ਗੱਲਾਂ ਬਾਰੇ ਸਪੱਸ਼ਟਤਾ ਜ਼ਰੂਰੀ ਹੁੰਦੀ ਹੈ—ਇਕ, ਲੜਾਈ ਲੜਨੀ ਕਾਹਦੇ ਵਾਸਤੇ ਹੈ? ਅਤੇ ਦੂਜਾ, ਲੜਨੀ ਕੀਹਦੇ ਖਿਲਾਫ਼ ਹੈ? ਅਰਥਾਤ ਦੁਸ਼ਮਣ ਤੇ ਉਦੇਸ਼ ਸਾਫ਼ ਦਿਖਣੇ ਚਾਹੀਦੇ ਹਨ। ਇਨ੍ਹਾਂ ਦੋਨੋਂ ਹੀ ਗੱਲਾਂ 'ਤੇ ਅਕਾਲੀ ਆਗੂਆਂ ਦੀ ਸਮਝ ਅਸਪੱਸ਼ਟ ਤੇ ਘਚੋਲੇ-ਗ੍ਰਸੀ ਸੀ। ਉਹ ਨਾ ਸੰਘਰਸ਼ ਤੇ ਉਦੇਸ਼ਾਂ ਬਾਰੇ ਸਪੱਸ਼ਟ ਤੇ ਇਕਚਿੱਤ ਸਨ ਅਤੇ ਨਾ ਦੁਸ਼ਮਣ ਬਾਰੇ ਸਾਫ਼ ਤੇ ਨਿੱਖਰੀ ਸਮਝ ਰੱਖਦੇ ਸਨ। ਇਸ ਕਰਕੇ ਸੰਘਰਸ਼ ਦੇ ਅਮਲ ਦੌਰਾਨ ਵਾਰ-ਵਾਰ ਥਿੜਕਣ ਦਿਖਾਉਣ ਅਤੇ ਸੰਘਰਸ਼ ਨੂੰ ਅੱਧ-ਵਿਚਾਲਿਓਂ ਡੋਬਾ ਦੇ ਕੇ ਬੇਅਸੂਲੇ ਸਮਝੌਤਿਆਂ ਵੱਲ ਉਲਰ ਜਾਣ ਦੀ ਰੁਚੀ ਅਕਾਲੀ ਲੀਡਰਸ਼ਿਪ ਦਾ ਸੁਭਾਵਿਕ ਤੇ ਸਥਾਈ ਲੱਛਣ ਬਣ ਕੇ ਰਹਿ ਗਈ। ਸੰਤ ਜਰਨੈਲ ਸਿੰਘ ਜਿੰਨਾ ਹਿੰਦੂ ਹਾਕਮਾਂ ਦੇ ਸਿੱਖ ਦੁਸ਼ਮਣ ਖਾਸੇ ਪ੍ਰਤੀ ਚੇਤੰਨ ਤੇ ਜਾਗਰੂਕ ਸਨ, ਓਨਾਂ ਹੀ ਅਕਾਲੀ ਆਗੂਆਂ ਦੀਆਂ ਸਿਧਾਂਤਕ ਮਰਜ਼ਾਂ ਤੇ ਸ਼ਖਸੀ ਕਮਜ਼ੋਰੀਆਂ ਬਾਰੇ ਵੀ ਬਰਾਬਰ ਜਾਣੀ-ਜਾਣ ਸਨ ਤੇ ਨਾਲ ਹੀ ਸਾਵਧਾਨ ਵੀ। ਇਸ ਕਰਕੇ ਉਹਨਾਂ ਸਿੱਖ ਸੰਘਰਸ਼ ਦੀ ਧਾਰ ਨੂੰ ਸਿੱਖ ਕੌਮ ਦੇ ਬਾਹਰਲੇ ਦੁਸ਼ਮਣਾਂ (ਹਿੰਦੂ ਹਾਕਮਾਂ) ਖਿਲਾਫ਼ ਸੇਧਤ ਰੱਖਦੇ ਹੋਏ, ਨਾਲ ਹੀ ਅਕਾਲੀ ਆਗੂਆਂ ਦੀ ਹਰ ਥਿੜਕਣ ਅਤੇ ਕਮਜ਼ੋਰੀ ਉਤੇ ਕਰੜੀ ਨਿਗ੍ਹਾ ਰੱਖ ਕੇ ਚੱਲਣ ਅਤੇ ਸਿੱਖ ਜਨਤਾ ਨੂੰ ਇਸ ਬਾਰੇ ਨਿਰੰਤਰ ਚੌਕੰਨੇ ਕਰਦੇ ਰਹਿਣ ਦੀ ਲੋੜ ਤੇ ਅਹਿਮੀਅਤ ਨੂੰ ਇਕ ਪਲ ਲਈ ਵੀ ਮਨੋਂ ਨਹੀਂ ਵਿਸਾਰਿਆ । ਇਸ ਸਦਕਾ ਸਿੱਖ ਸੰਘਰਸ਼ ਦੇ ਆਗਾਮੀ ਦੌਰ ਅੰਦਰ ਲੜਾਈ ਦੇ ਦੋਨੋਂ, ਬਹਿਰੂਨੀ ਤੇ ਅੰਦਰੂਨੀ ਮੋਰਚੇ ਨਿਰੰਤਰ ਭਖੇ ਰਹੇ। ਜਿੱਥੇ ਭਾਰਤੀ ਹਾਕਮਾਂ ਖਿਲਾਫ਼ ਸਿੱਖ ਪੰਥ ਦਾ ਕੌਮੀ ਸੰਘਰਸ਼ ਲਗਾਤਾਰ ਪਾਸਾਰ ਤੇ ਤੀਬਰਤਾ ਗ੍ਰਹਿਣ ਕਰਦਾ ਗਿਆ, ਉਥੇ ਨਾਲ ਹੀ ਸਿੱਖ ਕੌਮ ਦੇ ਅੰਦਰ ਸਿਧਾਂਤਕ ਜਦੋ-ਜਹਿਦ ਤੇ ਪਾਲਾਬੰਦੀ ਦਾ ਅਮਲ ਵੀ ਨਿਰੰਤਰ ਡੂੰਘਾ ਤੇ ਪਰਚੰਡ ਹੁੰਦਾ ਚਲਾ ਗਿਆ।

ਸ਼ਹੀਦੀ ਮਾਰਗ ਨੂੰ ਪ੍ਰਣਾਈ ਸੰਤ ਭਿੰਡਰਾਂਵਾਲੇ ਦੀ ਵਿਚਾਰਧਾਰਾ ਅਤੇ ਮਿਸ਼ਨ

(ਏ.ਆਰ. ਦਰਸ਼ੀ ਜਿਨ੍ਹਾਂ ਨੇ ਆਪਣੀ ਪੁਸਤਕ 'ਜਾਂਬਾਜ਼ ਰਾਖਾ' ਵਿੱਚ ਸੰਤ ਜਰਨੈਲ ਸਿੰਘ ਜੀ ਦੀ ਸਿੱਖ ਆਜ਼ਾਦੀ ਸੰਘਰਸ਼ ਵਿੱਚ ਭੂਮਿਕਾ ਦਾ ਬਹੁਤ ਹੀ ਸੁੰਦਰ ਚਿਤਰਣ ਕੀਤਾ ਹੈ, ਨੇ ਹੱਥਲੇ ਲੇਖ ਵਿੱਚ ਸੰਤ ਜਰਨੈਲ ਸਿੰਘ ਜੀ ਦੀ ਕੌਮੀ ਕਾਰਜ ਨੂੰ ਪ੍ਰਣਾਈ ਸ਼ਖ਼ਸੀਅਤ ਦਾ ਅਧਿਐਨ ਕਰਕੇ ਸਾਬਿਤ ਕੀਤਾ ਹੈ ਕਿ ਬਹੁ-ਗਿਣਤੀ ਸਵਰਨਵਾਦੀ ਹਿੰਦੂ ਤਬਕੇ ਨੇ ਹੀ ਕੌਮ ਨੂੰ ਸ਼ਸਤ੍ਰਬੱਧ ਸੰਘਰਸ਼ ਲਈ ਮਜਬੂਰ ਕੀਤਾ।)

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਿਸ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਤੀਨਿਧਤਾ ਕਰਦੇ ਰਹੇ, ਉਹ ਕੋਈ ਨਵੀਂ ਨਹੀਂ ਸੀ। ਇਹ ਬਿਲਕੁਲ ਉਹੀ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭੀ ਸੀ ਅਤੇ ਜਿਸ ਦਾ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਕਾਸ ਕੀਤਾ ਸੀ। ਪ੍ਰੰਤੂ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਸਿੱਖ ਵਿਚਾਰਧਾਰਾ ਪੇਤਲੀ ਪੈ ਗਈ ਸੀ। ਇਹ ਫੇਰ-ਬਦਲ ਭਾਰਤ ਉਤੇ ਅੰਗਰੇਜ਼ੀ ਹਕੂਮਤ ਦੌਰਾਨ ਵਾਪਰਿਆ, ਤਾਂ ਵੀ ਇਸ ਦੀ ਵਿਲੱਖਣ ਹੋਂਦ ਖ਼ਤਮ ਨਾ ਹੋਈ ਕਿਉਂ ਜੋ ਇਹ ਗੰਧਲੇ ਪਾਣੀ ਦੇ ਤਾਲਾਬ ਵਿਚਲੇ ਕੰਵਲ ਫੁੱਲ ਦੀ ਤਰ੍ਹਾਂ ਨਿਰਲੇਪ ਰਹੀ। ਸਿੱਖ ਧਰਮ ਅਤੇ ਸਿੱਖ ਵਿਚਾਰਧਾਰਾ ਅਜੇ ਵੀ ਚਿੱਕੜ ਉਪਰ ਤਰ ਰਹੇ ਕੰਵਲ ਦੇ ਫੁੱਲ ਵਾਂਗ ਹੀ ਵਿਖਾਈ ਦੇ ਰਹੇ ਸਨ। ਸੰਤ ਭਿੰਡਰਾਂਵਾਲੇ ਨੇ ਕੀ ਕੀਤਾ ਸੀ? ਉਸ ਨੇ ਇਸ ਕੰਵਲ ਫੁੱਲ ਨੂੰ ਗੰਧਲੇ ਪਾਣੀ ਦੇ ਤਲਾਬ ਵਿੱਚੋਂ ਚੁੱਕ ਕੇ ਪਵਿੱਤਰਤਾ ਦੇ ਤਲਾਬ ਵਿੱਚ ਲਗਾ ਦਿੱਤਾ। ਦੂਜੇ ਸ਼ਬਦਾਂ ਵਿੱਚ ਸੰਤ ਭਿੰਡਰਾਂਵਾਲੇ ਨੇ ਖ਼ਾਲਸੇ ਦੇ ਅਸਲ ਸਿਧਾਂਤਾਂ ਨੂੰ ਪੁਨਰ ਜੀਵਤ ਕੀਤਾ ਅਤੇ ਇਸ ਨੂੰ ਨਵੀਂ ਸੇਧ ਦਿੱਤੀ। ਇਹ ਵਰਤਾਰਾ ਕੁਦਰਤ ਦੇ ਬੁਨਿਆਦੀ ਅਸੂਲ ਦੇ ਅਨੁਸਾਰੀ ਸੀ, ਜੋ ਇਹ ਦਰਸਾਉਂਦਾ ਹੈ ਕਿ ਕੁਦਰਤ ਅਗਾਂਹਵਧੂ ਢੰਗ ਨਾਲ ਵਿਕਾਸ ਕਰਦੀ ਹੈ ਤੇ ਇਉਂ ਹੀ ਵਿਚਾਰਧਾਰਾ ਵੀ। ਜੇ ਕਿਸੇ ਵਿਚਾਰਧਾਰਾ ਨੂੰ ਵਧਣ-ਫੁੱਲਣ ਨਹੀਂ ਦਿੱਤਾ ਜਾਵੇਗਾ ਤਾਂ ਉਹ ਖੜੋਤੇ ਪਾਣੀ ਸਮਾਨ ਹੋ ਜਾਵੇਗੀ। ਇਸ ਲਈ ਉਸ ਨੇ ਦ੍ਰਿੜ੍ਹਤਾ ਨਾਲ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਨਸੀਹਤ ਕੀਤੀ ਅਤੇ ਇਸ ਦੇ ਅਨੁਸਾਰ ਉਹਨਾਂ ਨੂੰ ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਣ ਲਈ ਪ੍ਰੇਰਿਆ ਅਤੇ ਉਤਸ਼ਾਹਿਤ ਕੀਤਾ। ਇਸ ਅਮਲ ਵਿੱਚੋਂ ਗੁਜ਼ਰੇ

ਬਿਨਾਂ ਸਿੱਖਾਂ ਨੂੰ ਅਸਲ ਖ਼ਾਲਸੇ ਦੇ ਰੂਪ ਵਿੱਚ ਤਬਦੀਲ ਨਹੀਂ ਸੀ ਕੀਤਾ ਜਾ ਸਕਦਾ ਅਤੇ ਸ਼ਾਸਤਰ ਅਤੇ ਸ਼ਸਤਰ ਰੱਖੇ ਬਿਨਾਂ ਨਾ ਹੀ ਉਹ ਆਪਣੀ ਅਤੇ ਨਾ ਹੀ ਖ਼ਾਲਸਾ ਪੰਥ ਦੀ ਰਾਖੀ ਕਰ ਸਕਦਾ ਸੀ। ਸਿੱਖਾਂ ਨੂੰ ਹਥਿਆਰਬੰਦ ਕਰਨ ਦੀ ਰਿਵਾਇਤ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਵੱਲੋਂ ਅਹਿੰਸਾ ਅਤੇ ਸ਼ਾਂਤੀ ਦਾ ਤਜਰਬਾ ਹੰਢਾਉਣ ਮਗਰੋਂ ਆਰੰਭੀ ਸੀ ਅਤੇ ਇਸੇ ਮਾਰਗ ਉਪਰ ਚਲਦਿਆਂ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਗ਼ੈਰ ਧਰਮ ਦੇ ਚਿੰਨ੍ਹਾਂ ਦੀ ਰੱਖਿਆ ਹੇਤ ਆਪਣੇ ਧਰਮ ਦੇ ਕਾਜ ਲਈ ਸਰਵਉਤਮ ਕੁਰਬਾਨੀ ਦਿੱਤੀ, ਪਰ ਉਨ੍ਹਾਂ ਦਾ ਬਲੀਦਾਨ ਜ਼ਾਲਮ ਮੁਗ਼ਲਾਂ ਦੇ ਮਨ ਬਦਲਣ ਵਿੱਚ ਅਸਫਲ ਰਿਹਾ। ਜਦੋਂ ਸ਼ਾਂਤੀ ਅਤੇ ਬਲੀਦਾਨ ਦੀ ਨੀਤੀ ਨਾਕਾਮ ਰਹੀ ਕੇਵਲ ਤਦ ਹੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਥਿਆਰ ਪਕੜੇ। ਫਿਰ ਉਨ੍ਹਾਂ ਸਿੱਖਾਂ ਨੂੰ ਪੈਸੇ ਦੀ· ਬਜਾਏ ਘੋੜੇ ਅਤੇ ਸ਼ਸਤਰ ਭੇਟ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਆਪਣੇ ਅਨੁਯਾਈਆਂ ਤੋਂ ਅਕਾਲ ਤਖ਼ਤ ਵਿਖੇ ਘੋੜਿਆਂ ਤੇ ਸ਼ਸਤਰਾਂ ਦੀ ਭੇਟਾ ਪ੍ਰਵਾਨ ਕਰਦੇ। ਮੀਰੀ-ਪੀਰੀ ਦੇ ਪ੍ਰਗਟਾਓ ਵਜੋਂ ਉਹਨਾਂ ਖ਼ੁਦ ਦੋ ਕਿਰਪਾਨਾਂ ਪਹਿਨੀਆਂ। ਉਨ੍ਹਾਂ 800 ਘੋੜਸਵਾਰਾਂ ਦਾ ਇਕ ਜਥਾ ਖੜ੍ਹਾ ਕੀਤਾ ਅਤੇ ਤੋੜੇਦਾਰ ਬੰਦੂਕਾਂ ਨਾਲ ਲੈਸ 60 ਸਿੱਖ ਉਹਨਾਂ ਦੀ ਨਿਜੀ ਸੁਰੱਖਿਆ ਹਿੱਤ ਉਨ੍ਹਾਂ ਦੇ ਦੁਆਲੇ ਹਾਜ਼ਰ ਰਹਿੰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਮੀਰੀ-ਪੀਰੀ ਦੇ ਸੰਕਲਪ ਦਾ ਖ਼ਾਲਸਾ ਪ੍ਰਗਟ ਕ੍ਰਿਆ ਦੇ ਰੂਪ ਵਿੱਚ ਹੋਰ ਵਿਕਾਸ ਕੀਤਾ।

ਸੰਤ ਭਿੰਡਰਾਂਵਾਲੇ ਨੇ ਤਾਂ ਕੇਵਲ ਇਸ ਪੰਪਰਾ ਨੂੰ ਹੂ-ਬ-ਹੂ ਪੁਨਰ ਸੁਰਜੀਤ ਹੀ ਕੀਤਾ ਅਤੇ ਕਿਰਪਾਨਾਂ, ਨੇਜ਼ਿਆਂ ਦੀ ਜਗ੍ਹਾ ਰਿਵਾਲਵਰ ਤੇ ਬੰਦੂਕਾਂ ਅਤੇ ਘੋੜਿਆਂ ਦੀ ਜਗ੍ਹਾ ਮੋਟਰਸਾਈਕਲ ਲਿਆ ਕੇ ਇਸ ਪੰਪਰਾ ਨੂੰ ਨਵੀਂ ਦਿਸ਼ਾ ਦੇ ਦਿੱਤੀ। ਇਸ ਲਈ ਉਸਨੇ ਗੁਰੂਆਂ ਦੇ ਮਾਰਗ ਦਾ ਅਨੁਸਰਣ ਕਰਕੇ ਕੋਈ ਅਪਰਾਧ ਨਹੀਂ ਕੀਤਾ। ਨਘੋਚੀ ਲੋਕ ਖ਼ਾਲਸੇ ਦੀ ਇਸ ਪੁਰਾਤਨ ਰਿਵਾਇਤ ਮੁੜ ਪ੍ਰਚਲਤ ਕਰਨ ਬਦਲੇ ਭਾਵੇਂ ਉਸ ਦੀ ਆਲੋਚਨਾ ਕਰਦੇ ਰਹਿਣ।

ਜਦੋਂ ਸੰਤ ਜਰਨੈਲ ਸਿੰਘ ਨੂੰ ਇਹ ਪ੍ਰਤੀਤ ਹੋਇਆ ਕਿ ਸਿੱਖ ਧਰਮ ਨੂੰ ਹੜੱਪਣ ਲਈ ਹਿੰਦੂ ਅਨੇਕਾਂ ਹੱਥਕੰਡੇ ਅਪਣਾ ਰਹੇ ਹਨ ਤਾਂ ਉਸ ਨੇ ਇਸ ਮੁਹਿੰਮ ਦੇ ਖ਼ਿਲਾਫ਼ ਜ਼ੋਰਦਾਰ ਜੰਗ ਆਰੰਭ ਦਿੱਤੀ ਅਤੇ ਸਿੱਖਾਂ ਨੂੰ ਸਿਰ 'ਤੇ ਮੰਡਰਾ ਰਹੇ ਖਤਰੇ ਤੋਂ ਸਾਵਧਾਨ ਕੀਤਾ। ਹਿੰਦੂਆਂ ਨੇ ਭਾਰਤੀ ਸੰਵਿਧਾਨ ਵਿੱਚ ਪਹਿਲਾਂ ਹੀ ਧਾਰਾ 25 (2) (ਬੀ) ਰਾਹੀਂ ਸਿੱਖਾਂ ਨੂੰ ਹਿੰਦੂਆਂ ਵਿੱਚ ਸ਼ਾਮਿਲ ਕੀਤਾ ਹੋਇਆ ਹੈ। ਇਸ ਲਈ ਸੰਤ ਭਿੰਡਰਾਂਵਾਲੇ ਵੱਲੋਂ ਸਿੱਖ ਮੱਤ ਦੇ ਬਚਾਓ ਲਈ ਆਰੰਭੀ ਮੁਹਿੰਮ ਹਰ ਤਰ੍ਹਾਂ ਵਾਜਬ ਸੀ। ਇਸ ਕਾਰਨ ਹਿੰਦੂਆਂ ਨੇ ਉਸ ਨੂੰ ਰਾਸ਼ਟਰ ਵਿਰੋਧੀ ਗਰਦਾਨਿਆਂ। ਇਥੇ ਹੀ ਬੱਸ ਨਹੀਂ, ਸਵਰਨਵਾਦੀ ਹਿੰਦੂਆਂ ਨੇ ਉਸ 'ਤੇ ਅੱਤਵਾਦੀ, ਵੱਖਵਾਦੀ ਆਦਿ ਤੱਕ ਦੇ ਦੋਸ਼ ਲਾਏ। ਖ਼ੈਰ! ਇਹ ਕੱਟੜ ਹਿੰਦੂਆਂ ਦਾ ਕੋਈ ਨਵਾਂ ਦਾਅ-ਪੇਚ ਨਹੀਂ। ਇਸ ਮਾਮਲੇ ਵਿੱਚ ਤਾਂ ਉਹ ਹਰ ਉਸ ਘੱਟ-ਗਿਣਤੀ ਧਰਮ ਤੇ ਰਾਸ਼ਟਰ ਵਿਰੋਧੀ ਹੋਣ ਦਾ ਧੱਬਾ ਲਾ ਦਿੰਦੇ ਹਨ, ਜਿਹੜਾ ਆਪਣੀ ਸਨਮਾਨਜਨਕ ਹਸਤੀ ਲਈ ਸੰਘਰਸ਼ ਕਰਦਾ ਹੈ।

ਸੰਤ ਭਿੰਡਰਾਂਵਾਲੇ ਹਮੇਸ਼ਾਂ ਸਿੱਖਾਂ ਦਾ ਧਿਆਨ ਉਨ੍ਹਾਂ ਨਾਲ ਕੀਤੇ ਜਾਂਦੇ ਕੇਵਲ ਦੂਜੇ ਦਰਜੇ ਦੇ ਸ਼ਹਿਰੀਆਂ ਵੱਲ ਹੀ ਨਹੀਂ, ਸਗੋਂ ਗੁਲਾਮਾਂ ਵਰਗੇ ਕੀਤੇ ਜਾਂਦੇ ਵਿਹਾਰ ਵੱਲ ਦਿਵਾਉਂਦੇ ਸੀ। ਉਹ ਆਪਣੇ ਤਰਕ ਦੀ ਪੁਸ਼ਟੀ ਲਈ ਕਈ ਮਿਸਾਲਾਂ ਅਤੇ ਪ੍ਰਮਾਣ ਦਿੰਦੇ। ਉਸ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਕੁਝ ਤਾਜ਼ਾਂ ਮਿਸਾਲਾਂ ਹੇਠ ਲਿਖੀਆਂ ਹਨ:

1. ਜਦੋਂ ਇੰਦਰਾ ਗਾਂਧੀ ਜਨਵਰੀ 1977 ਵਿੱਚ ਹੋਈਆਂ ਆਮ ਚੋਣਾਂ ਹਾਰ ਗਈ ਤਾਂ ਪਾਰਲੀਮੈਂਟ ਵੱਲੋਂ ਉਸ ਨੂੰ ਅਧਿਕਾਰਾਂ ਦੀ ਉਲੰਘਣਾ ਲਈ ਦੋਸ਼ੀ ਠਹਿਰਾਇਆ ਗਿਆ ਤੇ 7 ਦਿਨ ਕੈਦ ਦੀ ਸਜ਼ਾ ਦਿੱਤੀ ਗਈ। ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਉਸ ਦੀ ਗ੍ਰਿਫ਼ਤਾਰੀ ਦੇ ਰੋਸ ਵਜੋਂ ਉਤਰ ਪ੍ਰਦੇਸ਼ ਦੇ ਦੋ ਪਾਂਡੇ (ਬ੍ਰਾਹਮਣ) ਭਰਾਵਾਂ ਨੇ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ ਅਗਵਾ ਕਰ ਲਿਆ। ਉਨ੍ਹਾਂ 'ਤੇ ਬਿਲਕੁਲ ਵੀ ਦੋਸ਼ ਨਾ ਲਾਇਆ ਗਿਆ ਤੇ ਨਾ ਹੀ ਸਜ਼ਾ ਦਿੱਤੀ ਗਈ। ਇਸ ਦੀ ਬਜਾਏ ਇੰਦਰਾ ਗਾਂਧੀ ਨੇ 1980 ਵਿੱਚ ਮੁੜ ਸੱਤਾ ਹਥਿਆਉਣ ਉਪਰੰਤ, ਉਨ੍ਹਾਂ ਨੂੰ ਕਾਂਗਰਸੀ ਉਮੀਦਵਾਰਾਂ ਵਜੋਂ ਵਿਧਾਨ ਸਭਾ ਤੇ ਲੋਕ ਸਭਾ ਦੀ ਮੈਂਬਰੀ ਦੀ ਚੋਣ ਜਿਤਾਈ। ਦੂਜੇ ਪਾਸੇ ਜਦੋਂ 29 ਸਤੰਬਰ, 1981 ਨੂੰ ਸਿੱਖ ਨੌਜਵਾਨਾਂ ਨੇ ਸੰਤ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਦੇ ਵਿਰੁੱਧ ਰੋਸ ਵਜੋਂ ਜਹਾਜ਼ ਅਗਵਾ ਕੀਤਾ ਤਾਂ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਤਸੀਹੇ ਦਿੱਤੇ ਗਏ ਤੇ ਮੁਕੱਦਮਾ ਚਲਾਇਆ ਗਿਆ। ਉਹ ਅਜੇ ਵੀ ਜੇਲ੍ਹ ਵਿੱਚ ਹਨ। ਫਿਰ ਜਦੋਂ ਮੁਸੀਬਤ ਸਿੰਘ (ਅਸਲ ਨਾਮ ਮਨਜੀਤ ਸਿੰਘ) ਤੇ ਉਸ ਦੇ ਸਾਥੀਆਂ ਨੇ ਹਰਿਆਣਾ ਦੇ ਪਿੰਡ ਚੰਦੋ ਕਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਜਲਾਉਣ ਅਤੇ ਦਮਦਮੀ ਟਕਸਾਲ ਦੀਆਂ ਦੋ ਬੱਸਾਂ ਸਾੜਨ ਵਿਰੁੱਧ ਰੋਸ ਵਜੋਂ ਇੰਡੀਅਨ ਏਅਰ ਲਾਈਨਜ਼ ਦਾ ਇਕ ਹੋਰ ਜਹਾਜ਼ ਅਗਵਾ ਕਰ ਲਿਆ ਤਾਂ ਮੁਖ ਅਗਵਾਕਾਰ ਮੁਸੀਬਤ ਸਿੰਘ ਨੂੰ ਆਤਮ ਸਮਰਪਣ ਲਈ ਮਨਾਉਣ ਉਪਰੰਤ ਪੁਲਿਸ ਵੱਲੋਂ ਰਾਜਾਸਾਂਸੀ ਹਵਾਈ ਅੱਡੇ (ਅੰਮ੍ਰਿਤਸਰ) 'ਤੇ ਗੋਲੀ ਮਾਰ ਦਿੱਤੀ। ਸੰਤ ਦਾ ਗਿਲਾ ਇਹ ਸੀ ਕਿ 'ਜੇ ਬ੍ਰਾਹਮਣ ਦੀ ਲੜਕੀ (ਇੰਦਰਾ ਗਾਂਧੀ) ਦੀ ਗ੍ਰਿਫ਼ਤਾਰੀ ਦੇ ਰੋਸ ਵਿੱਚ ਜਹਾਜ਼ ਅਗਵਾ ਹੋਵੇ ਤਾਂ ਅਗਵਾਕਾਰਾਂ ਨੂੰ ਇਨਾਮ ਵਜੋਂ ਲੋਕ ਸਭਾ ਤੇ ਵਿਧਾਨ ਸਭਾ ਦੀ ਮੈਂਬਰੀ ਦਿੱਤੀ ਜਾਂਦੀ ਹੈ ਪੰਤੂ ਜੇ ਸਿੱਖ ਨੌਜਵਾਨ ਆਪਣੇ 'ਇਸ਼ਟ' ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟਾਵੇ ਲਈ ਜਹਾਜ਼ ਅਗਵਾ ਕਰਨ ਤਾਂ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ। ਕੀ ਇੰਦਰਾ ਗਾਂਧੀ ਸਿੱਖਾਂ ਦੇ 'ਇਸ਼ਟ' ਨਾਲੋਂ ਜ਼ਿਆਦਾ ਪਵਿੱਤਰ ਹੈ?
2. ਅਸ਼ੋਕ ਕੁਮਾਰ ਨਾਮੀ ਇਕ ਮੁਜਰਮ ਨੂੰ, ਜੋ ਜਾਤ ਦਾ ਬ੍ਰਾਹਮਣ ਸੀ, 1983 ਵਿੱਚ ਪਟਿਆਲਾ ਪੁਲਿਸ ਨੇ ਗੁੰਡਾਗਰਦੀ ਤੇ ਸਾੜ ਫੂਕ ਕਰਦੇ ਨੂੰ ਗੋਲੀ ਨਾਲ ਮਾਰ ਦਿੱਤਾ। ਕੇਂਦਰੀ ਗ੍ਰਿਹ ਮੰਤਰੀ ਪੀ.ਸੀ. ਸੇਠੀ ਅਤੇ ਗ੍ਰਿਹ ਸਕੱਤਰ ਚਤੁਰਦੇਵੀ ਤੱਥਾਂ ਦੀ ਜਾਣਕਾਰੀ ਲਈ ਛੇਤੀ ਨਾਲ ਪਟਿਆਲੇ ਨੂੰ ਭੱਜੇ ਆਏ, ਪਰ ਜਦੋਂ ਧਰਮ

ਯੁੱਧ ਮੋਰਚੇ ਦੌਰਾਨ 200 ਤੋਂ ਵੱਧ ਸਿੱਖਾਂ ਨੂੰ ਪੁਲਿਸ ਨੇ ਮਾਰ ਦਿੱਤਾ ਤਾਂ ਕੇਂਦਰ ਸਰਕਾਰ ਦੇ ਕਿਸੇ ਚਪੜਾਸੀ ਤੱਕ ਦੇ ਕੰਨ 'ਤੇ ਜੂੰ ਨਹੀਂ ਸਰਕੀ।

3. ਪੁਲਿਸ ਨੇ 'ਰਸਤਾ ਰੋਕੋ' ਪ੍ਰੋਗਰਾਮ ਵਾਲੇ ਦਿਨ ਲਗਭਗ 8 ਸਿੰਘਾਂ ਨੂੰ ਗੋਲੀ ਮਾਰ ਦਿੱਤੀ ਅਤੇ ਕਿੰਨੇ ਹੀ ਹੋਰ ਜ਼ਖਮੀ ਕੀਤੇ ਗਏ। ਅਕਾਲੀ ਦਲ ਦੇ ਦਬਾਅ ਪਾਉਣ 'ਤੇ ਕੇਂਦਰ ਸਰਕਾਰ ਵੱਲੋਂ 8 ਸਿੰਘਾਂ ਦੀ ਮੌਤ ਤੋਂ ਇਲਾਵਾ ਅਸ਼ੋਕ ਕੁਮਾਰ ਦੀ ਮੌਤ ਦੀ ਪੜਤਾਲ ਲਈ ਜਸਟਿਸ ਦੁਬੇ (ਇਕ ਬ੍ਰਾਹਮਣ) ਦੀ ਪ੍ਰਧਾਨਗੀ ਹੇਠ ਇਕ ਮੈਂਬਰੀ ਪੜਤਾਲੀਆ ਕਮਿਸ਼ਨ ਗਠਿਤ ਕੀਤਾ ਗਿਆ। ਕਮਿਸ਼ਨ ਨੇ ਬੜੀ ਬੇਸ਼ਰਮੀ ਨਾਲ ਇਹ ਫ਼ੈਸਲਾ ਦੇ ਦਿੱਤਾ ਕਿ 8 ਸਿੱਖਾਂ ਦੇ ਮਾਰੇ ਜਾਣਾ ਉਚਿਤ ਸੀ ਪਰ ਇਕ ਬ੍ਰਾਹਮਣ ਅਸ਼ੋਕ ਕੁਮਾਰ ਦੀ ਮੌਤ ਇਕ ਕਤਲ ਹੈ। ਕੀ ਇਹ ਸਿੱਖਾਂ ਨਾਲ ਇਕ ਘੋਰ ਵਿਤਕਰਾ ਨਹੀਂ?

4. ਪਟਿਆਲੇ ਦੇ ਇਕ ਨਾਮੀ ਮੁਜਰਮ ਪਵਨ ਕੁਮਾਰ ਸ਼ਰਮਾ (ਫਿਰ ਇਕ ਬ੍ਰਾਹਮਣ ਹੀ) ਕੋਲੋਂ 230 ਭਾਰੀ ਵਿਸਫੋਟਕ ਹੈਂਡ ਗ੍ਰਨੇਡ ਫੜੇ ਗਏ। ਉਸ ਨੂੰ ਬਿਨਾਂ ਕੋਈ ਕੇਸ ਦਰਜ ਕੀਤੇ ਛੱਡ ਦਿੱਤਾ ਗਿਆ। ਦੂਜੇ ਪਾਸੇ ਪਿਆਰਾ ਸਿੰਘ ਨਾਮੀ ਫਿਰੋਜ਼ਪੁਰ ਨਿਵਾਸੀ ਇਕ ਸਿੱਖ ਫ਼ੌਜੀ 'ਤੇ ਇਕ ਸਟੇਨਗੰਨ ਚੋਰੀ ਕਰਨ ਦਾ ਦੋਸ਼ ਲੱਗਾ। ਬਾਅਦ ਵਿੱਚ ਉਹ ਸਟੇਨਗੰਨ ਇਕ ਹਿੰਦੂ ਫ਼ੌਜੀ ਦੇ ਘਰੋਂ ਬਰਾਮਦ ਹੋਈ, ਪਰ ਪਿਆਰਾ ਸਿੰਘ ਨੂੰ ਇਕ ਹਿੰਦੂ ਫ਼ੌਜੀ ਅਫ਼ਸਰ ਨੇ ਤਸੀਹੇ ਦੇ ਕੇ ਮਾਰ ਦਿੱਤਾ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?

5. ਅੰਮ੍ਰਿਤਸਰ ਦੇ ਇਕ ਜਨ ਸੰਘੀ ਨੇਤਾ ਹਰਬੰਸ ਲਾਲ ਖੰਨਾ ਨੇ ਬਹੁਤ ਭੜਕਾਊ ਇਸ਼ਤਿਹਾਰ ਛਪਵਾਏ ਅਤੇ ਸ਼ਹਿਰ ਦੀਆਂ ਕੰਧਾਂ 'ਤੇ ਚਿਪਕਾਏ। ਇਸ਼ਤਿਹਾਰਾਂ 'ਤੇ ਲਿਖਿਆ ਸੀ ਕਿ "ਦੁਕੀ ਤਿੱਕੀ ਖਹਿਣ ਨਹੀਂ ਦੇਣੀ, ਸਿਰ ਤੇ ਪਗੜੀ ਰਹਿਣ ਨਹੀਂ ਦੇਣੀ"। "ਕੱਛਾ ਕੜਾ ਕਿਰਪਾਨ ਇਹਾਂ ਨੂੰ ਭੇਜੋ ਪਾਕਿਸਤਾਨ"। (ਭਾਵ ਕਿ ਅਸੀਂ ਕਿਸੇ ਵੀ ਸਿੱਖ ਨੂੰ ਆਵਾਜ਼ ਨਹੀਂ ਉਠਾਉਣ ਦੇਣੀ। ਜੇ ਅਜਿਹਾ ਕਰਨਗੇ ਤਾਂ ਅਸੀਂ ਉਹਨਾਂ ਦੀਆਂ ਪੱਗਾਂ ਉਤਾਰ ਦਿਆਂਗੇ ਅਤੇ ਉਹਨਾਂ ਨੂੰ ਖ਼ਤਮ ਕਰ ਦਿਆਂਗੇ ਅਤੇ ਜੋ ਵੀ ਸਿੱਖ ਪੰਜ ਕਕਾਰਾਂ ਦਾ ਧਾਰਨੀ ਹੈ ਉਸ ਨੂੰ ਪਾਕਿਸਤਾਨ ਨੂੰ ਧੱਕ ਦਿਆਂਗੇ।) ਅਜਿਹੇ ਭੜਕਾਊ ਤੇ ਹੱਤਕ ਭਰੇ ਨਾਅਰੇ ਪ੍ਰਤੱਖ ਰੂਪ ਵਿੱਚ ਜਨਤਕ ਤੌਰ 'ਤੇ ਪ੍ਰਦਰਸ਼ਤ ਕੀਤੇ ਗਏ ਅਤੇ ਗਲੀਆਂ ਬਜ਼ਾਰਾਂ ਵਿੱਚ ਗੁੰਜਾਏ ਗਏ, ਜੋ ਕਿ ਭਾਰਤੀ ਦੰਢ ਵਿਧਾਨ ਦੇ ਤਹਿਤ ਇਕ ਅਪਰਾਧ ਸੀ, ਕਿਉਂਕਿ ਦੋਸ਼ੀਆਂ ਨੇ ਮੁਜਰਮਾਨਾ ਢੰਗ ਨਾਲ (ਗੈਰ ਕਾਨੂੰਨੀ ਢੰਗ ਨਾਲ) ਸਿੱਖਾਂ ਨੂੰ ਧਮਕਾਇਆ ਸੀ। ਨਾਅਰਿਆਂ ਵਿੱਚ ਵਰਤੀ ਗਈ ਭਾਸ਼ਾ ਅਪਮਾਨਜਨਕ ਵੀ ਸੀ ਅਤੇ ਰਾਸ਼ਟਰ ਵਿਰੋਧੀ ਵੀ, ਪਰ ਹਰਬੰਸ ਲਾਲ ਖੰਨਾ ਵਿਰੁੱਧ ਕੋਈ ਵੀ ਫ਼ੌਜਦਾਰੀ ਕੇਸ ਦਰਜ ਨਹੀਂ ਸੀ ਕੀਤਾ ਗਿਆ। ਕਿਉਂ? ਇਸ ਲਈ ਕਿ ਉਹ ਹਿੰਦੂ ਸੀ। ਪਰ ਜੇ ਸਿੱਖ ਨੌਜਵਾਨ ਅਜਿਹੇ ਭੜਕਾਊ ਨਾਅਰਿਆਂ ਦਾ ਢੁਕਵਾਂ ਜਵਾਬ ਦੇਣ ਤਾਂ ਉਨ੍ਹਾਂ 'ਤੇ ਫ਼ੌਜਦਾਰੀ ਕੇਸ ਦਰਜ ਹੁੰਦੇ ਹਨ।

6. ਗ੍ਰਹਿ ਮੰਤਰੀ ਪੀ.ਸੀ. ਸੇਠੀ ਨੇ ਧਮਕੀ ਦਿੱਤੀ ਸੀ ਕਿ ਉਹ ਭਿੰਡਰਾਂਵਾਲੇ ਨੂੰ ਹਫ਼ਤੇ ਦੇ ਅੰਦਰ ਅੰਦਰ ਗੁਰੂ ਨਾਨਕ ਨਿਵਾਸ 'ਚ ਜਬਰੀ ਬਾਹਰ ਧੂਹ ਲਿਆਵੇਗਾ। ਸੰਤ ਭਿੰਡਰਾਂਵਾਲੇ ਨੇ ਕਿਹਾ ਸੀ ਕਿ ਇਹ ਬਿਆਨ "ਮੁਜਰਮਾਨਾ ਧਮਕੀ ਦੇ ਤੁਲ ਹੈ"। ਫਿਰ ਵੀ ਉਸ ਨੇ ਚੈਲੰਜ ਕੀਤਾ ਕਿ ਹਿੰਮਤ ਹੈ ਤਾਂ ਸੇਠੀ ਖੁਦ ਆ ਕੇ ਉਸ ਨੂੰ ਹੱਥ ਪਾਵੇ। ਇਹ ਗੱਲ ਕਹਿਣ 'ਤੇ ਉਹਦੇ ਵਿਰੁੱਧ ਫ਼ੌਜਦਾਰੀ ਮੁਕੱਦਮਾ ਦਰਜ ਕੀਤਾ ਗਿਆ ਪ੍ਰੰਤੂ ਪੀ.ਸੀ. ਸੇਠੀ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਗ੍ਰਹਿ ਮੰਤਰੀ ਪੀ.ਸੀ. ਸੇਠੀ ਨੇ ਇਹ ਵੀ ਬਿਆਨ ਦਿੱਤਾ ਕਿ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ 35-35 ਹਿੰਦੂਆਂ ਦੇ ਹਿੱਸੇ ਇਕ ਇਕ ਸਿੱਖ ਆਉਂਦਾ ਹੈ। ਅਗਲੇ ਹੀ ਦਿਨ ਇਸਦੇ ਜਵਾਬ ਵਿੱਚ ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਅਸੀਂ ਪੀ.ਸੀ. ਸੇਠੀ ਨੂੰ ਇਹ ਗੱਲ ਦੱਸ ਦੇਣੀ ਚਾਹੁੰਦੇ ਹਾਂ ਕਿ ਜੇ ਤੁਹਾਡੇ ਮਨਾਂ ਵਿੱਚ ਅਜਿਹੇ ਵਿਚਾਰ ਹਨ ਤਾਂ ਫਿਰ ਅਸਲ 'ਚ 35 ਹਿੰਦੂਆਂ ਦੇ ਹਿੱਸੇ ਇਕ ਸਿੱਖ ਨਹੀਂ ਬਲਕਿ ਇਕ ਸਿੱਖ ਦੇ ਹਿੱਸੇ 35 ਹਿੰਦੂ ਆਉਂਦੇ ਹਨ।

ਮੁਲਾਕਾਤ ਸੰਤ ਜਰਨੈਲ ਸਿੰਘ ਜੀ

(ਗੁਰੂ ਨਾਨਕ ਨਿਵਾਸ, ਅੰਮ੍ਰਿਤਸਰ, 07 ਅਗਸਤ, 1983)

ਗੁਰੂ ਰੂਪ ਖ਼ਾਲਸਾ ਸਾਧ ਸੰਗਤ ਜੀ, ਇਹ ਇੰਟਰਵਿਊ 7 ਅਗਸਤ, 1983 ਈਸਵੀ ਨੂੰ ਗੁਰੂ ਨਾਨਕ ਨਿਵਾਸ ਦੀ ਸਭ ਤੋਂ ਉਪਰਲੀ ਛੱਤ ਉਪਰ ਹੋਈ। ਗਿਆਨੀ ਭਜਨ ਸਿੰਘ ਜੀ ਦਿੱਲੀ ਵਾਲੇ, ਜੋ ਇਕ ਪੰਜਾਬੀ ਰਸਾਲੇ ਦੇ ਸੰਪਾਦਕ ਹਨ, ਜਿਹੜਾ ਬੰਬਈ ਤੋਂ ਛਪਦਾ ਹੈ, ਨੇ ਸੰਤਾਂ ਪਾਸੋਂ ਕਈ ਪ੍ਰਸ਼ਨ ਪੁੱਛੇ, ਜਿਨ੍ਹਾਂ ਦਾ ਉੱਤਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਵਿਸਥਾਰ ਸਹਿਤ ਦਿੱਤਾ।

? ਕਿੰਨੇ ਵਜੇ ਸਵੇਰੇ ਦਾ ਕਾਰਜ ਸ਼ੁਰੂ ਕਰਦੇ ਹੋ। ਅੰਮ੍ਰਿਤ ਵੇਲੇ ਕਿੰਨੇ ਵਜੇ ਉਠਦੇ ਹੋ?

-ਨਾ ਸੌਣ ਦਾ ਟਾਈਮ ਆ, ਨਾ ਉਠਣ ਦਾ ਟਾਈਮ ਆ। ਸੰਗਤ ਦੇ ਵੱਸ ਆ। ਜਦੋਂ ਸੌਣ ਦਿੰਦੀ ਸੌਂ ਜਾਈਦਾ, ਉਠਾ ਦਿੰਦੀ ਉਠ ਪੈਨਾ। ਨਿੱਤ ਦਾ ਕਰਮ ਆ।

? ਇਹ ਤਾਂ ਅੱਜ ਕੱਲ੍ਹ ਡਿਸਟਰਬ ਹੋਏ ਆ ਨਾ ਪ੍ਰਬੰਧ ?

-ਨਹੀਂ ਇਹ ਜਦੋਂ ਦੀ ਦਸਤਾਰਬੰਦੀ ਹੋਈ ਆ, ਮੇਰਾ ਕੰਮ ਈ ਉਦੋਂ ਦਾ ਇਸੇ ਤਰ੍ਹਾਂ ਚੱਲਦਾ। ਜਿਹੜਾ ਆ, ਉਹ ਥੋੜਾ ਜਿਹਾ ਵੱਖਰਾ ਸੀ, ਏਦੋਂ ਵੱਖਰਾ ਸੀ। ਉਹ ਇਹ ਨੂੰ ਜ਼ਿਆਦਾ ਪਤਾ, ਇਹ ਔਂਹ ਬੈਠਾ।

? ਤੁਸੀਂ ਗ੍ਰਿਸਤੀ ਜੀਵਨ ਦਾ ਤਿਆਗ ਕਰਕੇ ਦਮਦਮੀ ਟਕਸਾਲ ਦੇ ਮੁਖੀ ਬਣਨਾ ਕਿਸ ਲਈ ਸਵੀਕਾਰ ਕੀਤਾ? ਤੁਹਾਡਾ ਮੁੱਖ ਨਿਸ਼ਾਨਾ ਕੀ ਆ?

-ਮੈਂ ਆਪਣੇ ਵੱਲੋਂ ਸਵੀਕਾਰ ਕੀਤਾ ਈ ਨਹੀਂ। ਸੰਗਤ ਨੇ ਗਰੱਸ ਕੇ ਇਥੇ ਮੈਨੂੰ ਲਿਆਂਦਾ। ਪੰਜਾਂ ਪਿਆਰਿਆਂ ਦੇ ਰੂਪ ਵਿੱਚ ਮੈਨੂੰ ਹੁਕਮ ਕੀਤਾ। ਉਸ ਹੁਕਮ ਨੂੰ ਮੰਨ ਕੇ ਮੈਂ ਇੱਥੇ ਆਇਆਂ। ਮੈਂ ਆਪਣੇ ਆਪ ਨੂੰ ਮਹਿਸੂਸ ਕਰਦਾਂ ਕਿ ਇਸ ਜਗ੍ਹਾ 'ਤੇ ਆਉਣ ਦਾ ਮੈਂ ਅਧਿਕਾਰੀ ਨਹੀਂ ਸੀ, ਪਰ ਪ੍ਰੈਸ਼ਰ ਨੇ ਗੰਦਗੀ ਦੇ ਭਰੇ ਹੋਏ ਥੈਲੇ ਨੂੰ:

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥

(ਅੰਗ ੧੧੦੬)

ਪਹਿਲੀ ਪੰਗਤੀ ਹੈ,

ਜੌ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ

ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੁਕੇ ਸਭਿ ਸੋਗ ਸੰਤਾਪੇ॥

(ਅੰਗ ੧੬੭)

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥
ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥

(ਅੰਗ ੧੧੧੭)

ਮੋਹਿ ਨਿਰਗੁਨ ਕਉ ਕੋਇ ਨ ਰਾਖੈ
ਸੰਤਾ ਸੰਗਿ ਸਮਾਵਨਾ॥

(ਅੰਗ ੧੦੧੬)

ਇਸ ਤਰੀਕੇ ਨਾਲ ਆਇਆ। ਮੇਰੀ ਆਪਣੀ ਨਾ ਕੋਈ ਕਮਾਈ ਆ, ਨਾ ਕੋਈ ਇੱਛਾ ਸੀ ਤੇ ਮੈਂ ਤਾਂ ਹੁਣ ਵੀ ਆਪਣੇ ਆਪ ਨੂੰ ਇਸ ਪਦਵੀ ਦੇ ਲਾਇਕ ਨਹੀਂ ਸਮਝਦਾ ਅਤੇ ਸੰਗਤ ਦੇ ਅਸ਼ੀਰਵਾਦ, ਗੁਰੂ ਸਾਹਿਬ ਦੀ ਕਿਰਪਾਲਤਾ, ਬਖ਼ਸ਼ਿਸ਼, ਉਹਦੇ ਸਦਕੇ ਸੰਗਤ ਦੇ ਜੋੜੇ ਝਾੜ ਰਿਹਾਂ।

? ਕੀ ਤੁਹਾਡੇ ਤੋਂ ਪਹਿਲਾਂ ਭਿੰਡਰਾਂਵਾਲੇ ਜਥੇ ਦੇ ਮੁਖੀ, ਇਸੇ ਤਰ੍ਹਾਂ ਸ਼ਸਤਰਧਾਰੀ ਹੋਣ ਦੀ ਪ੍ਰੇਰਨਾ ਦਿੰਦੇ ਰਹੇ ਆ ਜਾਂ ਤੁਸੀਂ ਨਵੀਂ ਰੀਤ ਤੋਰੀ?

-ਦਿੰਦੇ ਰਹੇ, ਦਿੰਦੇ ਹੀ ਨਹੀਂ ਰਹੇ, ਬਲਕਿ ਆਪ ਸ਼ਸਤਰਧਾਰੀ ਸੀ, ਬਲਕਿ ਇਕੱਲੇ ਸ਼ਸਤਰਧਾਰੀ ਨਹੀਂ ਸੀ, (ਸਗੋਂ) ਇਸ ਟਕਸਾਲ ਦੇ ਪ੍ਰਮੁੱਖ ਜਥੇਦਾਰ ਬ੍ਰਹਮ ਗਿਆਨੀ ਬਾਬਾ ਦੀਪ ਸਿੰਘ ਸਾਹਿਬ ਜੀ ਸ਼ਹੀਦ ਦਾ ਖੰਡਾ ਵੀ ਸਵਾ ਮਣ ਦਾ ਸੀ। ਜਿਹਨਾਂ ਦੀਆਂ ਯਾਦਾਂ ਇਸ ਵੇਲੇ ਸ਼ਸਤਰਾਂ ਦੇ ਰੂਪ ਵਿੱਚ ਤਖ਼ਤਾਂ 'ਤੇ ਸੁਭਾਇਮਾਨ ਹਨ।

? ਤੁਸੀਂ ਅੱਤਵਾਦ ਵਿੱਚ ਨਿਸ਼ਚਾ ਰੱਖਦੇ ਓ ਜਾਂ ਹਿੰਸਾਵਾਦ ਵਿੱਚ ਨਿਸਚਾ ਰੱਖਦੇ ਓ ਜਾਂ ਅਹਿੰਸਾਵਾਦ ਵਿੱਚ? ਇਸ ਝਗੜੇ ਵਿੱਚ ਤੁਹਾਡੀ ਕੀ ਰਾਇ ਆ?

-ਸਿੱਖ ਹਿੰਸਾ ਵਿੱਚ ਵਿਸ਼ਵਾਸ ਨਹੀਂ ਰੱਖਦਾ, ਸਿੱਖ ਹਮੇਸ਼ਾਂ ਆਪਣਾ ਹੱਕ ਲੈਣ ਵਿੱਚ ਵਿਸ਼ਵਾਸ ਰੱਖਦਾ।

? ਹੱਕ ਲੈਣ ਲਈ ਉਹ ਜੇ ਅਹਿੰਸਾ ਠੀਕ ਲੱਗੇ ਤੇ ਅਹਿੰਸਾ 'ਤੇ ਚੱਲੇ; ਜੇ ਅਹਿੰਸਾ ਨਾ ਰਾਸ ਆਵੇ, ਫਿਰ ਹਿੰਸਾ 'ਤੇ ਚੱਲੇ।

-ਇਹ ਤਾਂ ਪ੍ਰਸ਼ਨ ਤੁਹਾਡਾ ਨਾ, ਮੇਰੀ ਰਾਇ ਨਹੀਂ ਨਾ। ਮੇਰੀ ਰਾਇ ਇਹ ਆ, ਬਈ ਜਿਹੜਾ ਸਿੱਖ ਆ, ਉਹ ਹਿੰਸਾ ਵਿੱਚ ਵਿਸ਼ਵਾਸ ਨਹੀਂ ਰੱਖਦਾ, ਨਾ ਹੀ ਹਿੰਸਾ ਨੂੰ ਚੰਗੀ ਸਮਝਦਾ। ਸਿੱਖ ਅਹਿੰਸਾ ਵਿੱਚ ਵਿਸ਼ਵਾਸ ਰੱਖਦਾ ਤੇ ਆਪਣਾ ਹੱਕ ਲੈਣ ਵਿੱਚ ਯਕੀਨ, ਨਿਸ਼ਚਾ ਰੱਖਦਾ। ਜੇ ਹੱਕ ਲੈਣ ਦਾ ਨਾਂਅ ਈ ਕਿਸੇ ਮਨੁੱਖ ਨੇ ਹਿੰਸਾ ਰੱਖ ਲਿਆ, ਫਿਰ ਇਹ ਉਹਦੀ ਮਰਜ਼ੀ। ਪਹਿਲਾਂ ਕਿਸੇ ਨੂੰ ਕੁਝ ਕਹਿੰਦਾ ਨਹੀਂ ਅਤੇ ਹੱਕ ਲੈਣਾ ਸਿੱਖ ਦਾ ਕਰਮ ਆ। ਹਿੰਸਾ ਉਸ ਨੂੰ ਕਿਹਾ ਜਾਂਦਾ, ਜਿਹੜਾ ਕਿਸੇ 'ਤੇ ਹੱਥ ਚੁੱਕੇ, ਉਹਦਾ ਨਾਂਅ ਹਿੰਸਾ ਹੁੰਦਾ। ਜਿਹੜਾ ਹੱਕ ਲੈਣਾ ਉਹ ਉਦਮ ਆਂ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੁ ਮਿਲੁ ਨਾਨਕ ਉਤਰੀ ਚਿੰਤ ॥੧॥

(ਅੰਗ ੫੨੨)

? ਤੁਹਾਡੇ ਵਿਚਾਰ ਅਨੁਸਾਰ, ਧਰਮ ਅਤੇ ਸਿਆਸਤ ਦਾ ਕੀ ਰਿਸ਼ਤਾ? ਕੀ ਸਿੱਖਾਂ ਦਾ ਧਰਮ ਅਤੇ ਸਿਆਸਤ ਅੱਡ-ਅੱਡ ਰੱਖੇ ਜਾ ਸਕਦੇ ਹਨ?

-ਨਹੀਂ, ਇਹ ਇਕੱਠੇ ਈ ਆ। ਰੱਖੇ ਜਾ ਸਕਦੇ। ਸੁਆਲ ਤਾਂ ਉਠਾਉਣਾ ਪੈਂਦਾ ਜੇ ਤਾਂ ਗੁਰੂ ਸਾਹਿਬਾਂ ਨੇ ਇਕੱਠੇ ਨਾ ਕੀਤੇ ਹੋਣ, ਕਿਸੇ ਬੰਦੇ ਨੇ ਕੀਤੇ ਹੁੰਦੇ। ਫਿਰ ਇਹ ਰੱਖੇ ਜਾ ਸਕਦੇ ਤੇ ਕਿੰਤੂ ਪ੍ਰੰਤੂ ਹੋ ਸਕਦਾ ਸੀ। ਇਹ ਇਕੱਠੇ ਈ ਗੁਰੂ ਦੇ ਕੀਤੇ ਆ। ਸਿਆਸਤ ਘੋੜੀ ਆ, ਧਰਮ ਅਸਵਾਰ ਆ। ਗਿਆਨ ਦਾ ਡੰਡਾ ਲੈ ਕੇ ਇਹਦੇ ਉਤੇ ਚੜ੍ਹਨਾ, ਚੰਗੀ ਤਰ੍ਹਾਂ ਕੁੱਟ ਕੇ ਪੱਧਰੀ ਚਲਾਉਣਾ, ਹੁਣ ਤੇ ਇਹ ਟਪੂਸੀਆਂ ਲਾਉਂਦੀ ਆ ਨਾ, ਇਹਨੂੰ ਸਿੱਧੀ ਕਰਨਾ ਪੈਣਾ।

? ਅੱਛਾ, ਤੁਹਾਡਾ ਨਿਸ਼ਾਨਾ ਧਰਮ ਪ੍ਰਚਾਰ ਆ, ਫਿਰ ਤੁਸੀਂ ਸਰਗਰਮ ਸਿਆਸਤ ਵਿੱਚ ਕਿਸ ਤਰ੍ਹਾਂ ਆ ਗਏ। ਇਸ ਤਬਦੀਲੀ 'ਤੇ ਵਿਸਥਾਰ ਨਾਲ ਚਾਨਣਾ ਪਾਉ?

-ਇਹ, ਮੈਂ ਸਿਆਸਤ ਵਿੱਚ ਆਇਆ ਈ ਨਹੀਂ। ਕੋਈ ਬੰਦਾ ਦੱਸੇ ਮੈਂ ਐਮ.ਐਲ.ਏ. ਦੀ ਇਲੈਕਸ਼ਨ, ਐਮ.ਪੀ. ਦੀ ਇਲੈਕਸ਼ਨ ਲੜਿਆਂ। ਧਰਮ ਦਾ ਪ੍ਰਚਾਰ ਕਰਕੇ, ਅੰਮ੍ਰਿਤ ਛਕਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣਾ, ਇਕ ਨਿਸ਼ਾਨ ਸਾਹਿਬ ਥੱਲੇ ਇਕੱਠਾ ਕਰਨਾ, ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਜੀ ਨਾਲ ਜੋੜਨਾ, ਜੇ ਇਹ ਕੰਮ ਸਿਆਸਤ ਦਾ, ਮੈਂ ਪੱਕਾ ਸਿਆਸਤਦਾਨ ਆਂ, ਜੇ ਇਹ ਕੰਮ ਧਰਮ ਦਾ ਤਾਂ ਮੈਂ ਪੱਕਾ ਧਰਮੀ ਆਂ। ਮੇਰਾ ਕੰਮ ਆ, ਨਸ਼ੇ ਛੁਡਾਉਣੇ, ਰਹਿਤ ਰਖਾਉਣੀ, ਅੰਮ੍ਰਿਤ ਛਕਾਉਣਾ, ਬਾਣੀ ਪੜ੍ਹਾਉਣਾ। ਜਦੋਂ ਸਮਾਂ ਲੱਗਿਆ ਆਪ ਪੜ੍ਹਨੀ। ਹਿੰਦੂ ਪੱਕਾ ਹਿੰਦੂ, ਮੁਸਲਮਾਨ ਪੱਕਾ ਮੁਸਲਮਾਨ, ਸਿੱਖ ਪੱਕਾ ਸਿੱਖ ਬਣੇ ਇਹ ਪ੍ਰੇਰਨਾ ਕਰਨੀ।

? ਵਿਧਾਨ ਅਨੁਸਾਰ ਰਾਜ ਪ੍ਰਬੰਧ ਧਰਮ ਨਿਰਲੇਪ ਆ, ਕੀ ਤੁਸੀਂ ਇਸ ਸੈਕੂਲਰ ਰਾਜ ਪ੍ਰਬੰਧ ਤੋਂ ਸੰਤੁਸ਼ਟ ਓ?

-ਭਾਰਤ ਵਿੱਚ ਵਿਧਾਨ ਹੈ ਹੀ ਨਹੀਂ ਸਿੱਖਾਂ ਵਾਸਤੇ, ਸਿੱਖਾਂ ਦੀ ਰਾਖੀ ਵਾਸਤੇ। ਇਹ ਨਹੀਂ ਕਹਿੰਦਾ ਬਈ ਸਿੱਖਾਂ ਵਾਸਤੇ ਨਹੀਂ ਸਿੱਖਾਂ ਦੀ ਰਾਖੀ ਵਾਸਤੇ ਵਿਧਾਨ ਨਹੀਂ, ਸਿੱਖਾਂ ਦਾ ਗਲ ਘੁੱਟਣ ਵਾਸਤੇ ਵਿਧਾਨ ਆਂ। ਜਿਹੜੀ ਗਲ ਘੁੱਟਣ ਵਾਲੀ ਚੀਜ਼ ਹੋਵੇ ?

? ਵਰਤਮਾਨ ਅਕਾਲੀ ਮੋਰਚੇ ਦਾ ਤੁਸੀਂ ਭਿੰਡਰਾਂਵਾਲੇ ਜਥੇ ਵੱਲੋਂ ਮੁੱਢ ਬੰਨ੍ਹਿਆ, ਤੁਹਾਡੀਆਂ ਉਸ ਵੇਲੇ ਮੁੱਖ ਮੰਗਾਂ ਕੀ ਸਨ?

-ਅਰੰਭ ਵਿੱਚ ਅਰਦਾਸ ਕਰਨ ਵੇਲੇ, ਸਿੰਘਾਂ ਦੀ, ਨਿਰਦੋਸ਼ੇ ਸਿੰਘਾਂ ਦੀ, ਸਮੂਹ ਸਿੰਘਾਂ ਦੀ ਰਿਹਾਈ, ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦਿਵਾਉਣਾ, ਇਹ ਸੀ। ਅੱਗੇ 4 ਅਗਸਤ ਨੂੰ ਮੋਰਚਾ ਇਕੱਠਾ ਹੋਇਆ।

? ਉਹ ਤੇ ਬਾਅਦ ਦਾ ਨਾ ਜੀ, ਇਸ ਤੋਂ ਪਹਿਲਾਂ ਚੰਦੋ ਕਲਾਂ ਤੇ ਚੌਕ ਮਹਿਤੇ ਵਿੱਚ ਜੋ ਕਾਂਡ ਵਾਪਰ ਚੁੱਕੇ ਸਨ, ਉਹ ਵੀ ਤੁਹਾਡੇ ਇਸ ਮੋਰਚੇ ਦੀ ਮੰਗ ਸੀ, ਕੋਈ ਉਹਨਾਂ ਨਾਲ ਸੰਬੰਧਿਤ ਸੀ, ਕਿਉਂਕਿ ਜੋ ਚੰਦੋ ਕਲਾਂ ਦਾ ਕਾਂਡ ਪਹਿਲਾਂ ਹੋ ਚੁੱਕਿਆ ਸੀ। 20 ਸਤੰਬਰ ਨੂੰ ਦਿੱਲੀ 'ਚ ਚਲ ਕੇ ਉਥੇ ਜੋ ਸ਼ਹੀਦੀਆਂ ਹੋ ਚੁੱਕੀਆਂ ਸਨ?

-ਉਹਦੀ ਇਨਕੁਆਰੀ ਚੱਲ ਰਹੀ ਸੀ। ਬਾਕੀ ਅਸੀਂ ਜਿਹੜੀ ਰਿੱਟ ਕੀਤੀ, ਉਹਦੇ 'ਚ ਗੌਰਮੈਂਟ ਨੇ ਰੋਕਿਆ ਹੋਇਆ ਸੀ, ਉਹਦੇ ਸੰਬੰਧ ਵਿੱਚ ਮੈਂ ਚੁੱਪ ਸੀ। ਠੀਕ ਆ ਨਾ।

? ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸੰਭਾਲ ਲੈਣ ਨਾਲ ਰਾਜਸੀ ਮੰਗਾਂ ਦਾ ਵਧੇਰੇ ਚਰਚਾ ਹੋਣ ਲੱਗ ਪਿਆ? ਕੀ ਤੁਹਾਡੀਆਂ ਧਾਰਮਿਕ ਤੇ ਹਰ ਮੰਗਾਂ ਦਾ ਚਰਚਾ ਘੱਟ ਨਹੀਂ ਸੀ ਗਿਆ? ਗੱਲਬਾਤ ਦੇ ਸੰਦਰਭ ਵਿੱਚ?

-ਗੱਲਬਾਤ ਦੇ ਸੰਦਰਭ ਵਿੱਚ ਜ਼ਰੂਰ ਘਟਿਆ ਹੋਵੇਗਾ। ਹੋਵੇਗਾ ਨਹੀਂ, ਘਟਿਆ। ਗੱਲਬਾਤ ਦੇ ਟਾਈਮ ਵਿੱਚ ਸੰਘਰਸ਼ ਵਿੱਚ, ਇਹ ਬੋਲਬਾਲਾ ਚਰਚਾ ਦਾ ਘਟਿਆ (ਪਰ) ਜਨਤਾ ਦੇ ਮਨਾਂ ਵਿੱਚ ਵਧਿਆ।

? ਨਕਲੀ ਨਿਰੰਕਾਰੀਆਂ ਨਾਲ ਤੁਹਾਡੇ ਜਥੇ ਦਾ ਟਕਰਾਉ, ਤੁਹਾਡੇ ਮੁਖੀ ਬਣਨ ਪਿੱਛੋਂ ਸ਼ੁਰੂ ਹੋਇਆ ਜਾਂ ਪੁਰਾਣਾ ਚੱਲਦਾ ਆ ਰਿਹਾ ਸੀ?

-ਇਹ ਪੁਰਾਣਾ ਚੱਲਦਾ ਆ ਰਿਹਾ, ਬਲਕਿ ਕਿਸੇ ਵੀ ਮਨੁੱਖ ਨੇ, ਕਿਸੇ ਵੀ ਟਾਈਮ ਵਿੱਚ, ਦੇਹਧਾਰੀ ਬਣ ਕੇ ਆਪਣੀ ਪੂਜਾ ਕਰਾਉਣ ਦਾ ਯਤਨ ਕੀਤਾ ਆ ਤਾਂ ਇਸ ਟਕਸਾਲ ਨੇ ਆਪਣੀ ਆਰੰਭਤਾ ਤੋਂ ਲੈ ਕੇ ਇਸ ਦਾ ਵਿਰੋਧ ਕੀਤਾ। ਉਹਦੇ ਤੋਂ ਲੈ ਕੇ ਆਰੰਭ ਆ, ਦੇਹਧਾਰੀ ਪੂਜਾ ਦੇ ਵਿਰੁੱਧ, ਪਰ ਵਿਸ਼ੇਸ਼ ਤੌਰ 'ਤੇ ਜੋ ਨਰਕਧਾਰੀਆਂ ਦਾ, ਇਹ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਟਾਈਮ ਤੋਂ ਆਰੰਭ ਆ ਪ੍ਰਚਾਰ ਦੇ ਰੂਪ ਵਿੱਚ। ਟਕਰਾਉ ਦੇ ਰੂਪ ਵਿੱਚ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਤੋਂ ਆਰੰਭ ਹੋਇਆ। ਉਦੋਂ ਪਿੱਛੋਂ ਹੁਣ ਤੱਕ ਜਾਰੀ ਆ ਤੇ ਜਦੋਂ ਤੱਕ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਨਹੀਂ ਮੰਗਦੇ ਤੇ ਭਵਨਾਂ 'ਤੇ ਝੰਡੇ ਨਹੀਂ ਝੁਲਦੇ, ਇਹ ਜਾਰੀ ਰਹੂਗਾ।

? 1978 ਦੀ ਵਿਸਾਖੀ ਨੂੰ ਨਕਲੀ ਨਿਰੰਕਾਰੀਆਂ ਵੱਲੋਂ ਸ਼ਾਂਤਮਈ ਪ੍ਰੋਟੈਸਟ ਕਰਨ ਜਾ ਰਹੇ ਸਿੰਘਾਂ 'ਤੇ ਗੋਲੀ ਚਲਾ ਕੇ 13 ਸਿੰਘ ਸ਼ਹੀਦ ਕਰਨ ਨਾਲ, ਤੁਹਾਡਾ ਸ਼ਾਂਤਮਈ ਤੋਂ ਵਿਸ਼ਵਾਸ ਉਠ ਨਹੀਂ ਗਿਆ?

-ਸ਼ਾਂਤਮਈ ਤੋਂ ਵਿਸ਼ਵਾਸ ਨਹੀਂ ਉਠਿਆ, ਹੱਕ ਲੈਣ ਲਈ ਸ਼ਸਤਰ ਚੁੱਕ ਲਏ। ਆਰੰਭਤਾ ਸਿੱਖ ਵਾਸਤੇ ਹਮੇਸ਼ਾਂ ਹੀ ਸ਼ਾਂਤਮਈ ਤੋਂ ਆ। ਜੇ ਸ਼ਾਂਤਮਈ ਨਾਲ ਕੰਮ ਨਾ ਸੂਤ ਆਵੇ ਤਾਂ ਫਿਰ ਬੀਰਤਾ ਆਉਂਦੀ ਆ ਤੇ ਜੀਹਦੀ ਆਰੰਭਤਾ ਸ਼ਾਂਤਮਈ ਆ, ਤਾਂ ਵਿਸ਼ਵਾਸ ਸਿੱਖ ਦਾ ਟੁੱਟਣਾ ਕਿਵੇਂ? ਜੇ ਸ਼ਾਂਤਮਈ ਨਾਲ ਕੰਮ ਠੀਕ ਨਾ ਆਵੇ, ਇਹ ਨਹੀਂ ਉਹਦੇ ਤੋਂ ਵਿਸ਼ਵਾਸ ਉਠ ਜਾਂਦਾ, ਇਹਦਾ ਤਿਆਗ ਕਰਕੇ ਦੂਜਾ ਰਸਤਾ ਅਖ਼ਤਿਆਰ ਕਰਨਾ ਪੈਂਦਾ। ਜਿਹੜਾ ਸ਼ਾਂਤਮਈ ਨਾ ਸਮਝੇ, ਉਹਨੂੰ

ਸਮਝਾਉਣ ਵਾਸਤੇ ਫਿਰ ਇਹ ਜੋਖ਼ਮ ਕਰਨਾ ਪੈਂਦਾ। ਵਿਸ਼ਵਾਸ ਉਠਣਾ ਹੋਰ ਚੀਜ਼ ਆ।

? ਇਹ ਠੀਕ ਆ ਕਿ ਅੰਮ੍ਰਿਤਸਰ, ਕਾਨਪੁਰ ਤੇ ਦਿੱਲੀ ਵਿੱਚ ਸਿੰਘਾਂ ਦੀ ਸ਼ਹਾਦਤ 'ਤੇ ਕਿਸੇ ਕਾਤਲ ਨੂੰ ਸਜ਼ਾ ਨਾ ਮਿਲਣ ਕਾਰਨ, ਆਮ ਸਿੱਖਾਂ ਤੇ ਖਾਸ ਤੌਰ 'ਤੇ ਤੁਹਾਡੇ ਜਥੇ ਦਾ ਵਰਤਮਾਨ ਰਾਜ ਪ੍ਰਬੰਧ ਤੋਂ ਇਨਸਾਫ਼ ਦਾ ਨਿਸਚਾ ਉਠ ਗਿਆ?

-ਇਹ ਕੁਦਰਤੀ ਆ ਜਦੋਂ ਕਿਸੇ ਨੂੰ ਇਨਸਾਫ਼ ਨਾ ਮਿਲੇ ਤਾਂ ਉਹਦਾ ਨਿਸ਼ਚਾ ਤੇ ਉਠਣਾ ਈ ਆਂ।

? ਸਿੱਖ ਜਗਤ ਤੇ ਨਕਲੀ ਨਿਰੰਕਾਰੀਆਂ ਦਾ ਵਰਤਮਾਨ ਟਕਰਾਉ ਕਦ ਤੱਕ ਚੱਲੇਗਾ, ਕੀ ਇਹ ਟਕਰਾਉ ਖਤਮ ਹੋ ਸਕਦਾ ਹੈ?

-ਜਦੋਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿੰਦਿਆ ਕਰਨ ਤੋਂ ਨਹੀਂ ਹਟਦੇ, ਤਦੋਂ ਤੱਕ ਚੱਲੇਗਾ। ਜੇ ਅਕਾਲ ਤਖ਼ਤ ਸਾਹਿਬ 'ਤੇ ਆਣ ਕੇ ਮੁਆਫ਼ੀ ਮੰਗ ਕੇ ਅੰਮ੍ਰਿਤ ਛਕ ਲੈਣ ਤੇ ਅਕਾਲ ਤਖ਼ਤ ਸਾਹਿਬ ਤੋਂ ਉਹਨਾਂ ਨੂੰ ਮੁਆਫ਼ੀ ਮਿਲ ਜਾਵੇ ਫਿਰ ਖਤਮ ਈ ਆ। ਉਂਝ ਖਤਮ ਨਹੀਂ ਹੋ ਸਕਦਾ, ਭਾਵੇਂ ?

? ਇਹ ਠੀਕ ਆ ਕਿ ਜਥੇਦਾਰ ਸੰਤੋਖ ਸਿੰਘ ਦਿੱਲੀ ਦੇ ਯਤਨਾਂ ਨਾਲ ਅਜਿਹਾ ਫਾਰਮੂਲਾ ਤਿਆਰ ਹੋ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕਰਕੇ ਨਕਲੀ ਨਿਰੰਕਾਰੀਆਂ ਵਿਰੁੱਧ ਐਕਸ਼ਨ ਲੈਣ ਦਾ ਯਤਨ ਹੋਇਆ ਸੀ?

-ਨਹੀਂ ਹੋਇਆ।

? ਤੁਹਾਡੀ ਗਿਆਤ ਵਿੱਚ ਨਹੀਂ?

-ਨਹੀਂ, ਹੈਗਾ, ਪਰ ਇਸ ਤਰ੍ਹਾਂ ਨਹੀਂ ਜਿਵੇਂ ਤੁਸੀਂ ਦੱਸਿਆ? ਜਥੇਦਾਰ ਦੇ ਉਦਮ ਨਾਲ ਨਿਰੰਕਾਰੀਆਂ ਨੇ ਮੁਆਫ਼ੀ ਮੰਗਣ ਦਾ ਯਤਨ ਕੀਤਾ ਸੀ। ਹੁਕਮਨਾਮਾ ਵਾਪਸ ਲੈਣ ਦਾ ਯਤਨ ਨਹੀਂ ਸੀ ਹੋਇਆ। ਜਥੇਦਾਰ 'ਤੇ ਮੈਂ ਤੁਹਮਤ ਕਿਵੇਂ ਲਾ ਦੇਵਾਂ। ਨਾ ਜਥੇਦਾਰ ਹੁਕਮਨਾਮਾ ਵਾਪਸ ਲੈਣ ਦੇ ਹੱਕ ਵਿੱਚ ਸੀ, ਨਾ ਹੁਕਮਨਾਮੇ ਵਾਪਸ ਹੁੰਦੇ (ਨੇ)। ਇਹ ਜਿਨ੍ਹਾਂ ਨੇ ਕੀਤੇ ਉਹਨਾਂ ਨੂੰ ਪੁੱਛੋ। ਹੁਕਮ ਤਾਂ ਇਕ ਵਾਰੀ ਜ਼ੁਬਾਨ 'ਚੋਂ ਨਿਕਲਿਆ ਤੇ ਚੱਲੀ ਜਾਣਾ। ਇਹ ਤਾਂ ਹੁਣ ਵਾਲੇ ਈ ਆ ਜਿਹੜੇ ਵਾਪਸ ਕਰ ਲੈਂਦੇ ਆ ਘੰਟੇ ਕੁ ਪਿੱਛੋਂ। ਜਿਵੇਂ ਹੁਣ ਕੀਤਾ। ਜਥੇਦਾਰ ਦੇ ਉਦਮ ਨਾਲ ?

? ਨਿਰੰਕਾਰੀਆਂ ਨੇ ਮੁਆਫ਼ੀ ਮੰਗਣ ਦਾ ਅਕਾਲ ਤਖ਼ਤ ਸਾਹਿਬ ਤੋਂ ਯਤਨ ਕੀਤਾ ਸੀ?

-ਕੀਤਾ ਸੀ।

? ਹਾਂ, ਪਰ ਉਸੇ ਵੇਲੇ ਕੋਈ ?

-ਜਥੇਦਾਰ ਸੰਤੋਖ ਸਿੰਘ ਅਤੇ ਜਥੇਦਾਰ ਅਜਨੋਹਾ ਸਾਹਿਬ ਦੇ ਸੱਚਖੰਡ ਗਵਨ ਕਾਰਣ ਉਹ ਵਿੱਚ ਹੀ ਰਹਿ ਗਿਆ।

ਆਪਣਿਆਂ ਵਲੋਂ ਵਿਸਾਹਘਾਤ

ਜਦੋਂ ਸੰਤ ਜਰਨੈਲ ਸਿੰਘ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਘੜੀ ਗਈ

(ਪੱਤਰਕਾਰ ਸਵ. ਸ: ਮਹਿੰਦਰ ਸਿੰਘ ਜੋ ਕਿ ਜਿਥੇ ਪੰਜਾਬੀ ਦੀ ਇਕ ਪ੍ਰਮੁੱਖ ਅਖਬਾਰ ਦੇ ਪੱਤਰਕਾਰ ਸਨ ਉਥੇ ਉਹ ਸੰਤ ਜੀ ਦੇ ਵੀ ਬਹੁਤ ਹੀ ਨਜ਼ਦੀਕੀਆਂ ਵਿੱਚੋਂ ਗਿਣੇ ਜਾਂਦੇ ਸਨ ਅਤੇ ਉਹਨਾਂ ਨੇ ਆਪਣੀ ਲਿਖਤ ਵਿੱਚ ਅਜਿਹੀਆਂ ਤਲਖ਼ ਪਰ ਸੱਚੀਆਂ ਹਕੀਕਤਾਂ ਨੂੰ ਬਿਆਨ ਕੀਤਾ ਹੈ ਜਿਨ੍ਹਾਂ ਨੂੰ ਪੜ੍ਹ ਕੇ ਮਾਨਸਿਕਤਾ ਹੈਰਾਨ ਹੋ ਜਾਂਦੀ ਹੈ।)

ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਲੌਂਗੋਵਾਲ ਧੜੇ ਵੱਲੋਂ ਇੰਦਰਾ ਗਾਂਧੀ ਨਾਲ ਕੀਤੀ ਜਾ ਰਹੀ ਸਾਜ਼ਬਾਜ਼ ਦਾ ਪਤਾ ਲੱਗ ਜਾਣ ਪਿੱਛੋਂ ਜਦੋਂ ਇਹ ਮਹਿਸੂਸ ਕਰ ਲਿਆ ਕਿ ਸਰਕਾਰ ਨਾਲ ਹੁਣ ਟੱਕਰ ਹੋਣੀ ਹੀ ਹੋਣੀ ਹੈ ਤਾਂ ਉਹਨਾਂ ਨੇ ਆਪਣੇ ਸੁਰੱਖਿਆ ਸਲਾਹਕਾਰ ਜਨਰਲ ਸ਼ੁਬੇਗ ਸਿੰਘ ਨੂੰ ਮੋਰਚਾਬੰਦੀ ਕਰਨ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ। ਲੌਂਗੋਵਾਲ ਧੜੇ ਨੂੰ ਇਹ ਡਰ ਖਾਣ ਲੱਗ ਪਿਆ ਸੀ ਕਿ ਸੰਤ ਪਹਿਲਾਂ ਕਿਤੇ ਉਹਨਾਂ ਨਾਲ ਹੀ ਦੋ ਹੱਥ ਨਾ ਕਰ ਲੈਣ। ਇਸ ਲਈ ਲੌਂਗੋਵਾਲੀਆਂ ਨੇ ਸੰਤ ਭਿੰਡਰਾਂਵਾਲੇ ਨੂੰ ਖ਼ਤਮ ਕਰਾ ਦੇਣ ਲਈ ਸਾਜ਼ਿਸ਼ਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਲੌਂਗੋਵਾਲ ਨੇ ਆਪਣੇ ਸੈਕਟਰੀ ਗੁਰਚਰਨ ਸਿੰਘ ਦੀ ਡਿਊਟੀ ਲਾਈ ਜੋ ਪੁਰਾਣਾ ਨਕਸਲਾਈਟ ਸੀ। ਗੁਰਚਰਨ ਸਿੰਘ ਨੇ ਇਕ ਪੇਸ਼ਾਵਰ ਗਿਰੋਹ ਤੱਕ ਪਹੁੰਚ ਕਰ ਲਈ ਅਤੇ ਸੁਰਿੰਦਰ ਸਿੰਘ ਸ਼ਿੰਦੇ ਰਾਹੀਂ 50 ਲੱਖ ਰੁਪਏ ਫਿਰੌਤੀ ਦੇ ਕੇ ਸੰਤ ਭਿੰਡਰਾਂਵਾਲਿਆਂ ਨੂੰ ਕਤਲ ਕਰਾਉਣ ਦਾ ਸੌਦਾ ਕਰ ਲਿਆ।

ਇਸ ਗਿਰੋਹ ਦਾ ਧੰਦਾ ਫਿਰੌਤੀ ਲੈ ਕੇ ਕਤਲ ਕਰਨ ਅਤੇ ਪਾਕਿਸਤਾਨ ਤੋਂ ਹਥਿਆਰ ਲਿਆ ਕਿ ਇਧਰ ਵੇਚਣਾ ਸੀ। ਜਦੋਂ ਸ੍ਰੀ ਦਰਬਾਰ ਸਾਹਿਬ ਵਿੱਚ ਚੱਲ ਰਹੇ ਧਰਮ ਯੁੱਧ ਮੋਰਚੇ ਦੌਰਾਨ ਸੰਤ ਭਿੰਡਰਾਂਵਾਲੇ ਨੇ ਸਿੱਖ ਨੌਜਵਾਨਾਂ ਨੂੰ ਮੋਟਰਸਾਈਕਲ ਖਰੀਦਣ ਅਤੇ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ ਤਾਂ ਸਮੱਗਲਰਾਂ ਦੇ ਇਸ ਗਿਰੋਹ ਨੇ ਵੀ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਆਉਣਾ ਜਾਣਾ ਸ਼ੁਰੂ ਕਰ ਦਿੱਤਾ ਸੀ, ਜਿਸ ਕਾਰਨ ਸੰਤ ਭਿੰਡਰਾਂਵਾਲਿਆਂ ਨਾਲ ਵੀ ਇਸ ਗਿਰੋਹ ਦੀ ਜਾਣ-ਪਹਿਚਾਣ ਹੋ ਗਈ।

ਸੁਰਿੰਦਰ ਸਿੰਘ ਸ਼ਿੰਦੇ ਅਤੇ ਸੁਰਿੰਦਰ ਸਿੰਘ ਸੋਢੀ ਵਿੱਚ ਵੀ ਪੁਰਾਣੀ ਦੋਸਤੀ ਸੀ ਅਤੇ ਦੋਵੇਂ ਦੁਆਬੇ ਦੇ ਰਹਿਣ ਵਾਲੇ ਸਨ। ਸੋਢੀ ਤਾਂ ਹਰੀਆਂ ਵੇਲਾਂ ਵਾਲੇ ਨਿਹੰਗ ਸਿੰਘ

ਨਿਹਾਲ ਸਿੰਘ ਨਾਲ ਜਾ ਰਲਿਆ ਸੀ ਅਤੇ ਧਰਮ ਯੁੱਧ ਮੋਰਚੇ ਤੋਂ ਕੁਝ ਸਮਾਂ ਪਹਿਲਾਂ ਦਮਦਮੀ ਟਕਸਾਲ ਵਿੱਚ ਸ਼ਾਮਿਲ ਹੋ ਗਿਆ ਜੋ ਬਹੁਤ ਤੇਜ਼ ਦਿਮਾਗ, ਦਲੇਰ ਅਤੇ ਦ੍ਰਿੜ੍ਹ ਇਰਾਦੇ ਵਾਲਾ ਹੋਣ ਕਰਕੇ ਛੇਤੀ ਹੀ ਸੰਤ ਜਰਨੈਲ ਸਿੰਘ ਦਾ ਭਰੋਸੇਯੋਗ ਬਣ ਗਿਆ ਪਰ ਸ਼ਿੰਦਾ ਪੇਸ਼ੇਵਰ ਕਤਲਾਂ ਅਤੇ ਸਮੱਗਲਿੰਗ ਦੇ ਧੰਦੇ ਵਾਲੇ ਗਿਰੋਹ ਵਿੱਚ ਹੀ ਰਿਹਾ। ਉਸਨੇ 1983 ਦੇ ਅੰਤ ਵਿੱਚ ਅਤੇ 1984 ਦੇ ਸ਼ੁਰੂ ਵਿੱਚ ਆਪਣੀ ਰਖੇਲ ਬਲਜੀਤ ਕੌਰ ਨਾਂ ਦੀ ਔਰਤ ਸਮੇਤ ਗੁਰੂ ਰਾਮਦਾਸ ਨਿਵਾਸ ਵਿੱਚ ਆ ਡੇਰਾ ਲਾਇਆ ਸੀ। ਉਸ ਦਾ ਬਖਸ਼ੀਸ਼ ਸਿੰਘ ਅਲਗੋਂ ਕੋਠੀ ਅਤੇ ਮੇਜਰ ਸਿੰਘ ਵਲਟੋਹਾ ਵਰਗੇ ਖ਼ਤਰਨਾਕ ਵਿਅਕਤੀਆਂ ਨਾਲ ਮੇਲ ਮਿਲਾਪ ਵੀ ਹੋ ਗਿਆ ਸੀ।

ਉਸ ਨੇ ਜਦ ਸੰਤ ਭਿੰਡਰਾਂਵਾਲਿਆਂ ਦੇ ਕਤਲ ਲਈ ਗੁਰਚਰਨ ਸਿੰਘ ਰਾਹੀਂ ਹਰਚੰਦ ਸਿੰਘ ਲੌਂਗੋਵਾਲ ਨਾਲ ਹੋਈ ਸੌਦੇਬਾਜ਼ੀ ਦੀ ਬਖਸ਼ੀਸ਼ ਸਿੰਘ ਤੇ ਮੇਜਰ ਸਿੰਘ ਵਲਟੋਹਾ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਇਹ ਕਹਿ ਕੇ ਸਿਰ ਫੇਰ ਦਿੱਤਾ ਕਿ ਸੰਤ ਭਿੰਡਰਾਂਵਾਲੇ ਦਾ ਸੁਰੱਖਿਆ ਘੇਰਾ ਬਹੁਤ ਮਜ਼ਬੂਤ ਹੈ, ਉਨ੍ਹਾਂ ਉਤੇ ਹਮਲਾ ਕਰਕੇ ਬਚ ਨਿਕਲਣਾ ਆਸਾਨ ਨਹੀਂ ਹੋਵੇਗਾ। ਜੇ ਨਿਕਲ ਵੀ ਗਏ ਤਾਂ ਉਹਨਾਂ ਦੇ ਹਥਿਆਰਬੰਦ ਸਾਥੀ ਅਤੇ ਖਾਸ ਕਰਕੇ ਸੁਰਿੰਦਰ ਸਿੰਘ ਸੋਢੀ ਤਾਂ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਇਹ ਗੱਲ ਛੁਪੀ ਨਹੀਂ ਰਹਿਣੀ, ਜਿਸ ਕਾਰਨ ਸੰਤਾਂ ਦੇ ਸਾਥੀ ਉਹਨਾਂ (ਹਮਲਾਵਰਾਂ) ਦੇ ਸਾਰੇ ਦੇ ਸਾਰੇ ਪਰਿਵਾਰ ਭਾਵ ਖਾਨਦਾਨ ਹੀ ਖ਼ਤਮ ਕਰ ਦੇਣਗੇ।

ਸ਼ਿੰਦੇ ਨੇ ਜਦ ਸੰਤ ਭਿੰਡਰਾਂਵਾਲਿਆਂ ਦੇ ਕਤਲ ਦੀ ਸਾਜ਼ਿਸ਼ ਨੇਪਰੇ ਚਾੜ੍ਹਨ ਤੋਂ ਇਨਕਾਰ ਕਰ ਦਿੱਤਾ ਤਾਂ ਲੌਂਗੋਵਾਲ ਧੜੇ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਨੂੰ ਹੁਣ ਇਹ ਡਰ ਖਾਈ ਜਾ ਰਿਹਾ ਸੀ ਕਿ ਜਿਸ ਨਾਕਾਮ ਹੋਈ ਸਾਜ਼ਿਸ਼ ਦੀ ਭਿਣਕ ਸੁਰਿੰਦਰ ਸਿੰਘ ਸੋਢੀ ਦੇ ਕੰਨੀਂ ਪੈ ਗਈ ਤਾਂ ਉਹ ਆਪ-ਹੁਦਰੇ ਹੀ ਮਨਬੀਰ ਸਿੰਘ ਚਹੇੜੂ ਅਤੇ ਲਾਭ ਸਿੰਘ ਵਰਗਿਆਂ ਨੂੰ ਲੈ ਕੇ ਸਾਰੀ ਸਾਜ਼ਿਸ਼ੀ ਟੋਲੇ ਨੂੰ ਹੀ ਕਤਲ ਕਰ ਦੇਵੇਗਾ। ਕਿਉਂਕਿ ਸੋਢੀ ਸੁਰਿੰਦਰ ਸ਼ਿੰਦੇ, ਬਖਸ਼ੀਸ਼ ਸਿੰਘ ਅਤੇ ਮੇਜਰ ਸਿੰਘ ਵਰਗਿਆਂ ਦਾ ਯਾਰ ਹੈ, ਜਿਨ੍ਹਾਂ ਨੇ ਉਹਨਾਂ (ਲੌਂਗੋਵਾਲ) ਦੀ ਸਾਜ਼ਿਸ਼ ਨੂੰ ਸਰ ਅੰਜ਼ਾਮ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਇਸ ਭੈਅ ਅਧੀਨ ਹੀ ਸੁਰਿੰਦਰ ਸਿੰਘ ਸੋਢੀ ਨੂੰ ਹੀ ਕਤਲ ਕਰਾਉਣ ਲਈ ਫਿਰ ਸ਼ਿੰਦੇ ਨਾਲ ਪੰਜ ਲੱਖ ਰੁਪਏ ਵਿੱਚ ਸੌਦਾ ਕਰ ਲਿਆ ਅਤੇ ਦੋ ਲੱਖ ਰੁਪਏ ਪਹਿਲਾਂ ਦੇ ਦਿੱਤੇ, ਤਿੰਨ ਲੱਖ ਕੰਮ ਹੋਣ ਪਿੱਛੋਂ ਗੁਰਚਰਨ ਸਿੰਘ ਨੇ ਦੇਣ ਦਾ ਭਰੋਸਾ ਦੁਆ ਦਿੱਤਾ ਸੀ। ਸੁਰਿੰਦਰ ਸਿੰਘ ਸ਼ਿੰਦੇ ਨੇ 3 ਅਪ੍ਰੈਲ, 1984 ਨੂੰ ਸੋਢੀ ਨੂੰ ਕਤਲ ਕਰ ਦਿੱਤਾ ਅਤੇ ਬਖਸ਼ੀਸ਼ ਸਿੰਘ ਦੇ ਘਰ ਅਲਗੋਂ ਕੋਠੀ ਪਹੁੰਚ ਗਿਆ। ਜਦ ਉਸ ਨੂੰ ਇਹ ਦੱਸ ਦਿੱਤਾ ਕਿ ਸੋਢੀ ਨੂੰ ਕਤਲ ਕਰਨ ਲਈ ਉਸਦੇ ਪਿਸਤੌਲ ਦੀ ਹੀ ਵਰਤੋਂ ਕੀਤੀ ਗਈ ਹੈ ਤਾਂ ਉਸ ਨੂੰ ਕੰਬਣੀ ਛਿੜ ਗਈ, ਕਿਉਂਕਿ ਉਹ ਪਿਸਤੌਲ ਬਲਜੀਤ ਕੌਰ ਰਾਹੀਂ ਸੰਤਾਂ ਕੋਲ ਪਹੁੰਚ ਗਿਆ ਸੀ। ਸੰਤਾਂ ਦੇ ਸਹਿਯੋਗੀਆਂ ਨੇ ਸੁਰਿੰਦਰ ਸ਼ਿੰਦੇ, ਮਲਿਕ ਸਿੰਘ ਭਾਟੀਏ, ਬਲਜੀਤ ਕੌਰ ਅਤੇ ਮਨਿੰਦਰ ਉਰਫ ਤੋਤੀ ਨੂੰ ਭਾਈ ਸੁਰਿੰਦਰ ਸਿੰਘ ਸੋਢੀ ਦੇ ਪਿੱਛੇ ਹੀ

ਤੋਰ ਦਿੱਤਾ। ਗੁਰਚਰਨ ਡਰਦਾ ਮਾਰਾ ਸੰਤ ਲੌਂਗੋਵਾਲ ਦੀ ਬੁਕਲ ਵਿੱਚ ਜਾ ਵੜਿਆ, ਜੋ ਤੇਜਾ ਸਿੰਘ ਸਮੁੰਦਰੀ ਹਾਲ ਦੀ ਦੂਜੀ ਮੰਜ਼ਿਲ 'ਤੇ ਬਣੇ ਰਿਹਾਇਸ਼ੀ ਕਮਰੇ ਵਿੱਚ ਰਹਿੰਦਾ ਸੀ।

ਸੰਤ ਭਿੰਡਰਾਂਵਾਲਿਆਂ ਨੇ ਆਪਣੇ ਸੀਨੀਅਰ ਸਾਥੀਆਂ ਨੂੰ ਇਹ ਕਹਿ ਕੇ ਸੰਤ ਲੌਂਗੋਵਾਲ ਤੇ ਉਸ ਦੇ ਸਾਥੀਆਂ ਨੂੰ ਖਤਮ ਕਰ ਦੇਣ ਦੀ ਆਗਿਆ ਨਾ ਦਿੱਤੀ ਕਿ ਕਤਲ ਕੀਤਿਆਂ ਉਹ ਸ਼ਹੀਦ ਅਖਵਾਉਣ ਦੇ ਯੋਗ ਹੋ ਜਾਣਗੇ, ਜ਼ਲੀਲ ਹੋ ਕੇ ਮਰਨ ਦਿਓ। ਉਹਨਾਂ ਦੀ ਇਹ ਭਵਿੱਖਵਾਣੀ ਸੱਚੀ ਨਿਕਲੀ, ਗੁਰਚਰਨ ਸਿੰਘ ਤੇ ਬੱਗਾ ਸਿੰਘ ਸਾਕਾ ਨੀਲਾ ਤਾਰਾ ਦੌਰਾਨ ਜਾਨ ਬਚਾਉਣ ਦੇ ਯਤਨ ਕਰਦੇ ਮਾਰੇ ਗਏ। ਲੌਂਗੋਵਾਲ ਤੇ ਬਲਵੰਤ ਸਿੰਘ ਰਾਜੀਵ ਗਾਂਧੀ ਨਾਲ ਸਮਝੌਤਾ ਕਰਕੇ ਗੱਦਾਰੀ ਦਾ ਟਿੱਕਾ ਲਵਾਉਣ ਪਿੱਛੋਂ ਇਸ ਜ਼ਹਾਨ ਤੋਂ ਤੋਰ ਦਿੱਤੇ ਗਏ।

ਸੰਤ ਭਿੰਡਰਾਂਵਾਲੇ ਦੀ ਇਹ ਭਵਿੱਖਵਾਣੀ ਸੱਚ ਸਾਬਤ ਹੋਈ, "ਸਿੰਘੋ, ਸਮਾਂ ਆਉਣ 'ਤੇ ਹੀ ਇਨ੍ਹਾਂ ਗੱਦਾਰਾਂ ਨੂੰ ਸਜ਼ਾ ਮਿਲੇਗੀ, ਤੁਸੀਂ ਸ਼ਹੀਦ ਕਿਉਂ ਬਨਾਉਣਾ ਚਾਹੁੰਦੇ ਹੋ? ਅਸੀਂ ਇਨ੍ਹਾਂ ਵੱਲੋਂ ਖੇਡੀਆਂ ਜਾ ਰਹੀਆਂ ਸ਼ਤਰੰਜ ਦੀਆਂ ਚਾਲਾਂ ਤੋਂ ਪੂਰੀ ਤਰ੍ਹਾਂ ਜਾਣੂ ਹਾਂ।"

ਆਖ਼ਰ ਉਹ ਸਮਾਂ ਵੀ ਆ ਗਿਆ, ਸਰਕਾਰੀ ਸ਼ਕਤੀ ਨਾਲ ਦੋ-ਦੋ ਹੱਥ ਕਰਨ ਦਾ, ਸੰਤ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਹੇਠ ਗੁਰੀਲਾ ਜੰਗ ਦੇ ਮਾਹਿਰ ਜਨਰਲ ਸ਼ੁਬੇਗ ਸਿੰਘ ਵੱਲੋਂ ਤਿਆਰ ਕੀਤੀ ਰਣਨੀਤੀ ਅਨੁਸਾਰ ਦਮਦਮੀ ਟਕਸਾਲ ਦੇ ਸਿੰਘਾਂ ਨੇ ਹਿੰਦੁਸਤਾਨ ਦੀ ਫ਼ੌਜ ਨਾਲ 72 ਘੰਟਿਆਂ ਦੀ ਜੰਗ ਦੌਰਾਨ ਚਮਕੌਰ ਦੀ ਗੜ੍ਹੀ ਦਾ ਇਤਿਹਾਸ ਦੁਹਰਾ ਦਿੱਤਾ। ਉਥੇ ਤਾਂ ਸਰਬ ਕਲਾ ਸੰਪੂਰਨ ਦਸਮ ਪਿਤਾ ਆਪ ਮੌਜੂਦ ਸਨ। ਇਥੇ ਤਾਂ ਉਹਨਾਂ ਦਾ ਸਿੰਘ ਹੀ ਸੀ। ਇਸ ਜੰਗ ਦੌਰਾਨ ਛੋਟੇ ਮੋਟੇ ਹਥਿਆਰ ਅਤੇ ਬੰਦੂਕਾਂ ਨਾਲ ਹੀ ਤੋਪਾਂ ਅਤੇ ਟੈਂਕਾਂ ਨਾਲ ਲੈਸ ਹਿੰਦੁਸਤਾਨੀ ਫ਼ੌਜ ਦੇ ਅਫ਼ਸਰਾਂ ਅਤੇ ਜਵਾਨਾਂ ਦੇ ਸੱਥਰ ਵਿਛਾ ਦਿੱਤੇ ਗਏ। ਦੁਨੀਆਂ ਦੰਗ ਰਹਿ ਗਈ। ਇੰਦਰਾ ਗਾਂਧੀ ਨੂੰ ਕਾਂਬਾ ਛਿੜ ਗਿਆ, ਕਿਉਂਕਿ ਉਸਨੂੰ ਆਪਣੀ ਮੌਤ ਸਾਹਮਣੇ ਖੜੀ ਦਿੱਸਣ ਲੱਗ ਪਈ ਸੀ।

ਪਿੱਛੋਂ ਭਾਵੇਂ ਸਰਕਾਰੀ ਟੁਕੜਬੋਚ ਖੁਸ਼ਵੰਤ ਸਿੰਘ ਅਤੇ ਸੰਗਤ ਸਿੰਘ ਵਰਗਿਆਂ ਅਤੇ ਹਿੰਦੁਸਤਾਨ ਦੇ ਗੁਲਾਮ ਮੀਡੀਏ ਨੇ ਕੂੜ ਪ੍ਰਚਾਰ ਕਰਕੇ ਨਾ ਕੇਵਲ ਸੰਤ ਭਿੰਡਰਾਂਵਾਲਿਆਂ ਦਾ ਅਕਸ ਵਿਗਾੜਨ ਦਾ ਹੀ ਯਤਨ ਨਹੀਂ ਕੀਤਾ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨੀਵਾਂ ਵਿਖਾਉਣ ਵਿੱਚ ਵੀ ਕੋਈ ਕਸਰ ਨਹੀਂ ਸੀ ਛੱਡੀ। ਇਥੋਂ ਤੱਕ ਪ੍ਰਚਾਰ ਕੀਤਾ ਕਿ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਣਹੋਂਦ ਦਾ ਅਪਮਾਨ ਕਰਕੇ ਨਹੀਂ, ਸਗੋਂ ਇੰਦਰਾ ਨੂੰ ਇਸ ਕਰਕੇ ਮਾਰਿਆ ਸੀ ਕਿ ਉਸ ਨੇ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਪਾਕਿਸਤਾਨ ਨਾਲ ਜੰਗ ਛੇੜਨ ਦੀ ਯੋਜਨਾ ਬਣਾਈ ਸੀ। ਸ੍ਰੀ ਆਰ.ਕੇ. ਧਵਨ ਨੇ ਇਸ ਸਾਜ਼ਿਸ਼ ਦਾ ਭੇਦ ਖੋਲ੍ਹ ਦਿੱਤਾ ਸੀ। ਇਸ ਕੂੜ ਪ੍ਰਚਾਰ ਦੇ ਬਾਵਜੂਦ ਕਈ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਪਿੱਛੋਂ ਵੀ ਸੰਤ

ਭਿੰਡਰਾਂਵਾਲੇ ਦਾ ਨਾਂ ਅਜੇ ਤੱਕ ਸੂਰਜ ਵਾਂਗ ਚਮਕਦਾ ਹੈ, ਜਦੋਂ ਕਿ ਲੌਂਗੋਵਾਲ ਦਾ ਕੋਈ ਨਾਂ ਸੁਣਨ ਨੂੰ ਤਿਆਰ ਨਹੀਂ ਹੈ। ਲੌਂਗੋਵਾਲ ਕੇਵਲ ਕੱਦਕਾਠ ਵਿੱਚ ਹੀ ਬੌਣਾ ਨਹੀਂ ਸੀ, ਸਿਆਣਪ ਪੱਖੋਂ ਵੀ ਸੰਤ ਭਿੰਡਰਾਂਵਾਲਿਆਂ ਤੋਂ ਬਹੁਤ ਬੌਣਾ ਸੀ। ਸੰਤ ਤਾਂ ਰੌਸ਼ਨ ਦਿਮਾਗ, ਦੂਰ-ਅੰਦੇਸ਼ ਅਤੇ ਅਗੰਮੀ ਸੂਝ ਦੇ ਮਾਲਕ ਸਨ। ਉਹ ਅਜਿੱਤ ਹੌਸਲੇ, ਸੂਰਮਗਤੀ ਅਤੇ ਰੂਹਾਨੀਅਤ ਦੇ ਪ੍ਰਤੀਕ ਵੀ ਸਨ। ਉਹਨਾਂ ਦੀਆਂ ਦਿਲ ਖਿੱਚਵੀਆਂ ਅਤੇ ਭਖਦੀਆਂ ਅੱਖਾਂ ਨੇ ਸਿੱਖ ਨੌਜਵਾਨੀ, ਕਿਸਾਨੀ ਅਤੇ ਬੁੱਧੀਜੀਵੀ ਵਰਗ ਦੀ ਢਹਿ-ਢੇਰੀ ਹੋਈ ਸ਼ਕਤੀ ਫਿਰ ਸੁਰਜੀਤ ਕਰ ਦਿੱਤੀ ਸੀ। ਇਹਨਾਂ ਗੈਰ-ਕੁਦਰਤੀ ਖੂਬੀਆਂ ਨੇ ਉਹਨਾਂ ਨੂੰ ਮਹਾਂਬਲੀ ਅਤੇ ਸਿੱਖ ਪੰਥ ਦੇ ਜੁਝਾਰੂ ਆਗੂ ਦੀ ਪਦਵੀ 'ਤੇ ਪਹੰਚਾ ਦਿੱਤਾ ਸੀ। ਉਹ ਕਿਸੇ ਪੈਗੰਬਰ ਜਾਂ ਮਸੀਹੇ ਨਾਲੋਂ ਘੱਟ ਨਹੀਂ ਸਨ। ਤਾਹੀਓਂ ਤਾਂ ਰੋਜ਼ਾਨਾ 'ਅਕਾਲੀ ਪੱਤ੍ਰਕਾ' ਨੇ ਆਪਣੇ ਮੁੱਖ ਸੰਪਾਦਕੀ ਲੇਖ ਦਾ ਸਿਰਲੇਖ ਇਹ ਦਿੱਤਾ ਸੀ, "ਖੁਦਾ ਤੁਮ ਕੋ ਨਹੀਂ ਕਹਿਤੇ ਮਗਰ ਸ਼ਾਨੇ ਖੁਦਾ ਤੁਮ ਹੋ।" ਇਹ ਨਿਰਣਾ ਹੈ ਵੀ ਠੀਕ ਸੀ ਕਿਉਂਕਿ ਉਹਨਾਂ ਵੱਲੋਂ ਕੀਤੇ ਬਚਨ ਪੂਰੇ ਵੀ ਹੁੰਦੇ ਸਨ। ਉਹ ਸਧਾਰਨ ਸੰਤ ਨਹੀਂ ਸਨ। 20ਵੀਂ ਸਦੀ ਦੇ ਸਿੱਖ ਇਤਿਹਾਸ ਦੌਰਾਨ ਪੈਦਾ ਹੋਇਆ ਅਜਿਹਾ ਕੋਈ ਵੀ ਹੋਰ ਆਗੂ ਨਹੀਂ, ਜਿਸ ਨੇ ਵਿਸ਼ਵ ਪੱਧਰ 'ਤੇ ਖ਼ਾਲਸਾ ਪੰਥ ਵਿੱਚ ਇਸ ਤਰ੍ਹਾਂ ਦੀ ਰੂਹ ਫੂਕੀ ਹੋਵੇ। ਇਹ ਉਹਨਾਂ ਦੀਆਂ ਦਿਲਖਿੱਚਵੀਆਂ ਅੱਖਾਂ ਅਤੇ ਕ੍ਰਿਸ਼ਮਈ ਸ਼ਖਸੀਅਤ ਦਾ ਹੀ ਕਮਾਲ ਸੀ ਕਿ ਉਹ ਸੂਰਜ ਵਾਂਗ ਚੜ੍ਹਿਆ ਅਤੇ ਕੁਝ ਸਾਲਾਂ ਵਿੱਚ ਹੀ ਬਾਕੀ ਦੇ ਸਾਰੇ ਅਕਾਲੀ ਆਗੂਆਂ ਨੂੰ ਗ੍ਰਹਿਣ ਲਾ ਦਿੱਤਾ। ਅਜਿਹੇ ਆਗੂ ਕਦੀ ਕਦਾਈਂ ਅਤੇ ਸਬੱਬੀਂ ਹੀ ਪੈਦਾ ਹੁੰਦੇ ਹਨ।

ਸੰਤ ਲੌਂਗੋਵਾਲ ਦੀ ਭਿੰਡਰਾਂਵਾਲਿਆਂ ਨਾਲ ਤੁਲਨਾ ਕਰਨਾ, ਦੀਵੇ ਦੀ ਸੂਰਜ ਨਾਲ ਤੁਲਨਾ ਕਰਨ ਦੇ ਤੁਲ ਹੈ। ਦੀਵੇ ਨੂੰ ਤਾਂ ਇਕੋਂ ਫੂਕ ਮਾਰ ਕੇ ਬੁਝਾਇਆ ਜਾ ਸਕਦਾ ਹੈ, ਪਰ ਸੂਰਜ ਬਾਰੇ ਅਜਿਹਾ ਸੋਚਣਾ ਮੂਰਖਪੁਣਾ ਹੀ ਹੋ ਸਕਦਾ ਹੈ। ਦੀਵਾ ਚਾਨਣਾ ਵੀ ਉਦੋਂ ਖਿਲਾਰਦਾ ਹੈ ਜਦੋਂ ਉਸ ਨੂੰ ਦੀਆ ਸਿਲਾਈ ਨਾਲ ਜਗਾਇਆ ਜਾਂਦਾ ਹੈ, ਪਰ ਸੂਰਜ ਆਪਣੀ ਕੁਦਰਤੀ ਅਤੇ ਸਦੀਵੀ ਸ਼ਕਤੀ ਨਾਲ ਹੀ ਰੌਸ਼ਨੀ ਦਿੰਦਾ ਹੈ, ਸੂਰਜ ਜਿੱਧਰ ਵੀ ਜਾਂਦਾ ਹੈ, ਚਾਨਣਾ ਵੰਡਦਾ ਜਾਂਦਾ ਹੈ। ਭਾਵੇਂ ਸੰਤ ਬਾਬਾ ਜਰਨੈਲ ਸਿੰਘ ਸ਼ਹੀਦ ਹੋ ਗਏ ਹਨ ਪਰ ਸਿੱਖ ਇਤਿਹਾਸ ਵਿੱਚ ਉਹ ਸਦਾ ਚਮਕਦੇ ਰਹਿਣਗੇ। ਸੰਤ ਲੌਂਗੋਵਾਲ ਦਾ ਕਿਸੇ ਨਾਂ ਨਹੀਂ ਲੈਣਾ।

ਸਿੱਖ ਕੌਮ ਦੀ ਇਹ ਹੋਰ ਕੀ ਬਦਕਿਸਮਤੀ ਹੋ ਸਕਦੀ ਹੈ ਕਿ ਇਸ ਕੌਮ ਦੀ ਸੱਤਾ ਦੀ ਭੁੱਖੀ 20ਵੀਂ ਸਦੀ ਦੀ ਲੀਡਰਸ਼ਿਪ ਨੇ ਉਸ ਮਹਾਨ ਆਤਮਾ ਦਾ ਕੇਵਲ ਇਸ ਲਈ ਵਿਰੋਧ ਕੀਤਾ ਸੀ ਕਿ ਉਸ ਨੇ ਸਿੱਖਾਂ ਦੇ ਗਲੋਂ ਗੁਲਾਮੀ ਦੀਆਂ ਪਈਆਂ ਜ਼ੰਜੀਰਾਂ ਲਾਹੁਣ ਦਾ ਯਤਨ ਕੀਤਾ ਅਤੇ ਇਸ ਮਕਸਦ ਲਈ ਗੁਲਾਮੀ ਦਾ ਅਹਿਸਾਸ ਕਰਾ ਕੇ ਸਿੱਖਾਂ ਨੂੰ ਸੰਘਰਸ਼ ਕਰਨ ਲਈ ਤਿਆਰ ਕਰ ਲਿਆ ਸੀ ਪਰ ਗੁਲਾਮੀ ਦੀ ਆਦੀ ਹੋ ਚੁੱਕੀ ਖ਼ੁਦਗਰਜ਼ ਲੀਡਰਸ਼ਿਪ ਸੰਤਾਂ ਦੀ ਪਿੱਠ ਪਿੱਛੇ ਖਲੋ ਜਾਂਦੀ ਤਾਂ ਅੱਜ ਦੇਸ਼ ਦਾ ਨਕਸ਼ਾ ਕੁਝ ਹੋਰ ਹੁੰਦਾ। ਉਹਨਾਂ ਨੇ 72 ਘੰਟੇ ਤੋਪਾਂ ਅਤੇ ਟੈਂਕਾਂ ਨਾਲ ਬੰਦੂਕਾਂ ਅਤੇ ਕੁਝ ਹੋਰ

ਛੋਟੇ ਮੋਟੇ ਹਥਿਆਰਾਂ ਨਾਲ ਲੜਾਈ ਲੜ ਕੇ ਆਪਣੀ ਅਗੰਮੀ ਸ਼ਕਤੀ ਦਾ ਪ੍ਰਗਟਾਵਾ ਕਰ ਦਿੱਤਾ ਸੀ। ਭਾਵੇਂ ਇੰਦਰਾ ਗਾਂਧੀ ਵੀ ਇਸ ਅਗੰਮੀ ਸ਼ਕਤੀ ਤੋਂ ਬੇਖ਼ਬਰ ਨਹੀਂ ਸੀ, ਪਰ ਸੱਤਾ ਦੇ ਭੁੱਖੇ ਕੁਝ ਅਕਾਲੀ ਆਗੂਆਂ ਅਤੇ ਗਿਆਨੀ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਵਰਗੇ ਕਾਂਗਰਸੀ ਆਗੂਆਂ ਨੇ ਉਸ ਨੂੰ ਪਾਕਿਸਤਾਨ ਦਾ ਹਊਆ ਵਿਖਾ ਕੇ ਅਗੰਮੀ ਸ਼ਕਤੀ ਨਾਲ ਟਕਰਾ ਦਿੱਤਾ। ਜਿੰਨੇ ਫ਼ੌਜੀ ਅਫ਼ਸਰ ਤੇ ਜਵਾਨ ਦਰਬਾਰ ਸਾਹਿਬ ਸਮੂਹ ਵਿੱਚ ਮਾਰੇ ਗਏ, ਉਸ ਤੋਂ ਅੱਧੇ ਵੀ ਪਾਕਿਸਤਾਨ ਤੇ ਚੀਨ ਨਾਲ ਹੋਈਆਂ ਲੜਾਈਆਂ ਵਿੱਚ ਨਹੀਂ ਸੀ ਮਾਰੇ ਗਏ।

ਸੰਤ ਭਿੰਡਰਾਂਵਾਲਿਆਂ ਕੋਲ ਮਹਾਨ ਅਗੰਮੀ ਸ਼ਕਤੀ ਅਤੇ ਦੂਰ-ਅੰਦੇਸ਼ੀ ਸੀ ਪਰ ਅਕਾਲੀ ਆਗੂ ਉਹਨਾਂ ਨੂੰ ਅੱਲੜ੍ਹ ਅਤੇ ਸਿਧਾਂਦਰੂ ਹੀ ਸਮਝਦੇ ਰਹੇ। ਉਹ ਇਹ ਭੁੱਲ ਹੀ ਗਏ ਸਨ ਕਿ ਮਹਾਨ ਆਗੂ ਜਮਾਂਦਰੂ ਮਹਾਨ ਹੁੰਦੇ ਹਨ। ਉਨ੍ਹਾਂ ਨੂੰ ਮਹਾਨ ਬਣਾਇਆ ਨਹੀਂ ਜਾਂਦਾ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਮਾਂਦਰੂ ਹੀ ਮਹਾਨ ਆਗੂ ਸਨ। ਰਹਿੰਦੀ ਦੁਨੀਆਂ ਤੱਕ ਉਹਨਾਂ ਦਾ ਨਾਂ ਰਹੇਗਾ। ਉਹ ਸਿੱਖ ਇਤਿਹਾਸ ਦਾ ਇਕ ਅਨਿੱਖੜਵਾਂ ਅੰਗ ਬਣ ਗਏ ਹਨ।

ਸ. ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਪਹਿਲੋਂ ਲੌਂਗੋਵਾਲ, ਆਤਮਾ ਸਿੰਘ, ਬਲਵੰਤ ਸਿੰਘ ਆਦਿਕ ਹੋਰ ਆਗੂਆਂ ਨੇ ਸੰਤ ਭਿੰਡਰਾਂਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੇ ਕਮਰਿਆਂ ਵਿੱਚੋਂ ਵਾਪਸ ਨਾਨਕ ਨਿਵਾਸ ਲਿਆਉਣ ਦੀ ਯੋਜਨਾ ਵੀ ਬਣਾਈ ਸੀ। ਇਸ ਯੋਜਨਾ ਅਨੁਸਾਰ ਸੰਤ ਭਿੰਡਰਾਂਵਾਲਿਆਂ ਨੂੰ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਦੀ ਹਦੂਦ ਵਿੱਚੋਂ ਫਿਰ ਨਾਨਕ ਨਿਵਾਸ ਵਿੱਚ ਲਿਆਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਅਗਵਾਈ ਵਿੱਚ ਪੰਜਾਂ ਪਿਆਰਿਆਂ ਦੇ ਰੂਪ ਵਿੱਚ ਆਦੇਸ਼ ਜਾਰੀ ਕਰਾਇਆ ਜਾਣਾ ਸੀ ਪਰ ਇਸ ਯੋਜਨਾ ਦਾ ਪਹਿਲਾਂ ਭੇਦ ਖੁੱਲ੍ਹ ਜਾਣ ਕਾਰਨ ਸੰਤ ਭਿੰਡਰਾਂਵਾਲਿਆਂ ਦੀ ਸੁਰੱਖਿਆ ਨੂੰ ਮੁੱਖ ਰੱਖ ਕੇ ਜਥੇਦਾਰ ਨੇ ਇਸ ਨੂੰ ਸਿਰੇ ਨਾ ਚੜ੍ਹਨ ਦਿੱਤਾ। ਇਸ ਤੋਂ ਮਗਰੋਂ ਸੰਤਾਂ ਨੂੰ ਜੋ ਕਤਲ ਕਰਨ ਦੀ ਸਾਜ਼ਿਸ਼ ਰਚੀ ਗਈ ਸੀ, ਉਸ ਦੇ ਵੀ ਅਸਫ਼ਲ ਹੋ ਜਾਣ ਕਾਰਨ ਸੋਢੀ ਨੂੰ ਕਤਲ ਕਰਾਇਆ ਗਿਆ ਸੀ।

ਇਥੇ ਇਹ ਘਟਨਾ ਵੀ ਦੱਸਣਯੋਗ ਹੈ ਕਿ ਸੰਤ ਲੌਂਗੋਵਾਲ ਨਾਲ ਸਲਾਹ-ਮਸ਼ਵਰਾ ਕਰਕੇ ਫ਼ੌਜ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰਨ ਤੋਂ ਤੁਰੰਤ ਪਿੱਛੋਂ ਲੌਂਗੋਵਾਲ ਦੇ ਕਈ ਹਿਮਾਇਤੀ ਬਾਗ਼ਵਾਲੀ ਗਲੀ ਰਾਹੀਂ ਕੰਪਲੈਕਸ ਵਿੱਚੋਂ ਬਾਹਰ ਨਿਕਲ ਗਏ ਸਨ ਜੋ ਤੇਜਾ ਸਿੰਘ ਸਮੁੰਦਰੀ ਹਾਲ ਅਤੇ ਗੁਰੂ ਨਾਨਕ ਨਿਵਾਸ ਦੇ ਨਾਲ ਲੱਗਦੀ ਸੀ। ਇਹ ਕਦੇ ਸੋਚਿਆ ਹੀ ਨਹੀਂ ਜਾ ਸਕਦਾ ਸੀ ਕਿ ਜਿਸ ਮਹਾਨ ਆਗੂ ਨੇ ਸਿੱਖ ਰਾਜ ਦਾ ਸੁਪਨਾ ਤਿਆਗ ਚੁੱਕੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਾ ਕੇ ਮੁੜ ਆਜ਼ਾਦੀ ਦੇ ਰਾਹ ਪਾ ਲਿਆ ਹੋਵੇ, ਉਸ ਦੇ ਸਹਾਰੇ ਪੈਰਾਂ ਸਿਰ ਹੋਈ ਅਕਾਲੀ ਲੀਡਰਸ਼ਿਪ ਉਸ ਦੀ ਜਾਨ ਦੀ ਦੁਸ਼ਮਣ ਬਣ ਜਾਵੇਗੀ ਅਤੇ ਉਸ ਨੂੰ ਫਿਰੌਤੀ ਦੇ ਕੇ ਮਰਵਾਉਣ ਦੀਆਂ ਸਾਜ਼ਿਸ਼ਾਂ ਉਲੀਕੀਆਂ ਜਾਣਗੀਆਂ। ਜਿਸ ਨੂੰ

ਸਾਬਕਾ ਫ਼ੌਜੀਆਂ ਅਤੇ ਸਿੱਖ ਬੁੱਧੀਜੀਵੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾਉਣ ਦੀ ਮੰਗ ਵੀ ਕੀਤੀ ਸੀ।

ਧਰਮ ਯੁੱਧ ਮੋਰਚੇ ਬਾਰੇ ਅਜਿਹੇ ਵਰਗ ਦੀ ਰਾਇ ਜਾਣਨ ਲਈ ਕਨਵੈਨਸ਼ਨ ਬੁਲਾਈ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਹੀ ਸੀ, ਜਿਸ ਵਿੱਚ ਸੇਵਾ ਮੁਕਤ ਲੈਂਫਟੀਨੈਂਟ ਜਨਰਲ, ਕਰਨਲ, ਬਰਗੇਡੀਅਰ, ਮੇਜਰ ਜਨਰਲ, ਮੇਜਰ ਲੈਫਟੀਨੈਂਟ ਅਤੇ ਕੈਪਟਨ ਤੱਕ ਦੇ ਫ਼ੌਜੀ ਅਫ਼ਸਰਾਂ, ਫ਼ੌਜੀਆਂ ਅਤੇ ਪੰਥਕ ਬੁੱਧੀਜੀਵੀਆਂ ਨੇ ਹਿੱਸਾ ਲਿਆ ਸੀ, ਜੋ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਦੀ ਦੂਜੀ ਮੰਜ਼ਿਲ ਵਾਲੇ ਹਾਲ ਵਿੱਚ ਹੋਈ ਸੀ। ਇਸ ਕਨਵੈਨਸ਼ਨ ਵਿੱਚ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਜਥੇਦਾਰ ਬਣਾਉਣ ਲਈ ਕੇਵਲ ਮੰਗ ਹੀ ਨਹੀਂ ਉਠੀ, ਬਕਾਇਦਾ ਮਤਾ ਪਾਸ ਹੋਇਆ ਸੀ। ਵਿਸ਼ਵ ਭਰ ਵਿੱਚ ਬੈਠੇ ਸਿੱਖਾਂ ਵੱਲੋਂ ਇਸ ਮਤੇ ਦੇ ਹੱਕ ਵਿੱਚ ਆਵਾਜ਼ਾਂ ਆਉਣੀਆਂ ਵੀ ਸ਼ੁਰੂ ਹੋ ਗਈਆਂ ਸਨ। ਮੇਜਰ ਜਨਰਲ ਸ਼ੁਬੇਗ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ, ਬਰਗੇਡੀਅਰ ਮਹਿੰਦਰ ਸਿੰਘ ਤੇ ਬਰਗੇਡੀਅਰ ਜਸਵੰਤ ਸਿੰਘ ਸੰਤ ਭਿੰਡਰਾਂਵਾਲਿਆਂ ਨਾਲ ਖੜ੍ਹੇ ਸਨ ਪਰ ਬੇਈਮਾਨ ਅਕਾਲੀ ਲੀਡਰਸ਼ਿਪ ਨੇ ਇਹ ਕਹਿ ਕੇ ਸੰਤ ਭਿੰਡਰਾਂਵਾਲਿਆਂ ਨੂੰ ਜਥੇਦਾਰ ਬਣਾਉਣ ਤੋਂ ਇਨਕਾਰ ਕਰ ਦਿੱਤਾ ਕਿ ਦਮਦਮੀ ਟਕਸਾਲ ਦੀ ਮਰਿਆਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਵਾਨਿਤ ਮਰਿਆਦਾ ਨਾਲ ਮੇਲ ਨਹੀਂ ਖਾਂਦੀ ਜਦੋਂ ਕਿ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪੂਰਨ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਵੀ ਦਮਦਮੀ ਟਕਸਾਲ ਦੇ ਹੀ ਵਿਦਿਅਰਥੀ ਸਨ। ਗਿਆਨੀ ਮੋਹਣ ਸਿੰਘ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਗਿਆਨੀ ਰਾਮ ਸਿੰਘ ਵੀ ਟਕਸਾਲੀ ਹੀ ਸਨ ਜੋ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀਆ ਭਾਵ ਗ੍ਰੰਥੀਆਂ ਵਜੋਂ ਸੇਵਾ ਨਿਭਾਅ ਰਹੇ ਸਨ। ਇਸ ਕਨਵੈਨਸ਼ਨ ਪਿੱਛੋਂ ਤਾਂ ਜਨਰਲ ਸ਼ੁਬੇਗ ਸਿੰਘ ਤਾਂ ਪੱਕੇ ਤੌਰ ਤੇ ਸੰਤ ਭਿੰਡਰਾਂਵਾਲਿਆਂ ਨਾਲ ਜਾ ਖਲੋਤਾ।

ਸੰਤ ਭਿੰਡਰਾਂਵਾਲਿਆਂ ਨੂੰ ਜਥੇਦਾਰ ਨਾ ਬਣਾਏ ਜਾਣ ਦਾ ਕਾਰਨ ਇਹ ਸੀ ਕਿ ਉਨ੍ਹਾਂ ਨੇ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਮਨਾਏ ਬਿਨਾਂ ਅਕਾਲੀਆਂ ਨੂੰ ਭੱਜਣ ਨਹੀਂ ਸੀ ਦੇਣਾ ਜੋ ਪਹਿਲਾਂ ਹੀ ਉਨ੍ਹਾਂ 'ਤੇ ਭਾਰੂ ਹੋ ਗਏ ਸਨ। ਮੋਰਚਾ ਡਿਕਟੇਟਰ ਸੰਤ ਲੌਂਗੋਵਾਲ ਤਾਂ ਨਾਂ ਦਾ ਹੀ ਡਿਕਟੇਟਰ ਸੀ। ਜੇ ਕਿਤੇ ਸੰਤ ਭਿੰਡਰਾਂਵਾਲੇ ਜਥੇਦਾਰ ਬਣ ਜਾਂਦੇ ਤਾਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਤਾਂ ਦੂਰ ਦੀ ਗੱਲ, ਸ੍ਰੀਮਤੀ ਇੰਦਰਾ ਗਾਂਧੀ ਨੂੰ ਆਪ ਅੰਮ੍ਰਿਤਸਰ ਆਉਣਾ ਪੈਣਾ ਸੀ। ਪਰ ਅਕਾਲੀ ਲੀਡਰਸ਼ਿਪ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਬਾਰੇ ਸੰਜੀਦਾ ਨਹੀਂ ਸੀ। ਉਹ ਤਾਂ ਕੇਵਲ ਉਸ ਮੋਰਚੇ ਵਿੱਚੋਂ ਆਪਣੀ ਸਰਕਾਰ ਕੱਢਣਾ ਚਾਹੁੰਦੀ ਪਰ ਕਪੂਰੀ ਦਾ ਮੋਰਚਾ ਫ਼ੇਲ੍ਹ ਹੋਣ ਤੋਂ ਡਰਦੀ ਸੰਤਾਂ ਦੇ ਧਰਮ ਯੁੱਧ ਵਿੱਚ ਸ਼ਾਮਲ ਹੋ ਕੇ ਫਸ ਗਈ ਸੀ। ਇਸ ਲਈ ਸੰਤਾਂ ਨੂੰ ਕਤਲ ਕਰਾਉਣ ਤੱਕ ਚਲੀ ਗਈ ਪਰ ਜਦ ਗੱਲ ਨਾ ਬਣੀ ਤਾਂ ਸਰਕਾਰ ਨਾਲ ਸਾਜ਼ਬਾਜ਼ ਕਰ ਲਈ, ਜਿਸ ਵਿੱਚੋਂ ਨਿਕਲਿਆ ਘੱਲੂਘਾਰਾ ਨੀਲਾ ਤਾਰਾ (ਬਲਿਊ ਸਟਾਰ)। ਇਥੇ ਇਹ ਵਰਣਨਯੋਗ ਹੈ ਕਿ ਜਦੋਂ ਅਕਾਲੀ ਲੀਡਰਸ਼ਿਪ ਨੇ ਧਰਮਯੁੱਧ ਮੋਰਚੇ ਦੌਰਾਨ ਇੰਦਰਾ ਗਾਂਧੀ ਦੇ

ਪ੍ਰਤੀਨਿਧਾਂ ਨਾਲ ਗੱਲਬਾਤ ਕਰਨ ਲਈ ਦਿੱਲੀ ਦੇ ਗੇੜੇ ਲਾਉਣੇ ਸ਼ੁਰੂ ਕਰ ਦਿੱਤੇ ਸਨ ਤਾਂ ਸੰਤ ਭਿੰਡਰਾਂਵਾਲਿਆਂ ਨੇ ਕੇਵਲ ਮੀਟਿੰਗਾਂ ਵਿੱਚ ਹੀ ਨਹੀਂ, ਖੁੱਲ੍ਹੇ ਤੌਰ 'ਤੇ ਕਹਿਣਾ ਸ਼ੁਰੂ ਕਰ ਦਿੱਤਾ ਸੀ, "ਅਕਾਲੀ ਲੀਡਰੋ, ਦਿੱਲੀ ਦੇ ਗੇੜੇ ਲਾਉਣੇ ਛੱਡ ਦਿਓ, ਇੰਦਰਾ ਗਾਂਧੀ ਆਪ ਨੰਗੇ ਪੈਰੀਂ ਚੱਲ ਕੇ ਸ੍ਰੀ ਦਰਬਾਰ ਸਾਹਿਬ ਆਏਗੀ। ਇਸ ਗੱਲ ਦੀ ਮੈਂ ਜ਼ਿੰਮੇਵਾਰੀ ਲੈਂਦਾ ਹਾਂ।" ਪਰ ਲੌਂਗੋਵਾਲ ਧੜੇ ਦੇ ਦਿਲ ਵਿੱਚ ਖੋਟ ਸੀ। ਜਿੰਨਾ ਚਿਰ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਨੂੰ ਨਾ ਘੇਰਿਆ ਓਨਾ ਚਿਰ ਦਿੱਲੀ ਦੇ ਗੇੜੇ ਲਾਉਣੇ ਲੌਂਗੋਵਾਲੀਆਂ ਨੇ ਨਾ ਛੱਡੇ। ਅਕਾਲੀ ਲੀਡਰਾਂ ਦੀਆਂ ਅਨੇਕਾਂ ਚਿੱਠੀਆਂ ਵਿੱਚ ਜੋ ਇਹਨਾਂ ਦਾ ਚਿਹਰਾ ਸਾਹਮਣੇ ਆਇਆ ਉਸ ਦਾ ਦਾਗ ਕਦੀਂ ਵੀ ਭਵਿੱਖ ਦੀ ਤਵਾਰੀਖ਼ ਵਿੱਚ ਲਹਿ ਨਹੀਂ ਸਕਦਾ। ਕੇਵਲ ਜਥੇਦਾਰ ਜਗਦੇਵ ਸਿੰਘ ਅਤੇ ਸਾਬਕਾ ਮੰਤਰੀ ਸ. ਸੁਖਜਿੰਦਰ ਸਿੰਘ ਹੀ ਅਜਿਹੇ ਪਹਿਲੀ ਲਾਈਨ ਦੇ ਆਗੂ ਸਨ, ਜਿਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਵਿਰੁੱਧ ਰਚੀਆਂ ਗਈਆਂ ਸਾਜ਼ਿਸ਼ਾਂ ਵਿੱਚ ਭਾਗ ਨਹੀਂ ਸੀ ਲਿਆ। ਨਿੱਕੂ ਬਲਵੰਤ ਸਿੰਘ ਹੀ ਸੰਤ ਲੌਂਗੋਵਾਲ ਦਾ ਦਿਮਾਗ ਸੀ ਅਤੇ ਘੱਲੂਘਾਰਾ ਨੀਲਾ ਤਾਰਾ ਪਿੱਛੋਂ ਰਾਜੀਵ ਗਾਂਧੀ ਨਾਲ ਸਮਝੌਤਾ ਕਰਕੇ ਸਿੱਖਾਂ ਨਾਲ ਗੱਦਾਰੀ ਕਰਨ ਕਾਰਨ ਜਦੋਂ ਲੌਂਗੋਵਾਲ ਦਾ ਕਤਲ ਹੋ ਗਿਆ ਤਾਂ ਸੁਰਜੀਤ ਸਿੰਘ ਬਰਨਾਲਾ ਵੀ ਬਲਵੰਤ ਸਿੰਘ ਦੇ ਨਾਲ ਆ ਰਲਿਆ ਜਿਸ ਨੇ ਰਾਜੀਵ ਗਾਂਧੀ ਨਾਲ ਸਮਝੌਤੇ ਲਈ ਸੰਤ ਲੌਂਗੋਵਾਲ ਨੂੰ ਦਿੱਲੀ ਲਿਜਾਣ ਲਈ ਬਲਵੰਤ ਸਿੰਘ ਦੀ ਸਹਾਇਤਾ ਕੀਤੀ ਸੀ। ਸਮਝੌਤੇ ਦਾ ਖਰੜਾ ਤਿਆਰ ਕਰਨ ਵਿੱਚ ਬਲਵੰਤ ਸਿੰਘ ਦੀ ਹੀ ਵਿਸ਼ੇਸ਼ ਭੂਮਿਕਾ ਸੀ। ਇਹੋ ਕਾਰਨ ਸੀ ਕਿ ਉਸ ਨੂੰ ਵੀ ਸੰਤ ਲੌਂਗੋਵਾਲ ਦੇ ਪਿੱਛੇ ਪਿੱਛੇ ਇਸ ਜਹਾਨ ਤੋਂ ਜਾਣਾ ਪਿਆ। (ਰਾਜੀਵ ਲੌਂਗੋਵਾਲ ਸਮਝੌਤੇ ਦਾ ਪੂਰਾ ਵੇਰਵਾ ਅੱਗੇ ਦਿੱਤਾ ਹੋਇਆ ਹੈ)

ਸੰਤ ਭਿੰਡਰਾਂਵਾਲਿਆਂ ਦੀ ਆਖ਼ਰੀ ਇੰਟਰਵਿਊ
3 ਜੂਨ, 1984

(ਇਹ ਮੁਲਾਕਾਤ ਤ੍ਰੈਮਾਸਿਕ ਪੱਤਰ 'ਸ਼ਮਸ਼ੀਰ-ਏ-ਕੌਮ' ਵਿੱਚੋਂ ਲਈ ਗਈ, ਇਸ ਵਿੱਚ ਇੰਟਰਵਿਊ ਕਰਤਾ ਹਰਬੀਰ ਸਿੰਘ ਭੰਵਰ ਦੇ ਨਾਲ ਗਏ ਪੱਤਰਕਾਰ ਐਸ. ਕਰਪੇਕਰ ਅਤੇ ਹੋਰ ਸਨ।)

ਅੱਜ ਬਾਕੀ ਪੱਤਰਕਾਰ ਸਾਥੀਆਂ ਨਾਲ 3 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਗਏ। ਕਰਫਿਊ ਵਿੱਚ ਸਵੇਰੇ 9 ਵਜੇ ਤੋਂ 11 ਵਜੇ ਤੱਕ ਢਿੱਲ ਦਿੱਤੀ ਗਈ ਸੀ। ਅੱਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਸੀ, ਪਰ ਦਹਿਸ਼ਤ ਅਤੇ ਕਰਫਿਊ ਵਿੱਚ ਦਿੱਤੀ ਢਿੱਲ ਬਾਰੇ ਬਹੁਤ ਲੋਕਾਂ ਨੂੰ ਪਤਾ ਨਾ ਹੋਣ ਕਰਕੇ ਬਹੁਤ ਹੀ ਘੱਟ ਸੰਗਤਾਂ ਸ੍ਰੀ ਦਰਬਾਰ ਸਾਹਿਬ ਆਈਆਂ। ਅਸੀਂ ਸੰਤ ਲੌਂਗੋਵਾਲ ਅਤੇ ਸ: ਟੌਹੜਾ ਨੂੰ ਮਿਲੇ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਪਹਿਲੀ ਜੂਨ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਸੰਭਾਲ ਕੇ ਰੱਖੇ ਜਾਣਗੇ ਕਿਉਂਕਿ ਇਹ ਇਤਿਹਾਸ ਦਾ ਹਿੱਸਾ ਹਨ। ਸ: ਟੌਹੜਾ ਨੇ ਕਿਹਾ ਹਰ ਸਿੱਖ ਇਨ੍ਹਾਂ ਗੋਲੀਆਂ ਦਾ ਬਦਲਾ ਲਏਗਾ। ਸੰਤ ਜੀ ਨੇ ਇੰਦਰਾ ਵੱਲੋਂ ਮੋਰਚਾ ਵਾਪਸ ਲੈਣ ਲਈ ਕੀਤੀ ਗਈ ਅਪੀਲ ਰੱਦ ਕਰ ਦਿੱਤੀ। ਅੱਜ ਕੰਪਲੈਕਸ ਦੇ ਸਾਰੇ ਟੈਲੀਫ਼ੋਨ ਡੈਡ ਪਏ ਸਨ ਸ਼ਾਇਦ ਕੱਟ ਦਿੱਤੇ ਗਏ ਸਨ।

ਇਧਰੋਂ ਵਿਹਲੇ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਤ ਭਿੰਡਰਾਂਵਾਲਿਆਂ ਵੱਲ ਗਏ। ਉਨ੍ਹਾਂ ਵਿੱਚ ਪਹਿਲਾਂ ਵਾਲੀ ਠਾਠ-ਬਾਠ ਨਹੀਂ ਸੀ, ਉਦਾਸ ਸਨ। ਕਮਰੇ ਵਿੱਚ ਇਕ ਸਨਾਟਾ ਛਾਇਆ ਹੋਇਆ ਸੀ। ਸੰਤ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿਆਨ ਦਿੱਤਾ ਕਿ ਸਾਨੂੰ ਭਰੋਸੇਯੋਗ ਵਸੀਲਿਆਂ ਤੋਂ ਖ਼ਬਰ ਮਿਲੀ ਹੈ ਕਿ ਸਰਕਾਰ ਕੱਲ੍ਹ 4 ਜੂਨ ਨੂੰ ਸਾਨੂੰ ਹਥਿਆਰ ਜਮ੍ਹਾਂ ਕਰਾਉਣ ਲਈ 24 ਘੰਟੇ ਦਾ ਨੋਟਿਸ ਦੇਵੇਗੀ ਅਤੇ 5 ਜੂਨ ਨੂੰ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ ਦੇ ਸਾਰੇ ਗੁਰਦੁਆਰਿਆਂ 'ਤੇ ਹਮਲਾ ਕਰੇਗੀ। ਸੰਤ ਜੀ ਨੇ ਸਿੰਘਾਂ ਨੂੰ ਅਪੀਲ ਕੀਤੀ ਕਿ ਆਪਣੇ ਹਥਿਆਰ ਨਹੀਂ ਦੇਣੇ। ਇਸ ਉਪਰੰਤ ਅਸੀਂ ਸ੍ਰੀ ਦਰਬਾਰ ਸਾਹਿਬ ਦੀਆਂ ਦੀਵਾਰਾਂ ਅਤੇ ਸੁਨਹਿਰੀ ਗੁੰਬਦ 'ਤੇ ਲੱਗੀਆਂ ਗੋਲੀਆਂ ਦੇ ਨਿਸ਼ਾਨ ਵੇਖੇ। ਕਈ ਥਾਵਾਂ 'ਤੇ ਇਹਨਾਂ ਨਿਸ਼ਾਨਾਂ ਦੁਆਲੇ ਲਾਲ ਰੰਗ ਨਾਲ ਗੋਲ ਦਾਇਰੇ ਲਾ ਕੇ 1 ਜੂਨ, 1984 ਲਿਖ ਦਿੱਤਾ ਗਿਆ ਸੀ।

ਮੈਨੂੰ ਇਕ ਪੱਤਰਕਾਰ ਨੇ ਦੱਸਿਆ ਕਿ ਤੂੰ ਇਕ ਕੰਮ ਕਰ, ਦਿੱਲੀ ਤੋਂ ਦੋ ਪੱਤਰਕਾਰ

ਆਏ ਨੇ ਜੋ ਸਾਡੇ ਹੀ ਵਿਸ਼ੇਸ਼ ਪ੍ਰਤੀਨਿਧ ਸ੍ਰੀ ਡੀ.ਆਰ. ਆਹੂਜਾ ਤੋਂ ਖਤ ਲੈ ਕੇ ਆਏ, ਤੂੰ ਦੋਵਾਂ ਨੂੰ ਸੰਤਾਂ ਨਾਲ ਮਿਲਾ ਦੇ ਅਤੇ ਪਹਿਲੀ ਜੂਨ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਵੀ ਵਿਖਾ ਦੇਹ। ਮੈਂ ਕਿਹਾ ਕਿ ਉਨ੍ਹਾਂ ਨੂੰ ਮੇਰੇ ਕੋਲ ਭੇਜ ਦਿਉ। ਇਨ੍ਹਾਂ ਦੋਵਾਂ ਨੂੰ ਨਾਲ ਲੈ ਕੇ ਮੈਂ ਸ੍ਰੀ ਦਰਬਾਰ ਸਾਹਿਬ ਗਿਆ। ਪਹਿਲਾਂ ਉਹਨਾਂ ਨੂੰ ਦਰਸ਼ਨੀ ਡਿਓੜੀ ਅਤੇ ਸ੍ਰੀ ਹਰਿਮੰਦਰ ਸਾਹਿਬ ਲੱਗੇ ਗੋਲੀਆਂ ਦੇ ਨਿਸ਼ਾਨ ਦਿਖਾਏ। ਉਨ੍ਹਾਂ ਫੋਟੋ ਖਿੱਚੇ, ਕਈ ਸ਼ਰਧਾਲੂਆਂ ਤੋਂ ਪਹਿਲੇ ਹਮਲੇ ਦਾ ਪ੍ਰਤੀਕਰਮ ਪੁੱਛਿਆ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਗਏ। ਪੌੜੀਆਂ ਚੜ੍ਹਨ ਵੇਲੇ ਭਿੰਡਰਾਂਵਾਲਿਆਂ ਦੇ ਖੜ੍ਹੇ ਪਹਿਰੇਦਾਰਾਂ ਨੇ ਸਾਡੀ ਸਭ ਦੀ ਬੁਰੀ ਤਰ੍ਹਾਂ ਤਲਾਸ਼ੀ ਲਈ। ਮੇਰੀ ਪੱਗ ਵੀ ਵੇਖੀ ਕਿ ਇਥੇ ਕੁਝ ਲੁਕਾਇਆ ਤਾਂ ਨਹੀਂ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸੀ.ਆਰ.ਪੀ. ਅੱਜ ਕੱਲ੍ਹ ਸਿੱਖਾਂ ਦੀ ਤਲਾਸ਼ੀ ਲੈ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀ ਹੈ। ਕੈਮਰੇ ਵੀ ਖੁਲ੍ਹਵਾ ਕੇ ਵੇਖੇ। ਮੈਨੂੰ ਇਕ ਪੱਤਰਕਾਰ ਸਾਥੀ ਦੀ ਗੱਲ ਯਾਦ ਆਈ। ਉਸ ਨੇ ਕਿਸੇ ਨੂੰ ਕਿਹਾ ਸੀ ਦਰਬਾਰ ਸਾਹਿਬ ਦੇ ਬਾਹਰ ਇੰਦਰਾ ਦੀ ਸੀ.ਆਰ.ਪੀ. ਖੜੀ ਹੈ ਅਤੇ ਅੰਦਰ ਭਿੰਡਰਾਂਵਾਲੇ ਦੀ, ਦੋਵੇਂ ਸੰਗਤਾਂ ਨੂੰ ਪ੍ਰੇਸ਼ਾਨ ਕਰਦੇ ਹਨ। ਮਹਿੰਦਰ ਸਿੰਘ ਸੰਤਾਂ ਨੂੰ ਇਹ ਗੱਲ ਦੱਸ ਆਇਆ ਸੀ ਤੇ ਕਿਹਾ ਸੀ ਕਿ ਆਪਣੇ ਬੰਦਿਆਂ ਨੂੰ ਕਹੋ ਜ਼ਰਾ ਆਪਣਾ ਰਵੱਈਆ ਠੀਕ ਕਰਨ।

ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਗਏ ਸੰਤ ਜੀ 20-25 ਸਿੰਘਾਂ ਨੂੰ ਭਾਸ਼ਣ ਦੇ ਰਹੇ ਸਨ ਅਤੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਰੋਕਣ ਲਈ ਉਨ੍ਹਾਂ ਨੂੰ ਪ੍ਰੇਰਣਾ ਦੇ ਰਹੇ ਸਨ। ਇਤਨੀ ਦੇਰ ਨੂੰ ਹਰਮਿੰਦਰ ਸਿੰਘ ਸੰਧੂ ਜੋ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਜਨਰਲ ਸਕੱਤਰ ਸੀ, ਆ ਗਿਆ ਤਾਂ ਪੱਤਰਕਾਰ ਉਸ ਦੀ ਇੰਟਰਵਿਊ ਲੈਣ ਲੱਗੇ। ਸੰਧੂ ਨੇ ਪੰਜਾਬ ਵਿੱਚ ਫ਼ੌਜ ਭੇਜਣ ਦੀ ਨਿਖੇਧੀ ਕੀਤੀ। ਇਕ ਸਵਾਲ ਦੇ ਜਵਾਬ ਵਿੱਚ ਉਸਨੇ ਕਿਹਾ ਕਿ ਜੇਕਰ ਦੋਹਾਂ ਸੰਤਾਂ ਦੀ ਨਿੱਜੀ ਤੌਰ 'ਤੇ ਏਕਤਾ ਨਹੀਂ ਹੋ ਸਕਦੀ ਤਾਂ ਪੰਥ ਦੇ ਭਲੇ ਲਈ ਮਾਨਸਿਕ ਏਕਤਾ ਤਾਂ ਹੋ ਸਕਦੀ ਹੈ? ਅੱਜ ਤੋਂ ਪਹਿਲਾਂ ਉਹ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਦੀ ਵਿਸ਼ੇਸ਼ ਕਰਕੇ ਲੌਂਗੋਵਾਲ ਦੀ ਬੁਰੀ ਤਰ੍ਹਾਂ ਨੁਕਤਾਚੀਨੀ ਕਰਦਾ ਰਿਹਾ ਸੀ ਪਰ ਅੱਜ ਉਸ ਦੇ ਰਵੱਈਏ 'ਚ ਹੈਰਾਨਕੁੰਨ ਤਬਦੀਲੀ ਸੀ।

ਪੱਤਰਕਾਰ ਫਿਰ ਸੰਤ ਭਿੰਡਰਾਂਵਾਲਿਆਂ ਨੂੰ ਮਿਲੇ। ਸੰਧੂ ਨੇ ਦੋ ਭਾਸ਼ੀਏ ਦਾ ਕੰਮ ਕੀਤਾ। ਸਵਾਲ ਜਵਾਬ ਇਸ ਤਰ੍ਹਾਂ ਸਨ:-

? ਪੰਜਾਬ ਵਿੱਚ ਫ਼ੌਜ ਭੇਜਣ ਬਾਰੇ ਤੁਹਾਡਾ ਪ੍ਰਤੀਕਰਮ?

-ਇਹ ਸਿੱਖਾਂ ਨੂੰ ਦਬਾਉਣ ਲਈ ਭੇਜੀ ਗਈ ਹੈ।

? ਸੀ.ਆਰ.ਪੀ. ਅਤੇ ਫ਼ੌਜ ਵਿੱਚ ਕੋਈ ਫਰਕ?

-ਕੋਈ ਫਰਕ ਨਹੀਂ, ਸਿਰਫ ਨਾਂ ਦਾ ਹੀ ਫਰਕ ਹੈ। ਸੀ.ਆਰ.ਪੀ. ਵੀ ਸਿੱਖਾਂ ਨੂੰ ਦਬਾ ਰਹੀ ਹੈ, ਇਹ ਵੀ ਦਬਾਉਣਗੇ।

? ਸ੍ਰੀ ਦਰਬਾਰ ਸਾਹਿਬ 'ਤੇ ਪਹਿਲੀ ਜੂਨ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਵੇਖੇ ਹਨ, ਇਸ ਦੀ ਪ੍ਰਤੀਕ੍ਰਿਆ ਹੋਵੇਗੀ?

-ਸਿੱਖ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਬਿਲਕੁਲ ਨਹੀਂ ਸਹਾਰ ਸਕਦੇ, ਇਸ ਦੀ ਪ੍ਰਤੀਕ੍ਰਿਆ ਜ਼ਰੂਰ ਹੋਏਗੀ।

? ਕੀ ਹੁਣ ਸਿੱਖ ਭਾਰਤ ਵਿੱਚ ਰਹਿ ਸਕਦੇ ਹਨ?

-ਬਰਾਬਰ ਦੇ ਸ਼ਹਿਰੀ ਬਣ ਕੇ ਹੀ ਰਹਿ ਸਕਦੇ ਹਨ।

? ਕੀ ਸਿੱਖ ਭਾਰਤ ਨਾਲ ਰਹਿ ਸਕਦੇ ਹਨ?

-ਸੱਚੀ ਗੱਲ ਹੈ ਕਿ ਹੁਣ ਰਹਿਣਾ ਔਖਾ ਹੈ।

? ਕੀ ਤੁਸੀਂ ਅਕਾਲੀ ਲੀਡਰਸ਼ਿਪ ਤੋਂ ਸੰਤੁਸ਼ਟ ਹੋ?

-ਇਸ ਬਾਰੇ ਕੁਝ ਨਹੀਂ ਕਹਿਣਾ।

? ਰੱਬ ਨਾ ਕਰੇ ਜੇ ਤੁਹਾਡੀ ਮੌਤ ਹੋ ਜਾਏ ਤਾਂ ਤੁਹਾਡਾ ਉਤਰਾਅਧਿਕਾਰੀ ਕੌਣ ਹੋਵੇਗਾ?

-ਸਾਡੇ ਵਿੱਚ ਵੋਟਾਂ ਦਾ ਰਿਵਾਜ਼ ਨਹੀਂ ਹੈ ਜੋ ਵਿਅਕਤੀ ਯੋਗ ਹੋਵੇਗਾ ਜਥੇ ਵਾਲੇ ਉਸ ਨੂੰ ਚੁਣ ਲੈਣਗੇ।

? ਕੀ ਤੁਸੀਂ ਵਿਦੇਸ਼ਾਂ ਤੋਂ ਆਪਣੇ ਮਿਸ਼ਨ ਦੀ ਪ੍ਰਾਪਤੀ ਲਈ ਮਦਦ ਲਵੋਗੇ?

-ਸਿੱਖਾਂ ਦੇ ਹੱਕ ਲਈ ਜੇ ਕੋਈ ਮਦਦ ਦੇਵੇਗਾ ਤਾਂ ਜ਼ਰੂਰ ਲਵਾਂਗੇ।

ਇਕ ਸਵਾਲ ਦੇ ਜਵਾਬ ਵਿੱਚ ਸੰਤ ਜੀ ਨੇ ਕਿਹਾ ਕਿ ਪਹਿਲੀ ਜੂਨ ਨੂੰ ਉਹਨਾਂ ਦੇ ਕਿਸੇ ਮੈਂਬਰ ਨੇ ਗੋਲੀ ਨਹੀਂ ਚਲਾਈ।

? ਕੀ ਤੁਸੀਂ ਸਿੰਘ ਸਾਹਿਬਾਨ ਦੇ ਕੱਲ ਦੇ ਆਦੇਸ਼ ਨਾਲ ਸਹਿਮਤ ਹੋ ਕਿ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ, ਦੁਸ਼ਟਾਂ ਦਾ ਨਾਸ਼ ਕਰ ਦਿਓ?

-ਪੂਰੀ ਤਰ੍ਹਾਂ।

ਇਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ, ਅਸੀਂ ਗੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ ਹਨ। ਉਸ ਸਮੇਂ ਸੰਤ ਜੀ ਪਾਸ ਭਾਈ ਅਮਰੀਕ ਸਿੰਘ ਜੀ, ਭਾਈ ਰਛਪਾਲ ਸਿੰਘ, ਜਨਰਲ ਸ਼ੁਬੇਗ ਸਿੰਘ ਵੀ ਬੈਠੇ ਸਨ। ਸੰਤ ਜੀ ਨੇ ਜਨਰਲ ਸ਼ੁਬੇਗ ਸਿੰਘ ਦੀ ਪੱਤਰਕਾਰਾਂ ਨਾਲ ਗੱਲਬਾਤ ਕਰਾਈ ਤੇ ਦੱਸਿਆ, ਇਨ੍ਹਾਂ ਨੇ ਮੁਕਤੀ ਬਾਹਨੀ ਫ਼ੌਜ ਬਣਾਈ ਸੀ ਅਤੇ ਬੰਗਲਾ ਦੇਸ਼ ਆਜ਼ਾਦ ਕਰਵਾਇਆ ਸੀ।

ਪੱਤਰਕਾਰਾਂ ਨੇ ਜਨਰਲ ਸਾਹਿਬ ਤੋਂ ਵੀ ਕਈ ਸਵਾਲ ਪੁੱਛੇ। ਜਨਰਲ ਸ਼ੁਬੇਗ ਸਿੰਘ ਨੇ ਕਿਹਾ ਕਿ ਜੇਕਰ ਜਨਰਲ ਸਪੈਰੋ ਕਾਂਗਰਸ ਵਿੱਚ ਸ਼ਾਮਿਲ ਹੋ ਸਕਦਾ ਹੈ ਤਾਂ ਮੈਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਕਿਉਂ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਉਹ ਆਪਣੇ ਦੇਸ਼ ਲਈ ਅਨੇਕਾਂ ਲੜਾਈਆਂ ਲੜੇ ਹਨ, ਅਤੇ ਹੁਣ ਆਪਣੇ ਧਰਮ ਅਤੇ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਵਿੱਤਰਤਾ ਲਈ ਜਾਨ ਵਾਰ ਦੇਣਗੇ (ਜੋ ਉਨ੍ਹਾਂ ਨੇ ਸੱਚਮੁਚ ਹੀ ਵਾਰ ਦਿੱਤੀ)ਮ

ਇਤਨੇ ਨੂੰ ਕੁਝ ਸਿੰਘ ਲਾਗਲੀਆਂ ਉੱਚੀਆਂ ਇਮਾਰਤਾਂ 'ਤੇ ਪੁਜ਼ੀਸ਼ਨਾਂ ਲੈ ਕੇ ਬੈਠੇ ਫ਼ੌਜੀਆਂ ਨੂੰ ਦੂਰਬੀਨ ਨਾਲ ਦੇਖਣ ਲੱਗੇ। ਜਨਰਲ ਸ਼ੁਬੇਗ ਸਿੰਘ ਉਨ੍ਹਾਂ ਤੋਂ ਦੂਰਬੀਨ ਲੈ ਕੇ ਆਪ ਦੇਖਣ ਲੱਗੇ, ਅਸੀਂ ਵਾਪਸ ਆ ਗਏ। ਉਦੋਂ ਅਸੀਂ ਸੁਪਨੇ ਵਿੱਚ ਵੀ ਨਹੀਂ

ਸੀ ਸੋਚਿਆ ਕਿ ਸੰਤ ਜੀ ਨਾਲ ਸਾਡੀ ਆਖਰੀ ਮੁਲਾਕਾਤ ਹੈ।

ਘਰ ਆ ਕੇ ਖ਼ਬਰਾਂ ਸੁਣੀਆਂ ਕਿ ਸਾਰੇ ਪੰਜਾਬ ਵਿੱਚ 36 ਘੰਟੇ ਲਈ ਕਰਫਿਊ 9 ਵਜੇ ਲੱਗ ਰਿਹਾ ਹੈ। ਇਸ ਦੌਰਾਨ ਸਾਰੇ ਪੰਜਾਬ ਵਿੱਚ ਹਰ ਤਰ੍ਹਾਂ ਦੀਆਂ ਗੱਡੀਆਂ, ਬੱਸਾਂ, ਇੱਥੋਂ ਤੱਕ ਕੇ ਬੈਲ ਗੱਡੀਆਂ, ਸਾਈਕਲਾਂ ਦੇ ਚੱਲਣ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਗਵਰਨਰ ਦੇ ਸਲਾਹਕਾਰ ਡਾ: ਸਿੱਧੂ ਨੂੰ ਕੇਂਦਰ ਵਿੱਚ ਭੇਜ ਦਿੱਤਾ ਗਿਆ ਅਤੇ ਲੈਫਟੀਨੈਂਟ ਜਨਰਲ ਰਣਜੀਤ ਦਿਆਲ ਨੇ ਗਵਰਨਰ ਪੰਜਾਬ ਦੇ ਸੁਰੱਖਿਆ ਸਲਾਹਕਾਰ ਵਜੋਂ ਚਾਰਜ ਸੰਭਾਲ ਲਿਆ। ਅਖ਼ਬਾਰਾਂ 'ਤੇ ਸੈਂਸਰ ਲਗਾ ਦਿੱਤੀ ਗਈ ਅਤੇ ਫ਼ੌਜੀ, ਨੀਮ ਫ਼ੌਜੀ ਫੋਰਸਾਂ 'ਤੇ ਕੁਝ ਵੀ ਛਾਪਣ 'ਤੇ ਪਾਬੰਦੀ ਲਗਾ ਦਿੱਤੀ ਗਈ। ਕਰਫਿਊ ਕਾਰਨ ਅਗਲੇ ਦਿਨ ਅਖ਼ਬਾਰਾਂ ਨਹੀਂ ਆਉਣੀਆਂ ਸਨ। ਇਸ ਤੋਂ ਜਾਪਣ ਲੱਗਾ ਕਿ ਅੱਜ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਵੇਗਾ।

ਕਾਰਵਾਈ, ਓਪਰੇਸ਼ਨ ਜਾਂ ਘੱਲੂਘਾਰਾ

(ਇਸ ਵਰਤਾਰੇ ਨੂੰ 29 ਸਾਲ ਬੀਤ ਚੁੱਕੇ ਹਨ ਪਰ ਪਹਿਲੀ ਗੱਲ ਅਜੇ ਤੱਕ ਅਸੀਂ ਇਸ ਘਟਨਾ ਨੂੰ ਪ੍ਰਭਾਸ਼ਿਤ ਨਹੀਂ ਕਰ ਸਕੇ। ਕਿਵੇਂ? ਇਸ ਘਟਨਾ ਦੇ ਉਪਰ ਅਨੇਕਾਂ ਕਿਤਾਬਾਂ ਲਿਖੀਆਂ ਗਈਆਂ ਨੇ। ਕਿਸੇ 'ਚ ਆਉਂਦਾ ਹੈ, 'ਸਾਕਾ ਨੀਲਾ ਤਾਰਾ', ਕਿਸੇ 'ਚ 'ਘੱਲੂਘਾਰਾ ਨੀਲਾ ਤਾਰਾ', ਕਿਸੇ 'ਚ 'ਓਪਰੇਸ਼ਨ ਬਲਿਊ ਸਟਾਰ' ਅਤੇ ਕਿਸੇ 'ਚ 'ਕਤਲੇਆਮ'। ਅਜੇ ਤੱਕ ਅਸੀਂ ਇਹ ਨਹੀਂ ਦੱਸ ਸਕੇ ਕਿ ਇਹ ਹੈ ਕੀ ਸੀ?—ਡਾ. ਸੁਖਪ੍ਰੀਤ ਸਿੰਘ ਉਦੋਕੇ)

ਇਸ ਵਰਤਾਰੇ ਨੂੰ 29 ਸਾਲ ਬੀਤ ਚੁੱਕੇ ਹਨ ਪਰ ਪਹਿਲੀ ਗੱਲ ਅਜੇ ਤੱਕ ਅਸੀਂ ਇਸ ਘਟਨਾ ਨੂੰ ਪ੍ਰਭਾਸ਼ਿਤ ਨਹੀਂ ਕਰ ਸਕੇ। ਕਿਵੇਂ? ਇਸ ਘਟਨਾ ਦੇ ਉਪਰ ਅਨੇਕਾਂ ਕਿਤਾਬਾਂ ਲਿਖੀਆਂ ਗਈਆਂ ਨੇ। ਕਿਸੇ ਵਿੱਚ ਆਉਂਦਾ ਹੈ, 'ਸਾਕਾ ਨੀਲਾ ਤਾਰਾ', ਕਿਸੇ ਵਿੱਚ 'ਘੱਲੂਘਾਰਾ ਨੀਲਾ ਤਾਰਾ', ਕਿਸੇ 'ਚ 'ਓਪਰੇਸ਼ਨ ਬਲਿਊ ਸਟਾਰ' ਅਤੇ ਕਿਸੇ ਵਿੱਚ 'ਕਤਲੇਆਮ'। ਅਜੇ ਤੱਕ ਅਸੀਂ ਇਹ ਨਹੀਂ ਦੱਸ ਸਕੇ ਕਿ ਇਹ ਹੈ ਕੀ ਸੀ? ਸਾਕਾ ਕੀ ਆ? ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿੱਚ ਇਕ ਸ਼ਬਦ ਵਰਤਿਆ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥

ਜਦੋਂ ਮਕਤਲ (ਕਤਲਗਾਹ) ਵਿੱਚ ਕਿਸੇ ਸੂਰਮੇ, ਸ਼ਖ਼ਸੀਅਤ, ਧਾਰਮਿਕ ਰਹਿਬਰ, ਬਾਗੀ ਜਾਂ ਮਾਸੂਮ ਨੂੰ ਜੋ ਕਿ ਕੋਈ ਵੀ ਹਥਿਆਰਬੰਦ ਵਿਰੋਧ ਨਹੀਂ ਕਰਦਾ ਅਤੇ ਉਸ ਨੂੰ ਸ਼ਹੀਦ ਕਰ ਦਿੱਤਾ ਜਾਂਦਾ ਹੈ, ਉਹ ਸਾਕਾ ਹੁੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ। ਇਹ ਸ਼ਹਾਦਤਾਂ ਸਾਕੇ ਨੇ। ਦੂਸਰੀ ਗੱਲ ਆ ਜਾਂਦੀ ਹੈ ਕਤਲੇਆਮ। ਜਿਥੇ ਵਿਰੋਧ ਦੇ ਵਿੱਚ ਕੋਈ ਹਥਿਆਰਬੰਦ ਲੜਾਈ ਨਹੀਂ ਲੜੀ ਜਾਂਦੀ, ਪਰ ਆਮ ਲੋਕਾਂ ਦਾ ਕਤਲੇਆਮ ਕਰ ਦਿੱਤਾ ਜਾਂਦਾ ਹੈ, ਉਹ ਕਤਲੇਆਮ ਹੁੰਦਾ ਹੈ। ਤੀਜੀ ਗੱਲ ਹੈ 'ਓਪਰੇਸ਼ਨ'। ਇਸ ਦਾ ਅਰਥ ਕਾਰਵਾਈ ਵੀ ਆ, ਪਰ ਮੈਡੀਕਲ ਭਾਸ਼ਾ ਵਿੱਚ ਕਿਸੇ ਨਕਾਰਾ ਹੋ ਚੁੱਕੇ ਅੰਗ ਨੂੰ ਦਰੁਸਤ ਕਰਨ ਜਾਂ ਕੱਟ ਕੇ ਲਾਂਭੇ ਕਰ ਦੇਣ ਨੂੰ ਓਪਰੇਸ਼ਨ ਕਿਹਾ ਜਾਂਦਾ ਹੈ। ਜੂਨ 1984 ਦੇ ਹਮਲੇ ਲਈ ਇਹ ਨਾਂ ਸਰਕਾਰ ਨੇ ਰੱਖਿਆ ਸੀ। ਇਸ ਕਰਕੇ ਇਸ ਨਾਂਅ ਦਾ ਸਾਡੇ ਨਾਲ ਕੋਈ ਸੰਬੰਧ ਨਹੀਂ ਬਣਦਾ। ਜਦ ਅਬਦਾਲੀ ਆਪਣੀ ਜਗ੍ਹਾ ਤੋਂ ਚੱਲ ਕੇ ਹਿੰਦੁਸਤਾਨ 'ਚ ਆਉਂਦਾ ਸੀ ਤਾਂ ਉਹ ਜ਼ਹਾਦ ਦੇ ਨਾਅਰੇ 'ਤੇ ਆਉਂਦਾ ਸੀ। ਉਹ ਆਪਣੇ ਹਮਲੇ ਨੂੰ ਜ਼ਹਾਦ ਦਾ ਨਾਂਅ

ਦਿੰਦਾ ਸੀ। ਪਰ ਸਿੱਖ ਤਵਾਰੀਖ਼ ਵਿੱਚ ਇਹ ਨਹੀਂ ਲਿਖਿਆ ਕਿ ਜ਼ਹਾਦ ਦੇ ਵਿੱਚ ਇੰਨੇ ਸਿੱਖਾਂ ਦਾ ਨੁਕਸਾਨ ਹੋਇਆ। ਸਿੱਖ ਲਿਖਾਰੀ ਲਿਖਦੇ ਨੇ ਜ਼ਹਾਦੀ ਝੰਡੇ ਦੇ ਹੇਠ ਫ਼ੌਜ ਇਕੱਠੀ ਹੋਈ ਤੇ ਸਿੱਖਾਂ ਨੇ ਮੁਕਾਬਲਾ ਕੀਤਾ ਅਤੇ ਸਾਂਹਵੇ ਮੱਥੇ ਜੂਝ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਇਸ ਕਰਕੇ ਦਿੱਲੀ ਵਿਖੇ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ ਸਾਕਾ ਕਿਹਾ ਤੇ ਚਮਕੌਰ ਦੇ ਵਾਕਿਆ ਨੂੰ ਯੁੱਧ ਕਿਹਾ, ਮੈਦਾਨੇ ਜੰਗ ਕਿਹਾ। ਗੁਰੂ ਪਾਤਸ਼ਾਹ ਨੇ ਆਪਣੀ ਬਾਣੀ ਵਿੱਚ ਸਪੱਸ਼ਟ ਲਿਖਿਆ। ਗੁਰੂ ਪਾਤਸ਼ਾਹ ਜੀ ਕਹਿੰਦੇ ਨੇ ਚਮਕੌਰ ਦੀ ਗੜ੍ਹੀ ਦੇ ਯੁੱਧ ਦੌਰਾਨ ਉਹਨਾਂ ਨੇ ਇਕ ਪਠਾਣ ਖਵਾਜਾ ਖ਼ਿਜਰ ਖਾਨ ਨੂੰ ਵੰਗਾਰਦੇ ਹੋਏ ਕਿਹਾ ਸੀ ਕਿ "ਬਹਾਦਰ ਮਰਦਾਂ ਵਾਂਗੂੰ ਮੈਦਾਨੇ ਜੰਗ ਵਿੱਚ ਆ ਕੇ ਜੂਝ। ਇਹ ਇਕ ਜੰਗ ਹੈ, ਕੰਧ ਉਹਲੇ ਮੂੰਹ ਛੁਪਾਉਣਾ ਮਰਦਾਨਗੀ ਨਹੀਂ ਅਤੇ ਮੈਂ ਕੰਧ ਉਹਲੇ ਲੁਕਣ ਵਾਲੇ ਉਪਰ ਵਾਰ ਨਹੀਂ ਕਰਦਾ।"

ਕਿ ਆ ਖਵਾਜਾ ਮਰਦੂਦ ਸਾਇਆ ਦਿਵਾਰ॥
ਬ ਮੈਦਾਂ ਨਾ ਆਮਦ ਬ ਮਰਦਾਨਾ ਵਾਰ॥

(ਜ਼ਫਰਨਾਮਾ)

ਘੱਲੂਘਾਰਾ ਪੰਜਾਬੀ ਦਾ ਸ਼ਬਦ ਹੈ। ਜਿੱਥੇ ਕੌਮ ਦਾ ਇਕ ਹਿੱਸਾ ਮੈਦਾਨੇ ਜੰਗ ਵਿੱਚ ਜੂਝਦਾ, ਦੁਸ਼ਮਣ ਉਸ ਹਿੱਸੇ ਨੂੰ ਖਤਮ ਕਰਨ ਵਾਸਤੇ ਆਮ ਨਿਹੱਥੀ ਜਨਤਾ (ਸੰਗਤ) ਨੂੰ ਖਤਮ ਕਰ ਦਿੱਤਾ ਜਾਂਦਾ ਹੈ। ਸੋ ਇਹ ਸ਼ਬਦ ਹੈ 'ਘੱਲੂਘਾਰਾ'। ਇਹ ਘੱਲੂਘਾਰਾ ਜੋ 1984 ਨੂੰ ਕੌਮ ਦੇ ਉਤੇ ਵਾਪਰਿਆ ਇਹ ਓਪਰੇਸ਼ਨ ਨਹੀਂ, ਇਹ ਕਤਲੇਆਮ ਨਹੀਂ, ਇਹ 'ਘੱਲੂਘਾਰਾ' ਹੈ।

ਅਗਲੀ ਗੱਲ ਹੈ, ਕੀ ਅਸੀਂ ਇਸ ਘੱਲੂਘਾਰੇ ਨੂੰ ਪੁਰਾਤਨ ਵਿਰਸੇ ਨਾਲ ਜੋੜ ਕੇ ਵੇਖਿਆ? ਮੈਂ ਇਕ ਛੋਟੀ ਜਿਹੀ ਘਟਨਾ ਤੁਹਾਡੇ ਨਾਲ ਸਾਂਝੀ ਕਰਦਾ ਹਾਂ, ਜਿਸ ਨੂੰ ਇਤਿਹਾਸ ਦੇ ਨਾਲ ਜੋੜਨਾ ਸੀ। ਉਹ ਘਟਨਾ ਇਹ ਹੈ ਕਿ ਠੰਡੇ ਬੁਰਜ ਵਿੱਚੋਂ ਮਾਤਾ ਗੁਜਰੀ ਜੀ ਦੀ ਗੋਦ 'ਚੋਂ ਦੋ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਲੈ ਗਏ ਨੇ ਵਜ਼ੀਰ ਖਾਨ ਦੇ ਸਿਪਾਹੀ। ਦੋ ਬੱਚਿਆਂ ਨੂੰ ਦਾਦੀ ਮਾਂ ਦੀ ਗੋਦ 'ਚੋਂ ਉਠਾਇਆ ਅਤੇ ਵਜ਼ੀਰ ਖਾਨ ਦੇ ਦਰਬਾਰ ਵਿੱਚ ਜਾ ਕੇ ਸ਼ਹੀਦ ਕਰ ਦਿੱਤਾ ਗਿਆ। ਇਕ ਘਟਨਾ ਹੋਰ ਵਾਪਰੀ ਹੈ। 9 ਜੂਨ, 1716 ਖ਼ਵਾਜ਼ਾ ਬਖ਼ਤਿਆਰ ਕਾਕੀ ਦੀ ਦਰਗ਼ਾਹ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ 4 ਸਾਲ ਦਾ ਬੇਟਾ ਅਜੇ ਸਿੰਘ ਪਿਤਾ ਦੀ ਗੋਦ 'ਚ ਬਿਠਾਇਆ ਤੇ ਜ਼ਿਬ੍ਹਾ ਕਰ ਦਿੱਤਾ ਗਿਆ, ਸ਼ਹੀਦ ਕਰ ਦਿੱਤਾ ਗਿਆ। ਇੱਥੇ 6 ਜੂਨ, 1984 ਨੂੰ ਕੀ ਵਾਪਰਿਆ? ਭਾਈ ਰਛਪਾਲ ਸਿੰਘ ਪੀ.ਏ. ਸੰਤ ਜਰਨੈਲ ਸਿੰਘ ਦੇ ਨਿੱਜੀ ਸਹਾਇਕ ਦੀ ਪਤਨੀ ਬੀਬੀ ਪ੍ਰੀਤਮ 18 ਦਿਨ ਦੇ ਬੱਚੇ ਨੂੰ ਦੁੱਧ ਪਿਲਾ ਰਹੀ ਹੈ ਤੇ ਸਰਕਾਰੀ ਫ਼ੌਜਾਂ ਨੇ ਗੋਲੀ ਮਾਰ ਕੇ ਬੱਚਾ ਸ਼ਹੀਦ ਕਰ ਦਿੱਤਾ। ਉਹ ਗੋਲੀ ਉਸ ਬੀਬੀ ਦੇ 18 ਦਿਨ ਬੱਚੇ ਦੇ ਸਿਰ ਵਿੱਚੋਂ ਦੀ ਲੰਘ ਕੇ ਬੀਬੀ ਦੀ ਛਾਤੀ ਵਿੱਚ ਵੱਜੀ। ਇਸ ਨੂੰ ਅਸੀਂ ਇਤਿਹਾਸਕ ਪਰਿਪੇਖ ਦੇ ਵਿੱਚ ਵਿਚਾਰਿਆ ਹੀ ਨਹੀਂ ਕਿ ਅਸੀਂ ਆਪਣੇ ਪੁਰਾਤਨ ਇਤਿਹਾਸਕ ਨਾਲ ਕਿਵੇਂ ਜੁੜਦੇ ਹਾਂ।

ਸਰਕਾਰ ਲੜਾਈ ਜਿੱਤਣ ਦਾ ਦਾਅਵਾ ਕਰਦੀ ਹੈ ਪਰ ਇਸ ਲੜਾਈ ਵਿੱਚ ਖ਼ਾਲਸਾ ਫ਼ਤਹਿਯਾਬ ਹੋਇਆ। ਪਹਿਲੀ ਲੜਾਈ ਟੈਂਕੀ ਉਪਰ ਲੜੀ ਗਈ। ਫ਼ੌਜ ਸਿੰਘਾਂ ਦਾ ਮੁਕਾਬਲਾ ਨਹੀਂ ਕਰ ਸਕੀ। ਮਾਰਟਰ ਗੰਨਾਂ ਨਾਲ ਟੈਂਕੀ ਉਡਾ ਦਿੱਤੀ। ਬੁੰਗਿਆਂ 'ਤੇ ਵੀ ਫ਼ੌਜ ਸਿੰਘਾਂ ਦੀਆਂ ਬੰਦੂਕਾਂ ਦਾ ਮੁਕਾਬਲਾ ਨਾ ਕਰ ਸਕੀ ਤੇ ਮਾਰਟਰ ਗੰਨਾਂ ਨਾਲ ਉਡਾ ਦਿੱਤੇ। ਘੰਟਾ ਘਰ ਵਾਲੇ ਪਾਸੇ ਨੂੰ ਵੱਡੇ ਰਾਕਟ ਪਰੋਪੈਲਡ ਗਰਨੇਡਾਂ ਨਾਲ ਉਡਾ ਦਿੱਤਾ, ਪਰ ਅਕਾਲ ਤਖ਼ਤ ਸਾਹਿਬ ਦੇ ਉਪਰ ਇਹਨਾਂ ਦਾ ਵੀ ਕੋਈ ਅਸਰ ਨਹੀਂ ਹੋਇਆ। ਫਿਰ ਤੋਪਾਂ ਦੇ ਸੁਕਐਸ਼ ਹੈਡ ਗੋਲੇ ਅਕਾਲ ਤਖ਼ਤ ਸਾਹਿਬ ਦੇ ਉਪਰ ਮਾਰੇ ਗਏ। ਹਿੰਦ ਫ਼ੌਜ ਕਿਤੇ ਵੀ ਸਿੰਘਾਂ ਦਾ ਮੁਕਾਬਲਾ ਨਹੀਂ ਕਰ ਸਕੀ ਤੇ ਉਹ ਜਗ੍ਹਾ ਤੋਪਾਂ ਨਾਲ।

ਤੀਸਰੀ ਗੱਲ ਇਹ ਹੈ ਕਿ ਇਹ ਲੜਾਈ ਹੈ ਕੀ? ਸਰਕਾਰ ਪੱਖੀ ਲਿਖਾਰੀਆਂ ਵੱਲੋਂ ਲਿਖੀਆਂ ਗਈਆਂ ਕਿਤਾਬਾਂ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਕਿ ਜਿਸ ਤਰ੍ਹਾਂ ਉਹ ਲੜਾਈ ਜਿੱਤੀ ਗਈ, ਪਰ ਜੇ ਗ਼ੌਰ ਨਾਲ ਖਿਆਲ ਕਰੀਏ ਤੇ ਇਸ ਲੜਾਈ ਵਿੱਚ ਖ਼ਾਲਸਾ ਫ਼ਤਹਿਯਾਬ ਹੋਇਆ। ਪਹਿਲੀ ਲੜਾਈ ਟੈਂਕੀ ਉਪਰ ਲੜੀ ਗਈ, ਸਿੰਘਾਂ ਕੋਲ ਵੱਡੇ ਤੋਂ ਵੱਡਾ ਹਥਿਆਰ 7.62 ਲਾਈਟ ਮਸ਼ੀਨ ਗੰਨ ਸੀ, ਉਥੇ ਫ਼ੌਜ ਉਸਦਾ ਮੁਕਾਬਲਾ ਨਹੀਂ ਕਰ ਸਕੀ। ਉਸ ਨੂੰ 3.6 ਗੰਨ ਦੇ ਨਾਲ ਉਡਾ ਦਿੱਤਾ ਗਿਆ। ਅੱਗੇ ਆ ਕੇ ਬੁੰਗਿਆਂ 'ਤੇ ਵੀ ਸਿੰਘਾਂ ਦੀਆਂ ਬੰਦੂਕਾਂ ਦਾ ਫ਼ੌਜ ਮੁਕਾਬਲਾ ਨਹੀਂ ਕਰ ਸਕੀ ਤੇ ਉਹਨਾਂ ਨੂੰ ਹਓਵਿਟਜ਼ਰ ਗੰਨਾਂ ਦੇ ਨਾਲ ਉਡਾ ਦਿੱਤਾ। ਘੰਟਾ ਘਰ ਵਾਲੇ ਪਾਸੇ ਨੂੰ ਵੱਡੇ ਰਾਕਟ ਪਰੋਪੈਲਡ ਗਰਨੇਡਾਂ ਨਾਲ ਉਡਾ ਦਿੱਤਾ, ਪਰ ਅਕਾਲ ਤਖ਼ਤ ਸਾਹਿਬ ਦੇ ਉਪਰ ਇਹਨਾਂ ਦਾ ਵੀ ਕੋਈ ਅਸਰ ਨਹੀਂ ਹੋਇਆ। ਹੁਣ ਤੱਕ ਦੀਆਂ ਹਿੰਦੁਸਤਾਨ ਦੀਆਂ ਬਾਕੀ ਦੇਸ਼ਾਂ ਨਾਲ ਹੋਈਆਂ ਲੜਾਈਆਂ ਵਿੱਚ ਤੁਸੀਂ ਵੇਖ ਸਕਦੇ ਹੋ ਜੈਸਾ ਕਿ ਫ਼ੌਜ ਦੇ ਮਾਹਰਾਂ ਦਾ ਵਿਚਾਰ ਹੈ ਕਿ ਅਜਿਹੇ ਗੋਲੇ ਅਕਾਲ ਤਖ਼ਤ ਸਾਹਿਬ 'ਤੇ ਮਾਰੇ ਗਏ ਜੋ ਹਿੰਦੁਤਸਾਨ ਨੇ ਅਜੇ ਤੱਕ ਕਿਸੇ ਵੀ ਲੜਾਈ ਵਿੱਚ ਨਹੀਂ ਵਰਤੇ। ਸਭ ਤੋਂ ਵੱਧ ਰੂਸ ਦੇ ਬਣੇ ਹੋਏ ਕਾਰਲ ਗੁਸਟਾਵ ਰਾਕਟ ਜੋ ਕਿ ਲਾਂਚਰ ਨਾਲ ਦਾਗੇ ਜਾਂਦੇ ਹਨ, ਅਕਾਲ ਤਖ਼ਤ ਸਾਹਿਬ 'ਤੇ ਦਾਗੇ ਗਏ। ਭਾਵ ਜਿੱਥੇ ਵੀ ਹਿੰਦ ਫ਼ੌਜ ਨੇ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ, ਉਥੇ ਹੀ ਉਹ ਸਿੰਘਾਂ ਦਾ ਮੁਕਾਬਲਾ ਨਹੀਂ ਕਰ ਸਕੀ, ਪਰ ਉਸ ਜਗ੍ਹਾ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ। ਸੋ ਖ਼ਾਲਸਾ ਇਸ ਜੰਗ ਵਿੱਚ ਫਤਹਿਯਾਬ ਹੋਇਆ।

ਚੌਥੀ ਗੱਲ ਕਿ ਅਸੀਂ ਇਸ ਘਟਨਾ ਨੂੰ ਜਿਸ ਦਾ ਜ਼ਿਕਰ ਕੀਤਾ ਹੈ, ਦੇ ਕਈ ਚਸ਼ਮਦੀਦ ਗਵਾਹ ਹਨ ਜਿਹੜੇ ਇਸ ਘੱਲੂਘਾਰੇ ਦਾ ਖਜ਼ਾਨਾ ਸਾਂਭੀ ਬੈਠੇ ਨੇ। ਸਾਨੂੰ ਇਕ ਜੰਗੀ ਨਾਮਾਨਿਗ਼ਾਰ ਦੀ ਤਰ੍ਹਾਂ ਲਿਖਣ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਸਬਕ ਜ਼ਰੂਰ ਸਿੱਖਣਾ ਚਾਹੀਦਾ ਹੈ। ਜਫ਼ਰਨਾਮੇ ਨੂੰ ਪੜ੍ਹ ਕੇ ਵੇਖੋ, ਗੁਰੂ ਪਾਤਸ਼ਾਹ ਨੇ ਇੰਨੀ ਛੋਟੀ-ਛੋਟੀ ਘਟਨਾ ਨੂੰ ਬਿਆਨ ਕੀਤਾ ਹੈ, ਜੇ ਉਹਨਾਂ ਨੇ ਔਰੰਗਜ਼ੇਬ ਨੂੰ ਕਿਹਾ ਕਿ ਤੇਰਾ ਭੇਜਿਆ ਕੁਰਾਨ ਮੇਰੇ ਕੋਲ ਹੈ ਤਾਂ ਗੁਰੂ ਸਾਹਿਬ ਨੇ ਦਸਤਾਵੇਜ਼ ਦੇ ਦਿੱਤਾ:

ਤੁਰਾ ਗੁਰ ਬਿਬਾਯਦ ਆਂ ਕੌਲੇ ਕੁਰਾਂ॥

ਬਨਿਯਦੇ ਸੁਮਾਰਾ ਰਸਾਨਮ ਹਮਾ॥

ਕਿ ਔਰੰਗਜ਼ੇਬ! ਤੇਰਾ ਦਿੱਤਾ ਕੁਰਾਨ ਵੀ ਮੇਰੇ ਕੋਲ ਹੈ। ਜੇ ਉਹਨਾਂ ਨੇ ਕਿਹਾ ਕਿ ਮੈਂ ਤੇਰੇ ਭੇਜੇ ਜਰਨੈਲ ਨੂੰ ਤਾਂ ਨਹੀਂ ਮਾਰਿਆ ਕਿਉਂਕਿ ਉਹ ਕੰਧ ਉਹਲੇ ਹੋ ਗਿਆ ਸੀ, ਤਾਂ ਗੁਰੂ ਸਾਹਿਬ ਨੇ ਕਿਹਾ:

ਕਿ ਆ ਖਵਾਜ਼ਾ ਮਰਦੂਦ ਸਾਯਾ ਦੀਵਾਰ॥

ਬ ਮੈਦਾਂ ਨਯਾਮਦ ਬ ਮਰਦਾਨਾ ਵਾਰ॥

ਜੇ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਜੇ ਉਹ ਕੰਧ ਉਹਲੇ ਨਾ ਹੁੰਦਾ ਤਾਂ ਮੈਂ ਉਸ ਨੂੰ ਮਾਰ ਦੇਣਾ ਸੀ ਤਾਂ ਗੁਰੂ ਸਾਹਿਬ ਕਹਿੰਦੇ ਨੇ,

ਦਰੇਗ਼ਾ ਅਗ਼ਰ ਰੂਏ ਊ ਦੀਦਮੇ॥

ਬ ਯਕ ਤੀਰ ਲਾਚਾਰ ਬਖ਼ਸ਼ੀਦਮੇ॥

ਭਾਵ ਇਹ ਕਿ ਗੁਰੂ ਸਾਹਿਬ ਨੇ ਇਕ ਇਕ ਜੰਗੀ ਨੁਕਤੇ ਤੋਂ ਉਸ ਜੰਗ ਅਤੇ ਉਸ ਸਮੇਂ ਨੂੰ ਲਿਖਿਆ। 29 ਸਾਲ ਹੋ ਗਏ ਪਰ ਅਸੀਂ ਨਹੀਂ ਲਿਖ ਸਕੇ। ਸਾਨੂੰ ਇਹਨਾਂ ਚੀਜ਼ਾਂ ਨੂੰ ਲਿਖਣਾ ਪਵੇਗਾ।

ਆਖਰੀ ਗੱਲ, ਸਾਡੇ ਅੱਜ ਦੇ ਹਾਲਾਤ ਕੀ ਨੇ? 9 ਜੂਨ, 1716 ਨੂੰ ਬੰਦਾ ਸਿੰਘ ਬਹਾਦਰ ਦੀ ਗੋਦ ਦੇ ਵਿੱਚ ਉਸ ਦਾ ਪੁੱਤਰ ਸ਼ਹੀਦ ਕੀਤਾ ਜਾ ਰਿਹਾ ਹੈ, ਉਥੇ ਬੈਠਾ ਹੈ ਸਰਬਰਾਹ ਖਾਨ, ਕਮਰੂਦੀਨ ਮੀਰ ਆਤਿਸ਼, ਆਮੀਨ ਖਾਨ ਤੇ ਇਕ ਉਥੇ ਬੈਠਾ ਫ਼ਰੁਖਸ਼ੀਆਰ। ਸਰਬਰਾਹ ਖਾਨ ਕਹਿੰਦਾ ਹੈ ਕਿ ਰਾਜੇ ਦਾ ਹੁਕਮ ਹੈ ਕਿ ਬੰਦਾ ਸਿੰਘ ਆਪਣੇ ਪੁੱਤਰ ਨੂੰ ਆਪ ਜ਼ਿਬ੍ਹਾ ਕਰੇ। ਉਥੇ ਕੌਮ ਦੇ ਜਰਨੈਲ ਦਾ ਜਵਾਬ ਪਤਾ ਕੀ ਸੀ? ਕਿ ਮੇਰੀ ਗੋਦ ਵਿੱਚ ਮੇਰਾ ਪੁੱਤਰ ਐ। ਮੈਂ ਮਜ਼ਲੂਮ 'ਤੇ ਵਾਰ ਨਹੀਂ ਕਰਦਾ। ਫਰੁਖਸ਼ੀਆਰ ਤੂੰ ਮੇਰਾ ਦੁਸ਼ਮਣ ਐਂ, ਜੇਕਰ ਮੇਰੀ ਗੋਦੀ ਵਿੱਚ ਤੇਰਾ ਪੁੱਤਰ ਹੁੰਦਾ, ਮੈਂ ਉਸ ਨੂੰ ਵੀ ਜ਼ਿਬ੍ਹਾ ਨਾ ਕਰਦਾ। ਇਹ ਘਟਨਾ 9 ਜੂਨ, 1716 ਦੀ ਹੈ ਤੇ ਜ਼ਰਾ ਦੇਖਿਓ 17 ਸਾਲ ਦਾ ਸਮਾਂ 1733। ਹਿੰਦੁਸਤਾਨ ਦੀ ਏਸ਼ੀਆ ਦੀ ਸਭ ਤੋਂ ਵੱਡੀ ਸਲਤਨਤ ਮੁਗਲ ਰਾਜ। ਸਿੰਘਾਂ ਦਾ ਲੜਾਈ ਕਰਨ ਦਾ ਤਰੀਕਾ ਅਤੇ ਵਕਤ ਦੀ ਪਹਿਚਾਣ ਵੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਏਨੀ ਦ੍ਰਿੜ੍ਹਤਾ ਅਤੇ ਏਕਤਾ ਦਾ ਪ੍ਰਗਟਾਵਾ ਕੀਤਾ ਕਿ 17 ਸਾਲਾਂ ਬਾਅਦ 1733 ਈ: ਵਿੱਚ ਮੁਗਲ ਸਰਕਾਰ ਨੇ ਨਵਾਬੀ ਦੀ ਪੇਸ਼ਕਸ਼ ਕੀਤੀ। ਅੱਜ 29 ਸਾਲ ਹੋ ਗਏ, ਅਸੀਂ ਕਿੱਥੇ ਬੈਠੇ ਆਂ? ਇਹ 17 ਸਾਲ ਦਾ ਸਮਾਂ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪਏ, ਛੇ ਵਾਰੀ ਹੁਕਮ ਜਾਰੀ ਕੀਤੇ ਗਏ, 'ਨਾਨਕ ਪ੍ਰਸਤਾਂ ਬ ਕਤਲ ਰਸਾਨੰਦ', ਜਿੱਥੇ ਗੁਰੂ ਨਾਨਕ ਨੂੰ ਮੰਨਣ ਵਾਲਾ ਸਿੱਖ ਮਿਲਦਾ ਸ਼ਹੀਦ ਕਰ ਦਿੱਤਾ ਜਾਵੇ। ਇਹਨਾਂ 17 ਸਾਲਾਂ ਵਿੱਚ ਅਸੀਂ ਏਸ਼ੀਆ ਦੀ ਸਭ ਤੋਂ ਵੱਡੀ ਹਕੂਮਤ ਨੂੰ ਝੁਕਾ ਦਿੱਤਾ ਤੇ 1733 ਨੂੰ ਕੰਗਣਵਾਲ ਤੇ ਲਾਹੌਰ ਦੀ ਨਵਾਬੀ ਸਿੰਘਾਂ ਨੂੰ ਪੇਸ਼ ਕੀਤੀ ਗਈ ਤੇ ਸਿੰਘਾਂ ਦਾ ਜਵਾਬ ਕੀ ਸੀ? ਇਸ ਦਾ ਭਾਵ ਇਹ ਨਹੀਂ ਕਿ ਸਿੱਖ ਰਾਜ ਨਹੀਂ ਚਾਹੁੰਦਾ। ਸਿੱਖ ਦਾ ਜਵਾਬ ਹੈ ਕਿ ਤੇਰੀ ਨਵਾਬੀ ਖ਼ੈਰ ਵਿੱਚ ਨਹੀਂ ਲੈਣੀ ਕਿਉਂਕਿ:

ਹਮ ਰਾਖਤ ਪਾਤਸ਼ਾਹੀ ਦਾਵਾ।

ਹਮ ਕੋ ਪਾਤਸ਼ਾਹੀ ਨਾਨਕ ਦਈ।

ਅਸੀਂ ਪਾਤਸ਼ਾਹ (ਬਾਦਸ਼ਾਹ) ਹਾਂ, ਗੁਰੂ ਨਾਨਕ ਨੇ ਪਾਤਸ਼ਾਹੀ (ਬਾਦਸ਼ਾਹੀ) ਬਖਸ਼ੀ ਹੈ, ਭੀਖ ਦੇ ਵਿੱਚ ਛੋਟੀ ਜਿਹੀ ਨਵਾਬੀ ਨਹੀਂ ਲੈਣੀ।

ਸੋ ਉਸ ਸਮੇਂ ਦੇ ਸੰਬੰਧ ਵਿੱਚ ਮੈਂ ਚਾਰ ਗੱਲਾਂ ਕੀਤੀਆਂ ਨੇ, ਇਕ ਤਾਂ ਅਸੀਂ ਇਸ ਘਟਨਾ ਨੂੰ ਪ੍ਰੀਭਾਸ਼ਤ ਕਰੀਏ ਕਿ ਇਹ ਘੱਲੂਘਾਰਾ ਹੈ ਤੇ ਦੂਸਰੀ ਗੱਲ ਆਪਣੇ ਪੁਰਾਤਨ ਇਤਿਹਾਸ ਨਾਲ ਮੇਲ ਕੇ ਇਕ ਵਧੀਆ ਦਸਤਾਵੇਜ਼ੀ ਸ਼ਕਲ ਦੇਈਏ। ਤੀਸਰੀ ਗੱਲ ਜੋ ਇਸ ਸਾਕੇ ਦੇ ਗਵਾਹ ਨੇ ਉਹਨਾਂ ਕੋਲੋਂ ਇਕੱਲੇ ਇਕੱਲੇ ਮੋਰਚੇ ਦੀ ਜਾਣਕਾਰੀ ਲਈਏ। ਚੌਥੀ ਗੱਲ ਕਿ ਅਸੀਂ ਇਸ ਜੰਗ ਵਿੱਚ ਫਤਹਿਯਾਬ ਹੋਏ ਹਾਂ ਤੇ ਪੰਜਵੀਂ ਗੱਲ ਉਹਨਾਂ ਕਾਰਨਾਂ 'ਤੇ ਝਾਤੀ ਮਾਰੀਏ ਕਿ 17 ਸਾਲਾਂ 'ਚ ਹਕੂਮਤ ਨੂੰ ਕਿਵੇਂ ਝੁਕਾਇਆ ਸੀ, ਪਰ ਅੱਜ ਗ਼ੁਲਾਮ ਕਿਉਂ ਹਾਂ? ਸਾਰੇ ਕਾਰਨਾਂ ਅਤੇ ਆਪਣੀ ਦਸ਼ਾ ਦਾ ਅਧਿਐਨ ਇਤਿਹਾਸ ਦੀ ਰੌਸ਼ਨੀ ਵਿੱਚ ਜ਼ਰੂਰ ਕਰਨਾ ਚਾਹੀਦਾ ਹੈ।

ਘੱਲੂਘਾਰਾ ਅਤੇ ਸਿੱਖ ਸੰਘਰਸ਼

(ਇਸ ਲੇਖ ਵਿੱਚ ਸ. ਨਰਾਇਣ ਸਿੰਘ ਨੇ ਘੱਲੂਘਾਰਾ ਜੂਨ 1984 ਦਾ ਅਧਿਐਨ ਕੌਮੀ ਅਤੀਤ ਵਿੱਚ ਕਰਦਿਆਂ ਲਿਖਿਆ ਹੈ ਕਿ ਡੁੱਲ੍ਹਾ ਲਹੂ ਕਦੇ ਅਜਾਈਂ ਨਹੀਂ ਜਾਂਦਾ ਅਤੇ ਸਮੇਂ ਦੇ ਗੇੜ ਨਾਲ ਅਵੱਸ਼ ਰੰਗ ਲਿਆਉਂਦਾ ਹੈ। ਸਮੇਂ ਦੇ ਗੇੜ ਅਤੇ ਉਤਰਾਵਾਂ ਚੜ੍ਹਾਵਾਂ ਨੂੰ ਪਾਰ ਕਰਕੇ ਇਕ ਨਾ ਇਕ ਦਿਨ ਆਪਣੀ ਮੰਜ਼ਿਲ ਅਵੱਸ਼ ਪੂਰੀ ਕਰੇਗਾ। ਇਹ ਸੰਘਰਸ਼ ਨਾ ਮੁੱਕਾ ਹੈ, ਨਾ ਦਬਾਇਆ ਗਿਆ ਹੈ ਤੇ ਨਾ ਹੀ ਛੱਡਿਆ ਗਿਆ ਹੈ—ਸੰਪਾਦਕ)

ਗੁਰੂ ਸਾਹਿਬ ਵੱਲੋਂ ਆਰੰਭਿਆ ਸਿੱਖ ਸੰਘਰਸ਼ ਤ੍ਰੈਕਾਲ ਸਦੀਵੀ ਹੈ ਤੇ ਇਸ ਨੇ ਹੱਕ, ਸੱਚ ਤੇ ਨਿਆਂ, ਜ਼ੁਲਮ ਦੇ ਨਾਸ਼, ਮਜ਼ਲੂਮ ਦੀ ਰਾਖੀ, ਧਰਮ ਦੇ ਬੋਲ ਬਾਲੇ, ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਕਿਸੇ ਨਾ ਕਿਸੇ ਰੂਪ ਵਿੱਚ ਚੱਲਦੇ ਹੀ ਰਹਿਣਾ ਹੈ। ਜਦ ਸਮੇਂ ਨੇ ਹਥਿਆਰਬੰਦ ਸੰਘਰਸ਼ ਦੀ ਮੰਗ ਕੀਤੀ ਤਾਂ ਖ਼ਾਲਸਾ ਤੇਗ਼ ਦੀ ਮੁੱਠ 'ਤੇ ਹੱਥ ਰੱਖ ਕੇ ਜੰਗ ਦੇ ਪਿੜ ਵਿੱਚ ਨਿਤਰਿਆ ਤੇ ਜਦ ਪੁਰਅਮਨ ਰਹਿ ਕੇ ਸੰਘਰਸ਼ ਕਰਨ ਦਾ ਸਮਾਂ ਆਇਆ ਤਾਂ ਖ਼ਾਲਸੇ ਨੇ ਸ਼ਾਂਤ ਚਿੱਤ ਹੋ ਕੇ ਧਰਮ ਯੁੱਧ ਕੀਤਾ।

ਸਿੱਖ ਸੰਘਰਸ਼ ਸਦੀਵੀ ਹੈ ਅਤੇ ਇਸ ਦਾ ਆਰੰਭ ਗੁਰੂ ਨਾਨਕ ਪਾਤਸ਼ਾਹ ਵੱਲੋਂ ਅਲਾਪੀ ਰੱਬੀ ਧੁਨ ੧ਓ ਨਾਲ ਹੋਇਆ। ਸਤਿਗੁਰਾਂ ਨੇ ਇਸ ਅਲਾਹੀ ਧੁਨ ਨਾਲ ਸਮਾਜ ਵਿੱਚ ਵਿਅਰਥ ਹੋ ਚੁਕਾ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਢਾਂਚਾ ਰੱਦ ਕਰਕੇ ਨਵਾਂ ਢਾਂਚਾ ਤਿਆਰ ਕੀਤਾ ਤੇ ਸਿਰਜੇ ਇਸ ਢਾਂਚੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਿੱਖ ਕੌਮ ਸਿਰਜੀ। ਸਿੱਖ ਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਧਾਰਨੀ ਬਣਾਇਆ ਅਤੇ ਸੀਸ ਤਲੀ 'ਤੇ ਰੱਖ ਕੇ ਹੱਕ, ਸੱਚ ਤੇ ਨਿਆਂ ਲਈ ਜੂਝਣ ਦਾ ਹੁਕਮ ਕੀਤਾ। ਸਿੱਖ ਨੇ ਇਹ ਸੇਵਾ ਮਰਨਾ ਪ੍ਰਵਾਨ ਕਰਕੇ ਕਰਨੀ ਹੈ, ਅਤੇ ਗੁਲਾਮੀ ਦੀ ਲੰਬੀ ਜ਼ਿੰਦਗੀ ਦੀ ਆਸ ਨਹੀਂ ਰੱਖਣੀ।

ਸਤਿਗੁਰਾਂ ਦੀਆਂ ਚਾਰੇ ਉਦਾਸੀਆਂ ਮਨੁੱਖਤਾ ਨੂੰ ਸਤਿ ਦਾ ਇਹ ਮਾਰਗ ਦ੍ਰਿੜ੍ਹਾਉਣ ਦੇ ਲਈ ਸਨ ਤੇ ਮਨੁੱਖਤਾ ਦਾ ਪ੍ਰਤੀਕ ਮਰਦਾਨਾ ਉਹਨਾਂ ਦੇ ਸਾਥ ਸੀ। ਸਤਿਗੁਰਾਂ ਨੇ ਅੰਤ ਗਰੀਬੀ, ਲਾਚਾਰੀ ਅਤੇ ਗੁਲਾਮੀ ਦੀ ਜ਼ਿੰਦਗੀ ਜੀਅ ਰਹੀ ਮਨੁੱਖਤਾ ਦਾ ਦਰਦ ਵੰਡਾਉਣ ਅਤੇ ਮੁਕਾਉਣ ਲਈ, ਉਹਨਾਂ ਵਿੱਚ ਜਜ਼ਬਾ, ਦ੍ਰਿੜ੍ਹਤਾ ਤੇ ਸੂਝ ਭਰਨ ਦੇ ਨਾਲ ਨਾਲ, ਨਿਰਦਈ ਤੇ ਜ਼ਾਲਮ ਬਿਰਤੀਆਂ ਅਤੇ ਜਾਬਰ ਬਾਦਸ਼ਾਹ ਅੱਗੇ ਡਟ ਜਾਣ ਦਾ ਸਿੱਖਾਂ ਨੂੰ ਹੌਸਲਾ ਬਖਸ਼ਿਆ ਅਤੇ ਮਾਰਗ-ਦਰਸ਼ਨ ਕੀਤਾ। ਮਨੁੱਖਤਾ ਲਈ

ਸਰਾਪ ਬਣੀਆਂ ਇਹਨਾਂ ਬਦਰੂਹਾਂ ਵਿੱਚ ਹੀ ਨਰੋਈ ਰੂਹ ਭਰੀ। ਰਾਜਨੀਤਕ ਖੇਤਰ ਵਿੱਚ ਬਾਬਰ ਨੂੰ ਪਾਪ ਕੀ ਜੰਵ ਅਤੇ ਦੰਭੀ ਧਾਰਮਿਕ ਆਗੂਆਂ ਨੂੰ ਕੂੜੇ, ਜੁਗਤ ਵਿਹੂਣੇ ਅਤੇ ਜੀਅ-ਘਾਤ ਕਰਨ ਵਾਲੇ ਮਨੁੱਖੀ ਉਜਾੜੇ ਦਾ ਪੰਧ ਕਰਾਰ ਦੇ ਕੇ ਸਾਰੇ ਖੇਤਰਾਂ ਵਿੱਚ ਨਿਰੋਈ ਰਵਾਨਗੀ ਲਿਆਂਦੀ। ਜ਼ੁਲਮ ਨੂੰ ਖ਼ਤਮ ਕਰਕੇ ਮਨੁੱਖੀ ਕਲਿਆਣ ਤੇ ਸਰਬੱਤ ਦੇ ਭਲੇ ਵਾਲਾ ਹਲੀਮੀ ਰਾਜ ਨਿਸ਼ਾਨਾ ਮਿਥਿਆ।

ਸੰਤ ਜਰਨੈਲ ਸਿੰਘ ਵੱਲੋਂ ਸ਼ਹੀਦ ਹੋਣ ਤੋਂ ਕੁਝ ਪਲ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਕੀਤੀ ਗਈ ਇਹ ਅਰਦਾਸ, "ਹੇ ਸੱਚੇ ਪਾਤਸ਼ਾਹ! ਜਿੰਨਾ ਚਿਰ ਸਿੱਖ ਕੌਮ ਆਜ਼ਾਦ ਨਹੀਂ ਹੁੰਦੀ ਉਨਾ ਚਿਰ ਮੈਂ ਬਾਰ-ਬਾਰ ਜਨਮ ਲਵਾਂ।" ਸਤਿਗੁਰਾਂ ਵੱਲੋਂ ਹੱਕ, ਸੱਚ ਤੇ ਨਿਆਂ ਲਈ ਆਰੰਭੇ ਸੰਘਰਸ਼ ਬਾਰੇ ਦ੍ਰਿੜ੍ਹਤਾ ਅਤੇ ਪ੍ਰਤੀਬੱਧਤਾ ਦਾ ਪ੍ਰਗਟਾਵਾ ਹੈ, ਜੋ ਹਰ ਸਿੱਖ ਦੇ ਸੀਨੇ ਵਿੱਚ ਵੱਸਿਆ ਹੋਇਆ ਹੈ।

ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਅਤੇ ਸਿੱਖਾਂ ਨੂੰ ਜਾਬਰ ਸਾਮਰਾਜ ਨਾਲ ਟੱਕਰ ਲੈਣੀ, ਤਸੀਹੇ ਝੱਲਣੇ ਅਤੇ ਸੀਸ ਵਾਰਨੇ ਪਏ, ਪਰ ਗੁਰਮਤਿ ਜੁਗਤ ਵਿੱਚੋਂ ਸ਼ੁਰੂ ਹੋਏ ਸਿੱਖ ਸੰਘਰਸ਼ ਨੂੰ ਜਾਬਰ ਤੋਂ ਜਾਬਰ ਬਾਦਸ਼ਾਹ ਵੀ ਦਬਾ ਨਾ ਸਕਿਆ, ਸਗੋਂ ਗੁਰੂ ਖ਼ਾਲਸੇ ਦੀ ਦ੍ਰਿੜ੍ਹਤਾ, ਕੁਰਬਾਨੀ ਤੇ ਕਾਰਨਾਮਿਆਂ ਅੱਗੇ ਵੱਡੀਆਂ-ਵੱਡੀਆਂ ਸਲਤਨਤਾਂ ਵੀ ਹਾਰ ਹੰਭ ਕੇ ਝੁਕ ਗਈਆਂ। ਬਾਬਾ ਬੰਦਾ ਸਿੰਘ ਬਹਾਦਰ ਨੇ ਖ਼ਾਲਸੇ ਦੀ ਜਿੱਤ ਦਾ ਝੰਡਾ ਗੱਡਿਆ ਤੇ ਨਾਨਕਸ਼ਾਹੀ ਸਿੱਕਾ ਚਲਾ ਕੇ ਸਰਬੱਤ ਦੇ ਭਲੇ ਵਾਲਾ ਪੂਰਨ ਪ੍ਰਭੂਸੱਤਾ ਸੰਪੰਨ ਹਲੀਮੀ ਖ਼ਾਲਸਾ ਰਾਜ ਕਾਇਮ ਕਰ ਦਿੱਤਾ। ਜਗੀਰਦਾਰੀ ਪ੍ਰਥਾ ਸਮਾਪਤ ਕਰਕੇ ਕਿਰਤੀ, ਕਿਸਾਨ ਤੇ ਕਾਮੇ ਜ਼ਮੀਨ ਦੇ ਮਾਲਕ ਬਣਾ ਦਿੱਤੇ। ਦੂਜੇ ਪਾਸੇ ਮੁਗਲੀਆ ਸਲਤਨਤ ਤੇ ਪਹਾੜੀ ਰਾਜਿਆਂ ਦੀ ਬਿਪਰ ਸੋਚ ਦੇ ਗਠਜੋੜ ਨੇ ਗੁਰੂ ਪਾਤਸ਼ਾਹ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਤੱਕ ਸਿੱਖ ਸੰਘਰਸ਼ ਨੂੰ ਕੁਚਲਣ ਲਈ ਹਰ ਹਰਬਾ ਵਰਤਿਆ ਅਤੇ ਸਿੱਖਾਂ ਨੂੰ ਖ਼ਤਮ ਕਰ ਲੈਣ ਅਤੇ ਸੰਘਰਸ਼ ਨੂੰ ਦਬਾ ਦੇਣ ਦੇ ਕਈ ਵਾਰ ਦਾਅਵੇ ਕੀਤੇ, ਪਰ ਖ਼ਾਲਸਾ ਕਦੇ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਦੇ ਰੂਪ ਵਿੱਚ ਆਣ ਗੱਜਿਆ ਅਤੇ ਕਦੇ ਬਾਬਾ ਦੀਪ ਸਿੰਘ ਜੀ ਦੇ ਰੂਪ ਵਿੱਚ ਆਣ ਖੰਡਾ ਖੜਕਾਇਆ।

ਗੁਰੂ ਸਾਹਿਬ ਵੱਲੋਂ ਆਰੰਭਿਆ ਸਿੱਖ ਸੰਘਰਸ਼ ਤ੍ਰੈਕਾਲ ਸਦੀਵੀ ਹੈ ਤੇ ਇਸ ਨੇ ਹੱਕ, ਸੱਚ ਤੇ ਨਿਆਂ, ਜ਼ੁਲਮ ਦੇ ਨਾਸ਼, ਮਜ਼ਲੂਮ ਦੀ ਰਾਖੀ, ਧਰਮ ਦੇ ਬੋਲ ਬਾਲੇ, ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਕਿਸੇ ਨਾ ਕਿਸੇ ਰੂਪ ਵਿੱਚ ਚੱਲਦੇ ਹੀ ਰਹਿਣਾ ਹੈ। ਜਿਸ ਵੀ ਜ਼ਾਲਮ ਹਕੂਮਤ ਨੇ ਖ਼ਾਲਸੇ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ, ਉਹ ਖ਼ੁਦ ਹੀ ਖ਼ਾਲਸੇ ਦੇ ਹੱਥੋਂ ਮਿਟ ਗਿਆ। ਨਾ ਰਹੀ ਦਰਬਾਰ ਸਾਹਿਬ 'ਤੇ ਟੈਂਕ ਚੜ੍ਹਾਉਣ ਵਾਲੀ ਇੰਦਰਾ ਤੇ ਨਾ ਰਿਹਾ ਜੂਝਾਰੂ ਸਿੱਖਾਂ ਨੂੰ ਖ਼ਤਮ ਕਰ ਦੇਣ ਦਾ ਦਾਅਵਾ ਕਰਨ ਵਾਲਾ ਉਸ ਦਾ ਜਰਨੈਲ ਜਨਰਲ ਵੈਦਿਆ। ਸਿੱਖ ਜਵਾਨੀ ਨੂੰ ਚੁਣ ਚੁਣ ਕੇ ਮਾਰਨ ਵਾਲਾ ਪੰਜਾਬ ਦਾ ਮੁੱਖ ਮੰਤਰੀ ਬੇਅੰਤ ਸਿੰਘ ਸਖ਼ਤ ਸੁਰੱਖਿਆ ਛੱਤਰੀ ਵਿੱਚ ਵੀ ਤੂੰਬਾ-ਤੂੰਬਾ ਹੋ ਕੇ ਉਡ ਗਿਆ।

ਖ਼ਾਲਸੇ ਦਾ ਇਹ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰਿਹਾ, ਰਹੇਗਾ ਅਤੇ ਚੱਲ ਵੀ ਰਿਹਾ ਹੈ। ਸੰਤ ਜਰਨੈਲ ਸਿੰਘ ਜੀ ਵੱਲੋਂ 6 ਜੂਨ, 1984 ਨੂੰ ਅਣਖੀਲੇ ਜਰਨੈਲਾਂ ਤੇ ਜਾਂਬਾਜ਼ ਜੁਝਾਰੂ ਸਿੰਘਾਂ ਸਮੇਤ ਸਿਰ-ਧੜ ਦੀ ਬਾਜ਼ੀ ਲਾ ਕੇ ਜਿਹੜੀ ਨੀਂਹ ਰੱਖੀ ਸੀ, ਉਸ ਉਤੇ ਹਜ਼ਾਰਾਂ ਸਿੰਘਾਂ ਦੇ ਸਿਰ ਲੱਗ ਚੁੱਕੇ ਹਨ। ਡੁੱਲ੍ਹਾ ਲਹੂ ਕਦੇ ਅਜਾਈਂ ਨਹੀਂ ਜਾਂਦਾ ਅਤੇ ਸਮੇਂ ਦੇ ਗੇੜ ਨਾਲ ਅਵੱਸ਼ ਰੰਗ ਲਿਆਉਂਦਾ ਹੈ। ਸਮੇਂ ਦੇ ਗੇੜ ਅਤੇ ਉਤਰਾਵਾਂ ਚੜ੍ਹਾਵਾਂ ਨੂੰ ਪਾਰ ਕਰਕੇ ਇਕ ਨਾ ਇਕ ਦਿਨ ਆਪਣੀ ਮੰਜ਼ਿਲ ਅਵੱਸ਼ ਪੂਰੀ ਕਰੇਗਾ। ਇਹ ਸੰਘਰਸ਼ ਨਾ ਮੁੱਕਾ ਹੈ, ਨਾ ਦਬਾਇਆ ਗਿਆ ਹੈ ਤੇ ਨਾ ਹੀ ਛੱਡਿਆ ਗਿਆ ਹੈ। ਹਾਂ, ਅੰਤਰਰਾਸ਼ਟਰੀ ਮੰਚ 'ਤੇ ਆਈਆਂ ਤਬਦੀਲੀਆਂ ਅਤੇ ਪੈਂਟਾਗਨ ਵੱਲੋਂ ਜਿਵੇਂ ਦੁਨੀਆਂ ਭਰ ਵਿੱਚ ਚੱਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਨੂੰ ਸੱਟ ਵੱਜੀ ਹੈ, ਉਸ ਦਾ ਵੱਡਾ ਅਸਰ ਖ਼ਾਲਸੇ ਦੇ ਮੌਜੂਦਾ ਸੰਘਰਸ਼ 'ਤੇ ਵੀ ਪਿਆ ਹੈ, ਪਰ ਖ਼ਾਲਸੇ ਨੇ ਵੀ ਵਕਤ ਵਿਚਾਰ ਕੇ ਸਮੇਂ ਦੀ ਚਾਲ ਦੇ ਮੁਤਾਬਕ ਸੰਘਰਸ਼ ਜਾਰੀ ਰੱਖਿਆ ਹੋਇਆ ਹੈ ਤੇ ਇਸ ਨੇ ਸਦਾ ਜਾਰੀ ਰਹਿਣਾ ਹੈ, ਪਰ ਸਮੇਂ ਦੀ ਹਰ ਸਲਤਨਤ ਵੱਲੋਂ, "ਸਿੱਖ ਖ਼ਤਮ ਹੋ ਗਏ ਹਨ" ਦੀ ਮਾਰੀ ਜਾਂਦੀ ਰਹੀ ਫੜ੍ਹ ਵਾਂਗ ਅੱਜ ਵੀ ਕਈ ਲੋਕ ਇਹ ਹੀ ਸਮਝੀ ਬੈਠੇ ਹਨ ਕਿ ਸਿੱਖ ਸੰਘਰਸ਼ ਵੀ ਖ਼ਤਮ ਹੋ ਗਿਆ ਹੈ ਤੇ ਸਿੱਖਾਂ ਨੇ ਪਿੰਡੇ 'ਤੇ ਹੰਢਾਇਆ ਜੂਨ 1984 ਦਾ ਘੱਲੂਘਾਰਾ ਵੀ ਵਿਸਾਰ ਦਿੱਤਾ ਹੈ। ਸਿੱਖਾਂ ਵਿੱਚ ਹੁਣ ਨਾ ਤਾਂ ਆਜ਼ਾਦੀ ਦਾ ਜਜ਼ਬਾ ਹੀ ਰਿਹਾ ਹੈ ਅਤੇ ਨਾ ਹੀ ਉਹ ਬੀਤੇ ਨੂੰ ਯਾਦ ਹੀ ਰੱਖਣਾ ਚਾਹੁੰਦੇ ਹਨ। ਇਹਨਾਂ ਵਿੱਚੋਂ ਹੀ ਅਜਿਹੀ ਸੋਚ ਦਾ ਧਾਰਨੀ ਹੈ ਦਿੱਲੀ ਤੋਂ ਨਿਕਲਣ ਵਾਲਾ ਅੰਗਰੇਜ਼ੀ ਦਾ ਸਪਤਾਹਕ ਨਿਊਜ਼ ਮੈਗਜ਼ੀਨ 'ਆਉਟਲੁਕ'। ਉਸ ਨੇ ਆਪਣੇ 22 ਜੂਨ, 2009 ਦੇ ਅੰਕ ਵਿੱਚ 'A FADER STAR' (ਡੁੱਬ ਚੁੱਕਾ ਤਾਰਾ) 'Khalistan passion has withered in Punjab' (ਪੰਜਾਬ ਵਿੱਚ ਖ਼ਾਲਿਸਤਾਨ ਦਾ ਜੋਸ਼ ਕੁਮਲਾ ਗਿਆ) ਦੀ ਸੁਰਖੀ ਹੇਠ ਇਹ ਦਾਅਵਾ ਕੀਤਾ ਸੀ ਕਿ ਪੰਜਾਬ ਵਿੱਚ ਹੁਣ ਖ਼ਾਲਿਸਤਾਨ ਦਾ ਕਿਧਰੇ ਵੀ ਕੋਈ ਨਾਂ ਨਹੀਂ ਤੇ ਖ਼ਾਲਿਸਤਾਨੀ ਆਗੂ ਵੀ ਇਹ ਗੱਲ ਮੰਨਦੇ ਹਨ ਕਿ ਹੁਣ ਲੋਕਾਂ ਦੇ ਮਨਾਂ ਵਿੱਚ ਖ਼ਾਲਿਸਤਾਨ ਦਾ ਮੁੱਦਾ ਭਰਨਾ ਮੁਸ਼ਕਲ ਹੈ।

ਖ਼ਾਲਿਸਤਾਨ ਦਾ ਸੰਘਰਸ਼ ਖਤਮ ਹੋ ਚੁੱਕਾ ਸਮਝਣਾ ਅਤੇ ਲੋਕਾਂ ਦੀ ਹਮਾਇਤ ਮੁੱਕ ਜਾਣੀ ਮੰਨ ਲੈਣਾ 'ਆਉਟਲੁਕ' ਵੱਲੋਂ ਕੀਤੀ ਗਈ ਆਪਣੀ ਗਰੀਬ ਸੋਚ ਦਾ ਪ੍ਰਗਟਾਵਾ ਹੈ ਅਤੇ 'ਆਉਟਲੁਕ' ਨੇ ਇਹ ਦਾਅਵਾ ਦਰਬਾਰ ਸਾਹਿਬ ਵਿਖੇ ਬਾਦਲ ਦਲ ਦੇ ਹਰ ਸਾਲ ਘੱਲੂਘਾਰਾ ਸਮਾਗਮਾਂ ਵਿੱਚ ਸ਼ਮੂਲੀਅਤ ਨਾ ਹੋਣ ਕਰਕੇ ਕੀਤਾ ਹੈ। ਇਹ ਅੰਦਾਜ਼ਾ ਵੀ ਸਚਾਈ ਨੂੰ ਜਾਣ ਬੁੱਝ ਕੇ ਵੇਖਣ ਤੋਂ ਅੱਖਾਂ ਮੀਟ ਲੈਣ ਵਾਲੀ ਗੱਲ ਹੈ। ਆਜ਼ਾਦੀ ਦਾ ਜਜ਼ਬਾ ਗੁਰੂ ਨਾਨਕ ਪਾਤਸ਼ਾਹ ਦੇ ਹਲੀਮੀ ਰਾਜ ਦੇ ਸਿਧਾਂਤ ਅਤੇ ਦਸਮੇਸ਼ ਪਿਤਾ ਜੀ ਦੇ 'ਰਾਜ ਕਰੇਗਾ ਖ਼ਾਲਸਾ' ਦੀ ਬਖਸ਼ਿਸ਼ ਕਾਰਨ ਹਰ ਸਿੱਖ ਦੇ ਦਿਲ ਵਿੱਚ ਹਮੇਸ਼ਾ ਕਾਇਮ ਰਹੇਗਾ। ਵੈਸੇ ਤਾਂ 'ਆਉਟਲੁਕ' ਦੀ ਸਿੱਖ ਸੰਘਰਸ਼ ਵਿਰੋਧੀ ਸੋਚ ਨੂੰ ਸਮਕਾਲੀ 15 ਰੋਜ਼ਾ ਪੇਪਰ 'ਸੰਡੇ ਇੰਡੀਆ' ਦਾ ਅੰਕ 1 ਤੋਂ 14 ਜੂਨ, 2009 ਹੀ ਰੱਦ ਕਰਦਾ ਸੀ। ਜਿਸ ਵਿੱਚ ਪੰਜ ਦਿਨ ਪੰਜਾਬ ਦੀ ਯਾਤਰਾ ਕਰਕੇ 1500 ਕਿਲੋਮੀਟਰ

ਸਫ਼ਰ ਤੈਅ ਕਰਨ ਵਾਲੇ ਰਿਪੋਰਟਰ ਅਨਿਲ ਪਾਂਡੇ ਨੇ ਸਪੱਸ਼ਟ ਰੂਪ ਵਿੱਚ ਲਿਖਿਆ ਸੀ, "ਮੇਰੇ ਲਈ ਇਹ ਯਾਤਰਾ ਮੇਰੇ ਅੰਦਾਜ਼ੇ ਦੇ ਉਲਟ ਹੀ ਨਹੀਂ ਹੈਰਾਨਕੁੰਨ ਵੀ ਹੈ। ਮੈਂ ਤਾਂ ਗਿਆ ਸਾਂ ਲੋਕਾਂ ਦੇ ਦੁੱਖ ਅਤੇ ਹੰਝੂਆਂ ਨੂੰ ਦੇਖਣ ਦੀ ਕਲਪਨਾ ਕਰਕੇ ਪਰ ਉਥੇ ਲੋਕਾਂ ਦੇ ਦਿਲਾਂ ਵਿੱਚ ਜੋਸ਼ ਅਤੇ ਖੁਸ਼ੀ ਸੀ ਅਤੇ ਉਹਨਾਂ ਨੂੰ ਪੁਲਿਸ ਦੁਆਰਾ ਮਾਰੇ ਗਏ ਆਪਣੇ ਪਰਿਵਾਰਕ ਮੈਂਬਰਾਂ ਦੀ ਕੁਰਬਾਨੀ 'ਤੇ ਫ਼ਖਰ ਹੈ ਕਿ ਉਹ ਆਪਣੀ ਕੌਮ ਲਈ ਮਰ ਮਿਟੇ, ਕਿਸੇ ਅਣਿਆਈ ਮੌਤ ਨਹੀਂ ਮਰੇ। ਇੰਨਾ ਦਰਦ ਹੰਢਾਉਣ ਤੋਂ ਬਾਅਦ ਵੀ ਉਹਨਾਂ ਨੇ ਖ਼ਾਲਿਸਤਾਨ ਦੀ ਸਥਾਪਨਾ ਦੀ ਉਮੀਦ ਬੁਝਾਈ ਨਹੀਂ।"

ਅਸਲ ਵਿੱਚ 'ਆਉਟਲੁਕ' ਨੇ ਖ਼ਾਲਿਸਤਾਨ ਦੇ ਸੰਘਰਸ਼ ਅਤੇ ਜੂਨ 1984 ਦੇ ਘੱਲੂਘਾਰੇ ਬਾਰੇ ਨਾਂਹਵਾਚਕ ਰਿਪੋਰਟ ਕਰਕੇ ਪੀਲੀ ਪੱਤਰਕਾਰੀ ਦਾ ਸਬੂਤ ਦਿੱਤਾ ਹੈ ਅਤੇ ਉਸ ਨੇ ਲੋਕਾਂ ਦੇ ਦਿਲਾਂ ਵਿੱਚ ਵੱਸੀ 20ਵੀਂ ਸਦੀ ਦੀ ਬੇਨਿਆਜ਼ ਹਸਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਘਰ-ਘਰ, ਬੱਸਾਂ, ਟਰੱਕਾਂ, ਕਾਰਾਂ ਤੇ ਟੈਂਪੂਆਂ ਅਤੇ ਨੌਜਵਾਨਾਂ ਦੇ ਮੋਬਾਈਲ ਸੈਟ 'ਤੇ ਲੱਗੀ ਤਸਵੀਰ ਪਤਾ ਨਹੀਂ ਕਿਉਂ ਨਹੀਂ ਦੇਖੀ, ਜਿਹੜੀ ਕੌਮ ਨੂੰ ਸੰਘਰਸ਼ ਪ੍ਰਤੀ ਜੋਸ਼, ਹੁਲਾਸ ਤੇ ਜਜ਼ਬਾ ਦੇ ਰਹੀ ਹੈ। ਸ਼ਾਇਦ ਦੇਸ਼ ਭਗਤੀ ਅਤੇ ਹਿੰਦੀ, ਹਿੰਦੂ, ਹਿੰਦੁਸਤਾਨ ਦੇ ਜਨੂੰਨ ਵਿੱਚ ਆ ਕੇ 'ਆਉਟਲੁਕ' ਨੇ ਸੱਚ ਨੂੰ ਵਾਚਣ ਤੋਂ ਅਸਮਰੱਥ ਰਹਿ ਕੇ ਆਪਣੀ ਪੱਤਰਕਾਰੀ ਨੂੰ ਜ਼ੰਗਾਲ ਲਾ ਲਿਆ ਹੈ।

ਸੰਤ ਜਰਨੈਲ ਸਿੰਘ ਵੱਲੋਂ ਸ਼ਹੀਦ ਹੋਣ ਤੋਂ ਕੁਝ ਪਲ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਕੀਤੀ ਗਈ ਇਹ ਅਰਦਾਸ, "ਹੇ ਸੱਚੇ ਪਾਤਸ਼ਾਹ! ਜਿੰਨਾ ਚਿਰ ਸਿੱਖ ਕੌਮ ਆਜ਼ਾਦ ਨਹੀਂ ਹੁੰਦੀ ਉਨਾ ਚਿਰ ਮੈਂ ਬਾਰ-ਬਾਰ ਜਨਮ ਲਵਾਂ।" ਸਤਿਗੁਰਾਂ ਵੱਲੋਂ ਹੱਕ, ਸੱਚ ਤੇ ਨਿਆਂ ਲਈ ਆਰੰਭੇ ਸੰਘਰਸ਼ ਬਾਰੇ ਦ੍ਰਿੜ੍ਹਤਾ ਅਤੇ ਪ੍ਰਤੀਬੱਧਤਾ ਦਾ ਪ੍ਰਗਟਾਵਾ ਹੈ, ਜੋ ਹਰ ਸਿੱਖ ਦੇ ਸੀਨੇ ਵਿੱਚ ਵੱਸਿਆ ਹੋਇਆ ਹੈ। ਜਿਸ ਦੀ ਮਿਸਾਲ 'ਸੰਡੇ ਇੰਡੀਆ' ਪੇਪਰ ਵੱਲੋਂ ਸਰਕਾਰੀ ਜ਼ੁਲਮਾਂ ਦਾ ਸ਼ਿਕਾਰ ਹੋਏ ਪਰਿਵਾਰਾਂ ਦੇ ਜਜ਼ਬੇ, ਸ਼ਹੀਦਾਂ ਪ੍ਰਤੀ ਫ਼ਖਰ ਅਤੇ ਖ਼ਾਲਿਸਤਾਨ ਦੀ ਸਥਾਪਨਾ ਦੀ ਉਮੀਦ ਦੇ ਸੱਚ ਨੂੰ ਪ੍ਰਵਾਨ ਕਰਨ ਤੋਂ ਮਿਲਦੀ ਹੈ ਅਤੇ ਬੀ.ਬੀ.ਸੀ. ਹਿੰਦੀ ਵੈਬਸਾਈਟ ਵੀ ਇਸ ਸੱਚ ਦੀ ਪੁਸ਼ਟੀ ਕਰਦੀ ਹੈ। 'ਆਉਟਲੁਕ' ਦਾ ਇਹ ਕਹਿਣਾ ਬੇਤੁਕਾ ਹੈ ਕਿ ਸਾਲਾਨਾ ਘੱਲੂਘਾਰੇ ਦੇ ਦਿਹਾੜੇ ਮੌਕੇ ਸੱਤਾਧਾਰੀ ਅਕਾਲੀ ਦਲ ਦਾ ਕੋਈ ਵੀ ਨੇਤਾ ਉਸ ਸਮਾਗਮ ਵਿੱਚ ਸ਼ਾਮਿਲ ਨਹੀਂ ਹੁੰਦਾ। ਪਤਾ ਨਹੀਂ 'ਆਉਟਲੁਕ' ਇਹ ਸੱਚ ਕਿਉਂ ਨਹੀਂ ਜਾਣਦਾ ਕਿ ਜਿਨ੍ਹਾਂ ਆਗੂਆਂ ਦੇ ਇਸ ਸਮਾਗਮ ਵਿੱਚ ਸ਼ਾਮਲ ਨਾ ਹੋਣ ਦੀ ਉਹ ਗੱਲ ਕਰ ਰਿਹਾ ਹੈ ਉਹ ਕਦੀ ਵੀ ਦਸਮੇਸ਼ ਪਿਤਾ ਜੀ ਦੇ 'ਰਾਜ ਕਰੇਗਾ ਖ਼ਾਲਸਾ' ਦੇ ਸੰਕਲਪ ਨੂੰ ਸਮਰਪਿਤ ਨਹੀਂ ਹੋਏ ਅਤੇ ਨਾ ਹੀ ਉਹਨਾਂ ਦਾ ਖ਼ਾਲਿਸਤਾਨ ਦੇ ਸੰਘਰਸ਼ ਨਾਲ ਕੋਈ ਲੈਣ ਦੇਣ ਹੀ ਹੈ। ਜਿਹੜੀ ਪਾਰਟੀ ਦੇ ਆਗੂਆਂ ਦਾ ਖ਼ਾਲਸਈ ਸਿਧਾਂਤ ਵਿੱਚ ਵਿਸ਼ਵਾਸ ਹੀ ਨਹੀਂ ਤੇ ਉਹ ਮੀਰੀ-ਪੀਰੀ ਸੁਮੇਲਤਾ ਵਾਲੀ ਗੁਰਮਤਿ ਦੀ ਧਰਮੀ ਰਾਜਨੀਤੀ ਵਾਲੇ ਸਿਧਾਂਤ ਦੀ ਥਾਂ ਅਸਿੱਖ ਦੇਸ਼ ਭਗਤੀ ਦੇ ਜਨੂੰਨ ਅਤੇ ਯੂਰਪ ਦੀ ਦੇਣ ਵਰਤਮਾਨ ਲੋਕਤੰਤਰ ਪ੍ਰਣਾਲੀ ਵਿੱਚ ਫਸੇ ਹੋਏ ਹਨ, ਜਿਹਨਾਂ ਦੀ ਦਰਬਾਰ ਸਾਹਿਬ 'ਤੇ ਹਮਲਾ ਕਰਾਉਣ ਤੇ ਸਿੱਖ ਜਰਨੈਲਾਂ

ਤੇ ਨੌਜਵਾਨੀ ਨੂੰ ਮੁਕਾਉਣ ਲਈ ਹਿੰਦ ਸਰਕਾਰ 'ਤੇ ਦਬਾਅ ਪਾਉਣ ਵਾਲੀ ਹਿੰਦੂਤਵੀ ਸੋਚ ਭਾਜਪਾ ਨਾਲ ਸਿਆਸੀ ਦੋਸਤੀ ਵੀ ਹੈ ਤੇ ਇਸ ਦੋਸਤੀ ਦੇ ਪ੍ਰਭਾਵ ਥੱਲੇ ਹੀ ਇਸ ਪਾਰਟੀ ਦੇ ਆਗੂ ਦਰਬਾਰ ਸਾਹਿਬ ਵਿਖੇ ਘੱਲੂਘਾਰੇ ਦੇ ਸਾਲਾਨਾ ਦਿਹਾੜੇ ਦੇ ਸਮਾਗਮ ਵਿੱਚ ਨਹੀਂ ਆਉਂਦੇ ਹਨ। ਇਕ ਦੋ ਵਾਰ ਨੂੰ ਛੱਡ ਕੇ ਇਹ ਪਹਿਲਾਂ ਵੀ ਕਦੀ ਨਹੀਂ ਆਏ। ਇਹਨਾਂ ਦੀ ਗੈਰ-ਹਾਜ਼ਰੀ ਨੂੰ ਪੰਜਾਬ ਦੇ ਲੋਕਾਂ ਦੀ ਗੈਰ-ਹਾਜ਼ਰੀ ਬਣਾ ਕੇ ਸਿੱਖਾਂ ਵੱਲੋਂ ਪੰਜਾਬ ਵਿੱਚ ਘੱਲੂਘਾਰੇ ਨੂੰ ਵਿਸਾਰ ਦੇਣ ਦੀ 'ਆਉਟਲੁਕ' ਵੱਲੋਂ ਗੱਲ ਕਰਨੀ ਸਰਾਸਰ ਝੂਠਾ ਦਾਅਵਾ ਤੇ ਪੱਤਰਕਾਰੀ 'ਤੇ ਧੱਬਾ ਹੈ।

ਸੱਚ ਤਾਂ ਇਹ ਹੈ ਕਿ ਸਿੱਖਾਂ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਵਲੋਂ ਬਾਦਲ ਦਲ ਦੇ ਸਿਆਸੀ ਗਲਬੇ ਦੇ ਬਾਵਜੂਦ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ਹੀਦੀ ਸਮਾਰੋਹ ਕੀਤਾ ਜਾਂਦਾ ਹੈ। ਸੰਤ ਜਰਨੈਲ ਸਿੰਘ, ਜਨਰਲ ਸ਼ੁਬੇਗ ਸਿੰਘ ਅਤੇ ਭਾਈ ਅਮਰੀਕ ਸਿੰਘ ਸਮੇਤ ਘੱਲੂਘਾਰੇ ਦੇ ਪ੍ਰਮੁੱਖ ਸ਼ਹੀਦਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਇਸ ਸਮਾਰੋਹ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸੰਬੋਧਨ ਕਰਨਾ ਹੁੰਦਾ ਹੈ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਕਮੇਟੀ ਦੇ ਮੈਂਬਰ, ਅਧਿਕਾਰੀ ਤੇ ਸਾਰੇ ਸੇਵਾਦਾਰ ਹਾਜ਼ਰ ਹੁੰਦੇ ਹਨ। ਕੌਮ ਦੀ ਪ੍ਰਤੀਨਿਧ ਸਾਰੀ ਸੰਘਰਸ਼ਸ਼ੀਲ ਧਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਜੁੜਦੀ ਹੈ। ਖ਼ਾਲਿਸਤਾਨ ਦੀ ਸਥਾਪਨਾ ਲਈ ਆਪਣੀ ਦ੍ਰਿੜ੍ਹਤਾ ਦੁਹਰਾਈ ਜਾਂਦੀ ਹੈ। ਪ੍ਰਾਪਤੀ ਲਈ ਨੀਤੀ ਤੇ ਦਿਸ਼ਾ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਜਾਂਦਾ ਹੈ। ਖ਼ਾਲਿਸਤਾਨ ਦੇ ਨਾਹਰੇ ਦੀਆਂ ਗੂੰਜਾਂ ਪੈਂਦੀਆਂ ਹਨ ਅਤੇ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸਿੱਖ ਜਗਤ ਦੀ ਹਰ ਕੂੰਟ ਤੋਂ ਪਹੁੰਚੀਆਂ ਪ੍ਰਤੀਬੱਧ ਸੰਗਤਾਂ ਦਾ ਪ੍ਰਭਾਵਸ਼ਾਲੀ ਇਕੱਠ ਸਾਰੇ ਸਮਾਗਮ ਨੂੰ ਗੰਭੀਰਤਾ ਨਾਲ ਸੁਣਦਾ ਹੈ। ਜੈਕਾਰੇ ਛੱਡੇ ਜਾਂਦੇ ਅਤੇ ਪੇਸ਼ ਕੀਤੇ ਮਤਿਆਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਜਾਂਦਾ ਹੈ। ਦੇਸ-ਵਿਦੇਸ਼ ਵਿੱਚ ਇਹ ਦਿਹਾੜਾ ਖ਼ਾਲਸਈ ਸ਼ਾਨ ਅਤੇ ਪੰਥਕ ਜਜ਼ਬੇ ਨਾਲ ਮਨਾਇਆ ਜਾਂਦਾ ਹੈ।

ਹਿੰਦੂਤਵੀ ਮਾਨਸਿਕਤਾ ਦਾ ਪ੍ਰਗਟਾਅ— 1984 ਦਾ ਘੱਲੂਘਾਰਾ

(ਡਾ. ਮੇਹਰ ਸਿੰਘ ਗਿੱਲ ਹੋਰਾਂ ਨੇ ਘੱਲੂਘਾਰਾ ਜੂਨ 1984 ਬਾਰੇ ਸਰਕਾਰ ਦੀ ਸਿੱਖ ਵਿਰੋਧੀ ਮਾਨਸਿਕਤਾ ਅਤੇ ਰਾਜਨੀਤਕ ਧਿਰਾਂ ਦੀ ਸਵਾਰਥੀ ਅਤੇ ਸਿੱਖ ਵਿਰੋਧੀ ਮਾਨਸਿਕਤਾ ਦਾ ਬਹੁਤ ਹੀ ਵਿਸਥਾਰ ਅਤੇ ਨਿਰਪੱਖਤਾ ਨਾਲ ਅਧਿਐਨ ਕੀਤਾ ਹੈ।)

ਸਾਰੀ ਦੁਨੀਆਂ ਵਿੱਚ ਯਹੂਦੀਆਂ ਨੂੰ ਛੱਡ ਕੇ ਸ਼ਾਇਦ ਹੀ ਕੋਈ ਕੌਮ ਅਜਿਹੀ ਹੋਵੇ ਜਿਸ ਨੇ ਇੰਨੇ ਘੱਲੂਘਾਰੇ ਹੰਢਾਏ ਹੋਣ ਜਿੰਨੇ ਕਿ ਸਿੱਖਾਂ ਨੇ। ਸੰਨ 1984 ਵਿੱਚ ਬਲਿਊ ਸਟਾਰ ਨਾਂ ਹੇਠ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਸਮੇਤ ਦਰਜ਼ਨਾਂ ਹੋਰ ਸਿੱਖ ਧਾਰਮਿਕ ਅਸਥਾਨਾਂ ਉੱਤੇ ਭਾਰਤੀ ਫ਼ੌਜ ਦਾ ਕੀਤਾ ਗਿਆ ਹਮਲਾ ਸਿੱਖਾਂ ਲਈ ਵੀਹਵੀਂ ਸਦੀ ਦਾ ਵੱਡਾ ਘੱਲੂਘਾਰਾ ਕਿਹਾ ਜਾ ਸਕਦਾ ਹੈ। ਨਿਰਸੰਦੇਹ ਇਸ ਹਮਲੇ ਕਾਰਨ ਸਿੱਖਾਂ ਦਾ ਬਹੁਤ ਭਾਰੀ ਜਾਨੀ ਨੁਕਸਾਨ ਹੋਇਆ। ਇਸ ਨੁਕਸਾਨ ਨੂੰ ਭਾਰਤ ਸਰਕਾਰ ਨੇ ਤਾਂ ਬਹੁਤ ਘਟਾ ਕੇ ਦੱਸਣਾ ਹੀ ਸੀ ਪ੍ਰੰਤੂ ਸਿੱਖਾਂ ਦੀ ਆਪਣੀ ਲੀਡਰਸ਼ਿਪ ਨੇ ਵੀ ਇਸ ਘੱਲੂਘਾਰੇ ਕਾਰਨ ਹੋਏ ਜਾਨੀ, ਮਾਲੀ, ਮਾਨਸਿਕ ਅਤੇ ਸਮਾਜਿਕ ਨੁਕਸਾਨ ਦਾ ਲੋੜੀਂਦਾ ਲੇਖਾ-ਜੋਖਾ ਤਿਆਰ ਨਹੀਂ ਕੀਤਾ। ਅਜਿਹਾ ਕਿਉਂ ਨਹੀਂ ਕੀਤਾ ਗਿਆ, ਇਹ ਇਕ ਅੱਡ ਖੋਜ ਦਾ ਵਿਸ਼ਾ ਹੈ। ਪ੍ਰੰਤੂ ਇਕ ਗੱਲ ਸਪੱਸ਼ਟ ਹੈ ਕਿ ਬਹੁਤੇ ਸਿੱਖ ਲੀਡਰਾਂ ਅਤੇ ਸਿੱਖ ਵਿਦਵਾਨਾਂ ਦੀ ਇਨ੍ਹਾਂ ਨੁਕਸਾਨਾਂ ਦੇ ਵੇਰਵੇ ਤਿਆਰ ਕਰਨ ਬਾਰੇ ਧਾਰੀ ਚੁੱਪ ਨੂੰ ਆਉਣ ਵਾਲੀਆਂ ਪੁਸ਼ਤਾਂ ਕਦੇ ਮੁਆਫ਼ ਨਹੀਂ ਕਰਨਗੀਆਂ। ਬਲਿਊ ਸਟਾਰ ਓਪਰੇਸ਼ਨ ਦੇ ਨਾਂ ਹੇਠ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦਾ ਕਾਰਨ ਇਹ ਦੱਸਿਆ ਗਿਆ ਕਿ ਉਥੇ ਖਾੜਕੂ ਛੁਪੇ ਹੋਏ ਸਨ। ਜੇਕਰ ਸਰਕਾਰ ਦੀ ਇਸ ਗੱਲ ਨੂੰ ਮੰਨ ਵੀ ਲਿਆ ਜਾਵੇ ਤਾਂ ਵੀ ਇਸ ਹਮਲੇ ਦੀ ਕੋਈ ਲੋੜ ਨਹੀਂ ਸੀ। ਪਹਿਲੀ ਗੱਲ ਇਹ ਕਿ ਜੇ ਸਰਕਾਰ ਚਾਹੁੰਦੀ ਤਾਂ ਸਿੱਖਾਂ ਤੇ ਪੰਜਾਬ ਦੀਆਂ ਜਾਇਜ਼ ਮੰਗਾਂ ਨੂੰ ਮੰਨ ਕੇ ਇਸ ਅਣਚਾਹੇ ਗੈਰ-ਜ਼ਰੂਰੀ ਫ਼ੌਜੀ ਐਕਸ਼ਨ ਤੋਂ ਦੂਰ ਰਹਿ ਸਕਦੀ ਸੀ। ਦੂਜੀ ਗੱਲ ਇਹ ਕਿ ਜੇਕਰ ਦਰਬਾਰ ਸਾਹਿਬ ਵਿੱਚ ਕੁਝ ਅਜਿਹੇ ਲੋਕ ਛੁਪੇ ਹੋਏ ਵੀ ਸਨ, ਜਿਨ੍ਹਾਂ ਵਿਰੁੱਧ ਕੇਸ ਦਰਜ ਸਨ ਤਾਂ ਉਨ੍ਹਾਂ ਨੂੰ ਬਾਹਰ ਕੱਢਣ ਵਾਸਤੇ ਸਰਕਾਰ ਨੂੰ ਧਰਮ ਯੁੱਧ ਮੋਰਚੇ ਦੇ ਮੁੱਖ ਚਾਲਕਾਂ ਨੂੰ ਅਜਿਹਾ ਕਰਨ ਲਈ ਕਹਿਣਾ ਚਾਹੀਦਾ ਸੀ। ਜੇਕਰ ਧਰਮ ਯੁੱਧ ਮੋਰਚੇ ਦੇ ਚਾਲਕ

ਅਜਿਹਾ ਕਰਨ ਦੇ ਅਸਮਰਥ ਸਨ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਸੰਬੰਧੀ ਲੋੜੀਂਦੇ ਆਦੇਸ਼ ਦੇਣ ਲਈ ਬੇਨਤੀ ਕਰਨੀ ਚਾਹੀਦੀ ਸੀ। ਉਸ ਵੇਲੇ ਹਾਲਾਤ ਇਸ ਤਰ੍ਹਾਂ ਦੇ ਸਨ ਕਿ ਕੋਈ ਵੀ ਵਿਅਕਤੀ ਭਾਵੇਂ ਉਹ ਕਿੰਨਾ ਵੀ ਵੱਡਾ ਸੀ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮ ਨੂੰ ਨਕਾਰ ਨਹੀਂ ਸੀ ਸਕਦਾ। ਸਰਕਾਰ ਵਲੋਂ ਇਹ ਰਸਤਾ ਨਾ ਚੁਣਿਆ ਜਾਣਾ ਸਪੱਸ਼ਟ ਕਰਦਾ ਹੈ ਕਿ ਇਸ ਫ਼ੌਜੀ ਹਮਲੇ ਪਿੱਛੇ ਕੋਈ ਹੋਰ ਰਾਜਨੀਤਕ ਕਾਰਨ ਸਨ। ਤੀਜੀ ਗੱਲ ਇਹ ਕਿ ਜੇਕਰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਕੁਝ ਖਾੜਕੂ ਛੁਪੇ ਸਨ ਤਾਂ ਕਈ ਦਰਜ਼ਨ ਹੋਰ ਸਿੱਖ ਧਾਰਮਿਕ ਅਸਥਾਨਾਂ 'ਤੇ ਹਮਲਾ ਕਿਉਂ ਕੀਤਾ ਗਿਆ। ਜੇਕਰ ਮੰਨ ਵੀ ਲਿਆ ਜਾਏ ਕਿ ਉਨ੍ਹਾਂ ਅਸਥਾਨਾਂ ਵਿੱਚੋਂ ਪੰਜ-ਚਾਰ ਵਿੱਚ ਦੋ-ਦੋ ਜਾਂ ਤਿੰਨ-ਤਿੰਨ ਅਜਿਹੇ ਵਿਅਕਤੀ ਰਹਿ ਰਹੇ ਸਨ, ਜਿਨ੍ਹਾਂ ਵਿਰੁੱਧ ਕੋਈ ਕੇਸ ਦਰਜ ਸਨ ਤਾਂ ਵੀ ਕੀ ਦਰਜ਼ਨਾਂ ਧਾਰਮਿਕ ਅਸਥਾਨਾਂ 'ਤੇ ਫ਼ੌਜੀ ਹਮਲੇ ਦੀ ਲੋੜ ਸੀ? ਚੌਥੀ ਗੱਲ ਇਹ ਹੈ ਕਿ ਜੇਕਰ ਫ਼ੌਜੀ ਕਾਰਵਾਈ ਕਰਨੀ ਹੀ ਸੀ ਤਾਂ ਉਹ ਹੀ ਦਿਨ ਕਿਉਂ ਚੁਣਿਆ ਗਿਆ ਜਦੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸ਼ਰਧਾਲੂ ਔਰਤਾਂ, ਬੱਚੇ, ਬੁੱਢੇ ਤੇ ਜਵਾਨ ਵੱਖ ਵੱਖ ਗੁਰਦੁਆਰਿਆਂ ਵਿੱਚ ਇਕੱਤਰ ਹੋਏ ਸਨ। ਜੇਕਰ ਇਸ ਫ਼ੌਜੀ ਕਾਰਵਾਈ ਦਾ ਮੰਤਵ ਸਿਰਫ਼ ਖਾੜਕੂਆਂ ਨੂੰ ਫੜਨਾ ਹੀ ਸੀ ਤਾਂ ਇਹ ਗੈਰ-ਜ਼ਰੂਰੀ ਫ਼ੌਜੀ ਹਮਲਾ ਗੁਰਪੁਰਬ ਨੂੰ ਛੱਡ ਕੇ ਕਿਸੇ ਵੀ ਹੋਰ ਦਿਨ ਹੋ ਸਕਦਾ ਸੀ।

ਕੁਝ ਹੋਰ ਮਹੱਤਵਪੂਰਨ ਤੱਥ ਜਦੋਂ ਭਾਰਤੀ ਫ਼ੌਜ ਦਾ ਸਾਰੇ ਦਰਬਾਰ ਸਾਹਿਬ ਕੰਪਲੈਕਸ 'ਤੇ ਕਬਜ਼ਾ ਹੋ ਚੁੱਕਾ ਸੀ ਤਾਂ ਉਸ ਤੋਂ ਬਾਅਦ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੱਗ ਲੱਗਣ ਨਾਲ ਨਸ਼ਟ ਹੋਈ। ਸਰਕਾਰੀ ਪੱਖ ਵੱਲੋਂ ਕਿਹਾ ਗਿਆ ਕਿ ਖਾੜਕੂਆਂ ਵੱਲੋਂ ਗੋਲੀ ਚਲਾਉਣ ਨਾਲ ਇਹ ਅੱਗ ਲੱਗੀ। ਪ੍ਰੰਤੂ ਇਹ ਦਲੀਲ ਕੋਈ ਵਜ਼ਨ ਨਹੀਂ ਰੱਖਦੀ। ਜਦੋਂ ਫ਼ੌਜ ਨੇ ਸਾਰੇ ਖੇਤਰ ਉੱਤੇ ਕਬਜ਼ਾ ਕਰ ਲਿਆ ਸੀ ਤਾਂ ਇਹ ਸਰਕਾਰ ਦਾ ਫ਼ਰਜ਼ ਸੀ ਕਿ ਉਥੇ ਉਹ ਘੱਟੋ-ਘੱਟ ਇਤਿਹਾਸਕ ਮਹੱਤਤਾ ਵਾਲੀ ਹਰ ਚੀਜ਼ ਦੀ ਰੱਖਿਆ ਕਰਦੀ। ਪ੍ਰੰਤੂ ਅਜਿਹਾ ਨਹੀਂ ਕੀਤਾ ਗਿਆ। ਜੇਕਰ ਲਾਇਬ੍ਰੇਰੀ ਨੂੰ ਅੱਗ ਲੱਗ ਹੀ ਗਈ ਸੀ ਤਾਂ ਬਾਕੀ ਬਚੇ ਸਾਰੇ ਦਸਤਾਵੇਜ਼ਾਂ, ਖਰੜਿਆਂ ਤੇ ਕਿਤਾਬਾਂ ਨੂੰ ਕਿਉਂ ਗਾਇਬ ਕੀਤਾ ਗਿਆ? ਕੁਝ ਸਾਲ ਪਹਿਲਾਂ ਭਾਰਤ ਦੇ ਰੱਖਿਆ ਮੰਤਰੀ ਸ੍ਰੀ ਜਾਰਜ਼ ਫਰਨਾਂਡੇਜ਼ ਨੇ ਕਿਹਾ ਸੀ ਕਿ ਇਸ ਲਾਇਬ੍ਰੇਰੀ ਦੀਆਂ ਪੁਸਤਕਾਂ ਤੇ ਖਰੜੇ ਕਿਸੇ ਕੇਂਦਰੀ ਏਜੰਸੀ ਦੇ ਕਬਜ਼ੇ ਵਿੱਚ ਹਨ।

ਇਸ ਫ਼ੌਜੀ ਕਾਰਵਾਈ ਦੇ ਦੌਰਾਨ ਦਰਬਾਰ ਸਾਹਿਬ ਦੇ ਅੰਦਰ ਤੇ ਬਾਹਰ ਵੱਡੀ ਪੱਧਰ 'ਤੇ ਲੁੱਟ-ਮਾਰ ਹੋਈ। ਜੂਨ 1984 ਵਿੱਚ ਫ਼ੌਜੀ ਹਮਲੇ ਤੋਂ ਬਾਅਦ ਅਖ਼ਬਾਰਾਂ ਵਿੱਚ ਖ਼ਬਰਾਂ ਆਈਆਂ ਕਿ ਦਰਬਾਰ ਸਾਹਿਬ ਕੰਪਲੈਕਸ ਵਿਖੇ ਲੰਗਰ ਦਾ ਸਾਰਾ ਰਾਸ਼ਨ ਅਤੇ ਇਥੋਂ ਤੱਕ ਕਿ ਲੰਗਰ ਦੇ ਬਰਤਨ ਵੀ ਗਾਇਬ ਸਨ। ਕਰਫਿਊ ਦੌਰਾਨ ਇਹ ਸਭ ਕੁਝ ਕਿਸ ਨੇ ਚੁਰਾਇਆ, ਇਸ ਬਾਰੇ ਲੋੜੀਂਦੀ ਛਾਣ-ਬੀਣ ਦੀ ਜ਼ਰੂਰਤ ਹੈ। ਇਸੇ ਪ੍ਰਕਾਰ ਜਿਨ੍ਹਾਂ ਨੇ ਦਰਬਾਰ ਸਾਹਿਬ ਦੇ ਨਾਲ ਲੱਗਦੇ ਭਾਗਾਂ ਵਿੱਚ ਲੁੱਟ-ਮਾਰ ਕੀਤੀ ਉਹਨਾਂ ਦੀ ਨਿਸ਼ਾਨਦੇਹੀ ਕਰਨ ਵੀ ਦੀ ਲੋੜ ਹੈ। ਹਿੰਦੁਸਤਾਨ ਦੇ ਇਤਿਹਾਸ ਵਿੱਚ ਤਾਂ ਕੀ ਇਹ

ਸ਼ਾਇਦ ਸਾਰੇ ਏਸ਼ੀਆ ਦੇ ਇਤਿਹਾਸ ਵਿੱਚ ਪਹਿਲੀ ਮਿਸਾਲ ਸੀ ਕਿ 50,000 ਵਰਗ ਕਿਲੋਮੀਟਰ ਤੋਂ ਵੱਧ ਖੇਤਰ ਵਿੱਚ ਕਰਫਿਊ ਲਗਾਇਆ ਗਿਆ। ਇਸ ਕਰਫਿਊ ਦੌਰਾਨ ਸਾਰੇ ਪੰਜਾਬ ਵਿੱਚ ਸੜਕਾਂ ਉਤੇ ਹਰ ਤਰ੍ਹਾਂ ਦੀ ਆਵਾਜਾਈ 'ਤੇ ਪਾਬੰਦੀ ਲਾਈ ਗਈ। ਇਥੋਂ ਤੱਕ ਕਿ ਸੜਕ 'ਤੇ ਸਾਈਕਲ ਚਲਾਉਣ ਜਾਂ ਪੈਦਲ ਜਾਣ ਦੀ ਵੀ ਮਨਾਹੀ ਕੀਤੀ ਗਈ। ਹੈਰਾਨੀ ਦੀ ਗੱਲ ਹੈ ਕਿ ਏਨੇ ਵੱਡੇ ਇਲਾਕੇ ਵਿੱਚ ਅਜਿਹਾ ਕਰਫਿਊ ਭਾਰਤ-ਪਾਕਿਸਤਾਨ ਅਤੇ ਭਾਰਤ-ਚੀਨ ਜੰਗਾਂ ਵੇਲੇ ਵੀ ਨਹੀਂ ਸੀ ਲਾਇਆ ਗਿਆ। ਭਾਵੇਂ ਏਨੇ ਵੱਡੇ ਖੇਤਰ ਵਿੱਚ ਕਰਫਿਊ ਲਾਉਣ ਦੀ ਲੋੜ ਨਹੀਂ ਸੀ ਪ੍ਰੰਤੂ ਜਿਸ ਰਾਜਨੀਤਕ ਮਨੋਰਥ ਦੀ ਪੂਰਤੀ ਲਈ ਦਰਬਾਰ ਸਾਹਿਬ 'ਤੇ ਇਹ ਹਮਲਾ ਕੀਤਾ ਗਿਆ ਸੀ ਉਸ ਦ੍ਰਿਸ਼ਟੀ ਤੋਂ ਇਹ ਕਰਫਿਊ ਜ਼ਰੂਰ ਲਾਭਦਾਇਕ ਸੀ। ਇਸ ਦੇ ਉਲਟ ਨਵੰਬਰ 1984 ਵਿੱਚ ਸਿੱਖਾਂ ਦੇ ਵਿਆਪਕ ਕਤਲੇਆਮ ਤੇ ਲੁੱਟ ਮਾਰ ਸਮੇਂ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਲੋੜੀਂਦਾ ਕਰਫਿਊ ਨਾ ਲਾਇਆ ਜਾਣਾ ਉਸੇ ਰਾਜਨੀਤਕ ਉਦੇਸ਼ ਪ੍ਰਾਪਤੀ ਦਾ ਹਿੱਸਾ ਕਿਹਾ ਜਾ ਸਕਦਾ ਹੈ। ਇਸ ਗੱਲ ਦਾ ਇਕ ਹੋਰ ਪ੍ਰਮਾਣ ਇਹ ਹੈ ਕਿ ਜੂਨ 1984 ਦੇ ਕਰਫਿਊ ਦੌਰਾਨ ਵੀ ਲੋਕਾਂ ਨਾਲ ਪੱਖ-ਪਾਤ ਵਾਲਾ ਰਵੱਈਆ ਜਾਰੀ ਰਿਹਾ। ਉਸ ਸਮੇਂ ਜਿਹੜੇ ਪੇਂਡੂ ਲੋਕਾਂ ਨੇ ਪਿੰਡਾਂ ਤੋਂ ਅੰਮ੍ਰਿਤਸਰ ਵੱਲ ਆਉਣ ਲਈ ਕਰਫਿਊ ਤੋੜਿਆ, ਉਨ੍ਹਾਂ 'ਤੇ ਅੰਨ੍ਹੇਵਾਹ ਗੋਲੀ ਚਲਾਈ ਗਈ। ਇਸ ਦੇ ਉਲਟ ਜਿਨ੍ਹਾਂ ਲੋਕਾਂ ਨੇ ਕਰਫਿਊ ਦੌਰਾਨ ਅੰਮ੍ਰਿਤਸਰ ਵਿੱਚ ਲੱਡੂ ਵੰਡੇ ਉਨ੍ਹਾਂ ਵੱਲੋਂ ਕਰਫਿਊ ਤੋੜਨ ਨੂੰ ਗਲਤ ਵੀ ਨਾ ਕਿਹਾ ਗਿਆ। ਬਲਿਊ ਸਟਾਰ ਘੱਲੂਘਾਰਾ ਤੋਂ ਇਕ ਦਮ ਬਾਅਦ ਦੇ ਦਿਨਾਂ ਦੀਆਂ ਮੁੱਖ ਘਟਨਾਵਾਂ ਤੇ ਇਸ ਫ਼ੌਜੀ ਹਮਲੇ ਦੀ ਕਾਰਵਾਈ ਮੁਕੰਮਲ ਹੋਣ ਉਪਰੰਤ ਭਾਰਤ ਦੀਆਂ ਲਗਭਗ ਸਾਰੀਆਂ ਮੁੱਖ ਰਾਜਨੀਤਕ ਪਾਰਟੀਆਂ ਇਸ ਫ਼ੌਜੀ ਕਾਰਵਾਈ ਦੀ ਪ੍ਰੋੜ੍ਹਤਾ ਕਰ ਰਹੀਆਂ ਸਨ। ਕਾਂਗਰਸ ਪਾਰਟੀ ਤਾਂ ਖੁਦ ਇਸ ਹਮਲੇ ਲਈ ਜ਼ਿੰਮੇਵਾਰ ਸੀ। ਪ੍ਰੰਤੂ ਦੂਜੀ ਵੱਡੀ ਪਾਰਟੀ ਭਾਰਤੀ ਜਨਤਾ ਪਾਰਟੀ ਦੇ ਲੀਡਰ ਕੁਝ ਇਸ ਤਰ੍ਹਾਂ ਦੇ ਸ਼ਬਦ ਉਚਾਰ ਰਹੇ ਸੰਨ—'ਏਕ ਠੀਕ ਕਦਮ ਜੋ ਬਹੁਤ ਦੇਰ ਸੇ ਲੀਆ ਗਿਆ।' ਉਸ ਵੇਲੇ ਦੇ ਸਿੱਖ ਰਾਸ਼ਟਰਪਤੀ ਨੇ ਵੀ ਇਸ ਹਮਲੇ ਦੀ ਪ੍ਰੋੜ੍ਹਤਾ ਕੀਤੀ। ਭਾਰਤ ਦੇ ਕੇਵਲ ਕੁਝ ਇਕ ਲੀਡਰ ਹੀ ਅਜਿਹੇ ਸਨ ਜਿਨ੍ਹਾਂ ਨੇ ਇਸ ਫ਼ੌਜੀ ਕਾਰਵਾਈ ਦਾ ਵਿਰੋਧ ਕੀਤਾ ਸੀ। (ਉਸ ਅਖੌਤੀ ਸਿੱਖ ਰਾਸ਼ਟਰਪਤੀ ਵਲੋਂ ਜਥੇਦਾਰ ਅਕਾਲ ਤਖ਼ਤ ਨੂੰ ਭੇਜਿਆ ਪੱਤਰ ਅੰਤਿਕਾ ਵਿੱਚ ਹੈ।)

ਜਿਸ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਟੈਂਕਾਂ ਦੇ ਗੋਲਿਆਂ ਨਾਲ ਢਹਿ-ਢੇਰੀ ਕੀਤਾ ਸੀ, ਉਸੇ ਸਰਕਾਰ ਨੇ ਇਸ ਦੁਬਾਰਾ ਉਸਾਰੀ ਕੀਤੀ ਜੋ ਸਿੱਖ ਰਵਾਇਤਾਂ ਦੇ ਵਿਰੁੱਧ ਸੀ। ਜੇਕਰ ਸਰਕਾਰ ਨੂੰ ਕੁਝ ਲੋਕਾਂ ਨੂੰ ਫੜਨ ਲਈ ਸ੍ਰੀ ਅਕਾਲ ਤਖ਼ਤ ਨੂੰ ਢਾਹੁਣ ਦੀ ਮਜਬੂਰੀ ਬਣ ਗਈ ਸੀ ਤਾਂ ਇਸ ਦੀ ਪੁਨਰ-ਉਸਾਰੀ ਲਈ ਤਾਂ ਕੋਈ ਅਜਿਹੀ ਮਜਬੂਰੀ ਨਹੀਂ ਸੀ। ਅਜਿਹਾ ਸਭ ਕੁਝ ਕੀਤੇ ਜਾਣ ਦਾ ਇਕ ਉਦੇਸ਼ ਸੀ, ਸਿੱਖ ਸਵੈ-ਮਾਣ ਅਤੇ ਸਿੱਖ ਰਵਾਇਤਾਂ ਨੂੰ ਤਹਿਸ-ਨਹਿਸ ਕਰਨਾ।

ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਜੂਨ ਦੇ ਦੂਜੇ ਹਫ਼ਤੇ ਸਤਲੁਜ-ਜਮਨਾ

ਲਿੰਕ ਨਹਿਰ ਦੀ ਖੁਦਾਈ ਵੀ ਸ਼ੁਰੂ ਕਰ ਦਿੱਤੀ ਗਈ ਸੀ। ਮੈਂ ਇਥੇ ਇਸ ਨਹਿਰ ਦੇ ਹੱਕ ਜਾਂ ਵਿਰੋਧ ਵਿੱਚ ਗੱਲ ਨਹੀਂ ਕਰ ਰਿਹਾ। ਇਥੇ ਮੇਰਾ ਮਤਲਬ ਇਹ ਹੈ ਕਿ ਜਦੋਂ ਪੰਜਾਬ ਭਰ ਵਿੱਚ ਏਨੀ ਵੱਡੀ ਫ਼ੌਜੀ ਕਾਰਵਾਈ ਅਜੇ ਮੁਕੰਮਲ ਹੀ ਹੋਈ ਹੋਵੇ, ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹੋਣ, ਤਾਂ ਉਸ ਵੇਲੇ ਬੇਲੋੜੀ ਕਾਹਲ ਵਿੱਚ ਇਸ ਨਹਿਰ ਦੀ ਖੁਦਾਈ ਸ਼ੁਰੂ ਕੀਤੇ ਜਾਣਾ ਮਹੱਤਵਪੂਰਨ ਗੱਲ ਹੈ। ਇਹ ਗੱਲ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਸ ਫ਼ੌਜੀ ਕਾਰਵਾਈ ਦਾ ਇਕ ਉਦੇਸ਼ ਇਸ ਨਹਿਰ ਦੇ ਤਿਆਰ ਕਰਨ ਲਈ ਰਾਹ ਸੌਖਾ ਕਰਨਾ ਵੀ ਸੀ।

ਸੰਨ 1984 ਵਿੱਚ ਬਲਿਊ ਸਟਾਰ ਓਪਰੇਸ਼ਨ ਨਾਂ ਦੀ ਫ਼ੌਜੀ ਕਾਰਵਾਈ ਨੂੰ ਕਈ ਰਾਜਨੀਤਕ ਉਦੇਸ਼ਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਇਕ ਸੀ ਸਿੱਖਾਂ ਦੇ ਅਲੱਗ ਰਾਜਨੀਤਕ ਪ੍ਰਵਚਨ, ਜਿਸ ਨੂੰ ਉਸ ਵੇਲੇ ਤੱਕ ਚੋਖੇ ਰੂਪ ਵਿੱਚ ਅਕਾਲੀ ਦਲ ਰੂਪਮਾਨ ਕਰਦਾ ਆ ਰਿਹਾ ਸੀ, ਨੂੰ ਅੱਗੇ ਵਧਣ ਤੋਂ ਰੋਕਣਾ। ਅਜਿਹਾ ਨਿਵੇਕਲਾ ਰਾਜਨੀਤਕ ਪ੍ਰਵਚਨ ਭਾਰਤੀ ਹਾਕਮ ਵਰਗ ਦੇ ਇਕਸਾਰੀਕਰਨ ਵਿਰੁੱਧ ਇਕ ਵੱਡੀ ਰੁਕਾਵਟ ਬਣ ਰਿਹਾ ਸੀ। ਇਸ ਫ਼ੌਜੀ ਕਾਰਵਾਈ ਦਾ ਦੂਜਾ ਮੰਤਵ ਸੀ ਦੇਸ਼ ਦੀ ਹਿੰਦੂ ਬਹੁ-ਗਿਣਤੀ ਦਾ ਕਾਂਗਰਸ ਲਈ ਵੋਟ ਬੈਂਕ ਵਧਾਉਣਾ।

ਤੀਜਾ ਕਾਰਨ ਸੀ ਹਿੰਦੂਤਵ ਨੂੰ ਅਪ੍ਰਤੱਖ ਰੂਪ ਵਿੱਚ ਤਕੜਾ ਕਰਨਾ ਜੋ ਭਾਰਤੀ ਜਨਤਾ ਪਾਰਟੀ ਨੂੰ ਉਸ ਦੇ ਆਪਣੇ ਦ੍ਰਿਸ਼ਟੀਕੋਣ ਤੋਂ ਲਾਭਦਾਇਕ ਸੀ। ਇਸੇ ਕਾਰਨ ਭਾਰਤੀ ਜਨਤਾ ਪਾਰਟੀ ਨੇ ਵੀ ਇਸ ਫ਼ੌਜੀ ਹਮਲੇ ਦੀ ਪੂਰੀ ਹਮਾਇਤ ਕੀਤੀ। ਇਸ ਫ਼ੌਜੀ ਕਾਰਵਾਈ ਪਿੱਛੇ ਚੌਥਾ ਕਾਰਨ ਸੀ ਪੰਜਾਬ ਦੇ ਕੁਦਰਤੀ ਸਾਧਨਾਂ ਬਾਰੇ ਅਕਾਲੀ ਦਲ ਨੂੰ ਉਦਾਸੀਨ ਬਣਾਉਣਾ। ਇਨ੍ਹਾਂ ਉਦੇਸ਼ਾਂ ਦੀ ਕਿੱਥੋਂ ਤੱਕ ਪੂਰਤੀ ਹੋਈ ਇਹ ਇਕ ਅਲੱਗ ਲੇਖ ਦਾ ਵਿਸ਼ਾ ਹੈ।

ਘੱਲੂਘਾਰਾ ਜੂਨ 1984

ਹਾਲਾਤ ਅਣਡਿੱਠੇ ਅਤੇ ਅੱਖੀਂ ਡਿੱਠੇ

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਾਥੀ

(ਸਵ. ਡਾ: ਕੁਲਦੀਪ ਸਿੰਘ ਹੋਰਾਂ ਨੇ ਜੂਨ 1984 ਦੇ ਘੱਲੂਘਾਰੇ ਦੌਰਾਨ ਸਿੰਘਾਂ ਦੀ ਮੋਰਚਾਬੰਦੀ ਅਤੇ ਦਲੇਰਾਨਾ ਮੁਕਾਬਲੇ ਦੀ ਬਹੁਤ ਹੀ ਸੁੰਦਰ ਤਸਵੀਰ ਪੇਸ਼ ਕੀਤੀ ਅਤੇ ਲੇਖ ਪੜ੍ਹਨ ਅਤੇ ਸਲਾਹੁਣਯੋਗ ਹੈ—ਸੰਪਾਦਕ)

ਵੀਹਵੀਂ ਸਦੀ ਵਿੱਚ ਅਨੇਕਾਂ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਪਰ ਕੇਵਲ ਇਕ ਸਾਲ ਭਰ ਦੀ ਯੋਜਨਾਬੱਧ ਤਿਆਰੀ ਉਪਰੰਤ ਦਿੱਤੀਆਂ ਸੰਤ ਭਿੰਡਰਾਂਵਾਲੇ ਅਤੇ ਉਹਨਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਬੇਮਿਸਾਲ ਹਨ। ਕੁੱਲ ਦੁਨੀਆਂ ਇਹ ਵੇਖ ਕੇ ਹੈਰਾਨ ਰਹਿ ਗਈ ਕਿ ਹਰ ਕਿਸਮ ਦੇ ਆਧੁਨਿਕ ਹਥਿਆਰਾਂ ਨਾਲ ਲੈਸ ਇਤਨੀ ਵੱਡੀ ਫ਼ੌਜ ਦਾ ਮੁਕਾਬਲਾ ਇਨ੍ਹਾਂ ਮੁੱਠੀ ਭਰ ਸਿੰਘਾਂ ਨੇ ਪੁਰਾਣੇ ਅਤੇ ਆਮ ਜਿਹੇ ਹਥਿਆਰਾਂ ਨਾਲ ਕਰਨ ਦਾ ਹੀਆ ਕਿਸ ਤਰ੍ਹਾਂ ਕੀਤਾ। ਬਾਕੀ ਦੁਨੀਆਂ ਦੀ ਗੱਲ ਛੱਡੋ, ਕਿਸੇ ਸਿੱਖ ਨੂੰ ਵੀ ਉਮੀਦ ਨਹੀਂ ਸੀ ਕਿ ਸੰਤ ਜੀ ਇਸ ਕਮਾਲ ਦੀ ਬਹਾਦਰੀ ਅਤੇ ਸੈਨਿਕ ਸੂਝ ਦਾ ਪ੍ਰਗਟਾਵਾ ਕਰਨਗੇ।

ਧਰਮ ਯੁੱਧ ਮੋਰਚਾ ਸ਼ੁਰੂ ਕਰਕੇ ਅਕਾਲੀ ਲੀਡਰਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਉਪਰੰਤ ਐਲਾਨ ਕੀਤਾ ਸੀ ਕਿ ਉਹ ਆਪਣੀਆਂ ਮੰਗਾਂ ਮੰਨਵਾਏ ਬਗੈਰ ਮੋਰਚਾ ਨਹੀਂ ਛੱਡਣਗੇ ਅਤੇ ਜਾਨਾਂ ਵਾਰ ਦੇਣਗੇ। ਆਪਣੇ ਸਮੇਤ ਉਹਨਾਂ ਇਕ ਲੱਖ ਮਰਜੀਵੜਿਆਂ ਦੇ ਦਸਤਖ਼ਤ ਅਤੇ ਪ੍ਰਣ-ਪੱਤਰ ਵੀ ਭਰਵਾਏ ਸਨ ਕਿ ਉਹ ਦਰਬਾਰ ਸਾਹਿਬ ਉਪਰ ਹਮਲੇ ਦੀ ਸੂਰਤ ਵਿੱਚ ਆਪਣੀਆਂ ਜਾਨਾਂ ਅਰਪਣ ਕਰਨ ਲਈ ਦਰਬਾਰ ਸਾਹਿਬ ਪਹੁੰਚ ਜਾਣਗੇ। ਇਨ੍ਹਾਂ ਸਭ ਨੂੰ ਯਕੀਨ ਸੀ ਕਿ ਜਿਸ ਤਰ੍ਹਾਂ ਉਹ ਚੁੱਪ-ਚਾਪ ਆਤਮ ਸਮਰਪਣ ਕਰ ਦੇਣਗੇ, ਭਿੰਡਰਾਂਵਾਲੇ ਸੰਤ ਵੀ ਇਹੋ ਕਰਨਗੇ। ਇਨ੍ਹਾਂ ਦੇ ਐਲਾਨ ਉਸ ਕਿਸਮ ਦੇ ਹੀ ਸਨ ਜਿਸ ਤਰ੍ਹਾਂ ਕੁਝ ਸਾਲ ਪਹਿਲਾਂ ਮਰਨ ਵਰਤ ਸ਼ੁਰੂ ਕਰਨ ਅਤੇ ਫਿਰ ਅਕਾਲ ਤਖ਼ਤ ਸਾਹਿਬ ਉਪਰ ਸੜ ਮਰਨ ਦੇ ਢਕਵੰਜ ਰਚੇ ਗਏ ਸਨ। (ਗੱਦਾਰ ਅਕਾਲੀ ਲੀਡਰਸ਼ਿਪ ਦੇ ਇਹਨਾਂ ਢਕਵੰਜਾਂ ਦਾ ਪਾਜ ਖੋਲ੍ਹਦੀ ਸ: ਦਰਸਨ ਸਿੰਘ ਫੇਰੂਮਾਨ ਦੀ ਆਖਰੀ ਵਸੀਅਤ ਅੰਤਿਕਾ ਵਿਚ ਹੈ।)

ਸੰਤ ਜੀ ਦੀ ਲਾਸਾਨੀ ਸ਼ਹੀਦੀ ਤੋਂ ਉਹ ਇਤਨੇ ਈਰਖਾਲੂ ਹੋ ਗਏ ਕਿ ਉਨ੍ਹਾਂ ਨੇ ਸ਼ਹੀਦੀਆਂ ਨੂੰ ਅਪਣਾਇਆ ਹੀ ਨਹੀਂ, ਪੰਥ ਦੇ ਦੋਖੀਆਂ ਅਤੇ ਵਿਰੋਧੀਆਂ ਨੂੰ ਖੁਸ਼ ਕਰਨ ਦੇ ਲਈ ਅਤੇ ਆਪਣੀਆਂ ਕੁਰਸੀਆਂ ਦੇ ਲਈ ਉਹ ਇਸ ਮਹਾਨ ਸ਼ਹੀਦ ਦਾ ਨਾਮ ਵੀ ਨਹੀਂ ਲੈਂਦੇ ਅਤੇ ਜਿਨ੍ਹਾਂ ਮੰਗਾਂ ਲਈ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਸੀ ਅਤੇ

ਜਿਸ ਉਦੇਸ਼ ਲਈ ਸੰਤ ਜੀ ਨੇ ਕੁਰਬਾਨੀ ਦਿੱਤੀ ਸੀ, ਉਹ ਸਾਰਾ ਕੁਝ ਉਹਨਾਂ ਨੇ ਖੂਹ ਖਾਤੇ ਪਾ ਦਿੱਤਾ ਹੈ।

ਦਰਬਾਰ ਸਾਹਿਬ ਉਪਰ ਹਮਲੇ ਨੂੰ ਗੁਰੂ ਉਤੇ ਹਮਲਾ ਸਮਝਣ ਦੀ ਅਤੇ ਇਸ ਦਾ ਡੱਟ ਕੇ ਮੁਕਾਬਲਾ ਕਰਨ ਅਤੇ ਸ਼ਹੀਦ ਹੋਣ ਦੀ ਪ੍ਰੰਪਰਾ ਬਾਬਾ ਦੀਪ ਸਿੰਘ ਜੀ ਨੇ ਸ਼ੁਰੂ ਕੀਤੀ ਸੀ।

ਬਾਬਾ ਦੀਪ ਸਿੰਘ ਜੀ ਸ਼ਹੀਦ

ਬਾਬਾ ਦੀਪ ਸਿੰਘ ਜੀ ਨੇ 1706 ਵਿੱਚ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਫਿਰ ਉਹਨਾਂ ਦਮਦਮਾ ਸਾਹਿਬ ਵਿਖੇ ਗੁਰਬਾਣੀ ਅਰਥਾਂ ਅਤੇ ਗੁਰਮਤਿ ਵਿਚਾਰਧਾਰਾ ਦੇ ਪਰਚਾਰ ਲਈ ਪਰੰਪਰਾ ਚਲਾਈ ਜੋ ਮਗਰੋਂ ਟਕਸਾਲ ਦੇ ਨਾਮ ਨਾਲ ਪ੍ਰਸਿੱਧ ਹੋਈ। ਉਹ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਜਾਣਕਾਰੀ ਦੇਂਦੇ ਸਨ ਅਤੇ ਹੱਥ ਲਿਖਤ ਬੀੜਾਂ ਤਿਆਰ ਕਰਦੇ ਸਨ। 1757 ਈ: ਵਿੱਚ ਉਹਨਾਂ ਨੂੰ ਖ਼ਬਰ ਮਿਲੀ ਕਿ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਹੈ ਅਤੇ ਸਰੋਵਰ ਨੂੰ ਪੂਰ ਦਿੱਤਾ ਹੈ। ਇਸ ਵਕਤ ਉਨ੍ਹਾਂ ਦੀ ਉਮਰ 80 ਸਾਲ ਤੋਂ ਉਪਰ ਸੀ ਪਰ ਉਹਨਾਂ ਇਹ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਅਤੇ ਪਠਾਣਾਂ ਨੂੰ ਦਰਬਾਰ ਸਾਹਿਬ ਵਿੱਚੋਂ ਕੱਢਣ ਅਤੇ ਇਸਦੀ ਮੁੜ ਉਸਾਰੀ ਲਈ ਤੁਰ ਪਏ। ਰਸਤੇ ਵਿੱਚ ਪ੍ਰਚਾਰ ਕਰਦੇ ਆਪਣੇ ਨਾਲ ਸਿੰਘਾਂ ਨੂੰ ਇਕੱਠੇ ਕਰਦੇ ਜਦ ਤਰਨਤਾਰਨ ਪਹੁੰਚੇ ਤਾਂ ਇਨ੍ਹਾਂ ਨਾਲ 5000 ਸਿੰਘ ਸਨ। ਇਨ੍ਹਾਂ ਵਿੱਚ ਜੋਸ਼ ਬਹੁਤ ਸੀ ਪਰ ਹਥਿਆਰ ਕੇਵਲ ਕਿਰਪਾਨਾਂ, ਗੰਡਾਸੇ ਅਤੇ ਬਰਛੇ ਹੀ ਸਨ। ਉਨ੍ਹਾਂ ਨੂੰ ਆਪਣੀ ਕਿਸਮਤ ਦਾ ਪਤਾ ਸੀ ਕਿ ਉਹ ਮੌਤ ਨੂੰ ਵਿਆਹੁਣ ਜਾ ਰਹੇ ਹਨ। ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਦੀ ਵੱਡੀ ਫ਼ੌਜ ਨਾਲ ਪਿੰਡ ਗੋਹਲਵੜ ਬਾਬਾ ਦੀਪ ਸਿੰਘ ਜੀ ਦੇ ਲਸ਼ਕਰ ਨਾਲ ਜਾ ਟਕਰਾਇਆ। ਸਿੰਘਾਂ ਦਾ ਬਹੁਤ ਨੁਕਸਾਨ ਹੋਇਆ ਪਰ ਆਪਣੇ ਮਿੱਥੇ ਟੀਚੇ ਨੂੰ ਪੂਰਾ ਕਰਦੇ ਉਹ ਪਰਕਰਮਾ ਵਿੱਚ ਪਹੁੰਚ ਗਏ। (ਸਿੱਖ ਧਰਮ ਦੇ ਪੁਰਾਤਨ ਸਰੋਤਾਂ ਵਿਚ ਬਾਬਾ ਦੀਪ ਸਿੰਘ ਜੀ ਦੁਆਰਾ ਸੀਸ ਤਲੀ ਉਪਰ ਰੱਖ ਕੇ ਜੂਝਣ ਦਾ ਜ਼ਿਕਰ ਹੈ) ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਸਥਾਨ ਪ੍ਰਕਰਮਾ ਵਿੱਚ ਗੁਰਦੁਆਰਾ ਹੈ। ਸਿੰਘਾਂ ਨੇ ਜਲਦੀ ਹੀ ਦਰਬਾਰ ਸਾਹਿਬ ਦੀ ਉਸਾਰੀ ਕਰ ਲਈ। (ਡਾ: ਗੋਪਾਲ ਸਿੰਘ: **ਏ ਹਿਸਟਰੀ ਆਫ਼ ਦੀ ਸਿੱਖ ਪੀਪਲ**)

ਸ਼ਹੀਦ ਬਾਬਾ ਗੁਰਬਖਸ਼ ਸਿੰਘ

ਅਬਦਾਲੀ ਨੂੰ ਪਤਾ ਲੱਗਾ ਕਿ ਸਿੰਘਾਂ ਨੇ ਆਪਣੀ ਤਾਕਤ ਦੇ ਸੋਮੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਕਰ ਲਈ ਹੈ ਤਾਂ ਉਸ ਨੇ ਫਿਰ ਅੰਮ੍ਰਿਤਸਰ ਵੱਲ ਮਾਰਚ ਕੀਤਾ ਅਤੇ ਸ਼ਹਿਰ ਨੂੰ ਘੇਰਾ ਪਾ ਲਿਆ ਕਿ ਕੋਈ ਸਿੰਘ ਬਚ ਕੇ ਨਾ ਨਿਕਲੇ। ਬਹੁਤ ਸਾਰੇ ਸਿੰਘ

ਅੰਮ੍ਰਿਤਸਰ ਖਾਲੀ ਕਰ ਗਏ ਪਰ ਬਾਬਾ ਗੁਰਬਖਸ਼ ਸਿੰਘ ਦੀ ਕਮਾਨ ਹੇਠ 30 ਸਿੰਘ ਦਰਬਾਰ ਸਾਹਿਬ ਦੀ ਰਖਵਾਲੀ ਲਈ ਮੁਕਾਬਲੇ ਦੀ ਉਡੀਕ ਵਿੱਚ ਬੈਠੇ ਸਨ। ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮੇ ਵਿੱਚ ਅੰਕਿਤ ਹੈ ਕਿ ਖੇਮਕਰਨ ਦੇ ਗੁਰਬਖਸ਼ ਸਿੰਘ ਅਤੇ ਸਾਥੀਆਂ ਨੇ ਕਿਸ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪਾਈਆਂ। ਇਨ੍ਹਾਂ ਦਾ ਸ਼ਹੀਦੀ ਸਥਾਨ ਵੀ ਗੁਰਦੁਆਰੇ ਦੀ ਸ਼ਕਲ ਵਿੱਚ ਅਕਾਲ ਤਖ਼ਤ ਦੇ ਪਿੱਛੇ ਕਾਇਮ ਹੈ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ

ਧਰਮ ਯੁੱਧ ਮੋਰਚਾ ਜਦ ਸ਼ੁਰੂ ਹੋਇਆ ਤਾਂ 1100 ਦੇ ਕਰੀਬ ਸਿੰਘਾਂ ਦੇ ਪਹਿਲੇ ਜਥੇ ਦੀ ਅਗਵਾਈ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ ਅਤੇ ਤਿੰਨ ਮਹੀਨਿਆਂ ਦੇ ਵਿੱਚ ਹੀ 50,000 ਤੋਂ ਵੱਧ ਸਿੰਘਾਂ ਨੇ ਗ੍ਰਿਫ਼ਤਾਰੀ ਦਿੱਤੀ। ਮੋਰਚੇ ਦੀਆਂ ਮੁੱਖ ਮੰਗਾਂ ਵਿੱਚ ਆਨੰਦਪੁਰ ਦਾ ਮਤਾ, ਜਿਸ ਵਿੱਚ ਨਾ ਸਿਰਫ਼ ਪੰਜਾਬ ਬਲਕਿ ਸਾਰੀਆਂ ਸਟੇਟਾਂ ਨੂੰ ਖੁਦਮੁਖ਼ਤਿਆਰੀ ਦੇਣ, ਸਤਲੁਜ ਜਮਨਾ ਲਿੰਕ ਨਹਿਰ ਦੀ ਖੁਦਾਈ ਬੰਦ ਕਰਵਾਉਣੀ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਹੋਰ ਇਲਾਕੇ ਪੰਜਾਬ ਲਈ ਪ੍ਰਾਪਤ ਕਰਨਾ ਵੀ ਸ਼ਾਮਲ ਸਨ। ਦਿੱਲੀ ਸਰਕਾਰ ਕੋਈ ਵੀ ਮੰਗ ਮੰਨਣ ਲਈ ਤਿਆਰ ਨਹੀਂ ਸੀ। ਮੋਰਚਾ ਫ਼ੇਲ੍ਹ ਕਰਨ ਲਈ ਉਹਨਾਂ ਸਾਰੀ ਸਿੱਖ ਕੌਮ ਨੂੰ ਬਦਨਾਮ ਕਰਨਾ ਸ਼ੁਰੂ ਕੀਤਾ। ਆਪਣੇ ਪ੍ਰਚਾਰ ਵਸੀਲਿਆਂ ਰਾਹੀਂ ਉਹਨਾਂ ਵਿਆਪਕ ਤੌਰ 'ਤੇ ਇਹ ਪ੍ਰਭਾਵ ਦਿੱਤਾ ਕਿ ਇਹ ਮੋਰਚਾ ਪੰਜਾਬ ਦੇ ਹਿੰਦੂਆਂ ਦੇ ਖ਼ਿਲਾਫ਼ ਹੈ ਅਤੇ ਇਹ ਸਿੱਖ ਮੁਲਕ ਦੇ ਟੁਕੜੇ ਕਰਨਾ ਲੋਚਦੇ ਹਨ। ਹਿੰਦੂਆਂ ਸਿੱਖਾਂ ਨੂੰ ਲੜਾਉਣ ਹਿੱਤ ਮੋਰਚੇ ਦੇ ਸ਼ੁਰੂ ਵਿੱਚ ਹੀ ਮੰਦਰਾਂ ਵਿੱਚ ਮਰੀਆਂ ਹੋਈਆਂ ਗਾਵਾਂ ਦੇ ਟੁਕੜੇ ਅਤੇ ਸਰੋਵਰਾਂ ਵਿੱਚ ਸਿਗਰਟਾਂ ਸੁਟਵਾਈਆਂ ਗਈਆਂ। ਇਹ ਪ੍ਰਭਾਵ ਦਿੱਤਾ ਗਿਆ ਕਿ ਪੰਜਾਬ ਵਿੱਚ ਹਿੰਦੂਆਂ ਦੀਆਂ ਜਾਨਾਂ ਖ਼ਤਰੇ ਵਿੱਚ ਹਨ ਅਤੇ ਹਿੰਦੂ ਪੰਜਾਬ ਛੱਡ ਕੇ ਬਾਹਰ ਜਾ ਰਹੇ ਹਨ। ਇਸ ਦੇ ਫਲਸਰੂਪ ਜਦ ਮੋਰਚਾ ਡਿਕਟੇਟਰ ਸੰਤ ਲੌਂਗੋਵਾਲ ਨੇ ਕਿਹਾ ਕਿ ਨਵੰਬਰ 1982 ਵਿੱਚ ਏਸ਼ੀਅਨ ਖੇਡਾਂ ਵੇਲੇ ਸਿੱਖ ਦੁਨੀਆਂ ਭਰ ਤੋਂ ਆਏ ਲੋਕਾਂ ਨੂੰ ਦੱਸਣਗੇ ਕਿ ਉਹਨਾਂ ਨਾਲ 1947 ਤੋਂ ਕਿਸ ਤਰ੍ਹਾਂ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ 1947 ਤੋਂ ਪਹਿਲਾਂ ਉਹਨਾਂ ਨਾਲ ਕੀਤੇ ਕੋਈ ਵੀ ਇਕਰਾਰ ਪੂਰੇ ਨਹੀਂ ਕੀਤੇ ਗਏ ਤਾਂ ਇੰਦਰਾ ਗਾਂਧੀ ਨੇ ਭਜਨ ਲਾਲ ਮੁੱਖ ਮੰਤਰੀ ਹਰਿਆਣਾ ਨੂੰ ਸਿੱਖਾਂ ਦਾ ਅਪਮਾਨ ਕਰਨ ਲਈ ਤਿਆਰ ਕੀਤਾ। ਦਿੱਲੀ ਵੱਲ ਜਾਂਦੇ ਹਰ ਸਿੱਖ ਨੂੰ ਰੋਕਿਆ ਗਿਆ। ਭੈੜੀ ਤਰ੍ਹਾਂ ਪੁੱਛ ਪੜਤਾਲ ਕੀਤੀ, ਤਲਾਸ਼ੀ ਲਈ ਗਈ ਅਤੇ ਹਰ ਇਕ ਸਿੱਖ ਨਾਲ ਦੁਰਵਿਹਾਰ ਕੀਤਾ ਗਿਆ। ਉਨ੍ਹਾਂ ਨੇ ਰਹਿ ਚੁੱਕੇ ਕੈਬਨਿਟ ਮਨਿਸਟਰ ਸਵਰਨ ਸਿੰਘ, ਰਿਟਾਇਰਡ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ, ਜਨਰਲ ਜਗਜੀਤ ਸਿੰਘ ਅਰੋੜਾ ਅਤੇ ਆਮ ਸਿੱਖਾਂ ਨਾਲ ਬੜਾ ਭੈੜਾ ਸਲੂਕ ਕੀਤਾ ਤਾਂ ਕਿ ਸਿੱਖਾਂ ਨੂੰ ਦੱਸ ਦਿੱਤਾ ਜਾਏ ਕਿ ਉਹ ਨਾ ਸਿਰਫ਼ ਤੀਜੇ ਦਰਜੇ ਦੇ ਸ਼ਹਿਰੀ ਹਨ ਬਲਕਿ ਇਸ ਮੁਲਕ ਦੇ ਅਣਚਾਹੇ ਸ਼ਹਿਰੀ ਵੀ ਹਨ। ਸਿੱਖਾਂ ਦੀ ਇਸ ਵਿਆਪਕ ਪੈਮਾਨੇ 'ਤੇ ਹੋਈ ਬੇਇੱਜ਼ਤੀ ਵੇਖ ਕੇ ਕੇਂਦਰੀ ਸ਼ਹਿਰੀ ਵੀ ਹਨ। ਸਿੱਖਾਂ ਦੀ ਇਸ ਵਿਆਪਕ ਪੈਮਾਨੇ 'ਤੇ ਹੋਈ ਬੇਇੱਜ਼ਤੀ ਵੇਖ ਕੇ ਕੇਂਦਰੀ ਜਾਂ ਸਟੇਟ ਸਰਕਾਰ ਨੇ, ਹਿੰਦੂ ਬੁੱਧੀਜੀਵੀਆਂ ਨੇ ਅਤੇ ਪ੍ਰੈੱਸ ਨੇ ਕੋਈ ਟਿੱਪਣੀ ਨਹੀਂ ਕੀਤੀ।

ਬਹੁਤੀਆਂ ਅਖ਼ਬਾਰਾਂ ਨੇ ਸਿੱਖਾਂ ਨਾਲ ਹੋਏ ਦੁਰਵਿਹਾਰ ਨੂੰ ਬਲੈਕ ਆਊਟ ਕਰ ਦਿੱਤਾ ਜਿਵੇਂ ਕਿ ਇਹ ਕੋਈ ਖ਼ਾਸ ਗੱਲ ਨਾ ਹੋਵੇ। ਕਿਸੇ ਵੀ ਕਾਂਗਰਸੀ ਸਿੱਖ ਨੇ ਰੋਸ ਵਜੋਂ ਅਸਤੀਫ਼ਾ ਨਾ ਦਿੱਤਾ ਅਤੇ ਰੌਲਾ ਨਹੀਂ ਪਾਇਆ। ਇੰਦਰਾ ਨੂੰ ਯਕੀਨ ਹੋ ਗਿਆ ਕਿ ਕਾਂਗਰਸੀ ਸਿੱਖ ਇਤਨੇ ਡਿੱਗ ਗਏ ਹਨ ਕਿ ਭਾਵੇਂ ਉਹ ਅਕਾਲੀਆਂ ਅਤੇ ਸਿੱਖਾਂ ਨਾਲ ਜਿਤਨਾ ਵੀ ਜ਼ੁਲਮ ਕਰ ਲਵੇ, ਕਾਂਗਰਸੀ ਸਿੱਖ ਬੋਲਣਗੇ ਨਹੀਂ। ਫ਼ਰਵਰੀ 1983 ਵਿਚ ਇੰਦਰਾ ਗਾਂਧੀ ਨੇ ਸਿੱਖਾਂ ਦੀਆਂ ਤਿੰਨ ਧਾਰਮਿਕ ਮੰਗਾਂ— ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ, ਹਵਾਈ ਜਹਾਜ਼ ਵਿੱਚ 4 ਇੰਚ ਕਿਰਪਾਨ ਪਹਿਨਣ ਅਤੇ ਜਲੰਧਰ ਤੋਂ ਗੁਰਬਾਣੀ ਦਾ ਪ੍ਰਸਾਰਨ ਸ਼ੁਰੂ ਕਰਨਾ ਮੰਨ ਕੇ ਬਾਕੀ ਮੰਗਾਂ ਦਾ ਭੋਗ ਪਾ ਦਿੱਤਾ। 4 ਅਪ੍ਰੈਲ, 1983 ਨੂੰ ਸੰਤ ਲੌਂਗੋਵਾਲ ਦੇ ਐਲਾਨ ਅਨੁਸਾਰ ਸਿੱਖਾਂ ਨੇ 'ਰਸਤਾ ਰੋਕੋ' ਪ੍ਰੋਗਰਾਮ ਪੂਰਨ ਸ਼ਾਂਤਮਈ ਤਰੀਕੇ ਨਾਲ ਕੀਤਾ ਪਰ ਬੜੀ ਥਾਈਂ ਪੁਲਿਸ ਨੇ ਲਾਠੀਚਾਰਜ ਕੀਤਾ ਅਤੇ ਗੋਲੀਆਂ ਚਲਾਈਆਂ। ਜਦ ਇਸ ਜ਼ਿਆਦਤੀ ਦਾ ਰੌਲਾ ਪਿਆ ਤਾਂ ਪਹਿਲੀ ਵਾਰ ਵਿਰੋਧੀ ਪਾਰਟੀਆਂ ਦਾ ਇਕ ਡੈਲੀਗੇਸ਼ਨ, ਜਿਸ ਵਿੱਚ ਅਟਲ ਬਿਹਾਰੀ ਵਾਜਪਾਈ ਅਤੇ ਹਰਕਿਸ਼ਨ ਸਿੰਘ ਸੁਰਜੀਤ ਵੀ ਸਨ, ਨੇ ਮਲੇਰਕੋਟਲਾ ਅਤੇ ਕਪੂਰਥਲਾ ਆਪ ਜਾ ਕੇ ਵੇਖਿਆ ਅਤੇ ਪੜਤਾਲ ਕਰਨ ਉਪਰੰਤ ਉਹਨਾਂ ਨੇ ਕਿਹਾ ਕਿ ਪੁਲਿਸ ਦੀਆਂ ਜ਼ਿਆਦਤੀਆਂ ਅਤੇ ਜ਼ੁਲਮ ਦਿਲ ਹਿਲਾ ਦੇਣ ਵਾਲੇ ਸਨ। ਉਨ੍ਹਾਂ ਦੇ ਬਿਆਨ 10 ਅਪ੍ਰੈਲ, 1983 'ਦੀ ਟ੍ਰੀਬਿਊਨ' ਅਤੇ 30 ਅਪ੍ਰੈਲ, 1983 ਦੇ 'ਇੰਡੀਆ ਟੂਡੇ' ਵਿੱਚ ਛਪੇ ਪਰ ਪਬਲਿਕ ਦੇ ਮਨਾਂ 'ਤੇ ਕੋਈ ਅਸਰ ਨਾ ਹੋਇਆ ਕਿ ਸਿੱਖਾਂ ਨਾਲ ਜ਼ੁਲਮ ਹੋ ਰਿਹਾ ਹੈ।

ਪ੍ਰੈਸ ਦਾ ਵਤੀਰਾ ਤੇ ਸੰਤ ਭਿੰਡਰਾਂਵਾਲੇ

ਪੰਜਾਬ ਵਿੱਚ ਵਾਪਰਦੀਆਂ ਸਾਰੀਆਂ ਹਿੰਸਕ ਵਾਰਦਾਤਾਂ ਨੂੰ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸੰਤ ਭਿੰਡਰਾਂਵਾਲਿਆਂ ਨਾਲ ਜੋੜ ਦਿੱਤਾ ਜਾਂਦਾ ਸੀ। ਕੋਈ ਵੀ ਦਿਨ ਖਾਲੀ ਨਹੀਂ ਸੀ ਜਾਂਦਾ ਜਦ ਹਿੰਦੁਸਤਾਨ ਅਤੇ ਸਾਰੀ ਦੁਨੀਆਂ ਦੀਆਂ ਅਖ਼ਬਾਰਾਂ ਅਤੇ ਮੀਡੀਆ ਵਾਲੇ ਸੰਤ ਜੀ ਨਾਲ ਇੰਟਰਵਿਊ ਨਾ ਕਰਦੇ ਪਰ ਸੰਤ ਜੀ ਦਾ ਹਮੇਸ਼ਾ ਇਹ ਗਿਲਾ ਰਹਿੰਦਾ ਸੀ ਕਿ ਜੋ ਉਹ ਬਿਆਨ ਦਿੰਦੇ ਹਨ, ਉਹ ਨਹੀਂ ਛਾਪੇ ਨਹੀਂ ਜਾਂਦੇ ਬਲਕਿ ਜੋ ਉਹ ਨਹੀਂ ਕਹਿੰਦੇ, ਉਨ੍ਹਾਂ ਦੇ ਮੂੰਹ ਵਿੱਚ ਪਾ ਕੇ ਛਾਪ ਦਿੱਤਾ ਜਾਂਦਾ ਹੈ। ਹਿੰਦੁਸਤਾਨ ਪ੍ਰੈਸ ਅਤੇ ਮੀਡੀਆ ਨੇ ਨਾ ਸਿਰਫ ਸੰਤ ਜੀ ਨੂੰ ਬਲਕਿ ਸਾਰੇ ਸਿੱਖ ਪੰਥ ਨੂੰ ਬਦਨਾਮ ਕੀਤਾ।

ਸੰਤ ਜੀ ਦੀ ਤਿਆਰੀ

ਸੰਤ ਜੀ ਦੀ ਇਕ ਮਸ਼ਹੂਰ ਟੇਪ ਅਤੇ ਵੀਡੀਓ ਆਮ ਵਿਕਦਾ ਹੈ ਜਿਸ ਵਿੱਚ ਸੰਤ ਜੀ ਦੀ ਉਹ ਤਕਰੀਰ ਦਰਜ ਹੈ ਜਿਹੜੀ ਉਨ੍ਹਾਂ ਮੰਜੀ ਸਾਹਿਬ ਦੇ ਸਥਾਨ 'ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਲਾਨਾ ਸਮਾਗਮ ਵਿਖੇ ਸਤੰਬਰ/ਅਕਤੂਬਰ 1983 ਨੂੰ ਕੀਤੀ।

ਇਸ ਲੰਮੀ ਤਕਰੀਰ ਵਿੱਚ ਸੰਤ ਜੀ ਨੇ ਤਿੰਨ ਬੜੀਆਂ ਸਪੱਸ਼ਟ ਗੱਲਾਂ ਕੀਤੀਆਂ ਜਿਨ੍ਹਾਂ ਤੋਂ ਉਨ੍ਹਾਂ ਦੀ ਸੱਚਾਈ, ਦੂਰ ਦੀ ਸੋਚ ਅਤੇ ਕੁਰਬਾਨੀ ਦਾ ਜਜ਼ਬਾ ਸਾਫ਼ ਦਿਸਦਾ ਹੈ:

- ਸੰਤ ਜੀ ਨੇ ਹੋਰ ਲੀਡਰਾਂ ਨਾਲ ਮਿਲ ਕੇ ਅਗਸਤ 1982 ਵਿੱਚ ਅਕਾਲ ਤਖ਼ਤ ਸਾਹਿਬ ਉਪਰ ਅਰਦਾਸ ਕੀਤੀ ਸੀ ਅਤੇ ਪ੍ਰਣ ਲਿਆ ਸੀ ਕਿ ਸ਼ਾਂਤਮਈ ਧਰਮ ਯੁੱਧ ਮੋਰਚਾ ਉਦੋਂ ਤੱਕ ਜਾਰੀ ਰਹੇਗਾ ਜਦ ਤਕ ਕਿ ਉਨ੍ਹਾਂ ਦੀਆਂ ਮੰਗਾਂ, ਖਾਸ ਤੌਰ 'ਤੇ ਅਨੰਦਪੁਰ ਸਾਹਿਬ ਦੇ ਮਤੇ ਵਿੱਚ ਦਰਜ ਮੰਗਾਂ ਨਹੀਂ ਮੰਨ ਲਈਆਂ ਜਾਂਦੀਆਂ। ਸੰਤ ਜੀ ਇਨ੍ਹਾਂ ਮੰਗਾਂ ਬਾਰੇ ਕੋਈ ਸਮਝੌਤਾ ਨਹੀਂ ਕਰਨਗੇ ਭਾਵੇਂ ਜਾਨ ਕਿਉਂ ਨਾ ਦੇਣੀ ਪਵੇ।
- ਉਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਇੰਦਰਾ ਮੰਗਾਂ ਪ੍ਰਵਾਨ ਨਹੀਂ ਕਰੇਗੀ ਅਤੇ ਅਕਾਲੀਆਂ ਨੂੰ ਗੱਲਬਾਤ ਵਿੱਚ ਉਲਝਾਈ ਰੱਖੇਗੀ ਅਤੇ ਅਖ਼ੀਰ ਨੂੰ ਫ਼ੌਜ ਨੂੰ ਇਸ ਮੰਤਵ ਲਈ ਦਰਬਾਰ ਸਾਹਿਬ ਵਿੱਚ ਭੇਜੇਗੀ ਕਿ ਸਿੱਖ ਨਾ ਕੇਵਲ ਸਗੀਰਕ ਤੌਰ 'ਤੇ ਆਤਮ ਸਮਰਪਣ ਕਰਨ ਸਗੋਂ ਆਪਣੀਆਂ ਮੰਗਾਂ ਵੀ ਛੱਡ ਦੇਣ।
- ਉਨ੍ਹਾਂ ਨੇ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਕਿ ਉਹ ਪੂਰੀ ਤਾਕਤ ਨਾਲ ਫ਼ੌਜ ਦੇ ਦਰਬਾਰ ਸਾਹਿਬ ਅੰਦਰ ਦਾਖ਼ਲੇ ਨੂੰ ਰੋਕਣਗੇ ਅਤੇ ਸਿੱਖੀ ਦੀਆਂ ਸ਼ਾਨਦਾਰ ਰਵਾਇਤਾਂ ਅਨੁਸਾਰ ਹੀ ਇਸ ਸੰਕਟ ਦਾ ਮੁਕਾਬਲਾ ਕਰਨਗੇ। ਉਨ੍ਹਾਂ ਨੇ ਸਾਫ਼ ਅਤੇ ਜ਼ੋਰਦਾਰ ਸ਼ਬਦਾਂ ਰਾਹੀਂ ਕਿਹਾ ਕਿ ਉਹ ਆਪ ਅਤੇ ਉਹਨਾਂ ਦੇ ਸਾਥੀ ਸੂਰਮਗਤੀ ਨਾਲ ਲੜਨਗੇ ਅਤੇ ਜ਼ਾਮੇ-ਸ਼ਹਾਦਤ ਪੀਣ ਤੋਂ ਪਹਿਲਾਂ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲੇ ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ ਲਾ ਦੇਣਗੇ ਪਰ ਉਹ ਕਦੀ ਵੀ ਆਤਮ ਸਮਰਪਣ ਨਹੀਂ ਕਰਨਗੇ।

ਕਈਆਂ ਨੇ ਤਾਂ ਇਸ ਨੂੰ ਸੰਤ ਜੀ ਦਾ ਫੋਕਾ ਦਮਗਜਾ ਅਤੇ ਸਿਆਸੀ ਚਾਲ ਹੀ ਸਮਝਿਆ। ਡਾਕਟਰ ਗੁਰਦਰਸ਼ਨ ਸਿੰਘ ਜੀ ਨੇ ਮੈਨੂੰ ਸੰਤਾਂ ਬਾਰੇ ਦੱਸਿਆ ਸੀ ਕਿ ਉਹ ਬਹੁਤ ਹੀ ਤੀਖਣ ਬੁੱਧੀ ਦੇ ਮਾਲਕ ਹਨ, ਉਨ੍ਹਾਂ ਦੀ ਯਾਦ-ਸ਼ਕਤੀ ਕਮਾਲ ਦੀ ਹੈ ਅਤੇ ਉਹ ਪੂਰੇ ਇਮਾਨਦਾਰ ਹਨ। ਮੈਨੂੰ ਯਕੀਨ ਹੋ ਗਿਆ ਕਿ ਇਹ ਬਿਆਨ ਸੰਤ ਜੀ ਨੇ ਆਪਣੀ ਪੂਰੀ ਤਿਆਰੀ ਉਪਰੰਤ ਹੀ ਦਿੱਤਾ ਹੋਣਾ ਹੈ ਜਿਸ ਬਾਰੇ ਕਿਸੇ ਨੂੰ ਵੀ ਕੋਈ ਸੰਕੇਤ ਨਹੀਂ।

ਸੰਤ ਜੀ ਵੱਲੋਂ ਫ਼ੌਜ ਦਾ ਮੁਕਾਬਲਾ ਕਰਨ ਦੀ ਤਿਆਰੀ ਦਾ ਵਿਸਥਾਰ

1984 ਵਿੱਚ ਤਾਂ ਹਰ ਰੋਜ਼ ਅਖ਼ਬਾਰਾਂ ਵਾਲੇ, ਖ਼ਬਰ ਏਜੰਸੀਆਂ ਵਾਲੇ, ਸ਼ਰਧਾਲੂ, ਨੁਕਤਾਚੀਨ ਅਤੇ ਦੁਨੀਆਂ ਦੀਆਂ ਖੁਫੀਆ ਏਜੰਸੀਆਂ ਦੇ ਬੰਦੇ, ਦਰਬਾਰ ਸਾਹਿਬ ਸਮੂਹ ਵਿੱਚ ਚੱਕਰ ਲਗਾਉਂਦੇ ਸਨ। ਕਿਸੇ ਨੇ ਵੀ ਇਹ ਖ਼ਬਰ ਨਹੀਂ ਦਿੱਤੀ ਕਿ ਦਰਬਾਰ ਸਾਹਿਬ ਸਮੂਹ ਵਿੱਚ ਕਿਸੇ ਜਗ੍ਹਾ ਜਾਣ ਦੀ ਕੋਈ ਰੋਕ ਹੈ ਅਤੇ ਉਹਨਾਂ ਹਥਿਆਰਾਂ ਦੇ ਭੰਡਾਰ ਵੇਖੇ ਹਨ ਜਾਂ ਮੋਰਚਾਬੰਦੀ ਵੇਖੀ ਹੈ। 1984 ਵਿੱਚ ਦਰਬਾਰ ਸਾਹਿਬ ਦੇ ਬਾਹਰ ਆਸੇ ਪਾਸੇ ਦੇ ਘਰਾਂ ਉਪਰ, ਪੁਲਿਸ, ਸੀ.ਆਰ.ਪੀ.ਐਫ, ਬੀ.ਐਸ.ਐਫ. ਅਤੇ ਪਿੱਛੋਂ ਫ਼ੌਜੀਆਂ

ਦੇ ਮੋਰਚੇ ਤਾਂ ਬੜਿਆਂ ਨੇ ਵੇਖੇ ਅਤੇ ਇਹਨਾਂ ਦੀਆਂ ਤਸਵੀਰਾਂ ਵੀ ਛਪੀਆਂ। ਸੰਤ ਜਰਨੈਲ ਸਿੰਘ ਜੀ ਦੇ ਜਥੇ ਦੇ ਜਵਾਨਾਂ ਕੋਲ ਸਰੀਰਕ ਹਥਿਆਰ ਤਾਂ ਮੋਰਚੇ ਦੇ ਸ਼ੁਰੂ ਵਿੱਚ ਹੀ ਸਭ ਵੇਖਦੇ ਆ ਰਹੇ ਸਨ। ਪਹਿਲੀ ਜੂਨ 1984 ਨੂੰ ਪੁਲਿਸ, ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਨੇ ਸਾਰਾ ਦਿਨ ਹਜ਼ਾਰਾਂ ਗੋਲੀਆਂ ਦਰਬਾਰ ਸਾਹਿਬ ਸਮੂਹ 'ਤੇ ਚਲਾਈਆਂ ਜਿਨ੍ਹਾਂ ਕਾਰਨ ਪਰਕਰਮਾ ਵਿੱਚ ਅੱਠ ਸ਼ਰਧਾਲੂ ਮਾਰੇ ਗਏ ਅਤੇ ਦਰਬਾਰ ਸਾਹਿਬ ਦੀਆਂ ਤਿੰਨ ਕੰਧਾਂ ਉਪਰ 36 ਗੋਲੀਆਂ ਲੱਗੀਆਂ। ਅੰਦਰੋਂ ਇਕ ਵੀ ਜਵਾਬੀ ਗੋਲੀ ਨਹੀਂ ਚੱਲੀ। ਉਸੇ ਦਿਨ ਸੰਤ ਲੌਂਗੋਵਾਲ ਨੇ ਅਪੀਲ ਕੀਤੀ ਕਿ ਜਿਨ੍ਹਾਂ ਇਕ ਲੱਖ ਮਰਜੀਵੜਿਆਂ ਨੇ ਦਰਬਾਰ ਸਾਹਿਬ ਉਪਰ ਹਮਲੇ ਦੀ ਸੂਰਤ ਵਿੱਚ ਜਾਨਾਂ ਦੇ ਦੇਣ ਲਈ ਪ੍ਰਣ ਪੱਤਰ ਭਰੇ ਸਨ, ਉਹ ਪਹੁੰਚ ਜਾਣ। 3 ਜੂਨ, 1984 ਨੂੰ ਪੰਜਾਬ ਵਿੱਚ ਕਰਫਿਊ ਲਗਾ ਦਿੱਤਾ ਗਿਆ ਅਤੇ ਪੰਜਾਬ ਦਾ ਹਰ ਕਿਸਮ ਦਾ ਸੰਪਰਕ ਦੁਨੀਆਂ ਨਾਲੋਂ ਕੱਟ ਦਿੱਤਾ ਗਿਆ। 7 ਜੂਨ ਰਾਤ ਨੂੰ ਦੂਰਦਰਸ਼ਨ ਸਮਾਚਾਰ ਵਿੱਚ ਇਕ ਫ਼ੌਜੀ ਅਫ਼ਸਰ ਨੇ ਕਿਹਾ, "ਉਹ ਸਾਰੇ (ਸਿੱਖ) ਲੜਦੇ ਹੋਏ ਮਾਰੇ ਗਏ ਅਤੇ ਉਹਨਾਂ ਵਿੱਚੋਂ ਕਿਸੇ ਨੇ ਵੀ ਆਤਮ ਸਮਰਪਣ ਨਹੀਂ ਕੀਤਾ।" ਇੱਕ ਸੱਚੇ ਸਿੱਖ ਵਾਂਗ ਸੰਤ ਭਿੰਡਰਾਂਵਾਲੇ ਨੇ ਆਪਣਾ ਬਚਨ ਨਿਭਾਇਆ।

ਮੈਨੂੰ ਮਈ 1984 ਵਿੱਚ ਇਕ ਬਾਬਾ ਜੀ (ਜਿਨ੍ਹਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਬੇਨਤੀ ਕੀਤੀ ਸੀ) ਕੋਲੋਂ ਸੰਤ ਜੀ ਦੀ ਤਿਆਰੀ ਦਾ ਵਿਸਥਾਰ ਮਿਲਿਆ। ਬਾਬਾ ਜੀ 27 ਮਈ, 1984 ਨੂੰ ਸੰਤ ਭਿੰਡਰਾਂਵਾਲਿਆਂ ਨੂੰ ਮਿਲੇ ਸਨ। ਮੀਟਿੰਗ ਦੇ ਪਿਛੋਕੜ ਅਤੇ ਵਾਧੂ ਗੱਲਾਂ ਨੂੰ ਛੱਡਦੇ ਹੋਏ, ਬਾਬਾ ਜੀ ਨੂੰ ਸੰਤ ਜੀ ਨੇ ਦੱਸਿਆ ਕਿ ਇਮਤਿਹਾਨ ਦੀ ਘੜੀ ਆਣ ਪਹੁੰਚੀ ਹੈ। ਸੰਤ ਜੀ ਨੇ ਮੰਨਿਆ ਕਿ ਉਹਨਾਂ ਨੂੰ ਫ਼ੌਜੀ ਹਮਲੇ ਦਾ ਅਨੁਭਵ ਮਾਰਚ 1983 ਵਿੱਚ ਹੋ ਗਿਆ ਸੀ। ਉਹਨਾਂ ਇਹੋ ਜਿਹੀ ਸਥਿਤੀ ਦਾ ਮੁਕਾਬਲਾ ਕਰਨ ਲਈ ਇਹੋ ਜਿਹੇ ਸਿੰਘਾਂ ਦੀ ਭਾਲ ਸ਼ੁਰੂ ਕਰ ਦਿੱਤੀ ਜਿਹੜੇ ਲੜਦੇ-ਲੜਦੇ ਸ਼ਹੀਦ ਹੋਣ ਨੂੰ ਤਿਆਰ ਹੋਣ। ਸੰਤ ਜੀ ਛੇਤੀ ਇਸ ਨਤੀਜੇ 'ਤੇ ਪਹੁੰਚ ਗਏ ਕਿ ਉਨ੍ਹਾਂ ਨੂੰ ਕੁਰਬਾਨੀ ਦੇ ਜਜ਼ਬੇ ਨਾਲ ਗੜੁੱਚ ਸਿੱਖ ਨੌਜਵਾਨਾਂ ਦੀ ਲੋੜ ਹੈ। ਜਦ ਵੀ ਕੋਈ ਸਿੰਘ ਇਸ ਤਰ੍ਹਾਂ ਕੁਰਬਾਨ ਹੋਣ ਲਈ ਤਿਆਰ ਹੁੰਦਾ ਸੀ ਤਾਂ ਸੰਤ ਜੀ ਉਸ ਨੂੰ ਆਪਣੇ ਪਰਿਵਾਰ ਦੀ ਸਹਿਮਤੀ ਲੈਣ ਉਪਰੰਤ ਆਉਣ ਨੂੰ ਕਹਿੰਦੇ ਸਨ। ਸੰਤ ਜੀ ਨੇ ਦੱਸਿਆ ਕਿ ਅਜੇ ਇਸ ਜਥੇ ਵਿੱਚ ਕੇਵਲ ਗਿਣਤੀ ਦੇ ਸਿੰਘ ਹਨ ਪਰ ਕਿਸੇ ਇਕ ਨੂੰ ਵੀ ਨਹੀਂ ਸੀ ਪਤਾ ਉਹ ਕਿਤਨੇ ਹਨ। ਇਕ ਇਕ ਮੋਰਚੇ 'ਤੇ ਦੋ-ਦੋ ਜਾਂ ਇਸ ਤੋਂ ਵੱਧ ਸਿੰਘ ਹੋਣਗੇ ਪਰ ਕਿਸੇ ਨੂੰ ਆਪਣੇ ਸਾਥੀ ਦਾ ਅਜੇ ਨਹੀਂ ਸੀ ਪਤਾ ਕਿ ਜੰਗ ਦੌਰਾਨ ਉਸ ਦਾ ਸਾਥੀ ਕਿਹੜਾ ਸਿੰਘ ਹੋਵੇਗਾ, ਇਹ ਤਾਂ ਮੌਕੇ ਉਪਰ ਜਨਰਲ ਸ਼ੁਬੇਗ ਸਿੰਘ ਤਹਿ ਕਰਨਗੇ। ਕੇਵਲ ਆਪਣੀ ਜਗ੍ਹਾ ਦਾ ਪਤਾ ਸੀ ਕਿ ਕਿਹੜਾ ਮੋਰਚਾ ਉਸ ਨੇ ਸੰਭਾਲਣਾ ਹੈ। ਜਦੋਂ ਤੋਂ ਜਨਰਲ ਸ਼ੁਬੇਗ ਸਿੰਘ ਇਨ੍ਹਾਂ ਨਾਲ ਸ਼ਹੀਦ ਹੋਣ ਲਈ ਤਿਆਰ ਹੋ ਗਏ ਤਾਂ ਉਹਨਾਂ ਦਾ ਹੌਸਲਾ ਬਹੁਤ ਵੱਧ ਗਿਆ ਕਿ ਹੁਣ ਉਹ ਚੰਗੀ ਵਿਉਂਤਬੰਦੀ ਨਾਲ ਮੁਕਾਬਲਾ ਕਰਨਗੇ। ਬਾਬਾ ਜੀ ਦੇ ਬਹੁਤ ਕਹਿਣ 'ਤੇ ਉਹਨਾਂ 4-5 ਸਿੰਘਾਂ ਦੀ ਝਲਕ ਵਿਖਾਈ। ਇਸ ਉਪਰੰਤ ਬਾਬਾ ਜੀ ਨੇ ਉਹ ਹਥਿਆਰ ਵੀ ਵੇਖਣੇ ਚਾਹੇ ਜਿਨ੍ਹਾਂ ਨਾਲ ਸਿੰਘਾਂ ਨੇ ਫ਼ੌਜ ਦਾ ਮੁਕਾਬਲਾ

ਕਰਨਾ ਸੀ। ਇਹਨਾਂ ਹਥਿਆਰਾਂ ਵਿੱਚ ਜ਼ਿਆਦਾਤਰ ਬਾਰਾਂ ਬੋਰ ਦੀਆਂ ਗੰਨਾਂ ਅਤੇ ਥ੍ਰੀ ਨਟ ਥ੍ਰੀ ਦੀਆਂ ਰਾਈਫ਼ਲਾਂ ਹੀ ਸਨ। ਬਾਬਾ ਜੀ ਨੂੰ ਬੜੀ ਹੈਰਾਨੀ ਹੋਈ ਕਿ ਸੰਤ ਜੀ ਇਤਨੀ ਵੱਡੀ ਆਧੁਨਿਕ ਹਥਿਆਰਾਂ ਵਾਲੀ ਫ਼ੌਜ ਦਾ ਮੁਕਾਬਲਾ ਇੰਨੇ ਪੁਰਾਣੇ ਜ਼ਮਾਨੇ ਦੀਆਂ ਰਫ਼ਲਾਂ ਨਾਲ ਕਰਨਗੇ? ਸੰਤ ਜੀ ਨੇ ਜਵਾਬ ਦਿੱਤਾ ਕਿ ਇਹ ਰਫ਼ਲਾਂ ਉਨ੍ਹਾਂ ਦੇ ਸਿੰਘਾਂ ਲਈ ਸਭ ਤੋਂ ਵਧੀਆ ਹਥਿਆਰ ਹਨ ਕਿਉਂਕਿ ਇਨ੍ਹਾਂ ਨੂੰ ਚਲਾਉਣ ਦਾ ਇਨ੍ਹਾਂ ਸਿੰਘਾਂ ਨੂੰ ਪੂਰਾ ਅਭਿਆਸ ਹੈ ਅਤੇ ਇਕ ਚੰਗਾ ਨਿਸ਼ਾਨਚੀ 100 ਗਜ਼ ਤੋਂ ਵੱਧ ਤੱਕ ਮਾਰ ਕਰ ਸਕਦਾ ਹੈ। ਸੰਤ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਜਦ ਤੋਂ ਆਪਣੇ ਸਿੰਘਾਂ ਦਾ ਹੌਸਲਾ ਅਤੇ ਉਤਸ਼ਾਹ ਵੇਖਿਆ ਹੈ ਉਦੋਂ ਤੋਂ ਹੀ ਫ਼ੌਜ ਦਾ ਮੁਕਾਬਲਾ ਕਰਨ ਸੰਬੰਧੀ ਭਰੋਸੇ ਨਾਲ ਬੋਲਣਾ ਸ਼ੁਰੂ ਕੀਤਾ ਹੈ। ਸੰਤ ਜੀ ਨੇ ਦੱਸਿਆ ਕਿ ਉਹ ਗੁਰੂ ਖ਼ਾਲਸੇ ਦੀ ਅਣਖ ਅਤੇ ਆਣ ਲਈ ਹੀ ਲੜ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਸੀ ਕਿ ਫ਼ੌਜ ਨਾਲ ਮੁਕਾਬਲਾ ਕਰਦੇ ਸਮੇਂ ਵਿਖਾਏ ਜਾਣ ਵਾਲੇ ਕ੍ਰਿਸ਼ਮਿਆਂ ਨੂੰ ਲੋਕ ਨਾ ਕੇਵਲ ਫ਼ਖਰ ਨਾਲ ਯਾਦ ਕਰਨਗੇ ਸਗੋਂ ਸਾਰੀ ਦੁਨੀਆਂ ਖ਼ਾਲਸੇ ਦੇ ਕਾਰਨਾਮਿਆਂ ਨੂੰ ਵੇਖ ਅਤੇ ਸੁਣ ਕੇ ਹੈਰਾਨ ਰਹਿ ਜਾਵੇਗੀ। ਸੰਤ ਜੀ ਨੇ ਮੁੜ ਦੁਹਰਾਇਆ ਕਿ ਸੀ.ਆਈ.ਡੀ. ਖੁਫੀਆ (ਸੂਹੀਆ) ਏਜੰਸੀਆਂ ਦੇ ਆਦਮੀ ਅਤੇ ਆਮ ਜਨਤਾ ਅਤੇ ਮੀਡੀਏ ਵਾਲੇ ਕਿਸੇ ਵੀ ਸਮੇਂ ਦਰਬਾਰ ਸਾਹਿਬ ਸਮੂਹ ਦੇ ਕਿਸੇ ਵੀ ਹਿੱਸੇ ਵਿੱਚ ਆ ਜਾ ਸਕਦੇ ਹਨ ਪਰ ਕਿਸੇ ਨੇ ਵੀ ਕੋਈ ਮੋਰਚਾਬੰਦੀ ਨਾ ਵੇਖੀ ਹੈ, ਨਾ ਇਸ ਬਾਰੇ ਅਖ਼ਬਾਰਾਂ ਵਿੱਚ ਲਿਖਿਆ ਹੈ, ਕਿਉਂਕਿ ਕੋਈ ਮੋਰਚਾਬੰਦੀ ਹੈ ਹੀ ਨਹੀਂ ਸੀ। ਜਨਰਲ ਸ਼ੁਬੇਗ ਸਿੰਘ ਨੇ ਹਰ ਸਿੰਘ ਨੂੰ ਵੱਖਰਿਆਂ ਵੱਖਰਿਆਂ ਵਿਸਥਾਰ ਨਾਲ ਉਸ ਦੀ ਡਿਊਟੀ ਸਮਝਾਈ ਹੋਈ ਸੀ ਅਤੇ ਇਸ਼ਾਰਾ ਪਾ ਕੇ ਹਰ ਇਕ ਨੇ ਪਲਾਂ ਵਿੱਚ ਹੀ ਡਟ ਜਾਣਾ ਹੈ। ਬਾਬਾ ਜੀ ਨੇ ਦੱਸਿਆ ਕਿ ਉਹ ਇਸ ਵਿਸ਼ਵਾਸ ਨਾਲ ਵਾਪਸ ਪਰਤੇ ਕਿ ਸੰਤ ਭਿੰਡਰਾਂਵਾਲੇ ਆਪਣੇ ਇਕ-ਇਕ ਅੱਖਰ 'ਤੇ ਪੂਰਾ ਉਤਰਨਗੇ।

ਘੱਲੂਘਾਰਾ ਨੀਲਾ ਤਾਰਾ ਵਿੱਚ ਫ਼ੌਜ ਦਾ ਮੁਕਾਬਲਾ

ਜਨਰਲ ਕੇ.ਐਸ. ਬਰਾੜ (ਮੋਨਾ ਸਿੱਖ) ਜਿਸ ਨੂੰ ਦਰਬਾਰ ਸਾਹਿਬ ਉਪਰ ਹਮਲੇ ਕਰਨ ਵਾਲੀ ਫ਼ੌਜ ਦਾ ਕਮਾਂਡਰ ਥਾਪਿਆ ਹੋਇਆ ਸੀ, ਨੂੰ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਾਰੇ 'ਸ਼ੈਤਾਨ' ਦੋ ਘੰਟਿਆਂ ਵਿੱਚ ਗੋਡੇ ਟੇਕ ਦੇਣਗੇ। ਸ: ਗੁਰਦੇਵ ਸਿੰਘ ਡੀ.ਸੀ. ਅੰਮ੍ਰਿਤਸਰ ਨੂੰ ਆਪਣਾ ਇਹ ਵਿਚਾਰ ਦੱਸਿਆ। ਸ: ਗੁਰਦੇਵ ਸਿੰਘ ਨੇ ਜਦ ਕਿਹਾ ਕਿ ਭਿੰਡਰਾਂਵਾਲਾ ਆਤਮ ਸਮਰਪਣ ਨਹੀਂ ਕਰੇਗਾ ਤਾਂ ਜਨਰਲ ਨੇ ਕਿਹਾ ਕਿ ਜਦ ਟੈਂਕਾਂ ਦੇ ਚੱਲਣ ਦੀ ਖੜਖੜ ਹੁੰਦੀ ਹੈ, ਹਵਾਈ ਜਹਾਜ਼ ਗਰਜਦੇ ਹਨ ਅਤੇ ਤੋਪਾਂ ਚੱਲਦੀਆਂ ਹਨ ਤਾਂ ਵੱਡੇ-ਵੱਡੇ ਜਰਨੈਲ ਵੀ ਕੰਬ ਜਾਂਦੇ ਹਨ ਤੇ ਉਹ ਉਨ੍ਹਾਂ ਸਾਰਿਆਂ ਨੂੰ ਬੜੀ ਆਸਾਨੀ ਨਾਲ ਫੜ ਸਕਦੇ ਹਨ। ਸਰਦਾਰ ਗੁਰਦੇਵ ਸਿੰਘ ਨੇ ਜਵਾਬ ਵਿੱਚ ਕਿਹਾ ਕਿ ਸਰਕਾਰ ਦੀਆਂ ਛੋਟੀਆਂ ਮੋਟੀਆਂ ਜ਼ਿਆਦਤੀਆਂ ਵਕਤ ਨਾਲ ਜਨਤਾ ਭੁਲਾ ਸਕਦੀ ਹੈ, ਪਰ ਦਰਬਾਰ ਸਾਹਿਬ ਉਤੇ ਹਮਲਾ ਇਤਨੀ ਵੱਡੀ ਭੁੱਲ ਹੋਵੇਗੀ ਜਿਸ ਨੂੰ ਸਿੱਖ ਮਾਨਸਿਕਤਾ

ਸਦੀਆਂ ਤੱਕ ਵੀ ਨਹੀਂ ਭੁੱਲੇਗੀ (**ਦੀ ਸਿੱਖ ਅਰਨੈਸਟ ਐਂਡ ਦੀ ਇੰਡੀਅਨ ਸਟੇਟ**, ਰਾਮ ਨਰਾਇਣ ਕੁਮਾਰ, 1997, ਪੰਨਾ 180-183)

ਸਰਕਾਰ ਅਤੇ ਫ਼ੌਜ ਦਾ ਅਨੁਮਾਨ ਬਿਲਕੁਲ ਗਲਤ ਨਿਕਲਿਆ ਅਤੇ ਤਿੰਨ ਦਿਨਾਂ ਦੇ ਘਮਸਾਨ ਯੁੱਧ ਵਿੱਚ ਫ਼ੌਜ ਦਾ ਬਹੁਤ ਨੁਕਸਾਨ ਹੋਇਆ। ਰਾਜੀਵ ਗਾਂਧੀ ਨੇ ਆਪਣੀ ਇਕ ਤਕਰੀਰ ਵਿੱਚ 700 ਤੋਂ 1200 ਫ਼ੌਜੀਆਂ ਦੀਆਂ ਜਾਨਾਂ ਜਾਣ (ਨੁਕਸਾਨ) ਦਾ ਜ਼ਿਕਰ ਕੀਤਾ ਸੀ। ਫ਼ੌਜੀਆਂ ਨੇ ਘੱਲੂਘਾਰੇ ਤੋਂ ਇਕ ਦਮ ਬਾਅਦ ਰੌਲਾ ਪਾਇਆ ਕਿ ਸਿਵਲ ਅਧਿਕਾਰੀਆਂ ਨੇ ਉਹਨਾਂ ਨੂੰ ਦਰਬਾਰ ਸਾਹਿਬ ਦੇ ਅੰਦਰ ਦੀ ਪੂਰੀ ਜਾਣਕਾਰੀ ਨਹੀਂ ਦਿੱਤੀ ਸੀ। 31 ਜੁਲਾਈ, 1984 ਦੇ 'ਇੰਡੀਆ ਟੂਡੇ' ਵਿੱਚ ਅਮਰੀਕ ਸਿੰਘ ਪੂਨੀ ਹੋਮ ਸੈਕਟਰੀ, ਪੰਜਾਬ ਅਤੇ ਪੰਜਾਬ ਦੇ ਹੋਰ ਉਚ ਅਧਿਕਾਰੀਆਂ ਨੇ ਸਾਫ਼ ਕਿਹਾ ਕਿ ਪੰਜਾਬ ਨੇ ਹਰ ਇਕ ਜਾਣਕਾਰੀ ਵਿਸਥਾਰ ਪੂਰਵਕ ਦੱਸੀ ਸੀ ਅਤੇ ਉਹਨਾਂ ਨੇ ਫ਼ੌਜੀਆਂ ਨੂੰ ਚੈਲੰਜ ਕੀਤਾ ਸੀ ਕਿ ਉਹ ਦੱਸਣ ਕਿ ਉਹਨਾਂ ਨੂੰ ਕਿਹੜੀ ਨਵੀਂ ਗੱਲ ਦਾ ਪਤਾ ਘੱਲੂਘਾਰਾ ਨੀਲਾ ਤਾਰਾ ਦੌਰਾਨ ਲੱਗਿਆ ਜਿਸ ਦੀ ਉਹਨਾਂ ਨੂੰ ਪਹਿਲਾਂ ਜਾਣਕਾਰੀ ਨਹੀਂ ਸੀ ਦਿੱਤੀ ਗਈ। ਉਹਨਾਂ ਨੇ ਇਹ ਵੀ ਬਿਆਨ ਦਿੱਤਾ ਕਿ ਸੰਤ ਜਰਨੈਲ ਸਿੰਘ ਦੀਆਂ ਆਪਣੇ ਨਿਜੀ ਸਾਥੀਆਂ ਅਮਰੀਕ ਸਿੰਘ, ਥਾਰਾ ਸਿੰਘ ਅਤੇ ਹਰਮਿੰਦਰ ਸਿੰਘ ਸੰਧੂ ਵਿਚਕਾਰ ਹੋਈਆਂ ਮੀਟਿੰਗਾਂ ਵਿੱਚ ਵੀ ਲਏ ਫੈਸਲੇ ਵੀ ਫ਼ੌਜੀ ਕਮਾਨ ਕੋਲ ਪਹੁੰਚਾਏ ਗਏ। ਫ਼ੌਜ ਆਪਣੀ ਨਾਕਾਮੀ ਅਤੇ ਬਹੁਤ ਵੱਡੇ ਨੁਕਸਾਨ ਦੀ ਵਜ੍ਹਾ ਲਈ ਬਹਾਨੇ ਲੱਭਦੀ ਫਿਰਦੀ ਹੈ।

ਘੱਲੂਘਾਰਾ ਨੀਲਾ ਤਾਰਾ ਵਿੱਚ ਪੰਥ ਦੀ ਇਤਿਹਾਸਕ ਜਿੱਤ

ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਪੂਰੀ ਤਿਆਰੀ ਕਰ ਕੇ ਸ਼ਹੀਦੀਆਂ ਪਾਈਆਂ। ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਉਹਨਾਂ ਦੀ ਮੌਤ ਯਕੀਨੀ ਹੈ ਪਰ ਇਕ ਵੀ ਸਿੰਘ ਨੇ ਆਤਮ ਸਮਰਪਣ ਨਹੀਂ ਕੀਤਾ। ਸਾਰੀ ਦੁਨੀਆਂ ਦੰਗ ਰਹਿ ਗਈ ਕਿ 1984 ਵਿੱਚ ਵੀ ਇਹੋ ਜਿਹਾ ਕਾਰਨਾਮਾ ਹੋ ਸਕਦਾ ਹੈ? ਕਿਸੇ ਨੂੰ ਵੀ ਉਮੀਦ ਨਹੀਂ ਸੀ ਕਿ ਸਿੰਘ ਇਤਨੀ ਬਹਾਦਰੀ ਦਾ ਪ੍ਰਦਰਸ਼ਨ ਕਰਨਗੇ।

ਜਨਰਲ ਬਰਾੜ ਵੱਲੋਂ ਸਚਾਈ ਦਾ ਪ੍ਰਗਟਾਵਾ

"ਸਾਨੂੰ ਮੰਨਣਾ ਪੈਂਦਾ ਹੈ ਕਿ ਜਿਸ ਦ੍ਰਿੜ੍ਹਤਾ ਨਾਲ ਖਾੜਕੂ ਆਪਣੇ ਮੋਰਚਿਆਂ 'ਤੇ ਅੜੇ ਰਹੇ ਅਤੇ ਜਿਸ ਹੱਠ ਤੇ ਸੂਰਮਤਾਈ ਨਾਲ ਉਹਨਾਂ ਲੜਾਈ ਲੜੀ ਅਤੇ ਜਿਸ ਉਚ ਪੱਧਰੇ ਵਿਸ਼ਵਾਸ ਦਾ ਵਿਖਾਵਾ ਉਹਨਾਂ ਕੀਤਾ, ਉਸ ਦੇ ਫਲਸਰੂਪ ਜਰਨੈਲ ਸਿੰਘ ਭਿੰਡਰਾਂਵਾਲਾ ਰਾਤੋ ਰਾਤ ਉਚ ਦਰਜੇ ਦਾ ਸੂਰਮਾ ਬਣ ਕੇ ਨਿਤਰਿਆ, ਉਨ੍ਹਾਂ ਦੀਆਂ ਨਜ਼ਰਾਂ ਵਿੱਚ ਵੀ ਜਿਹੜੇ ਉਸ ਦੀ ਹਿੰਮਤ ਅਤੇ ਪਹਿਲੇ ਕਿਰਦਾਰ ਨੂੰ ਨਫ਼ਰਤ ਨਾਲ ਵੇਖਦੇ ਸਨ।"

(ਲੈਫਟੀਨੈਂਟ ਜਨਰਲ ਕੇ.ਐਸ. ਬਰਾੜ, ਆਪਣੀ ਕਿਤਾਬ ਆਪਰੇਸ਼ਨ ਬਲੂ ਸਟਾਰ-ਦੀ ਟਰੂ ਸਟੋਰੀ, ਪੰਨਾ 127)

ਜਸਟਿਸ ਚੂਹੜ ਸਿੰਘ ਸਿੰਘਾਪੁਰ

ਆਪਣੀ ਕਿਤਾਬ 'ਭਿੰਡਰਾਂਵਾਲੇ-ਸਿੱਖ ਧਰਮ ਦਾ ਅਮਰ ਸ਼ਹੀਦ' ਵਿੱਚ ਸਿੰਘਾਪੁਰ ਹਾਈਕੋਰਟ ਦੇ ਜੱਜ ਜਸਟਿਸ ਚੂਹੜ ਸਿੰਘ ਲਿਖਦੇ ਹਨ, "ਭਿੰਡਰਾਂਵਾਲੇ ਬਾਰੇ ਹੋਰਨਾਂ ਦੇ ਵਿਚਾਰ ਕੁਝ ਵੀ ਹੋਣ ਪਰ ਧਰਮੀ ਸਿੱਖ ਉਨ੍ਹਾਂ ਨੂੰ ਹਮੇਸ਼ਾ ਪਵਿੱਤਰ ਅਕਾਲ ਤਖ਼ਤ ਸਾਹਿਬ ਦੀ ਰੱਖਿਆ ਲਈ ਹਿੰਦੁਸਤਾਨੀ ਫ਼ੌਜ ਦੇ ਜ਼ੋਰਦਾਰ ਹਮਲੇ ਦਾ ਡੱਟ ਕੇ ਮੁਕਾਬਲਾ ਕਰਨ ਵਾਲੇ ਲੀਡਰ ਵਜੋਂ ਯਾਦ ਕਰਨਗੇ।"

ਘੱਲੂਘਾਰਾ ਜੂਨ 1984—ਇਕ ਅਤੇ ਦੋ ਜੂਨ ਦੇ ਹਾਲਾਤ

(ਸ. ਹਰਬੀਰ ਸਿੰਘ ਭੰਵਰ ਜੋ ਕਿ ਪੰਜਾਬੀ ਪੱਤਰਕਾਰੀ ਵਿੱਚ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ ਹਨ, ਉਹਨਾਂ ਨੇ ਘੱਲੂਘਾਰਾ ਜੂਨ 1984 ਬਾਰੇ ਆਪਣੀ ਪੁਸਤਕ 'ਡਾਇਰੀ ਦੇ ਪੰਨੇ' ਵਿੱਚ ਜੋ ਹਾਲਾਤ ਬਿਆਨ ਕੀਤੇ ਹਨ, ਬਹੁਤ ਹੀ ਜਾਣਕਾਰੀ ਨਾਲ ਭਰਪੂਰ ਹਨ)

ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਜੂਨ ਦਾ ਦਿਨ ਕਾਲਾ ਦਿਵਸ ਸੀ। ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਤੇ ਸਾਰੇ ਪਾਸਿਆਂ ਤੋਂ ਬਿਨਾਂ ਕਿਸੇ ਭੜਕਾਹਟ 7 ਘੰਟੇ ਦੇ ਕਰੀਬ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਨ੍ਹਾਂ ਨਾਲ ਸੁਨਹਿਰੀ ਗੁੰਬਦ 'ਤੇ ਵੀ 32 ਵੱਡੇ ਨਿਸ਼ਾਨ ਪੈ ਗਏ ਸਨ। ਇਹ ਗੋਲੀਆਂ ਦੁਪਹਿਰ 12.40 ਦੇ ਕਰੀਬ ਚੱਲਣੀਆਂ ਸ਼ੁਰੂ ਹੋਈਆਂ ਤੇ ਰਾਤੀ 8.15 ਵਜੇ ਦੇ ਕਰੀਬ ਬੰਦ ਹੋਈਆਂ। ਸਵੇਰ ਤੋਂ ਹੀ ਕੰਪਲੈਕਸ ਵੱਲ ਕੁਝ ਤਣਾਉ ਸੀ। ਬਹੁਤ ਦਿਨਾਂ ਤੋਂ ਸੀ.ਆਰ.ਪੀ. ਵਾਲੇ ਕੰਪਲੈਕਸ ਸਾਹਮਣੇ ਬ੍ਰਹਮ ਬੂਟਾ ਮਾਰਕੀਟ ਅਤੇ ਬਾਲਾ ਨੰਦ ਦੇ ਅਖਾੜੇ ਤੱਕ ਆਏ ਹੋਏ ਸਨ ਅਤੇ ਉਨ੍ਹਾਂ ਨੇ ਕੰਪਲੈਕਸ ਦੇ ਚਾਰੇ ਪਾਸੇ ਉੱਚੀਆਂ-ਉੱਚੀਆਂ ਇਮਾਰਤਾਂ ਆਪਣੇ ਮੋਰਚੇ ਬਣਾ ਲਏ ਸਨ ਅਤੇ ਪਹਿਲਾਂ ਕਈ ਵਾਰ ਸ੍ਰੀ ਦਰਬਾਰ ਸਾਹਿਬ ਵੱਲ ਗੋਲੀ ਚਲਾ ਚੁੱਕੇ ਸਨ।

ਇਹ ਗੱਲ ਬੜੀ ਮਾਮੂਲੀ ਜਿਹੀ ਸੀ। ਸ਼੍ਰੋਮਣੀ ਕਮੇਟੀ ਵਾਲੇ ਆਪਣੇ ਸੇਵਾਦਾਰਾਂ ਦੇ ਕੁਆਟਰਾਂ ਪਾਸ, ਅਖਾੜਾ ਬ੍ਰਹਮ ਬੂਟਾ ਜਿੱਥੇ ਅੱਗੇ ਮੋਟਾ ਜਿਹਾ ਸੰਗਲ ਹੁੰਦਾ ਹੈ, ਦੀਵਾਰ ਕਰਨ ਲੱਗੇ ਸਨ। ਜਿਸ 'ਤੇ ਸੀ.ਆਰ.ਪੀ. ਨੇ ਇਤਰਾਜ਼ ਕੀਤਾ ਤੇ ਉਨ੍ਹਾਂ ਨੂੰ ਰੋਕਿਆ, ਕੰਮ ਕਰ ਰਹੇ ਕਾਰੀਗਰਾਂ ਤੇ ਮਜ਼ਦੂਰਾਂ ਨੂੰ ਪ੍ਰੇਸ਼ਾਨ ਕੀਤਾ ਗਿਆ ਅਤੇ ਪਿੱਛੋਂ ਇਸ ਬਹਾਨੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਜਦੋਂ ਸੀ.ਆਰ.ਪੀ.ਐਫ. ਵਾਲੇ ਕਾਰੀਗਰਾਂ ਤੇ ਮਜ਼ਦੂਰਾਂ ਨਾਲ ਖਹਿਬੜ ਰਹੇ ਸਨ, ਤਾਂ ਸ੍ਰੀ ਦਰਬਾਰ ਸਾਹਿਬ ਦੇ ਇਨਫ਼ਰਮੇਸ਼ਨ ਅਫ਼ਸਰ ਇਕ ਜਰਮਨ ਪੱਤਰਕਾਰ ਨੂੰ ਲੈ ਕੇ ਸੰਤ ਲੌਂਗੋਵਾਲ ਨੂੰ ਮਿਲਣ ਜਾ ਰਹੇ ਸਨ। ਸੀ.ਆਰ.ਪੀ.ਐਫ. ਨੇ ਇਨ੍ਹਾਂ ਨੂੰ ਵੀ ਰੋਕ ਲਿਆ ਤੇ ਇਨਫ਼ਰਮੇਸ਼ਨ ਅਫ਼ਸਰ ਨੇ ਸੀ.ਆਰ.ਪੀ.ਐਫ. ਵਾਲਿਆਂ ਨੂੰ ਦੱਸਿਆ ਕਿ ਇਹ ਸਾਰੀ ਥਾਂ ਸ਼੍ਰੋਮਣੀ ਕਮੇਟੀ ਦੀ ਹੈ ਅਤੇ ਇਨ੍ਹਾਂ ਨੂੰ ਦੀਵਾਰ ਬਣਾਉਣ ਤੋਂ ਨਾ ਰੋਕੋ ਤਾਂ

ਇਸ ਉਤੇ ਸੀ.ਆਰ.ਪੀ.ਐਫ. ਦੇ ਇਕ ਅਫ਼ਸਰ ਨੇ ਪਿਸਤੌਲ ਤਾਣ ਲਿਆ। ਇਹ ਗੁਸਤਾਖ਼ੀ ਦੇਖ ਕੇ ਜਰਮਨ ਪੱਤਰਕਾਰ ਜ਼ੋਰ ਨਾਲ ਉਸ ਅਫ਼ਸਰ ਨੂੰ (ਅੰਗਰੇਜ਼ੀ ਵਿੱਚ) ਕਹਿਣ ਲੱਗੀ, "ਤੁਸੀਂ ਸ਼ੈਤਾਨਾਂ ਨੇ ਇਸ ਉਤੇ ਪਿਸਤੌਲ ਤਾਣਨ ਦੀ ਜ਼ੁਰਅਤ ਕਿਵੇਂ ਕੀਤੀ। ਪਹਿਲਾਂ ਮੈਨੂੰ ਗੋਲੀ ਮਾਰੋ ਮੈਂ ਸਾਰੇ ਸੰਸਾਰ ਨੂੰ ਦੱਸਾਂਗੀ ਤੁਸੀਂ ਕੀ ਹੋ।" ਇਸ ਉਤੇ ਉਸ ਸਮੇਂ ਉਸ ਅਫ਼ਸਰ ਨੇ ਪਿਸਤੌਲ ਵਾਪਸ ਖੋਲ ਵਿੱਚ ਪਾ ਲਈ ਅਤੇ ਇਨ੍ਹਾਂ ਨੂੰ ਅੱਗੇ ਜਾਣ ਦਿੱਤਾ ਗਿਆ। ਇਕ ਜੂਨ ਦੀਆਂ ਗੋਲੀਆਂ ਵਿੱਚ ਗਿਆਰਾਂ ਸ਼ਰਧਾਲੂ ਮਾਰੇ ਗਏ ਸਨ ਅਤੇ ਕਈ ਦਰਜ਼ਨ ਜ਼ਖਮੀ ਹੋਏ ਸਨ। ਇਹਨਾਂ ਵਿੱਚ ਬਹੁਤੇ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਯਾਤਰੂ ਸਨ। ਰਾਤੀਂ ਨੌਂ ਵਜੇ ਤੋਂ 32 ਘੰਟੇ ਦਾ ਕਰਫਿਊ ਲਗਾ ਦਿੱਤਾ ਗਿਆ।

ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, 222 ਵਰ੍ਹੇ ਪਿੱਛੋਂ ਹੋਇਆ ਫਿਰ ਹਮਲਾ

ਇਸ ਤੋਂ ਪਹਿਲਾਂ ਹਮਲਾ ਅਹਿਮਦ ਸ਼ਾਹ ਅਬਦਾਲੀ ਵੇਲੇ ਹੋਇਆ ਸੀ। ਜਦੋਂ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਵੀ ਕਾਫ਼ੀ ਨੁਕਸਾਨ ਪੁੱਜਾ ਸੀ ਪਰ ਉਹ ਤਾਂ ਵਿਦੇਸ਼ੀ ਹਮਲਾਵਰ ਸੀ। ਹੁਣ ਤਾਂ ਦੇਸ਼ ਆਜ਼ਾਦ ਹੈ ਤੇ ਆਪਣੇ ਲੋਕਾਂ ਦੀ ਚੁਣੀ ਹੋਈ ਹਕੂਮਤ ਸੀ। ਸ. ਬਲਵੰਤ ਸਿੰਘ ਰਾਮੂਵਾਲੀਆ ਸਾਬਕਾ ਐਮ.ਪੀ. ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਲਾਈਟਿੰਗ ਕਾਲ ਕਰਕੇ ਟੈਲੀਫ਼ੋਨ 'ਤੇ ਚਾਰ ਵਾਰੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਗੱਲਬਾਤ ਕਰਨ ਦਾ ਯਤਨ ਕੀਤਾ ਪਰ ਉਹ ਹਮੇਸ਼ਾ ਟਾਲਦੇ ਰਹੇ। ਪਹਿਲੀ ਕਾਲ 2 ਵਜੇ ਦੇ ਕਰੀਬ ਮਿਲੀ ਉਦੋਂ ਕਿਹਾ ਗਿਆ ਕਿ ਰਾਸ਼ਟਰਪਤੀ ਜੀ ਆਪਣੇ ਬੈਡਰੂਮ ਵਿੱਚ ਹਨ। ਦੂਜੀ ਕਾਲ 2.25 ਵਜੇ ਮਿਲੀ ਉਦੋਂ ਕਿਹਾ ਗਿਆ ਕਿ ਰਾਸ਼ਟਰਪਤੀ ਬਾਥਰੂਮ ਵਿੱਚ ਹਨ। 3.15 ਵਜੇ ਤੀਜੀ ਕਾਲ ਮਿਲੀ 'ਤੇ ਕਿਹਾ ਗਿਆ ਕਿ ਗਿਆਨੀ ਜੀ ਕਿਸੇ ਸਮਾਗਮ ਵਿੱਚ ਚਲੇ ਗਏ ਹਨ। ਅੰਤਲੀ ਕਾਲ 4.45 ਵਜੇ ਮਿਲੀ ਤਾਂ ਉਨ੍ਹਾਂ ਦੇ ਸਕੱਤਰ ਦੇਵਕੀ ਨੰਦਨ ਨੇ ਕਿਹਾ ਕਿ ਰਾਸ਼ਟਰਪਤੀ ਜੀ ਕਿਸੇ ਸਮਾਗਮ 'ਤੇ ਗਏ ਹੋਏ ਹਨ, ਉਨ੍ਹਾਂ ਦੇ ਮੁੜਨ 'ਤੇ ਉਹ ਸੰਤ ਜੀ ਦਾ ਸੁਨੇਹਾ ਉਨ੍ਹਾਂ ਨੂੰ ਦੇ ਦੇਣਗੇ। ਸੰਤ ਜੀ ਨੇ ਸਕੱਤਰ ਨਾਲ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ।

ਸ: ਰਾਮੂਵਾਲੀਏ ਨੇ ਸੰਤ ਜੀ ਵੱਲੋਂ ਦੇਵਕੀ ਨੰਦਨ ਨੂੰ ਸਨੇਹਾ ਦਿੱਤਾ ਕਿ ਰਾਸ਼ਟਰਪਤੀ ਗੱਲ ਕਰਨ ਤੋਂ ਟਾਲ ਰਹੇ ਹਨ। ਇਸ ਹਮਲੇ ਨੂੰ ਰੋਕਣ ਅਤੇ ਹਮਲੇ ਦੀ ਸਖ਼ਤ ਸ਼ਬਦਾਂ ਨਾਲ ਨਿਖੇਧੀ ਕਰਨ ਤੋਂ ਬਿਨਾਂ ਸੰਤ ਜੀ ਵੱਲੋਂ ਕਿਹਾ ਗਿਆ ਕਿ ਇਸ ਦੀ ਬੜੀ ਕੀਮਤ ਦੇਣੀ ਪਵੇਗੀ।

ਮੇਰਾ ਕੁਆਟਰ ਕੰਪਲੈਕਸ ਵਿੱਚ ਸੀ, ਦਰਬਾਰ ਸਾਹਿਬ ਦੇ ਮੁਖ ਪ੍ਰਵੇਸ਼ ਲਾਗੇ ਪੰਜਾਬ ਐਂਡ ਸਿੰਧ ਬੈਂਕ ਦੀ ਉਪਰਲੀ ਮੰਜ਼ਿਲ ਉਤੇ। ਮੈਂ ਕੁਦਰਤੀ ਸਵੇਰੇ ਨੌਂ ਵਜੇ ਦੇ ਕਰੀਬ ਆਪਣੇ ਪੱਤਰਕਾਰ ਸਾਥੀ ਪੀ.ਪੀ. ਗਿੱਲ ਵੱਲ ਚੱਲਿਆ ਗਿਆ ਸੀ। ਨਾਸ਼ਤਾ ਵੀ ਉਥੇ ਹੀ ਕੀਤਾ ਸੀ।

ਬਾਹਰੋਂ ਵਿਹਲਾ ਹੋ ਕੇ 1.15 ਵਜੇ ਦੇ ਕਰੀਬ ਘਰ ਵਾਪਸ ਆਉਣ ਲਈ ਧਰਮ ਸਿੰਘ ਮਾਰਕੀਟ ਲਾਗੇ ਪਹੁੰਚਿਆ ਤਾਂ ਰੁਕ-ਰੁਕ ਕੇ ਗੋਲੀ ਚੱਲਣ ਦੀ ਆਵਾਜ਼ ਆ ਰਹੀ ਸੀ। ਗੋਲੀ ਦੀ ਆਵਾਜ਼ ਤਾਂ ਕੋਤਵਾਲੀ ਤੱਕ ਵੀ ਆ ਰਹੀ ਸੀ, ਅੱਗੇ ਜਾਣਾ ਖ਼ਤਰੇ ਵਾਲੀ ਗੱਲ ਸੀ। ਪਿੱਛੋਂ ਕਈ ਹੋਰ ਪੱਤਰਕਾਰ ਸਾਥੀ ਵੀ ਆ ਗਏ ਅਤੇ ਉਥੇ ਅਸੀਂ 4.30 ਵਜੇ ਤੱਕ ਰਹੇ। ਗੋਲੀ ਚੱਲਣ ਦੀ ਆਵਾਜ਼ ਵੱਧਦੀ ਗਈ ਸੀ। ਸੀ.ਆਰ.ਪੀ. ਵਾਲੇ ਐਮ.ਐਮ.ਜੀ. ਅਤੇ ਐਲ.ਐਮ.ਜੀ. (ਵੱਡੀਆਂ ਰਾਈਫ਼ਲਾਂ) ਦੀ ਵਰਤੋਂ ਕਰ ਰਹੇ ਸਨ ਜਿਨ੍ਹਾਂ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਤੇ ਗੋਲੀਆਂ ਦੇ ਸੈਂਕੜੇ ਹੀ ਨਿਸ਼ਾਨ ਪੈ ਗਏ ਸਨ।

ਮੈਨੂੰ ਟ੍ਰਿਬਿਊਨ (ਜਿੱਥੇ ਮੈਂ ਕੰਮ ਕਰਦਾ ਸੀ) ਦੇ ਦਫ਼ਤਰ ਕੰਪਲੈਕਸ ਵੱਲੋਂ ਕਈ ਸਨੇਹੀਆਂ ਦੇ ਫ਼ੋਨ ਆਏ ਕਿ ਮੈਂ ਰਾਤੀਂ ਇਧਰ ਨਾ ਆਵਾਂ, ਬਾਹਰ ਹੀ ਰਹਾਂ। ਕਈਆਂ ਦਾ ਖਿਆਲ ਸੀ ਕਿ ਸੀ.ਆਰ.ਪੀ. ਰਾਤ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋਵੇਗੀ।

ਸੋ ਮੈਂ ਰਾਤੀਂ ਹੋਰ ਪੱਤਰਕਾਰ ਸਾਥੀ ਸ੍ਰੀ ਕੇ.ਐਸ. ਤੋਮਰ (ਹਿੰਦੁਸਤਾਨ ਟਾਈਮਜ਼) ਵੱਲ ਚਲਾ ਗਿਆ। ਉਹ ਉਥੇ ਇਕੱਲਾ ਹੀ ਰਹਿੰਦਾ ਸੀ। ਬਾਕੀ ਕਈ ਪੱਤਰਕਾਰਾਂ ਵਾਂਗ ਉਸ ਨੂੰ ਕੈਨਾਲ ਕਾਲੋਨੀ ਵਿੱਚ ਕਾਫ਼ੀ ਵੱਡੀ ਸਰਕਾਰੀ ਕੋਠੀ ਮਿਲੀ ਹੋਈ ਸੀ। ਸੀ.ਆਰ.ਪੀ. ਨੇ ਇਹ ਗੋਲਾਬਾਰੀ ਇਸ ਲਈ ਕੀਤੀ ਸੀ ਤਾਂ ਜੋ ਸੰਤ ਭਿੰਡਰਾਂਵਾਲਿਆਂ ਦੇ ਸਮਰਥਕਾਂ ਵੱਲੋਂ ਕੰਪਲੈਕਸ ਅੰਦਰ ਬਣਾਏ ਮੋਰਚਿਆਂ ਅਤੇ ਉਨ੍ਹਾਂ ਦੇ ਹਥਿਆਰਾਂ ਦੀ ਵੰਨਗੀ ਬਾਰੇ ਪਤਾ ਚੱਲ ਸਕੇ। ਪਿੱਛੋਂ ਫ਼ੌਜ ਨੇ ਹਮਲਾ ਕਰਨ ਸਮੇਂ ਇਹਨਾਂ ਤੱਥਾਂ ਨੂੰ ਸਾਹਮਣੇ ਰੱਖਿਆ।

ਜਦੋਂ ਸੀ.ਆਰ.ਪੀ. ਨੇ ਰਾਈਫ਼ਲਾਂ ਤਾਣ ਲਈਆਂ

2 ਜੂਨ, 1984

ਮੈਂ ਕਰਫਿਊ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵੱਲ ਗਿਆ। ਡਿਪਟੀ ਕਮਿਸ਼ਨਰ ਵੱਲੋਂ ਸਾਨੂੰ ਪੱਤਰਕਾਰਾਂ ਨੂੰ ਪਛਾਣ ਪੱਤਰ ਤੇ ਕਰਫਿਊ ਪਾਸ ਮਿਲੇ ਹੋਏ ਸਨ। ਉਥੇ ਇਕ ਹੋਰ ਪੱਤਰਕਾਰ ਸਾਥੀ ਮਹਿੰਦਰ ਸਿੰਘ ਵੀ ਮਿਲ ਪਿਆ। ਅਸੀਂ ਪਹਿਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮਿਲੇ। ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਸੰਬੰਧੀ ਵਿਚਾਰ ਕਰਨ ਲਈ ਸ਼ਾਮ ਨੂੰ ਅਕਾਲੀ ਹਾਈ ਕਮਾਂਡ ਦੀ ਇਕ ਜ਼ਰੂਰੀ ਇਕੱਤਰਤਾ ਬੁਲਾਈ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਜਾਬਰਾਨਾ ਹਮਲੇ ਦੀ ਖ਼ਬਰ ਸੁਣ ਕੇ ਸਵੇਰੇ ਆਪਣੇ ਆਪ ਪਹੁੰਚ ਗਏ ਸਨ। ਕਰਫਿਊ ਕਾਰਨ ਹੋਰ ਕੋਈ ਵੀ ਲੀਡਰ ਸ਼ਾਮ ਤੱਕ ਨਹੀਂ ਪਹੁੰਚ ਸਕਿਆ ਸੀ। ਸ੍ਰੀ ਦਰਬਾਰ ਸਾਹਿਬ 'ਤੇ ਹੋਏ ਵਹਿਸ਼ੀਆਨਾ ਹਮਲੇ ਦੀ ਸਖ਼ਤ ਨਿਖੇਧੀ ਕਰਦਿਆਂ ਸੰਤ ਲੌਂਗੋਵਾਲ ਨੇ ਬਿਆਨ ਜਾਰੀ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਉੱਤੇ ਗੋਲੀਆਂ ਚਲਾ ਕੇ ਕਾਂਗਰਸ ਸਰਕਾਰ ਨੇ ਸਿੱਖ ਕੌਮ ਨਾਲ ਨਵੀਂ ਜੰਗ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਨਾਲ ਸਰਕਾਰ ਦੀ ਧਰਮ ਨਿਰਪੇਖਤਾ ਦੀ ਨੀਤੀ ਦੇ ਪਾਖੰਡ

ਦਾ ਪਾਜ਼ ਖੁੱਲ੍ਹ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ 'ਤੇ ਚੱਲੀ ਇਕ ਇਕ ਗੋਲੀ ਸੰਸਾਰ ਭਰ ਵਿੱਚ ਵੱਸਦੇ ਇਕ ਇਕ ਸਿੱਖ ਦੇ ਸੀਨੇ ਵਿੱਚ ਵੱਜੀ ਹੈ। ਇਸ ਲਈ ਮੈਂ ਸਮੂਹ ਸੰਤ ਸਮਾਜ, ਮਰਜੀਵੜੇ ਬੁਧੀਜੀਵੀ, ਸਾਬਕਾ ਫ਼ੌਜੀਆਂ, ਸਿੱਖ ਬੀਬੀਆਂ, ਨੌਜਵਾਨਾਂ ਅਤੇ ਗੁਰੂ ਨਾਨਕ ਨਾਮ ਲੇਵਾ ਸਮੂਹ ਸਾਧ ਸੰਗਤਾਂ ਨੂੰ ਅਪੀਲ ਕਰਦਾ ਹਾਂ ਕਿ ਹੁਣ ਸੰਕਟ ਦੀ ਇਹ ਅਤਿ ਨਾਜ਼ੁਕ ਘੜੀ ਆਣ ਪੁੱਜੀ ਹੈ। ਇਸ ਸਮੇਂ ਸਮੂਹ ਖ਼ਾਲਸਾ ਮਹਾਨ ਕੁਰਬਾਨੀਆਂ ਲਈ ਤੱਤਪਰ ਰਹੇ।

ਇਸ ਘਟਨਾ ਦੀ ਨਿੰਦਾ ਕਰਦਿਆਂ ਜਥੇਦਾਰ ਟੌਹੜਾ ਨੇ ਇਸ ਨੂੰ ਸਿੱਖ ਕੌਮ ਲਈ ਇਕ ਖੁੱਲ੍ਹਾ ਚੈਲੰਜ ਕਰਾਰ ਦਿੱਤਾ। ਸਰਦਾਰ ਟੌਹੜਾ ਨੇ ਕਿਹਾ ਕਿ ਮੁਗਲਾਂ ਤੋਂ ਪਿੱਛੋਂ ਮੌਜੂਦਾ ਸਰਕਾਰ ਹੀ ਹੈ, ਜਿਸ ਨੇ ਸ੍ਰੀ ਦਰਬਾਰ ਸਾਹਿਬ ਉਤੇ ਗੋਲੀਆਂ ਚਲਾ ਕੇ ਸਿੱਖਾਂ ਦੀ ਅਣਖ ਨੂੰ ਵੰਗਾਰਿਆ ਹੈ, ਉਨ੍ਹਾਂ ਨੇ ਸਰਕਾਰ ਦੀ ਇਹ ਘ੍ਰਿਣਤ ਅਤੇ ਵਹਿਸ਼ੀਆਨਾ ਕਾਰਵਾਈ ਨੂੰ ਭਾਰਤ ਦੇ ਸੈਕੂਲਰਿਜ਼ਮ ਅਤੇ ਲੋਕਤੰਤਰ ਦੇ ਮੱਥੇ ਉਤੇ ਇਕ ਨਾ ਮਿਟਣ ਵਾਲਾ ਕਲੰਕ ਦੱਸਿਆ। ਸਰਦਾਰ ਟੌਹੜਾ ਨੇ ਕਿਹਾ ਕਿ ਸਰਕਾਰ ਦੀ ਕਾਰਵਾਈ ਤੋਂ ਸਪੱਸ਼ਟ ਹੈ ਕਿ ਇਕ ਦੇਸ਼ ਦੇ ਧਰਮ ਨਿਰਪੇਖਤਾ ਦੇ ਪਰਦੇ ਵਿੱਚ ਫ਼ਿਰਕਾਪ੍ਰਸਤੀ ਦਾ ਨੰਗਾ ਨਾਚ ਨੱਚਿਆ ਜਾ ਰਿਹਾ ਹੈ ਅਤੇ ਦੇਸ਼ ਦੀਆਂ ਘੱਟ-ਗਿਣਤੀਆਂ ਦਾ ਧਰਮ, ਰਹੁ-ਰੀਤਾਂ ਅਤੇ ਧਾਰਮਿਕ ਅਸਥਾਨ ਮਹਿਫ਼ੂਜ਼ ਨਹੀਂ ਹਨ। ਸ: ਟੌਹੜਾ ਨੇ ਕਿਹਾ ਕਿ ਹੁਣ ਜਦੋਂ ਸ੍ਰੀ ਦਰਬਾਰ ਸਾਹਿਬ 'ਤੇ ਗੋਲੀਆਂ ਚਲਾ ਕੇ ਸਰਕਾਰ ਨੇ ਸਿੱਖ ਹਿਰਦੇ ਛੱਲਣੀ ਕਰ ਦਿੱਤੇ ਤਾਂ ਕਾਂਗਰਸੀ ਸਿੱਖਾਂ ਵਿੱਚ ਜ਼ਰਾ ਜਿੰਨੀ ਵੀ ਅਣਖ ਅਤੇ ਗ਼ੈਰਤ ਹੈ ਤਾਂ ਉਹਨਾਂ ਨੂੰ ਆਪਣੇ ਅਹੁਦਿਆਂ ਤੋਂ ਤਿਆਗ ਪੱਤਰ ਦੇ ਦੇਣਾ ਚਾਹੀਦਾ। ਸਰਕਾਰ ਦਾ ਇਹ ਕਾਲਾ ਕਾਰਨਾਮਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਦਿੱਲੀ ਦੇ ਹੁਕਮਰਾਨ ਸਿੱਖਾਂ ਨਾਲ ਗੁਲਾਮਾਂ ਵਾਲਾ ਸਲੂਕ ਕਰ ਰਹੇ ਹਨ। ਸ: ਟੌਹੜਾ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਕ ਬੜਾ ਹੀ ਸਖ਼ਤ ਪੱਤਰ ਵੀ ਲਿਖਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੇ ਹੇਠ ਲਿਖਿਆ ਸਾਂਝਾ ਬਿਆਨ ਜਾਰੀ ਕੀਤਾ।

ਸ੍ਰੀ ਦਰਬਾਰ ਸਾਹਿਬ ਸਿੱਖ ਕੌਮ ਦਾ ਮਹਾਨ ਪਵਿੱਤਰ ਅਸਥਾਨ ਹੈ। ਆਰੰਭ ਤੋਂ ਲੈ ਕੇ ਲੱਖਾਂ ਹੀ ਸਿੰਘਾਂ ਨੇ ਇਸ ਦੀ ਪਵਿੱਤਰਤਾ ਲਈ ਆਪਣਾ ਖ਼ੂਨ ਡੋਲ੍ਹਿਆ ਹੈ ਤੇ ਸੀਸ ਭੇਟ ਕੀਤੇ ਹਨ। ਬਾਬਾ ਦੀਪ ਸਿੰਘ ਜੀ ਨੇ ਸੀਸ ਤਲੀ 'ਤੇ ਰੱਖ ਕੇ ਸਿੱਖੀ ਦੇ ਮਰਕਜ਼ ਦਾ ਅਦਬ ਕਾਇਮ ਰੱਖਿਆ ਹੈ, ਭਾਈ ਮਨੀ ਸਿੰਘ ਜੀ ਨੇ ਬੰਦ-ਬੰਦ ਕਟਵਾ ਕੇ ਸ੍ਰੀ ਦਰਬਾਰ ਸਾਹਿਬ ਦੀ ਮਾਣ ਮਰਿਆਦਾ ਕਾਇਮ ਰੱਖੀ, ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦੁਸ਼ਟਾਂ ਅਤੇ ਪਾਪੀਆਂ ਦਾ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਅਸਥਾਨ ਤੋਂ ਸਫ਼ਾਇਆ ਕੀਤਾ।

ਪਿਛਲੇ ਲੰਮੇ ਸਮੇਂ ਤੋਂ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਨੂੰ ਮਲੀਆਮੇਟ ਕਰਨ ਦੇ ਮਨਸੂਬਿਆਂ ਨੂੰ ਅਮਲੀ ਰੂਪ ਦੇਣ ਲਈ ਕੱਲ੍ਹ ਸੀ.ਆਰ.ਪੀ. ਅਤੇ ਬੀ.ਐਸ.ਐਫ. ਨੇ

ਹਮਲਾ ਬੋਲ ਕੇ ਅੰਨ੍ਹੇਵਾਹ ਗੋਲਾਬਾਰੀ ਕੀਤੀ। ਇਸ ਨੇ ਮੁਗਲ ਰਾਜ ਦੇ ਹਮਲਿਆਂ ਨੂੰ ਮਾਤ ਪਾ ਦਿੱਤਾ। ਦਰਜਨਾਂ ਸਿੰਘਾਂ ਦੀ ਸੀ.ਆਰ.ਪੀ. ਦੀਆਂ ਗੋਲੀਆਂ ਨਾਲ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਪਰਕਰਮਾ ਵਿੱਚ ਹੋਈ ਸ਼ਹਾਦਤ ਅਤੇ ਸ੍ਰੀ ਦਰਬਾਰ ਸਾਹਿਬ ਸ਼ੁਨਹਿਰੀ ਮੰਦਰ 'ਤੇ ਲੱਗੀਆਂ ਗੋਲੀਆਂ ਸਿੱਖੀ ਦੀ ਹੋਂਦ, ਮਾਣ-ਮਰਿਆਦਾ 'ਤੇ ਆਖਰੀ ਘਾਤਕ ਹਮਲਾ ਹੈ। ਇਹ ਚੜ੍ਹਦੀ ਕਲਾ ਦਾ ਸੰਕੇਤ ਹੈ ਕਿ ਕੱਲ੍ਹ ਫਾਇਰਿੰਗ ਸਮੇਂ ਸ੍ਰੀ ਦਰਬਾਰ ਸਾਹਿਬ ਵਿੱਚ ਸਮੂਹ ਸਿੱਖ ਜਥੇਬੰਦੀਆਂ ਨੇ ਏਕਤਾ ਦਾ ਸਬੂਤ ਦਿੱਤਾ। ਸ੍ਰੀ ਦਰਬਾਰ ਸਾਹਿਬ 'ਤੇ ਹੋਈ ਫਾਇਰਿੰਗ ਸੰਬੰਧੀ ਸਮੂਹ ਖ਼ਾਲਸਾ ਪੰਥ ਨੂੰ ਸੁਚੇਤ ਕਰਦੇ ਹੋਏ ਅਸੀਂ ਸਮੂਹ ਸਿੱਖ ਜਥੇਬੰਦੀਆਂ ਅਤੇ ਸਮੁੱਚੇ ਸਿੱਖ ਜਗਤ ਨੂੰ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਸੀ.ਆਰ.ਪੀ. ਅਤੇ ਬੀ.ਐਸ.ਐਫ. ਦੇ ਹਮਲੇ ਦਾ ਜਵਾਬ ਹਰ ਢੰਗ ਨਾਲ ਦੇ ਕੇ ਹਮਲਾਵਰਾਂ ਦਾ ਮੂੰਹ ਭੰਨੋ ਅਤੇ ਦੁਸ਼ਟਾਂ ਦਾ ਨਾਸ ਕਰ ਦਿਓ।

ਬੱਬਰ ਖ਼ਾਲਸਾ ਦੇ ਸ: ਮਹਿੰਗਾ ਸਿੰਘ ਜੋ ਕਿ ਇਕ ਜੂਨ ਦੇ ਹਮਲੇ ਵਿੱਚ ਸ਼ਹੀਦ ਹੋ ਗਏ ਹਨ, ਦਾ ਅੰਤਿਮ ਸੰਸਕਾਰ ਮੰਜੀ ਸਾਹਿਬ ਦੇ ਬਾਹਰ ਪਾਣੀ ਦੀ ਟੈਂਕੀ ਪਾਸ ਕੀਤਾ ਗਿਆ, ਅਤੇ ਦੋ ਜੂਨ ਨੂੰ ਸੰਤ ਭਿੰਡਰਾਂਵਾਲਿਆਂ ਦੇ ਜਥੇ ਦੇ ਜੋ ਚਾਰ ਸਿੰਘ ਸ਼ਹੀਦ ਹੋ ਗਏ ਸਨ, ਉਨ੍ਹਾਂ ਦਾ ਅੰਤਿਮ ਸੰਸਕਾਰ ਲੰਗਰ ਦੇ ਬਾਹਰ ਵਾਰ ਕੀਤਾ ਗਿਆ।

ਹਾਲੇ ਅਸੀਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਹੀ ਬੈਠੇ ਸੀ ਕਿ ਦੋ ਪੱਤਰਕਾਰ ਦੋਸਤਾਂ ਦਾ ਫ਼ੋਨ ਆਇਆ ਕਿ ਛੇਤੀ ਛੇਤੀ ਕੰਪਲੈਕਸ ਵਿੱਚੋਂ ਨਿਕਲ ਆਉ। ਕਾਰਨ ਪੁੱਛਿਆ ਤਾਂ ਉਹਨਾਂ ਇਹੋ ਕਿਹਾ ਕਿ ਸਮਾਂ ਨਾ ਗਵਾਉ, ਫੌਰਨ ਚਲੇ ਆਉ। ਮੈਂ ਕਾਹਲੀ-ਕਾਹਲੀ ਆਪਣੇ ਘਰ ਆ ਕੇ ਨਾਈਟ ਸੂਟ, ਤੌਲੀਆ, ਦੰਦਾਂ ਵਾਲਾ ਬੁਰਸ਼ ਅਤੇ ਪੇਸਟ ਆਦਿ ਲਏ ਅਤੇ ਅਸੀਂ ਕੰਪਲੈਕਸ ਤੋਂ ਬਾਹਰ ਆਏ। ਅਸੀਂ ਘੰਟਾ ਘਰ ਵਾਲੇ ਪਾਸਿਓਂ, ਸ਼ਨੀ ਮੰਦਰ ਤੋਂ ਥੋੜ੍ਹਾ ਜਿਹਾ ਹੀ ਅੱਗੇ ਆਏ ਕਿ ਕੱਟੜਾ ਆਹਲੂਵਾਲੀਆ ਵੱਲ ਖੂਬੀ ਰਾਮ ਹਲਵਾਈ ਦੀ ਦੁਕਾਨ ਅੱਗੇ ਸੀ.ਆਰ.ਪੀ. ਦੀ ਇਕ ਟੁਕੜੀ ਨੇ ਸਾਨੂੰ ਆਪਣੇ ਵੱਲ ਬੁਲਾ ਲਿਆ ਤੇ ਪੁੱਛਿਆ ਕਿ ਕਿਧਰੋਂ ਆਏ ਹੋ ਕਿਧਰ ਜਾਣਾ ਹੈ? ਅਸੀਂ ਦੱਸਿਆ ਕਿ ਪੱਤਰਕਾਰ ਹਾਂ। ਆਪਣੇ ਕਰਫਿਊ ਪਾਸ ਦਿਖਾਏ। ਉਨ੍ਹਾਂ ਸਾਡੀ ਤਲਾਸ਼ੀ ਲਈ। ਇਸ ਸਮੇਂ ਤੱਕ ਸੀ.ਆਰ.ਪੀ. ਦੇ ਕਾਫ਼ੀ ਜਵਾਨ ਸਾਡੇ ਵੱਲ ਰਾਈਫਲਾਂ ਤਾਣ ਕੇ ਖੜੇ ਰਹੇ ਜਿਵੇਂ ਸਾਨੂੰ ਹੁਣੇ ਗੋਲੀ ਨਾਲ ਉਡਾ ਦੇਣਗੇ।

ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਕਿ ਜਿਵੇਂ ਮੈਂ ਆਪਣੇ ਹੀ ਦੇਸ਼ ਵਿੱਚ ਗੁਲਾਮ ਹੋਵਾਂ। ਪੱਤਰਕਾਰ ਦਾ ਸਮਾਜ ਵਿੱਚ ਬੜਾ ਸਟੇਟਸ ਹੈ, ਆਦਰ-ਮਾਣ ਹੈ। ਅਸੀਂ ਪੱਤਰਕਾਰ ਆਪਣੇ ਆਪ ਨੂੰ ਇਕ ਵੀ.ਆਈ.ਪੀ. ਸਮਝਦੇ ਹਾਂ। ਸਾਡੇ ਨਾਲ ਵੀ ਇਹ ਸਲੂਕ ਕੀਤਾ ਗਿਆ ਜਿਵੇਂ ਅਸੀਂ ਜਰਾਇਮ ਪੇਸ਼ਾ ਹੋਈਏ ਜਾਂ ਕਿਸੇ ਹੋਰ ਦੇਸ਼ ਦੇ ਵਾਸੀ ਹੋਈਏ? ਕੀ ਸਿੱਖ ਸ਼ਖਸੀਅਤਾਂ ਦਾ ਇਸ ਦੇਸ਼ ਵਿੱਚ ਸਟੇਟਸ ਖਤਮ ਹੋ ਗਿਆ ਹੈ ਪਰ ਸਿੱਖ ਭਾਵੇਂ ਉਹ ਕਿਤਨੀ ਵੀ ਵੱਡੀ ਪਦਵੀ ਜਾਂ ਅਹੁਦੇ 'ਤੇ ਹੈ, ਸ਼ੱਕੀ ਹੋ ਗਿਆ ਹੈ।

ਬੁਲਾਉਣ ਵਾਲੇ ਸਾਥੀਆਂ ਕੋਲ ਆ ਕੇ ਅਸੀਂ ਆਪਣੇ ਸਾਥੀਆਂ ਤੋਂ ਪੁਛਿਆ

ਕਿ ਇਤਨੀ ਛੇਤੀ ਕਿਉਂ ਬੁਲਾ ਲਿਆ ਹੈ, ਉਨ੍ਹਾਂ ਕਿਹਾ ਕਿ ਪਤਾ ਲੱਗਾ ਹੈ ਕਿ ਸਰਕਾਰ ਨੇ ਪੰਜਾਬ ਨੂੰ ਅਸਾਮ ਬਣਾਉਣ ਦਾ ਫੈਸਲਾ ਕੀਤਾ ਹੈ। ਹੁਣ ਸਿੱਖਾਂ ਦਾ ਕਤਲੇਆਮ ਹੋਏਗਾ ਖਾਸ ਕਰ ਜੋ ਵੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਲਾਗੇ ਦਿਸੇਗਾ ਉਹ ਉਡਾ ਦਿੱਤਾ ਜਾਏਗਾ। ਇਹ ਗੱਲ 30 ਘੰਟੇ ਬਾਅਦ ਠੀਕ ਨਿਕਲੀ। ਰਾਤ ਨੂੰ ਰੇਡੀਓ ਤੇ ਟੀ.ਵੀ. ਦੇ ਨੈਟਵਰਕ ਉਤੇ ਇੰਦਰਾ ਦਾ ਭਾਸ਼ਣ ਸੀ। ਗਾਂਧੀ ਦੀ ਤਕਰੀਰ ਤੋਂ ਇਉਂ ਜਾਪਦਾ ਸੀ ਕਿ ਛੇਤੀ ਹੀ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਏਗਾ ਅਤੇ ਪੰਜਾਬ ਦਾ ਮਸਲਾ ਹੱਲ ਕੀਤਾ ਜਾਏਗਾ। ਉਨ੍ਹਾਂ ਨੇ ਅਕਾਲੀ ਦਲ ਨੂੰ ਮੋਰਚਾ ਵਾਪਸ ਲੈਣ ਲਈ ਵੀ ਅਪੀਲ ਕੀਤੀ। ਪਰ ਉਨ੍ਹਾਂ ਦੇ ਦਿਲ ਵਿੱਚ ਤਾਂ ਹੋਰ ਹੀ ਸੀ। ਫਿਰ ਰਾਤ ਦੀਆਂ ਖ਼ਬਰਾਂ ਅਨੁਸਾਰ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਸੀ। ਪੰਜਾਬ ਦੇ ਰਾਜਪਾਲ ਸ੍ਰੀ ਬੀ.ਡੀ.ਪਾਂਡੇ ਨੂੰ ਦੋ ਮਹੀਨੇ ਲਈ ਕੇਂਦਰੀ ਪ੍ਰਬੰਧਕ ਇਲਾਕੇ ਚੰਡੀਗੜ੍ਹ ਦਾ ਪ੍ਰਸ਼ਾਸ਼ਕ ਨਿਯੁਕਤ ਕੀਤਾ ਗਿਆ।

ਘੱਲੂਘਾਰਾ ਨੀਲਾ ਤਾਰਾ—ਅੱਖੀਂ ਡਿੱਠਾ ਹਾਲ

(ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਜ਼ਿੰਮੇਵਾਰ ਅਹੁਦੇ ਉਪਰ ਬਿਰਾਜਮਾਨ ਰਹੇ ਸਰਦਾਰ ਜਸਵੰਤ ਸਿੰਘ ਆਪਣੇ ਅੱਖੀਂ ਡਿੱਠੇ ਹਾਲਾਤ ਬਿਆਨ ਕਰਦੇ ਦੱਸਦੇ ਹਨ ਕਿ ਇਕ ਛੋਟਾ ਜਿਹਾ ਬੱਚਾ ਜਿਸ ਦੀ ਮਾਂ ਬੰਬ ਧਮਾਕੇ ਵਿੱਚ ਮਰ ਚੁੱਕੀ ਸੀ, ਉਹ ਬੱਚਾ ਮੰਮੀ-ਮੰਮੀ ਪੁਕਾਰਦਾ ਹੋਇਆ ਉੱਚੀ-ਉੱਚੀ ਰੋ ਰਿਹਾ ਸੀ। ਉਹ ਵਿਚਾਰਾ ਕੀ ਜਾਣਦਾ ਸੀ ਕਿ ਉਸਦੀ ਮੰਮੀ ਇਸ ਸੰਸਾਰ 'ਚ ਜ਼ਿੰਦਾ ਨਹੀਂ ਰਹੀ ਸੀ। ਇਕ ਫ਼ੌਜੀ ਨੇ ਉਸ ਬੱਚੇ ਨੂੰ ਉਸ ਦੀ ਮਾਂ ਉਪਰ ਸੁੱਟ ਕੇ ਉੱਪਰੋਂ ਗੋਲੀਆਂ ਵਰ੍ਹਾ ਕੇ ਉਸ ਨੂੰ ਸਦਾ ਲਈ ਵਿਰਲਾਪ ਕਰਨੋਂ ਰੋਕ ਦਿੱਤਾ, ਜਿਸ ਨੂੰ ਦੇਖ ਕੇ ਮੇਰੇ ਮਨ ਦੀ ਜੋ ਹਾਲਤ ਹੋਈ, ਮੈਂ ਉਸ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦਾ।)

31 ਮਈ, 1984 ਨੂੰ ਸੀ.ਆਰ.ਪੀ.ਐਫ. ਵੱਲੋਂ ਫਾਇਰਿੰਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਦੇ ਕੁਆਰਟਰ ਅਖਾੜਾ ਬ੍ਰਹਮ ਬੂਟਾ ਨੇੜੇ ਬਣੇ ਹੋਏ ਸਨ, ਜਿਨ੍ਹਾਂ ਵੱਲ ਆਮ ਆਵਾਜਾਈ ਰੋਕਣ ਲਈ ਇਮਾਰਤੀ ਵਿਭਾਗ, ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵੱਲੋਂ ਦੀਵਾਰ ਕਰਨ ਆਏ ਰਾਜ ਮਿਸਤਰੀ ਅਤੇ ਮਜ਼ਦੂਰਾਂ ਨੂੰ 31 ਮਈ, 1984 ਨੂੰ ਸੀ.ਆਰ.ਪੀ.ਐਫ. ਨੇ ਬਹੁਤ ਤੰਗ ਪ੍ਰੇਸ਼ਾਨ ਕੀਤਾ। ਮਜ਼ਦੂਰਾਂ ਅਤੇ ਸੀ.ਆਰ.ਪੀ.ਐਫ. ਦਰਮਿਆਨ ਕਾਫ਼ੀ ਗਰਮਾ-ਗਰਮੀ ਹੋਈ। ਮਜ਼ਦੂਰਾਂ ਨੂੰ ਕੋਤਵਾਲੀ ਫੜਾਉਣ ਤਕ ਨੌਬਤ ਆ ਗਈ। ਸੀ.ਆਰ.ਪੀ.ਐਫ. ਦੇ ਇਸ ਵਤੀਰੇ ਤੋਂ ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਉਹ ਗਿਣੀ-ਮਿਥੀ ਸਾਜ਼ਿਸ਼ ਤਹਿਤ ਹਮਲਾਵਰ ਬਣ ਕੇ ਆਏ ਹੋਣ। ਕੁਝ ਹੀ ਸਮੇਂ ਬਾਅਦ ਸੀ.ਆਰ.ਪੀ.ਐਫ. ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵੱਲ ਫਾਇਰਿੰਗ ਸ਼ੁਰੂ ਕਰ ਦਿੱਤੀ ਗਈ।

1 ਜੂਨ, 1984

1 ਜੂਨ, 1984 ਨੂੰ ਸੀ.ਆਰ.ਪੀ.ਐਫ. ਵੱਲੋਂ ਸ੍ਰੀ ਦਰਬਾਰ ਸਾਹਿਬ ਵੱਲ ਦੁਪਹਿਰੇ ਤਕਰੀਬਨ 12:40 ਵਜੇ ਗੋਲਾਬਾਰੀ ਸ਼ੁਰੂ ਹੋਈ। ਉਸ ਸਮੇਂ ਦਫ਼ਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਿਖੇ ਦੁਪਹਿਰ ਦੀ ਰੋਟੀ ਖਾਣ ਦੀ ਛੁੱਟੀ ਹੋਈ ਸੀ। ਮੈਂ ਅਤੇ ਸਰਦਾਰ ਕੁਲਬੀਰ ਸਿੰਘ ਘਰ ਰੋਟੀ ਖਾਣ ਗਏ ਹੋਏ ਸੀ। ਅਸੀਂ ਜਲਦੀ ਜਲਦੀ ਰੋਟੀ ਖਾ ਕੇ ਉਸੇ ਸਮੇਂ ਵਾਪਸ

ਦਫ਼ਤਰ ਵਿਖੇ ਆ ਗਏ।

ਉਸ ਸਮੇਂ ਦੋਹਾਂ ਪਾਸਿਆਂ ਤੋਂ ਗੋਲੀਆਂ ਦੀ ਵਾਛੜ ਹੋ ਰਹੀ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਿਨ੍ਹਾਂ ਵਿੱਚ ਸ. ਬਲਬੀਰ ਸਿੰਘ ਗੁਰਦੁਆਰਾ ਇੰਸਪੈਕਟਰ ਸ਼੍ਰੋਮਣੀ ਕਮੇਟੀ, ਜੋ ਕਿ ਲਾਇਬ੍ਰੇਰੀ ਸ੍ਰੀ ਗੁਰੂ ਰਾਮਦਾਸ ਜੀ ਦੇ ਨਜ਼ਦੀਕ ਕਈ ਹੋਰ ਯਾਤਰੂਆਂ ਨਾਲ ਸ਼ਹੀਦ ਹੋ ਚੁੱਕੇ ਸਨ। ਇਹਨਾਂ ਵਿੱਚ ਬੱਬਰ ਖ਼ਾਲਸਾ ਦਾ ਭਾਈ ਮਹਿੰਗਾ ਸਿੰਘ ਅਤੇ ਸੰਤ ਭਿੰਡਰਾਂਵਾਲਿਆਂ ਦੇ ਚਾਰ ਸਾਥੀ ਵੀ ਸ਼ਾਮਿਲ ਸੀ। ਇਸ ਦੌਰਾਨ ਸਰਕਾਰ ਵੱਲੋਂ ਕਰਫਿਊ ਵੀ ਲਾਗੂ ਕਰ ਦਿੱਤਾ ਗਿਆ। ਸਾਨੂੰ ਦਫ਼ਤਰ ਵਿੱਚ ਹੀ ਰਾਤ ਹੋ ਗਈ। ਜਦੋਂ ਗੋਲਾਬਾਰੀ ਕੁਝ ਮੱਠੀ ਹੋਈ ਤਾਂ ਮੈਂ ਅਤੇ ਹੋਰ ਮੁਲਾਜ਼ਮ ਆਪੋ-ਅਪਣੇ ਘਰਾਂ ਨੂੰ ਗਏ।

ਮੈਂ ਇਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਸਾਰੀ ਵਾਪਰੀ ਘਟਨਾ ਦੀ ਰਿਪੋਰਟ ਸ. ਅਬਿਨਾਸ਼ੀ ਸਿੰਘ (ਪੀ.ਏ. ਪ੍ਰਧਾਨ ਸਾਹਿਬ) ਨੇ ਸ. ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰ ਦਿੱਤੀ ਸੀ।

ਇਕ ਜੂਨ ਸ਼ਾਮ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਗਵਰਨਰ ਪੰਜਾਬ ਅਤੇ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਟੈਲੀਫ਼ੋਨ ਰਾਹੀਂ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਇਹ ਸਭ ਕੋਸ਼ਿਸ਼ਾਂ ਅਸਫ਼ਲ ਰਹੀਆਂ।

2 ਜੂਨ, 1984

ਦੋ ਜੂਨ ਨੂੰ ਸ. ਕੁਲਬੀਰ ਸਿੰਘ, ਭਾਈ ਸ਼ੇਰ ਸਿੰਘ ਅਤੇ ਦਾਸ ਸਵੇਰੇ ਤਕਰੀਬਨ 6:30 ਵਜੇ ਦਫ਼ਤਰ ਸ਼੍ਰੋਮਣੀ ਗੁ: ਪ੍: ਕਮੇਟੀ ਵਿਖੇ ਆ ਗਏ। ਦਫ਼ਤਰ ਕੁੱਝ ਜ਼ਰੂਰੀ ਕੰਮ ਨਿਪਟਾ ਕੇ ਸਵੇਰੇ 7:30 ਵਜੇ ਦੇ ਕਰੀਬ ਜਦੋਂ ਮੈਂ ਸਰਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਕਮਰਾ ਨੰ: 40 ਵਿੱਚ ਗਿਆ, ਤਾਂ ਕੀ ਦੇਖਿਆ ਕਿ ਉਥੇ ਚਾਰ-ਪੰਜ ਲਾਸ਼ਾਂ ਰੱਖੀਆਂ ਹੋਈਆਂ ਸਨ। ਉਨ੍ਹਾਂ ਲਾਸ਼ਾਂ ਉਪਰ ਉਹਨਾਂ ਦੀਆਂ ਦਸਤਾਰਾਂ ਦਿੱਤੀਆਂ ਹੋਈਆਂ ਸਨ। ਇਨ੍ਹਾਂ ਲਾਸ਼ਾਂ ਵਿੱਚੋਂ ਮੈਂ ਸ. ਬਲਬੀਰ ਸਿੰਘ ਗੁਰਦੁਆਰਾ ਇੰਸਪੈਕਟਰ ਸ਼੍ਰੋਮਣੀ ਕਮੇਟੀ ਦੀ ਲਾਸ਼ ਪਹਿਚਾਣ ਕੇ ਵਾਪਸ ਦਫ਼ਤਰ (ਸ਼੍ਰੋਮਣੀ ਕਮੇਟੀ) ਆ ਗਿਆ। ਕੁਝ ਹੀ ਸਮੇਂ ਬਾਅਦ ਇਹ ਸਾਰੀਆਂ ਲਾਸ਼ਾਂ ਪੋਸਟ ਮਾਰਟਮ ਵਾਸਤੇ ਪੁਲਿਸ ਦੀ ਇਕ ਪੂਰੀ ਪਾਰਟੀ ਲੈਣ ਆਈ। ਪਰ ਭਾਈ ਮਹਿੰਗਾ ਸਿੰਘ ਅਤੇ ਸੰਤ ਜਰਨੈਲ ਸਿੰਘ ਜੀ ਦੇ ਸਾਥੀਆਂ ਦੀਆਂ ਲਾਸ਼ਾਂ ਨਹੀਂ ਦਿੱਤੀਆਂ ਗਈਆਂ। ਭਾਈ ਮਹਿੰਗਾ ਸਿੰਘ ਦਾ ਸਸਕਾਰ ਮੰਜੀ ਸਾਹਿਬ ਦੇ ਨਜ਼ਦੀਕ ਅਤੇ ਸੰਤ ਜਰਨੈਲ ਸਿੰਘ ਜੀ ਦੇ ਸਾਥੀਆਂ ਦਾ ਸਸਕਾਰ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਦੇ ਨਜ਼ਦੀਕ ਹੀ ਕਰ ਦਿੱਤਾ ਗਿਆ।

ਦੋ ਜੂਨ ਨੂੰ ਸਵੇਰੇ ਦਸ ਵਜੇ ਸ. ਗੁਰਚਰਨ ਸਿੰਘ ਜੀ ਟੌਹੜਾ (ਪ੍ਰਧਾਨ, ਸ਼੍ਰੋਮਣੀ ਕਮੇਟੀ) ਦਫ਼ਤਰ ਸ਼੍ਰੋਮਣੀ ਕਮੇਟੀ ਪਹੁੰਚ ਗਏ। ਪ੍ਰਧਾਨ ਸਾਹਿਬ ਜੀ ਨੇ ਗਸਤੇ ਵਿੱਚ ਆਈਆਂ ਕਠਿਨਾਈਆਂ ਬਾਰੇ ਸਾਨੂੰ ਦੱਸਿਆ ਕਿ ਜਲ੍ਹਿਆਂ ਵਾਲੇ ਬਾਗ ਦੇ ਨੇੜੇ ਉਹਨਾਂ ਨਾਲ ਬਦਸਲੂਕੀ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਦ ਅਸੀਂ ਬ੍ਰਹਮ ਬੂਟੇ

ਦੇ ਨਜ਼ਦੀਕ ਪਹੁੰਚੇ ਤਾਂ ਪੁਲਿਸ ਨੇ ਸਾਨੂੰ ਕਿਹਾ ਕਿ ਤੁਸੀਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਨਹੀਂ ਜਾ ਸਕਦੇ ਤਾਂ ਟੌਹੜਾ ਸਾਹਿਬ ਨੇ ਕਿਹਾ ਕਿ ਮੈਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹਾਂ, ਮੈਂ ਅੰਦਰ ਜਾਣਾ ਹੈ। ਬੇਸ਼ੱਕ ਤੁਸੀਂ (ਸੀ.ਆਰ.ਪੀ.ਐਫ.) ਮੈਨੂੰ ਗੋਲੀ ਮਾਰ ਦਿਓ। ਉਥੋਂ ਉਹ (ਪ੍ਰਧਾਨ ਸਾਹਿਬ) ਧੱਕੇ ਨਾਲ ਅੰਦਰ ਦਾਖਲ ਹੋ ਗਏ।

ਜਦ ਪ੍ਰਧਾਨ ਸਾਹਿਬ ਦਫ਼ਤਰ ਸ਼੍ਰੋਮਣੀ ਕਮੇਟੀ ਪਹੁੰਚੇ ਤਾਂ ਬਹੁਤ ਥੱਕੇ ਹੋਏ ਅਤੇ ਬਹੁਤ ਹੀ ਬੇਚੈਨ ਨਜ਼ਰ ਆ ਰਹੇ ਸਨ। ਅਸੀਂ ਉਹਨਾਂ ਨੂੰ ਚਾਹ ਆਦਿ ਪਿਲਾਈ। ਉਸ ਤੋਂ ਬਾਅਦ ਪ੍ਰਧਾਨ ਸਾਹਿਬ ਨੇ ਡੀ.ਸੀ. ਅਤੇ ਐਸ.ਐਸ.ਪੀ. ਅੰਮ੍ਰਿਤਸਰ ਨਾਲ ਰਾਬਤਾ ਕਾਇਮ ਕਰਕੇ ਲਾਸ਼ਾਂ ਸੰਬੰਧਤ ਪਰਿਵਾਰਾਂ ਨੂੰ ਦੇਣ ਲਈ ਕਿਹਾ। ਬਾਅਦ ਦੁਪਹਿਰ ਜਦ ਅਸੀਂ ਪ੍ਰਸ਼ਾਦਾ ਛਕਣ ਲਈ ਕਿਹਾ ਤਾਂ ਉਹ ਗੰਭੀਰ ਸੋਚ ਵਿੱਚ ਡੁੱਬੇ ਹੋਏ ਸਨ ਅਤੇ ਉਹਨਾਂ ਨੇ ਅਣਮੰਨੇ ਮਨ ਨਾਲ ਇਕ ਹੀ ਫੁਲਕਾ ਛਕਿਆ।

ਰਾਤ ਨੂੰ ਪ੍ਰਧਾਨ ਸਾਹਿਬ ਨੂੰ ਫੁਲਕਾ ਛਕਾ ਕੇ ਤਕਰੀਬਨ 9 ਵਜੇ ਅਸੀਂ ਆਪਣੇ ਘਰ (ਪਲਾਟ ਨੰ: 64) ਵਿੱਚ ਚਲੇ ਗਏ ਕਿਉਂਕਿ ਬਾਗ ਵਾਲੀ ਗਲੀ ਰਾਹੀਂ ਘਰ ਆਇਆ ਜਾ ਸਕਦਾ ਸੀ। ਇਸ ਪਾਸੇ ਅਜੇ ਸੀ.ਆਰ.ਪੀ.ਐਫ. ਚੌਕ ਪ੍ਰਾਗਦਾਸ ਤੋਂ ਅੱਗੇ ਨਹੀਂ ਸੀ ਆਈ।

3 ਜੂਨ, 1984

3 ਜੂਨ, 1984 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹੋਣ ਕਰਕੇ ਸਵੇਰੇ ਛੇ ਵਜੇ ਤੋਂ ਦਸ ਵਜੇ ਤੱਕ ਅਚਾਨਕ ਹੀ ਲੱਗੇ ਹੋਏ ਕਰਫਿਊ ਵਿੱਚ ਢਿੱਲ ਦੇ ਦਿੱਤੀ ਗਈ। ਸਵੇਰੇ ਸਾਢੇ ਛੇ ਵਜੇ ਦੇ ਕਰੀਬ ਕਰਫਿਊ ਵਿੱਚ ਢਿੱਲ ਹੋਣ ਕਾਰਨ ਮੈਂ ਦਫ਼ਤਰ ਸ਼੍ਰੋਮਣੀ ਕਮੇਟੀ ਆ ਗਿਆ। ਹਾਲਾਤ ਨੂੰ ਦੇਖਦੇ ਹੋਏ ਮੈਂ ਆਪਣਾ ਕਛਹਿਰਾ ਤੇ ਤੌਲੀਆ ਆਦਿ ਵੀ ਨਾਲ ਲੈ ਆਇਆ। ਮੇਰੇ ਨਾਲ ਭਾਈ ਸ਼ੇਰ ਸਿੰਘ ਤੇ ਕੁਲਬੀਰ ਸਿੰਘ ਵੀ ਆ ਗਏ।

ਅਸੀਂ ਸਾਰਾ ਦਿਨ (3 ਜੂਨ) ਦਫ਼ਤਰ ਵਿਖੇ ਹੀ ਰਹੇ। ਬਾਹਰ ਵਿਗੜ ਰਹੇ ਹਾਲਾਤ ਬਾਰੇ ਥੋੜਾ ਥੋੜਾ ਪਤਾ ਲੱਗ ਰਿਹਾ ਸੀ। ਮੈਂ ਅਤੇ ਭਾਈ ਸ਼ੇਰ ਸਿੰਘ ਨੇ ਸ. ਕੁਲਬੀਰ ਸਿੰਘ ਨੂੰ ਘਰ ਜਾਣ ਵਾਸਤੇ ਕਿਹਾ। ਉਨ੍ਹਾਂ ਕੋਲ ਕਰਫਿਊ ਪਾਸ ਹੋਣ ਕਾਰਨ ਉਹ ਘਰ ਚਲੇ ਗਏ।

ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ 3 ਜੂਨ, 1984 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ-ਮੇਲਾ ਹੋਣ ਕਾਰਨ ਅਤੇ ਕਰਫਿਊ ਵਿੱਚ ਮਿਲੀ ਢਿੱਲ ਕਾਰਨ ਬਹੁਤ ਸਾਰੀ ਸੰਗਤ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ-ਇਸ਼ਨਾਨ ਕਰਨ ਆ ਰਹੀ ਸੀ। ਪਰ ਬਾਅਦ ਵਿੱਚ ਅਚਾਨਕ ਹੀ ਸਰਕਾਰ ਵੱਲੋਂ ਸਖ਼ਤ ਹਦਾਇਤਾਂ ਰਾਹੀਂ ਕਰਫਿਊ ਮੁੜ ਲਾਗੂ ਕਰ ਦਿੱਤਾ ਗਿਆ, ਜਿਸ ਕਾਰਨ ਦਰਸ਼ਨ-ਇਸ਼ਨਾਨ ਕਰਨ ਆਈ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਹੀ ਰੁਕਣਾ ਪੈ ਗਿਆ।

3 ਜੂਨ ਨੂੰ ਅਚਾਨਕ ਸਾਨੂੰ ਇਹ ਵੀ ਪਤਾ ਲੱਗਾ ਕਿ ਸਾਰਾ ਪੰਜਾਬ ਫ਼ੌਜ ਦੇ

ਹਵਾਲੇ ਕਰ ਦਿੱਤਾ ਗਿਆ ਹੈ ਅਤੇ ਆਵਾਜਾਈ ਉਪਰ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਦੌਰਾਨ ਅੰਮ੍ਰਿਤਸਰ ਦਾ ਟੈਲੀਫੋਨ ਅਤੇ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਤਾਂ ਕਿ ਅੰਮ੍ਰਿਤਸਰ ਅੰਦਰ ਵਾਪਰ ਰਹੀਆਂ ਘਟਨਾਵਾਂ ਬਾਰੇ ਬਾਕੀ ਪੰਜਾਬ ਜਾਂ ਦੇਸ਼ ਵਿੱਚ ਪਤਾ ਨਾ ਲੱਗ ਸਕੇ।

ਇਸ ਤਰ੍ਹਾਂ ਅਸੀਂ ਦਿਨ ਵੇਲੇ ਦਫ਼ਤਰ ਦਾ ਕੰਮ ਨਿਪਟਾਉਂਦੇ ਰਹੇ ਅਤੇ ਰਾਤ ਨੂੰ ਭਾਈ ਸ਼ੇਰ ਸਿੰਘ ਅਤੇ ਦਾਸ, ਸ. ਤੇਜਾ ਸਿੰਘ ਸਮੁੰਦਰੀ ਹਾਲ ਦੇ ਸਾਹਮਣੇ ਬਣੇ ਪਾਰਕ ਵਿੱਚ ਹੀ ਸੁੱਤੇ। ਸ. ਭਾਨ ਸਿੰਘ ਜੀ (ਸਕੱਤਰ, ਸ਼੍ਰੋਮਣੀ ਗੁ:ਪ੍ਰ: ਕਮੇਟੀ) ਅਤੇ ਸ. ਅਬਿਨਾਸ਼ੀ ਸਿੰਘ (ਪੀ.ਏ. ਪ੍ਰਧਾਨ ਸਾਹਿਬ) ਵੀ ਰਾਤ ਨੂੰ ਦਫ਼ਤਰ ਵਿਖੇ ਹੀ ਸੌਂ ਗਏ ਸਨ। ਪ੍ਰਧਾਨ ਸਾਹਿਬ (ਟੌਹੜਾ ਸਾਹਿਬ) ਵੀ ਆਪਣੇ ਰਿਹਾਇਸ਼ੀ ਕਮਰੇ ਵਿੱਚ ਸੁੱਤੇ ਸਨ।

4 ਜੂਨ ਨੂੰ ਸ੍ਰੀ ਦਰਬਾਰ ਸਾਹਿਬ 'ਤੇ ਵੱਡਾ ਹਮਲਾ

4 ਜੂਨ, 1984 ਨੂੰ ਸਵੇਰੇ ਅਸੀਂ ਬਾਗ ਵਿੱਚ ਸੁੱਤੇ ਹੋਏ ਸੀ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘ ਸਾਹਿਬ ਵੱਲੋਂ ਲਏ ਗਏ ਮੁਖਵਾਕ ਦੀ ਮਨਮੋਹਣੀ ਆਵਾਜ਼ ਨੇ ਸਾਨੂੰ ਜਗਾ ਦਿੱਤਾ। ਅਸੀਂ ਬੈਠ ਕੇ ਮੁਖਵਾਕ ਸਰਵਣ ਕਰਨ ਲੱਗੇ। ਸਿੰਘ ਸਾਹਿਬ ਨੇ ਮੁਖਵਾਕ ਉਪਰੰਤ ਫ਼ਤਹਿ ਬੁਲਾਈ ਹੀ ਸੀ ਕਿ ਉਸ ਸਮੇਂ ਮਿਲਟਰੀ ਅਤੇ ਸੀ.ਆਰ.ਪੀ.ਐਫ. ਵੱਲੋਂ ਗੋਲੀਆਂ ਚੱਲਣ ਦੀ ਆਵਾਜ਼ ਨੇ ਸਾਨੂੰ ਚੌਂਕਾ ਕੇ ਰੱਖ ਦਿੱਤਾ। ਉਦੋਂ ਚਾਰ ਵੱਜ ਕੇ ਚਾਲੀ ਮਿੰਟ ਦਾ ਸਮਾਂ ਸੀ। ਅਸੀਂ ਉਸੇ ਸਮੇਂ ਦਫ਼ਤਰ ਵਿੱਚ ਸੁੱਤੇ ਸ. ਭਾਨ ਸਿੰਘ ਅਤੇ ਸ. ਅਬਿਨਾਸ਼ੀ ਸਿੰਘ ਜੀ ਨੂੰ ਦੱਸਣ ਲਈ ਗਏ ਪਰ ਉਹ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਹੈਰਾਨੀ ਵਾਲੇ ਹਾਵ-ਭਾਵ ਪ੍ਰਗਟ ਕਰ ਰਹੇ ਸਨ। ਉਸ ਤੋਂ ਬਾਅਦ ਅਸੀਂ ਪ੍ਰਧਾਨ ਸਾਹਿਬ (ਟੌਹੜਾ ਸਾਹਿਬ) ਪਾਸ ਉਨ੍ਹਾਂ ਦੇ ਰਿਹਾਇਸ਼ੀ ਕਮਰੇ ਵਿੱਚ ਗਏ। ਸਾਡੇ ਜਾਣ ਤੋਂ ਪਹਿਲਾਂ ਉਹ ਵੀ ਭਾਵੁਕ ਹੋਏ ਬੈਠੇ ਸਨ। ਉਨ੍ਹਾਂ ਨੂੰ ਵੀ ਹੋ ਰਹੀ ਫਾਇਰਿੰਗ ਬਾਰੇ ਦੱਸਿਆ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਪਰ ਚਾਰ-ਚੁਫੇਰੇ ਤੋਂ ਲਗਾਤਾਰ ਗੋਲਾਬਾਰੀ ਹੋ ਰਹੀ ਸੀ। ਹੋ ਰਹੀ ਗੋਲਾਬਾਰੀ ਦੌਰਾਨ ਬਹੁਤ ਸਾਰੀਆਂ ਗੋਲੀਆਂ ਦੀ ਬੁਛਾੜ ਸ. ਤੇਜਾ ਸਿੰਘ ਸਮੁੰਦਰੀ ਹਾਲ ਵਾਲੇ ਪਾਸੇ ਆ ਰਹੀ ਸੀ। ਅਸੀਂ 4 ਜੂਨ ਨੂੰ ਚੱਲ ਰਹੀਆਂ ਗੋਲੀਆਂ ਤੋਂ ਬਚ-ਬਚਾਅ ਕੇ ਸਾਰਾ ਦਿਨ ਦਫ਼ਤਰ ਵਿੱਚ ਲੰਗਰ-ਪਾਣੀ ਦਾ ਪ੍ਰਬੰਧ ਕਰਦੇ ਰਹੇ। ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿੱਚ ਜੋ ਰਾਸ਼ਨ ਸੀ, ਉਸ ਨੂੰ ਹੀ ਤਿਆਰ ਕਰਕੇ ਉਥੇ ਮੌਜੂਦ ਸਾਰੇ ਸੱਜਣਾਂ ਨੂੰ ਛਕਾਇਆ ਕਿਉਂਕਿ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਜ਼ਿਆਦਾ ਗੋਲਾਬਾਰੀ ਹੋਣ ਕਰਕੇ ਜਾਣਾ ਸੰਭਵ ਨਹੀਂ ਸੀ।

5 ਜੂਨ, 1984

5 ਜੂਨ ਨੂੰ ਗੋਲਾਬਾਰੀ ਬਹੁਤ ਤੇਜ਼ ਹੋ ਰਹੀ ਸੀ, ਜਿਸ ਕਾਰਨ ਕਿਸੇ ਵੀ ਪਾਸੇ ਆਉਣਾ-ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਟੌਹੜਾ ਸਾਹਿਬ ਜੀ ਨੇ ਹਰਚੰਦ ਸਿੰਘ

ਲੌਂਗੋਵਾਲ ਨੂੰ ਬਾਅਦ ਦੁਪਹਿਰ ਸੁਨੇਹਾ ਭੇਜਿਆ ਕਿ ਸੰਤ ਜੀ, ਗੋਲਾਬਾਰੀ ਬਹੁਤ ਹੋ ਰਹੀ ਹੈ, ਤੁਸੀਂ ਥੱਲੇ ਆ ਜਾਵੋ। ਸੰਤ ਜੀ, ਟੌਹੜਾ ਸਾਹਿਬ ਦੀ ਮਨੋਭਾਵਨਾ ਦੀ ਕਦਰ ਕਰਦਿਆਂ ਗੋਲਾਬਾਰੀ ਤੋਂ ਬਚ-ਬਚਾਅ ਕੇ ਆਪਣੇ ਸਾਥੀਆਂ ਸਮੇਤ ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿੱਚ ਆ ਗਏ।

ਕੁਝ ਹੀ ਸਮੇਂ ਬਾਅਦ ਪ੍ਰਧਾਨ ਸਾਹਿਬ ਜੀ ਦੇ ਕਮਰੇ ਵਿੱਚ ਸ. ਦਰਸ਼ਨ ਸਿੰਘ ਈਸਾਪੁਰ ਅਤੇ ਬੀਬੀ ਅਮਰਜੀਤ ਕੌਰ (ਸੁਪਤਨੀ ਸ਼ਹੀਦ ਭਾਈ ਫ਼ੌਜਾ ਸਿੰਘ) ਵੀ ਆ ਗਏ, ਜਿਸ ਸਮੇਂ ਦਾਸ ਅਤੇ ਸ. ਜਗਜੀਤ ਸਿੰਘ ਜੱਗੀ ਪਾਣੀ ਆਦਿ ਲੈਣ ਲਈ ਬਾਹਰ ਨਿਕਲਦੇ ਤਾਂ ਪ੍ਰਧਾਨ ਸਾਹਿਬ ਸਾਨੂੰ ਹਰ ਵਾਰ ਕਹਿੰਦੇ ਕਿ ਕਮਰੇ ਤੋਂ ਬਾਹਰ ਘੱਟ ਜਾਓ, ਬਾਹਰ ਫਾਇਰਿੰਗ ਬਹੁਤ ਤੇਜ਼ ਹੋ ਰਹੀ ਹੈ। ਮੈਂ ਪ੍ਰਧਾਨ ਸਾਹਿਬ ਨੂੰ ਕਿਹਾ ਕਿ ਮਰਨਾ ਤਾਂ ਇਕ ਵਾਰੀ ਹੈ ਹੀ, ਭਾਵੇਂ ਹੁਣੇ ਗੋਲੀ ਵੱਜ ਜਾਵੇ, ਫਿਰ ਆਪਾਂ ਭੁੱਖੇ/ਤਿਹਾਏ ਕਿਉਂ ਮਰੀਏ?

5 ਜੂਨ ਸਾਡੇ ਕੋਲ ਲੰਗਰ ਆਦਿ ਲਈ ਕੋਈ ਰਸਦ ਆਦਿ ਨਹੀਂ ਸੀ। ਪਰ ਸ਼ਾਮ ਦੇ ਤਕਰੀਬਨ 4 ਵਜੇ ਗੁਰੂ ਨਾਨਕ ਨਿਵਾਸ ਨਾਲ ਲੱਗਦੀ ਬਾਗ ਵਾਲੀ ਗਲੀ ਦੀ ਸੰਗਤ ਨੇ ਲੰਗਰ ਤਿਆਰ ਕੀਤਾ। ਸੰਗਤ ਨੇ ਹੋ ਰਹੀ ਭਾਰੀ ਗੋਲਾਬਾਰੀ ਦੀ ਪਰਵਾਹ ਨਾ ਕਰਦਿਆਂ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ ਤਿਆਰ ਕੀਤਾ ਲੰਗਰ ਕੰਪਲੈਕਸ ਵਿੱਚ ਪੁੱਜਦਾ ਕੀਤਾ। ਅਸੀਂ ਸਾਰਿਆਂ ਨੇ ਰਲ ਮਿਲ ਕੇ ਇਕ-ਇਕ, ਦੋ-ਦੋ ਪ੍ਰਸ਼ਾਦੇ ਛਕ ਕੇ ਹੀ ਗੁਜ਼ਾਰਾ ਕੀਤਾ।

5 ਜੂਨ ਨੂੰ ਸ਼ਾਮ ਦੇ ਛੇ ਵਜੇ ਦੇ ਕਰੀਬ ਘੰਟਾ ਘਰ ਵਾਲੇ ਪਾਸਿਓਂ ਇਹ ਆਵਾਜ਼ ਸੁਣਾਈ ਦਿੱਤੀ ਕਿ ਬਾਹਰ ਕਰਫਿਊ ਵਿੱਚ ਢਿੱਲ ਦਿੱਤੀ ਗਈ ਹੈ। ਢਿੱਲ ਦਿੱਤੀ ਨਹੀਂ ਸੀ ਗਈ, ਇਹ ਸਰਕਾਰ ਦੀ ਕੋਝੀ ਚਾਲ ਸੀ ਕਿ ਜੋ ਵੀ ਬਾਹਰ ਆਵੇਗਾ, ਉਸ ਨੂੰ ਮਾਰ ਕੇ ਮੁਕਾ ਦਿੱਤਾ ਜਾਵੇਗਾ। ਦਾਸ ਸਾਢੇ ਛੇ ਵਜੇ ਦੇ ਕਰੀਬ ਬਚ-ਬਚਾ ਕੇ ਬਾਗ ਵਾਲੀ ਗਲੀ ਰਾਹੀਂ ਘਰ ਥੋੜ੍ਹਾ ਜਿਹਾ ਸੁੱਕਾ ਦੁੱਧ ਦੇਣ ਗਿਆ। ਜਦੋਂ ਮੈਂ ਘਰੋਂ ਵਾਪਸ ਆਉਣ ਲੱਗਾ ਤਾਂ ਘਰ ਆਈ ਸ. ਅਮਰਜੀਤ ਸਿੰਘ ਸੁਪਰਵਾਈਜ਼ਰ ਟਰੱਸਟ ਦੀ ਸੱਸ ਕਹਿਣ ਲੱਗੀ, "ਜਸਵੰਤ ਸਿੰਘ, ਤੁਸੀਂ ਨਾ ਜਾਵੋ।" ਮੈਂ ਉਨ੍ਹਾਂ ਨੂੰ ਕਿਹਾ, "ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖਣ ਦੀ ਖ਼ਾਤਰ ਬਹੁਤ ਸਾਰੇ ਮੇਰੇ ਸਾਥੀ ਅੰਦਰ ਹਨ, ਮੈਂ ਜ਼ਰੂਰ ਜਾਵਾਂਗਾ।" ਮੈਂ ਉਨ੍ਹਾਂ ਦੇ ਬੋਲਾਂ ਨੂੰ ਅਣਸੁਣਿਆ ਕਰਕੇ ਘਰੋਂ ਤੁਰ ਪਿਆ।

ਬਾਗ ਵਾਲੀ ਗਲੀ ਰਾਹੀਂ ਮੈਂ ਸ੍ਰੀ ਗੁਰੂ ਰਾਮਦਾਸ ਨਿਵਾਸ ਅੰਦਰ ਪਾਣੀ ਵਾਲੀ ਟੈਂਕੀ ਦੇ ਨਜ਼ਦੀਕ ਪੁੱਜਾ ਹੀ ਸੀ ਕਿ ਇਕ ਬਹੁਤ ਹੀ ਸ਼ਕਤੀਸ਼ਾਲੀ ਬੰਬ ਪਾਣੀ ਦੀ ਟੈਂਕੀ ਵਿੱਚ ਆ ਕੇ ਵੱਜਾ ਤੇ ਦੇਖਦਿਆਂ ਹੀ ਦੇਖਦਿਆਂ ਪਾਣੀ ਦੀ ਟੈਂਕੀ ਟੁੱਟ ਕੇ ਪਾਣੀ ਤੋਂ ਸੱਖਣੀ ਹੋਣ ਲੱਗੀ। ਮੈਂ ਭੱਜ ਕੇ ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿੱਚ ਆ ਗਿਆ, ਉਥੋਂ ਰੈਬਰ ਲੈ ਕੇ ਕੂਲਰ ਵਿੱਚ ਜਮ੍ਹਾਂ ਹੋਏ ਪਾਣੀ ਨਾਲ ਰੈਬਰ ਭਰ ਲਿਆ ਅਤੇ ਦਫ਼ਤਰ ਲੈ ਜਾ ਕੇ ਰੱਖ ਦਿੱਤਾ। ਇਸ ਤੋਂ ਬਾਅਦ ਗੋਲਾਬਾਰੀ ਐਨੀ ਤੇਜ਼ ਹੋ ਚੁੱਕੀ ਸੀ ਕਿ ਮੈਂ

ਵਾਪਸ ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿੱਚ ਨਾ ਜਾ ਸਕਿਆ। ਪ੍ਰਧਾਨ ਸਾਹਿਬ ਕੋਲ ਭਾਈ ਧੰਨਾ ਸਿੰਘ, ਭਾਈ ਹਰਨਾਜ਼ਰ ਸਿੰਘ ਅਤੇ ਭਾਈ ਗੁਰਨਾਮ ਸਿੰਘ, ਜੋ ਦਫ਼ਤਰ ਸ਼੍ਰੋਮਣੀ ਕਮੇਟੀ ਦੇ ਗੇਟ ਤੋਂ ਡਿਊਟੀ ਕਰ ਕੇ ਆਏ ਸਨ, ਉਹ ਹੀ ਰਹਿ ਗਏ।

ਦਫ਼ਤਰ ਵਿੱਚ ਮੇਰੇ ਤੋਂ ਇਲਾਵਾ ਸ. ਭਾਨ ਸਿੰਘ ਸਕੱਤਰ, ਸ. ਅਬਿਨਾਸ਼ੀ ਸਿੰਘ ਪੀ.ਏ., ਸ. ਬਲਵੰਤ ਸਿੰਘ ਰਾਮੂਵਾਲੀਆ, ਸ. ਦਾਰਾ ਸਿੰਘ ਐਡਵੋਕੇਟ, ਸ. ਰਾਜ ਸਿੰਘ ਮੁਕਤਸਰੀ, ਸ. ਦਿਆਲ ਸਿੰਘ ਅਤੇ ਸ. ਗੁਰਦਰਸ਼ਨ ਸਿੰਘ ਰਹਿ ਗਏ ਸਨ। ਰੈਬਰ ਵਿੱਚ ਪਾਣੀ ਬਹੁਤ ਘੱਟ ਹੋਣ ਕਾਰਨ ਅਸੀਂ ਸਾਰਿਆਂ ਨੇ ਬਹੁਤ ਹੀ ਸੰਜਮ ਤੋਂ ਕੰਮ ਲੈਂਦਿਆਂ ਓਨੇ ਹੀ ਪਾਣੀ ਨਾਲ ਗੁਜ਼ਾਰਾ ਕੀਤਾ।

5 ਜੂਨ ਦੀ ਰਾਤ ਘੰਟਾ-ਘਰ ਵਾਲੀ ਸਾਈਡ ਤੋਂ ਪੈਦਲ ਫ਼ੌਜ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋ ਚੁੱਕੀ ਸੀ। ਫਿਰ ਰਾਤ ਦੇ ਕਰੀਬ ਦਸ ਵਜੇ ਸਾਨੂੰ ਪਤਾ ਲੱਗਾ ਕਿ ਸਰਾਂ ਸ੍ਰੀ ਗੁਰੂ ਰਾਮਦਾਸ ਜੀ ਵਾਲੇ ਪਾਸਿਓਂ ਗੇਟ ਤੋੜ ਕੇ ਮਿਲਟਰੀ ਤੋਪਾਂ, ਟੈਂਕਾਂ ਨਾਲ ਲੈਸ ਹੋ ਕੇ ਅੰਦਰ ਦਾਖਲ ਹੋ ਚੁੱਕੀ ਹੈ। ਸਰਾਂ ਦੇ ਬਿਲਕੁਲ ਸਾਹਮਣਿਓਂ ਵੱਡੇ-ਵੱਡੇ ਫਾਇਰ ਹੋਣ ਦੀ ਆਵਾਜ਼ ਆ ਰਹੀ ਸੀ, ਜਿਨ੍ਹਾਂ ਦੀ ਧਮਕ ਨਾਲ ਕਮਰਿਆਂ ਦੀਆਂ ਕੰਧਾਂ ਤੇ ਦਰਵਾਜ਼ੇ ਕੰਬ ਰਹੇ ਸਨ ਅਤੇ ਰੋਸ਼ਨਦਾਨਾਂ ਦੇ ਸ਼ੀਸ਼ੇ ਟੁੱਟ ਰਹੇ ਸਨ। ਜਿਸ ਤੋਂ ਇਹ ਪ੍ਰਤੀਤ ਹੋ ਰਿਹਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਤੋਪਾਂ ਟੈਂਕਾਂ ਨਾਲ ਹਮਲਾ ਕਰ ਦਿੱਤਾ ਗਿਆ ਹੈ।

ਮੈਨੂੰ ਉਸ ਸਮੇਂ ਸ. ਗੁਰਦਰਸ਼ਨ ਸਿੰਘ ਦੀ ਕਹੀ ਗੱਲ ਯਾਦ ਹੈ ਕਿ ਜੇ ਫ਼ੌਜ ਆਪਣੇ ਕਾਨੂੰਨ ਅਨੁਸਾਰ ਚੱਲੀ ਤਾਂ ਜਾਨ ਬਚ ਸਕਦੀ ਹੈ, ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਫ਼ੌਜ ਆਪਣੇ ਕਾਨੂੰਨ ਨੂੰ ਛਿੱਕੇ 'ਤੇ ਟੰਗ ਕੇ ਅੰਨ੍ਹੇਵਾਹ ਫਾਇਰਿੰਗ ਕਰਕੇ ਸਾਡੇ ਪਵਿੱਤਰ ਅਸਥਾਨਾਂ ਅਤੇ ਸਿੱਖ ਸੰਗਤ ਦਾ ਘਾਣ ਸ਼ਰ੍ਹੇਆਮ ਕਰੇਗੀ।

5 ਜੂਨ ਤੇ 6 ਜੂਨ, 1984 ਦੀ ਦਰਮਿਆਨੀ ਰਾਤ ਨੂੰ ਮੈਂ ਅਤੇ ਹੋਰ ਬਹੁਤ ਸਾਰੇ ਸੱਜਣ ਜੋ ਪ੍ਰਧਾਨ ਸਾਹਿਬ ਦੇ ਦਫ਼ਤਰ ਵਿਖੇ ਮੌਜੂਦ ਸਨ, ਜਦ ਕਿਸੇ ਨੂੰ ਪਿਆਸ ਲੱਗਦੀ ਤਾਂ ਮੈਂ ਗਿਲਾਸ ਧੋ ਕੇ ਹਰ ਇਕ ਨੂੰ ਜਲ ਛਕਾਉਂਦਾ ਰਿਹਾ। ਸਾਡੇ ਕੋਲ ਪਾਣੀ ਬਹੁਤ ਥੋੜ੍ਹਾ ਰਹਿ ਗਿਆ ਸੀ। ਸ. ਬਲਵੰਤ ਸਿੰਘ ਰਾਮੂਵਾਲੀਆ ਕਹਿਣ ਲੱਗੇ, "ਭਾਈ ਜਸਵੰਤ ਸਿੰਘ ਜੀ! ਆਪਣੇ ਕੋਲ ਪਾਣੀ ਹੁਣ ਥੋੜ੍ਹਾ ਹੈ। ਤੁਸੀਂ ਧੋਵੋ ਨਾ, ਇਸੇ ਤਰ੍ਹਾਂ ਹੀ ਸਾਰਿਆਂ ਨੂੰ ਲੋੜ ਪੈਣ 'ਤੇ ਘੁੱਟ-ਘੁੱਟ ਪਾਣੀ ਦੇਈ ਜਾਵੋ। ਕਿਉਂਕਿ ਹੁਣ ਆਪਣਾ ਸਾਰਿਆਂ ਦਾ ਜਨਮ-ਮਰਨ ਇਕੱਠਾ ਹੋ ਚੁੱਕਿਆ ਹੈ।"

6 ਜੂਨ, 1984

6 ਜੂਨ, 1984 ਨੂੰ ਸਵੇਰੇ ਤਕਰੀਬਨ ਸਾਢੇ ਚਾਰ ਵਜੇ ਪ੍ਰਧਾਨ ਸਾਹਿਬ ਤੇ ਹਰਚੰਦ ਸਿੰਘ ਲੌਂਗੋਵਾਲ ਦੇ ਫ਼ੌਜੀ ਅਧਿਕਾਰੀਆਂ ਨਾਲ ਉੱਚੀ ਉੱਚੀ ਬੋਲਣ ਦੀ ਆਵਾਜ਼ ਸੁਣਾਈ ਦਿੱਤੀ। ਪ੍ਰਧਾਨ ਸਾਹਿਬ ਕਹਿ ਰਹੇ ਸਨ ਕਿ ਤੁਸੀਂ ਸਾਨੂੰ ਆਜ਼ਾਦ ਦੇਸ਼ ਦੇ ਨਾਗਰਿਕ ਨਹੀਂ ਸਮਝਦੇ, ਇਸ ਤਰ੍ਹਾਂ ਦਾ ਵਰਤਾਓ ਤਾਂ ਵਿਦੇਸ਼ੀਆਂ ਨਾਲ ਵੀ ਨਹੀਂ ਕਰੀਦਾ, ਜਿਸ

ਤਰ੍ਹਾਂ ਦਾ ਤੁਸੀਂ ਸਾਡੇ ਨਾਲ ਕਰ ਰਹੇ ਹੋ। ਪਰ ਫ਼ੌਜੀ ਅਧਿਕਾਰੀਆਂ ਨੇ ਉਹਨਾਂ ਦੀ ਗੱਲ ਨੂੰ ਅਣਸੁਣਿਆ ਕਰ ਦਿੱਤਾ ਸੀ।

ਸ. ਅਬਿਨਾਸ਼ੀ ਸਿੰਘ ਜੀ ਨੇ ਸਾਨੂੰ ਆਖਿਆ ਕਿ ਇਸ ਤਰ੍ਹਾਂ ਲੱਗ ਰਿਹਾ ਹੈ ਜਿਸ ਤਰ੍ਹਾਂ ਪ੍ਰਧਾਨ ਸਾਹਿਬ ਤੇ ਸੰਤ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹੁਣ ਆਪਾਂ ਵੀ ਬਾਹਰ ਨਿਕਲੀਏ। ਜਦ ਅਸੀਂ ਸਾਰੇ ਬਾਹਰ ਨਿਕਲੇ ਤਾਂ ਮੈਂ ਦੇਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰ ਇਮਾਰਤ ਨੂੰ ਅੱਗ ਦੀਆਂ ਲਪਟਾਂ ਨੇ ਆਪਣੇ ਕਲਾਵੇ ਵਿੱਚ ਘੇਰਿਆ ਹੋਇਆ ਸੀ। ਅੱਗੇ ਮਿਲਟਰੀ ਵਾਲੇ ਚੈਕਿੰਗ ਕਰਕੇ ਅਤੇ ਕਿਰਪਾਨਾਂ ਲਾਹ ਕੇ ਨਾਲੀਆਂ (ਖਲੋਤੇ ਪਾਣੀ) ਵਿੱਚ ਸੁੱਟੀ ਜਾ ਰਹੇ ਸਨ। ਉਹ ਸਾਨੂੰ ਕਹਿ ਰਹੇ ਸਨ ਕਿ ਤੁਸੀਂ ਸਾਰੇ ਲਾਈਨ ਵਿੱਚ ਹੀ ਚੱਲੋ। ਸਾਨੂੰ ਗੁਰੂ ਰਾਮਦਾਸ ਸਰਾਂ ਦੇ ਬਰਾਂਡੇ ਵਿੱਚ ਖੜ੍ਹਾ ਕਰ ਦਿੱਤਾ ਗਿਆ। ਜਿੱਥੇ ਸਾਨੂੰ ਖੜ੍ਹਾ ਕੀਤਾ ਗਿਆ ਸੀ, ਉਥੇ ਇਕ ਕਮਰੇ ਦੇ ਬਾਹਰ ਮਿੰਨੀ ਤੋਪ ਅਤੇ ਕਾਫ਼ੀ ਹਥਿਆਰਬੰਦ ਫ਼ੌਜੀ ਆਪੋ-ਆਪਣੀਆਂ ਪੁਜ਼ੀਸ਼ਨਾਂ ਲੈ ਕੇ ਖੜ੍ਹੇ ਸਨ। ਕੁਝ ਸਮੇਂ ਬਾਅਦ ਸਾਨੂੰ ਪਤਾ ਲੱਗਾ ਕਿ ਇਸ ਕਮਰੇ ਵਿੱਚ ਹੀ ਸੰਤ ਹਰਚੰਦ ਸਿੰਘ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਡੱਕਿਆ ਹੋਇਆ ਹੈ। ਇਸ ਕਮਰੇ ਦੇ ਅੱਗੇ ਹਥਿਆਰਬੰਦ ਫ਼ੌਜ ਅਤੇ ਛੋਟੀ ਤੋਪ ਇਸ ਤਰ੍ਹਾਂ ਫਿੱਟ ਕੀਤੀ ਹੋਈ ਸੀ, ਜਿਸ ਤਰ੍ਹਾਂ ਅਸੀਂ ਬਹੁਤ ਵੱਡੇ ਦੋਸ਼ੀ ਹੋਈਏ।

ਕੁਝ ਸੱਜਣ ਜਿਨ੍ਹਾਂ ਵਿੱਚ ਸ. ਭਾਨ ਸਿੰਘ, ਸ. ਅਬਿਨਾਸ਼ੀ ਸਿੰਘ, ਸ. ਦਿਆਲ ਸਿੰਘ, ਸ. ਗੁਰਦਰਸ਼ਨ ਸਿੰਘ, ਅਤੇ ਭਾਈ ਗੁਰਨਾਮ ਸਿੰਘ (ਸੇਵਾਦਾਰ) ਸਾਡੇ ਤੋਂ ਅੱਗੇ ਲੰਘ ਚੁੱਕੇ ਸਨ। ਇਨ੍ਹਾਂ ਤੋਂ ਪਹਿਲਾਂ ਸ. ਨਛੱਤਰ ਸਿੰਘ, ਸ. ਬੱਗਾ ਸਿੰਘ (ਮੈਂਬਰਾਨ ਸ਼੍ਰੋਮਣੀ ਕਮੇਟੀ) ਅਤੇ ਕਈ ਮੈਂਬਰ ਸ਼੍ਰੋਮਣੀ ਅਕਾਲੀ ਦਲ ਵੀ ਲੰਘ ਗਏ। ਸਰਾਂ ਦੇ ਕਮਰਿਆਂ ਵਿੱਚ ਗ੍ਰਿਫ਼ਤਾਰੀ ਦੇਣ ਆਈ ਕੁਝ ਸੰਗਤ ਤੇ ਹੋਰ ਯਾਤਰੂ ਸਾਡੇ ਤੋਂ ਪਹਿਲਾਂ ਹੀ ਬਿਠਾਏ ਹੋਏ ਸਨ। ਇਨ੍ਹਾਂ ਉਪਰ ਸਰਾਂ ਦੀ ਉਪਰਲੀ ਮੰਜ਼ਿਲ ਤੋਂ ਗ੍ਰਨੇਡ ਸੁੱਟਿਆ ਗਿਆ, ਜਿਸ ਨਾਲ ਤਰਥੱਲੀ ਮੱਚ ਗਈ ਅਤੇ ਚੀਕ-ਚਿਹਾੜਾ ਪੈ ਗਿਆ। ਕਿਸੇ ਨੂੰ ਕੁਝ ਨਹੀਂ ਪਤਾ ਸੀ ਕਿ ਕੋਈ ਕਿਸ ਪਾਸੇ ਜਾਵੇ, ਕਿਉਂਕਿ ਉਠਣ 'ਤੇ ਫ਼ੌਜ ਵੱਲੋਂ ਅੰਧਾਧੁੰਦ ਫਾਇਰਿੰਗ ਕੀਤੀ ਗਈ। ਇਨ੍ਹਾਂ ਵਿੱਚੋਂ ਸ. ਦਿਆਲ ਸਿੰਘ, ਸ. ਰਾਜ ਸਿੰਘ, ਸ. ਗੁਰਦਰਸ਼ਨ ਸਿੰਘ, ਭਾਈ ਮਲਕੀਤ ਸਿੰਘ ਅਤੇ ਹੋਰ ਬਹੁਤ ਸਾਰੇ ਲੋਕ ਵੀ ਫੱਟੜ ਹੋ ਚੁੱਕੇ ਸਨ। ਇਨ੍ਹਾਂ ਵਿੱਚੋਂ ਕਈ ਗੰਭੀਰ ਫੱਟੜ ਹੋ ਗਏ ਸਨ।

ਸ. ਨਛੱਤਰ ਸਿੰਘ ਭਲਵਾਨ, ਸ. ਬੱਗਾ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਸ. ਗੁਰਚਰਨ ਸਿੰਘ ਸਕੱਤਰ (ਸ਼੍ਰੋਮਣੀ ਅਕਾਲੀ ਦਲ) ਅਤੇ ਬਹੁਤ ਸਾਰੇ ਲੋਕ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਪ੍ਰਾਣ ਦੇ ਗਏ ਸਨ। ਜਦ ਸ. ਨਛੱਤਰ ਸਿੰਘ ਦੀ ਮਾਤਾ ਆਪਣੇ ਬੇਟੇ ਨੂੰ ਤੜਫਦਾ ਵੇਖ ਕੇ ਸਹਾਰ ਨਾ ਸਕੀ ਤੇ ਉਸ ਨੂੰ ਪਾਣੀ ਪਿਆਉਣ ਲੱਗੀ ਤਾਂ ਇਕ ਫ਼ੌਜੀ ਨੇ ਪੂਰੇ ਜ਼ੋਰ ਨਾਲ ਉਸ ਬਜ਼ੁਰਗ ਮਾਂ ਦੇ ਰਾਈਫਲ ਦਾ ਬੱਟ ਮਾਰਿਆ ਅਤੇ ਉਸ ਨੂੰ ਪਾਣੀ ਪਿਆਉਣ ਤੋਂ ਮਨ੍ਹਾ ਕਰ ਦਿੱਤਾ। ਕੁਝ ਸਾਥੀ ਤਾਂ ਜ਼ਖਮਾਂ ਅਤੇ ਪਿਆਸ ਕਾਰਨ ਹੀ ਸ਼ਹੀਦ ਹੋ ਗਏ। ਭਾਈ ਮਲਕੀਤ ਸਿੰਘ ਜੋ ਕਿ ਗੰਭੀਰ ਜ਼ਖਮੀ ਸੀ, ਨੇ ਮੇਰੇ ਕੋਲੋਂ ਪਾਣੀ

ਦੀ ਮੰਗ ਕੀਤੀ। ਮੈਂ ਉਸ ਨੂੰ ਪਾਣੀ ਪਿਆਉਣ ਦਾ ਯਤਨ ਕੀਤਾ ਹੀ ਸੀ ਕਿ ਫ਼ੌਜੀਆਂ ਨੇ ਮੇਰੇ ਅਤੇ ਜ਼ਖਮੀ ਮਲਕੀਤ ਸਿੰਘ ਉਪਰ ਬੱਟਾਂ ਦਾ ਮੀਂਹ ਵਰ੍ਹਾ ਦਿੱਤਾ, ਹਾਲਾਂਕਿ ਉਹ ਪਾਣੀ ਸਾਫ਼ ਨਹੀਂ ਸੀ ਅਤੇ ਉਸ ਵਿੱਚ ਮਲ ਮੂਤਰ ਤੇ ਖ਼ੂਨ ਮਿਲਿਆ ਹੋਇਆ ਸੀ। ਫ਼ੌਜੀ ਨਲਕੇ ਨੂੰ ਹੱਥ ਵੀ ਨਹੀਂ ਸੀ ਲਗਾਉਣ ਦਿੰਦੇ। ਇਥੋਂ ਤੱਕ ਕਿ ਫ਼ੌਜੀ ਭੀਖ ਮੰਗਣ ਵਾਲਿਆਂ ਵਾਂਗ ਬੁੱਕ ਨਾਲ ਵੀ ਪਾਣੀ ਨਹੀਂ ਸੀ ਪੀਣ ਦਿੰਦੇ।

ਇਕ ਛੋਟਾ ਜਿਹਾ ਬੱਚਾ ਜਿਸ ਦੀ ਮਾਂ ਬੰਬ ਧਮਾਕੇ ਵਿੱਚ ਮਰ ਚੁੱਕੀ ਸੀ, ਉਹ ਬੱਚਾ ਮੰਮੀ-ਮੰਮੀ ਪੁਕਾਰਦਾ ਹੋਇਆ ਉੱਚੀ-ਉੱਚੀ ਰੋ ਰਿਹਾ ਸੀ। ਉਹ ਵਿਚਾਰਾ ਕੀ ਜਾਣਦਾ ਸੀ ਕਿ ਉਸਦੀ ਮੰਮੀ ਇਸ ਸੰਸਾਰ 'ਚ ਜ਼ਿੰਦਾ ਨਹੀਂ ਰਹੀ ਸੀ। ਇਕ ਫ਼ੌਜੀ ਨੇ ਉਸ ਬੱਚੇ ਨੂੰ ਉਸ ਦੀ ਮਾਂ ਉਪਰ ਸੁੱਟ ਕੇ ਉਪਰੋਂ ਗੋਲੀਆਂ ਵਰ੍ਹਾ ਕੇ ਉਸ ਨੂੰ ਸਦਾ ਲਈ ਵਿਰਲਾਪ ਕਰਨੋਂ ਰੋਕ ਦਿੱਤਾ, ਜਿਸ ਨੂੰ ਦੇਖ ਕੇ ਮੇਰੇ ਮਨ ਦੀ ਜੋ ਹਾਲਾਤ ਹੋਈ, ਮੈਂ ਉਸ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦਾ। ਪਰ ਮੈਂ ਹੋ ਰਹੇ ਅੱਤਿਆਚਾਰ ਨੂੰ ਦੇਖ ਕੇ ਵੀ ਕੁੱਝ ਨਹੀਂ ਸੀ ਕਰ ਸਕਦਾ। ਸਾਨੂੰ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿਉਂਕਿ ਸਾਨੂੰ ਪਹਿਰਾ ਦੇ ਰਹੇ ਫ਼ੌਜੀਆਂ ਵੱਲੋਂ ਸਖ਼ਤ ਹਦਾਇਤ ਸੀ ਕਿ ਆਸੇ-ਪਾਸੇ ਨਹੀਂ ਦੇਖਣਾ। ਸਿਰਫ਼ ਫ਼ੌਜੀ ਹੀ ਕਹਿੰਦੇ ਸਨ ਕਿ ਗ੍ਰਨੇਡ ਅੱਤਵਾਦੀਆਂ ਵੱਲੋਂ ਸੁੱਟਿਆ ਗਿਆ ਹੈ। ਇਸ ਤੋਂ ਬਾਅਦ ਮੈਨੂੰ ਤੇ ਹੋਰ ਸੱਜਣਾਂ ਨੂੰ ਜਿੱਥੇ-ਜਿੱਥੇ ਵੀ ਉਹ ਮੌਜੂਦ ਸਨ, ਉਥੇ ਉਥੇ ਹੀ ਬੰਦ ਕਰ ਦਿੱਤਾ ਗਿਆ ਅਤੇ ਕੁਝ ਕੁ ਸੱਜਣਾਂ ਨੂੰ ਗੁਰੂ ਰਾਮਦਾਸ ਨਿਵਾਸ ਦੇ ਕਮਰਿਆਂ ਤੇ ਬਰਾਂਡਿਆਂ ਵਿੱਚ ਬਿਠਾ ਕੇ ਸਖ਼ਤ ਪਹਿਰਾ ਲਗਾ ਦਿੱਤਾ ਗਿਆ। ਅਸੀਂ ਜੋ ਜ਼ਿੰਦਾ ਬਚ ਗਏ ਸੀ, ਤੜਫਦੇ ਜ਼ਖ਼ਮੀਆਂ ਅਤੇ ਖਿੱਲਰੀਆਂ ਮਨੁੱਖੀ ਲਾਸ਼ਾਂ 'ਚ ਹੀ ਬੈਠੇ ਸਾਂ। ਭਾਰਤੀ ਫ਼ੌਜ ਬੇਦਰਦ ਅਤੇ ਜ਼ਾਲਮਾਨਾ ਢੰਗ ਨਾਲ ਬੇਗੁਨਾਹ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡ ਰਹੀ ਸੀ। ਛੇ ਅਤੇ ਸੱਤ ਜੂਨ ਦੀ ਦਰਮਿਆਨੀ ਰਾਤ ਤੋਂ ਅਗਲੇ ਦਿਨ ਦੇ ਦੁਪਹਿਰ ਤੱਕ ਸਾਨੂੰ ਪਾਣੀ ਪੀਣਾ ਵੀ ਨਸੀਬ ਨਾ ਹੋਇਆ। ਬਾਅਦ ਦੁਪਹਿਰ ਤਕਰੀਬਨ ਢਾਈ ਵਜੇ ਰੈਡ ਕਰਾਸ (ਹੈਲਥ) ਵਾਲੇ ਇਕ ਟੱਬ ਪਾਣੀ ਦਾ ਅਤੇ ਕੁਝ ਛੋਲੇ ਲੈ ਕੇ ਸਾਡੇ ਨਜ਼ਦੀਕ ਪਹੁੰਚੇ। ਉਨ੍ਹਾਂ ਦੇ ਨਾਲ ਸ. ਅਪਾਰ ਸਿੰਘ (ਡੀ.ਐਸ.ਪੀ. ਅੰਮ੍ਰਿਤਸਰ) ਮੌਜੂਦ ਸਨ। ਅਸੀਂ ਕਿਸੇ ਨੇ ਬੁੱਕ ਨਾਲ ਪਾਣੀ ਪੀਤਾ, ਕਿਸੇ ਨੇ ਕੱਪੜਾ ਗਿੱਲਾ ਕਰਕੇ ਬੁੱਲ੍ਹਾਂ ਉਪਰ ਫੇਰ ਕੇ ਗੁਜ਼ਾਰਾ ਕੀਤਾ ਅਤੇ ਕਈਆਂ ਨੇ ਆਪਣੀਆਂ ਜੁੱਤੀਆਂ ਵਿੱਚ ਪਾਣੀ ਪਵਾ ਕੇ ਪੀਤਾ ਤਾਂ ਕਿ ਪਾਣੀ ਥੱਲੇ ਡੁੱਲ੍ਹ ਕੇ ਬੇਅਰਥ ਨਾ ਚਲਾ ਜਾਵੇ। ਇੱਥੋਂ ਤੱਕ ਕਿ ਜਿਥੇ ਲੰਗਰ ਦੇ ਭਾਂਡੇ ਧੋਤੇ ਜਾਂਦੇ ਸਨ, ਉਸ ਹੌਜ਼ ਵਿੱਚ ਕਈ ਦਿਨਾਂ ਦਾ ਬੁੱਸਿਆ ਪਾਣੀ ਵੀ ਲੋਕਾਂ ਨੇ ਪੀ-ਪੀ ਕੇ ਖ਼ਤਮ ਕਰ ਦਿੱਤਾ।

ਮਿਲਟਰੀ ਵੱਲੋਂ ਸਾਡੀ ਸਾਰਿਆਂ ਦੀ ਪੁੱਛ-ਗਿੱਛ ਕੀਤੀ ਜਾ ਰਹੀ ਸੀ। ਜਦ ਮੇਰੀ ਵਾਰੀ ਆਈ ਤਾਂ ਇਕ ਫ਼ੌਜੀ ਮੈਨੂੰ ਪੁੱਛਣ ਲੱਗਾ ਕਿ ਭਿੰਡਰੀਵਾਲਾ (ਸੰਤ ਭਿੰਡਰਾਂਵਾਲੇ) ਕਹਾਂ ਹੈ? ਲਾਹੌਰ (ਪਾਕਿਸਤਾਨ) ਕੋ ਸੁਰੰਗ ਕਹਾਂ ਸੇ ਜਾਤੀ ਹੈ? ਮੈਂ ਉਨ੍ਹਾਂ ਨੂੰ ਕਿਹਾ ਕਿ ਜਨਾਬ, ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਕ ਫ਼ੌਜੀ ਕਹਿਣ ਲੱਗਾ—ਯੇਹ ਐਸੇ ਨਹੀਂ ਬਤਾਏਗਾ, ਇਸ ਕੋ ਆਗੇ ਲੈ ਜਾਓ! ਜਿਸ ਜਗ੍ਹਾ 'ਤੇ ਮੈਨੂੰ ਲੈ ਕੇ ਗਏ,

ਉਸ ਜਗ੍ਹਾ 'ਤੇ ਪਹਿਲਾਂ ਹੀ ਤਿੰਨ ਨੌਜਵਾਨ ਲੜਕੇ ਲਾਈਨ ਵਿੱਚ ਖੜ੍ਹੇ ਕੀਤੇ ਹੋਏ ਸਨ। ਮੈਂ ਵੀ ਉਨ੍ਹਾਂ ਦੇ ਪਿੱਛੇ ਜਾ ਕੇ ਖੜ੍ਹਾ ਹੋ ਗਿਆ ਅਤੇ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਹੁਣ ਇਹ ਸਾਨੂੰ ਮਾਰ ਦੇਣਗੇ। ਕੁਝ ਹੀ ਸਮੇਂ ਤੋਂ ਬਾਅਦ ਫ਼ੌਜੀਆਂ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ ਕਿ ਸਾਨੂੰ ਇਕ ਪਾਸੇ ਹੋ ਜਾਣ ਲਈ ਕਿਹਾ। ਇਸ ਤੋਂ ਬਾਅਦ ਫ਼ੌਜ ਦਾ ਇਕ ਕਰਨਲ ਅਤੇ ਸ. ਬਲਵੰਤ ਸਿੰਘ ਰਾਮੂਵਾਲੀਆ ਮੇਰੇ ਪਾਸ ਆਏ ਅਤੇ ਉਹ ਮੈਨੂੰ ਸ. ਤੇਜਾ ਸਿੰਘ ਸਮੁੰਦਰੀ ਹਾਲ ਵਾਲੇ ਪਾਸੇ ਲੈ ਗਏ।

6 ਜੂਨ, 1984 ਦੀ ਦੁਪਹਿਰ ਦੇ ਦੋ ਵਜੇ ਦੇ ਕਰੀਬ ਇਕ ਫ਼ੌਜੀ ਟੁਕੜੀ ਜਿਸ ਵਿੱਚ ਤਿੰਨ ਪੰਜਾਬੀ ਸਨ, ਉਨ੍ਹਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਧਾਨ ਸਾਹਿਬ ਸ. ਗੁਰਚਰਨ ਸਿੰਘ ਟੌਹੜਾ ਨੂੰ ਕਿਹਾ ਕਿ ਅਸੀਂ ਤੁਹਾਨੂੰ ਲੈਣ ਲਈ ਆਏ ਹਾਂ। ਉਸ ਸਮੇਂ ਸੰਤ ਜੀ ਤੇ ਪ੍ਰਧਾਨ ਸਾਹਿਬ ਸਾਥੀਆਂ ਸਮੇਤ ਉਨ੍ਹਾਂ ਨਾਲ ਤੁਰਨ ਲੱਗੇ ਤਾਂ ਫ਼ੈਡਰੇਸ਼ਨ ਵਾਲੇ ਸ. ਮਨਜੀਤ ਸਿੰਘ, ਸ. ਰਜਿੰਦਰ ਸਿੰਘ ਮਹਿਤਾ, ਸ. ਹਰਮਿੰਦਰ ਸਿੰਘ (ਸੰਧੂ) ਅਤੇ ਸ. ਹਰਮਿੰਦਰ ਸਿੰਘ (ਗਿੱਲ) ਖੜ੍ਹੇ ਹੋ ਗਏ ਅਤੇ ਸੰਤ ਜੀ ਤੇ ਪ੍ਰਧਾਨ ਸਾਹਿਬ ਨੂੰ ਕਹਿਣ ਲੱਗੇ ਕਿ ਤੁਸੀਂ ਇਸ ਕਰਨਲ ਨੂੰ ਕਹਿ ਦੇਵੋ ਕਿ ਇਹ ਸਾਡੇ ਮੁਲਾਜ਼ਮ ਹਨ, ਇਨ੍ਹਾਂ ਦਾ ਜ਼ਰਾ ਧਿਆਨ ਰੱਖਣਾ। ਇਨ੍ਹਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਿਰਫ਼ ਸ. ਮਨਜੀਤ ਸਿੰਘ ਮੀਤ ਮੈਨੇਜਰ ਤੇ ਸ. ਰਜਿੰਦਰ ਸਿੰਘ ਕਲਰਕ ਸਨ। ਪਰ ਪ੍ਰਧਾਨ ਸਾਹਿਬ ਨੇ ਸਾਰਿਆਂ ਦੇ ਬਚਾਅ ਲਈ ਕਹਿ ਦਿੱਤਾ ਕਿ ਇਹ ਸਾਡੇ ਬੱਚੇ ਹਨ, ਇਨ੍ਹਾਂ ਦਾ ਖ਼ਿਆਲ ਰੱਖਣਾ। ਪਰ ਜੇਕਰ ਮਿਲਟਰੀ ਵਾਲਿਆਂ ਨੂੰ ਪਤਾ ਲੱਗ ਜਾਂਦਾ ਕਿ ਇਹ ਸਾਰੇ ਫ਼ੈਡਰੇਸ਼ਨ ਦੇ ਸਰਗਰਮ ਕਾਰਕੁੰਨ ਹਨ ਤਾਂ ਪਤਾ ਨਹੀਂ ਮਿਲਟਰੀ ਵਾਲੇ ਇਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਰਤਾਓ ਕਰਦੇ।

ਸ਼ਾਮ ਦੇ ਚਾਰ ਵਜੇ ਦੇ ਕਰੀਬ ਸਾਨੂੰ ਸਾਰਿਆਂ ਨੂੰ ਗੁਰੂ ਰਾਮਦਾਸ ਨਿਵਾਸ ਦੇ ਬਰਾਂਡਿਆਂ ਵਿੱਚ ਇਕੱਤਰ ਕਰਕੇ ਤਿੰਨ-ਤਿੰਨ ਦੀ ਲਾਈਨ ਵਿੱਚ ਬਿਠਾ ਦਿੱਤਾ। ਇਸ ਸਮੇਂ ਸਾਡੇ ਵਿੱਚ ਭਾਈ ਤਾਰਾ ਸਿੰਘ ਸੇਵਾਦਾਰ (ਜੋ ਬਾਅਦ ਵਿੱਚ ਹਲਕਾ ਅਟਾਰੀ ਤੋਂ ਵਿਧਾਇਕ ਵੀ ਚੁਣੇ ਗਏ ਸਨ) ਤੇ ਸ. ਭਾਨ ਸਿੰਘ ਸਕੱਤਰ, ਸ਼੍ਰੋਮਣੀ ਕਮੇਟੀ ਵੀ ਮੌਜੂਦ ਸਨ। ਉਨ੍ਹਾਂ ਨੇ ਸਾਡੇ 'ਤੇ ਇਕ ਫ਼ੌਜੀ (ਸਿਪਾਹੀ) ਦੀ ਡਿਊਟੀ ਲਗਾ ਦਿੱਤੀ ਜਿਸ ਨੇ ਸਾਨੂੰ ਸਾਰਿਆਂ ਨੂੰ ਸੰਬੋਧਨ ਹੁੰਦੇ ਹੋਏ ਆਖਿਆ ਕਿ ਇਧਰ-ਉਧਰ ਕਿਸੇ ਨੇ ਨਹੀਂ ਦੇਖਣਾ। ਉਥੇ ਬੈਠਿਆਂ, ਜਿੱਥੋਂ ਤੱਕ ਸਾਡੀ ਨਜ਼ਰ ਪਹੁੰਚ ਸਕਦੀ ਸੀ ਅਸੀਂ ਦੇਖਿਆ ਕਿ ਲਾਸ਼ਾਂ ਨਾਲ ਭਰੇ ਕਮਰਿਆਂ ਵਿੱਚੋਂ ਖ਼ੂਨ ਵਗ ਕੇ ਸਾਡੇ ਬੈਠਿਆਂ ਦੇ ਹੇਠਾਂ ਆ ਰਿਹਾ ਸੀ। ਭੁੰਜੇ ਬੈਠਿਆਂ ਗਰਮੀ ਨਾਲ ਸਾਡੇ ਸਾਰਿਆਂ ਦੀ ਪਿੱਠ ਤੋਂ ਮਾਸ ਗਲ ਕੇ ਉਤਰ ਰਿਹਾ ਸੀ। ਅਸੀਂ ਰਾਤ ਦੇ ਗਿਆਰਾਂ ਵਜੇ ਤਕ ਇਸੇ ਤਰ੍ਹਾਂ ਭੁੱਖਣ-ਭਾਣੇ ਬੈਠੇ ਰਹੇ।

ਇਥੇ ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਪਰੋਕਤ ਬੰਬ ਕਾਂਡ ਤੋਂ ਬਾਅਦ ਮਿਲਟਰੀ ਵਾਲਿਆਂ ਨੂੰ ਗੋਲੀਆਂ ਚਲਾਉਣੀਆਂ ਔਖੀਆਂ ਲੱਗ ਰਹੀਆਂ ਸਨ। ਮਿਲਟਰੀ ਵਾਲੇ ਬਚੇ ਹੋਏ ਲੋਕਾਂ ਨੂੰ ਜਿਥੇ-ਜਿਥੇ ਵੀ ਉਹ ਕਮਰਿਆਂ ਅੰਦਰ ਸਨ, ਉਨ੍ਹਾਂ ਉਪਰ ਗ੍ਰਨੇਡ

ਸੁੱਟ ਕੇ ਕਮਰਿਆਂ ਅੰਦਰ ਹੀ ਮਾਰੀ ਜਾ ਰਹੇ ਸਨ। ਲੋਕਾਂ ਦਾ ਚੀਕ ਚਿਹਾੜਾ ਦਿਲ ਦਹਿਲਾ ਦੇਣ ਵਾਲਾ ਸੀ।

ਇਥੇ ਇਕ ਹੋਰ ਗੱਲ ਵੀ ਧਿਆਨ ਦੇਣ ਵਾਲੀ ਹੈ, ਉਹ ਇਹ ਹੈ ਕਿ ਸਾਡੀ ਭਾਰਤੀ ਫ਼ੌਜ ਅਤੇ ਸਰਕਾਰ ਨੇ ਕਾਰਗਿਲ ਦੀ ਲੜਾਈ ਸਮੇਂ ਸਾਡੇ ਗਵਾਂਢੀ ਦੇਸ਼ (ਪਾਕਿਸਤਾਨ) ਦੇ ਫ਼ੌਜੀ ਜੋ ਕਿ ਭਾਰਤੀ ਇਲਾਕੇ ਅੰਦਰ ਘੁਸਪੈਠ ਕਰ ਰਹੇ ਸਨ, ਉਨ੍ਹਾਂ ਨੂੰ 13 ਜੁਲਾਈ, 1999 ਤੋਂ 16 ਜੁਲਾਈ, 1999 ਤੱਕ ਚਾਰ ਦਿਨ ਦਾ ਸਮਾਂ ਅਸਲੇ ਸਮੇਤ ਇਲਾਕਾ ਖ਼ਾਲੀ ਕਰਨ ਲਈ ਸੁਰੱਖਿਅਤ ਰਸਤਾ ਦਿੱਤਾ। ਪਰ ਆਪਣੇ ਹੀ ਦੇਸ਼ ਅੰਦਰ, ਆਪਣੇ ਹੀ ਦੇਸ਼ ਦੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਘਿਰੀ ਸੰਗਤ ਨੂੰ 4 ਜੂਨ, 1984 ਤੋਂ 6 ਜੂਨ, 1984 ਤੱਕ 5 ਮਿੰਟ ਦਾ ਵੀ ਸਮਾਂ ਬਾਹਰ ਸੁਰੱਖਿਅਤ ਬਚ ਨਿਕਲਣ ਲਈ ਨਹੀਂ ਦਿੱਤਾ। ਭਾਵੇਂ ਫ਼ੌਜ ਅਨਾਊਂਸ ਕਰਦੀ ਸੀ ਕਿ ਕਰਫਿਊ ਵਿੱਚ ਢਿੱਲ ਦੇ ਦਿੱਤੀ ਗਈ ਹੈ, ਪਰ ਜੋ ਯਾਤਰੂ ਬਾਹਰ ਨਿਕਲਦੇ, ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ ਗੋਲੀਆਂ ਨਾਲ ਭੁੰਨ ਦਿੱਤੇ ਜਾਂਦੇ ਸਨ। ਜੇਕਰ ਕੋਈ ਬਚ ਜਾਂਦਾ ਤਾਂ ਉਸ ਦੇ ਹੱਥ ਪੈਰ ਬੰਨ੍ਹ ਕੇ ਫ਼ੌਜੀ ਕੈਂਪ ਵਿੱਚ ਭੇਜ ਦਿੱਤਾ ਜਾਂਦਾ ਸੀ।

6 ਜੂਨ ਦੀ ਰਾਤ 11 ਵਜੇ ਦੇ ਕਰੀਬ ਸਾਨੂੰ ਮਿਲਟਰੀ ਕੈਂਪ ਵਿੱਚ ਲਿਜਾਇਆ ਗਿਆ। ਸਾਡੇ ਪਹੁੰਚਣ ਤੋਂ ਥੋੜ੍ਹੇ ਸਮੇਂ ਬਾਅਦ ਹੀ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਅਸੀਂ ਸਾਰੇ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪਏ। ਅਸੀਂ ਸਾਰੇ ਹੀ ਇਹੋ ਸੋਚ ਰਹੇ ਸੀ ਕਿ ਕੰਪਲੈਕਸ ਅੰਦਰ ਤਾਂ ਬਚ ਗਏ ਸੀ, ਪਰ ਹੁਣ ਨਹੀਂ ਬਚਦੇ। ਫੇਰ ਦੂਜੇ ਦਿਨ 7 ਜੂਨ ਸਵੇਰੇ ਪਤਾ ਲੱਗਾ ਕਿ ਦੋ ਨੌਜਵਾਨ ਕੰਧ ਟੱਪ ਰਹੇ ਸਨ, ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਹੈ। ਜਦ ਮੈਂ ਅਤੇ ਸ. ਭਾਨ ਸਿੰਘ (ਸਕੱਤਰ, ਸ਼੍ਰੋਮਣੀ ਕਮੇਟੀ) ਕੈਂਪ ਵਿੱਚ ਪਹੁੰਚੇ ਤਾਂ ਉਥੇ ਪ੍ਰਧਾਨ ਸਾਹਿਬ, ਸੰਤ ਹਰਚੰਦ ਸਿੰਘ ਅਤੇ ਹੋਰ ਸੱਜਣ ਮੌਜੂਦ ਸਨ। ਉਨ੍ਹਾਂ ਨੂੰ ਸ਼ਾਮੀਂ ਚਾਰ ਵਜੇ ਲਿਜਾਇਆ ਗਿਆ ਸੀ। ਸਾਨੂੰ ਤਾਂ ਇਹ ਖਦਸ਼ਾ ਸੀ ਕਿ ਉਨ੍ਹਾਂ ਨੂੰ ਮਾਰਨ ਲਈ ਲੈ ਗਏ ਹਨ ਅਤੇ ਜਦ ਸਾਨੂੰ ਕੈਂਪ ਵਿੱਚ ਲਿਜਾਣ ਲੱਗੇ ਤਾਂ ਅਸੀਂ ਵੀ ਇਹੋ ਸਮਝਿਆ ਕਿ ਹੁਣ ਸਾਡੀ ਵਾਰੀ ਆ ਗਈ ਹੈ ਪਰ ਉਨ੍ਹਾਂ ਨੂੰ ਦੇਖ ਕੇ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਸਮਝਿਆ ਕਿ ਹੁਣ ਅਸੀਂ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚ ਗਏ ਹਾਂ।

ਘੱਲੂਘਾਰਾ ਨੀਲਾ ਤਾਰਾ—ਜਨਰਲ ਸ਼ੁਬੇਗ ਸਿੰਘ ਦੀ ਮੋਰਚਾਬੰਦੀ ਦਾ ਕਮਾਲ

(ਸ: ਮਨਜੀਤ ਸਿੰਘ ਹੋਰਾਂ ਨੇ ਜੂਨ 1984 ਦੇ ਘੱਲੂਘਾਰੇ ਦਾ ਸਾਰਾ ਹਾਲ ਅੱਖੀਂ ਵੇਖਿਆ ਹੈ ਅਤੇ ਉਹਨਾਂ ਨੇ ਜਨਰਲ ਸ਼ੁਬੇਗ ਸਿੰਘ ਦੀ ਕਾਰਗਰ ਮੋਰਚਾਬੰਦੀ ਦਾ ਸਾਰਾ ਹਾਲ ਬਹੁਤ ਹੀ ਬਾਖੂਬੀ ਬਿਆਨ ਕੀਤਾ ਹੈ)

1 ਜੂਨ, 1984 ਨੂੰ ਸੀ.ਆਰ.ਪੀ. ਵੱਲੋਂ ਸਵੇਰੇ 9 ਵਜੇ ਤੋਂ ਦਰਬਾਰ ਸਾਹਿਬ ਉਪਰ ਫਾਇਰਿੰਗ ਸ਼ੁਰੂ ਹੋ ਗਈ ਸੀ। ਪੰਜਾਬ ਪੁਲਿਸ, ਸੈਂਟਰਲ ਰਿਜ਼ਰਵ ਪੁਲਿਸ ਅਤੇ ਬਾਰਡਰ ਸਕਿਉਰਿਟੀ ਫ਼ੋਰਸ ਅੰਦਰ ਦਾਖਲ ਹੋ ਕੇ ਨਾਮਵਰ ਸਿੰਘਾਂ ਨੂੰ ਗ੍ਰਿਫ਼ਤਾਰ ਕਰਨ ਦੀ ਸੋਚ ਰਹੀ ਸੀ। ਅੰਦਰ ਬੈਠੇ ਸਿੰਘ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਮਰ ਮਿਟਣ ਲਈ ਤਿਆਰ ਸਨ। ਇਸ ਸਮੇਂ ਸੰਤ ਜਰਨੈਲ ਸਿੰਘ ਜੀ ਕੋਲ ਡੇਢ ਕੁ ਸੌ ਦੇ ਕਰੀਬ ਸਿੰਘ ਸਨ ਜੋ ਪਤੰਗਿਆਂ ਦੀ ਤਰ੍ਹਾਂ ਸ਼ਮ੍ਹਾ ਉਪਰੋਂ ਕੁਰਬਾਨ ਹੋਣ ਲਈ ਤਿਆਰ ਬੈਠੇ ਸਨ। ਸਾਰੇ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਸੀ। ਸੀ.ਆਰ.ਪੀ. ਵੱਲੋਂ ਪਹਿਲਾਂ ਫਾਇਰਿੰਗ ਸ਼ੁਰੂ ਕੀਤੀ ਗਈ, ਅੰਦਰੋਂ ਸਿੰਘਾਂ ਨੇ ਵੀ ਜਵਾਬੀ ਕਾਰਵਾਈ ਕੀਤੀ। ਦਰਬਾਰ ਸਾਹਿਬ ਵਿੱਚ ਠਹਿਰੀ ਹੋਈ ਸੰਗਤ ਇਹ ਦ੍ਰਿਸ਼ ਦੇਖ ਕੇ ਸਹਿਮ ਗਈ। ਪ੍ਰਕਰਮਾ ਤੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਠਹਿਰੀ ਹੋਈ ਸੰਗਤ ਭੱਜ ਕੇ, ਆਪਣੇ ਬਚਾਅ ਲਈ ਗੁਰੂ ਰਾਮਦਾਸ ਸਰਾਂ ਵਿੱਚ ਜਾ ਵੜੀ। ਇਸ ਮੌਕੇ ਸੰਗਤਾਂ ਵਿੱਚੋਂ ਅੱਠ ਪ੍ਰਾਣੀ ਸ਼ਹੀਦ ਹੋ ਚੁੱਕੇ ਸਨ ਜਿਨ੍ਹਾਂ ਵਿੱਚ ਇਕ ਮਹਿੰਗਾ ਸਿੰਘ ਬੱਬਰ ਸੀ। 20 ਦੇ ਕਰੀਬ ਹੋਰ ਪ੍ਰਾਣੀ ਜ਼ਖ਼ਮੀ ਹੋ ਗਏ ਸਨ। ਇਹਨਾਂ ਨੂੰ ਫਸਟ ਏਡ (ਮੁੱਢਲੀ ਸਹਾਇਤਾ) ਦੇਣ ਮਗਰੋਂ ਗੁਰੂ ਤੇਗ ਬਹਾਦਰ ਹਸਪਤਾਲ ਵਿੱਚ ਪਹੁੰਚਾਇਆ ਗਿਆ। ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਗੋਲੀ ਚੱਲਦੀ ਰਹੀ। ਇਸ ਵਕਤ ਤਕਰੀਬਨ ਕੋਈ ਪੰਜ ਕੁ ਹਜ਼ਾਰ ਸੰਗਤਾਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਆਈਆਂ ਹੋਈਆਂ ਸਨ। ਸੰਗਤਾਂ ਨੂੰ ਇਸ ਗੱਲ ਦਾ ਚਿੱਤ-ਚੇਤਾ ਨਹੀਂ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਵਾਲੇ ਦਿਨ ਇਕੱਤਰ ਹੋਈ ਸਿੱਖ ਸੰਗਤ ਨੂੰ ਗੋਲੀਆਂ ਦੀ ਬੁਛਾੜ ਦਾ ਸਾਹਮਣਾ ਕਰਨਾ ਪਵੇਗਾ। ਇਤਿਹਾਸ ਦਾ ਉਹ ਕਾਂਡ ਫਿਰ ਦੁਹਰਾਇਆ ਜਾਣਾ ਲੱਗਦਾ ਸੀ ਜਦੋਂ ਕੋਈ ਸੌ ਸਾਲ ਪਹਿਲਾਂ ਲੱਖਾਂ ਬੋਧੀਆਂ, ਜੈਨੀਆਂ ਅਤੇ ਕਬੀਰ ਪੰਥੀਆਂ ਨੂੰ ਕਤਲ ਕੀਤਾ ਗਿਆ ਸੀ। ਜਿੱਥੇ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਨੂੰ ਘੇਰਾ ਪਾਇਆ ਗਿਆ, ਉਥੇ 38 ਹੋਰ ਇਤਿਹਾਸਕ

ਗੁਰਦੁਆਰਿਆਂ ਨੂੰ ਅਤੇ ਪੂਰੇ ਪੰਜਾਬ ਨੂੰ ਕਰਫਿਊ ਲਗਾ ਕੇ ਘੇਰ ਲਿਆ ਗਿਆ। ਅਤਿ ਦੀ ਗਰਮੀ ਵਿੱਚ ਬੀਬੀਆਂ, ਬੱਚੇ ਅਤੇ ਸਿੱਖ ਸੰਗਤਾਂ ਗੋਲੀਆਂ ਦਾ ਮੀਂਹ ਵਰ੍ਹਦਾ ਵੇਖ ਹੈਰਾਨ ਹੋਈ ਜਾ ਰਹੀਆਂ ਸਨ।

ਜਦੋਂ ਗੋਲੀ ਰੁਕੀ ਤਾਂ

ਗੋਲੀ ਰੁਕਦਿਆਂ ਹੀ ਸੰਗਤਾਂ ਨੇ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਨਾ ਅਤਿ ਜ਼ਰੂਰੀ ਸਮਝਿਆ ਕਿਉਂਕਿ ਅਤਿ ਦੀ ਗਰਮੀ ਪੈਣ ਕਰਕੇ ਲਾਸ਼ਾਂ ਨੇ ਮੁਸ਼ਕ ਜਾਣਾ ਸੀ। ਸੰਤ ਜਰਨੈਲ ਸਿੰਘ, ਜਨਰਲ ਸ਼ੁਬੇਗ ਸਿੰਘ, ਭਾਈ ਅਮਰੀਕ ਸਿੰਘ, ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਹੋਰ ਆਗੂਆਂ ਦੀ ਮੌਜੂਦਗੀ ਵਿੱਚ ਦੀਵਾਨ ਹਾਲ ਮੰਜੀ ਸਾਹਿਬ ਦੇ ਸਾਹਮਣੇ ਇਹਨਾਂ ਸ਼ਹੀਦ ਸਿੰਘਾਂ ਦਾ ਸਸਕਾਰ ਕਰ ਦਿੱਤਾ ਗਿਆ। ਸਭ ਸਿੰਘਾਂ ਦੇ ਚੇਹਰਿਆਂ ਉਪਰ ਜਲਾਲ ਸੀ ਅਤੇ ਹਰ ਇਕ ਪ੍ਰਾਣੀ ਆਉਣ ਵਾਲੇ ਖ਼ਤਰੇ ਨੂੰ ਮਹਿਸੂਸ ਕਰ ਰਿਹਾ ਸੀ। 2 ਜੂਨ ਨੂੰ ਫ਼ੌਜਾਂ ਅੰਮ੍ਰਿਤਸਰ ਵੱਲ ਅਤੇ ਪੰਜਾਬ ਵੱਲ ਰਵਾਨਾ ਹੋ ਗਈਆਂ।

ਪੰਜਾਬ ਫ਼ੌਜ ਦੇ ਹਵਾਲੇ

ਪਹਿਲੀ ਅਤੇ 2 ਜੂਨ ਨੂੰ ਪੰਜਾਬ ਪੁਲਿਸ, ਸੀ.ਆਰ.ਪੀ., ਬੀ.ਐਸ.ਐਫ. ਨੇ ਹਰਿਮੰਦਰ ਸਾਹਿਬ ਦੇ ਚਾਰ ਚੁਫੇਰੇ ਬਹੁਤ ਹੀ ਮਜ਼ਬੂਤੀ ਨਾਲ ਘੇਰਾ ਪਾ ਲਿਆ ਸੀ। ਬਾਹਰੋਂ ਕਿਸੇ ਵੀ ਯਾਤਰੀ ਨੂੰ ਅੰਦਰ ਦਾਖ਼ਲ ਨਹੀਂ ਸੀ ਹੋਣ ਦਿੱਤਾ ਜਾਂਦਾ। ਇਕ ਲੱਖ ਪੰਜਾਹ ਹਜ਼ਾਰ ਮਿਲਟਰੀ ਨੇ ਇਕੱਲੇ (ਅੰਮ੍ਰਿਤਸਰ) ਜ਼ਿਲ੍ਹੇ ਨੂੰ ਘੇਰਿਆ ਹੋਇਆ ਸੀ ਅਤੇ ਪੰਜਾਹ ਹਜ਼ਾਰ ਫ਼ੌਜ ਨੇ ਇਕੱਲੇ ਅੰਮ੍ਰਿਤਸਰ ਸ਼ਹਿਰ ਨੂੰ ਹੀ ਘੇਰਿਆ ਹੋਇਆ ਸੀ। ਪੂਰੇ ਪੰਜਾਬ ਵਿੱਚ ਕਰਫਿਊ ਲਗਾ ਦਿੱਤਾ ਗਿਆ ਸੀ। ਵਿਦੇਸ਼ੀ ਨਾਗਰਿਕਾਂ, ਵਿਦੇਸ਼ੀ ਏਜੰਸੀਆਂ ਦੇ ਨੁਮਾਇੰਦਿਆਂ ਅਤੇ ਸਮੂਹ ਪੱਤਰਕਾਰਾਂ ਨੂੰ ਪੰਜਾਬ ਤੇ ਅੰਮ੍ਰਿਤਸਰ ਸ਼ਹਿਰ ਵਿੱਚੋਂ ਨਿਕਲ ਜਾਣ ਦੇ ਹੁਕਮ ਦੇ ਦਿੱਤੇ ਗਏ ਸਨ। 38 ਹੋਰ ਗੁਰਦੁਆਰਿਆਂ ਨੂੰ ਫ਼ੌਜ ਨੇ ਘੇਰ ਲਿਆ। ਮਿਲਟਰੀ ਵੱਲੋਂ ਦਰਬਾਰ ਸਾਹਿਬ ਦੇ ਆਲੇ-ਦੁਆਲੇ ਉੱਚੀਆਂ-ਉੱਚੀਆਂ ਇਮਾਰਤਾਂ ਖਾਲੀ ਕਰਵਾ ਕੇ ਮੋਰਚੇ ਅਤੇ ਬੰਕਰ ਬਣਾਉਣੇ ਸ਼ੁਰੂ ਕਰ ਦਿੱਤੇ। ਕੁਝ ਕੁ ਮੋਰਚੇ ਪਹਿਲਾਂ ਹੀ ਬਣਾਏ ਹੋਏ ਸਨ। ਨਾਲ ਹੀ ਸਰਕਾਰ ਦੇ ਹੁਕਮ ਮੁਤਾਬਕ ਦਰਬਾਰ ਸਾਹਿਬ ਦੇ ਆਲੇ-ਦੁਆਲੇ ਮਿਲਟਰੀ ਨੇ ਹਿੰਦੂ ਪਰਿਵਾਰਾਂ ਨੂੰ ਘਰੋਂ ਕੱਢ ਕੇ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾ ਦਿੱਤਾ ਸੀ ਅਤੇ ਸਿੱਖਾਂ ਨੂੰ ਘਰਾਂ ਵਿੱਚ ਹੀ ਰਹਿਣ ਦਿੱਤਾ ਗਿਆ। ਮੇਜਰ ਜਨਰਲ ਸ਼ੁਬੇਗ ਸਿੰਘ ਨੇ ਭਾਂਪ ਲਿਆ ਸੀ ਕਿ ਇਸ ਸਥਿਤੀ ਵਿੱਚ ਕਿਸੇ ਸਮੇਂ ਵੀ ਦਰਬਾਰ ਸਾਹਿਬ ਉਪਰ ਹਮਲਾ ਹੋ ਸਕਦਾ ਹੈ। ਬੱਬਰ ਖ਼ਾਲਸਾ ਦੇ ਸਿੰਘਾਂ ਗੁ. ਬਾਬਾ ਅਟੱਲ ਰਾਇ ਉਪਰ ਮੋਰਚਾ ਸੰਭਾਲ ਲਿਆ। ਉਧਰ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਅਕਾਲ ਫੈਡਰੇਸ਼ਨ, ਦਸਮੇਸ਼ ਸਿੱਖ ਰੈਜਮੈਂਟ ਅਤੇ ਹੋਰ ਜਥੇਬੰਦੀਆਂ ਦੇ ਸਿੰਘਾਂ ਨੇ ਗੁਰੂ ਰਾਮਦਾਸ

ਸਰਾਂ, ਪਿਛਲੇ ਪਾਸੇ ਪਾਣੀ ਵਾਲੀ ਟੈਂਕੀ, ਲੰਗਰ ਹਾਲ ਇਮਾਰਤ ਅਤੇ ਬੁਰਜਾਂ ਉਪਰ ਇੱਟਾਂ ਅਤੇ ਰੇਤ ਦੇ ਬੋਰੇ ਰੱਖ ਕੇ ਮੋਰਚੇ ਬਣਾ ਲਏ ਸਨ। ਜਨਰਲ ਸ਼ੁਬੇਗ ਸਿੰਘ ਮੋਰਚਿਆਂ ਦੀ ਦੇਖ-ਰੇਖ ਕਰਦਿਆਂ ਏਧਰ-ਉਧਰ ਭੱਜਦਿਆਂ ਆਮ ਹੀ ਦਿਖਾਈ ਦੇ ਰਹੇ ਸਨ। ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ ਦੀ ਛੱਤ, ਕਵੀ ਸੰਤੋਖ ਸਿੰਘ ਲਾਇਬ੍ਰੇਰੀ ਅਤੇ ਘੰਟਾ ਘਰ ਉਪਰ ਰੇਤ ਦੇ ਬੋਰੇ ਅਤੇ ਇੱਟਾਂ ਲਗਾ ਕੇ ਜਨਰਲ ਸ਼ੁਬੇਗ ਸਿੰਘ ਨੇ ਇਹ ਮੋਰਚੇ ਆਪ ਆਪਣੀ ਦੇਖ-ਰੇਖ ਹੇਠ ਬਣਵਾਏ ਸਨ। ਹਰ ਸਿੰਘ ਨੂੰ ਜਨਰਲ ਸ਼ੁਬੇਗ ਸਿੰਘ ਦਾ ਹੁਕਮ ਸੀ ਕਿ "ਬਾਰੂਦ ਨੂੰ ਐਵੇਂ ਅਜਾਈਂ ਨਹੀਂ ਫੂਕਣਾ ਅਤੇ ਦੁਸ਼ਮਣ ਨੂੰ ਸ਼ਿਸ਼ਤ ਵਿੱਚ ਆਉਂਦਿਆਂ ਹੀ ਚਿੱਤ ਕਰ ਦੇਣਾ, ਦੁਸ਼ਮਣ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸੰਦੇਸ਼ 'ਸਵਾ ਲਾਖ ਸੇ ਏਕ ਲੜਾਊਂ' ਯਾਦ ਕਰਵਾ ਦੇਣਾ।"

ਜਨਰਲ ਸ਼ੁਬੇਗ ਸਿੰਘ ਉਹ ਮਹਾਨ ਜਰਨੈਲ ਸਨ ਜਿਨ੍ਹਾਂ ਨੇ ਬੰਗਲਾ ਦੇਸ਼ ਦੀ ਲੜਾਈ ਜਨਰਲ ਜਗਜੀਤ ਸਿੰਘ ਅਰੋੜਾ ਦੀ ਅਗਵਾਈ ਹੇਠ ਲੜੀ ਅਤੇ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਇਆ। ਜਨਰਲ ਸ਼ੁਬੇਗ ਸਿੰਘ ਨੇ ਬੰਗਲਾ ਦੇਸ਼ ਵਿੱਚ ਮੁਕਤੀ ਬਾਹਨੀ ਫ਼ੌਜ ਬਣਾਈ ਸੀ। ਬੰਗਲਾ ਦੇਸ਼ ਆਜ਼ਾਦ ਕਰਾਉਣ ਦਾ ਸਿਹਰਾ ਆਪ ਜੀ ਦੇ ਸਿਰ ਹੀ ਬੱਝਦਾ ਹੈ। ਪਰ ਕੇਂਦਰ ਸਰਕਾਰ ਨੇ ਹਮੇਸ਼ਾ ਹੀ ਅਜਿਹੀ ਨੀਤੀ ਅਪਣਾਈ ਕਿ ਕਿਸੇ ਵੀ ਸੂਝਵਾਨ, ਬਹਾਦਰ ਅਤੇ ਪੜ੍ਹੇ-ਲਿਖੇ ਸਿੱਖ ਨੂੰ ਕਦੇ ਵੀ ਮੋਹਰੇ ਨਹੀਂ ਆਉਣ ਦੇਣਾ। ਜਨਰਲ ਸ਼ੁਬੇਗ ਸਿੰਘ ਦਾ ਵੀ ਇਹੀ ਕਸੂਰ ਸੀ। ਇਸ ਕਰਕੇ ਪ੍ਰਤਿਭਾਸ਼ਾਲੀ ਸਤਿਕਾਰ ਦੇਣ ਦੀ ਬਜਾਏ ਆਪ ਉਪਰ ਬੇਬੁਨਿਆਦ ਇਲਜ਼ਾਮ ਲਗਾ ਕੇ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ ਸੀ।

ਘਮਸਾਨ ਦਾ ਯੁੱਧ

ਫ਼ੌਜ ਨੇ 4 ਜੂਨ ਨੂੰ ਤੜਕੇ 4 ਵੱਜ ਕੇ 45 ਮਿੰਟ 'ਤੇ ਹਰਿਮੰਦਰ ਸਾਹਿਬ ਉਤੇ ਚਾਰ-ਚੁਫੇਰਿਉਂ ਜ਼ਬਰਦਸਤ ਫਾਇਰਿੰਗ ਸ਼ੁਰੂ ਕਰ ਦਿੱਤੀ। ਲੋਕਾਂ ਨੇ ਆਪੋ ਆਪਣੇ ਮਕਾਨਾਂ ਤੋਂ ਹਰਿਮੰਦਰ ਸਾਹਿਬ 'ਤੇ ਅੱਗ ਵਰ੍ਹਦੀ ਵੇਖੀ। ਜਵਾਬ ਵਿੱਚ ਅੰਦਰੋਂ ਵੀ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡ ਕੇ ਫਾਇਰਿੰਗ ਸ਼ੁਰੂ ਕਰ ਦਿੱਤੀ ਗਈ। ਸਾਰਾ ਦਿਨ ਇਸੇ ਤਰ੍ਹਾਂ ਹੀ ਚੱਲਦਾ ਰਿਹਾ। ਫ਼ੌਜ ਦਰਬਾਰ ਸਾਹਿਬ ਦੇ ਅੰਦਰ ਦਾਖ਼ਲ ਹੋਣ ਦਾ ਯਤਨ ਕਰ ਰਹੀ ਸੀ। ਸਿੰਘਾਂ ਦੀ ਸ਼ਿਸ਼ਤ ਵਿੱਚ ਜਿਹੜਾ ਵੀ ਫ਼ੌਜੀ ਆਉਂਦਾ, ਬਚ ਕੇ ਨਾ ਜਾਂਦਾ। ਅੰਦਰ ਧਰਮ ਦੀ ਖ਼ਾਤਰ ਬਗ਼ੈਰ ਤਨਖ਼ਾਹਾਂ ਲੈਣ ਤੋਂ ਲੜਨ ਵਾਲੇ ਸਿਰਲੱਥ ਯੋਧੇ ਸਨ, ਬਾਹਰ ਤਨਖ਼ਾਹਾਂ ਲੈ ਕੇ ਲੜਨ ਵਾਲੇ ਫ਼ੌਜੀ ਸਨ।

ਵੱਖ-ਵੱਖ ਰਸਤਿਆਂ ਤੋਂ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਵਿੱਚ ਸੈਂਕੜੇ ਫ਼ੌਜੀ ਆਪਣੀਆਂ ਜਾਨਾਂ ਗਵਾ ਬੈਠੇ ਪਰ ਹਰਿਮੰਦਰ ਸਾਹਿਬ ਕੰਪਲੈਕਸ ਉਪਰ ਸਾਰਾ ਦਿਨ ਕਬਜ਼ਾ ਕਰਨ ਵਿੱਚ ਸਫ਼ਲ ਨਾ ਹੋ ਸਕੇ। ਫ਼ੌਜ ਵੱਲੋਂ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰਨ ਦੀ ਬਜਾਏ ਰਾਮਦਾਸ ਸਰਾਂ ਅਤੇ ਸਮੁੰਦਰੀ ਹਾਲ ਉਪਰ ਕਬਜ਼ਾ ਕਰਨ ਦਾ ਇਰਾਦਾ ਨਜ਼ਰ ਆ ਰਿਹਾ ਸੀ। ਪਰ ਸਿੰਘਾਂ ਨੇ ਬੜੀ ਮਜ਼ਬੂਤੀ ਨਾਲ ਜਵਾਬ ਦੇ

ਕੇ ਹਮਲੇ ਪਛਾੜ ਦਿੱਤੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਇਕ ਪ੍ਰਾਈਵੇਟ ਉੱਚੀ ਇਮਾਰਤ 'ਤੇ ਬਣਾਏ ਸਿੰਘਾਂ ਦੇ ਮੋਰਚਿਆਂ 'ਚੋਂ ਜ਼ਬਰਦਸਤ ਫਾਇਰਿੰਗ ਹੋ ਰਹੀ ਸੀ। 4 ਜੂਨ ਦੇ ਇਸ ਘਮਸਾਨ ਦੇ ਯੁੱਧ ਵਿੱਚ ਫ਼ੌਜੀ ਰਾਮਦਾਸ ਸਰਾਂ ਅਤੇ ਲੰਗਰ ਇਮਾਰਤ ਵਿਚਕਾਰਲੇ ਗੇਟ ਤੋਂ ਅੰਦਰ ਦਾਖਲ ਹੋਣ ਦੇ ਯਤਨ ਵਿੱਚ ਵੱਡੀ ਗਿਣਤੀ ਵਿੱਚ ਆਪਣੀਆਂ ਜਾਨਾਂ ਗਵਾ ਬੈਠੇ ਸਨ ਅਤੇ ਇਹਨਾਂ ਪਾਸਿਆਂ ਤੋਂ, ਮੋਰਚਿਆਂ ਵਿੱਚ ਬੈਠੇ ਫ਼ੌਜੀ ਆਪਣੇ ਮੋਰਚੇ ਛੱਡ ਕੇ ਦੌੜ ਗਏ ਸਨ। ਸਿੰਘਾਂ ਦੇ ਹੱਥ ਇਹਨਾਂ ਮੋਰਚਿਆਂ 'ਚੋਂ ਕਾਫ਼ੀ ਜ਼ਿਆਦਾ ਗੋਲਾ ਬਾਰੂਦ ਲੱਗ ਗਿਆ ਸੀ।

ਹੈਲੀਕਾਪਟਰਾਂ ਨਾਲ ਸਿੰਘਾਂ ਦੇ ਮੋਰਚਿਆਂ ਦਾ ਜਾਇਜ਼ਾ

ਚਾਰ ਜੂਨ ਦੀ ਇਸ ਘਮਸਾਨ ਦੀ ਲੜਾਈ ਵਿੱਚ ਫ਼ੌਜ ਦਾ ਬਹੁਤ ਹੀ ਜ਼ਿਆਦਾ ਜਾਨੀ ਨੁਕਸਾਨ ਹੋਇਆ ਅਤੇ ਸਿੰਘਾਂ ਦਾ ਬਹੁਤ ਹੀ ਘੱਟ। ਉਸ ਦਾ ਕਾਰਨ ਇਹ ਸੀ ਕਿ ਸਿੰਘ ਬੜੇ ਹੀ ਸੁਰੱਖਿਅਤ ਮੋਰਚਿਆਂ ਵਿੱਚ ਲੜ ਰਹੇ ਸਨ। ਹੁਣ ਜੰਗ ਬੰਦ ਹੋ ਚੁੱਕੀ ਸੀ। ਤਕਰੀਬਨ ਇਕ ਘੰਟਾ ਜੰਗ ਬੰਦ ਰਹੀ। ਦੋ ਹੈਲੀਕਾਪਟਰ ਕੰਪਲੈਕਸ ਉਪਰ ਆ ਕੇ ਚੱਕਰ ਲਾਉਣ ਲੱਗ ਪਏ ਅਤੇ ਸਿੰਘਾਂ ਦੇ ਮੋਰਚਿਆਂ ਦਾ ਜਾਇਜ਼ਾ ਲੈਣ ਲੱਗ ਪਏ। ਇਕ ਘੰਟਾ ਹੈਲੀਕਾਪਟਰ ਸਿੰਘਾਂ ਦਿਆਂ ਮੋਰਚਿਆਂ ਦਾ ਜਾਇਜ਼ਾ ਲੈਂਦਾ ਰਿਹਾ। ਹੈਲੀਕਾਪਟਰ ਦੀਆਂ ਹਦਾਇਤਾਂ ਮੁਤਾਬਕ ਫ਼ੌਜ ਵੀ ਨਵੇਂ ਹਮਲੇ ਦੀ ਤਿਆਰੀ ਅਤੇ ਮੋਰਚਾਬੰਦੀ ਕਰਨ ਲੱਗ ਪਈ। ਏਧਰ ਸਿੰਘਾਂ ਨੇ ਵੀ ਆਪਣੇ ਮੋਰਚੇ ਹੋਰ ਮਜ਼ਬੂਤ ਕਰ ਲਏ ਅਤੇ ਗੋਲੀ ਸਿੱਕਾ ਵੀ ਸਾਰੇ ਮੋਰਚਿਆਂ ਤੱਕ ਪਹੁੰਚਦਾ ਕਰ ਦਿੱਤਾ ਗਿਆ। ਇਸ ਲੜਾਈ ਤੋਂ ਸਿੰਘਾਂ ਇਹ ਸਬਕ ਸਿੱਖ ਕੇ ਜਿੱਥੇ ਹੋਰ ਮੋਰਚਿਆਂ ਦੀ ਜ਼ਰੂਰਤ ਸਮਝੀ, ਉਥੇ ਅੱਧੇ ਘੰਟੇ ਦੇ ਵਿੱਚ ਮੋਰਚੇ ਸਥਾਪਿਤ ਕਰ ਲਏ। ਜਨਰਲ ਸ਼ੁਬੇਗ ਸਿੰਘ ਨੇ ਇਕ ਵਾਰ ਆਪ ਸਾਰੇ ਮੋਰਚਿਆਂ ਵਿੱਚ ਜਾ ਕੇ ਜਾਇਜ਼ਾ ਲਿਆ।

ਜਨਰਲ ਸ਼ੁਬੇਗ ਸਿੰਘ ਦੇ ਕੋਲ ਇਕ ਵਾਕੀ ਟਾਕੀ (ਕਹਿੰਦੇ ਨੇ ਕਿ ਉਹ ਕਿਸੇ ਫ਼ੌਜੀ ਦਾ ਹੀ ਹੱਥ ਲੱਗਾ ਸੀ ਜੋ ਮੋਰਚਾ ਛੱਡ ਕੇ ਭੱਜ ਗਿਆ ਸੀ) ਸੀ ਜਿਸ ਰਾਹੀਂ ਕੇ.ਐਸ. ਬਰਾੜ, ਕੇ. ਸੁੰਦਰਜੀ ਦੀ ਸਾਰੀ ਗੱਲਬਾਤ ਅਤੇ ਫ਼ੌਜ ਨੂੰ ਦਿੱਤੀਆਂ ਹਦਾਇਤਾਂ ਦਾ ਪਤਾ ਚੱਲ ਰਿਹਾ ਸੀ। ਜਨਰਲ ਸ਼ੁਬੇਗ ਸਿੰਘ ਨੇ ਸਾਰਿਆਂ ਸਿੰਘਾਂ ਨੂੰ ਹਦਾਇਤਾਂ ਦੇ ਦਿੱਤੀਆਂ ਸਨ ਕਿ ਹੁਣ ਫ਼ੌਜ ਦੇ ਇਸ ਹੱਲੇ ਨੂੰ ਕਿਸ ਤਰ੍ਹਾਂ ਨਾਕਾਮ ਕਰਨਾ ਹੈ ਅਤੇ ਨਾਲ ਹੀ ਦੱਸ ਦਿੱਤਾ ਸੀ ਕਿ ਹੋਰ 20-25 ਮਿੰਟ ਵਿੱਚ ਫ਼ੌਜ ਵੱਲੋਂ ਫਿਰ ਦੁਬਾਰਾ ਹੱਲਾ ਹੋਣ ਵਾਲਾ ਹੈ। ਜਨਰਲ ਸ਼ੁਬੇਗ ਸਿੰਘ ਨੇ ਕਿਹਾ, "ਚਮਕੌਰ ਦੀ ਕੱਚੀ ਗੜ੍ਹੀ ਯਾਦ ਕਰੋ। ਦੁਸ਼ਮਣ ਦਸ ਲੱਖ ਤੇ ਸਿੰਘ ਕੇਵਲ ਚਾਲੀ। ਅੱਜ ਚਮਕੌਰ ਦੀ ਕੱਚੀ ਗੜ੍ਹੀ ਵਾਲਾ ਸਾਕਾ ਦੁਹਰਾ ਦਿਉ। ਬਹਾਦਰੋ, ਫ਼ੌਜ ਨੂੰ ਜਿਉਂਦੇ ਜੀਅ ਅੰਦਰ ਦਾਖ਼ਲ ਨਹੀਂ ਹੋਣ ਦੇਣਾ। ਅੱਜ ਤੁਹਾਡੀਆਂ ਸ਼ਹੀਦੀਆਂ ਸਿੱਧੀਆਂ ਸੱਚਖੰਡ ਪਿਆਨੇ ਹੋਣਗੀਆਂ। ਅੱਜ ਸੰਸਾਰ ਨੂੰ ਇਹ ਦੱਸ ਦੇਣਾ ਹੈ ਕਿ ਮੁੱਠੀ ਭਰ ਸਿੰਘਾਂ ਨੇ ਸੰਸਾਰ ਦੀ ਚੌਥੀ ਵੱਡੀ ਤਾਕਤ ਨੂੰ ਆਪਣੇ ਧਾਰਮਿਕ ਅਕੀਦਿਆਂ ਦੀ ਰਾਖੀ ਕਰਦਿਆਂ ਕਿਵੇਂ ਤੁੱਛ ਜਾਣਿਆ। ਅੱਜ ਨਵਾਂ ਇਤਿਹਾਸ ਲਿਖਣ

ਦਾ ਵੇਲਾ ਹੈ। ਕਲਗੀਧਰ ਪਿਤਾ ਜੀ ਸੱਚਖੰਡ ਵਿੱਚ ਤੁਹਾਡਾ ਇੰਤਜ਼ਾਰ ਕਰੇ ਰਹੇ ਹਨ।"

ਸਿੰਘਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਅੱਜ ਚਾਰ ਦਿਨ ਹੋ ਗਏ ਸਨ ਪਰ ਫ਼ੌਜ ਨੂੰ ਕੋਈ ਸਫ਼ਲਤਾ ਨਹੀਂ ਸੀ ਮਿਲ ਰਹੀ। ਹੈਲੀਕਾਪਟਰਾਂ ਦੇ ਯਕਦਮ ਪਿੱਛੇ ਹੱਟਣ ਦੀ ਦੇਰ ਸੀ ਕਿ ਫ਼ੌਜ ਵੱਲੋਂ ਫਿਰ ਚਾਰ ਚੁਫੇਰਿਓਂ ਜ਼ਬਰਦਸਤ ਫਾਇਰਿੰਗ, ਬੰਬਾਂ ਗਰਨੇਡਾਂ ਦੀ ਵਰਖਾ ਕੰਪਲੈਕਸ ਉਪਰ ਹੋਣ ਲੱਗੀ। ਫ਼ੌਜ ਚੌਹਾਂ ਮੇਨ ਗੇਟਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਅੰਦਰ ਦਾਖਲ ਹੋਣ ਲੱਗੀ। ਅੰਦਰੋਂ ਵੀ ਫਾਇਰਿੰਗ ਸ਼ੁਰੂ ਕਰ ਦਿੱਤੀ ਗਈ। ਜਿੰਨੀ ਵੀ ਫ਼ੌਜ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰਦੀ, ਸਿੰਘਾਂ ਦੀ ਮਾਰ ਹੇਠ ਆ ਜਾਂਦੀ। ਹੁਣ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜਾਂ ਜਾਨ ਤੋਂ ਹੱਥ ਧੋ ਬੈਠੀਆਂ ਸਨ। ਭਾਰੀ ਜਾਨੀ ਨੁਕਸਾਨ ਹੁੰਦਾ ਵੇਖ ਕੇ ਫ਼ੌਜ ਪਿੱਛੇ ਹੱਟਣ ਲੱਗ ਪਈ। ਸ਼ਾਮ ਪੈ ਚੁੱਕੀ ਸੀ। ਫ਼ੌਜੀ ਗੱਡੀਆਂ ਜ਼ਖਮੀ ਹੋਏ ਫ਼ੌਜੀਆਂ ਨੂੰ ਅਤੇ ਮਰੇ ਹੋਏ ਫ਼ੌਜੀਆਂ ਨੂੰ ਚੁੱਕ ਕੇ ਲੈ ਜਾ ਰਹੀਆਂ ਸਨ। ਮਰੇ ਹੋਏ ਫ਼ੌਜੀਆਂ ਅਤੇ ਜ਼ਖ਼ਮੀ ਫ਼ੌਜੀਆਂ ਦੀਆਂ ਲਾਸ਼ਾਂ ਚੁੱਕਣਾ ਵੀ ਬੜੀ ਮੁਸੀਬਤ ਵਾਲੀ ਗੱਲ ਸੀ ਕਿਉਂਕਿ ਉਪਰੋਂ ਸਿੰਘਾਂ ਦੀਆਂ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਇਸ ਹੱਲੇ ਵਿੱਚ ਵੀ ਫ਼ੌਜ ਨੂੰ ਹਾਰ ਵੇਖਣੀ ਪਈ। ਚਾਰ ਜੂਨ ਦੀ ਚੜ੍ਹਦੀ ਰਾਤ ਨੂੰ ਗੋਲੀ ਘੱਟ ਗਈ ਤੇ ਫ਼ੌਜ ਪਿੱਛੇ ਹੱਟਣ ਲੱਗ ਪਈ।

ਸੰਤ ਭਿੰਡਰਾਂਵਾਲਿਆਂ ਵੱਲੋਂ ਮੀਟਿੰਗ

ਚਾਰ ਜੂਨ ਦੀ ਰਾਤ ਨੂੰ ਦੋਹਾਂ ਪਾਸਿਆਂ ਤੋਂ ਗੋਲਾਬਾਰੀ ਘੱਟ ਹੋ ਗਈ ਸੀ। ਗੋਲੀਬਾਰੀ ਘੱਟ ਹੋਈ ਵੇਖ ਕੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਇਕ ਕਾਹਲੀ ਨਾਲ ਮੀਟਿੰਗ ਸੱਦੀ ਗਈ ਜਿਸ ਵਿੱਚ ਜਨਰਲ ਸ਼ੁਬੇਗ ਸਿੰਘ, ਭਾਈ ਅਮਰੀਕ ਸਿੰਘ, ਬਾਬਾ ਥਾਰਾ ਸਿੰਘ, ਭਾਈ ਰਛਪਾਲ ਸਿੰਘ ਅਤੇ ਹੋਰ ਨਾਮਵਾਰ ਸਿੰਘਾਂ ਨੇ ਭਾਗ ਲਿਆ। ਸੰਤ ਜਰਨੈਲ ਸਿੰਘ ਨੇ ਕਿਹਾ ਕਿ ਸਰਕਾਰ ਘਿਨਾਉਣੇ ਤਰੀਕਿਆਂ ਉਪਰ ਉਤਰ ਆਈ ਹੈ। ਇਸ ਲਈ ਸਰਕਾਰ ਨੇ ਹੁਣ ਹਰ ਹੀਲੇ ਵੱਡੀ ਪੱਧਰ 'ਤੇ ਹਮਲਾ ਕਰਨਾ ਹੈ। ਆਪਾਂ ਨੂੰ ਭੋਲੀਆਂ ਭਾਲੀਆਂ ਸੰਗਤਾਂ ਨੂੰ ਅੰਦਰੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ਸਰਕਾਰ ਚਾਹੁੰਦੀ ਸੀ ਕਿ ਸੰਗਤ ਨੂੰ ਅੰਦਰ ਹੀ ਸ਼ਹੀਦ ਕੀਤਾ ਜਾਵੇ। ਪਰ ਸਿੰਘ ਨਹੀਂ ਸੀ ਚਾਹੁੰਦੇ ਕਿ ਭੋਲੀ ਭਾਲੀ ਸਿੱਖ ਸੰਗਤ, ਬੱਚੇ, ਬੀਬੀਆਂ, ਬਜ਼ੁਰਗ ਅੰਦਰ ਮਾਰੇ ਜਾਣ। ਜਨਰਲ ਸ਼ੁਬੇਗ ਸਿੰਘ ਨੇ ਕਿਹਾ ਕਿ ਅਕਾਲੀ ਲੀਡਰਾਂ ਨੂੰ ਛੱਡ ਕੇ ਬਾਕੀ ਸਾਰੀ ਸੰਗਤ ਨੂੰ ਕਹੋ ਕਿ ਬਾਹਰ ਨਿਕਲ ਜਾਵੇ। ਫ਼ੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਦੀ ਡਿਊਟੀ ਲਗਾਈ ਕਿ ਲੀਡਰ ਕੋਈ ਵੀ ਬਾਹਰ ਨਾ ਜਾਵੇ। ਲੀਡਰਾਂ ਨੂੰ ਇਸ ਕਰਕੇ ਨਹੀਂ ਸੀ ਜਾਣ ਦੇਣਾ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਅੰਦਰ ਦੀ ਸਥਿਤੀ ਦਾ ਸਾਰਾ ਭੇਤ ਸੀ। ਸਿੰਘਾਂ ਨੂੰ ਡਰ ਸੀ ਕਿ ਇਹ ਅਖੌਤੀ ਲੀਡਰ ਕਿਤੇ ਫ਼ੌਜ ਨੂੰ ਅੰਦਰ ਦਾ ਸਾਰਾ ਭੇਤ ਨਾ ਦੇ ਦੇਣ। ਇਸ ਤਰ੍ਹਾਂ ਸੰਗਤ ਨੂੰ ਹੱਥ ਖੜ੍ਹੇ ਕਰਕੇ ਜਾਣ ਦੀ ਆਗਿਆ ਦੇ ਦਿੱਤੀ ਗਈ। ਤਕਰੀਬਨ ਕੋਈ 2000 ਸੰਗਤਾਂ ਹੱਥ ਖੜੇ ਕਰਕੇ ਬਾਹਰ ਨਿਕਲ ਗਈਆਂ (ਬਾਕੀ ਸੰਗਤ ਜਾਂ ਅੰਦਰ ਹੀ ਆਪਣੇ ਆਪ ਨੂੰ ਸੁਰੱਖਿਅਤ ਸਮਝਦੀ ਸੀ ਜਾਂ ਫਿਰ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਮਰ-ਮਿਟਣ ਲਈ ਤਿਆਰ ਸੀ)।

ਪੰਜ ਜੂਨ ਦੀ ਲੜਾਈ ਦਾ ਭਿਆਨਕ ਦ੍ਰਿਸ਼

5 ਜੂਨ ਦੀ ਹਾਰ ਪਿੱਛੋਂ ਫ਼ੌਜੀ ਜਰਨੈਲ ਮੇਜਰ ਜਨਰਲ ਬਰਾੜ, ਮੇਜਰ ਜਨਰਲ ਸੁੰਦਰਜੀ, ਰਣਜੀਤ ਦਿਆਲ ਅਤੇ ਹੋਰ ਅਫ਼ਸਰ ਹੋਏ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਤੋਂ ਕਾਫ਼ੀ ਫਿਕਰਮੰਦ ਸਨ। ਸੋਚਾਂ ਹੋਣ ਲੱਗੀਆਂ। ਹੁਣ ਅਗਲੇ ਪੜਾਅ ਵਿੱਚ ਕੀ ਕਰਨਾ ਚਾਹੀਦਾ ਹੈ? ਕਿਵੇਂ ਹਰਿਮੰਦਰ ਸਾਹਿਬ ਨੂੰ ਫ਼ਤਹਿ ਕੀਤਾ ਜਾਵੇ? ਉਤੋਂ ਇੰਦਰਾ ਵੱਲੋਂ ਵੀ ਭਾਰੀ ਦਬਾਅ ਪੈ ਰਿਹਾ ਸੀ ਕਿ ਜਲਦੀ ਤੋਂ ਜਲਦੀ ਹਰਿਮੰਦਰ ਸਾਹਿਬ ਨੂੰ ਫ਼ਤਹਿ ਕੀਤਾ ਜਾਵੇ ਅਤੇ ਅੰਦਰੋਂ ਕਿਸੇ ਨੂੰ ਵੀ ਗ੍ਰਿਫ਼ਤਾਰ ਨਾ ਕੀਤਾ ਜਾਵੇ। ਜੋ ਵੀ ਸਾਹਮਣੇ ਆਵੇ, ਖ਼ਤਮ ਕਰ ਦਿੱਤਾ ਜਾਵੇ। ਸਰਕਾਰ ਨੂੰ ਬਾਹਰਲੇ ਪ੍ਰਤੀਕਰਮ ਦਾ ਵੀ ਡਰ ਸੀ। ਦੂਸਰਾ ਸਿੱਖ ਰੈਜੀਮੈਂਟਾਂ ਵਿੱਚ ਹਲਚਲ ਹੋਣੀ ਸ਼ੁਰੂ ਹੋ ਗਈ ਸੀ।

5 ਜੂਨ ਨੂੰ ਸਵੇਰੇ ਤੜਕੇ ਅੰਮ੍ਰਿਤ ਵੇਲੇ 4 ਵੱਜ ਕੇ 15 ਮਿੰਟ 'ਤੇ ਫ਼ੌਜ ਦਰਬਾਰ ਸਾਹਿਬ ਉਪਰ ਫਿਰ ਹਮਲਾਵਰ ਹੋਈ। ਦੋਹਾਂ ਪਾਸਿਉਂ ਭਾਰੀ ਗੋਲਾਬਾਰੀ ਸ਼ੁਰੂ ਹੋ ਗਈ। ਫ਼ੌਜ ਵੱਲੋਂ ਬੰਬਾਂ ਗਰਨੇਡਾਂ ਦੀਆਂ ਬੁਛਾੜਾਂ ਘੰਟਾ ਘਰ ਚੌਂਕ ਤੋਂ ਹਰਿਮੰਦਰ ਸਾਹਿਬ ਵੱਲ ਪੈ ਰਹੀਆਂ ਸਨ। ਹਰਿਮੰਦਰ ਸਾਹਿਬ ਦੇ ਸੁਨਹਿਰੀ ਪੱਤਰੇ ਉਤਾਂਹ ਨੂੰ ਚੜ੍ਹਦੇ ਦਿਖਾਈ ਦੇ ਰਹੇ ਸਨ। ਸੁਲਤਾਨਵਿੰਡ ਗੇਟ ਤੋਂ ਟੈਂਕਾਂ ਦਾ ਇਕ ਕਾਫ਼ਲਾ ਹਰਿਮੰਦਰ ਸਾਹਿਬ ਵੱਲ ਆਉਂਦਾ ਆਮ ਸੰਗਤਾਂ ਅਤੇ ਘਰਾਂ ਦੇ ਦਰਵਾਜ਼ਿਆਂ ਵਿੱਚੋਂ ਲੋਕਾਂ ਨੇ ਵੇਖਿਆ। ਜਲ੍ਹਿਆਂ ਵਾਲੇ ਬਾਗ ਦੇ ਦਰਵਾਜ਼ੇ ਛੋਟੇ ਹੋਣ ਕਰਕੇ, ਕੰਧ ਪਾੜ ਕੇ ਅੰਦਰ 25 ਪੌਂਡ ਗੋਲੇ ਵਾਲੀ ਤੋਪ (ਹਿਊਵਿਟਜ਼ਰ ਗੰਨ) ਬੀੜ ਦਿੱਤੀ ਗਈ। ਜਿਸ ਮਾਰੂ ਤੋਪ ਦੀ ਮਾਰ 6 ਮੀਲ ਤੱਕ ਹੈ। ਇਕ ਤੋਪ ਸੁਲਤਾਨਵਿੰਡ ਗੇਟ 'ਤੇ ਬੀੜ ਦਿੱਤੀ ਗਈ। ਦਰਬਾਰ ਸਾਹਿਬ ਅੰਮ੍ਰਿਤਸਰ ਟੈਂਕਾਂ ਦੀਆਂ ਬਣੀਆਂ ਮਜ਼ਬੂਤ ਦੀਵਾਰਾਂ ਨੇ ਘੇਰਿਆ ਹੋਇਆ ਸੀ। 5 ਜੂਨ ਨੂੰ ਤੜਕੇ ਸੂਰਜ ਦੀ ਟਿੱਕੀ ਚੜ੍ਹਦਿਆਂ ਹੀ ਫ਼ੌਜ ਨੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਸਿੰਘਾਂ ਦੇ ਬਣੇ ਮਜ਼ਬੂਤ ਮੋਰਚਿਆਂ ਉਪਰ ਤੋਪਾਂ ਦੇ ਫ਼ਾਇਰ ਖੋਲ੍ਹ ਦਿੱਤੇ। ਜਿੱਥੇ ਤੋਪਾਂ ਅਤੇ ਟੈਂਕਾਂ ਦੇ ਗੋਲੇ ਦਾਗੇ ਜਾ ਰਹੇ ਸਨ, ਉਥੇ ਫ਼ੌਜ ਵੱਲੋਂ ਤਿੰਨਾਂ ਪਾਸਿਆਂ ਤੋਂ ਰਾਕਟਾਂ, ਬੰਬਾਂ, ਗਰਨੇਡਾਂ ਅਤੇ ਹੋਰ ਮਾਰੂ ਹਥਿਆਰਾਂ ਨਾਲ ਹਮਲਾ ਕੀਤਾ ਜਾ ਰਿਹਾ ਸੀ। ਅੰਮ੍ਰਿਤਸਰ ਦੇ ਲੋਕ ਆਪਣੇ ਆਪ ਨੂੰ ਘੜੀ ਮਿੰਟਾਂ ਦੇ ਮਹਿਮਾਨ ਸਮਝ ਰਹੇ ਸਨ। ਅੰਮ੍ਰਿਤਸਰ ਸ਼ਹਿਰ ਉਪਰ ਧੂੰਆਂ ਹੀ ਧੂੰਆਂ ਸੀ। ਅਕਾਸ਼ ਦੇਖਣਾ ਹੀ ਮੁਸ਼ਕਲ ਸੀ। ਟੈਂਕਾਂ, ਤੋਪਾਂ, ਅਗਨੀ ਬੰਬਾਂ, ਗਰਨੇਡਾਂ ਦੇ ਖੜਾਕ ਨਾਲ ਲੋਕਾਂ ਦੇ ਬੂਹੇ, ਬਾਰੀਆਂ ਅਤੇ ਦਰਵਾਜ਼ੇ ਖੜਕ ਰਹੇ ਸਨ। ਸਿੰਘਾਂ ਉਪਰ ਹੁਣ ਤੋਪਾਂ, ਟੈਂਕਾਂ ਦੇ ਗੋਲੇ ਡਿੱਗ ਰਹੇ ਸਨ। ਜਦੋਂ ਵੀ ਤੋਪ ਦਾ ਗੋਲਾ ਸਿੰਘਾਂ ਦੇ ਮੋਰਚਿਆਂ ਉਪਰ ਡਿੱਗਦਾ ਤਾਂ ਸਿੰਘਾਂ ਦੇ ਸਰੀਰ ਫੀਤਾ-ਫੀਤਾ ਹੋ ਕੇ ਉਤਾਂਹ ਨੂੰ ਉਡਦੇ ਦਿਖਾਈ ਦਿੰਦੇ। ਜਲ੍ਹਿਆਂ ਵਾਲੇ ਬਾਗ ਤੋਂ ਜਾਂਦਾ ਹਰਿਮੰਦਰ ਸਾਹਿਬ ਦਾ ਰਸਤਾ ਸਿੰਘਾਂ ਦੀਆਂ ਗੋਲੀਆਂ ਦੇ ਨਿਸ਼ਾਨਾਂ ਨਾਲ ਵਿੰਨ੍ਹਿਆ ਪਿਆ ਸੀ। ਫ਼ੌਜੀਆਂ ਦੀਆਂ ਲਾਸ਼ਾਂ ਸੜਕਾਂ ਵਿੱਚ ਪਈਆਂ ਆਮ ਦਿਖਾਈ ਦੇ ਰਹੀਆਂ ਸਨ। ਸੜਕਾਂ

ਉਤੇ ਖ਼ੂਨ ਦੀਆਂ ਨਦੀਆਂ ਵਗ ਰਹੀਆਂ ਸਨ। ਅੱਤ ਦੀ ਗਰਮੀ ਪੈਣ ਕਰਕੇ ਲਾਸ਼ਾਂ ਮੁਸ਼ਕੀ ਜਾ ਰਹੀਆਂ ਸਨ। ਮਨੁੱਖੀ ਲਾਸ਼ਾਂ ਦੀ ਮੁਸ਼ਕ ਆਉਣ ਕਰਕੇ ਕਾਂ ਤੇ ਇੱਲਾਂ ਅਸਮਾਨ ਵਿੱਚ ਘੁੰਮ ਰਹੇ ਸਨ। ਭੁੱਖਣ ਭਾਣੇ ਸਿੰਘਾਂ ਅਤੇ ਚਾਰ ਦਿਨਾਂ ਤੋਂ ਇਕ ਵੀ ਘੜੀ ਸੌਂ ਨਾ ਸਕਣ ਵਾਲੇ ਮਰਜੀਵੜਿਆਂ ਨੇ ਮਿਲਟਰੀ ਦਾ ਇਤਨਾ ਜ਼ਬਰਦਸਤ ਮੁਕਾਬਲਾ ਕੀਤਾ ਕਿ ਫ਼ੌਜ ਨੂੰ ਇਕ ਵਾਰ ਸੈਂਕੜੇ ਫ਼ੌਜੀ ਮਰਵਾ ਕਿ ਪਿੱਛੇ ਹੱਟਣ ਲਈ ਮਜਬੂਰ ਹੋਣਾ ਪਿਆ। 7 ਵਜੇ ਦੇ ਕਰੀਬ ਲੜਾਈ ਬੰਦ ਹੋ ਗਈ।

ਗੁਰਬਾਣੀ ਦਾ ਕੀਰਤਨ

4 ਜੂਨ ਅਤੇ 5 ਜੂਨ ਦੀ ਭਿਆਨਕ ਜੰਗ ਦੌਰਾਨ ਵੀ ਰਾਗੀ ਸਿੰਘ ਅਤੇ ਗ੍ਰੰਥੀ ਸਿੰਘ ਸਾਹਿਬਾਨ ਪੂਰੀ ਮਰਿਆਦਾ ਅਨੁਸਾਰ ਕੀਰਤਨ ਪਾਠ ਕਰਦੇ ਰਹੇ ਅਤੇ ਗੁਰ ਮਰਿਆਦਾ ਨਿਭਾਉਂਦੇ ਰਹੇ। ਸਾਰੇ ਸ਼ਹਿਰ ਵਿੱਚ ਸੁੰਨਸਾਨ ਸੀ। ਜਦੋਂ ਗੋਲਾਬਾਰੀ ਘੱਟ ਹੁੰਦੀ ਤਾਂ ਕੀਰਤਨ ਦੀ ਆਵਾਜ਼ ਕਦੀ-ਕਦੀ ਲਾਊਡ ਸਪੀਕਰਾਂ ਰਾਹੀਂ ਬਹੁਤ ਦੂਰ ਦੂਰ ਤੱਕ ਜਾਂਦੀ। "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥" ਆਦਿ ਬੀਰ ਰਸੀ ਸ਼ਬਦ ਗਾਇਨ ਹੋ ਰਹੇ ਸਨ।

ਜੰਗ ਬੰਦੀ ਅਤੇ ਜਨਰਲ ਸ਼ੁਬੇਗ ਸਿੰਘ

5 ਜੂਨ ਨੂੰ ਤਕਰੀਬਨ ਇਕ ਘੰਟਾ ਫਿਰ ਫਾਇਰਿੰਗ ਬੰਦ ਹੋ ਗਈ। ਜਨਰਲ ਸ਼ੁਬੇਗ ਸਿੰਘ ਨੇ ਏਧਰ-ਉਧਰ ਭੱਜ ਨੱਠ ਕਰਕੇ ਮੋਰਚਿਆਂ ਨੂੰ ਫਿਰ ਮਜ਼ਬੂਤ ਕਰ ਲਿਆ ਅਤੇ ਲੋੜੀਂਦਾ ਗੋਲੀ-ਸਿੱਕਾ ਮੋਰਚਿਆਂ ਵਿੱਚ ਪਹੁੰਚਾ ਦਿੱਤਾ ਗਿਆ। ਰੇਤ ਦੀਆਂ ਬੋਰੀਆਂ ਫਿਰ ਟੁੱਟੇ ਹੋਏ ਮੋਰਚਿਆਂ ਉਪਰ ਲਗਾਈਆਂ ਗਈਆਂ। ਬੱਬਰ ਸਿੰਘਾਂ ਨੂੰ ਸੰਤਾਂ ਵੱਲੋਂ ਹੋਰ ਗੋਲਾ-ਬਾਰੂਦ ਦਿੱਤਾ ਗਿਆ। ਮੋਰਚਿਆਂ ਵਿੱਚੋਂ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਸਿੰਘਾਂ ਦੀ ਥਾਂ ਹੋਰ ਨਵੇਂ ਸਿੰਘਾਂ ਨੇ ਮੋਰਚੇ ਸੰਭਾਲ ਲਏ। ਇਸ ਤਰ੍ਹਾਂ ਫ਼ੌਜ ਵੱਲੋਂ ਤੋੜੇ ਮੋਰਚਿਆਂ ਨੂੰ ਦੁਬਾਰਾ ਮਜ਼ਬੂਤ ਕਰ ਦਿੱਤਾ ਗਿਆ। 70 ਤੋਂ 80 ਤੱਕ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਸਨ। ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਇਕੱਠਿਆਂ ਕਰਕੇ ਸਸਕਾਰ ਕਰ ਦਿੱਤਾ ਗਿਆ ਅਤੇ ਜ਼ਖਮੀ ਸਿੰਘਾਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦਿੱਤੀ। ਜਨਰਲ ਸ਼ੁਬੇਗ ਸਿੰਘ ਨੇ ਨਾਲ ਹੀ ਜੰਗਜੂ ਸਿੰਘਾਂ ਅਤੇ ਸਮੂਹ ਸੰਗਤ ਨੂੰ ਸੁਚੇਤ ਕਰ ਦਿੱਤਾ ਕਿ ਬਹੁਤ ਜਲਦ ਹੀ ਫ਼ੌਜ ਵੱਲੋਂ ਜ਼ਬਰਦਸਤ ਹੱਲਾ ਹੋਣ ਵਾਲਾ ਹੈ। ਉਨ੍ਹਾਂ ਗਰਜਵੀਂ ਆਵਾਜ਼ ਵਿੱਚ ਕਿਹਾ ਕਿ ਦਰਬਾਰ ਸਾਹਿਬ ਅੰਦਰ ਦਾਖ਼ਲ ਹੋਣ ਦਾ ਯਤਨ ਕਰਨ ਵਾਲਿਆਂ ਨੂੰ ਐਸਾ ਸਬਕ ਸਿਖਾਓ ਕਿ ਦੁਨੀਆਂ ਜਾਣ ਜਾਏ ਕਿ ਅਸੀਂ ਦਸਮੇਸ਼ ਪਿਤਾ ਦੇ ਸਿੱਖ ਹਾਂ ਜਿਸ ਨੇ ਆਪਣਾ ਸਰਬੰਸ ਵਾਰ ਦਿੱਤਾ ਪਰ ਜ਼ਾਲਮ ਦੀ ਈਨ ਨਹੀਂ ਸੀ ਮੰਨੀ। ਇਸ ਤਰ੍ਹਾਂ ਦਾ ਹੋਰ ਉਪਦੇਸ਼ ਕਰਕੇ ਜਨਰਲ ਸ਼ੁਬੇਗ ਸਿੰਘ ਅਕਾਲ ਤਖ਼ਤ ਦੇ ਤਹਿਖ਼ਾਨੇ ਵੱਲ ਚਲਾ ਗਿਆ।

ਮੋਰਚਿਆਂ ਅਤੇ ਅਕਾਲ ਤਖ਼ਤ ਸਾਹਿਬ ਉਪਰ ਬੰਬਾਰਮੈਂਟ

ਅੱਠ ਵੱਜਣ ਦੀ ਦੇਰ ਸੀ, ਫ਼ੌਜ ਨੇ ਦੁਬਾਰਾ ਫਿਰ ਯਕਦਮ ਦਰਬਾਰ ਸਾਹਿਬ ਉਪਰ ਫਾਇਰ ਖੋਲ੍ਹ ਦਿੱਤਾ। ਫ਼ੌਜ ਵੱਲੋਂ ਜ਼ਬਰਦਸਤ ਫਾਇਰਿੰਗ ਹੋ ਰਹੀ ਸੀ। ਮਰਜੀਵੜਿਆਂ ਵੱਲੋਂ ਸ਼ਿਸ਼ਤ ਵਿੱਚ ਲਿਆਂ ਹੀ ਫਾਇਰਿੰਗ ਕੀਤੀ ਜਾ ਰਹੀ ਸੀ। ਅਚਾਨਕ 9 ਵੱਜ ਕੇ 50 ਮਿੰਟ 'ਤੇ ਸਿੰਘਾਂ ਨੇ ਬੁੰਗਾ ਰਾਮਗੜ੍ਹੀਆ ਉਪਰੋਂ ਅਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਾਏ ਗਏ ਦੋਹਾਂ ਉਚੇ ਬੁਰਜਾਂ ਤੋਂ ਫ਼ੌਜ ਉਪਰ ਭਾਰੀ ਫਾਇਰਿੰਗ ਸ਼ੁਰੂ ਕਰ ਦਿੱਤੀ। 5 ਜੂਨ ਨੂੰ 10 ਵੱਜ ਕੇ 15 ਮਿੰਟ 'ਤੇ ਫ਼ੌਜਾਂ ਵੱਲੋਂ ਫਾਇਰਿੰਗ ਤੇਜ਼ ਕਰ ਦਿੱਤੀ ਗਈ। ਸੁਲਤਾਨਵਿੰਡ ਗੇਟ ਅਤੇ ਜਲ੍ਹਿਆਂ ਵਾਲੇ ਬਾਗ ਤੋਂ ਤੋਪਾਂ ਦੇ ਗੋਲੇ ਦੋਹਾਂ ਬੁਰਜਾਂ ਉਪਰ ਡਿੱਗਣੇ ਸ਼ੁਰੂ ਹੋ ਗਏ। ਨਾਲ ਹੀ ਪਾਣੀ ਦੀ ਟੈਂਕੀ ਉਪਰ ਗੋਲੇ ਡਿੱਗਣੇ ਸ਼ੁਰੂ ਹੋ ਗਏ। ਜਦ ਬੁਰਜਾਂ ਉਪਰ ਵੱਡੀ ਤੋਪ ਦਾ ਗੋਲਾ ਡਿੱਗਦਾ ਤਾਂ ਧੂੰਏਂ ਅਤੇ ਅੱਗ ਦਾ ਵੱਡਾ ਪਹਾੜ ਬਣ ਜਾਂਦਾ ਅਤੇ ਫਿਰ ਬੁਰਜ ਕਿੰਨਾ ਚਿਰ ਦਿਖਾਈ ਨਾ ਦਿੰਦੇ। ਕਈ ਵਾਰ ਮੋਰਚਿਆਂ ਵਿੱਚ ਬੈਠੇ ਸਿੰਘਾਂ ਦੇ ਸਰੀਰਾਂ ਦੇ ਚੀਥੜੇ ਹਵਾ ਵਿੱਚ ਉਡਦੇ ਦਿਖਾਈ ਦਿੰਦੇ। ਹੁਣ ਦੋ ਬੁਰਜਾਂ 'ਚੋਂ ਫਾਇਰਿੰਗ ਹੋਣੀ ਬੰਦ ਹੋ ਗਈ ਸੀ। ਸਿੰਘਾਂ ਦੇ ਬੁਰਜਾਂ ਵਾਲੇ ਮੋਰਚਿਆਂ 'ਚੋਂ ਜਿਉਂ ਹੀ ਫਾਇਰਿੰਗ ਬੰਦ ਹੋਈ ਤਾਂ ਫ਼ੌਜ ਦੇ ਬਹੁਤ ਵੱਡੇ ਲਸ਼ਕਰ ਨੇ ਗੁ. ਬਾਬਾ ਅਟੱਲ ਰਾਇ ਵਾਲੇ ਪਾਸਿਉਂ ਅੰਦਰ ਵੜਨ ਲਈ ਹੱਲਾ ਕੀਤਾ ਤਾਂ ਉਧਰੋਂ ਸਿੰਘਾਂ ਨੇ ਐਸੀ ਜ਼ੋਰਦਾਰ ਫਾਇਰਿੰਗ ਕੀਤੀ ਕਿ ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੱਤੇ ਅਤੇ ਬਾਕੀ ਦਿਆਂ ਨੂੰ ਪੈਰ ਸਿਰ ਉਪਰ ਰੱਖ ਕੇ ਦੌੜਨਾ ਪਿਆ। ਫ਼ੌਜ ਨੂੰ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਸ ਅਕਾਸ਼ ਬਾਰੀ 'ਚੋਂ ਗੋਲੀਆਂ ਚੱਲ ਰਹੀਆਂ ਹਨ। ਸਿੰਘਾਂ ਕੋਲ ਇਕ ਹੀ ਵਾਇਰਲੈੱਸ ਸੀ (ਜਿਹੜਾ ਜਨਰਲ ਸ਼ੁਬੇਗ ਸਿੰਘ ਪਾਸ ਸੀ) ਜਿਹੜਾ ਫ਼ੌਜ ਦੇ ਸਾਰੇ ਗੁਪਤ ਭੇਦ ਦੱਸ ਰਿਹਾ ਸੀ। ਇਸ ਭਿਆਨਕ ਘਮਸਾਨ ਦੇ ਯੁੱਧ ਵਿੱਚ ਸਿੰਘ ਅਕਾਲ ਤਖ਼ਤ ਸਾਹਿਬ ਤੋਂ ਦੌੜ-ਦੌੜ ਕੇ ਮੋਰਚਿਆਂ ਵੱਲ ਜਾਂਦੇ, ਸਿੰਘਾਂ ਨੂੰ ਗੋਲੀ ਸਿੱਕਾ ਤੇ ਹਦਾਇਤਾਂ ਜਾਰੀ ਕਰਦੇ ਰਹਿੰਦੇ। ਹੁਣ ਤੱਕ ਦੋਹਾਂ ਬੁਰਜਾਂ ਅਤੇ ਮੋਰਚਿਆਂ ਵਿੱਚੋਂ ਸਿੰਘ ਕਾਫ਼ੀ ਸ਼ਹੀਦੀ ਜਾਮ ਪੀ ਚੁੱਕੇ ਸਨ। ਫ਼ੌਜ ਦਾ ਆਪਣਾ ਖਾਸ ਨਿਸ਼ਾਨਾ ਦੋਵੇਂ ਬੁਰਜ, ਲੰਗਰ ਹਾਲ ਦੀ ਇਮਾਰਤ, ਪਾਣੀ ਵਾਲੀ ਟੈਂਕੀ, ਗੁਰੂ ਰਾਮਦਾਸ ਸਰਾਂ ਉਪਰ ਬਣੇ ਬੰਕਰ, ਗੁ. ਬਾਬਾ ਅਟੱਲ ਰਾਇ ਅਤੇ ਕੰਪਲੈਕਸ ਦੇ ਹੋਰ ਮੋਰਚੇ ਅਤੇ ਪ੍ਰਾਈਵੇਟ ਘਰਾਂ ਉਪਰ ਬਣੇ ਸਿੰਘਾਂ ਦੇ ਮੋਰਚਿਆਂ ਨੂੰ ਫ਼ਤਹਿ ਕਰ ਕੇ ਇਨ੍ਹਾਂ ਉਪਰ ਕਬਜ਼ਾ ਕਰਨਾ ਸੀ ਅਤੇ ਫਿਰ ਅਕਾਲ ਤਖ਼ਤ ਸਾਹਿਬ ਵੱਲ ਅਗਾਂਹ ਵਧਣਾ ਸੀ।

ਅੰਦਰੋਂ ਸਿੰਘਾਂ ਦੀ ਲੜਾਈ ਬੜੀ ਅਨੋਖੀ ਸੀ। ਸਿੰਘ ਆਪੋ ਆਪਣੇ ਮੋਰਚਿਆਂ ਵਿੱਚ ਦੋ ਦੋ ਦੀਆਂ ਜੋਟੀਆਂ ਵਿੱਚ ਆਉਂਦੇ ਅਤੇ ਫ਼ੌਜ ਦੇ ਦਾਖ਼ਲੇ ਨੂੰ ਰੋਕਣ ਲਈ ਵਾਹ ਲਾਉਂਦੇ। ਜਦੋਂ ਦੋਵੇਂ ਸਿੰਘ ਸ਼ਹੀਦ ਹੋ ਜਾਂਦੇ ਤਾਂ ਦੂਸਰੇ ਸਿੰਘ ਮੋਰਚੇ ਸੰਭਾਲ ਲੈਂਦੇ। ਪਾਣੀ ਵਾਲੀ ਟੈਂਕੀ ਉਪਰ ਫ਼ੈਡਰੇਸ਼ਨ ਦੇ ਸਿੰਘਾਂ ਨੇ ਮੋਰਚਾ ਸੰਭਾਲਿਆ ਹੋਇਆ ਸੀ। ਉਥੇ ਖ਼ਾਲਿਸਤਾਨ ਦਾ ਝੰਡਾ ਝੁਲ ਰਿਹਾ ਸੀ। ਜਦੋਂ ਤੋਪ ਦਾ ਗੋਲਾ ਸਿੰਘਾਂ ਦਿਆਂ ਮੋਰਚਿਆਂ

ਉਪਰ ਆਣ ਕੇ ਡਿੱਗਦਾ ਤਾਂ ਉਹ ਸਿੰਘ ਸ਼ਹੀਦ ਹੋਣ ਉਪਰੰਤ ਦੋ ਸਿੰਘ ਫਿਰ ਦੁਬਾਰਾ ਮੋਰਚਾ ਸੰਭਾਲ ਲੈਂਦੇ ਅਤੇ ਖ਼ਾਲਿਸਤਾਨ ਦੇ ਝੰਡੇ ਨੂੰ ਝੁਲਦਾ ਰੱਖਦੇ। ਅਖੀਰ ਇਕ ਤੋਪ ਦਾ ਗੋਲਾ ਪਾਣੀ ਵਾਲੀ ਟੈਂਕੀ ਦੀ ਵੱਖੀ ਵਿੱਚ ਵੱਜਾ ਤਾਂ ਟੈਂਕੀ ਵਿੱਚ ਬਹੁਤ ਵੱਡਾ ਪਾੜ ਪੈ ਗਿਆ। ਟੈਂਕੀ ਦਾ ਸਾਰਾ ਪਾਣੀ ਹੇਠਾਂ ਆ ਡਿੱਗਿਆ ਜੋ ਸਿੰਘਾਂ ਲਈ ਬਹੁਤ ਹੀ ਪ੍ਰੇਸ਼ਾਨੀ ਦਾ ਕਾਰਨ ਬਣਿਆ। ਇਸ ਤਰ੍ਹਾਂ ਇਹਨਾਂ ਮੋਰਚਿਆਂ ਵਿੱਚੋਂ ਕਲਗੀਧਰ ਦੇ ਬੀਰ ਬਹਾਦਰ ਫ਼ੌਜ ਨਾਲ ਅਖ਼ੀਰਲੇ ਦਮ ਤੱਕ ਲੜਦੇ ਰਹੇ।

ਹੁਣ ਫ਼ੌਜ ਨੇ ਆਪਣੀਆਂ ਮਾਰੂ ਤੋਪਾਂ ਦੀਆਂ ਰੇਂਜਾਂ ਅਕਾਲ ਤਖ਼ਤ ਸਾਹਿਬ ਵੱਲ ਸੇਧ ਲਈਆਂ। ਇਤਨਾ ਨੁਕਸਾਨ ਹੋਇਆ ਦੇਖ ਕੇ ਫ਼ੌਜ ਦੇ ਚੀਫ਼ ਜਨਰਲ ਅਰੁਣ ਵੈਦਿਆ ਸਮੇਤ ਸਾਰੇ ਫ਼ੌਜੀ ਅਤੇ ਸਰਕਾਰ ਵੀ ਘਬਰਾਈ ਹੋਈ ਸੀ। ਕੇ.ਐਸ. ਬਰਾੜ ਦੀ ਇੰਟਰਵਿਊ ਮੁਤਾਬਕ ਇਤਨਾ ਨੁਕਸਾਨ ਤਾਂ ਪਾਕਿ ਜੰਗ ਵੇਲੇ ਵੀ ਨਹੀਂ ਹੋਇਆ ਸੀ। ਅੱਜ ਪੂਰੇ ਪੰਜ ਦਿਨ ਹੋ ਗਏ ਸਨ ਫ਼ੌਜ ਨੂੰ ਅੰਦਰ ਆਉਣੋਂ ਰੋਕਦਿਆਂ। ਸਰਕਾਰ ਵੱਲੋਂ ਇਹ ਵੀ ਹੁਕਮ ਹੋ ਚੁੱਕਾ ਸੀ ਕਿ ਦਰਬਾਰ ਸਾਹਿਬ ਦੇ ਆਲੇ ਦੁਆਲਿਓਂ ਸਿੱਖਾਂ ਦੇ ਘਰ-ਘਾਟ ਅਤੇ ਸਭ ਦੁਕਾਨਾਂ ਵੀ ਨੂੰ ਢਹਿ-ਢੇਰੀ ਕੀਤਾ ਜਾਵੇ। ਇਵੇਂ ਹੀ ਹੋਇਆ। ਅਕਾਲ ਤਖ਼ਤ ਸਾਹਿਬ ਦੇ ਪਿਛਵਾੜੇ ਪਾਪੜੀਆਂ ਬਜ਼ਾਰ, ਗੁਰੂ ਬਜ਼ਾਰ, ਕਾਠੀਆਂ ਵਾਲਾ ਬਜ਼ਾਰ ਢਾਹ ਕੇ ਖੰਡਰ ਬਣਾ ਦਿੱਤੇ ਗਏ। 1300 ਦੇ ਕਰੀਬ ਸਿੱਖਾਂ ਦੀਆਂ ਦੁਕਾਨਾਂ ਢਾਹ ਕੇ ਮਿੱਟੀ ਵਿੱਚ ਮਿਲਾ ਦਿੱਤੀਆਂ ਗਈਆਂ। ਅਕਾਲ ਤਖ਼ਤ ਸਾਹਿਬ ਉਪਰ ਹੁਣ ਗੋਲੇ ਲਗਾਤਾਰ ਫ਼ੌਜ ਵੱਲੋਂ ਸੁੱਟੇ ਜਾ ਰਹੇ ਸਨ। ਸਰਕਾਰ ਦਾ ਖ਼ਿਆਲ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਨਾਮਵਰ ਸਿੰਘ ਅਕਾਲ ਤਖ਼ਤ ਸਾਹਿਬ ਵਿੱਚ ਹੀ ਹਨ। ਫ਼ੌਜੀ ਜਰਨੈਲ ਸੋਚ ਰਹੇ ਸਨ ਕਿ ਅਕਾਲ ਤਖ਼ਤ ਸਾਹਿਬ ਉਪਰ ਗੋਲੇ ਵਰਸਾਉਣ ਮਗਰੋਂ ਸ਼ਾਇਦ ਜਲਦੀ ਹੀ ਅਕਾਲ ਤਖ਼ਤ ਸਾਹਿਬ ਉਪਰ ਕਬਜ਼ਾ ਹੋ ਜਾਵੇਗਾ। ਪਰ ਅਜੇ ਉਹਨਾਂ ਲਈ ਮੰਜ਼ਿਲ ਬਹੁਤ ਦੂਰ ਸੀ। ਹੁਣ ਤੱਕ ਸਿੰਘਾਂ ਦੀਆਂ ਵੀ ਕਾਫ਼ੀ ਸ਼ਹੀਦੀਆਂ ਹੋ ਚੁੱਕੀਆਂ ਸਨ। ਅਕਾਲ ਤਖ਼ਤ ਸਾਹਿਬ ਅਤੇ ਉਸ ਦੇ ਪਿੱਛੇ ਬਾਜ਼ਾਰ ਅਤੇ ਘਰਾਂ ਉਪਰ ਗੋਲੇ ਦਾਗਣ ਪਿੱਛੋਂ ਤੋਪਾਂ ਦੇ ਗੋਲੇ ਕੁਝ ਦੇਰ ਲਈ ਬੰਦ ਹੋ ਗਏ। ਤੋਪਾਂ ਅਤੇ ਗੋਲਿਆਂ ਨਾਲ ਦੋਵੇਂ ਬੁਰਜ, ਪਾਣੀ ਵਾਲੀ ਟੈਂਕੀ, ਗੁ. ਬਾਬਾ ਅਟੱਲ ਰਾਇ ਸਾਹਿਬ ਅਤੇ ਆਲੇ-ਦੁਆਲੇ ਦੀਆਂ ਪ੍ਰਾਈਵੇਟ ਇਮਾਰਤਾਂ ਉਪਰ ਬਣੇ ਮੋਰਚੇ ਹੁਣ ਤੱਕ ਤਬਾਹ ਹੋ ਚੁੱਕੇ ਸਨ। ਬਾਕੀ ਬਚੇ ਸਿੰਘਾਂ ਨੇ ਗੁਰੂ ਰਾਮਦਾਸ ਸਰਾਂ ਅਤੇ ਰਾਮਦਾਸ ਲੰਗਰ ਦੀ ਛੱਤ ਉਪਰ ਬਣੇ ਮੋਰਚੇ ਹੋਰ ਮਜ਼ਬੂਤ ਕਰ ਲਏ। ਸੰਤ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਅਤੇ ਜਨਰਲ ਸ਼ੁਬੇਗ ਸਿੰਘ ਜਿੰਦਾ ਬਚੇ ਸਿੰਘਾਂ ਦਿਆਂ ਮੋਰਚਿਆਂ ਵਿੱਚ ਡਿਊਟੀਆਂ ਲਗਾ ਰਹੇ ਸਨ ਅਤੇ ਪਰਕਰਮਾਂ ਵਿੱਚ ਬਣੇ ਕਮਰਿਆਂ ਅਤੇ ਬੀਬੀਆਂ ਦੇ ਪੌਣੇ ਘਰਾਂ ਵਿੱਚ ਸਿੰਘ ਆਪਣੀ ਮੋਰਚਾਬੰਦੀ ਕਰਕੇ ਫ਼ੌਜ ਦੀ ਉਡੀਕ ਵਿੱਚ ਸਿਰ ਤਲੀ ਉਪਰ ਧਰੀ ਬੈਠੇ ਸਨ। ਸਿੰਘਾਂ ਦੇ ਵੱਡੇ-ਵੱਡੇ ਮੋਰਚੇ ਫ਼ੌਜ ਵੱਲੋਂ ਤਬਾਹ ਕਰਨ ਉਪਰੰਤ ਫ਼ੌਜੀ ਜਰਨੈਲਾਂ ਦਾ ਵਿਚਾਰ ਸੀ ਕਿ ਹੁਣ ਦਸ-ਪੰਦਰਾਂ ਗਿਣਤੀ ਦੇ ਸਿੰਘ ਰਹਿ ਗਏ ਹੋਣਗੇ। ਪਰ ਫ਼ੌਜ ਨੂੰ ਇਹ ਨਹੀਂ ਸੀ ਪਤਾ ਕਿ ਅਕਾਲ ਪੁਰਖ ਦੇ ਖ਼ਾਲਸੇ ਬੀਰ ਬਹਾਦਰ ਦੂਲੇ ਸ਼ੇਰ ਇਕੱਲੇ ਵੀ ਹਜ਼ਾਰਾਂ ਹੀ ਫ਼ੌਜੀਆਂ

ਨੂੰ ਅੰਦਰ ਵੜਨ ਤੋਂ ਰੋਕਣ ਦੀ ਹਿੰਮਤ ਰੱਖਦੇ ਹਨ।

ਇਸ ਤੋਂ ਅੱਗੇ ਜ਼ਿਕਰ ਕਰਦੇ ਹਰਬੀਰ ਸਿੰਘ ਭੰਵਰ ਲਿਖਦੇ ਹਨ ਕਿ,

6 ਜੂਨ ਨੂੰ ਅਸੀਂ ਪੈਦਲ ਹੀ ਸ: ਗੁਰਦੀਪ ਸਿੰਘ ਪੀ.ਟੀ.ਆਈ. ਦੇ ਘਰ ਗਏ, ਅੱਗੋਂ ਉਹ ਤੇ ਗਿੱਲ ਕਿਸੇ ਪੁਲਿਸ ਅਫ਼ਸਰ ਦੀ ਗੱਡੀ ਵਿੱਚ ਬੈਠ ਕੇ ਕੋਤਵਾਲੀ ਚਲੇ ਗਏ ਸਨ। ਰਾਤ ਨੂੰ ਗਿੱਲ ਤੋਮਰ ਵੱਲ ਆਇਆ, ਉਸ ਨੇ ਦੱਸਿਆ ਕਿ ਉਹ ਤੇ ਗੁਰਦੀਪ ਕੰਪਲੈਕਸ ਤੱਕ ਹੋ ਕੇ ਆਏ ਹਨ। ਸਿੰਘਾਂ ਦੀਆਂ ਲਾਸ਼ਾਂ ਟਰੱਕ ਵਿੱਚ ਇਉਂ ਭਰੀਆਂ ਸਨ ਜਿਵੇਂ ਕਿਸੇ ਧੋਬੀ ਨੇ ਕੱਪੜੇ ਧੋ ਕੇ ਢੇਰ ਲਾ ਦਿੱਤਾ ਹੋਵੇ। ਇਕ ਟਰੱਕ ਵਿੱਚ 36 ਸਿੰਘਾਂ ਦੀਆਂ ਲਾਸ਼ਾਂ ਸਨ, ਸੈਂਕੜੇ ਲੋਕੀਂ ਮਾਰੇ ਜਾ ਚੁੱਕੇ ਸਨ। ਉਸ ਨੇ ਦੱਸਿਆ ਕਿ ਗੁਰਚਰਨ ਸਿੰਘ (ਸਾਬਕਾ ਸਕੱਤਰ ਸ਼੍ਰੋਮਣੀ ਅਕਾਲੀ ਦਲ ਜਿਸ ਉਪਰ ਸੋਢੀ ਦੇ ਕਤਲ ਦਾ ਦੋਸ਼ ਸੀ) ਅਤੇ ਸ: ਬੱਗਾ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਮਾਰੇ ਗਏ ਹਨ। ਅਕਾਲ ਤਖ਼ਤ ਸਾਹਿਬ ਤੋਂ ਬੜਾ ਹੀ ਸੰਘਣਾ ਧੂੰਆਂ ਨਿਕਲ ਰਿਹਾ ਸੀ।

ਗਿੱਲ ਨੇ ਦੱਸਿਆ ਕਿ ਹਾਲ ਬਜ਼ਾਰ ਵਿੱਚ ਸੜਕ ਤੇ ਸਫ਼ੈਦੀ ਨਾਲ ਹਿੰਦੂਆਂ ਨੇ ਫ਼ੌਜ ਦਾ ਸਵਾਗਤ ਕਰਨ ਲਈ ਮੋਟੇ ਅੱਖਰਾਂ ਵਿੱਚ Wel Come To Indian Army (ਭਾਰਤੀ ਫ਼ੌਜ ਨੂੰ ਜੀ ਆਇਆਂ) ਲਿਖਿਆ ਸੀ। ਉਸ ਨੇ ਦੱਸਿਆ ਕਿ ਹਾਲ ਬਜ਼ਾਰ ਤੱਕ ਟੈਂਕ ਤੇ ਬਖ਼ਤਰਬੰਦ ਗੱਡੀਆਂ ਖੜ੍ਹੀਆਂ ਸਨ ਪਰ ਸੰਤ ਭਿੰਡਰਾਂਵਾਲਿਆਂ ਬਾਰੇ ਹਾਲੇ ਕੁਝ ਪਤਾ ਨਹੀਂ ਲੱਗਾ। ਗਿੱਲ ਨੇ ਦੱਸਿਆ ਕਿ ਜਨੂੰਨੀ ਹਿੰਦੂ ਬੜੀਆਂ ਖੁਸ਼ੀਆਂ ਮਨਾ ਰਹੇ ਹਨ। ਫ਼ੌਜੀਆਂ ਨੂੰ ਲੱਡੂ, ਪੂਰੀਆਂ, ਕੜਾਹ ਆਦਿ ਵੰਡ ਰਹੇ ਹਨ, ਮੁਬਾਰਕਾਂ ਦੇ ਰਹੇ ਹਨ, ਗਲੇ ਵਿੱਚ ਹਾਰ ਪਾ ਰਹੇ ਹਨ। ਕੰਪਲੈਕਸ ਵਿੱਚੋਂ ਦੋ ਫ਼ੌਜੀਆਂ ਦੀਆਂ ਲਾਸ਼ਾਂ ਆਈਆਂ, ਕੁਝ ਹਿੰਦੂਆਂ ਨੇ ਉਨ੍ਹਾਂ ਦੇ ਪੈਰੀਂ ਹੱਥ ਲਗਾਇਆ।

ਸਰਕਾਰੀ ਸੂਤਰਾਂ ਅਨੁਸਾਰ 5 ਅਤੇ 6 ਜੂਨ ਦੀ ਦਰਮਿਆਨੀ ਸਾਰੀ ਰਾਤ ਦੋਨਾਂ ਪਾਸਿਆਂ ਤੋਂ ਜ਼ੋਰਦਾਰ ਫਾਇਰਿੰਗ ਹੁੰਦੀ ਰਹੀ। ਤੋਪਾਂ, ਟੈਂਕਾਂ ਤੇ ਨਵੀਨ ਹਥਿਆਰਾਂ ਨਾਲ ਲੈਸ ਹੋ ਕੇ ਪਿਛਲੀ ਰਾਤ ਫ਼ੌਜ ਸ੍ਰੀ ਦਰਬਾਰ ਸਾਹਿਬ ਦਾਖ਼ਲ ਹੋ ਗਈ ਸੀ। ਪ੍ਰਕਰਮਾ ਵਿੱਚ ਟੈਂਕ ਚਲੇ ਗਏ ਸਨ। ਫ਼ੌਜਾਂ ਦਾ ਖਿਆਲ ਸੀ ਕਿ ਸੰਤ ਭਿੰਡਰਾਂਵਾਲੇ ਸੁਨਹਿਰੀ ਮੰਦਰ ਅੰਦਰ ਚਲੇ ਗਏ ਹਨ। ਇਸ ਲਈ ਸਮੁੰਦਰੀ ਫ਼ੌਜ ਨੇ 20 ਡਾਈਵਰਜ਼ (ਗੋਤਾਖੋਰ) ਵੀ ਪਾਵਨ ਸਰੋਵਰ ਵਿੱਚ ਉਤਾਰੇ ਸਨ ਜੋ ਸਾਰੇ ਹੀ ਸਿੰਘਾਂ ਨੇ ਗੋਲੀ ਨਾਲ ਉਡਾ ਦਿੱਤੇ। ਅਕਾਲ ਤਖ਼ਤ ਸਾਹਿਬ ਵੱਲ 60 ਕਮਾਂਡੋ ਭੇਜੇ ਗਏ ਸਨ ਇਨ੍ਹਾਂ ਵਿੱਚੋਂ ਸਿੰਘਾਂ ਨੇ ਪਹਿਲੇ ਹੀ ਹੱਲੇ ਨਾਲ 59 ਉਡਾ ਦਿੱਤੇ ਸਨ। ਇਸ 'ਤੇ ਗੁੱਸਾ ਖਾ ਕੇ ਹੀ ਫ਼ੌਜ ਨੇ ਤੋਪਾਂ, ਟੈਂਕਾਂ ਆਦਿ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਜ਼ੋਰਦਾਰ ਹੱਲਾ ਕੀਤਾ। ਇਥੇ ਬੰਬ ਵੀ ਸੁੱਟੇ ਗਏ। ਕਿਹਾ ਜਾਂਦਾ ਹੈ ਕਿ 6 ਜੂਨ ਸਵੇਰੇ 9:30 ਦੇ ਕਰੀਬ ਫ਼ੌਜ ਦਾ ਵਿਰੋਧ ਖ਼ਤਮ ਹੋ ਗਿਆ ਸੀ। ਬਾਕੀ ਸਾਰੇ ਕੰਪਲੈਕਸ ਦੇ ਉਤੇ ਤਾਂ ਫ਼ੌਜ ਪਹਿਲਾਂ ਹੀ ਕਬਜ਼ਾ ਕਰ ਚੁੱਕੀ ਸੀ।

ਘੱਲੂਘਾਰਾ ਨੀਲਾ ਤਾਰਾ ਦੀ ਕਹਾਣੀ

(ਜਥੇਦਾਰ ਗਿਆਨੀ ਜੋਗਿੰਦਰ ਸਿੰਘ ਜੀ ਘੱਲੂਘਾਰਾ ਜੂਨ 1984 ਦੇ ਅੱਖੀਂ ਡਿੱਠੇ ਹਾਲਾਤ ਬਿਆਨ ਕਰਦੇ ਦੱਸਦੇ ਹਨ ਕਿ ਹੇਠਾਂ ਛਬੀਲ ਦੇ ਕੋਲ ਇਕ ਵੀਹ ਕੁ ਦਿਨਾਂ ਦੇ ਬੱਚੇ ਦੀ ਲਾਸ਼ ਪਈ ਹੋਈ ਸੀ, ਲਾਸ਼ਾਂ ਸਾਹਮਣੇ ਪਰਕਰਮਾ ਵਿੱਚ ਪਈਆਂ ਸਨ, ਕਈ ਲਾਸ਼ਾਂ ਕਮਰਿਆਂ ਵਿੱਚ ਦਿਸਦੀਆਂ ਸਨ ਅਤੇ ਕੋਈ ਪੰਜ ਛੇ ਲਾਸ਼ਾਂ ਬਰਾਂਡੇ ਵਿੱਚ ਪਈਆਂ ਦਿਸ ਰਹੀਆਂ ਸਨ।)

ਉਸ ਦਿਨ 4 ਜੂਨ ਨੂੰ ਸਵੇਰੇ ਮੈਂ ਤਿੰਨ ਵਜੇ ਉਠਿਆ, ਇਸ਼ਨਾਨ ਪਾਣੀ ਤੋਂ ਵਿਹਲੇ ਹੋ ਕੇ ਠੀਕ 4 ਵਜੇ ਆਪਣੀ ਧਰਮ ਪਤਨੀ ਸਮੇਤ ਮੈਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਡਿਊਟੀ 'ਤੇ ਪੁੱਜਾ। ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਾਲਕੀ ਸਾਹਿਬ ਆਉਣ 'ਤੇ ਸਾਢੇ ਚਾਰ ਵਜੇ ਹੁਕਮਨਾਮਾ ਹੋਇਆ। ਲਗਭਗ ਪੌਣੇ ਪੰਜ ਵਜੇ ਜਦ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ ਤਾਂ ਤੋਪ ਦਾ ਇਕ ਗੋਲਾ ਸਿੰਧੀਆਂ ਦੀ ਧਰਮਸ਼ਾਲਾ ਵਿੱਚ ਆ ਕੇ ਲੱਗਾ। ਇਹ ਧਰਮਸ਼ਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤਰ ਵੱਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਥੜ੍ਹਾ ਸਾਹਿਬ ਦੇ ਵਿਚਕਾਰ ਸਥਿਤ ਸੀ, ਜੋ ਹੁਣ ਢਾਹ ਦਿੱਤੀ ਗਈ ਹੈ। ਤੋਪ ਦਾ ਇਹ ਗੋਲਾ ਜਲ੍ਹਿਆਂ ਵਾਲੇ ਬਾਗ ਵੱਲੋਂ ਆਇਆ ਜਾਪਦਾ ਸੀ। ਇਸ ਤੋਂ ਤਿੰਨ ਚਾਰ ਮਿੰਟ ਬਾਅਦ ਅੰਧਾ-ਧੁੰਦ ਫਾਇਰਿੰਗ ਸ਼ੁਰੂ ਹੋ ਗਈ ਜੋ ਲਗਾਤਾਰ ਰਾਤ ਦੇ ਸਾਢੇ ਦਸ ਵਜੇ ਤੱਕ ਚੱਲਦੀ ਰਹੀ। ਥੋੜ੍ਹੇ ਥੋੜ੍ਹੇ ਅਰਸੇ ਬਾਅਦ ਵੱਖ-ਵੱਖ ਥਾਵਾਂ 'ਤੇ ਤੋਪਾਂ ਦੇ ਗੋਲੇ ਵੀ ਵਰ੍ਹਦੇ ਰਹੇ। 4 ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹਾਲਾਂ ਕੋਈ ਗੋਲੀ ਨਹੀਂ ਆਈ ਸੀ। ਅਸੀਂ ਇਹਤਿਆਤ ਵਜੋਂ ਹਰਿਮੰਦਰ ਸਾਹਿਬ ਦੇ ਬੂਹੇ ਬਾਰੀਆਂ ਅੰਦਰੋਂ ਬੰਦ ਕਰ ਲਈਆਂ ਸਨ। ਪਰਕਰਮਾ ਵਿੱਚ ਵੀ ਹਾਲਾਂ ਗੋਲੀਆਂ ਆਉਣੀਆਂ ਸ਼ੁਰੂ ਨਹੀਂ ਸਨ ਹੋਈਆਂ। ਮੈਂ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਸਮੇਤ ਡਿਊਟੀ ਤੋਂ ਫਾਰਗ ਹੋ ਕੇ ਸਾਢੇ 9 ਵਜੇ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਆਇਆ ਅਤੇ ਆਪੋ ਆਪਣਿਆਂ ਟਿਕਾਣਿਆਂ 'ਤੇ ਜਾ ਪੁੱਜੇ। ਚਾਰ ਤਾਰੀਖ ਸ਼ਾਮ ਨੂੰ ਹਰਿਮੰਦਰ ਸਾਹਿਬ ਤੋਂ ਮਹਾਰਾਜ ਦਾ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਨਹੀਂ ਲਿਜਾਇਆ ਗਿਆ ਸਗੋਂ ਹਰਿ ਕੀ ਪਉੜੀ ਉਪਰ ਹੀ ਮਹਾਰਾਜ ਦਾ ਸੁਖਆਸਨ ਕੀਤਾ ਗਿਆ ਸੀ।

ਦਸ ਵਜੇ ਰਾਤ ਨੂੰ ਸਾਰੇ ਦਰਬਾਰ ਸਾਹਿਬ ਕੰਪਲੈਕਸ ਅਤੇ ਆਸ-ਪਾਸ ਦੀਆਂ

ਬਿਲਡਿੰਗਾਂ ਦੀ ਬਿਜਲੀ ਕੱਟ ਦਿੱਤੀ ਗਈ। ਰਾਤ ਦੇ ਹਨੇਰੇ ਵਿੱਚ ਫ਼ੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਉੱਚੀਆਂ ਬਿਲਡਿੰਗਾਂ ਵਿੱਚ ਮੋਰਚੇ ਸਾਂਭ ਲਏ। ਰਾਤ ਦੇ ਸਾਢੇ ਦਸ ਵਜੇ ਤੋਂ ਅਗਲੀ ਸਵੇਰ ਕੋਈ ਪੌਣੇ ਪੰਜ ਵਜੇ ਤੱਕ ਫਾਇਰਿੰਗ ਬੰਦ ਰਹੀ। ਪੰਜ ਜੂਨ ਨੂੰ ਸਵੇਰੇ ਮੈਂ ਤਿਆਰ ਹੋ ਕੇ ਫਿਰ ਠੀਕ ਚਾਰ ਵਜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਡਿਊਟੀ 'ਤੇ ਪੁੱਜਾ। ਉਸ ਸਮੇਂ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਕੁਝ ਸੇਵਾਦਾਰਾਂ ਸਮੇਤ ਹਰਿ ਕੀ ਪਉੜੀ ਤੋਂ ਮਹਾਰਾਜ ਦਾ ਸਰੂਪ ਹੇਠਾਂ ਲਿਆ ਰਹੇ ਸਨ। ਪ੍ਰਕਾਸ਼ ਕਰਨ ਉਪਰੰਤ ਹੁਕਮਨਾਮਾ ਹੋਇਆ। ਹਾਲਾਂ ਪੰਜ ਵੱਜਣ ਵਿੱਚ ਪੰਜ ਮਿੰਟ ਬਾਕੀ ਸਨ ਕਿ ਅਚਾਨਕ ਫ਼ੌਜੀਆਂ ਨੇ ਤੋਪਾਂ ਦੇ ਗੋਲੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਫ਼ੌਜ ਦੇ ਅੱਠ ਗੋਲੇ ਲਗਾਤਾਰ ਸਿੰਧੀਆਂ ਦੀ ਧਰਮਸ਼ਾਲਾ 'ਤੇ ਡਿੱਗੇ। ਉਹਨਾਂ ਦੇ ਖੜਾਕ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਬਿਲਡਿੰਗ ਵੀ ਕੰਬ ਗਈ ਸੀ। ਇਉਂ ਪੰਜ ਜੂਨ ਨੂੰ ਫਿਰ ਫਾਇਰਿੰਗ ਸ਼ੁਰੂ ਹੋ ਗਈ। ਅੱਜ ਸਾਰੇ ਪਾਸਿਆਂ ਤੋਂ ਪਰਕਰਮਾ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੀ ਗੋਲੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਇਸ ਲਈ ਅਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਬੂਹੇ ਬੰਦ ਕਰ ਲਏ ਸਨ। ਇਸ ਵੇਲੇ ਸ੍ਰੀ ਦਰਬਾਰ ਸਾਹਿਬ ਅੰਦਰ ਕੋਈ ਵੀ ਥਾਂ ਸੁਰੱਖਿਅਤ ਨਹੀਂ ਸੀ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਉਸ ਸਮੇਂ ਕੋਈ ਚਾਰ ਪੰਜ ਅਖੰਡ ਪਾਠੀ, ਪੰਦਰਾਂ ਵੀਹ ਸੇਵਾਦਾਰ ਅਤੇ ਦਸ ਕੁ ਹੋਰ ਸ਼ਰਧਾਲੂ ਤੇ ਪ੍ਰੇਮੀ ਸਿੰਘ ਮੌਜੂਦ ਸਨ। ਇਹਨਾਂ ਵਿੱਚ ਸ. ਹਰਚਰਨ ਸਿੰਘ ਹੁਡਿਆਰਾ, ਸ਼ਹੀਦ ਭਾਈ ਫ਼ੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਅਤੇ ਬੀਬੀ ਪਰਮਜੀਤ ਕੌਰ ਵੀ ਸ਼ਾਮਿਲ ਸਨ। ਇਹ ਬੀਬੀ ਪਰਮਜੀਤ ਕੌਰ ਪੰਜ ਜੂਨ ਦੀ ਰਾਤ ਨੂੰ ਬਾਬਾ ਸਵਾਇਆ ਸਿੰਘ ਦੀ ਛਬੀਲ ਲਾਗੇ ਸ਼ਹੀਦ ਹੋ ਗਈ ਸੀ। ਉਸ ਨਾਲ ਇਕ ਬੀਬੀ ਹੋਰ ਸੀ ਜਿਸ ਨੂੰ ਜ਼ਖਮੀ ਹਾਲਤ ਵਿੱਚ 6 ਜੂਨ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਪੰਜ ਜੂਨ ਨੂੰ ਅਸੀਂ ਸਾਢੇ ਗਿਆਰਾਂ ਵਜੇ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੀ ਰਹੇ। ਸਾਢੇ ਗਿਆਰਾਂ ਵਜੇ ਅਸੀਂ ਕੋਈ ਪੰਜ ਸਿੰਘ—ਮੈਂ, ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਅਤੇ ਕੋਈ ਤਿੰਨ ਕੁ ਸੇਵਾਦਾਰ ਪਿੱਤਲ ਦੇ ਜੰਗਲਿਆਂ ਵਿੱਚੋਂ ਦੀ ਲੰਮੇ ਪੈ ਕੇ ਦਰਸ਼ਨੀ ਡਿਉੜੀ ਤੱਕ ਅਪੜੇ, ਅੱਗੋਂ ਨੱਠ ਕੇ ਬਰਾਂਡੇ ਦੀ ਓਟ ਲਈ। ਇਉਂ ਲੁਕਦੇ ਛਿਪਦੇ ਆਪਣੇ ਟਿਕਾਣਿਆਂ 'ਤੇ ਅੱਪੜ ਗਏ। ਇਸ ਸਮੇਂ ਬਾਬਾ ਸਵਾਇਆ ਸਿੰਘ ਦੀ ਛਬੀਲ ਲਾਗੇ ਦੋ ਕੁ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਪਈਆਂ ਹੋਈਆਂ ਸਨ। ਮੇਰੀ ਰਿਹਾਇਸ਼ ਵੀ ਸੁਰੱਖਿਅਤ ਨਹੀਂ ਸੀ। ਇਸ ਲਈ ਦੁਪਹਿਰ ਦੇ ਕੋਈ ਸਾਢੇ ਬਾਰਾਂ ਵਜੇ ਮੈਂ ਆਪਣੇ ਪਰਿਵਾਰ ਸਮੇਤ ਹੇਠਾਂ ਗਿੱਲੇ ਕੱਪੜਿਆਂ ਦੇ ਸਟੋਰ ਵਾਲੇ ਕਮਰੇ ਵਿੱਚ ਆ ਗਿਆ। ਇਸ ਸਟੋਰ ਦੇ ਕਮਰੇ ਵਿੱਚ ਪਹਿਲਾਂ ਹੀ ਸਿੰਘਾਂ ਦੀ ਕਾਫ਼ੀ ਭੀੜ ਸੀ, ਜਿਸ ਕਰਕੇ ਇਥੇ ਦਮ ਘੁੱਟਦਾ ਸੀ। ਇਸ ਤੋਂ ਅਸੀਂ ਉਪਰ ਆਪਣੇ ਮਕਾਨ ਵਿੱਚ ਜਾਣਾ ਹੀ ਠੀਕ ਸਮਝਿਆ। ਕੋਈ ਸਵਾ ਕੁ ਘੰਟੇ ਬਾਅਦ ਹੀ ਅਸੀਂ ਫੇਰ ਉਪਰ ਚਲੇ ਗਏ।

ਗੁਰੂ ਰਾਮਦਾਸ ਸਰਾਂ ਵਾਲੀ ਪਾਣੀ ਦੀ ਵੱਡੀ ਟੈਂਕੀ ਉਸ ਦਿਨ ਕੋਈ ਡੇਢ ਵਜੇ ਤੋੜੀ ਗਈ। ਹਾਲਾਂ ਅਸੀਂ ਹੇਠਾਂ ਸਟੋਰ ਦੇ ਕਮਰੇ ਵਿੱਚ ਹੀ ਬੈਠੇ ਸਾਂ। ਟੈਂਕੀ ਦਾ ਪਾਣੀ ਵਗਦਾ ਸਾਨੂੰ ਵਿਖਾਈ ਦਿੰਦਾ ਸੀ। ਟੈਂਕੀ ਉਪਰ ਲਗਾਤਾਰ ਕੋਈ ਦੋ ਸੌ ਗੋਲੇ ਮਾਰੇ ਗਏ। ਸ਼ਾਮ ਦੇ ਕੋਈ ਅੱਠ ਕੁ ਵਜੇ ਫ਼ੌਜ ਨੇ ਪਾਪੜਾਂ ਵਾਲੇ ਬਾਜ਼ਾਰ ਵੱਲੋਂ ਤੰਗ ਗਲੀਆਂ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਘੇਰਾ ਪਾਉਣ ਦਾ ਯਤਨ ਕੀਤਾ। ਫ਼ੌਜੀਆਂ ਨੂੰ ਮਿਲ ਰਹੇ ਆਰਡਰਾਂ ਦੀ ਆਵਾਜ਼ ਸਾਨੂੰ ਸੁਣਾਈ ਦੇ ਰਹੀ ਸੀ। ਪਰ ਸਾਡੇ ਪਾਸੇ ਦੀ ਗੁੱਠ ਵੱਲੋਂ ਸਿੰਘਾਂ ਨੇ ਪਿਛਲੀ ਗਲੀ ਵਿੱਚ ਦਾਖ਼ਲ ਹੋਏ ਫ਼ੌਜੀਆਂ ਉਪਰ ਅਚਾਨਕ ਕੁਝ ਸੁੱਟਿਆ ਤੇ ਫ਼ੌਜੀਆਂ ਦੀ 'ਮਾਰ ਦੀਏ, ਮਾਰ ਦੀਏ', ਕਹਿੰਦਿਆਂ ਦੀ ਆਵਾਜ਼ ਸਾਨੂੰ ਸੁਣਾਈ ਦਿੱਤੀ। ਸ਼ਾਇਦ ਉਥੇ ਸਾਰੇ ਹੀ ਫ਼ੌਜੀ ਮਰ ਗਏ। ਇਸ ਤੋਂ ਕੋਈ ਪੰਜ ਮਿੰਟ ਬਾਅਦ ਫ਼ੌਜੀਆਂ ਨੇ ਸਾਡੇ ਮਕਾਨ ਦੇ ਪਿੱਛੇ ਲੱਗਦੀ ਗਲੀ ਵਿੱਚ ਇਕ ਫ਼ੌਜੀ ਜੀਪ ਲਿਆ ਕੇ ਖੜੀ ਕਰਨ ਦਾ ਯਤਨ ਕੀਤਾ।

ਇਸ ਜੀਪ ਉਪਰ ਇਕ ਤੋਪ ਬੀੜੀ ਹੋਈ ਸੀ ਅਤੇ ਉਸ ਵਿੱਚ ਫ਼ੌਜੀ ਜਵਾਨ ਸਵਾਰ ਸਨ। ਪਰ ਉਪਰ ਕਿਸੇ ਟਿਕਾਣੇ ਬੈਠੇ ਸਿੰਘਾਂ ਨੇ ਇਹਨਾਂ ਦੇ ਅੱਗੇ ਵਧਣ 'ਤੇ ਰੋਕ ਪਾ ਦਿੱਤੀ। ਅਸੀਂ ਸੁਣਿਆ ਸੀ ਕਿ ਇਸ ਟਿਕਾਣੇ ਉਤੇ ਕੋਈ 12-13 ਸਿੰਘ ਸਨ ਜਿਨ੍ਹਾਂ ਆਖ਼ਰੀ ਦਮ ਤੱਕ ਬਹਾਦਰੀ ਦੇ ਜੌਹਰ ਦਿਖਾਏ।

ਰਾਤ ਨੂੰ ਕੋਈ ਪੌਣੇ ਦਸ ਵਜੇ ਇਕ ਟੈਂਕ ਪਰਕਰਮਾ ਵਿੱਚ ਦਾਖ਼ਲ ਹੋਇਆ। ਇਸ ਟੈਂਕ ਦਾ ਗੋਲਾ ਸਾਡੇ ਗੁੱਠ ਵਾਲੇ ਕਮਰੇ ਵਿੱਚ ਆ ਕੇ ਲੱਗਾ। ਇਸ ਗੋਲੇ ਨਾਲ ਉਪਰੋਕਤ ਸਿੰਘਾਂ ਵਿੱਚੋਂ ਇਕ ਸਿੰਘ ਜ਼ਖਮੀ ਵੀ ਹੋ ਗਿਆ ਸੀ, ਜਿਸ ਨੂੰ ਉਸ ਦੇ ਸਾਥੀ ਹੇਠਾਂ ਛੱਡ ਗਏ ਸਨ। ਅਸੀਂ ਵੀ ਇਕ ਟੈਂਕ ਨੂੰ ਨਕਾਰਾ ਹੁੰਦਿਆਂ ਦੇਖਿਆ। ਅਗਲੇ ਦਿਨ ਇਹ ਟੈਂਕ ਬਾਬਾ ਸਵਾਇਆ ਸਿੰਘ ਦੀ ਛਬੀਲ ਪਾਸ ਗੁੱਠ ਵਿੱਚ ਉਸੇ ਹਾਲਤ ਵਿੱਚ ਖੜਾ ਸੀ। ਅਜਾਇਬ ਘਰ ਵੱਲੋਂ ਰਾਤ ਦੇ ਕੋਈ ਬਾਰਾਂ ਵਜੇ ਤਕ ਫ਼ੌਜ ਦੇ ਅੱਗੇ ਵਧਣ 'ਤੇ ਰੁਕਾਵਟ ਪਾਈ ਜਾਂਦੀ ਰਹੀ। ਉਸ ਤੋਂ ਬਾਅਦ ਇਹ ਪਾਸਾ ਫ਼ੌਜ ਨੇ ਕਬਜ਼ੇ ਵਿਚ ਕਰ ਲਿਆ।

ਰਾਤ ਨੂੰ ਕੋਈ ਸਾਢੇ ਕੁ ਦਸ ਵਜੇ ਕੁਝ ਟੈਂਕ ਲੰਗਰ ਵਾਲੇ ਰਸਤੇ ਪ੍ਰਕਰਮਾ ਵਿੱਚ ਦਾਖਲ ਹੋ ਗਏ ਸਨ। ਇਹਨਾਂ ਵਿੱਚੋਂ ਇਕ ਟੈਂਕ ਨੇ ਲਾਈਟ ਦਾ ਗੋਲਾ ਮਾਰਿਆ ਸੀ। ਅਗਲੇ ਦਿਨ ਇਕ ਟੈਂਕ ਬਾਬਾ ਦੀਪ ਸਿੰਘ ਵਾਲੀ ਛਬੀਲ ਪਾਸ, ਦੋ ਟੈਂਕ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਸਥਾਨ ਲੰਘ ਕੇ ਅਤੇ ਇਕ ਹੋਰ ਟੈਂਕ ਜੋ ਪਹਿਲਾਂ ਦਾਖਲ ਹੋਇਆ ਸੀ, ਉਹ ਬਾਬਾ ਸਵਾਇਆ ਸਿੰਘ ਦੀ ਛਬੀਲ ਕੋਲ ਖੜਾ ਸੀ। ਪਹਿਲਾਂ ਜ਼ਹਿਰੀਲੀ ਗੈਸ ਦਾ ਇਕ ਗੋਲਾ ਅਕਾਲ ਤਖ਼ਤ ਸਾਹਿਬ 'ਤੇ ਸੁੱਟਿਆ ਗਿਆ, ਜਿਸ ਦਾ ਅਸਰ ਸਾਡੇ ਕਮਰਿਆਂ ਤੱਕ ਵੀ ਹੋਇਆ। ਫਿਰ ਇਹਨਾਂ ਟੈਂਕਾਂ ਨੇ ਸਾਰੀ ਰਾਤ ਗੋਲਾਬਾਰੀ ਕੀਤੀ। ਇਕ ਇਕ ਕਮਰੇ ਵਿੱਚ ਗੋਲੇ ਮਾਰੇ ਗਏ। ਚਾਰ ਜੂਨ ਦੀ ਸ਼ਾਮ ਤੋਂ ਬਾਅਦ ਅਸੀਂ ਆਪਣਾ ਲੰਗਰ ਤਿਆਰ ਨਹੀਂ ਕਰ ਸਕੇ, ਨਾ ਹੀ ਪੰਜ ਜੂਨ ਦੀ ਰਾਤ ਨੂੰ ਸੌਂ ਸਕੇ ਸਾਂ। ਸਾਡੇ ਮਕਾਨ ਅੰਦਰ ਵੀ ਗੋਲੀਆਂ ਆ ਰਹੀਆਂ ਸਨ।

ਛੇ ਜੂਨ ਦੀ ਸਵੇਰ ਨੂੰ ਕੋਈ ਪੌਣੇ ਨੌਂ ਵਜੇ ਤੋਂ ਸਵਾ ਨੌਂ ਵਜੇ ਦੇ ਵਿਚਕਾਰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਘਮਸਾਨ ਦਾ ਯੁੱਧ ਹੋਇਆ। ਇਸ ਤੋਂ ਬਾਅਦ ਫ਼ੌਜ ਹੋਰ ਸਾਰੇ ਪਾਸਿਆਂ 'ਤੇ ਤਾਂ ਕਾਬਜ਼ ਹੋ ਗਈ ਪਰ ਅਕਾਲ ਤਖ਼ਤ ਸਾਹਿਬ ਦੇ ਆਸੇ ਪਾਸੇ ਤੋਂ ਸਾਡੀ ਵਾਲੀ ਗੁੱਠ ਉਪਰ ਅਤੇ ਬੁੰਗਿਆਂ 'ਤੇ ਹਾਲਾਂ ਫ਼ੌਜ ਕਾਬਜ਼ ਨਹੀਂ ਸੀ ਹੋ ਸਕੀ। ਕੋਈ ਦੋ ਵਜੇ ਤੱਕ ਗੋਲੀ ਚੱਲਦੀ ਰਹੀ ਅਤੇ ਫਿਰ ਕੁਝ ਘੱਟ ਗਈ। ਜਿਵੇਂ ਕਿ ਪਿੱਛੇ ਦੱਸਿਆ ਸੀ ਕਿ ਛੇ ਜੂਨ ਸ਼ਾਮ ਦੇ 4 ਵੱਜ ਕੇ 5 ਮਿੰਟ 'ਤੇ ਫ਼ੌਜੀਆਂ ਵੱਲੋਂ ਮੈਗਾਫ਼ੋਨ 'ਤੇ ਕੰਪਲੈਕਸ ਵਿੱਚ ਮੌਜੂਦ ਸਾਰਿਆਂ ਨੂੰ ਅੱਧੇ ਘੰਟੇ ਵਿੱਚ ਬਾਹਰ ਆਉਣ ਲਈ ਅਨਾਊਂਸਮੈਂਟ ਕੀਤੀ ਗਈ ਸੀ। ਪਹਿਲਾਂ ਤਾਂ ਅਸੀਂ ਜਕੋ-ਤੱਕਿਆਂ ਵਿੱਚ ਸਾਂ ਪਰ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਆਏ ਭਾਈ ਗੁਰਦੀਪ ਸਿੰਘ ਜੀ ਅਰਦਾਸੀਏ ਅਤੇ ਹੋਰ ਸੇਵਾਦਾਰਾਂ ਨੂੰ ਦੇਖਿਆ ਤਾਂ ਅਸੀਂ ਝਟ-ਪਟ ਹੇਠਾਂ ਉਤਰ ਆਏ। ਕਾਹਲੀ ਵਿੱਚ ਅਸੀਂ ਕੇਵਲ ਬਾਹਰਲੇ ਗੇਟ ਨੂੰ ਹੀ ਤਾਲੇ ਮਾਰੇ ਸਨ। ਕੁਝ ਕੁ ਜ਼ਰੂਰੀ ਸਾਮਾਨ ਅਤੇ ਨਗਦੀ ਅਸੀਂ ਥੈਲੇ ਵਿੱਚ ਪਾਇਆ ਸੀ। ਪੰਜ ਕੁ ਸੌ ਰੁਪਏ ਨਕਦ, ਦੋ ਘੜੀਆਂ ਅਤੇ ਕੁਝ ਹੋਰ ਸੋਨੇ ਦਾ ਕੀਮਤੀ ਸਾਮਾਨ ਸੀ। ਥੈਲਾ ਸਾਡੇ ਪਾਸੋਂ ਫ਼ੌਜੀਆਂ ਨੇ ਖੋਹ ਲਿਆ ਕਿਉਂਕਿ ਮੇਰੇ ਹੱਥ ਤਾਂ ਉਹਨਾਂ ਪੌੜੀਆਂ ਉਤਰਦਿਆਂ ਹੀ ਉਪਰ ਕਰਵਾ ਦਿੱਤੇ ਸਨ। ਫਿਰ ਦੱਖਣ ਵਾਲੀ ਡਿਉੜੀ ਪਾਸ ਜਾ ਕੇ ਸਿਰ ਦੀ ਛੋਟੀ ਦਸਤਾਰ ਨਾਲ ਮੇਰੇ ਹੱਥ ਪਿੱਛੇ ਬੰਨ੍ਹ ਦਿੱਤੇ। ਉਥੇ ਕੋਈ ਦੋ ਕੁ ਸੌ ਸਿੰਘ ਬੀਬੀਆਂ ਅਤੇ ਬੱਚੇ ਇਕੱਠੇ ਕੀਤੇ ਸਨ। ਗ੍ਰਿਫ਼ਤਾਰੀ ਦੇਣ ਸਮੇਂ ਹੇਠਾਂ ਛਬੀਲ ਦੇ ਕੋਲ ਇਕ ਵੀਹ ਕੁ ਦਿਨਾਂ ਦੇ ਬੱਚੇ ਦੀ ਲਾਸ਼ ਪਈ ਹੋਈ ਸੀ (ਭਾਈ ਰਛਪਾਲ ਸਿੰਘ ਜੀ ਦੇ ਇਸ ਭੁਝੰਗੀ ਦੀ ਸ਼ਹਾਦਤ ਦਾ ਪੂਰਾ ਜ਼ਿਕਰ ਹੱਥਲੀ ਪੁਸਤਕ ਵਿੱਚ ਹੈ), ਲਾਸ਼ਾਂ ਸਾਹਮਣੇ ਪਰਕਰਮਾ ਵਿੱਚ ਪਈਆਂ ਸਨ, ਕਈ ਲਾਸ਼ਾਂ ਕਮਰਿਆਂ ਵਿੱਚ ਦਿਸਦੀਆਂ ਸਨ ਅਤੇ ਕੋਈ ਪੰਜ ਛੇ ਲਾਸ਼ਾਂ ਬਰਾਂਡੇ ਵਿੱਚ ਪਈਆਂ ਦਿਸ ਰਹੀਆਂ ਸਨ। ਦੱਖਣੀ ਡਿਉੜੀ 'ਤੇ ਇਕੱਠੇ ਕੀਤੇ ਇਹਨਾਂ ਸਿੰਘਾਂ ਸਿੰਘਣੀਆਂ ਨੂੰ ਕੋਈ ਚਾਲੀ-ਚਾਲੀ ਦੀ ਗਿਣਤੀ ਨਾਲ ਫ਼ੌਜ ਦੀਆਂ ਅੱਡ-ਅੱਡ ਯੂਨਿਟਾਂ ਦੇ ਹਵਾਲੇ ਕੀਤਾ ਗਿਆ। ਮੇਰੇ ਪਰਿਵਾਰ ਦੇ ਜੀਅ ਵੀ ਮੇਰੇ ਨਾਲ ਹੀ ਸਨ। ਉਸ ਵਕਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉੜੀ ਨੂੰ ਅੱਗ ਲੱਗੀ ਹੋਈ ਸੀ ਅਤੇ ਦੋਵੇਂ ਬਿਲਡਿੰਗਾਂ ਸੜ ਰਹੀਆਂ ਸਨ। ਸਾਨੂੰ ਚਾਲੀ ਦੇ ਕਰੀਬ ਬੰਦਿਆਂ ਨੂੰ ਦੁਖ ਭੰਜਨੀ ਬੇਰੀ ਵਾਲੇ ਘੰਟਾ ਘਰ ਵਾਲੀ ਡਿਉੜੀ ਤੋਂ ਬਾਹਰ ਲਿਆ ਕੇ ਗੋਲੀਆਂ ਨਾਲ ਦੀਵਾਰਾਂ ਦੇ ਕਿਰੇ ਮਲਬੇ ਉਪਰ ਬਿਠਾ ਦਿੱਤਾ ਗਿਆ। ਬੀਬੀਆਂ ਤੇ ਬੱਚਿਆਂ ਨੂੰ ਮਰਦਾਂ ਨਾਲੋਂ ਵੱਖ ਕਰ ਦਿੱਤਾ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਪਿਛਲੇ ਦੋ ਦਿਨਾਂ ਤੋਂ ਘਿਰੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ, ਭਾਈ ਬਲਵੰਤ ਸਿੰਘ (ਦੋਵੇਂ ਸੂਰਮੇ) ਸਮੇਤ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਦੇ 6 ਜੂਨ ਨੂੰ ਸਵੇਰ ਦੀ ਵੱਡੀ ਝੜਪ ਤੋਂ ਬਾਅਦ ਫਾਇਰਿੰਗ ਘੱਟ ਹੋਣ 'ਤੇ ਜਦ ਦਰਸ਼ਨੀ ਡਿਉੜੀ ਤੋਂ ਬਾਹਰ ਨਿਕਲੇ ਸਨ ਤਾਂ ਭਾਈ ਗੁਰਚਰਨ ਸਿੰਘ ਤੋਂ ਬਿਨਾਂ ਪਹਿਲੇ ਤਿੰਨੇ ਹੀ ਲਾਚੀ ਬੇਰੀ ਪਾਸ ਫ਼ੌਜੀਆਂ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਭਾਈ ਗੁਰਚਰਨ ਸਿੰਘ ਨੂੰ ਗੋਲੀ ਨਾ ਲੱਗੀ, ਉਹ ਲਾਸ਼ਾਂ ਵਿੱਚ ਲੰਮਾ ਪੈ ਕੇ

ਬਚ ਗਿਆ। ਬਾਅਦ ਵਿੱਚ ਉਸ ਨੂੰ ਦੂਜੇ ਜ਼ਖਮੀਆਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਉਂ ਜਦ ਅਸੀਂ ਦੱਖਣੀ ਡਿਉੜੀ ਤੋਂ ਘੰਟਾ ਘਰ ਗੇਟ ਵੱਲ ਨੂੰ ਚਲੇ ਤਾਂ ਕੋਈ ਛੇ ਸੱਤ ਲਾਸ਼ਾਂ ਦੁੱਖ ਭੰਜਨੀ ਬੇਰੀ ਕੋਲ ਪਈਆਂ ਸਨ। ਬ੍ਰਹਮ ਬੂਟੇ ਵਾਲੀ ਛਬੀਲ ਦੇ ਨਾਲ ਦਾ ਕਮਰਾ ਦਗ-ਦਗ ਸੜ ਰਿਹਾ ਸੀ। ਇਸ ਨੂੰ ਟੈਂਕ ਦੇ ਗੋਲੇ ਨਾਲ ਅੱਗ ਲੱਗੀ ਸੀ। ਇਸ ਤੋਂ ਅੱਗੇ ਜ਼ਨਾਨਾ ਤੇ ਮਰਦਾਨਾ ਦੋਵੇਂ ਇਸ਼ਨਾਨ ਘਰ ਲਾਸ਼ਾਂ ਨਾਲ ਭਰੇ ਪਏ ਸਨ। ਤਿੰਨ ਚਾਰ ਲਾਸ਼ਾਂ ਘੰਟਾ ਘਰ ਵਾਲੇ ਗੇਟ ਵਿੱਚ ਪਈਆਂ ਸਨ। ਸਾਰੀ ਪਰਕਰਮਾਂ ਕਾਰਤੂਸਾਂ ਦੇ ਖਾਲੀ ਖੋਲਾਂ ਨਾਲ ਭਰੀ ਹੋਈ ਸੀ। ਸਾਨੂੰ ਬਾਹਰ ਲਿਆਉਣ ਸਮੇਂ ਸਾਡੇ 'ਤੇ ਇਹ ਪਾਬੰਦੀ ਲਾਈ ਗਈ ਸੀ ਕਿ ਅਸੀਂ ਏਧਰ ਉਧਰ ਨਹੀਂ ਦੇਖਣਾ। ਜਿਨ੍ਹਾਂ ਫ਼ੌਜੀਆਂ ਦੇ ਹਵਾਲੇ ਸਾਨੂੰ ਕੀਤਾ ਗਿਆ ਸੀ, ਉਹ ਮਦਰਾਸੀ ਤੇ ਬਿਹਾਰੀ ਜਾਪਦੇ ਸਨ। ਜੇ ਕੋਈ ਪਾਣੀ ਮੰਗਦਾ ਜਾਂ ਪਿਸ਼ਾਬ ਕਰਨ ਲਈ ਬਹਿੰਦਾ ਤਾਂ ਉਸ ਨੂੰ ਠੁੱਡੇ ਤੇ ਬੱਟ ਵੱਜਣੇ ਸ਼ੁਰੂ ਹੋ ਜਾਂਦੇ ਸਨ। ਕਹਿੰਦੇ ਸਨ ਥੋੜੀ ਦੇਰ ਠਹਿਰੋ, ਹੁਣੇ ਪਿਲਾਏਂਗੇ ਪਾਨੀ।

ਅਸੀਂ ਏਥੇ ਸ਼ਾਮ ਨੂੰ ਕੋਈ ਸਾਢੇ ਛੇ ਵਜੇ ਬਿਠਾਏ ਸਾਂ। ਕੋਈ ਸੱਤ ਕੁ ਵਜੇ ਚਾਰ ਕਮਾਂਡੋ ਆਏ। ਉਹਨਾਂ ਕੋਲ ਕੁਝ ਫੋਟੋ ਸਨ। ਜਿਨ੍ਹਾਂ ਨਾਲ ਉਹਨਾਂ ਨੇ ਸਾਡੇ ਸਾਰਿਆਂ ਦੇ ਚਿਹਰੇ ਮਿਲਾ ਕੇ ਦੇਖੇ। ਉਹ ਕਹਿ ਰਹੇ ਸਨ, 'ਬਤਾਓ ਭਿੰਡਰੀ ਕਹਾਂ ਗਿਆ।' ਉਹ ਆਪਣੀ ਕਾਰਵਾਈ ਕਰ ਕੇ ਚਲੇ ਗਏ।

ਅਸੀਂ ਠੁੱਡੇ ਤੇ ਬੱਟ ਖਾ ਖਾ ਕੇ ਕੋਈ ਦਸ ਕੁ ਵਜੇ ਰਾਤ ਤੱਕ ਤਾਂ ਤ੍ਰੇਹ ਬਰਦਾਸ਼ਤ ਕੀਤੀ, ਪਰ ਹਾਹਾਕਾਰ ਮਚ ਉੱਠੀ। ਇਸ ਤੋਂ ਫ਼ੌਜੀਆਂ ਨੇ ਕੋਈ ਦਸ ਵਜੇ ਇਕ ਇਕ ਗਲਾਸ ਪਾਣੀ ਸਾਡੇ ਵਿੱਚੋਂ ਮੂੰਹ ਨਾਲ ਲਾ ਕੇ ਪਿਆ ਦਿੱਤਾ। ਸਾਡੇ ਵਿੱਚੋਂ ਚਾਰ ਕੁ ਨੌਜਵਾਨਾਂ ਦੀ ਰਾਤ ਨੂੰ ਬਹੁਤ ਕੁਟਾਈ ਕੀਤੀ ਗਈ। ਸ਼ਾਮ ਨੂੰ ਜਦ ਬੈਂਕ ਦੇ ਸਾਹਮਣੇ ਕੋਈ ਚਾਰ ਲਾਸ਼ਾਂ ਪਈਆਂ ਸਨ, ਪਰ ਦਿਨ ਚੜ੍ਹਨ 'ਤੇ ਇਥੇ 13 ਲਾਸ਼ਾਂ ਹੋ ਗਈਆਂ ਸਨ। ਜਿਸ ਨੂੰ ਉਹਨਾਂ ਮਾਰਨਾ ਹੁੰਦਾ ਸੀ ਉਸ ਨੂੰ ਲਾਈਨ ਵਿੱਚੋਂ ਉਠਾ ਕੇ ਲਾਂਭੇ ਲੈ ਜਾਂਦੇ ਸਨ। ਅੱਧੀ ਰਾਤ ਤੱਕ ਅਸੀਂ ਇਸ ਤਰ੍ਹਾਂ ਪਿੱਛੇ ਹੱਥ ਬੰਨ੍ਹੇ ਅਤੇ ਅੱਗੋਂ ਸਿਰ ਨੀਵਾਂ ਕਰਕੇ ਬੈਠੇ ਰਹੇ। ਅੱਧੀ ਰਾਤ ਤੋਂ ਬਾਅਦ ਕਿਹਾ ਗਿਆ ਕਿ ਲੇਟ ਜਾਵੋ। ਹੱਥ ਬੰਨ੍ਹੇ ਹੋਣ ਕਰਕੇ ਲੇਟਿਆ ਤਾਂ ਜਾਂਦਾ ਨਹੀਂ ਸੀ, ਪਰ ਅਸੀਂ ਵਿੰਗੇ ਟੇਡੇ ਏਧਰ ਉਧਰ ਰਿੜ੍ਹਦੇ ਰਹੇ।

7 ਜੂਨ ਦੀ ਸਵੇਰ ਹੋ ਗਈ। ਕੋਈ ਸੱਤ ਕੁ ਵਜੇ ਸਾਡੇ ਇੰਚਾਰਜ ਫ਼ੌਜੀ ਆਪਣੇ ਕਮਾਂਡਰਾਂ ਨੂੰ ਵਾਇਰਲੈਸ ਕਰ ਰਹੇ ਸਨ ਕਿ 'ਸੰਤ ਭਿੰਡਰਾਂਵਾਲਾ ਮਾਰਿਆ ਗਿਆ ਹੈ ਅਤੇ ਦਰਬਾਰ ਸਾਹਿਬ 'ਤੇ ਸਾਡਾ ਕਬਜ਼ਾ ਹੋ ਚੁੱਕਾ ਹੈ।' ਸਵੇਰ ਹੋਣ 'ਤੇ ਸਾਨੂੰ ਸਾਹਮਣੇ ਤੋਂ ਉਠਾ ਕੇ ਜੋੜਾ ਘਰ ਸਥਾਨ ਵੱਲ ਬਿਠਾ ਦਿੱਤਾ ਗਿਆ। ਕੋਈ ਅੱਠ ਵਜੇ ਵੱਡੇ ਫ਼ੌਜੀ ਅਫ਼ਸਰਾਂ ਦੀਆਂ ਕਾਰਾਂ ਦਰਬਾਰ ਸਾਹਿਬ ਵੱਲ ਆਉਣੀਆਂ ਸ਼ੁਰੂ ਹੋ ਗਈਆਂ। ਤਿੰਨ ਫ਼ੌਜੀ ਗੱਡੀਆਂ ਅਸਲੇ ਦੀਆਂ ਭਰੀਆਂ ਬਾਹਰ ਤੋਂ ਆਈਆਂ ਜਿਨ੍ਹਾਂ ਵਿੱਚ ਭਾਂਤ-ਭਾਂਤ ਦੀਆਂ ਬੰਦੂਕਾਂ, ਤਲਵਾਰਾਂ ਅਤੇ ਭਾਲੇ ਆਦਿ ਸਨ, ਇਹ ਸਾਰੇ ਹਥਿਆਰ ਫ਼ੋਟੋ ਖਿੱਚਣ ਲਈ ਅਕਾਲ ਤਖ਼ਤ ਸਾਹਿਬ ਲਿਜਾਏ ਗਏ। ਦਰਬਾਰ ਸਾਹਿਬ ਦੇ ਅੰਦਰੋਂ ਦੋ ਫ਼ੌਜੀ

ਅਫ਼ਸਰਾਂ ਦੀਆਂ ਲਾਸ਼ਾਂ ਉਪਰ ਚਾਦਰਾਂ ਪਾ ਕੇ ਬਾਹਰ ਲਿਆਂਦੀਆਂ ਗਈਆਂ। ਇਸ ਤੋਂ ਬਾਅਦ ਇਕ ਲਾਸ਼ ਉਹ ਵੀ ਲਿਆਂਦੀ ਗਈ, ਜੋ ਸੰਤ ਭਿੰਡਰਾਂਵਾਲਿਆਂ ਦੀ ਦੱਸੀ ਜਾਂਦੀ ਸੀ। ਇਸ ਲਾਸ਼ 'ਤੇ ਪੀਲਾ ਕੱਪੜਾ ਪਾਇਆ ਹੋਇਆ ਸੀ ਅਤੇ ਇਸ ਨੂੰ ਘੰਟਾ ਘਰ ਵਾਲੀ ਡਿਉੜੀ ਦੇ ਵਿਚਕਾਰ ਬਰਫ਼ ਦੇ ਵਿੱਚ ਰੱਖਿਆ ਗਿਆ ਸੀ।

ਦਰਬਾਰ ਸਾਹਿਬ ਦਾ ਇਨਫਰਮੇਸ਼ਨ ਅਫ਼ਸਰ ਸ. ਨਰਿੰਦਰ ਸਿੰਘ ਨੰਦਾ ਵੀ ਸਾਡੇ ਨਾਲ ਬੈਠਾ ਸੀ। ਰਾਤ ਨੂੰ ਉਸ ਦੀ ਬਹੁਤ ਮਾਰ-ਕੁਟਾਈ ਹੋਈ। ਦਰਬਾਰ ਸਾਹਿਬ ਦਾ ਹਜ਼ੂਰੀ ਰਾਗੀ ਭਾਈ ਹਰਚਰਨ ਸਿੰਘ ਸਾਡੇ ਨਾਲ ਸੀ। ਫ਼ੌਜੀ ਸ. ਨਰਿੰਦਰ ਸਿੰਘ ਨੰਦਾ ਅਤੇ ਭਾਈ ਹਰਚਰਨ ਸਿੰਘ ਰਾਗੀ ਨੂੰ ਸੰਤ ਭਿੰਡਰਾਂਵਾਲਿਆਂ ਦੀ ਸ਼ਨਾਖ਼ਤ ਕਰਾਉਣ ਲਈ ਲੈ ਗਏ। ਜਦ ਉਹ ਵਾਪਸ ਪਰਤੇ ਤਾਂ ਮੈਂ ਭਾਈ ਹਰਚਰਨ ਸਿੰਘ ਰਾਗੀ ਨੂੰ ਪੁੱਛਿਆ ਕਿ ਉਹ ਲਾਸ਼ ਸੰਤ ਭਿੰਡਰਾਂਵਾਲਿਆਂ ਦੀ ਸੀ? ਭਾਈ ਹਰਚਰਨ ਸਿੰਘ ਰਾਗੀ ਨੇ ਦੱਸਿਆ ਕਿ ਉਹਨਾਂ ਦਾ ਚਿਹਰਾ ਤਾਂ ਗੋਲੀ ਨਾਲ ਉਡਿਆ ਹੋਇਆ ਸੀ ਅਤੇ ਇਕ ਗੋਲੀ ਗਲੇ ਵਿੱਚੋਂ ਲੰਘੀ ਹੈ, ਪੂਰੀ ਪਛਾਣ ਤਾਂ ਨਹੀਂ ਹੁੰਦੀ, ਪਰ ਸ਼ਕਲ ਉਹਨਾਂ ਨਾਲ ਮਿਲਦੀ ਜੁਲਦੀ ਹੈ। ਉਥੇ ਸਾਰੇ ਇਹ ਕਹਿ ਰਹੇ ਸਨ ਕਿ ਸੰਤ ਭਿੰਡਰਾਂਵਾਲਾ ਇਹ ਹੀ ਹੈ, ਇਸ ਲਈ ਅਸੀਂ ਵੀ ਕਹਿ ਦਿੱਤਾ ਕਿ ਹਾਂ, ਇਹ ਲਾਸ਼ ਸੰਤ ਭਿੰਡਰਾਂਵਾਲਿਆਂ ਦੀ ਹੈ।

ਸੱਤ ਜੂਨ ਨੂੰ ਸਵੇਰੇ ਕੋਈ ਅੱਠ ਨੌਂ ਵਜੇ ਦੇ ਵਿਚਕਾਰ ਦਾ ਸਮਾਂ ਸੀ ਕਿ ਪੰਥ ਦੇ ਪ੍ਰਸਿੱਧ ਸਵਰਗਵਾਸੀ ਰਾਗੀ ਭਾਈ ਗੋਪਾਲ ਸਿੰਘ ਦੇ ਭਰਾਤਾ ਭਾਈ ਜਗੀਰ ਸਿੰਘ ਰਾਗੀ ਦੀ ਵਹੁਟੀ ਨੂੰ ਕੁਝ ਫ਼ੌਜੀ ਘਸੀਟਦੇ ਹੋਏ ਉਹਨਾਂ ਦੇ ਘੰਟਾ ਘਰ ਸਾਈਡ ਤੇ ਪੰਜਾਬ ਐਂਡ ਸਿੰਧ ਬੈਂਕ ਦੇ ਉਪਰਲੇ ਰਿਹਾਇਸ਼ੀ ਮਕਾਨ 'ਚੋਂ ਹੇਠਾਂ ਸਾਡੇ ਵਾਲੇ ਪਾਸੇ ਲੈ ਆਏ। ਉਹ ਰੋਂਦੀ-ਪਿੱਟਦੀ ਤੇ ਵਿਰਲਾਪ ਕਰਦੀ ਕਹਿ ਰਹੀ ਸੀ ਕਿ ਇਹਨਾਂ ਫ਼ੌਜੀਆਂ ਨੇ ਮੇਰੇ ਪਤੀ ਨੂੰ ਕਮਰੇ ਵਿੱਚੋਂ ਕੱਢ ਕੇ ਮਾਰ ਦਿੱਤਾ ਹੈ। ਸਾਡੇ ਸਾਹਮਣੇ ਉਸ ਨੂੰ ਗਸ਼ ਪੈ ਗਈ। ਉਥੋਂ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਸਦਮਾ ਨਾ ਸਹਾਰਦੀ ਹੋਈ ਉਹ ਆਪਣੇ ਪਤੀ ਦੇ ਪਿੱਛੇ-ਪਿੱਛੇ ਹੀ ਆਪਣੇ ਪਿਆਰੇ ਦੇ ਦੇਸ (ਪ੍ਰਲੋਕ) ਜਾ ਪੁੱਜੀ।

ਇਸੇ ਤਰ੍ਹਾਂ ਹੀ ਭਾਈ ਪ੍ਰੀਤਮ ਸਿੰਘ ਅਤੇ ਭਾਈ ਰਣਧੀਰ ਸਿੰਘ ਦੇ ਸਕੇ ਭਰਾ ਏਥੇ ਦਰਬਾਰ ਸਾਹਿਬ ਅੰਦਰ ਸੇਵਾਦਾਰ ਲੱਗੇ ਹੋਏ ਸਨ। ਇਹ ਪਿੱਛੋਂ ਯੂ.ਪੀ. ਦੇ ਰਹਿਣ ਵਾਲੇ ਸਨ ਅਤੇ ਇਥੇ ਕਈ ਸਾਲਾਂ ਤੋਂ ਨੌਕਰੀ ਕਰ ਰਹੇ ਸਨ। ਬ੍ਰਹਮ ਬੂਟਾ ਅਖਾੜੇ ਦੇ ਉੱਤਰ ਵੱਲ ਸੇਵਾਦਾਰਾਂ ਦੇ ਕਵਾਟਰਾਂ ਵਿੱਚ ਉਹਨਾਂ ਦੀ ਰਿਹਾਇਸ਼ ਸੀ। ਇਹਨਾਂ ਵਿੱਚੋਂ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਅਤੇ ਉਸ ਦੀਆਂ ਦੋ ਛੋਟੀ ਉਮਰ ਦੀਆਂ ਲੜਕੀਆਂ ਇਥੇ ਉਸ ਪਾਸ ਸਨ, ਜਦ ਕਿ ਭਾਈ ਰਣਧੀਰ ਸਿੰਘ ਦੀ ਵਹੁਟੀ ਦਿੱਲੀ ਆਪਣੇ ਪੇਕੇ ਗਈ ਹੋਈ ਸੀ। ਪੰਜ ਜੂਨ ਨੂੰ ਇਹਨਾਂ ਦੇ ਮਕਾਨ ਦੀ ਤਲਾਸ਼ੀ ਹੋਈ ਕਿ ਤੁਸੀਂ ਕਿਧਰੇ ਬਾਹਰ ਨਹੀਂ ਜਾਣਾ ਇਥੇ ਅੰਦਰ ਰਹਿਣਾ, ਤੁਹਾਨੂੰ ਕੁਝ ਨਹੀਂ ਕਹਾਂਗੇ। ਪਰ ਸੱਤ ਜੂਨ ਨੂੰ ਪੰਜ ਸੱਤ ਫ਼ੌਜੀ ਆਏ, ਉਹਨਾਂ ਨੇ ਭਾਈ ਪ੍ਰੀਤਮ ਸਿੰਘ ਦਾ ਬੂਹਾ ਖੁਲ੍ਹਵਾ ਕੇ ਉਸਨੂੰ ਬਾਹਰ ਕੱਢ ਲਿਆ। ਉਸ ਦੀਆਂ ਬਾਹਵਾਂ ਉਪਰ ਖੜੀਆਂ ਕਰਵਾ ਕੇ ਉਸ ਨੂੰ ਗੁਰੂ ਰਾਮਦਾਸ ਸਰਾਂ ਵੱਲ ਡਾਕਖਾਨੇ ਦੇ ਸਾਹਮਣੇ ਲੈ ਆਏ, ਉਸ ਦਾ ਭਰਾ ਰਣਧੀਰ ਸਿੰਘ

ਨੰਗੇ ਪਿੰਡੇ ਆਪਣੇ ਭਾਈ ਪ੍ਰੀਤਮ ਸਿੰਘ ਦੀ ਇਕ ਲੜਕੀ ਨੂੰ ਕੁੱਛੜ ਚੁੱਕ ਕੇ ਪਿੱਛੇ ਪਿੱਛੇ ਆ ਗਿਆ। ਨਾਲ ਹੀ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਆਪਣੀ ਦੂਜੀ ਲੜਕੀ ਨੂੰ ਚੁੱਕ ਕੇ ਉਹਨਾਂ ਦੇ ਪਿੱਛੇ ਉਥੇ ਡਾਕਖਾਨੇ ਕੋਲ ਆ ਗਈ। ਇਥੇ ਫ਼ੌਜੀਆਂ ਨੇ ਪਹਿਲਾਂ ਭਾਈ ਪ੍ਰੀਤਮ ਸਿੰਘ ਨੂੰ ਗੋਲੀਆਂ ਮਾਰ ਕੇ ਉਸਦੀ ਪਤਨੀ, ਭਰਾ ਅਤੇ ਦੋਵਾਂ ਲੜਕੀਆਂ ਦੇ ਦੇਖਦਿਆਂ ਸ਼ਹੀਦ ਕਰ ਦਿੱਤਾ। ਆਪਣੇ ਭਰਾ ਨੂੰ ਗੋਲੀਆਂ ਲੱਗਦੀਆਂ ਦੇਖ ਕੇ ਰਣਧੀਰ ਸਿੰਘ ਅੱਗੇ ਵਧਿਆ ਤਾਂ ਫ਼ੌਜੀਆਂ ਨੇ ਉਸ ਨੂੰ ਵੀ ਸਮੇਤ ਕੁੱਛੜ ਚੁੱਕੀ ਲੜਕੀ ਦੇ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਤੋਂ ਬਾਅਦ ਉਹ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਨੂੰ ਉਸ ਦੀ ਲੜਕੀ ਸਮੇਤ ਘਸੀਟਦੇ ਹੋਏ ਸਾਡੇ ਕੋਲ ਛੱਡ ਗਏ। ਉਹ ਰੋਂਦੀ-ਪਿੱਟਦੀ ਅਤੇ ਵਿਰਲਾਪ ਕਰਦੀ ਦੱਸ ਰਹੀ ਸੀ ਕਿ ਇਹਨਾਂ ਫ਼ੌਜੀਆਂ ਨੇ ਉਸ ਦਾ ਪਤੀ ਅਤੇ ਉਸ ਦੇ ਪਤੀ ਦੇ ਭਰਾ ਨੂੰ ਸਮੇਤ ਉਸ ਦੀ ਕੁੱਛੜ ਚੁੱਕੀ ਲੜਕੀ ਦੇ ਉਸ ਦੀਆਂ ਅੱਖਾਂ ਸਾਹਮਣੇ ਗੋਲੀਆਂ ਮਾਰ ਕੇ ਭੁੰਨ ਸੁੱਟਿਆ ਹੈ।

ਪਿੰਡ ਪਲਾਸੌਰ (ਤਰਨਤਾਰਨ) ਦਾ ਰਹਿਣ ਵਾਲਾ ਭਾਈ ਤਰਸੇਮ ਸਿੰਘ ਜੋ ਸ੍ਰੀ ਦਰਬਾਰ ਸਾਹਿਬ ਵਿਖੇ ਮੀਤ ਖ਼ਜ਼ਾਨਚੀ ਸੀ, ਉਸ ਨੂੰ ਫ਼ੌਜੀ ਸੱਤ ਜੂਨ ਨੂੰ ਕੋਈ ਨੌਂ ਕੁ ਵਜੇ ਸਵੇਰੇ ਜ਼ਖਮੀ ਹਾਲਤ ਵਿੱਚ ਦਰਬਾਰ ਸਾਹਿਬ ਵਿੱਚੋਂ ਬਾਹਰ ਕੱਢ ਕੇ ਸਾਡੇ ਕੋਲ ਲਿਆਏ ਸਨ। ਉਥੇ ਉਹ ਕੋਈ ਘੰਟੇ ਕੁ ਬਾਅਦ ਹੀ ਚਲਾਣਾ ਕਰ ਗਿਆ।

ਕੋਈ ਸਾਢੇ ਕੁ ਦਸ ਵਜੇ ਫ਼ੌਜੀ ਅਫ਼ਸਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਆਰੰਭ ਕਰਵਾਇਆ। ਸਾਡੇ ਹੱਥ ਛੇ ਜੂਨ ਸ਼ਾਮੀਂ ਸਵਾ ਚਾਰ ਵਜੇ ਦੇ ਨੂੜੇ ਹੋਏ ਸੱਤ ਜੂਨ ਨੂੰ ਦੁਪਹਿਰ ਦੇ ਕੋਈ ਸਾਢੇ ਬਾਰਾਂ ਕੁ ਵਜੇ ਖਾਣਾ ਖਾਣ ਲਈ ਖੋਲ੍ਹੇ ਗਏ। ਇਹ ਖਾਣਾ ਕਿੱਥੋਂ ਤੇ ਕਿਵੇਂ ਆਇਆ, ਇਹ ਦੱਸਣਾ ਵੀ ਇਥੇ ਜ਼ਰੂਰੀ ਜਾਪਦਾ ਹੈ। ਇਹ ਖਾਣਾ ਹਿੰਦੂ ਦੁਕਾਨਦਾਰ ਵਰਤਾ ਰਹੇ ਸਨ ਜਿਹੜੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਕਾਰਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਹਨਾਂ ਦੇ ਸਾਥੀਆਂ ਦੇ ਮਾਰੇ ਜਾਣ 'ਤੇ ਲੋੜ ਤੋਂ ਵੱਧ ਖੁਸ਼ ਸਨ ਅਤੇ ਉਹ ਫ਼ੌਜੀਆਂ ਲਈ ਖੁੱਲ੍ਹੇ ਦਿਲ ਨਾਲ ਚਾਹ, ਰੋਟੀਆਂ, ਪੂੜੀਆਂ, ਸਬਜ਼ੀਆਂ ਤੇ ਦਾਲਾਂ ਤਿਆਰ ਕਰ ਕਰ ਕੇ ਭੇਜ ਰਹੇ ਸਨ। ਉਸ ਵਿੱਚੋਂ ਖਾਣਾ ਲੈਣ ਨੂੰ ਉਕਾ ਦਿਲ ਨਹੀਂ ਕਰਦਾ ਸੀ, ਭਾਵੇਂ ਅਸੀਂ ਪਿਛਲੇ ਦੋ ਦਿਨਾਂ ਤੋਂ ਭੁੱਖੇ ਤਿਹਾਏ ਸਾਂ। ਬੱਚੇ ਅਤੇ ਬੱਚੀਆਂ ਦੀ ਦਰਦਨਾਕ ਦਸ਼ਾ ਨੂੰ ਧਿਆਨ ਵਿੱਚ ਲਿਆ ਕੇ ਦੂਜੇ ਇਹ ਸੋਚ ਕੇ ਕਿ ਇਹ ਖਾਣਾ ਖਾਣ ਤੋਂ ਇਨਕਾਰ ਸਾਡੇ ਪ੍ਰਤੀ ਇਨ੍ਹਾਂ ਫ਼ੌਜੀਆਂ ਦੇ ਮਨਾਂ ਵਿੱਚ ਹੋਰ ਘ੍ਰਿਣਾ ਦੀ ਅੱਗ ਭੜਕਾਏਗਾ, ਅਸੀਂ ਵੀ ਥੋੜ੍ਹਾ ਬਹੁਤ ਖਾਣਾ ਲੈ ਲਿਆ। ਸਾਡੇ ਹੱਥ ਫਿਰ ਉਸੇ ਤਰ੍ਹਾਂ ਬੰਨ੍ਹ ਦਿੱਤੇ ਗਏ।

ਸ਼ਾਮ ਦੇ ਕੋਈ ਸਾਢੇ ਤਿੰਨ ਵਜੇ ਫ਼ੌਜੀ ਗੱਡੀਆਂ ਆਈਆਂ। ਸਾਨੂੰ ਉਹਨਾਂ ਵਿੱਚ ਚੜ੍ਹਨ ਲਈ ਕਿਹਾ ਗਿਆ। ਪਿੱਛੇ ਹੱਥ ਬੰਨ੍ਹੇ ਹੋਣ ਕਰਕੇ ਜੋ ਚੜ੍ਹਨ ਵਿੱਚ ਢਿੱਲ ਕਰਦਾ ਸੀ, ਉਸ ਦੀ ਬੰਦੂਕਾਂ ਦੇ ਬੱਟਾਂ ਨਾਲ ਮੁਰੰਮਤ ਸ਼ੁਰੂ ਹੋ ਜਾਂਦੀ ਸੀ। ਬਾਬਾ ਸ਼ਾਮ ਸਿੰਘ ਦੇ ਡੇਰੇ ਵਾਲਾ ਬਾਬਾ ਸਰਦਾਰ ਸਿੰਘ ਗੁਰੂ ਘਰ ਦਾ ਬੜਾ ਪ੍ਰੇਮੀ ਸੀ। ਤਿਪਹਿਰੇ ਦੀ ਚੌਂਕੀ ਵੇਲੇ ਉਹ ਹਰਿਮੰਦਰ ਸਾਹਿਬ ਹਰ ਰੋਜ਼ ਡੇਰੇ ਤੋਂ ਦੇਗ ਸਜਾ ਕੇ ਭੇਟਾ ਕਰਿਆ ਕਰਦਾ ਸੀ। ਬਿਰਧ ਅਵਸਥਾ ਹੋਣ ਕਰਕੇ ਟਰੱਕਾਂ ਵਿੱਚ ਚੜ੍ਹਨ ਉਤਰਨ ਵੇਲੇ ਉਸ ਦੀ ਇਤਨੀ ਮਾਰ-ਕੁਟਾਈ ਹੁੰਦੀ ਕਿ ਉਸ ਗੁਰਮੁਖ ਬਾਬੇ ਨੇ ਕੈਂਪ-ਜੇਲ੍ਹ ਵਿੱਚ ਜਾ ਕੇ ਪ੍ਰਾਣ ਤਿਆਗ ਦਿੱਤੇ। ਇਉਂ ਗਠੜੀ ਘਰ ਦਾ ਸੇਵਾਦਾਰ ਭਾਈ ਕਿੱਕਰ ਸਿੰਘ ਉਰਫ ਭਾਈ ਕੁਲਵੰਤ ਸਿੰਘ ਸੀ, ਉਸ ਦੀਆਂ ਲੱਤਾਂ ਠੀਕ ਕੰਮ ਨਹੀਂ ਕਰਦੀਆਂ ਸਨ। ਉਸ ਦੀ ਵੀ ਟਰੱਕ 'ਤੇ ਚੜ੍ਹਨ-ਉਤਰਨ ਸਮੇਂ ਬਹੁਤ ਮਾਰ-ਕੁਟਾਈ ਕੀਤੀ ਗਈ ਸੀ, ਜਿਸ ਕਰਕੇ ਉਹ ਵੀ ਕੈਂਪ ਜੇਲ੍ਹ ਵਿੱਚ ਪੁੱਜ ਕੇ 9 ਜੂਨ ਨੂੰ ਚਲਾਣਾ ਕਰ ਗਿਆ।

ਛਾਉਣੀ ਵਿੱਚ ਬਣੇ ਸੈਨਿਕ ਸਕੂਲ ਦੀ ਉਤਲੀ ਛੱਤ ਉਤੇ ਤੰਗ ਕਮਰੇ ਵਿੱਚ ਸਾਨੂੰ 50 ਬੰਦਿਆਂ ਨੂੰ ਤਾੜ ਦਿੱਤਾ ਗਿਆ। ਪਿਆਸ ਨਾਲ ਸਾਰੇ ਵਿਆਕੁਲ ਹੋਏ ਕੁਰਲਾ ਰਹੇ ਸਨ। ਕੋਈ ਤਿੰਨ ਘੰਟਿਆਂ ਪਿੱਛੋਂ ਪਾਣੀ ਦਿੱਤਾ ਗਿਆ। ਬੀਬੀਆਂ, ਬੱਚੇ ਸਾਡੇ ਨਾਲੋਂ ਵੱਖ ਕਰ ਦਿੱਤੇ ਗਏ ਸਨ। ਇਸ ਕਮਰੇ ਵਿੱਚ ਪਾਣੀ ਦੀ ਇਕ ਟੂਟੀ ਟੱਟੀ ਵਾਲੇ ਕਮਰੇ ਵਿੱਚ ਹੀ ਸੀ, ਜਿੱਥੋਂ ਸਿੰਘ ਪੀਣ ਅਤੇ ਇਸ਼ਨਾਨ ਕਰਨ ਲਈ ਪਾਣੀ ਵਰਤਦੇ ਰਹੇ। ਦਿਨ ਵਿੱਚ ਦੋ ਵੇਰਾਂ ਸੁੱਕੇ ਪ੍ਰਸ਼ਾਦੇ ਸਾਨੂੰ ਵਰਤਾਏ ਜਾਂਦੇ ਸਨ।

ਇਥੇ ਹਰ ਇਕ ਬੰਦੇ ਦੀ ਵੱਖ-ਵੱਖ ਪੁੱਛ-ਦੱਸ ਕੀਤੀ ਗਈ। ਦੋ-ਦੋ ਦਫਾ ਸਾਡੇ ਫੋਟੋ ਵੀ ਲਏ ਗਏ। ਪੁੱਛ-ਪੜਤਾਲ ਸਮੇਂ ਸਾਡੇ ਪਾਸੋਂ ਇਸ ਤਰ੍ਹਾਂ ਦੇ ਸਵਾਲਾਂ ਦਾ ਉੱਤਰ ਮੰਗਿਆ ਜਾਂਦਾ ਸੀ:

1. ਅੱਤਵਾਦੀ ਕਦੋਂ ਤੋਂ ਹਥਿਆਰ ਜਮ੍ਹਾਂ ਕਰਦੇ ਆਏ ਹਨ?
2. ਕੀ ਉਹ ਇਥੇ ਦਰਬਾਰ ਸਾਹਿਬ ਅੰਦਰ ਲੜਕੀਆਂ ਨਾਲ ਬਦਫੈਲੀ ਵੀ ਕਰਦੇ ਰਹੇ ਹਨ?
3. ਕੀ ਅਕਾਲ ਤਖ਼ਤ ਦੇ ਭੋਰੇ ਅੰਦਰ ਕੋਈ ਸੁਰੰਗ ਵੀ ਹੈ?
4. ਕੀ ਉਹ ਦਰਬਾਰ ਸਾਹਿਬ ਦੇ ਲਾਗੇ ਦੀਆਂ ਦੁਕਾਨਾਂ ਦਾ ਸਾਮਾਨ ਜ਼ਬਰਦਸਤੀ ਚੁੱਕ ਕੇ ਅੰਦਰ ਲਿਆਉਂਦੇ ਰਹੇ ਹਨ?
5. ਅਤਿਵਾਦੀਆਂ ਕੋਲ ਹਥਿਆਰ ਕਿੱਥੋਂ ਤੇ ਕਿਵੇਂ ਆਉਂਦੇ ਰਹੇ?

ਮੈਂ ਤਰਤੀਬਵਾਰ ਇਹਨਾਂ ਸੁਆਲਾਂ ਦੇ ਉਤਰ ਇਉਂ ਦਿੱਤੇ:

1. ਹਥਿਆਰਾਂ ਦੀ ਸਰਕਾਰ ਦੀ ਸੀ.ਆਈ.ਡੀ. ਨੂੰ ਸਹੀ ਜਾਣਕਾਰੀ ਹੋਵੇਗੀ, ਇਸ ਬਾਰੇ ਮੈਨੂੰ ਕੁਝ ਪਤਾ ਨਹੀਂ।
2. ਲੜਕੀਆਂ ਬਾਰੇ ਅਜਿਹੀ ਗੱਲ ਪਹਿਲਾਂ ਅਸੀਂ ਨਾ ਸੁਣੀ ਹੈ, ਨਾ ਵੇਖੀ ਹੈ।
3. ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਕੋਈ ਸੁਰੰਗ ਨਹੀਂ।
4. ਸਾਮਾਨ ਚੁੱਕ ਕੇ ਵੀ ਲਿਆਉਣ ਬਾਰੇ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਨਹੀਂ। ਮੇਰਾ ਵਾਸਤਾ ਆਪਣੀ ਡਿਊਟੀ ਨਾਲ ਹੀ ਸੀ।
5. ਹਥਿਆਰ ਉਨ੍ਹਾਂ ਪਾਸ ਕਿੱਥੋਂ ਤੇ ਕਿਵੇਂ ਆਉਂਦੇ ਰਹੇ, ਇਸ ਬਾਰੇ ਉਕਾ ਹੀ ਕੋਈ ਜਾਣਕਾਰੀ ਨਹੀਂ।

ਇਸ ਤਰ੍ਹਾਂ ਪੁੱਛ-ਪੜਤਾਲ ਅਤੇ ਛਾਣ-ਬੀਣ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ 83 ਹੋਰ ਕਰਮਚਾਰੀਆਂ ਸਮੇਤ ਮੈਨੂੰ 17 ਜੂਨ, 1984 ਨੂੰ ਰਿਹਾਅ ਕੀਤਾ ਗਿਆ।

ਇਉਂ ਮੌਤ ਦੇ ਮੂੰਹ ਵਿੱਚੋਂ ਮੇਰੀ ਖ਼ਲਾਸੀ ਹੋਈ। ਪਰ ਮੇਰੇ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਨਾ ਛੱਡਿਆ ਗਿਆ। ਉਹਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ, ਜਿੱਥੋਂ ਮੈਂ 28 ਜੂਨ ਨੂੰ ਉਹਨਾਂ ਦੀ ਜ਼ਮਾਨਤ ਕਰਵਾ ਕੇ ਬਾਹਰ ਲਿਆਂਦਾ।

ਦਰਬਾਰ ਸਾਹਿਬ ਅੰਦਰ ਤਾਇਨਾਤ ਫ਼ੌਜੀਆਂ ਦੀ ਸਹਾਇਤਾ ਨਾਲ ਮੈਂ ਆਪਣੀ ਰਿਹਾਇਸ਼ ਵਾਲਾ ਮਕਾਨ ਦੇਖਣ ਗਿਆ। ਬਾਹਰ ਦਾ ਤਾਲਾ ਟੁੱਟਾ ਹੋਇਆ ਸੀ। ਘਰ ਦਾ ਸਾਰਾ ਸਾਮਾਨ ਇੱਥੋਂ ਤੱਕ ਕੇ ਭਾਂਡੇ ਤੇ ਕੱਪੜੇ ਆਦਿ ਵੀ ਚੁੱਕੇ ਗਏ ਸਨ। ਕੇਵਲ ਲੱਕੜ ਦੀਆਂ ਕੁਝ ਚੀਜ਼ਾਂ ਜੋ ਅਸਾਨੀ ਨਾਲ ਚੁੱਕੀਆਂ ਨਹੀਂ ਜਾ ਸਕਦੀਆਂ ਸਨ, ਰਹਿ ਗਈਆਂ ਸਨ, ਉਹ ਵੀ ਭੰਨੀਆਂ ਪਈਆਂ ਸਨ।

ਮੇਰੇ ਅਨੁਸਾਰ ਮੇਰੇ ਘਰ ਦਾ ਕੋਈ 20 ਹਜ਼ਾਰ ਰੁਪੈ ਦਾ ਨੁਕਸਾਨ ਹੋਇਆ ਹੈ। ਪਰ ਸ਼ੁਕਰ ਹੈ ਉਸ ਅਕਾਲ ਪੁਰਖ ਦਾ ਜਿਸ ਨੇ ਕੁਝ ਹੋਰ ਸਮੇਂ ਲਈ ਸੰਗਤ ਨਾਲ ਸਾਂਝ ਬਣਾਏ ਰੱਖਣ ਦਾ ਅਵਸਰ ਦੇ ਦਿੱਤਾ ਹੈ। ਘੰਟਾ ਘਰ ਗੇਟ ਅੱਗੇ ਬੰਨ੍ਹ ਕੇ ਬਿਠਾਏ ਹੋਏ ਅਸੀਂ ਜ਼ਿੰਦਗੀ ਦੀ ਆਸ ਉੱਕਾ ਲਾਹ ਬੈਠੇ ਸਾਂ।

ਘੱਲੂਘਾਰਾ ਜੂਨ 1984—ਇੰਝ ਨਿਭੀ ਕੀਰਤਨ ਦੀ ਮਰਿਆਦਾ

(ਭਾਈ ਗੁਰਬਚਨ ਸਿੰਘ ਰਾਗੀ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਸਨ, ਨਾਲ ਜੋ ਕੁਝ ਵਾਪਰਿਆ ਉਸ ਨੂੰ ਸੁਣ ਕੇ ਰੂਹ ਕੰਬ ਉਠਦੀ ਹੈ।)

1 ਜੂਨ, 1984 ਨੂੰ ਮੈਂ ਆਪਣੇ ਸਾਥੀਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਡਿਊਟੀ 'ਤੇ ਗਿਆ। ਬਾਰ੍ਹਾਂ ਵਜੇ ਡਿਊਟੀ ਸਮਾਪਤ ਹੋਣ ਤੋਂ ਬਾਅਦ ਮੈਂ ਆਪਣੇ ਸਾਥੀ ਅਵਤਾਰ ਸਿੰਘ (ਚਾਚੇ ਦੇ ਪੁੱਤ ਭਰਾ) ਨੂੰ ਕਿਹਾ ਕਿ ਆਪਾਂ ਘਰ ਚੱਲੀਏ, ਹਾਲਾਤ ਵਿਗੜ ਸਕਦੇ ਹਨ। ਉਹ ਨਹੀਂ ਮੰਨਿਆ ਤੇ ਉਹ ਜ਼ਿੱਦ ਕਰਕੇ ਸਾਨੂੰ ਗੁਰੂ ਰਾਮਦਾਸ ਲੰਗਰ ਵੱਲ ਲੈ ਗਿਆ ਅਤੇ ਕਹਿਣ ਲੱਗਾ, "ਆਪਾਂ ਲੰਗਰ ਛਕੀਏ।" ਅਸੀਂ ਲੰਗਰ ਦੇ ਬਾਹਰਲੇ ਗੇਟ 'ਤੇ ਹੀ ਸੀ ਕਿ ਪੌਣੇ ਕੁ ਇਕ ਵਜੇ ਦਾ ਸਮਾਂ ਹੋਵੇਗਾ ਕਿ ਇਕ-ਦਮ ਗੋਲੀ ਚੱਲਣੀ ਸ਼ੁਰੂ ਹੋ ਗਈ। ਮੇਰੇ ਸਾਥੀ ਦੇ ਪੈਰਾਂ ਵਿੱਚ ਪਤਾ ਨਹੀਂ ਕੀ ਵੱਜਾ ਕਿ ਖ਼ੂਨ ਵਗਣ ਲੱਗਾ। ਪਰ ਉਹ ਪੈਰ ਦੀ ਸੱਟ ਦੀ ਪਰਵਾਹ ਕੀਤੇ ਬਗੈਰ ਸਾਡੇ ਨਾਲ ਲੰਗਰ ਹਾਲ ਵਿੱਚ ਚਲਾ ਗਿਆ। ਲੰਗਰ ਛਕ ਕੇ ਬਾਹਰ ਆਏ ਤਾਂ ਹਾਲਾਤ ਐਸੇ ਬਣ ਚੁੱਕੇ ਸਨ ਕਿ ਘਰ ਜਾਣਾ ਵੀ ਮੁਸ਼ਕਲ ਹੋ ਗਿਆ ਸੀ। ਸ਼ਾਮ ਤੱਕ ਅਸੀਂ ਬੜੀ ਮੁਸ਼ਕਿਲ ਆਪਣੇ ਘਰਾਂ ਨੂੰ ਜਾ ਸਕੇ। ਅਗਲੇ ਦਿਨ 2 ਜੂਨ, 1984 ਈ. ਨੂੰ ਅਸੀਂ ਆਪਣੀਆਂ ਡਿਊਟੀਆਂ ਉਤੇ ਆ ਗਏ। ਮਿਤੀ 2, 3 ਤੇ 4 ਜੂਨ, 1984 ਈ. ਤੱਕ ਦੀਆਂ ਡਿਊਟੀਆਂ ਕਰਦੇ ਰਹੇ। 4 ਜੂਨ, 1984 ਈ. ਦੀ ਰਾਤ ਨੂੰ ਅਸੀਂ ਗਿੱਲੇ ਕੱਪੜਿਆਂ ਵਾਲੇ ਸਟੋਰ ਵਿੱਚ ਰਹੇ। 5 ਜੂਨ, 1984 ਈ. ਦੀ ਰਾਤ ਨੂੰ ਸਵੇਰੇ ਪੰਜ ਵਜੇ ਪਹਿਲਾ ਵੱਡਾ ਫਾਇਰ ਹੋਇਆ। ਅਸੀਂ ਸਾਰੇ ਅਭੜਵਾਹੇ ਉਠੇ। ਸਾਨੂੰ ਕੁਝ ਵੀ ਨਾ ਸੁੱਝੇ। ਉਸ ਸਮੇਂ ਸਾਡੇ ਨਾਲ ਭਾਈ ਸੁਰਿੰਦਰ ਸਿੰਘ (ਜੋਧਪੁਰੀ) ਤੇ ਉਥੇ ਡਿਊਟੀ ਕਰ ਰਹੇ ਸੇਵਾਦਾਰ ਵੀ ਮੌਜੂਦ ਸਨ। ਕੁਝ ਫਾਇਰਿੰਗ ਘਟੀ ਤਾਂ ਅਸੀਂ ਅੰਦਰ ਡਿਊਟੀ 'ਤੇ ਚਲੇ ਗਏ।

ਪੰਜ ਜੂਨ ਸਾਰਾ ਦਿਨ ਮੈਂ ਕਦੀ ਸਹਾਇਕ ਰਾਗੀ, ਕਦੇ ਤਬਲੇ ਵਾਲੇ ਦੀ ਡਿਊਟੀ ਕਰਦਾ ਰਿਹਾ। ਜ਼ਿਆਦਾ ਡਿਊਟੀ ਮੈਂ ਜਥੇਦਾਰ ਰਾਗੀ ਦੀ ਨਿਭਾਉਂਦਾ ਰਿਹਾ। ਪੰਜ ਜੂਨ ਦੀ ਸ਼ਾਮ 5-6 ਵਜੇ ਬਾਹਰ ਬਾਥਰੂਮ ਕਰਨ ਗਿਆ। ਉਸ ਤੋਂ ਬਾਅਦ ਮੈਂ ਦਰਸ਼ਨੀ ਡਿਉਢੀ ਚਲਾ ਗਿਆ। ਫਾਇਰਿੰਗ ਇੰਨੀ ਤੇਜ਼ ਸੀ ਕਿ ਮੈਂ ਹਰਿਮੰਦਰ ਸਾਹਿਬ ਡਿਊਟੀ 'ਤੇ ਨਾ

ਜਾ ਸਕਿਆ। ਸਾਰੇ ਪਾਸੇ ਦੀ ਬੱਤੀ ਬੰਦ ਕਰ ਦਿੱਤੀ ਗਈ। ਗਰਮੀ ਬਹੁਤ ਜ਼ਿਆਦਾ ਪੈ ਰਹੀ ਸੀ। ਹਨ੍ਹੇਰੇ ਵਿੱਚ ਜਦ ਪਾਣੀ ਵਾਲੇ ਰੈਬਰ ਵਿੱਚ ਹੱਥ ਮਾਰਿਆ ਤਾਂ ਰੈਬਰ ਖਾਲੀ ਸੀ। ਅਸੀਂ ਇਕ ਛੋਟਾ ਜਿਹਾ ਟੱਬ ਜਿਸ ਵਿੱਚ ਬਰਤਨ ਆਦਿ ਧੋਤੇ ਸਨ, ਵਿੱਚੋਂ ਮੂੰਹ ਗਿੱਲਾ ਕਰਕੇ ਗੁਜ਼ਾਰਾ ਕਰਦੇ ਰਹੇ। ਪੰਜ ਜੂਨ ਨੂੰ ਫਾਇਰਿੰਗ ਇੰਨੀ ਤੇਜ਼ ਸੀ ਕਿ ਚੱਲ ਰਹੇ ਗੋਲਿਆਂ ਬਾਰੇ ਪਤਾ ਨਹੀਂ ਸੀ ਲੱਗ ਰਿਹਾ ਕਿ ਇਹ ਗੋਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਪਾਸਿਓਂ ਆ ਰਿਹਾ ਸੀ ਜਾਂ ਸ੍ਰੀ ਦਰਬਾਰ ਸਾਹਿਬ ਵਾਲੇ ਪਾਸਿਓਂ। ਬੰਬਾਂ ਦਾ ਖੜਾਕ ਅਤੇ ਧਮਕ ਕਾਰਨ ਘੱਟਾ-ਮਿੱਟੀ ਬਹੁਤ ਜ਼ਿਆਦਾ ਉੱਡ ਰਿਹਾ ਸੀ। ਗੋਲਿਆਂ ਦੇ ਖੜਾਕ ਦੇ ਭੈਅ ਕਾਰਨ ਸਾਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਰਾਤ ਬਹੁਤ ਲੰਬੀ ਹੋ ਗਈ ਹੋਵੇ। ਛੇ ਜੂਨ ਨੂੰ ਸਾਢੇ ਕੁ ਚਾਰ ਵਜੇ ਦਿਨ ਦੀ ਲੋਅ ਲੱਗੀ ਤਾਂ ਅਸੀਂ ਮਹਿਸੂਸ ਕੀਤਾ ਕਿ ਦਰਸ਼ਨੀ ਡਿਉਢੀ ਸਾਡੇ ਲਈ ਹੁਣ ਸੁਰੱਖਿਅਤ ਨਹੀਂ, ਸਾਨੂੰ ਇਥੋਂ ਚਲੇ ਜਾਣਾ ਚਾਹੀਦਾ ਹੈ। ਮੇਰੇ ਨਾਲ ਇਕ ਸਾਥੀ ਬਲਵੰਤ ਸਿੰਘ ਸੂਰਮਾ (ਨੇਤਰਹੀਨ) ਸਿੰਘ ਵੀ ਸੀ। ਇਸ ਸੂਰਮੇ ਸਿੰਘ ਨੇ ਮੇਰਾ ਕਮੀਜ਼ ਫੜਿਆ, ਅਸੀਂ ਡਿਉਢੀ ਤੋਂ ਦੱਖਣੀ ਬਾਹੀ ਦੀ ਡਿਉਢੀ ਵੱਲ ਐਨੀ ਤੇਜ਼ ਭੱਜੇ ਕਿ ਮੇਰੇ ਸਾਥੀ ਸੂਰਮੇ ਸਿੰਘ ਤੋਂ ਮੇਰਾ ਕਮੀਜ਼ ਛੁੱਟ ਗਿਆ। ਗੋਲੀਆਂ ਦੀ ਬੁਛਾੜ ਇੰਨੀ ਤੇਜ਼ ਸੀ ਕਿ ਸਾਡੇ ਵਿੱਚੋਂ ਕਿਸੇ ਦੀ ਹਿੰਮਤ ਨਾ ਪਈ ਕਿ ਸੂਰਮਾ ਸਿੰਘ ਨੂੰ ਲਿਆ ਸਕਦੇ। ਜਦ ਅਸੀਂ ਦਰਸ਼ਨੀ ਡਿਉਢੀ ਤੋਂ ਭੱਜੇ ਤਾਂ ਮੈਂ ਦੇਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੰਜ-ਛੇ ਲਾਸ਼ਾਂ ਫ਼ੌਜੀਆਂ ਦੀਆਂ ਅਤੇ ਇਕ ਲਾਸ਼ ਸਿੰਘ ਦੇ ਬਾਣੇ ਵਿੱਚ ਪਈ ਸੀ। ਜਦ ਅਸੀਂ ਕਮਰੇ ਅੰਦਰ ਪ੍ਰਵੇਸ਼ ਕੀਤਾ ਤਾਂ ਅੰਦਰ ਬੈਠੇ 15-16 ਆਦਮੀਆਂ ਨੇ ਇਸ਼ਾਰੇ ਨਾਲ ਸਮਝਾਇਆ ਕਿ ਥੰਮਲੇ ਦੇ ਓਹਲੇ ਹੋ ਜਾਉ, ਸਾਹਮਣੇ ਮਿਲਟਰੀ ਵਾਲੇ ਹਮਲਾ ਕਰਦੇ ਆ ਰਹੇ ਹਨ। ਗੋਲੀਆਂ, ਬੰਬਾਂ ਦੀ ਆਵਾਜ਼ ਇੰਨੀ ਭਿਆਨਕ ਸੀ ਕਿ ਦਰਵਾਜ਼ੇ ਕੋਲ ਪਏ ਪੀਪੇ ਵਿੱਚੋਂ ਥੋੜ੍ਹੇ ਜਿਹੇ ਪਾਣੀ ਨੂੰ ਲਿਆਉਣ ਦੀ ਹਿੰਮਤ ਕੋਈ ਨਹੀਂ ਸੀ ਕਰ ਰਿਹਾ। ਸਾਰੇ ਇਕ ਦੂਸਰੇ ਨੂੰ ਕਹਿ ਰਹੇ ਸਨ ਕਿ ਪਾਣੀ ਪਿਲਾਓ। ਪਹਿਲਾਂ ਬੈਠਿਆਂ ਵਿੱਚ ਮੇਰਾ ਕੋਈ ਵੀ ਵਾਕਿਫ਼ ਨਹੀਂ ਸੀ, ਪਰ ਫਿਰ ਵੀ ਮੈਂ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ ਅਰਕਾਂ ਭਾਰ ਚਲਦਾ ਹੋਇਆ ਪਾਣੀ ਵਾਲਾ ਪੀਪਾ ਚੁੱਕ ਲਿਆਇਆ। ਇਸ ਪੀਪੇ ਵਿੱਚ ਅੱਧੇ ਤੋਂ ਜ਼ਿਆਦਾ ਮਿੱਟੀ-ਘੱਟਾ ਤੇ ਦੋ ਕੁ ਲੀਟਰ ਪਾਣੀ ਮੌਜੂਦ ਸੀ। ਅਸੀਂ ਹਾਲਾਤ ਤੇ ਸਮੇਂ ਦੀ ਨਜ਼ਾਕਤ ਸਮਝਦਿਆਂ ਥੋੜ੍ਹਾ ਥੋੜ੍ਹਾ ਹੀ ਪਾਣੀ ਪੀਤਾ।

6 ਜੂਨ, 1984 ਨੂੰ ਸ਼ਾਮੀਂ 4 ਵਜੇ ਤੋਂ 4:30 ਦੇ ਦਰਮਿਆਨ ਅਨਾਊਂਸਮੈਂਟ ਹੋਈ ਕਿ ਜੋ ਵੀ ਵਿਅਕਤੀ ਅੰਦਰ ਮੌਜੂਦ ਹੈ, ਹੱਥ ਖੜ੍ਹੇ ਕਰਕੇ ਬਾਹਰ ਆ ਜਾਓ। ਅਸੀਂ ਸਾਰੇ ਬਾਹਰ ਨਿਕਲਣ ਲੱਗੇ ਤਾਂ ਅੰਦਰ ਬੈਠੇ ਇਕ ਜ਼ਖਮੀ ਸਿੰਘ ਨੇ ਮੈਨੂੰ ਤਰਲੇ ਮਾਰਦਿਆਂ ਕਿਹਾ ਕਿ ਮੈਨੂੰ ਵੀ ਬਾਹਰ ਲੈ ਜਾਓ, ਨਹੀਂ ਤਾਂ ਮੈਨੂੰ ਮਿਲਟਰੀ ਵਾਲੇ ਅੰਦਰ ਦੇਖ ਕੇ ਮਾਰ ਦੇਣਗੇ। ਬੰਦੇ ਦੀ ਜਾਨ ਬਚਾਉਣੀ ਪੁੰਨ ਸਮਝਦਿਆਂ ਮੈਂ ਉਸ ਨੂੰ ਘਨੇੜੇ ਚੁੱਕ ਲਿਆ। ਬਾਹਰ ਜਾ ਕੇ ਜਦ ਮੈਂ ਹੱਥ ਖੜ੍ਹੇ ਕਰਨ ਲੱਗਾ ਤਾਂ ਫੱਟੜ ਸਿੰਘ ਦਾ ਸਾਰਾ ਭਾਰ ਮੇਰੀ ਗਰਦਨ 'ਤੇ ਆ ਪਿਆ। ਮੇਰੇ ਡੇਲੇ ਬਾਹਰ ਆਉਣ ਲੱਗੇ। ਮੈਂ ਬਹੁਤ ਮੁਸ਼ਕਲ ਨਾਲ

ਸੰਭਾਲਦਾ ਹੋਇਆ ਉਸ ਨੂੰ ਸ਼ਹੀਦ ਬੁੰਗੇ ਤੱਕ ਲੈ ਗਿਆ। ਉਥੇ ਜਾਂਦਿਆਂ ਹੀ ਸਾਡੀਆਂ ਸਿਰ ਵਾਲੀਆਂ ਦਸਤਾਰਾਂ ਨਾਲ ਸਾਡੀਆਂ ਬਾਹਾਂ ਨੂੰ ਪਿੱਛੇ ਕਰਕੇ ਬੰਨ੍ਹ ਦਿੱਤਾ ਗਿਆ। ਸਾਵਧਾਨ ਬੈਠਣ ਦੀ ਹਦਾਇਤ ਕੀਤੀ ਗਈ। ਸਾਡੇ ਨਾਲੋਂ ਪਹਿਲਾਂ ਬੈਠੇ ਵਿਅਕਤੀ ਪਾਣੀ ਪਾਣੀ ਕੁਰਲਾ ਰਹੇ ਸਨ, ਅਤੇ ਕਈ ਪਿਆਸੇ ਹੀ ਪ੍ਰਾਣ ਦੇ ਰਹੇ ਸਨ। ਮਿਲਟਰੀ ਵਾਲਿਆਂ ਨੇ ਸਾਡੇ ਹੱਥ ਨਹੀਂ ਖੋਲ੍ਹੇ। ਉਹ ਆਪੇ ਹੀ ਪਾਣੀ ਦੇ ਗਲਾਸ ਸਾਡੇ ਮੂੰਹ ਨੂੰ ਲਗਾ ਕੇ ਪਾਣੀ ਪਿਲਾ ਰਹੇ ਸਨ। ਜਦ ਸਾਨੂੰ ਪਾਣੀ ਦਿੱਤਾ ਤਾਂ ਉਸ ਵਿੱਚੋਂ ਲਾਸ਼ਾਂ ਦੀ ਬੋਅ ਆ ਰਹੀ ਸੀ। ਅਸੀਂ ਨਾ ਚਾਹੁੰਦਿਆਂ ਵੀ ਜਾਨ ਬਚਾਉਣ ਦੀ ਖ਼ਾਤਰ ਅੱਧਾ ਅੱਧਾ ਗਲਾਸ ਪਾਣੀ ਪੀਤਾ। 7 ਜੂਨ, 1984 ਨੂੰ ਭਾਈ ਦਰਸ਼ਨ ਸਿੰਘ ਸੇਵਾਦਾਰ, 5 ਵਜੇ ਤੋਂ 6 ਵਜੇ ਦੇ ਦਰਮਿਆਨ ਬੈਠੇ ਸਿੰਘਾਂ ਕੋਲ ਪਹਿਰਾ ਦੇ ਰਹੇ ਮਿਲਟਰੀ ਵਾਲਿਆਂ ਕੋਲ ਗਿਆ, ਜਿਸ ਕੋਲ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਦੁਆਰਾ ਤਿਆਰ ਕੀਤੀ ਲਿਸਟ ਸੀ। ਉਸ ਸੇਵਾਦਾਰ ਨੇ ਮਿਲਟਰੀ ਵਾਲਿਆਂ ਨੂੰ ਲਿਸਟ ਦਿਖਾਉਂਦੇ ਹੋਏ ਕਿਹਾ ਕਿ ਮਿਲਟਰੀ ਅਫ਼ਸਰ ਆ ਰਹੇ ਹਨ, ਕੀਰਤਨ ਸ਼ੁਰੂ ਕਰਨਾ ਹੈ, ਫਲਾਣੇ-ਫਲਾਣੇ ਬੰਦੇ ਛੱਡ ਦਿਓ। ਮੇਰਾ ਮਿੱਟੀ ਨਾਲ ਮੂੰਹ ਭਰਿਆ ਪਿਆ ਸੀ। ਮੈਂ ਆਪਣਾ ਮਿੱਟੀ ਨਾਲ ਮੂੰਹ ਸਾਫ਼ ਕਰਦਿਆਂ ਕਿਹਾ ਕਿ, "ਮੈਂ ਗੁਰਚਰਨ ਸਿੰਘ ਰਾਗੀ ਹਾਂ। ਜੇ ਕੀਰਤਨ ਆਰੰਭ ਕਰਨਾ ਹੈ ਤਾਂ ਮੈਂ ਆਵਾਂ?" ਐਨਾ ਕਹਿਣ ਦੀ ਦੇਰ ਸੀ ਕਿ ਮਿਲਟਰੀ ਵਾਲੇ ਨੇ ਮੇਰੇ ਮੋਢੇ 'ਤੇ ਬੱਟ ਕੱਢ ਮਾਰਿਆ। ਸੇਵਾਦਾਰ ਨੇ ਮੇਰੇ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਨੂੰ ਛੱਡ ਦਿਓ। ਮੈਂ ਉਠ ਕੇ ਉਸ ਸੇਵਾਦਾਰ ਦੇ ਨਾਲ ਚਲਿਆ ਗਿਆ। ਮਿਲਟਰੀ ਵਾਲੇ ਮੇਰੇ ਵੱਲ ਇਸ ਤਰ੍ਹਾਂ ਦੇਖ ਰਹੇ ਸਨ, ਜਿਵੇਂ ਮੈਂ ਉਹਨਾਂ ਦਾ ਬਹੁਤ ਵੱਡਾ ਗੁਨਾਹਗਾਰ ਹੋਵਾਂ। ਕਾਫ਼ੀ ਦਿਨ ਗਰਮੀ ਵਿੱਚ ਅਤੇ ਮਿੱਟੀ ਘੱਟੇ ਵਿੱਚ ਰਹੇ ਸੀ। ਮੈਂ ਹਰਿ ਕੀ ਪਉੜੀ ਤੋਂ ਮੂੰਹ ਹੱਥ ਧੋਤਾ ਅਤੇ ਕਮੀਜ਼ ਪਜ਼ਾਮਾ ਪਾਣੀ ਵਿੱਚ ਘਚੋਲ ਕੇ ਜੰਗਲੇ 'ਤੇ ਪਾ ਦਿੱਤਾ। ਗਿਆਨੀ ਸਾਹਿਬ ਸਿੰਘ ਆਵਾਜ਼ਾਂ ਮਾਰ ਰਹੇ ਸਨ ਕਿ ਕੀਰਤਨ ਆਰੰਭ ਕਰੋ, ਅਫ਼ਸਰ ਆ ਰਹੇ ਹਨ। ਮੈਂ ਆਉਣ ਹੀ ਲੱਗਾ ਸੀ ਕਿ ਮੇਰਾ ਸੂਟ ਉੱਡ ਕੇ ਸਰੋਵਰ ਵਿੱਚ ਜਾ ਡਿੱਗਾ। ਫਿਰ ਮੈਂ ਸੇਵਾਦਾਰ ਨੂੰ ਆਵਾਜ਼ ਮਾਰੀ ਤੇ ਕਿਹਾ ਕਿ ਸਿਰ 'ਤੇ ਦਸਤਾਰ ਨਹੀਂ ਹੈ। ਮੈਨੂੰ ਦੋ ਸਿਰੋਪੇ ਲਿਆ ਕੇ ਦਿਉ। ਮੈਂ ਸਿਰੋਪੇ ਸਿਰ 'ਤੇ ਬੰਨ੍ਹ ਲਏ। ਫਿਰ ਮੈਂ ਉਸ ਸੇਵਾਦਾਰ ਨੂੰ ਕਿਹਾ ਕਿ ਮੇਰਾ ਸੂਟ ਸਰੋਵਰ ਵਿੱਚ ਜਾ ਡਿੱਗਾ ਹੈ, ਮੈਨੂੰ ਥੱਲੇ ਵਿਛਾਉਣ ਵਾਲੀ ਚਿੱਟੀ ਚਾਦਰ ਹੀ ਲਿਆ ਦਿਉ। ਉਸ ਨੇ ਚਾਦਰ ਲਿਆ ਕੇ ਦਿੱਤੀ। ਮੈਂ ਚਾਦਰ ਨੰਗੇ ਸਰੀਰ 'ਤੇ ਲਪੇਟ ਕੇ ਸ੍ਰੀ ਦਰਬਾਰ ਸਾਹਿਬ ਅੰਦਰ ਜਾ ਕੇ ਕੀਰਤਨ ਆਰੰਭ ਕਰ ਦਿੱਤਾ। ਸਾਨੂੰ ਹੁਕਮ ਸੀ ਕਿ ਜਦ ਕੋਈ ਅਫ਼ਸਰ ਆਵੇ, ਕੀਰਤਨ ਆਰੰਭ ਕਰ ਦਿੱਤਾ ਜਾਵੇ। ਅਫ਼ਸਰ ਜਾਣ ਤੋਂ ਬਾਅਦ ਸ਼ਬਦ ਦੀ ਸਮਾਪਤੀ ਜ਼ਰੂਰ ਕਰਨੀ ਹੈ।

ਇਕ ਵਾਰ ਇਕ ਅਫ਼ਸਰ ਆਇਆ, ਮੈਂ ਕੀਰਤਨ ਆਰੰਭ ਕਰ ਦਿੱਤਾ। ਕੀਰਤਨ ਕਰਦਿਆਂ-ਕਰਦਿਆਂ ਮੇਰੀ ਐਸੀ ਅੱਖ ਲੱਗੀ ਕਿ ਮੈਨੂੰ ਕੋਈ ਪਤਾ ਨਾ ਲੱਗਾ ਕਿ ਅਫ਼ਸਰ ਕਦੋਂ ਆਏ ਤੇ ਕਦੋਂ ਵਾਪਸ ਚਲੇ ਗਏ? ਮੇਰੇ ਸਾਥੀ ਨੇ ਮੇਰਾ ਗੋਡਾ ਨੱਪ ਕੇ ਕਿਹਾ ਕਿ ਸ਼ਬਦ ਦੀ ਸਮਾਪਤੀ ਕਰੋ।

ਜਦ ਅਸੀਂ ਪੇਸ਼ਾਬ ਆਦਿ ਜਾਣਾ ਹੁੰਦਾ ਤਾਂ ਮਿਲਟਰੀ ਵਾਲੇ ਘੰਟਾ ਘਰ ਵਾਲੇ ਪਾਸੇ ਸਾਡੇ ਨਾਲ ਜਾਂਦੇ ਅਤੇ ਆਪਣੀ ਖੁਫ਼ੀਆ ਭਾਸ਼ਾ ਵਿੱਚ ਅਗਲੇ ਨੂੰ ਪਤਾ ਨਹੀਂ ਕੀ ਸਮਝਾਉਂਦੇ?

8 ਜੂਨ, 1984 ਈ. ਨੂੰ ਮੈਂ ਗਿਆਨੀ ਸਾਹਿਬ ਸਿੰਘ ਨੂੰ ਕਿਹਾ ਕਿ ਕਾਫ਼ੀ ਦਿਨ ਹੋ ਗਏ ਕੁਝ ਖਾਧਾ ਪੀਤਾ ਨਹੀਂ ਤੇ ਨਾ ਹੀ ਇਸ਼ਨਾਨ ਕੀਤਾ ਹੈ, ਮੈਂ ਗਿਆਨੀ ਪੂਰਨ ਸਿੰਘ ਹੋਰਾਂ ਦੇ ਘਰੋਂ ਕੁਝ ਖਾ ਪੀ ਕੇ ਆਉਂਦਾ ਹਾਂ। ਮੈਂ ਕੱਪੜੇ ਬਦਲ ਕੇ ਅਜੇ ਅੱਧਾ ਫੁਲਕਾ ਹੀ ਖਾਧਾ ਸੀ ਕਿ ਸੁਨੇਹਾ ਪਹੁੰਚ ਗਿਆ ਕਿ ਜਲਦੀ ਪਹੁੰਚੋ, ਕੀਰਤਨ ਆਰੰਭ ਕਰਨਾ ਹੈ। ਮੈਂ ਉਸੇ ਵਕਤ ਉਠ ਖਲੋਤਾ ਅਤੇ ਬਚਦਾ ਅੱਧਾ ਫੁਲਕਾ ਜੇਬ ਵਿੱਚ ਇਹ ਸਮਝ ਕੇ ਪਾ ਲਿਆ ਕਿ ਜੇ ਸਮਾਂ ਲੱਗਾ ਤਾਂ ਖਾ ਲਵਾਂਗਾ। 10 ਜੂਨ ਨੂੰ ਮੈਂ ਸਿੰਘ ਸਾਹਿਬ ਜੀ ਨੂੰ ਕਿਹਾ ਕਿ ਮੈਂ ਘਰੇ ਜਾ ਕੇ ਨਹਾ-ਧੋ ਆਵਾਂ, ਨਾਲੇ ਘਰ ਦੱਸ ਆਵਾਂ, ਘਰ ਵਾਲੇ ਫ਼ਿਕਰ ਕਰਦੇ ਹੋਣਗੇ। ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਨੇ ਕਿਹਾ, "ਤੂੰ ਜਾ! ਤੇਰੇ ਨਾਲ ਮਿਲਟਰੀ ਵਾਲੇ ਭੇਜ ਦਿੰਦੇ ਹਾਂ, ਕਿਉਂਕਿ ਹਾਲਾਤ ਬਹੁਤ ਮਾੜੇ ਹਨ, ਨਾ ਤਾਂ ਤੈਨੂੰ ਕਿਸੇ ਨੇ ਜਾਣ ਦੇਣਾ ਹੈ ਤੇ ਆਉਣ ਲੱਗਿਆਂ ਵੀ ਮੁਸ਼ਕਲ ਹੋਵੇਗੀ।" ਮੇਰੇ ਨਾਲ ਮਿਲਟਰੀ ਵਾਲੇ ਗਏ। ਮੈਂ ਇਸ਼ਨਾਨ-ਪਾਣੀ ਕੀਤਾ। ਮਿਲਟਰੀ ਵਾਲੇ ਮੈਨੂੰ ਉਸੇ ਸਮੇਂ ਹਰਿਮੰਦਰ ਸਾਹਿਬ ਲੈ ਆਏ।

ਲਹੂ ਭਿੱਜੇ ਇਤਿਹਾਸ ਦੇ ਪੰਨੇ

ਘੱਲੂਘਾਰਾ ਜੂਨ 1984

ਜਨਰਲ ਸ਼ੁਬੇਗ ਸਿੰਘ ਜੀ ਦੀ ਆਖ਼ਰੀ ਗੱਲਬਾਤ ਅਤੇ ਸ਼ਹਾਦਤ

(ਜਨਰਲ ਸ਼ੁਬੇਗ ਸਿੰਘ ਜੀ ਦੀ ਸ਼ਹਾਦਤ ਦੇ ਅੱਖੀਂ ਡਿੱਠੇ ਹਾਲਾਤ ਬਿਆਨ ਕਰਦੇ ਸਵ: ਸ: ਬਲਬੀਰ ਸਿੰਘ ਸੰਧੂ ਲਿਖਦੇ ਹਨ ਕਿ ਜਦ ਸੰਤਾਂ ਤੇ ਭਾਈ ਅਮਰੀਕ ਸਿੰਘ ਨੇ ਜਨਰਲ ਸ਼ੁਬੇਗ ਸਿੰਘ ਨੂੰ ਲਹੂ ਲੁਹਾਨ ਹਾਲਤ ਵਿੱਚ ਵੇਖਿਆ ਤਾਂ ਉਹਨਾਂ ਨੇ ਉਸ ਸਮੇਂ ਜਨਰਲ ਸਾਹਿਬ ਨੂੰ ਸਹਾਰਾ ਦਿੰਦਿਆਂ ਹੋਇਆਂ ਆਪਣੇ ਪਾਸ ਬਿਠਾ ਲਿਆ। ਜਨਰਲ ਸਾਹਿਬ ਦੀ ਛਾਤੀ ਦੇ ਸੱਜੇ ਹਿੱਸੇ ਅਰਥਾਤ ਪਾਸੇ ਵਿੱਚੋਂ ਲਹੂ ਦੀਆਂ ਧਾਰਾਂ/ਵਿਲਾਰਾਂ ਵਹਿ ਰਹੀਆਂ ਸਨ ਅਤੇ ਮੋਢਾ ਅਤੇ ਬਾਂਹ ਛਲਣੀ-ਛਲਣੀ ਹੋਏ ਸਨ।)

5 ਜੂਨ ਦੀ ਅੱਧੀ ਰਾਤ ਦੇ ਸਮੇਂ ਸੰਤਾਂ ਨੂੰ ਅਤੇ ਭਾਈ ਅਮਰੀਕ ਸਿੰਘ ਨੂੰ ਭੋਰੇ ਵਿੱਚ ਗਿਆਂ ਅਜੇ ਪੰਜ ਮਿੰਟ ਵੀ ਨਹੀਂ ਹੋਏ ਕਿ ਜਨਰਲ ਸ਼ੁਬੇਗ ਸਿੰਘ ਜ਼ਖ਼ਮੀ ਹਾਲਤ ਵਿੱਚ ਲਹੂ ਲੁਹਾਨ ਹੋਏ, ਉੱਤਰੀ ਦਰਸ਼ਨੀ ਡਿਉੜੀ ਵਲੋਂ ਪਰਿਕਰਮਾ ਵਿੱਚ ਦੀ ਬਰਾਮਦਿਓਂ ਬਰਾਮਦੀ ਹੁੰਦੇ ਹੋਏ, ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਂ ਦੇ ਕੋਲੋਂ ਦੀ ਹੁੰਦਿਆਂ ਤਖ਼ਤ ਸਾਹਿਬ ਦੀ ਮੰਜ਼ਿਲ ਵੱਲ ਨੂੰ ਸੱਜੇ ਪਾਸੇ ਵੱਲ ਦੇ ਪੌੜੀਆਂ ਦੇ ਵਿਚਕਾਰਲੇ ਜਿਹੇ ਭੋਰੇ ਵੱਲ ਨੂੰ ਪੈਂਦੇ ਦਰਵਾਜ਼ੇ ਵਿੱਚੋਂ ਦੀ ਉਤਰਦੀਆਂ ਪੌੜੀਆਂ ਰਾਹੀਂ ਡਿੱਗਦੀ ਢਹਿੰਦੀ ਹੋਈ ਹਾਲਤ ਵਿਚ ਹੀ ਸੰਤਾਂ ਪਾਸ ਪੁੱਜ ਗਏ। ਜਨਰਲ ਸ਼ੁਬੇਗ ਸਿੰਘ ਨੇ ਇਕ ਹੱਥ ਵਿੱਚ ਕਾਰਬਾਈਨ ਅਤੇ ਦੂਸਰੇ ਲਮਕੇ ਹੋਏ ਹੱਥ ਵਿੱਚ ਵਾਕੀ ਟਾਕੀ ਸੰਭਾਲੀ ਹੋਈ ਸੀ। ਜਨਰਲ ਸਾਹਿਬ ਨੇ ਜਾਂਦਿਆਂ ਹੀ ਫਤਹਿ ਗਜਾਈ ਅਤੇ ਫਿਰ ਇਸਦੇ ਨਾਲ ਹੀ ਬੜੀ ਚੜ੍ਹਦੀ ਕਲਾ ਤੇ ਪ੍ਰਸੰਨ ਚਿੱਤ ਅਵਸਥਾ ਵਿਚ ਕਿਹਾ, "ਮਹਾਂਪੁਰਸ਼ੋ ! ਵਾਹਿਗੁਰੂ ਨੇ ਦਾਸ ਤੋਂ ਜਿੰਨੀ ਵੀ ਸੇਵਾ ਲੈਣੀ ਸੀ, ਉਹ ਲੈ ਲਈ ਲਗਦੀ ਆ ਪਰ ਦਾਸ ਨੂੰ ਆਤਮਿਕ ਤੌਰ 'ਤੇ ਬਹੁਤ ਪ੍ਰਸੰਨਤਾ ਹੈ...ਮਨ ਆਪ ਦੇ ਦਰਸ਼ਨ ਨੂੰ ਲੋਚਦਾ ਸੀ ..ਸੋ ਆ ਗਿਆ ਹਾਂ।" ਜਦ ਸੰਤਾਂ ਤੇ ਭਾਈ ਅਮਰੀਕ ਸਿੰਘ ਨੇ ਜਨਰਲ ਸ਼ੁਬੇਗ ਸਿੰਘ ਨੂੰ ਲਹੂ ਲੁਹਾਨ ਹਾਲਤ ਵਿੱਚ ਵੇਖਿਆ ਤਾਂ ਉਹਨਾਂ ਨੇ ਉਸ ਸਮੇਂ ਜਨਰਲ ਸਾਹਿਬ ਨੂੰ ਸਹਾਰਾ ਦਿੰਦਿਆਂ ਹੋਇਆਂ ਆਪਣੇ ਪਾਸ ਬਿਠਾ ਲਿਆ। ਜਨਰਲ ਸਾਹਿਬ ਦੀ ਛਾਤੀ ਦੇ ਖੱਬੇ ਹਿੱਸੇ ਅਰਥਾਤ ਪਾਸੇ ਵਿਚੋਂ ਲਹੂ ਦੀਆਂ ਧਾਰਾਂ/ਵਿਲਾਰਾਂ ਵਹਿ ਰਹੀਆਂ ਸਨ ਅਤੇ ਮੋਢਾ ਅਤੇ ਬਾਂਹ ਛਲਣੀ ਛਲਣੀ ਹੋਏ ਸਨ। ਜਦ ਭਾਈ ਅਮਰੀਕ ਸਿੰਘ ਨੇ ਉਥੇ ਭੋਰੇ ਵਿੱਚ ਕੋਲ ਖਲੋਤੇ ਸਿੰਘਾਂ

ਨੂੰ ਜਨਰਲ ਸਾਹਿਬ ਦੇ ਜ਼ਖ਼ਮਾਂ ਉਪਰ ਪੱਟੀਆਂ ਬੰਨ੍ਹਣ ਲਈ ਕਿਹਾ ਤਾਂ ਅੱਗੋਂ ਜਨਰਲ ਸਾਹਿਬ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ, "ਪ੍ਰਧਾਨ ਜੀ, ਹੁਣ ਪੱਟੀਆਂ ਦੀ ਕੋਈ ਲੋੜ ਨਹੀਂ। ਦਾਸ ਦੇ ਜੁੰਮੇ ਗੁਰੂ ਪੰਥ ਦੀ ਜਿੰਨੀ ਸੇਵਾ ਲਿਖੀ ਹੋਈ ਸੀ, ਉਹ ਹੁਣ ਪੂਰੀ ਹੋ ਗਈ ਲੱਗਦੀ ਆ।" ਫਿਰ ਇਸਦੇ ਨਾਲ ਹੀ ਜਨਰਲ ਸ਼ੁਬੇਗ ਸਿੰਘ ਨੇ ਆਪਣਾ ਧਿਆਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲ ਮੋੜਦਿਆਂ ਹੋਇਆਂ ਕਿਹਾ ਕਿ ਮਹਾਂਪੁਰਸ਼ੋ! ਦਾਸ ਦੇ ਹੱਕ ਵਿੱਚ ਵਾਹਿਗੁਰੂ ਦੇ ਦਰਬਾਰ ਵਿੱਚ ਅਰਦਾਸ ਕਰਨ ਦੀ ਕਿਰਪਾ ਕਰੋ ਕਿ ਦਾਸ ਵੱਲੋਂ ਤਿਲ-ਫੁੱਲ ਰੂਪ ਵਿੱਚ ਨਿਭਾਈ ਗਈ ਸੇਵਾ ਖ਼ਾਲਸਾ ਪੰਥ ਦੀ ਕਾਮਨਾ ਅਤੇ ਆਜ਼ਾਦੀ ਦੇ ਲੇਖੇ ਲੱਗੇ। ਹੁਣ ਤਾਂ ਮਨ ਦੀ ਇਹੋ ਕਾਮਨਾ ਹੈ ਕਿ ਸਿੱਖ ਕੌਮ ਰਾਜ ਭਾਗ ਦੀ ਮਾਲਕ ਬਣੇ ਅਤੇ ਖ਼ਾਲਸਾ ਪੰਥ ਇਕ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਦੇਸ਼ ਦਾ ਮਾਲਕ ਹੋਵੇ।

"ਦੁਨੀਆਂ ਭਰ ਦੇ ਦੇਸ਼ਾਂ ਅੰਦਰ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਦੇਸ਼ਾਂ ਦੇ ਕੌਮੀ ਝੰਡਿਆਂ ਦੇ ਬਰਾਬਰ ਨਿਸ਼ਾਨ ਸਾਹਿਬ ਵੀ ਮਾਣ ਪਾਉਂਦਾ ਦਿਸੇ। ਹੁਣ ਤਾਂ ਬੱਸ ਆਤਮਾ ਦੀ ਇਹੋ ਹੀ ਆਵਾਜ਼ ਹੈ। ਇਸ ਸਮੇਂ ਮੇਰੀ ਅੰਤਰ-ਆਤਮਾ ਬਹੁਤ ਹੀ ਪ੍ਰਸੰਨ ਅਤੇ ਸ਼ਾਂਤ ਹੈ..ਹਾਂ ਜੇ ਕੋਈ ਗੱਲ ਮਨ ਨੂੰ ਚੁੱਭ ਰਹੀ ਹੈ ਤਾਂ ਉਹ ਇਹ ਹੈ ਕਿ ਦਾਸ ਨੇ ਆਪਣੀ ਉਮਰ ਵਿੱਚ ਜਿੰਨੀ ਖ਼ਿਦਮਤ ਟੋਪੀ ਵਾਲੇ ਦੁਸ਼ਟਾਂ ਦੀ ਫ਼ੌਜ ਵਿੱਚ ਰਹਿ ਕੇ ਹਿੰਦੂ ਰਾਜ ਦੀ ਕਮਾਈ ਹੈ.. ਜੇ ਉਹ ਸਮਾਂ ਖ਼ਾਲਸਾ ਪੰਥ ਦੀ ਆਜ਼ਾਦੀ ਦੇ ਰਾਹ ਉਪਰ ਖਰਚ ਕੀਤਾ ਹੁੰਦਾ ਤਾਂ ਕਿੰਨਾ ਚੰਗਾ ਹੋਣਾ ਸੀ। ਦੁਸ਼ਟਾਂ ਨੇ ਜੋ ਅੱਜ ਸਿੱਖ ਕੌਮ ਦੀਆਂ ਸੇਵਾਵਾਂ ਅਤੇ ਕੁਰਬਾਨੀਆਂ ਦਾ ਮੁੱਲ ਪਾਇਆ ਹੈ ਉਹ ਤਾਂ ਸਭ ਨੂੰ ਪ੍ਰਤੱਖ ਹੀ ਦਿਸ ਰਿਹਾ ਹੈ। ਮਹਾਂਪੁਰਸ਼ੋ, ਮੈਂ ਆਪ ਜੀ ਦਾ ਮਨੋਂ-ਤਨੋਂ ਰਿਣੀ ਹਾਂ ਕਿ ਤੁਸਾਂ ਮੈਨੂੰ ਸਿੱਧਾ ਰਸਤਾ ਵਿਖਾਇਆ ਹੈ ਅਤੇ ਇਸ ਦੇ ਨਤੀਜੇ ਵਜੋਂ ਦਾਸ ਦਾ ਜੀਵਨ ਅੱਜ ਗੁਰੂ ਘਰ ਅਤੇ ਗੁਰੂ ਪੰਥ ਦੀਆਂ ਨਜ਼ਰਾਂ ਵਿਚ ਸਫ਼ਲਾ ਹੋ ਰਿਹਾ ਹੈ, ਵਾਹਿਗੁਰੂ ਦੇ ਚਰਨਾਂ ਵਿੱਚ ਹਾਜ਼ਰ ਹੋਣ ਤੋਂ ਪਹਿਲਾਂ ਮਨ ਦੀ ਇੱਛਾ ਸੀ ਕਿ ਆਪ ਦੇ ਦਰਸ਼ਨ ਜ਼ਰੂਰ ਪਾਵਾਂ, ਇਸ ਲਈ ਇਥੇ ਹਾਜ਼ਰ ਹੋ ਗਿਆ ਹਾਂ। ਹੁਣ ਮੈਨੂੰ ਹੋਰ ਕਿਸੇ ਗੱਲ ਦੀ ਤ੍ਰਿਸ਼ਨਾ ਨਹੀਂ।" ਸੰਤਾਂ ਨੇ ਜਨਰਲ ਸ਼ੁਬੇਗ ਸਿੰਘ ਦੀਆਂ ਗੱਲਾਂ ਉਸ ਮਾਹੌਲ ਵਿੱਚ ਵੀ ਬੜੇ ਪ੍ਰੇਮ ਭਾਵ ਨਾਲ ਸੁਣੀਆਂ ਅਤੇ ਫਿਰ ਬਾਅਦ ਵਿੱਚ ਕੁਝ ਛਿਣਾਂ ਲਈ ਅੰਤਰ ਧਿਆਨ ਹੋ ਬੜੀ ਮੱਧਮ ਜਿਹੀ ਸੁਰ ਵਿੱਚ ਗੁਰਬਾਣੀ ਦਾ ਕੋਈ ਸ਼ਬਦ ਪੜ੍ਹਿਆ ਅਤੇ ਫਿਰ ਆਪਣੇ ਪਾਸ ਖਲੋਤੇ ਸਿੰਘਾਂ ਨੂੰ ਜਨਰਲ ਸਾਹਿਬ ਨੂੰ ਇਕ ਪਾਸੇ ਜਿਹੇ ਕਰਕੇ ਆਰਾਮ ਨਾਲ ਲਿਟਾ ਦੇਣ ਲਈ ਕਿਹਾ। ਭਾਈ ਅਮਰੀਕ ਸਿੰਘ ਹੁਣ ਜਨਰਲ ਸਾਹਿਬ ਤੋਂ ਕੁਝ ਪੁੱਛ ਰਹੇ ਸਨ ਅਤੇ ਜਨਰਲ ਸਾਹਿਬ ਆਪਣੇ ਸੁਭਾਅ ਤੋਂ ਉਲਟ ਅੱਜ ਇਸ ਜ਼ਖ਼ਮੀ ਹਾਲਤ ਵਿੱਚ ਆਮ ਨਾਲੋਂ ਕੁਝ ਉੱਚੀ ਆਵਾਜ਼ ਅਤੇ ਭਾਰੇ ਬੋਲ ਵਿੱਚ ਉੱਤਰ ਦੇ ਰਹੇ ਸਨ।

"ਬੱਸ, ਪ੍ਰਧਾਨ ਜੀ ਮਨ ਖੁਸ਼ ਹੋ ਗਿਆ, ਸਿੰਘਾਂ ਨੇ ਦੁਸ਼ਟਾਂ ਨੂੰ ਭੁੰਨ ਭੁੰਨ ਕੇ ਸੁੱਟ ਦਿੱਤਾ। ਦਰਸ਼ਨੀ ਡਿਉੜੀ ਤੋਂ ਬਾਹਰ ਵੀ ਟੋਪੀ ਵਾਲਿਆਂ ਦੀਆਂ ਲਾਸ਼ਾਂ ਰੁਲ ਰਹੀਆਂ ਹਨ .. ਬੜੀ ਚੜ੍ਹਦੀ ਕਲਾ ਹੋਈ ਆ। ਹਜ਼ੂਰ ਸਾਹਿਬ ਦੇ ਜਥੇ ਦੇ ਸਿੰਘਾਂ ਅਤੇ ਪਰਿਕਰਮਾਂ ਦੇ ਆਲੇ ਦੁਆਲੇ ਮੋਰਚੇ ਟਿਕਾਣੇ ਮੱਲੀ ਬੈਠੇ ਸਿੰਘਾਂ ਨੇ ਕਮਾਲ ਕਰ ਵਿਖਾਈ ਆ..ਮੈਨੂੰ ਤਾਂ ਇਹ ਗੋਲੀਆਂ ਉਦੋਂ ਲੱਗੀਆਂ ਜਦੋਂ ਮੈਂ ਉੱਤਰੀ ਦਰਸ਼ਨੀ ਡਿਉੜੀ ਵਾਲੇ ਸਿੰਘਾਂ ਦੇ ਮੋਰਚਿਆਂ ਤੋਂ ਥੱਲੇ ਉਤਰ ਕੇ ਕੁੱਝ ਸਿੰਘਾਂ ਨਾਲ ਟੈਂਕਾਂ ਦੇ ਅੰਦਰ ਗਰਨੇਡ ਸੁੱਟਣ ਬਾਰੇ ਮਸ਼ਵਰਾ ਕਰ ਰਿਹਾ ਸਾਂ। ਮੇਰੇ ਹਿਸਾਬ ਨਾਲ ਟੈਂਕ ਪਰਿਕਰਮਾ ਵਿਚ ਨੌਂ ਵਜੇ ਦੇ ਕਰੀਬ ਦਾਖ਼ਲ ਹੋਣੇ ਸ਼ੁਰੂ ਹੋਏ ਨੇ। ਫ਼ੌਜੀ ਜਰਨੈਲ ਵਲੋਂ ਇਹ ਟੈਂਕ ਉਦੋਂ ਦਾਖ਼ਲ ਕਰਨ ਦਾ ਹੁਕਮ ਦਿੱਤਾ ਗਿਆ ਲੱਗਦਾ ਹੈ ਜਦੋਂ ਉਹਨਾਂ ਸਿੰਘਾਂ ਹੱਥੋਂ ਫ਼ੌਜ ਦੀ ਹੋਈ ਤਬਾਹੀ ਤੋਂ ਪਿਛੋਂ ਇਹ ਸਮਝ ਲਿਆ ਕਿ ਸਿੰਘਾਂ ਉਪਰ ਪੈਦਲ ਫ਼ੌਜ ਨਾਲ ਫ਼ਤਹਿ ਨਹੀਂ ਪਾਈ ਜਾ ਸਕਦੀ ਤੇ ਨਾ ਹੀ ਤੋਪਾਂ ਮਸ਼ੀਨਗੰਨਾਂ ਦੀ ਮਾਰ ਨਾਲ ਹੀ ਪਾਈ ਜਾ ਸਕਦੀ ਹੈ। ਵਾਹਿਗੁਰੂ ਨੇ ਬੜੀ ਚੜ੍ਹਦੀ ਕਲਾ ਕੀਤੀ ਆ। ਸੱਚੇ ਪਾਤਸ਼ਾਹ ਹੁਣ ਖ਼ਾਲਸਾ ਪੰਥ ਨੂੰ ਆਜ਼ਾਦੀ ਦੀ ਦਾਤ ਨਾਲ ਨਿਵਾਜਣ ਅਤੇ ਖ਼ਾਲਸਾ ਰਾਜ ਦੀ ਬਖਸ਼ਿਸ਼ ਕਰਨ ..ਜੇ ਹੁਣ ਸਰਕਾਰ ਟੈਂਕਾਂ ਅਤੇ ਤੋਪਾਂ ਦੇ ਬਲਬੂਤੇ ਦਰਬਾਰ ਸਾਹਿਬ ਉਪਰ ਆਪਣਾ ਕਬਜ਼ਾ ਜਮਾ ਵੀ ਲਏਗੀ ਤਾਂ ਉਸ ਹਾਲਤ ਵਿਚ ਵੀ ਇਤਿਹਾਸ ਅੰਦਰ ਭਾਰਤੀ ਫ਼ੌਜ ਦੇ ਇਸ ਗਲਬੇ ਅਤੇ ਕਬਜ਼ੇ ਨੂੰ ਸਿੰਘਾਂ ਉਪਰ ਪਾਈ ਫ਼ਤਹਿ ਨਹੀਂ ਸਮਝਿਆ ਅਤੇ ਲਿਖਿਆ ਜਾਵੇਗਾ। ਇਤਿਹਾਸ ਅੰਦਰ ਤਾਂ ਫ਼ਤਹਿ ਦਾ ਸਿਹਰਾ ਸਿੰਘਾਂ ਨੂੰ ਹੀ ਪ੍ਰਾਪਤ ਹੋਵੇਗਾ ਅਤੇ ਸਿੰਘਾਂ ਦੀ ਇਸ ਫ਼ਤਹਿ ਉਪਰ ਸਿੱਖ ਕੌਮ ਨੂੰ ਸਦਾ ਹੀ ਗੌਰਵ ਰਹੇਗਾ। ਦਰਬਾਰ ਸਾਹਿਬ ਉਪਰ ਹੋਏ ਇਸ ਫ਼ੌਜੀ ਹਮਲੇ ਦੇ ਸੰਬੰਧ ਵਿੱਚ ਮੇਰੀ ਇਹ ਪੇਸ਼ੀਨਗੋਈ ਹੈ ਕਿ ਹਿੰਦੁਸਤਾਨ ਹੁਣ ਬਹੁਤ ਲੰਮੇ ਸਮੇਂ ਤੱਕ ਇਕੱਠਾ ਨਹੀਂ ਰਹੇਗਾ ਕਿਉਂਕਿ ਗੁਰੂ ਘਰ ਉਪਰ ਹਮਲਾ ਕਰਕੇ ਇਸ ਨੇ ਖ਼ਾਲਸਾ ਪੰਥ ਨਾਲ ਆਪਣਾ ਹਮੇਸ਼ਾ ਲਈ ਪੱਕਾ ਵੈਰ ਸਹੇੜ ਲਿਆ ਹੈ ਅਤੇ ਇਸ ਤਰ੍ਹਾਂ ਨਾਲ ਆਪਣੀਆਂ ਜੜ੍ਹਾਂ ਅਤੇ ਬੁਨਿਆਦਾਂ ਨੂੰ ਆਪਣੇ ਹੱਥੀਂ ਖੋਖਲੀਆਂ ਅਤੇ ਖੱਖੜੀਆਂ ਕਰਨ ਦਾ ਰਾਹ ਇਖ਼ਤਿਆਰ ਕਰ ਲਿਆ ਹੈ ..ਵਾਹਿਗੁਰੂ ਜੀ ਹੁਣ ਸੱਚੇ ਪਾਤਸ਼ਾਹ ਦੀ ਕਿਰਪਾ ਸਦਕਾ ਸਿੱਖ ਕੌਮ ਅੰਦਰ ਆਪਸ ਵਿਚ ਪਿਆਰ, ਇਤਫਾਕ ਅਤੇ ਇਕੱਠ ਬਣਿਆ ਰਹੇ ਅਤੇ ਸਿੱਖ ਕੌਮ ਨੂੰ ਆਪਣੇ ਦੋਸਤਾਂ ਅਤੇ ਦੁਸ਼ਮਣਾਂ ਦੀ ਪਛਾਣ ਰਹੇ। ਵਾਹਿਗੁਰੂ ਖ਼ਾਲਸਾ ਪੰਥ ਅੰਦਰ ਪੰਥਕ ਗਦਾਰਾਂ ਨੂੰ ਸਮਝਣ, ਪਛਾਨਣ ਅਤੇ ਉਹਨਾਂ ਨੂੰ ਸੋਧਣ ਦੀ ਰੁਚੀ ਅਤੇ ਸੋਝੀ ਵੀ ਬਖਸ਼ੀ ਰੱਖੇ, ਫਿਰ ਸਭ ਕੁਝ ਠੀਕ ਹੀ ਠੀਕ ਹੈ। ਵਾਹਿਗੁਰੂ ਸੱਚੇ ਪਾਤਸ਼ਾਹ ਆਪਣੇ ਪੰਥ ਉਪਰ ਸਦਾ ਮੇਹਰ ਭਰਿਆ ਹੱਥ...।" ਏਨਾ ਕਹਿੰਦੇ ਹੋਏ ਜਨਰਲ ਸ਼ੁਬੇਗ ਸਿੰਘ ਜੀ ਸਦਾ ਲਈ ਚੁੱਪ ਹੋ ਗਏ ਅਤੇ ਕੌਮੀ ਸ਼ਹੀਦ ਦਾ ਦਰਜਾ ਪ੍ਰਾਪਤ ਕਰ ਗਏ।

18 ਦਿਨਾਂ ਦੇ ਮਾਸੂਮ ਬੱਚੇ ਦੀ ਅਜ਼ੀਮ ਸ਼ਹਾਦਤ

(ਇਸ ਲੇਖ ਵਿੱਚ ਕੌਮੀ ਸੰਘਰਸ਼ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਲੈ ਕੇ ਹੁਣ ਤੱਕ ਦੇ ਬਾਲ ਸ਼ਹੀਦਾਂ ਅਤੇ ਘੱਲੂਘਾਰਾ ਜੂਨ 1984 ਦੇ ਬਾਲ ਸ਼ਹੀਦਾਂ ਦੀ ਦਰਦਮਈ ਸ਼ਹਾਦਤ ਦਾ ਜ਼ਿਕਰ ਕੀਤਾ ਹੈ—ਡਾ: ਸੁਖਪ੍ਰੀਤ ਸਿੰਘ ਉਦੋਕੇ)

ਗੁਰੂ ਪਾਤਸ਼ਾਹ ਦੇ ਸਾਜੇ-ਨਿਵਾਜੇ ਖ਼ਾਲਸਾ ਪੰਥ ਨੇ ਸੇਵਾ, ਸਿਮਰਨ, ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਅਜ਼ੀਮ ਸ਼ਹਾਦਤਾਂ ਸਦਕਾ ਵਿਲੱਖਣ ਇਤਿਹਾਸ ਸਿਰਜਿਆ ਹੈ। ਖ਼ਾਲਸਾ ਪੰਥ ਦੇ ਲਹੂ-ਰੱਤੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਬੱਚਿਆਂ, ਬੀਬੀਆਂ ਤੋਂ ਲੈ ਕੇ ਬਜ਼ੁਰਗ ਤੱਕ ਦਾ ਖ਼ੂਨ ਇਸ ਦੀਆਂ ਦਮਦਾਰ ਨੀਂਹਾਂ ਦਾ ਅਧਾਰ ਹੈ। ਤੱਤੀ ਤਵੀ ਤੋਂ ਸ਼ੁਰੂ ਹੋਇਆ ਜਬਰ ਜ਼ੁਲਮ ਖਿਲ਼ਾਫ਼ ਸਬਰ ਸਿਦਕ ਤੇ ਸ਼ਹਾਦਤਾਂ ਦਾ ਅਲੰਬਰਦਾਰੀ ਸਫ਼ਰ ਬਾਦਸਤੂਰ ਜਾਰੀ ਹੈ। ਇਹਨਾਂ ਲਾਸਾਨੀ ਸ਼ਹਾਦਤਾਂ ਨੂੰ ਤੱਕ ਕੇ ਕਿਹੜੀ ਅੱਖ ਹੈ ਜਿਸ ਦੀ ਖ਼ੁਸ਼ਕ ਆਬਸ਼ਾਰ ਹੰਝੂਆਂ ਨਾਲ ਵਹਿ ਨਹੀਂ ਜਾਂਦੀ।

ਜੇਕਰ ਕੌਮੀ ਇਤਿਹਾਸ ਵਿੱਚ ਬਾਲ ਸ਼ਹੀਦਾਂ ਦਾ ਜ਼ਿਕਰ ਕਰੀਏ ਤਾਂ ਦੁਨੀਆਂ ਦੀ ਕਿਸੇ ਕੌਮ ਦੇ ਇਤਿਹਾਸ ਕੋਸ਼ ਵਿੱਚ ਖਜ਼ਾਨਾ ਮੌਜੂਦ ਨਹੀਂ। ਗੁਰੂ ਦਸਮ ਪਿਤਾ ਦੇ ਛੋਟੇ ਫਰਜ਼ੰਦ ਨੀਂਹਾਂ ਵਿੱਚ ਚਿਣਨ ਤੋਂ ਬਾਅਦ ਜਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਵੱਲੋਂ ਜ਼ਿਬ੍ਹਾ ਕਰਕੇ, ਸ਼ਹੀਦ ਕੀਤੇ ਜਾਂਦੇ ਹਨ ਪ੍ਰੰਤੂ ਦੋਹਾਂ ਲਾਲਾਂ ਦੀ ਮਿੱਠੜੀ ਆਵਾਜ਼ ਬ੍ਰਹਿਮੰਡ ਵਿੱਚ ਗੂੰਜਦੀ ਹੈ,

ਧੰਨ ਭਾਗ ਹਮਰੇ ਹੈਂ ਮਾਈ,
ਧਰਮ ਹੇਤ ਜੋ ਯਹ ਤਨ ਜਾਈ।

ਨੰਨ੍ਹੀਆਂ ਜ਼ਿੰਦਾਂ ਨੀਂਹਾਂ ਵਿੱਚ ਅਲੋਪ ਹੋ ਕੇ ਇਸ ਫ਼ਾਨੀ ਸੰਸਾਰ ਨੂੰ ਭਾਵੇਂ ਸਰੀਰਕ ਪੱਖ ਤੋਂ ਸਦੀਵੀਂ ਤੌਰ 'ਤੇ ਅਲਵਿਦਾ ਕਹਿ ਗਈਆਂ ਪ੍ਰੰਤੂ ਕਦੇ ਨਾ ਮਿਟਣ ਵਾਲਾ ਸੱਚ ਬਣ ਗਈਆਂ। ਸ਼ਾਇਦ ਇਹਨਾਂ ਅਜ਼ੀਮ ਸ਼ਹਾਦਤਾਂ ਦਾ ਰੂਹਾਨੀ ਅਸਰ ਹੀ ਸੀ ਕਿ ਹਰ ਸਦੀ ਵਿੱਚ ਕੋਈ ਕੌਮੀ ਸੰਘਰਸ਼ ਦੌਰਾਨ ਬਾਲ ਸ਼ਹੀਦਾਂ ਦੇ ਸਿਰ ਵੀ ਕੌਮੀ ਮਾਹੌਲ ਦੀ ਉਸਾਰੀ ਵਿੱਚ ਲੱਗੇ।

ਇਹ ਬਾਲ ਸ਼ਹੀਦੀ ਪ੍ਰੰਪਰਾ ਦਾ ਮਹਾਨ ਸੰਕਲਪ ਹੀ ਜਿਸ ਨੇ ਦਿੱਲੀ ਕੋਤਵਾਲੀ ਵਿੱਚ 1716 ਈ. ਨੂੰ ਆਪਣੇ ਬੇਟੇ ਨੂੰ ਬਚਾਉਣ ਆਈ ਮਾਂ ਦੇ ਸਾਹਮਣੇ, ਪੁੱਤਰ ਨੂੰ ਲਲਕਾਰ ਕੇ ਕਹਿਣ ਲਈ ਮਜਬੂਰ ਕਰ ਦਿੱਤਾ ਕਿ "ਮੈਂ ਸਿੱਖ ਹਾਂ, ਮੇਰੀ ਮਾਂ ਝੂਠ ਬੋਲਦੀ ਹੈ ਕਿ ਮੈਂ ਸਿੱਖ ਨਹੀਂ, ਮੈਂ ਸਿੱਖ ਹਾਂ ਮੈਨੂੰ ਜਲਦੀ ਸ਼ਹੀਦ ਕੀਤਾ ਜਾਵੇ।"

9 ਜੂਨ, 1716 ਈ. ਦੀ ਮਹਾਨ ਇਤਿਹਾਸਕ ਅਤੇ ਦਿਲ ਕੰਬਾਊ ਘਟਨਾ ਹੈ, ਖ਼ਵਾਜਾ ਬਖ਼ਤਿਆਰ ਕਾਕੀ ਦੀ ਦਰਗਾਹ ਦੇ ਸਾਹਮਣੇ ਮੁਗਲ ਹਾਕਮ ਫਾਰੁਖ਼ਸੀਆਰ ਤਖ਼ਤ ਉਪਰ ਬੈਠਾ ਹੈ। ਉਸ ਦੇ ਸਾਹਮਣੇ ਉਸ ਦੇ ਕਈ ਜਰਨੈਲ ਕਮਰੁਦੀਨ ਮੀਰ ਆਤਿਸ਼, ਸਰਬਰਾਹ ਖਾਨ, ਅਮੀਨ ਖਾਨ, ਮੁਹੰਮਦ ਕਾਸਿਮ ਹਾਰਸੀ (ਲਿਖਾਰੀ ਇਬਰਤਨਾਮਾ) ਆਦਿਕ ਖੜ੍ਹੇ ਹਨ। ਦਿੱਲੀ ਸ਼ਹਿਰ ਦੀ ਸਾਰੀ ਜਨਤਾ ਇਸ ਜਗ੍ਹਾ 'ਤੇ ਇਕ ਵਿਲੱਖਣ ਘਟਨਾ ਵੇਖਣ ਲਈ ਜੁੜੀ ਹੈ। ਇਹ ਮਹਾਨ ਘਟਨਾ ਹੈ ਕਿ ਅੱਜ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਤੇ ਉਸ ਦੇ ਚਾਰ ਸਾਲ ਦੇ ਸਪੁੱਤਰ ਅਜੈ ਸਿੰਘ ਨੂੰ ਸ਼ਹੀਦ ਕੀਤਾ ਜਾਣਾ ਹੈ।

ਕੌਮ ਦਾ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸ਼ਾਂਤ ਚਿੱਤ ਦ੍ਰਿੜ੍ਹਤਾ ਨਾਲ ਜ਼ਮੀਨ 'ਤੇ ਬੈਠਾ ਹੈ। ਦਿੱਲੀ ਦੇ ਫ਼ੌਜਦਾਰ ਸਰਬਰਾਹ ਖਾਨ ਦੇ ਹੁਕਮ ਉਪਰ ਇਕ ਅਹਿਲਕਾਰ ਬੰਦਾ ਸਿੰਘ ਦੇ ਚਾਰ ਕੁ ਸਾਲ ਦੇ ਬੇਟੇ ਅਜੈ ਸਿੰਘ ਨੂੰ ਚੁੱਕ ਕੇ ਲਿਆਉਂਦਾ ਹੈ ਅਤੇ ਉਸ (ਬਾਬਾ ਬੰਦਾ ਸਿੰਘ) ਦੀ ਗੋਦੀ ਵਿੱਚ ਬਿਠਾ ਦੇਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਗੋਦੀ ਵਿੱਚ ਉਸ ਦਾ ਪੁੱਤਰ ਅਜੈ ਸਿੰਘ ਬੈਠਾ ਬੜੀ ਮਾਸੂਮ ਜਿਹੀ ਤੱਕਣੀ ਨਾਲ ਇਧਰ ਉਧਰ ਦੇਖ ਰਿਹਾ ਹੈ। ਸ਼ਾਇਦ ਬਾਪ ਦੀ ਗੋਦ ਵਿੱਚ ਬੈਠ ਕੇ ਖੁਸ਼ੀ ਅਤੇ ਆਨੰਦ ਅਨੁਭਵ ਕਰ ਰਿਹਾ ਹੈ। ਇਹ ਮਾਸੂਮ ਜਿੰਦ ਕੀ ਜਾਣੇ ਕਿ ਇਸ ਨਾਜ਼ੁਕ ਬਦਨ 'ਤੇ ਕੀ ਵਾਪਰਨਾ ਹੈ। ਬਾਬਾ ਬੰਦਾ ਸਿੰਘ ਦੇ ਆਲੇ ਦੁਆਲੇ ਅੱਗ ਦੀਆਂ ਭੱਠੀਆਂ ਮਘੀਆਂ ਹੋਈਆਂ ਹਨ ਅਤੇ ਚਮੜਾ ਖਿੱਚਣ ਵਾਲੇ ਜੰਮੂਰ ਗਰਮ ਕੀਤੇ ਜਾ ਰਹੇ ਹਨ। ਕਹਿਰ ਦੀ ਗਰਮੀ ਤੇ ਉਪਰੋਂ ਭੱਠੀਆਂ ਦਾ ਸੇਕ। ਵਿਚਕਾਰ ਬੈਠਾ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਮਾਸੂਮ ਪੁੱਤਰ ਦਾ ਚਿਹਰਾ ਤੱਕ ਕੇ ਬਿਨਾਂ ਕੋਈ ਸ਼ਬਦ ਬੋਲਿਆਂ ਅਜੀਬ ਜਿਹੀ ਮੋਹ ਭਰੀ ਠੰਡਕ ਮਹਿਸੂਸ ਕਰ ਰਿਹਾ ਹੈ। ਅਚਾਨਕ ਫਾਰੁਖ਼ਸੀਆਰ ਬੋਲਿਆ,

"ਬੰਦਾ ਸਿੰਘ, ਆਹ ਲੈ ਫੜ੍ਹ ਖੰਜਰ ਅਤੇ ਆਪਣੇ ਇਸ ਫਰਜ਼ੰਦ ਨੂੰ ਮੇਰੇ ਸਾਹਮਣੇ ਆਪਣੇ ਹੱਥੀਂ ਕਤਲ ਕਰ।"

ਗੋਦੀ ਵਿੱਚ ਬੈਠਾ ਮਾਸੂਮ ਫਰਜ਼ੰਦ ਕੀ ਜਾਣੇ ਕਿ ਸ਼ਾਹੀ ਫੁਰਮਾਨ ਸੁਣਾਉਣ ਵਾਲੇ ਕੀ ਕਹਿ ਰਹੇ ਹਨ।

ਬਾਬਾ ਬੰਦਾ ਸਿੰਘ ਨੇ ਬੜੀਆਂ ਗੰਭੀਰ ਤੇ ਰੋਹ ਭਰੀਆਂ ਨਜ਼ਰਾਂ ਉਤਾਂਹ ਉਠਾਈਆਂ ਅਤੇ ਦ੍ਰਿੜ੍ਹਤਾ ਨਾਲ ਕਿਹਾ, "ਫਾਰੁਖ਼ਸੀਆਰ, ਅਸੀਂ ਜੰਗੀ ਸੂਰਮੇ ਅਤੇ ਜੁਝਾਰੂ ਜਰਨੈਲ ਹਾਂ, ਕੋਈ ਪੇਸ਼ੇਵਰ ਕਾਤਲ ਜਾਂ ਕਸਾਈ ਨਹੀਂ। ਤੂੰ ਤਾਂ ਕਹਿ ਰਿਹਾ ਹੈਂ ਕਿ ਖੰਜਰ ਨਾਲ ਆਪਣਾ ਪੁੱਤ ਜ਼ਿਬਹ ਕਰ ਪਰ ਖਿਆਲ ਕਰ, ਇਹ ਤਾਂ ਮੇਰਾ ਆਪਣਾ ਪੁੱਤਰ ਹੈ, ਜੇਕਰ ਮੇਰੀ ਗੋਦ ਵਿੱਚ ਤੇਰਾ ਪੁੱਤਰ ਵੀ ਬੈਠਾ ਹੁੰਦਾ ਤਾਂ ਵੀ ਮੈਂ ਉਸ ਨੂੰ ਏਨਾ ਹੀ ਪਿਆਰ ਕਰਦਾ, ਮੇਰੇ ਹੱਥ ਕਦੀ ਵੀ ਖੰਜਰ ਫੜ ਕੇ ਉਸ ਨੂੰ ਜ਼ਿਬਹ ਨਾ ਕਰਦੇ ਭਾਵੇਂ ਉਹ ਮੇਰੇ ਦੁਸ਼ਮਣ ਦਾ ਹੀ ਪੁੱਤ ਹੋਣਾ ਸੀ।"

ਬਾਬਾ ਬੰਦਾ ਸਿੰਘ ਬਹਾਦਰ ਦਾ ਇਹ ਜਵਾਬ ਸੁਣ ਕੇ ਫਾਰੁਖ਼ਸੀਆਰ ਪਸੀਨੋ-ਪਸੀਨੀ ਹੋ ਗਿਆ ਪਰ ਕਰੂਰਤਾ ਨਾ ਗਈ। ਸਰਬਰਾਹ ਖਾਨ ਨੂੰ ਕਿਹਾ ਕਿ ਬੱਚਾ ਖੋਹ

ਕੇ ਖੁਦ ਜ਼ਿਬਹ ਕਰ ਦਿਓ। ਜਲਾਦਾਂ ਨੇ ਬਾਪ (ਬਾਬਾ ਬੰਦਾ ਸਿੰਘ) ਦੀ ਗੋਦੀ ਵਿੱਚੋਂ ਪੁੱਤਰ ਨੂੰ ਉਠਾ ਲਿਆ ਅਤੇ ਪਿਤਾ ਦੇ ਸਾਹਮਣੇ ਜ਼ਮੀਨ 'ਤੇ ਪਿੱਠ ਭਾਰ ਲਿਟਾ ਲਿਆ। ਮਾਸੂਮ ਜਿੰਦ ਕੀ ਜਾਣੇ ਕੀ ਵਾਪਰਨ ਵਾਲਾ ਹੈ। ਇਕ ਜਲਾਦ ਨੇ ਖੰਜਰ ਚੁੱਕਿਆ ਅਤੇ ਇਕ ਨੇ ਅਜੈ ਸਿੰਘ ਦੀਆਂ ਦੋਹਾਂ ਲੱਤਾਂ ਨੂੰ ਘੁੱਟ ਕੇ ਫੜ ਲਿਆ। ਖੰਜਰ ਛਾਤੀ ਉਤੇ ਚੱਲਿਆ, ਇਕ ਚੀਕ ਨੇ ਅਸਮਾਨ ਦਾ ਸੀਨਾ ਵੀ ਫਾੜ ਦਿੱਤਾ, ਬੱਚਾ ਤੜਫਿਆ ਅਤੇ ਵੇਖਦਿਆਂ-ਵੇਖਦਿਆਂ ਹੀ ਤੜਫਦਾ ਨੰਨ੍ਹਾ ਸਰੀਰ ਸ਼ਾਂਤ ਹੋ ਗਿਆ। ਦਰਗਾਹ ਦੀ ਮਿੱਟੀ ਮਾਸੂਮ ਦੇ ਖੂਨ ਨਾਲ ਰੰਗੀ ਗਈ ਅਤੇ ਰੂਹ ਉਡਾਰੀ ਮਾਰ ਕੌਮੀ ਸ਼ਹੀਦਾਂ ਦੇ ਕਾਫ਼ਲੇ ਵਿੱਚ ਜਾ ਰਲੀ। ਜਲਾਦ ਬੱਚੇ ਦਾ ਦਿਲ (ਜੋ ਅਜੇ ਧੜਕ ਰਿਹਾ ਸੀ) ਕੱਢ ਕੇ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਦੇ ਰਹੇ। ਅਖ਼ੀਰ ਬਾਬਾ ਬੰਦਾ ਸਿੰਘ ਨੂੰ ਵੀ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ।

18ਵੀਂ ਸਦੀ ਵਿੱਚ ਵਾਪਰੇ ਘੱਲੂਘਾਰਿਆਂ ਵਿੱਚ ਸ਼ਹੀਦ ਹੋਣ ਵਾਲੇ ਬਾਲ-ਸ਼ਹੀਦਾਂ ਦੀ ਗਿਣਤੀ ਦਾ ਕੋਈ ਲੇਖਾ ਜੋਖਾ ਨਹੀਂ ਪ੍ਰੰਤੂ ਇਤਿਹਾਸਕ ਸਰੋਤਾਂ ਅਨੁਸਾਰ ਗਿਣਤੀ ਕਈ ਸੈਂਕੜਿਆਂ ਵਿੱਚ ਹੈ। ਮੀਰ ਮੰਨੂ ਦੀ ਜੇਲ੍ਹ ਵਿੱਚ ਸ਼ਹੀਦ ਹੋਣ ਵਾਲੀਆਂ ਮਾਸੂਮ ਜਿੰਦਾਂ ਨੂੰ ਅਸੀਂ ਅਰਦਾਸ ਵਿੱਚ ਰੋਜ਼ਾਨਾ ਯਾਦ ਕਰਦੇ ਹਾਂ। ਕਰੀਬ 700 ਤੋਂ ਉਪਰ ਸਿੱਖ ਬੀਬੀਆਂ ਅਤੇ ਸਿੱਖ ਬੱਚੇ ਮੀਰ ਮੰਨੂ ਦੀ ਕੈਦ ਵਿੱਚ ਬੰਦੀ ਸਨ। ਰੋਜ਼ ਸਵਾ-ਸਵਾ ਮਣ ਦਾਣੇ ਪੀਸ ਕੇ, ਅੱਧੀ ਰੋਟੀ ਖਾ ਕੇ ਗੁਜ਼ਾਰਾ ਕਰਦੀਆਂ ਅਤੇ ਰਾਤ ਨੂੰ ਅਰਦਾਸ ਕਰਦੀਆਂ ਕਿ ਹੇ ਵਾਹਿਗੁਰੂ! ਦਿਨ ਸੁਖ ਦਾ ਬਤੀਤ ਹੋਇਆ ਅਤੇ ਤੇਰੇ ਭਾਣੇ ਅੰਦਰ ਰਾਤ ਸੁੱਖ ਦੀ ਬਤੀਤ ਹੋਵੇ।

ਮੀਰ ਮੰਨੂ ਬੜਾ ਹੈਰਾਨ ਹੋਇਆ ਕਿ ਇਕ ਵੀ ਬੀਬੀ ਸਿਦਕ ਤੋਂ ਡੋਲ ਕੇ ਇਸਲਾਮ ਕਬੂਲ ਕਰਨ ਲਈ ਤਿਆਰ ਨਹੀਂ ਹੋਈ। ਅਖੀਰ ਜਲਾਦਾਂ ਨੂੰ ਹੁਕਮ ਦਿੱਤਾ ਕਿ ਇਹਨਾਂ ਦੇ ਬੱਚਿਆਂ ਦਾ ਵਹਿਸ਼ੀ ਢੰਗ ਨਾਲ ਕਤਲ ਕਰੋ। ਬੱਚੇ ਗੋਦੀਆਂ ਵਿੱਚੋਂ ਖੋਹ ਕੇ ਵੱਖਰੇ ਕਰ ਲਏ। ਮਾਸੂਮ ਜਿੰਦਾਂ ਦੇ ਟੁੱਕੜੇ-ਟੁੱਕੜੇ ਕਰਕੇ, ਆਂਦਰਾਂ ਨਾਲ ਹਾਰ ਪਿਰੋ ਕੇ ਮਾਤਾਵਾਂ ਦੇ ਗਲਾਂ ਵਿੱਚ ਪਾ ਦਿੱਤੇ । ਕਈ ਮਾਸੂਮ ਜਿੰਦਾਂ ਨੂੰ ਲੱਤਾਂ ਤੋਂ ਫੜ ਕੇ ਹਵਾ ਵਿੱਚ ਉਛਾਲ ਕੇ ਅਤੇ ਨੇਜ਼ਿਆਂ ਦੀਆਂ ਨੋਕਾਂ ਨਾਲ ਟੰਗਣ ਦੀ ਕੋਸ਼ਿਸ਼ ਕਰਦੇ। ਕੁਝ ਨੇਜ਼ਿਆਂ ਵਿੱਚ ਮੋਤੀ ਵਾਂਗ ਪਰੋਏ ਜਾਂਦੇ ਅਤੇ ਕਈ ਜ਼ਮੀਨ 'ਤੇ ਡਿੱਗ ਕੇ ਆਪਣੇ ਲਹੂ ਨਾਲ ਧਰਤ ਰੰਗਦੇ ਹੋਏ ਸ਼ਹੀਦੀ ਮਾਰਗ ਦੇ ਪਾਂਧੀ ਬਣ ਜਾਂਦੇ। ਇਸ ਘਟਨਾ ਨੂੰ ਇਕ ਅਦੀਬ ਨੇ ਇੰਝ ਬਿਆਨ ਕੀਤਾ :

ਟੋਟੇ ਜਿਗਰ ਦੇ ਸਾਹਮਣੇ ਕਰਨ ਟੋਟੇ, ਮਾਵਾਂ ਟੁੱਕੜੇ ਝੋਲੀ ਪਵਾਉਂਦੀਆਂ ਨੇ।
ਉੱਚਾ ਸੁੱਟ ਕੇ ਬੋਚਦੇ ਨੇਜ਼ਿਆਂ 'ਤੇ, ਭੋਰਾ ਵੀ ਨਹੀਂ ਘਬਰਾਉਂਦੀਆਂ ਨੇ।

ਇਕ ਅਦੀਬ ਨੇ ਇਸ ਘਟਨਾ ਦਾ ਕਾਲਪਨਿਕ ਜ਼ਿਕਰ ਮਾਂ ਅਤੇ ਪੁੱਤਰ ਦੀ ਰੂਹ ਦੇ ਸਵਾਲਾਂ-ਜਵਾਬਾਂ ਦੇ ਰੂਪ ਵਿੱਚ ਬੜਾ ਭਾਵ ਪੂਰਨ ਕੀਤਾ ਹੈ। ਮਾਂ ਦੀ ਗੋਦੀ ਵਿੱਚੋਂ ਉਠਾ ਕੇ ਬੱਚਾ ਉਤਾਂਹ ਸੁੱਟ ਕੇ ਨੇਜ਼ੇ ਵਿੱਚ ਪਿਰੋ ਲਿਆ ਜਾਂਦਾ ਹੈ।

ਗੋਦ ਵਿੱਚੋਂ ਖੋਹ ਕੇ,
ਜਿੰਦ ਨੇਜੇ ਤੇ ਪਿਰੋ ਕੇ,
ਕਹਿੰਦੇ ਖੁਸ਼ ਅਸੀਂ ਕਰ ਲਈ ਖੁਦਾਈ,
ਗੋਦੀ ਵਿੱਚ ਮਾਸ ਦੀਆਂ ਬੋਟੀਆਂ ਨੂੰ ਤੱਕ ਕੇ,
ਪੁੱਛਦੀ ਪਿਆਰ ਨਾਲ ਮਾਈ
ਪੁੱਤਰ ਜੀ, ਲਾਲ ਜੀ,
ਸੂਲੀ ਉਤੇ ਨੀਂਦ ਕਿਵੇਂ ਆਈ।

ਮਾਂ ਪੁੱਤ ਦੇ ਮਾਸ ਦੇ ਟੁੱਕੜਿਆਂ ਨੂੰ ਮਮਤਾ ਅਤੇ ਮੋਹ ਭਰਿਆ ਸਵਾਲ ਕਰਦੀ ਹੈ ਕਿ ਬੇਟਾ! ਤੂੰ ਮੇਰੀ ਗੋਦ ਵਿੱਚ ਵੀ ਨਹੀਂ ਸੀ ਸੌਂਦਾ ਹੁਣ ਤੇਰੇ ਸੋਹਲ ਤੇ ਮਾਸੂਮ ਜਿਸਮ ਨੂੰ ਨੇਜ਼ੇ ਉਪਰ ਸਦੀਵੀ ਨੀਂਦ ਕਿਵੇਂ ਆ ਗਈ ਤਾਂ ਬੱਚੇ ਦੀ ਰੂਹਾਨੀ ਅਵਾਜ਼ ਬ੍ਰਹਿਮੰਡ ਵਿੱਚ ਗੂੰਜਦੀ ਹੈ :

ਸੁੱਤਿਆਂ ਨੂੰ ਸਾਨੂੰ ਨਾ ਜਗਾਈਂ ਨੀ ਅੰਮੀਏ,
ਹੱਸ ਕੇ ਸ਼ਹੀਦੀ ਅਸਾਂ ਪਾਈ।

ਸਿੱਖ ਸ਼ਹੀਦ ਪ੍ਰੰਪਰਾ ਦਾ ਵਾਰਿਸ ਬਾਲ ਸ਼ਹੀਦਾਂ ਦਾ ਕਾਫ਼ਲਾ ਵੀ ਇਤਿਹਾਸਕ ਵਹਿਣ ਦੇ ਨਾਲ ਬਾਦਸਤੂਰ ਵਹਿੰਦਾ ਰਿਹਾ। ਘੱਲੂਘਾਰਾ ਨੀਲਾ ਤਾਰਾ ਦੌਰਾਨ ਵੀ ਅਨੇਕਾਂ ਬਾਲ ਫ਼ੌਜ ਵੱਲੋਂ ਪਰਕਰਮਾਂ ਅਤੇ ਹਰਿਮੰਦਰ ਸਾਹਿਬ ਪਰਿਸਰ ਵਿੱਚ ਗੋਲੀਆਂ ਮਾਰ-ਮਾਰ ਕੇ ਸ਼ਹੀਦ ਕਰ ਦਿੱਤੇ ਗਏ। ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਨਜ਼ਦੀਕੀ ਸਾਥੀ ਭਾਈ ਥਾਰਾ ਸਿੰਘ ਦਾ ਛੋਟਾ ਜਿਹਾ ਭੁਝੰਗੀ, ਫ਼ੌਜ ਨੇ ਜ਼ਖਮੀ ਹਾਲਤ ਵਿੱਚ ਪਰਕਰਮਾ ਵਿੱਚੋਂ ਪਕੜਿਆ ਅਤੇ ਫਰਸ਼ ਨਾਲ ਪਟਕ-ਪਟਕ ਕੇ ਮਾਰ ਕੇ ਸ਼ਹੀਦ ਕਰ ਦਿੱਤਾ।

ਦਮਦਮੀ ਟਕਸਾਲ ਦੇ ਹੀ ਭਾਈ ਮੋਹਰ ਸਿੰਘ ਦੀਆਂ ਬੇਟੀਆਂ ਨੂੰ ਵੀ ਇਸ ਕੌਮੀ ਆਜ਼ਾਦੀ ਦੀ ਜੰਗ ਦੌਰਾਨ ਵਾਪਰੇ ਘੱਲੂਘਾਰੇ ਵਿੱਚ ਸ਼ਹੀਦੀਆਂ ਪਾ ਗਈਆਂ।

ਇਸ ਘੱਲੂਘਾਰੇ ਦੌਰਾਨ ਹੀ ਸ਼ਹੀਦੀ ਪ੍ਰਾਪਤ ਕਰਨ ਵਾਲੇ ਇਹਨਾਂ ਬਾਲ ਸ਼ਹੀਦਾਂ ਦੀ ਕਤਾਰ ਵਿੱਚ ਇਕ ਐਸੀ ਮਾਸੂਮ ਜਿੰਦੜੀ ਵੀ ਹੈ ਜਿਸ ਦੀ ਉਮਰ ਸਿਰਫ਼ ਅਠਾਰਾਂ ਦਿਨ ਸੀ। ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਜੀ ਦੇ ਪੀ.ਏ. ਭਾਈ ਰਛਪਾਲ ਸਿੰਘ ਜੀ ਦੀ ਬੀਬੀ ਪ੍ਰੀਤਮ ਕੌਰ ਜੀ ਦੀ ਕੁੱਖੋਂ ਜੰਮਿਆਂ ਇਹ ਬੇਟਾ 18 ਦਿਨ ਦੀ ਛੋਟੀ ਜਿਹੀ ਆਯੂ ਵਿੱਚ ਫ਼ੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋਇਆ। ਬੀਬੀ ਪ੍ਰੀਤਮ ਕੌਰ ਜੀ ਜੋ ਇਸ ਸਮੇਂ ਪਿੰਡ ਗੁਨੂਪੁਰ (ਨੇੜੇ ਕਾਹਨੂੰਵਾਨ) ਵਿਖੇ ਰਹਿ ਰਹੇ ਹਨ, ਇਸ ਘਟਨਾ ਬਾਰੇ ਇੰਝ ਦੱਸਦੇ ਹਨ।

ਬੀਬੀ ਪ੍ਰੀਤਮ ਕੌਰ ਦਾ ਵਿਆਹ ਸੰਤ ਜਰਨੈਲ ਸਿੰਘ ਨੇ ਆਪਣੇ ਪੀ.ਏ. ਭਾਈ ਰਛਪਾਲ ਸਿੰਘ ਨਾਲ ਕਰਵਾਇਆ ਅਤੇ ਘੱਲੂਘਾਰਾ ਨੀਲਾ ਤਾਰਾ ਦੇ ਦੌਰਾਨ ਬੀਬੀ ਪ੍ਰੀਤਮ ਕੌਰ ਨੂੰ ਹਰਿਮੰਦਰ ਸਾਹਿਬ ਦੇ ਅੰਦਰੋਂ ਫ਼ੌਜ ਨੇ ਗ੍ਰਿਫ਼ਤਾਰ ਕਰਕੇ ਭਾਰੀ ਤਸ਼ੱਦਦ ਕੀਤਾ ਅਤੇ ਜੇਲ੍ਹ ਵਿੱਚ ਭੇਜ ਦਿੱਤਾ। ਲਗਾਤਾਰ ਚਾਰ ਸਾਲ ਬੀਬੀ ਪ੍ਰੀਤਮ ਕੌਰ ਜੇਲ੍ਹ ਵਿੱਚ ਗ਼ਮਾਂ ਦੀ ਪੰਡ ਢੋਂਦੀ ਰਹੀ ਅਤੇ ਅਖੀਰ 1988 ਵਿੱਚ ਰਿਹਾਅ ਕਰ ਦਿੱਤਾ ਗਿਆ।

ਏਨੀ ਕਸ਼ਟਮਈ ਜ਼ਿੰਦਗੀ ਤੋਂ ਬਾਅਦ ਬੀਬੀ ਪ੍ਰੀਤਮ ਕੌਰ ਦੇ ਉਪਰ ਦੁੱਖਾਂ ਦੇ ਪਹਾੜ ਟੁੱਟਦੇ ਰਹੇ। ਉਸ ਦੇ ਤਿੰਨ ਭਰਾ ਪੁਲਿਸ ਨੇ ਘਰੋਂ ਚੁੱਕ ਕੇ ਲਾਪਤਾ ਕਰ ਦਿੱਤੇ ਅਤੇ ਅਣਪਛਾਤੀਆਂ ਲਾਸ਼ਾਂ ਵਿੱਚ ਬਦਲ ਦਿੱਤੇ। ਉਸ ਦੀ ਦਾਸਤਾਨ ਹੰਝੂਆਂ ਭਰੀ ਦਾਸਤਾਨ ਹੈ ਅਤੇ ਘੱਲੂਘਾਰਾ ਨੀਲਾ ਤਾਰਾ ਦੀ ਪ੍ਰਤੱਖ-ਦਰਸ਼ੀ ਹੈ। ਪੇਸ਼ ਹੈ ਉਹਨਾਂ ਨਾਲ ਕੀਤੀ ਗੱਲਬਾਤ ਦੇ ਕੁਝ ਅੰਸ਼-

? **ਤੁਸੀਂ ਸੰਤ ਜਰਨੈਲ ਸਿੰਘ ਦੇ ਸੰਪਰਕ ਵਿੱਚ ਕਿਵੇਂ ਆਏ?**

- 20 ਫਰਵਰੀ, 1983 ਨੂੰ ਮੇਰਾ ਵਿਆਹ ਭਾਈ ਰਛਪਾਲ ਸਿੰਘ (ਜੋ ਕਿ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਿੱਜੀ ਸਕੱਤਰ ਸਨ) ਨਾਲ ਹੋਇਆ। ਇਹ ਆਨੰਦ ਕਾਰਜ ਦਮਦਮੀ ਟਕਸਾਲ ਦੇ ਸਿੰਘਾਂ ਨੇ ਹੀ ਕਰਵਾਇਆ ਸੀ ਜਿਹੜੇ ਕਿ ਸੰਤ ਜਰਨੈਲ ਸਿੰਘ ਦੇ ਬਹੁਤ ਨੇੜੇ ਸਨ। ਇਸ ਤੋਂ ਬਾਅਦ ਹੀ ਮੈਂ ਸੰਤ ਜਰਨੈਲ ਸਿੰਘ ਨੂੰ ਜਾਣਿਆ ਅਤੇ ਉਥੇ ਉਹਨਾਂ ਦੇ ਕੋਲ ਰਹਿਣਾ ਸ਼ੁਰੂ ਕੀਤਾ। ਅਸੀਂ ਉਹਨਾਂ ਦੇ ਨਾਲ ਗੁਰੂ ਨਾਨਕ ਨਿਵਾਸ ਰਹਿੰਦੇ ਸੀ ਅਤੇ ਜਦੋਂ ਕੁਝ ਕਾਰਨਾਂ ਕਰਕੇ ਸੰਤ ਜਰਨੈਲ ਸਿੰਘ ਜੀ ਨੇ ਆਪਣਾ ਟਿਕਾਣਾ ਨਾਨਕ ਨਿਵਾਸ ਤੋਂ ਬਦਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਵਾੜੇ ਦੀ ਇਮਾਰਤ ਵਿੱਚ ਕਰ ਲਿਆ ਤਾਂ ਅਸੀਂ ਵੀ ਉਸ ਇਮਾਰਤ ਵਿੱਚ ਚਲੇ ਗਏ।

? **ਘੱਲੂਘਾਰਾ ਨੀਲਾ ਤਾਰਾ ਦੇ ਆਰੰਭ ਸਮੇਂ ਤੁਸੀਂ ਕਿੱਥੇ ਸੀ?**

- ਘੱਲੂਘਾਰਾ ਨੀਲਾ ਤਾਰਾ ਦੇ ਸ਼ੁਰੂਆਤੀ ਸਮੇਂ ਵਿੱਚ ਅਸੀਂ ਅਕਾਲ ਤਖ਼ਤ ਸਾਹਿਬ ਦੇ ਪਿਛਵਾੜੇ ਬਣੀ ਇਕ ਬਿਲਡਿੰਗ ਦੇ ਕਮਰੇ ਵਿੱਚ ਰਹਿ ਰਹੇ ਸੀ ਜਿਹੜੀ ਕਿ ਪਰਕਰਮਾਂ ਵਿੱਚ ਸਥਿਤ ਕੜਾਹ ਪ੍ਰਸ਼ਾਦ ਵਾਲੇ ਕਾਊਂਟਰ ਦੇ ਬਿਲਕੁਲ ਉਪਰ ਸੀ ਅਤੇ ਇਸ ਕਮਰੇ ਦੇ ਹੇਠਾਂ ਹੀ ਗਿੱਲੇ ਕੱਪੜੇ ਅਤੇ ਗਠੜੀਆਂ ਜਮ੍ਹਾ ਕਰਾਉਣ ਵਾਲਾ ਕਾਊਂਟਰ ਸੀ। 19 ਮਈ, 1984 ਮੇਰੇ ਘਰ ਇਕ ਬੇਟੇ ਨੇ ਜਨਮ ਲਿਆ, ਬੇਟਾ ਬਹੁਤ ਛੋਟਾ ਸੀ ਇਸ ਕਰਕੇ ਮੈਂ ਉਪਰ ਹੀ ਰਹਿੰਦੀ ਸੀ ਅਤੇ ਬੜੀ ਕਮਜ਼ੋਰੀ ਦੀ ਹਾਲਤ ਵਿੱਚ ਸੀ। ਪਹਿਲੀ ਅਤੇ ਤਿੰਨ ਜੂਨ ਨੂੰ ਫਾਇਰਿੰਗ ਰੁਕ ਰੁਕ ਕੇ ਹੁੰਦੀ ਰਹੀ। ਇਹ ਫਾਇਰਿੰਗ ਸੀ.ਆਰ.ਪੀ. ਅਤੇ ਬੀ.ਐਸ.ਐਫ. ਵੱਲੋਂ ਕੀਤੀ ਜਾ ਰਹੀ ਸੀ ਅਤੇ ਇਸ ਫਾਇਰਿੰਗ ਦਾ ਨਿਸ਼ਾਨਾ ਬਾਹਰੋਂ ਗੋਲੀ ਚਲਾ ਕੇ ਅੰਦਰੋਂ ਸਿੰਘਾਂ ਦੀਆਂ ਫਾਇਰਿੰਗ ਪੁਜ਼ੀਸ਼ਨਾਂ ਦਾ ਅੰਦਾਜ਼ਾ ਲਗਾਉਣਾ ਸੀ ਤਾਂ ਜੋ ਪਤਾ ਲੱਗ ਸਕੇ ਕਿ ਅੰਦਰੂਨੀ ਮੋਰਚਾਬੰਦੀ ਦੀ ਤਰਤੀਬ ਕਿਸ ਤਰ੍ਹਾਂ ਹੈ। ਪ੍ਰੰਤੂ ਸਿੰਘ ਵੀ ਬੜੀ ਵਧੀਆ ਨੀਤੀ ਅਤੇ ਯੁੱਧ ਕਲਾ ਨਾਲ ਜਨਰਲ ਸ਼ੁਬੇਗ ਸਿੰਘ ਦੀ ਅਗਵਾਈ ਵਿੱਚ ਯਥਾਯੋਗ ਜਵਾਬ ਦੇ ਰਹੇ ਸਨ। 4 ਜੂਨ, 1984 ਨੂੰ ਸਵੇਰ ਦੇ 4:45 ਮਿੰਟ 'ਤੇ ਭਾਰਤੀ ਫ਼ੌਜ ਨੇ ਪੂਰੇ ਲਾਹੌ ਲਸ਼ਕਰ ਨਾਲ ਦਰਬਾਰ ਸਾਹਿਬ ਉਪਰ ਹਮਲਾ ਬੋਲ ਦਿੱਤਾ। ਪਰਿਸਰ ਅਤੇ ਪਰਕਰਮਾ ਵਿੱਚ ਗੋਲੀਆਂ ਅਤੇ ਬੰਬਾਂ ਦੀ ਵਰਖਾ ਹੋਣੀ ਸ਼ੁਰੂ ਹੋ ਗਈ। ਮੈਂ ਉਸ ਸਮੇਂ ਆਪਣੇ 17-18 ਦਿਨ ਦੇ ਬੱਚੇ ਨੂੰ ਦੁੱਧ ਪਿਆ ਰਹੀ ਸੀ। ਇਸ ਸਮੇਂ ਦੌਰਾਨ ਹੀ ਭਾਈ ਰਛਪਾਲ ਸਿੰਘ (ਮੇਰੇ ਪਤੀ) ਮੇਰੇ ਪਾਸ

ਆਏ, ਬੱਚੇ ਵੱਲ ਤੱਕਿਆ ਅਤੇ ਫਿਰ ਕੁਝ ਸੋਚ ਕੇ ਨੇੜੇ ਪਏ ਟੈਲੀਫ਼ੋਨ ਨੂੰ ਉਠਾ ਕੇ ਕਾਲ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਕਿਸੇ ਤਰ੍ਹਾਂ ਦੀ ਡਾਇਲਟੋਨ ਨਾ ਆਈ ਅਤੇ ਟੈਲੀਫ਼ੋਨ ਨਾ ਹੋ ਸਕਿਆ। ਸਾਨੂੰ ਪਤਾ ਲੱਗ ਗਿਆ ਕਿ ਟੈਲੀਫ਼ੋਨ, ਬਿਜਲੀ ਅਤੇ ਪਾਣੀ ਦੀ ਸਪਲਾਈ ਕੱਟੀ ਜਾ ਚੁੱਕੀ ਹੈ। ਭਾਈ ਰਛਪਾਲ ਸਿੰਘ, ਸੰਤ ਭਿੰਡਰਾਂਵਾਲੇ ਨੂੰ ਇਸ ਗੱਲ ਦਾ ਪਤਾ ਸੀ ਅਤੇ ਮੇਰੇ ਕੋਲੋਂ ਲੁਕਾ ਰੱਖ ਰਹੇ ਸਨ ਕਿਉਂਕਿ ਬੱਚਾ ਬਹੁਤ ਛੋਟਾ ਸੀ ਅਤੇ ਉਹ ਸਾਰੀ ਗੱਲ (ਹੋਣ ਵਾਲੇ ਹਮਲੇ ਦੀ) ਮੇਰੇ ਨਾਲ ਸਾਂਝੀ ਨਹੀਂ ਸੀ ਕਰ ਰਹੇ। ਸ਼ਾਇਦ ਸੋਚਦੇ ਹੋਣਗੇ ਕਿ ਇਸ ਜਣੇਪੇ ਦੀ ਹਾਲਤ ਵਿੱਚ ਮੈਂ ਵਧੇਰੇ ਸੋਚ ਕੇ ਜ਼ਿਆਦਾ ਬਿਮਾਰ ਨਾ ਹੋ ਜਾਵਾਂ। ਹੁਣ 4 ਜੂਨ ਦੇ ਦਿਨ ਚੜ੍ਹਾਅ ਸ਼ੁਰੂ ਹੋ ਚੁੱਕਾ ਸੀ। ਉਪਰਲੇ ਕਮਰਿਆਂ ਵਿੱਚ ਗੋਲਿਆਂ ਅਤੇ ਗੋਲੀਆਂ ਦੀ ਆਮਦ ਬਹੁਤ ਵੱਧ ਗਈ ਅਤੇ ਮੈਨੂੰ ਕਿਹਾ ਗਿਆ ਕਿ ਮੈਂ ਹੇਠਲੇ ਕਮਰੇ ਵਿੱਚ ਚਲੀ ਜਾਵਾਂ। 4 ਜੂਨ ਨੂੰ ਸਵੇਰੇ ਛੇ ਵਜੇ ਦੇ ਕਰੀਬ ਮੈਂ ਆਪਣੇ 18 ਦਿਨ ਦੇ ਬੱਚੇ ਨੂੰ ਚੁੱਕਿਆ ਅਤੇ ਹੌਲੀ-ਹੌਲੀ ਪੌੜੀਆਂ ਉਤਰਦੀ ਹੋਈ ਪਰਕਰਮਾਂ ਦੇ ਉਸ ਕਮਰੇ ਵਿੱਚ ਆ ਗਈ ਜਿਥੇ ਅੱਜਕੱਲ ਗਿੱਲੇ ਕੱਪੜੇ ਅਤੇ ਗੱਠੜੀਆਂ ਰੱਖੀਆਂ ਜਾਂਦੀਆਂ ਹਨ।

? **4 ਜੂਨ ਨੂੰ ਕੀ ਹੋਇਆ?**

- ਸਾਰਾ ਦਿਨ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਆਸੇ-ਪਾਸੇ ਤੋਂ ਮਸ਼ੀਨਗੰਨਾਂ ਅਤੇ ਵੱਡੀਆਂ ਤੋਪਾਂ ਦੇ ਗੋਲਿਆਂ ਨਾਲ ਸਾਰੀ ਧਰਤੀ ਕੰਬ ਰਹੀ ਸੀ। ਪਾਣੀ ਅਤੇ ਹੋਰ ਅਨਾਜ ਦੀ ਅਣਹੋਂਦ ਕਾਰਨ ਬੱਚਿਆਂ ਅਤੇ ਬਿਮਾਰਾਂ ਦਾ ਬੁਰਾ ਹਾਲ ਸੀ। ਭਾਰਤੀ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਵਿੱਚ ਸੀ। ਪ੍ਰੰਤੂ ਅੰਦਰਲੇ ਸਿੱਖਾਂ ਵੱਲੋਂ ਇਸ ਤਰੀਕੇ ਨਾਲ ਮੁਕਾਬਲਾ ਕੀਤਾ ਜਾ ਰਿਹਾ ਸੀ ਕਿ ਉਹ ਪਰਕਰਮਾ ਤੱਕ ਵੀ ਅੱਗੇ ਨਹੀਂ ਸੀ ਵੱਧ ਸਕੇ। 4 ਜੂਨ ਸ਼ਾਮ ਤੋਂ ਬਾਅਦ ਇਸ ਹਮਲੇ ਦੀ ਤੀਬਰਤਾ ਵੱਧ ਗਈ, ਭਾਵੇਂ ਰਾਤ ਦਾ ਹਨ੍ਹੇਰਾ ਹੋਣਾ ਸ਼ੁਰੂ ਹੋ ਚੁੱਕਾ ਸੀ ਪ੍ਰੰਤੂ ਗੋਲੀਆਂ ਅਤੇ ਬੰਬਾਂ ਦੇ ਫੱਟਣ ਨਾਲ ਪੈਦਾ ਹੋਏ ਚਾਨਣ ਨਾਲ ਸਭ ਕੁਝ ਸਾਫ਼ ਦਿਖਾਈ ਦੇ ਰਿਹਾ ਸੀ। ਹੁਣ ਤੱਕ ਕੁਝ ਸਿੰਘ ਵੀ ਸ਼ਹਾਦਤ ਪ੍ਰਾਪਤ ਕਰ ਚੁੱਕੇ ਸਨ ਅਤੇ ਇਸ ਸਮੇਂ ਤੱਕ (4 ਜੂਨ ਦੇ ਦਿਨ ਅਤੇ ਰਾਤ) ਭਾਰਤੀ ਫ਼ੌਜ ਦਾ ਵੀ ਕਾਫ਼ੀ ਨੁਕਸਾਨ ਹੋ ਚੁੱਕਾ ਸੀ ਅਤੇ ਅਸੀਂ ਆਪਣੀ ਜਗ੍ਹਾ 'ਤੇ ਡਟੇ ਪਏ ਸੀ।

? **5 ਜੂਨ ਨੂੰ ਕੀ ਵਾਪਰਿਆ?**

- ਬੜਾ ਘਮਸਾਨ ਦਾ ਯੁੱਧ ਹੋ ਰਿਹਾ ਸੀ। ਭਾਰਤੀ ਫ਼ੌਜ ਵੱਲੋਂ ਵਰਤੀਆਂ ਗਈਆਂ ਵੱਡੀਆਂ ਤੋਪਾਂ, ਮਾਰਟਰਗੰਨਾਂ, ਟੈਂਕਾਂ ਅਤੇ ਬਖ਼ਤਰਬੰਦ ਗੱਡੀਆਂ ਉਪਰੋਂ ਕੀਤੀ ਜਾ ਰਹੀ ਜ਼ਬਰਦਸਤ ਗੋਲਾਬਾਰੀ ਨਾਲ ਪਾਣੀ ਦੀ ਟੈਂਕੀ ਨੂੰ ਉਡਾ ਦਿੱਤਾ ਗਿਆ ਜਿੱਥੇ ਕਿ ਬੱਬਰ ਖ਼ਾਲਸਾ ਦੇ ਸਿੰਘਾਂ ਦਾ ਮੋਰਚਾ ਸੀ। ਜਦੋਂ ਇਸ ਪਾਣੀ ਦੀ ਟੈਂਕੀ ਨੂੰ ਉਡਾਇਆ ਗਿਆ ਤਾਂ ਮੋਰਚਾਬੰਦੀ ਵਾਲੇ ਸਾਰੇ ਹੀ ਸਿੰਘ ਸ਼ਹੀਦ ਹੋ ਗਏ।

ਉਨ੍ਹਾਂ ਦੀਆਂ ਲਾਸ਼ਾਂ ਹਵਾ ਵਿੱਚ ਉੱਡੀਆਂ ਅਤੇ ਅਖੀਰ ਜ਼ਮੀਨ 'ਤੇ ਡਿੱਗ ਪਈਆਂ। ਬਾਕੀ ਮੋਰਚਿਆਂ ਵਿੱਚ ਵੀ ਕਾਫ਼ੀ ਸਿੰਘ ਸ਼ਹੀਦ ਤੇ ਜ਼ਖਮੀ ਹੋ ਰਹੇ ਸਨ। ਇਸ ਦਿਨ ਭਾਰਤੀ ਫ਼ੌਜ ਦਾ ਨਿਸ਼ਾਨਾ ਹਰਿਮੰਦਰ ਸਾਹਿਬ ਦੇ ਪਰਿਸਰ ਦੇ ਆਲੇ-ਦੁਆਲੇ ਦੇ ਮੋਰਚਿਆਂ 'ਤੇ ਕਬਜ਼ਾ ਕਰਨਾ ਸੀ। ਅਸੀਂ ਇਸ ਸਮੇਂ ਕਮਰੇ ਵਿੱਚ ਸੀ ਅਤੇ ਇਸ ਕਮਰੇ ਵਿੱਚੋਂ ਵੀ ਬੈਠੇ ਜੁਝਾਰੂ ਸਿੰਘ ਫ਼ੌਜ ਦਾ ਵਧੀਆ ਤਰੀਕੇ ਨਾਲ ਜਵਾਬ ਦੇ ਰਹੇ ਸਨ। ਹੁਣ ਪੰਜ ਜੂਨ ਦੀ ਸ਼ਾਮ ਹੋ ਚੁੱਕੀ ਸੀ। ਬੇਸ਼ੱਕ ਗੋਲਾਬਾਰੀ ਬਹੁਤ ਹੋ ਰਹੀ ਸੀ ਅਤੇ ਬਾਹਰੋਂ ਗੋਲੀਆਂ ਸਿੱਧੀਆਂ ਪਰਿਕਰਮਾ ਵਿੱਚ ਆ ਰਹੀਆਂ ਸਨ। ਪ੍ਰੰਤੂ ਅਜੇ ਤੱਕ ਫ਼ੌਜ ਪਰਕਰਮਾ ਵਿੱਚ ਦਾਖ਼ਲ ਨਹੀਂ ਸੀ ਹੋ ਸਕੀ। ਸਿੰਘਾਂ ਨੇ ਉਹਨਾਂ ਨੂੰ ਪ੍ਰਵੇਸ਼ ਦੁਆਰ ਦੇ ਪਿੱਛੇ ਹੀ ਰੋਕ ਕੇ ਰੱਖਿਆ ਹੋਇਆ ਸੀ। 5 ਜੂਨ ਦੀ ਸਵੇਰ 9:30 ਵਜੇ ਮੇਰੇ ਪਤੀ (ਭਾਈ ਰਛਪਾਲ ਸਿੰਘ) ਸੰਤ ਜਰਨੈਲ ਸਿੰਘ ਦੇ ਕੋਲ ਗਏ ਅਤੇ ਯੁੱਧਨੀਤੀ ਬਾਰੇ ਕੁਝ ਵਿਚਾਰਾਂ ਕੀਤੀਆਂ। ਭਾਈ ਰਛਪਾਲ ਸਿੰਘ ਨੇ ਸੰਤ ਜਰਨੈਲ ਸਿੰਘ ਨੂੰ ਪੁੱਛਿਆ ਕਿ ਹੁਣ ਅਗਲੀ ਰੂਪ-ਰੇਖਾ ਕੀ ਹੈ? ਸੰਤ ਜਰਨੈਲ ਸਿੰਘ ਨੇ ਜਵਾਬ ਦਿੱਤਾ ਆਪਣੇ ਮੋਰਚਿਆਂ 'ਤੇ ਡਟੇ ਰਹੋ, ਇਹ ਮੇਰਾ ਆਖ਼ਰੀ ਪ੍ਰੋਗਰਾਮ ਹੈ ਅਤੇ ਆਖ਼ਰੀ ਦਮ ਤੱਕ ਵੈਰੀ ਦੇ ਖਿਲਾਫ਼ ਜੂਝਾਂਗੇ। ਸੰਤ ਜਰਨੈਲ ਸਿੰਘ ਨੇ ਬੜੀ ਦ੍ਰਿੜ੍ਹਤਾ ਦੇ ਨਾਲ ਭਾਈ ਰਛਪਾਲ ਸਿੰਘ ਵੱਲ ਤੱਕਿਆ ਅਤੇ ਕਿਹਾ ਕਿ ਰਛਪਾਲ ਸਿੰਘ ਜੀ, ਆਪਣੇ ਖ਼ੂਨ ਦੀ ਇਕ ਇਕ ਬੂੰਦ ਸਿੱਖੀ ਦੀ ਭੇਂਟ ਚੜ੍ਹਾ ਦੇਵਾਂਗੇ। ਇਕ ਵਾਰੀ ਫਿਰ ਦੁਬਾਰਾ ਸ਼ਾਮ ਨੂੰ ਸੰਤਾਂ ਦੀ ਭਾਈ ਰਛਪਾਲ ਸਿੰਘ ਨਾਲ ਗੱਲ ਹੋਈ ਤੇ ਉਹਨਾਂ ਨੇ ਫਿਰ ਇਹੀ ਗੱਲ ਦੁਹਰਾਈ। 5 ਜੂਨ ਸ਼ਾਮ ਨੂੰ 8:30 ਵਜੇ ਦੇ ਕਰੀਬ ਲੰਗਰ ਵਾਲੇ ਪਾਸਿਓਂ ਪੌੜੀਆਂ ਨੂੰ ਤੋੜ ਕੇ ਟੈਂਕ ਹਰਿਮੰਦਰ ਸਾਹਿਬ ਦੀ ਪਰਿਕਰਮਾ ਵੱਲ ਦਾਖਲ ਹੋਏ। ਇਹਨਾਂ ਟੈਂਕਾਂ ਦੇ ਪਿੱਛੇ-ਪਿੱਛੇ ਭਾਰਤੀ ਫ਼ੌਜ ਦੇ ਪਿਆਦਾ ਸਿਪਾਹੀ ਸਨ। ਸਿੰਘਾਂ ਨੇ ਕਾਫ਼ੀ ਸਮਾਂ ਇਹਨਾਂ ਟੈਂਕਾਂ ਨੂੰ ਅਤੇ ਇਹਨਾਂ ਫ਼ੌਜੀਆਂ ਨੂੰ ਅੱਗੇ ਦਾਖਲ ਹੋਣ ਤੋਂ ਰੋਕ ਛੱਡਿਆ। ਬੜਾ ਘਮਸਾਨ ਦਾ ਯੁੱਧ ਹੋ ਰਿਹਾ ਸੀ। ਠੀਕ ਇਸੇ ਸਮੇਂ ਹੀ ਭਾਰਤੀ ਫ਼ੌਜ ਦਾ ਇਕ ਟੈਂਕ ਬਾਬਾ ਦੀਪ ਸਿੰਘ ਦੇ ਸ਼ਹੀਦੀ ਸਥਾਨ ਦੇ ਨੇੜੇ ਫਸ ਗਿਆ ਅਤੇ ਰੁਕ ਗਿਆ ਅਤੇ ਇਸੇ ਸਮੇਂ ਦੌਰਾਨ ਹੀ ਭਾਰਤੀ ਫ਼ੌਜ ਨੇ ਤੇਜਾ ਸਿੰਘ ਸਮੁੰਦਰੀ ਹਾਲ ਅਤੇ ਸਰਾਵਾਂ ਦੇ ਕਮਰਿਆਂ 'ਤੇ ਕਬਜ਼ਾ ਕਰ ਲਿਆ ਜਿੱਥੇ ਉਹਨਾਂ ਨੇ ਸ਼ਰਧਾਲੂਆਂ ਦਾ ਕਤਲੇਆਮ ਕੀਤਾ ਅਤੇ ਬੇਗੁਨਾਹ ਬੀਬੀਆਂ ਦੇ ਨਾਲ ਬਲਾਤਕਾਰ ਕੀਤੇ। ਉਹਨਾਂ ਨੂੰ ਲੁੱਟਿਆ, ਉਹਨਾਂ ਦੇ ਬੱਚਿਆਂ ਨੂੰ ਮਾਰ ਦਿੱਤਾ ਅਤੇ ਕੁਝ ਬੱਚੇ ਮਾਵਾਂ ਕੋਲੋਂ ਖੋਹ ਕੇ ਅੱਗ ਦੇ ਵਿੱਚ ਸੁੱਟ ਦਿੱਤੇ ਗਏ। ਕਮਰਿਆਂ ਦੇ ਵਿੱਚ ਗਰਨੇਡ ਸੁੱਟ-ਸੁੱਟ ਕੇ ਸੰਗਤ ਨੂੰ ਮਾਰਿਆ ਗਿਆ। ਕੁਝ ਸ਼ਰਧਾਲੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਹਨਾਂ ਦੇ ਹੱਥ ਪਿੱਛੇ ਬੰਨ੍ਹ ਕੇ ਗੋਲੀਆਂ ਦੇ ਨਾਲ ਉਡਾ ਦਿੱਤਾ ਗਿਆ। ਹੁਣ ਬੜੀ ਜ਼ਬਰਦਸਤ ਤੇ ਘਮਸਾਣ ਦੀ ਲੜਾਈ ਹੋ ਰਹੀ ਸੀ ਅਤੇ ਅਸੀਂ ਆਪਣੇ ਮੋਰਚੇ ਵਿੱਚ ਡਟੇ ਹੋਏ ਸੀ।

6 ਜੂਨ ਦੀ ਰਾਤ ਨੂੰ 12:15 ਵਜੇ ਭਾਈ ਰਛਪਾਲ ਸਿੰਘ ਜੋ ਕੇ ਮੋਰਚੇ ਵਿੱਚ ਮੇਰੇ ਨੇੜੇ ਹੀ ਫ਼ੌਜ ਦਾ ਮੁਕਾਬਲਾ ਕਰ ਰਹੇ ਸਨ, ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ। ਆਪਣੇ ਬੱਚੇ ਵੱਲ ਮੋਹ ਭਰੀ ਨਜ਼ਰ ਨਾਲ ਤੱਕਿਆ ਅਤੇ ਉਸ ਦੇ ਮੱਥੇ ਨੂੰ ਚੁੰਮਿਆ। ਕੁਝ ਚਿਰ ਬੱਚੇ ਵੱਲ ਤੱਕਦੇ ਰਹੇ ਅਤੇ ਫਿਰ ਮੇਰੇ ਵੱਲ ਵੇਖ ਕੇ ਕਹਿਣ ਲੱਗੇ—ਇਸ ਸਾਡੀ ਅੰਤਮ ਜੰਗ ਹੈ ਜਿਸ ਨੂੰ ਫ਼ਤਹਿਯਾਬ ਕਰਨ ਲਈ ਮੈਂ ਵੈਰੀ ਨਾਲ ਸਿੱਧੇ ਮੱਥੇ ਯੁੱਧ ਕਰਨ ਲਈ ਪਰਕਰਮਾ ਵਿੱਚ ਜਾ ਰਿਹਾ ਹਾਂ। ਅਜੇ ਉਹ ਏਨਾ ਕਹਿ ਹੀ ਰਹੇ ਸਨ ਕਿ ਇਕ ਗੋਲੀ ਬਾਹਰੋਂ ਆਈ ਤੇ ਮੇਰੇ 18 ਦਿਨ ਦੇ ਬੱਚੇ ਦੇ ਸਿਰ ਵਿੱਚੋਂ ਪਾਰ ਨਿਕਲ ਗਈ। ਮੇਰਾ ਬੱਚਾ ਉਸ ਸਮੇਂ ਮੇਰੀ ਗੋਦ ਵਿੱਚ ਦੁੱਧ ਚੁੰਘ ਰਿਹਾ ਸੀ। ਉਸ ਦੇ ਸਿਰ ਵਿੱਚੋਂ ਗੋਲੀ ਆਰ-ਪਾਰ ਹੋ ਕੇ ਮੇਰੀ ਛਾਤੀ ਵਿੱਚੋਂ ਲੰਘ ਗਈ। ਬੱਚੇ ਦਾ ਸਿਰ ਫੱਟ ਗਿਆ ਅਤੇ ਉਸੇ ਵੇਲੇ ਹੀ ਉਸਦੇ ਪ੍ਰਾਣ ਪੰਖੇਰੂ ਉੱਡ ਗਏ। ਮੈਂ ਵੀ ਗੋਲੀ ਨਾਲ ਜ਼ਖਮੀ ਹੋ ਕੇ ਜ਼ਮੀਨ 'ਤੇ ਡਿੱਗ ਪਈ। ਭਾਈ ਰਛਪਾਲ ਸਿੰਘ ਜਿਹੜੇ ਕਿ ਹੱਥ ਵਿੱਚ ਸ਼ਸਤਰ ਲੈ ਕੇ ਕਮਰੇ ਵਿੱਚੋਂ ਨਿਕਲ ਹੀ ਰਹੇ ਸਨ। ਮੈਨੂੰ ਡਿੱਗਦੀ ਨੂੰ ਵੇਖਿਆ ਅਤੇ ਸ਼ਹੀਦ ਹੋਏ ਬੱਚੇ ਵੱਲ ਤੱਕਿਆ ਤਾਂ ਇਕਦਮ ਵਾਪਸ ਮੁੜੇ ਪਰ ਇਕਦਮ ਬਾਹਰੋਂ ਇਕ ਹੋਰ ਗੋਲੀ ਆਈ ਅਤੇ ਭਾਈ ਰਛਪਾਲ ਸਿੰਘ ਦੇ ਸਿਰ ਨੂੰ ਚੀਰਦੀ ਹੋਈ ਪਾਰ ਨਿਕਲ ਗਈ। ਭਾਈ ਰਛਪਾਲ ਸਿੰਘ ਮੇਰੇ ਪਾਸੇ ਸਿਰ ਭਾਰ ਫਰਸ਼ 'ਤੇ ਡਿੱਗ ਪਏ ਅਤੇ ਮੌਕੇ 'ਤੇ ਹੀ ਸ਼ਹੀਦੀ ਪ੍ਰਾਪਤ ਕਰ ਗਏ। ਮੇਰਾ ਦਰਦ ਦੇ ਨਾਲ ਬੁਰਾ ਹਾਲ ਹੋ ਰਿਹਾ ਸੀ। ਮੇਰੇ ਸਾਹਮਣੇ ਪਤੀ ਦੀ ਲਾਸ਼ ਪਈ ਸੀ ਅਤੇ ਗੋਦੀ ਵਿੱਚ 18 ਦਿਨਾਂ ਦੇ ਪੁੱਤਰ ਦੀ ਲਾਸ਼। ਕੁਝ ਸਿੰਘ ਆਏ ਅਤੇ ਉਹਨਾਂ ਨੇ ਮੈਨੂੰ ਧੂਹ ਕੇ ਗੋਲੀਆਂ ਦੀ ਮਾਰ ਤੋਂ ਲਾਂਭੇ ਕਰ ਦਿੱਤਾ। ਮੇਰੇ ਬੇਟੇ ਦੇ ਸਰੀਰ ਨੂੰ ਉਹਨਾਂ ਨੇ ਮੇਰੇ ਪਤੀ ਦੀ ਲਾਸ਼ ਉਪਰ ਲਿਟਾ ਦਿੱਤਾ। ਉਹਨਾਂ ਸਿੰਘਾਂ ਵਿੱਚੋਂ ਇਕ ਸਿੰਘ ਕਮਰੇ ਵਿੱਚੋਂ ਨਿਕਲ ਕੇ ਮੇਰੇ ਲਈ ਪਾਣੀ ਲੈਣ ਗਿਆ ਅਤੇ ਮੇਰੇ ਸਾਹਮਣੇ ਹੀ ਫ਼ੌਜ ਦੀ ਗੋਲਾਬਾਰੀ ਦਾ ਸ਼ਿਕਾਰ ਹੋ ਗਿਆ। ਹੁਣ ਤੱਕ ਫ਼ੌਜ ਪਰਕਰਮਾ ਦੇ ਕਮਰਿਆਂ ਵਿੱਚ ਦਾਖਲ ਹੋ ਚੁੱਕੀ ਸੀ। ਉਹਨਾਂ ਨੇ ਸਾਨੂੰ ਜ਼ਖਮੀ ਹਾਲਾਤ ਵਿੱਚ ਗ੍ਰਿਫ਼ਤਾਰ ਕਰ ਲਿਆ ਅਤੇ ਲਾਈਨ ਵਿੱਚ ਬਿਠਾ ਲਿਆ। ਸਾਨੂੰ ਗੋਲੀ ਮਾਰਨ ਦੀ ਤਿਆਰੀ ਵਿਚ ਹੀ ਸਨ। ਨਿਸ਼ਾਨੇ ਸਾਧੇ ਹੋਏ ਸਨ ਕਿ ਅਚਾਨਕ ਸਿੱਖ ਰੈਫਰੈਂਸ ਲਾਇਬ੍ਰੇਰੀ ਵਾਲੇ ਪਾਸਿਓਂ ਇਕ ਸਿੱਖ ਅਫ਼ਸਰ ਦੀ ਉੱਚੀ ਅਵਾਜ਼ ਸੁਣਾਈ ਦਿੱਤੀ। ਇਹਨਾਂ ਨੂੰ ਕਤਲ ਨਾ ਕਰੋ, ਬੰਦੀ ਬਣਾ ਲਓ।

? ਫਿਰ ਕੀ ਹੋਇਆ?

- 6 ਜੂਨ ਦਾ ਦਿਨ ਚੜ੍ਹ ਚੁੱਕਾ ਸੀ, ਅਜੇ ਵੀ ਜ਼ਬਰਦਸਤ ਫਾਇਰਿੰਗ ਹੋ ਰਹੀ ਸੀ। ਫ਼ੌਜੀਆਂ ਨੇ ਸਾਨੂੰ ਫੜ੍ਹ ਕੇ ਲਾਇਬ੍ਰੇਰੀ ਵਾਲੇ ਪਾਸੇ ਲੈ ਆਂਦਾ ਅਤੇ ਜਦੋਂ ਸਾਨੂੰ ਉਸ ਪਾਸਿਓਂ ਬੀਬੀਆਂ ਦੇ ਇਸ਼ਨਾਨ ਘਰ ਵਾਲੇ ਪਾਸੇ ਤੋਰ ਕੇ ਲਿਜਾ ਰਹੇ ਸਨ ਤਾਂ ਮੈਂ ਪਿੱਛੇ ਮੁੜ ਕੇ ਅਕਾਲ ਤਖ਼ਤ ਸਾਹਿਬ ਵੱਲ ਵੇਖਿਆ। ਹਰ ਪਾਸੇ ਧੂੰਆਂ

ਹੀ ਧੂੰਆਂ ਤੇ ਗੋਲੀਆਂ ਦੀ ਆਵਾਜ਼ ਸੀ। ਇੰਝ ਲੱਗਦਾ ਸੀ ਜਿਵੇਂ ਸਾਰੀ ਹੀ ਇਮਾਰਤ ਵਿੱਚੋਂ ਅੱਗ ਦੇ ਸ਼ੋਅਲੇ ਨਿਕਲ ਰਹੇ ਹੋਣ। ਪਰਕਰਮਾ ਦੇ ਕਮਰਿਆਂ ਵਿੱਚ ਵੀ ਅੱਗ ਲੱਗੀ ਹੋਈ ਸੀ ਅਤੇ ਅਸੀਂ ਲਾਸ਼ਾਂ ਦੇ ਉਪਰ ਤੁਰ ਰਹੇ ਸੀ। ਹਰ ਪਾਸੇ ਖ਼ੂਨ ਹੀ ਖ਼ੂਨ ਸੀ। ਸਰੋਵਰ ਦਾ ਰੰਗ ਵੀ ਖ਼ੂਨ ਨਾਲ ਲਾਲ ਹੋਇਆ ਪਿਆ ਸੀ ਅਤੇ ਕੁਝ ਸਿੰਘਾਂ ਦੇ ਮ੍ਰਿਤਕ ਸਰੀਰ ਸਰੋਵਰ ਵਿੱਚ ਤੈਰ ਰਹੇ ਸਨ। ਛੋਟੇ ਛੋਟੇ ਬੱਚੇ ਪਰਕਰਮਾ ਦੇ ਵਿੱਚ ਤੜਫ ਰਹੇ ਸਨ। ਕੁਝ ਜ਼ਖਮੀ ਹੋਈਆਂ ਮਾਵਾਂ ਪਾਣੀ ਨੂੰ ਵਿਲ੍ਹਕ ਰਹੀਆਂ ਸਨ। ਫ਼ੌਜੀਆਂ ਨੇ ਰੈਫਰੈਂਸ ਲਾਇਬ੍ਰੇਰੀ ਵਾਲੇ ਪਾਸੇ ਲਿਜਾ ਕੇ ਬਿਠਾ ਦਿੱਤਾ। ਕੁਝ ਔਰਤਾਂ ਪਾਣੀ ਦੇ ਵਾਸਤੇ ਫ਼ੌਜੀਆਂ ਕੋਲੋਂ ਤਰਲੇ ਕਰ ਰਹੀਆਂ ਸਨ ਪਰ ਮੈਂ ਚੁਪਚਾਪ ਬੈਠੀ ਸੀ। ਕੁਝ ਸਮੇਂ ਬਾਅਦ ਫ਼ੌਜੀਆਂ ਨੇ ਪਾਣੀ ਪੀਣ ਦੀ ਇਜ਼ਾਜਤ ਦਿੱਤੀ। ਸਰੋਵਰ 'ਚੋਂ ਲਿਆਂਦਾ ਪਾਣੀ ਖ਼ੂਨ ਦੇ ਨਾਲ ਲਾਲ ਸੀ। ਔਰਤਾਂ ਅਤੇ ਬੱਚਿਆਂ ਨੇ ਉਹੀ ਖ਼ੂਨ ਮਿਲਿਆ ਪਾਣੀ ਪੀਤਾ। ਇਸ ਸਮੇਂ ਫ਼ੌਜੀ ਮੇਰੇ ਨਾਲ ਬਾਕੀ ਬੀਬੀਆਂ ਨਾਲੋਂ ਵੱਖਰਾ ਵਰਤਾਅ ਕਰਨ ਲੱਗੇ ਕਿਉਂਕਿ ਉਹਨਾਂ ਨੇ ਮੈਨੂੰ ਮੋਰਚੇ ਵਾਲੇ ਸਿੰਘਾਂ ਦੇ ਕਮਰੇ ਵਿੱਚੋਂ ਗ੍ਰਿਫ਼ਤਾਰ ਕੀਤਾ ਸੀ। ਉਹਨਾਂ ਨੇ ਮੈਨੂੰ ਬੀਬੀਆਂ ਤੋਂ ਵੱਖਰਾ ਕਰ ਲਿਆ। ਇਸ ਤੋਂ ਬਾਅਦ ਉਹ ਸਾਨੂੰ ਦਰਸ਼ਨੀ ਡਿਉਢੀ ਵਾਲੇ ਪਾਸੇ ਲੈ ਗਏ। ਕੁਝ ਸਮੇਂ ਬਾਅਦ ਫ਼ੌਜੀ ਸ਼੍ਰੋਮਣੀ ਕਮੇਟੀ ਦੇ ਕੁਝ ਸੇਵਾਦਾਰਾਂ ਨੂੰ ਮੇਰੀ ਸ਼ਨਾਖ਼ਤ ਵਾਸਤੇ ਲੈ ਕੇ ਆਏ। ਉਹ ਸਾਰੇ ਮੈਨੂੰ ਜਾਣਦੇ ਸਨ ਪਰ ਉਹਨਾਂ ਨੇ ਮੇਰੀ ਸ਼ਨਾਖਤ ਨਾ ਕੀਤੀ ਜਿਸ ਕਰਕੇ ਉਹਨਾਂ ਤਿੰਨਾਂ ਨੂੰ ਮੇਰੇ ਸਾਹਮਣੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਫ਼ੌਜੀ ਸੋਚਦੇ ਸਨ ਕਿ ਸ਼ਾਇਦ ਇਸ ਤਰ੍ਹਾਂ ਮੈਂ ਡਰ ਕੇ ਕੁਝ ਬਿਆਨ ਕਰ ਦੇਵਾਂਗੀ। ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਤਾਂ ਸ਼੍ਰੋਮਣੀ ਕਮੇਟੀ ਦੇ ਇਕ ਸੇਵਾਦਾਰ ਦੀ ਪਤਨੀ ਹਾਂ। ਹੁਣ ਤੱਕ ਮੇਰਾ ਦਰਦ ਨਾਲ ਬਹੁਤ ਬੁਰਾ ਹਾਲ ਸੀ ਕਿਉਂਕਿ ਗੋਲੀ ਮੇਰੀ ਛਾਤੀ ਵਿੱਚ ਲੱਗੀ ਸੀ ਅਤੇ ਇਸ ਦੀ ਗਰਮੀ ਨਾਲ ਮੇਰਾ ਬਹੁਤ ਬੁਰਾ ਹਾਲ ਹੁੰਦਾ ਜਾ ਰਿਹਾ ਸੀ। ਤ੍ਰੇਹ ਦੇ ਨਾਲ ਬਹੁਤ ਬੁਰਾ ਹਾਲ ਸੀ, ਪ੍ਰੰਤੂ ਫਿਰ ਵੀ ਵਾਹਿਗੁਰੂ ਦਾ ਭਾਣਾ ਮੰਨ ਰਹੇ ਸੀ। ਇਸ ਤਰ੍ਹਾਂ ਛੇ ਜੂਨ ਦਾ ਦਿਨ ਅਤੇ ਸ਼ਾਮ ਤੱਕ ਅਸੀਂ ਪੱਥਰਾਂ 'ਤੇ ਬਹਿ ਕੇ ਲੰਘਾਇਆ।

ਸੰਤ ਜਰਨੈਲ ਸਿੰਘ ਦੀ ਸ਼ਹੀਦੀ ਬਾਰੇ ਕੁਝ ਦੱਸੋ?

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਕੌਮ ਦੇ ਵਾਸਤੇ ਸ਼ਹਾਦਤ ਲਈ ਵਚਨਬੱਧ ਸਨ ਅਤੇ ਉਹਨਾਂ ਨੇ 6 ਜੂਨ ਨੂੰ ਫ਼ੌਜ ਦੇ ਨਾਲ ਜੂਝਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਕੀਤੀ। ਇਸ ਸਮੇਂ ਦੌਰਾਨ ਸਾਰੇ ਸਿੰਘ ਆਪਣੇ ਮੋਰਚਿਆਂ ਤੋਂ ਹਥਿਆਰ ਲੈ ਕੇ ਬਾਹਰ ਨਿਕਲ ਆਏ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗੁੱਥਮਗੁੱਥਾ ਲੜਾਈ ਹੋਈ। ਮੈਂ ਇਸ ਤੋਂ ਪਹਿਲਾਂ ਜ਼ਖਮੀ ਹੋ ਚੁੱਕੀ ਸੀ। ਮੈਂ ਇਹ ਤਾਂ ਨਹੀਂ ਦੱਸ ਸਕਦੀ ਕਿ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਕਿਸ ਵਕਤ ਤੇ ਕਿਵੇਂ ਹੋਈ ਪ੍ਰੰਤੂ ਉਹਨਾਂ ਦੀ ਮ੍ਰਿਤਕ ਦੇਹ ਦੀ ਸ਼ਨਾਖਤ ਮੇਰੇ ਸਾਹਮਣੇ ਹੋਈ। ਜਿੱਥੇ ਹੁਣ ਦੇ

ਨਿਸ਼ਾਨ ਸਾਹਿਬ ਹਨ ਉਥੇ ਸੰਤ ਜਰਨੈਲ ਸਿੰਘ ਦਾ ਸਰੀਰ ਰੱਖਿਆ ਹੋਇਆ ਸੀ। 7 ਜੂਨ ਨੂੰ ਸਵੇਰੇ 9 ਵਜੇ ਦੇ ਕਰੀਬ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਰਾ ਕੈਪਟਨ ਹਰਚਰਨ ਸਿੰਘ ਅਤੇ ਉਸ ਦੀ ਭੈਣ ਦਲਜੀਤ ਕੌਰ ਫ਼ੌਜੀ ਅਫ਼ਸਰਾਂ ਨਾਲ ਸਿੱਧੇ ਉਸ ਮ੍ਰਿਤਕ ਸਰੀਰ ਪਾਸ ਪਹੁੰਚੇ ਅਤੇ ਮਿਰਤਕ ਦੇਹ ਦੀ ਸ਼ਨਾਖਤ ਕੀਤੀ। ਮੈਂ ਉਸ ਸਮੇਂ ਪੱਥਰਾਂ ਉਪਰ ਬੈਠੀ ਸਭ ਕੁਝ ਦੇਖ ਰਹੀ ਸੀ।

ਇਸ ਮ੍ਰਿਤਕ ਸਰੀਰ ਦੀ ਸ਼ਨਾਖਤ ਕੀਤੀ ਗਈ ਸੀ ਅਤੇ ਉਹਨਾਂ ਦੇ ਪਰਿਵਾਰ ਕੋਲੋਂ ਸ਼ਨਾਖਤ ਦਾ ਇਸ਼ਾਰਾ ਹੋਣ ਤੋਂ ਬਾਅਦ ਉਹਨਾਂ ਨੂੰ ਭੇਜ ਦਿੱਤਾ ਗਿਆ। ਉਸ ਤੋਂ ਬਾਅਦ 3 ਗੱਡੀਆਂ ਆਈਆਂ ਜਿਹਨਾਂ ਵਿੱਚ ਤਿੰਨ ਲਾਸ਼ਾਂ ਨੂੰ ਰੱਖ ਕੇ ਤੋਰ ਦਿੱਤਾ ਗਿਆ। ਇਹਨਾਂ ਵਿੱਚ ਇਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਇਕ ਭਾਈ ਅਮਰੀਕ ਸਿੰਘ ਅਤੇ ਇਕ ਸਿੰਘ ਹੋਰ ਸੀ। ਸ਼ਾਇਦ ਬਾਬਾ ਥਾਰਾ ਸਿੰਘ ਜੀ ਹੋਣ ਅਤੇ ਜਨਰਲ ਸ਼ੁਬੇਗ ਸਿੰਘ ਦੀ ਲਾਸ਼ ਨੂੰ ਇਕ ਖੁੱਲ੍ਹੇ ਫ਼ੌਜੀ ਟਰੱਕ ਦੇ ਵਿੱਚ ਲਿਜਾਇਆ ਗਿਆ। ਇਹ ਚਾਰ ਹੀ ਲਾਸ਼ਾਂ ਉਥੋਂ ਉਠਾ ਲਈਆਂ ਗਈਆਂ ਅਤੇ ਬਾਕੀ ਲਾਸ਼ਾਂ ਉਥੇ ਹੀ ਪਈਆਂ ਸਨ। ਸਾਨੂੰ ਬੰਦੀ ਬਣਾ ਕੇ ਬਿਠਾਇਆ ਹੋਇਆ ਸੀ ਅਤੇ ਅਸੀਂ ਵੇਖ ਰਹੇ ਸੀ ਕਿ ਸ਼ਹਿਰ ਦੀਆਂ ਉੱਚੀਆਂ ਬਿਲਡਿੰਗਾਂ ਉਪਰ ਹਿੰਦੂ ਭੰਗੜੇ ਪਾ ਰਹੇ ਸਨ ਅਤੇ ਉੱਚੀ-ਉੱਚੀ ਰੌਲਾ ਪਾਉਂਦੇ ਹੋਏ ਫ਼ੌਜ ਨੂੰ ਮਠਿਆਈਆਂ ਵੰਡ ਰਹੇ ਸਨ। ਇਸ ਤੋਂ ਬਾਅਦ ਸਾਨੂੰ ਆਰਮੀ ਦੇ ਕੈਂਪਾਂ ਵਿੱਚ ਲਿਆ ਡੱਕਿਆ।

ਇਕ ਬੀਬੀ ਮਸ਼ੀਨਗੰਨ ਲੈ ਕੇ ਫ਼ੌਜ ਦਾ ਮੁਕਾਬਲਾ ਕਰ ਰਹੀ ਸੀ

(ਇਹ ਸਭ ਕੁਝ ਇਕ ਫ਼ੌਜੀ ਅਫਸਰ ਨੇ ਬਿਆਨ ਕੀਤਾ ਜੋ ਕਿ ਗੜਵਾਲ ਰੈਜੀਮੈਂਟ ਨਾਲ ਸੰਬੰਧਿਤ ਸੀ ਅਤੇ ਘੱਲੂਘਾਰਾ ਜੂਨ 1984 ਨਾਲ ਸੰਬੰਧਿਤ ਇਕ ਕੇਸ ਵਿੱਚ ਅੰਮ੍ਰਿਤਸਰ ਅਦਾਲਤ ਵਿੱਚ ਗਵਾਹੀ ਦੇਣ ਆਇਆ ਸੀ। ਇਹ ਹਾਲ 'ਸਿੰਘ ਗਰਜ਼ਾ' ਨਾਮਕ ਮਾਸਿਕ ਪੱਤਰ ਵਿੱਚ ਪ੍ਰਕਾਸ਼ਿਤ ਹੋਇਆ ਸੀ।)

ਪੰਜ ਜੂਨ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਤਮ ਸਮਰਪਣ ਕਰ ਦਿੱਤਾ ਪਰ ਅਜੇ ਵੀ ਸਾਡਾ ਮੁੱਖ ਨਿਸ਼ਾਨਾ (ਸੰਤ ਭਿੰਡਰਾਂਵਾਲੇ) ਸਾਨੂੰ ਨਹੀਂ ਸੀ ਮਿਲ ਰਿਹਾ। ਜਿਉਂ ਹੀ ਸੂਰਜ ਛਿਪਿਆ, ਕਮਾਂਡੋ ਆਪਣਾ ਐਕਸ਼ਨ ਕਰਨ ਦੀਆਂ ਤਿਆਰੀਆਂ ਕਰਨ ਲੱਗ ਪਏ। ਅੱਧੀ ਰਾਤ ਦੇ ਬਾਅਦ 30 ਕੁ ਫ਼ੌਜੀ ਜਵਾਨ ਇਸ ਉਮੀਦ ਨਾਲ ਅੱਗੇ ਵਧੇ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਨੇੜੇ ਚਲੇ ਜਾਣਗੇ, ਪਰ ਉਹਨਾਂ ਦਾ (ਸਿੰਘਾਂ ਵੱਲੋਂ) ਗੋਲੀਆਂ ਦੀ ਬੁਛਾੜ ਨਾਲ ਸਵਾਗਤ ਕੀਤਾ ਗਿਆ। ਇਸ ਗੋਲੀਆਂ ਦੀ ਬੁਛਾੜ ਨਾਲ 17 ਫ਼ੌਜੀ ਜਵਾਨ ਮਾਰੇ ਗਏ, ਬਾਕੀ ਦੇ ਪਰਕਰਮਾ ਵਿੱਚ ਜ਼ਖ਼ਮੀ ਹੋ ਗਏ। ਫਿਰ ਅਗਲਾ 30 ਕੁ ਜਵਾਨਾਂ ਦਾ ਫ਼ੌਜੀ ਦਸਤਾ ਅੱਗੇ ਵਧਿਆ, ਪਰ ਉਹਨਾਂ ਦਾ ਵੀ ਪਹਿਲਿਆਂ ਵਰਗਾ ਹਸ਼ਰ ਹੋਇਆ। ਬੰਦੂਕਾਂ ਦੀਆਂ ਗੋਲੀਆਂ ਦੀਆਂ ਗੂੰਜਾਂ ਅਤੇ ਪ੍ਰਕਰਮਾਂ ਵਿੱਚ ਪਏ ਜ਼ਖਮੀ ਤੇ ਲਾਚਾਰ ਫ਼ੌਜੀਆਂ ਦੀ ਕੁਰਲਾਹਟ ਨੇ ਰਾਤ ਦਾ ਸਨਾਟਾ ਭੰਗ ਕਰ ਦਿੱਤਾ। ਤਿੰਨ ਜਵਾਨ ਜਿਨ੍ਹਾਂ ਨੂੰ ਸਿੰਘਾਂ ਨੇ ਫੜ ਲਿਆ ਸੀ, ਉਹਨਾਂ ਨੂੰ ਜ਼ਖ਼ਮੀ ਹਾਲਾਤ ਵਿੱਚ ਉਹਨਾਂ ਨੇ ਪ੍ਰਕਰਮਾ ਵਿੱਚ ਸੁੱਟ ਦਿੱਤਾ। ਅਸੀਂ ਉਹਨਾਂ ਦੀ ਮਦਦ ਕਰਨ ਵਿੱਚ ਲਾਚਾਰ ਸਾਂ, ਕਿਉਂਕਿ ਅਸੀਂ ਅੱਗੇ ਨਹੀਂ ਵਧ ਸਕਦੇ ਸੀ। ਇਸ ਸਮੇਂ ਜਨਰਲ ਰਣਜੀਤ ਸਿੰਘ ਦਿਆਲ ਨੂੰ ਬਹੁਤ ਗੁੱਸਾ ਆਇਆ ਅਤੇ ਉਸ ਨੇ ਹੁਕਮ ਦਿੱਤਾ ਕਿ ਟੈਂਕਾਂ ਨੂੰ ਅੰਦਰ ਲਿਆਂਦਾ ਜਾਵੇ। ਟੈਂਕਾਂ ਦੇ ਹਰਕਤ ਵਿੱਚ ਆਉਣ ਤੋਂ ਬਾਅਦ ਹੀ ਅਸੀਂ ਸਿੰਘਾਂ 'ਤੇ ਜਿਹੜੇ ਕਿ ਗਿਣਤੀ ਵਿੱਚ ਸੱਤ ਸਨ, ਉਪਰ ਕਾਬੂ ਪਾ ਸਕੇ।

ਉਹਨਾਂ ਸਿੰਘਾਂ ਵੱਲੋਂ ਜ਼ਬਰਦਸਤ ਫਾਇਰਿੰਗ ਹੋ ਰਹੀ ਸੀ। ਸਾਨੂੰ ਹਨੇਰੇ ਵਿੱਚ ਬਗੈਰ ਕੋਈ ਨਿਸ਼ਾਨਾ ਸਾਧੇ ਗੋਲੀਆਂ ਚਲਾਉਣੀਆਂ ਪੈ ਰਹੀਆਂ ਸਨ। ਜਿਹੜਾ ਵੀ ਭੱਜਿਆ ਜਾਂਦਾ ਦੇਖਦੇ, ਅਸੀਂ ਉਸ 'ਤੇ ਗੋਲੀਆਂ ਚਲਾ ਦਿੰਦੇ। ਇਸ ਤਰ੍ਹਾਂ ਬਹੁਤ ਆਦਮੀ ਤੇ ਔਰਤਾਂ ਮਾਰੇ ਗਏ। ਅਸੀਂ ਹਨੇਰੇ ਵਿੱਚ ਆਪਣੇ ਹੀ ਫ਼ੌਜੀ ਜਵਾਨਾਂ 'ਤੇ ਗੋਲੀਆਂ ਚਲਾ

ਰਹੇ ਸਾਂ। ਤਕਰੀਬਨ 50 ਦੇ ਕਰੀਬ ਫ਼ੌਜੀ ਸਾਡੀਆਂ ਆਪਣੀਆਂ ਹੀ ਗੋਲੀਆਂ ਨਾਲ ਮਾਰੇ ਗਏ।

ਜਦੋਂ ਅਸੀਂ ਸਿੰਘਾਂ ਦੇ ਮੋਰਚਿਆਂ 'ਚੋਂ ਗੋਲੀਆਂ ਚਲਾਉਣੀਆਂ ਬੰਦ ਕਰਾਉਣ ਵਿੱਚ ਕਾਮਯਾਬ ਹੋ ਗਏ ਤਾਂ ਵੀ ਗੋਲੀਆਂ ਦੀ ਭਾਰੀ ਬੁਛਾੜ ਆ ਰਹੀ ਸੀ। ਕੁਝ ਸਮੇਂ ਲਈ ਸਾਨੂੰ ਇਹ ਨਾ ਪਤਾ ਲੱਗਾ ਕਿ ਇਹ ਗੋਲੀਆਂ ਦੀ ਬੁਛਾੜ ਕਿੱਥੋਂ ਆ ਰਹੀ ਹੈ। ਫਿਰ ਸਾਡੇ ਇਕ ਜਵਾਨ ਨੇ ਇਕ ਔਰਤ ਨੂੰ ਇਕ ਇਮਾਰਤ ਦੀ ਛੱਤ 'ਤੇ ਲੰਮੀ ਪਈ ਦੇਖਿਆ ਜਿਸ ਦੇ ਹੱਥ ਵਿੱਚ ਐਲ.ਐਮ.ਜੀ. ਸੀ। ਉਹ ਉਸ ਵੱਲ ਅੱਗੇ ਵਧਿਆ ਅਤੇ ਉਸ ਦੀ ਪਿੱਠ ਵਿੱਚ ਸੰਗੀਨ ਛੱਡ ਦਿੱਤੀ। ਸਾਨੂੰ ਗੋਲੀ ਚਲਾਉਣ ਦਾ ਹੁਕਮ ਸੀ, ਨਾ ਕਿ ਮਾਰਨ ਦਾ ਪਰ ਗੁੱਸੇ ਵਿੱਚ ਆਏ ਜਵਾਨ, ਜਿਸ ਦੇ ਬਹੁਤ ਸਾਰੇ ਸਾਥੀ ਮਾਰੇ ਗਏ ਸਨ, ਨੇ ਉਸ ਨੂੰ ਸੰਗੀਨ ਨਾਲ ਮਾਰ ਦਿੱਤਾ।

6 ਜੂਨ ਦੀ ਸਵੇਰ ਨੂੰ ਦਰਬਾਰ ਸਾਹਿਬ ਸਮੂਹ ਇਕ ਕਬਰਸਤਾਨ ਦੀ ਤਰ੍ਹਾਂ ਲੱਗ ਰਿਹਾ ਸੀ। ਚਾਰ-ਚੁਫੇਰੇ ਇਮਾਰਤਾਂ, ਪ੍ਰਕਰਮਾ ਅਤੇ ਸਰੋਵਰ ਵਿੱਚ ਲਾਸ਼ਾਂ ਖਿਲਰੀਆਂ ਪਈਆਂ ਸਨ। ਸੂਰਜ ਚਮਕ ਰਿਹਾ ਸੀ ਅਤੇ ਲਾਸ਼ਾਂ ਵਿੱਚੋਂ ਆ ਰਹੀ ਬਦਬੂ ਬਰਦਾਸ਼ਤ ਤੋਂ ਬਾਹਰ ਸੀ। ਫ਼ੌਜੀਆਂ ਦੀਆਂ ਲਾਸ਼ਾਂ ਦੀ ਸ਼ਨਾਖ਼ਤ ਕੀਤੀ ਗਈ ਅਤੇ ਉਹਨਾਂ ਦੀਆਂ ਲਾਸ਼ਾਂ ਰੈਜਮੈਂਟਾਂ ਨੂੰ ਸੌਂਪ ਦਿੱਤੀਆਂ ਗਈਆਂ। ਮੈਂ ਖ਼ੁਦ ਤਿੰਨ ਫ਼ੌਜੀ ਸਿਪਾਹੀਆਂ ਦੀਆਂ ਲਾਸ਼ਾਂ ਆਪਣੇ ਮੋਢਿਆਂ 'ਤੇ ਢੋਈਆਂ। ਹਰੇਕ ਰੈਜਮੈਂਟ ਨੇ ਆਪੋ-ਆਪਣੇ ਜਵਾਨਾਂ ਦਾ ਸਸਕਾਰ ਕਰ ਦਿੱਤਾ।

ਜਿਹੜੇ 1500 ਦੇ ਕਰੀਬ ਆਮ ਲੋਕ (ਸਿਵੀਲੀਅਨ) ਮਾਰੇ ਗਏ ਸਨ, ਉਹਨਾਂ ਨੂੰ ਟਰਾਲੀਆਂ ਵਿੱਚ ਲੱਦ ਕਿ ਲਿਜਾਇਆ ਗਿਆ। ਉਹਨਾਂ ਵਿੱਚੋਂ ਬਹੁਤਿਆਂ ਨੂੰ ਦਰਿਆਵਾਂ ਵਿੱਚ ਰੋੜ੍ਹ ਦਿੱਤਾ ਗਿਆ।

ਇਹ ਬਹੁਤ ਦੁਖਦਾਈ ਜੰਗ ਸੀ। ਮੈਂ ਕੁਝ ਵੀ ਨਾ ਖਾ ਸਕਿਆ। ਰੋਟੀ ਮੇਰੇ ਅੰਦਰ ਲੰਘਦੀ ਨਹੀਂ ਸੀ। ਸੌਣ ਤੋਂ ਪਹਿਲਾਂ ਮੈਂ ਸਿਰਫ਼ ਰੰਮ ਹੀ ਪੀਂਦਾ ਸੀ। ਹੁਣ ਮੈਨੂੰ ਅੰਮ੍ਰਿਤਸਰ ਤੋਂ ਡਿਊਟੀ ਤੋਂ ਫ਼ਾਰਗ ਹੋਣ ਦੀ ਖੁਸ਼ੀ ਸੀ।

ਅਣਲਿਖਤ ਇਤਿਹਾਸ

(ਇਹ ਸਾਰੇ ਵਾਕਿਆਤ ਸ੍ਰੀ ਹਰਿਮੰਦਰ ਸਾਹਿਬ ਨੇੜੇ ਕਲੀਨਿਕ ਚਲਾਉਂਦੇ ਇਕ ਡਾ: ਸਾਹਿਬ ਨੇ ਸੰਪਾਦਕ 'ਸਿੰਘ ਗਰਜ਼ਾ' ਨੂੰ ਦੱਸੇ ਜੋ ਕਿ ਉਹਨਾਂ ਨੇ ਪ੍ਰਕਾਸ਼ਿਤ ਕੀਤੇ)

ਮੇਰੀ ਦੁਕਾਨ ਕਿਉਂਕਿ ਸ੍ਰੀ ਦਰਬਾਰ ਸਾਹਿਬ ਦੇ ਲਾਗੇ ਸੀ ਅਤੇ ਮੈਂ ਸੀ.ਆਰ.ਪੀ.ਐਫ. ਅਤੇ ਹੋਰ ਸਾਰਿਆਂ ਨੂੰ ਸਮੇਤ ਸਿੰਘਾਂ ਦੇ ਦਵਾਈਆਂ ਦਿੰਦਾ ਸੀ। ਇਸ ਕਰਕੇ ਮੇਰੇ ਸਾਰੇ ਹੀ ਵਾਕਫ਼ ਸਨ। ਜਦੋਂ ਪਹਿਲੀ ਜੂਨ ਨੂੰ ਸੀ.ਆਰ.ਪੀ.ਐਫ. ਨੇ ਗੋਲੀ ਚਲਾਈ ਤਾਂ ਮੈਂ ਆਪਣੀਆਂ ਦੋਹਾਂ ਜੇਬਾਂ ਵਿੱਚ ਦਵਾਈਆਂ ਭਰੀਆਂ ਅਤੇ ਪਟਕਾ ਬੰਨ੍ਹ ਕੇ ਸ਼ਾਮ ਨੂੰ ਆਪਣੀ ਸਿੰਘਣੀ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਚਲਾ ਗਿਆ।

ਮੈਨੂੰ ਬਚਪਨ ਤੋਂ ਹੀ ਕਥਾ ਸੁਣਨ ਦਾ ਬਹੁਤ ਸ਼ੌਂਕ ਸੀ। ਬਾਬਾ ਬੁੱਧ ਸਿੰਘ, ਭਾਈ ਵਰਿਆਮ ਸਿੰਘ, ਸੰਤ ਗੁਰਬਚਨ ਸਿੰਘ ਜੀ ਖ਼ਾਲਸਾ, ਸੰਤ ਕਰਤਾਰ ਸਿੰਘ ਜੀ ਹੁਰਾਂ ਸਾਰਿਆਂ ਦੀ ਕਥਾ ਮੈਂ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸੁਣਦਾ ਹੁੰਦਾ ਸੀ। ਜਦੋਂ ਤੋਂ ਸੰਤ ਜਰਨੈਲ ਸਿੰਘ ਜੀ ਹੁਰੀਂ ਸ੍ਰੀ ਦਰਬਾਰ ਸਾਹਿਬ ਆ ਗਏ ਤਾਂ ਮੈਂ ਵੀ ਰੋਜ਼ ਉਨ੍ਹਾਂ ਦੀ ਕਥਾ ਤੇ ਲੈਕਚਰ ਸੁਣਨ ਜਾਂਦਾ ਹੁੰਦਾ ਸੀ। ਜੇ ਕੋਈ ਸਿੰਘ ਬਿਮਾਰ ਹੋ ਜਾਣਾ ਤਾਂ ਮੈਨੂੰ ਸੱਦ ਲੈਣਾ। 2 ਜੂਨ ਨੂੰ ਅੰਦਰੋਂ ਸੁਨੇਹਾ ਆਇਆ ਕਿ ਜਲਦੀ ਆਓ, ਮੈਂ ਦਵਾਈਆਂ ਲੈ ਕੇ ਗਿਆ ਤਾਂ ਰਸਤੇ ਵਿੱਚ ਹੀ ਇਕ ਸਿੰਘ ਨੇ ਫ਼ਤਹਿ ਬੁਲਾ ਕੇ ਅੰਦਰ ਆਉਣ ਲਈ ਕਿਹਾ। ਉਸ ਸਿੰਘ ਦੇ ਨਾਲ ਤੁਰਦਿਆਂ ਤੁਰਦਿਆਂ ਮੈਂ ਕੁਝ ਦਵਾਈਆਂ ਸਰਾਂ ਦੇ ਇਕ ਕਮਰੇ ਵਿੱਚ ਰੱਖ ਦਿੱਤੀਆਂ ਅਤੇ ਬਾਕੀ ਦਵਾਈਆਂ ਮੈਂ ਦੋ ਨਿਸ਼ਾਨ ਸਾਹਿਬਾਂ ਦੇ ਲਾਗੇ ਗੁਰਦੁਆਰਾ ਥੜਾ ਸਾਹਿਬ ਵਾਲੇ ਪਾਸੇ ਛਬੀਲ 'ਤੇ ਰੱਖ ਦਿੱਤੀਆਂ। ਥੋੜਾ ਅੱਗੇ ਗਿਆ ਤਾਂ ਦੋ ਨਿਸ਼ਾਨ ਸਾਹਿਬਾਂ ਲਾਗੇ ਹੀ ਭਾਈ ਅਮਰੀਕ ਸਿੰਘ ਮਿਲ ਪਏ। ਉਹ ਮੈਨੂੰ ਕਹਿਣ ਲੱਗੇ, "ਡਾਕਟਰ ਸਾਹਿਬ! ਆਪ ਜੀ ਨੂੰ ਇਕ ਜ਼ਰੂਰੀ ਸੇਵਾ ਲਾਉਣੀ ਹੈ।" ਮੈਂ ਕਿਹਾ, "ਹੁਕਮ ਕਰੋ!" ਮੈਨੂੰ ਕਹਿਣ ਲੱਗੇ ਕਿ ਮੇਰੇ ਨਾਲ ਆਉ। ਉਹ ਮੈਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆ ਗਏ। ਜਿਥੇ ਅੱਜ ਕੱਲ ਸ਼ੀਸ਼ਾ ਲੱਗਿਆ ਹੋਇਆ ਹੈ, ਉਥੇ ਪਹਿਲਾਂ ਇਸੇ ਤਰ੍ਹਾਂ ਕਮਰਾ ਹੁੰਦਾ ਸੀ, ਜਿਸ ਦਾ ਦਰਵਾਜ਼ਾ ਤਖ਼ਤ ਦੇ ਸੱਜੇ ਪਾਸੇ ਸੀ, ਉਥੇ ਕੰਧ ਦੇ ਨਿਸ਼ਾਨ ਬਣਾ ਕੇ ਮੈਨੂੰ ਕਹਿਣ ਲੱਗੇ, "ਇਥੇ ਛੇਕ ਕਰ ਦਿਓ।" ਜਦੋਂ ਉਹ ਤੁਰਨ ਲੱਗੇ ਤਾਂ ਮੈਂ ਕਿਹਾ, "ਭਾਈ ਸਾਹਿਬ, ਅੱਗੇ ਫ਼ਤਹਿ ਕਰੀ ਜਾਂਦੇ ਹੋ ਤੇ ਪਿੱਛਾ ਛੱਡੀ ਜਾਂਦੇ ਹੋ, ਕੀ ਬਣੇਗਾ?" ਉਨ੍ਹਾਂ ਅੱਗੋਂ ਜਵਾਬ ਦਿੱਤਾ ਕਿ, "ਮਹਾਰਾਜ

ਦਾ ਜੋ ਹੁਕਮ ਅਸੀਂ ਅਰਦਾਸੇ ਸੋਧ ਦਿੱਤੇ।"

ਮੈਂ ਇਕ ਛੋਟੀ ਛੈਣੀ ਲੈ ਕਿ ਲਗਾਏ ਨਿਸ਼ਾਨ ਮੁਤਾਬਕ ਛੇਕ ਕਰਨ ਲੱਗ ਪਿਆ। ਫਾਇਰਿੰਗ ਕਾਫ਼ੀ ਚੱਲ ਰਹੀ ਸੀ। ਮੈਂ ਲਗਭਗ ਲੰਮੇ ਪੈ ਕੇ ਹੀ ਛੇਕ ਕਰਨ ਦਾ ਯਤਨ ਕਰ ਰਿਹਾ ਸੀ। ਇਕ ਚੋਗਾਵੇਂ ਦਾ ਸਿੰਘ ਸੀ, ਉਹ ਪਤਾ ਨਹੀਂ ਕਿੱਥੋਂ ਇਕ ਵੱਡੀ ਛੈਣੀ ਫੜ ਲਿਆਇਆ। ਗੋਲੀਆਂ ਜ਼ਿਆਦਾ ਚੱਲਣ ਕਰਕੇ ਅਸੀਂ ਕਮਰੇ ਦੇ ਅੰਦਰੋਂ ਦੀ ਜਾ ਕੇ ਛੇਕ ਕਰਨ ਲੱਗ ਪਏ। ਅਸੀਂ ਇੱਕ ਫੁੱਟ ਲੰਬਾ ਤੇ ਲਗਭਗ ਚਾਰ ਇੰਚ ਚੌੜਾ ਛੇਕ ਕਰ ਦਿੱਤਾ। ਇੱਟਾਂ ਦੀ ਲਾਲੀ ਦੂਰੋਂ ਨਜ਼ਰ ਆਵੇ ਇਸ ਲਈ ਉਸ ਛੇਕ ਦੇ ਅੰਦਰ ਅਸੀਂ ਉਥੇ ਪਿਆ ਚਿੱਟਾ ਪਲਾਸਟਰ ਦਾ ਪੋਚਾ ਹੱਥ ਨਾਲ ਹੀ ਫੇਰ ਦਿੱਤਾ ਤੇ ਮੀਂਹ ਦੇ ਪਾਣੀ ਤੋਂ ਗੋਲਕ ਨੂੰ ਬਚਾਉਣ ਲਈ ਉਥੇ ਰੱਖੀ ਟੀਨ ਨਾਲ ਅਸੀਂ ਉਹ ਛੇਕ ਢੱਕ ਦਿੱਤਾ।

ਮੈਂ ਬਚਪਨ ਤੋਂ ਹੀ ਦੌੜਨ ਵਿੱਚ ਫੁਰਤੀਲਾ ਸੀ ਤੇ ਬਹੁਤ ਤੇਜ਼ ਦੌੜਦਾ ਸੀ। ਮੈਂ ਸੁਣਿਆ ਹੋਇਆ ਸੀ ਕਿ ਜਦੋਂ ਗੋਲੀ ਚੱਲੇ ਤਾਂ ਤੇਜ਼ ਦੌੜਨਾ ਚਾਹੀਦਾ ਹੈ। ਮੈਂ ਦੌੜ ਕੇ ਦੋ ਨਿਸ਼ਾਨ ਸਾਹਿਬ ਲਾਗੇ ਆ ਗਿਆ। ਨਿਸ਼ਾਨ ਸਾਹਿਬਾਂ ਦੇ ਪਿੱਛੇ ਉਪਰ ਬੁੰਗੇ ਵਿੱਚ ਇਕ ਬੀਬੀ ਨੂੰ ਗੋਲੀ ਲੱਗੀ ਹੋਈ ਸੀ। ਮੈਂ ਉਸ ਦੇ ਪੱਟੀ ਕੀਤੀ। ਜਦੋਂ ਮੈਂ ਥੱਲੇ ਉਤਰਿਆ ਤਾਂ ਵੇਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਵਾਲੀ ਇਮਾਰਤ ਜਿੱਥੇ ਸੰਤਾਂ ਦੀ ਰਿਹਾਇਸ਼ ਸੀ ਉਸ ਨੂੰ ਨਿਸ਼ਾਨਾ ਬਣਾ ਕੇ ਗੋਲਾ ਮਾਰਿਆ ਗਿਆ ਜੋ ਬਜ਼ਾਰ ਮੁਨਿਆਰੀਆਂ ਵਿੱਚ ਜਾ ਡਿੱਗਾ।

ਇਥੇ ਮੈਨੂੰ ਖੜੇ ਨੂੰ ਪਤਾ ਲੱਗਾ ਕਿ ਬਾਬਾ ਬੁੱਢਾ ਜੀ ਦੇ ਬੇਰ ਉਪਰ ਮੋਰਚੇ ਵਿੱਚ ਇਕ ਬੀਬੀ ਹੈ ਉਸ ਨੂੰ ਗਿੱਟੇ ਵਿੱਚ ਗੋਲੀ ਲੱਗੀ ਹੈ। ਮੈਂ ਕਦੀ ਦੌੜਦਾ ਤੇ ਕਦੀ ਰੁਕਦਾ ਪ੍ਰਕਰਮਾਂ ਦੇ ਥੰਮ੍ਹਾਂ ਦੀ ਓਟ ਲੈਂਦਿਆਂ ਬਾਬਾ ਬੁੱਢਾ ਜੀ ਦੀ ਬੇਰ ਲਾਗੇ ਪਹੁੰਚ ਗਿਆ। ਉਥੇ ਉਪਰ ਚੜ੍ਹਨ ਲਈ ਲੱਕੜ ਦੀ ਪੌੜੀ ਲਗਾਈ ਹੋਈ ਸੀ। ਮੈਂ ਉਸ ਰਾਹੀਂ ਉਪਰ ਚੜ੍ਹਿਆ ਤੇ ਉਸ ਬਜ਼ੁਰਗ ਬੀਬੀ ਨੂੰ ਪੱਟੀ ਕੀਤੀ। ਸਿੰਘਾਂ ਕੋਲ ਮੋਰਚੇ ਵਿੱਚ ਜੋ ਖਾਣ ਲਈ ਛੋਲੇ ਪਏ ਸਨ ਉਹ ਅਤਿ ਦੀ ਗਰਮੀ ਨਾਲ ਬੁੱਸ ਗਏ ਸਨ ਅਤੇ ਪੀਣ ਵਾਲਾ ਪਾਣੀ ਵੀ ਉਬਾਲੇ ਮਾਰ ਰਿਹਾ ਸੀ। ਪਰ ਇਸ ਦੇ ਬਾਵਜੂਦ ਸਿੰਘ ਚੜ੍ਹਦੀ ਕਲਾ ਵਿੱਚ ਸਨ ਤੇ ਚਿਹਰਿਆਂ ਉਪਰ ਲਾਲੀਆਂ ਭਖ ਰਹੀਆਂ ਸਨ। ਸਿੰਘਾਂ ਦੇ ਹੁਕਮ ਉਪਰ ਬਰਾਂਡੇ ਦੇ ਉਪਰੋਂ ਉਪਰੋਂ ਮੈਂ ਘੰਟਾ ਘਰ ਬਾਹੀ ਦੇ ਬਾਹਰਲੇ ਪਾਸੇ ਇਕ ਕਪੜਿਆਂ ਵਾਲੀ ਦੁਕਾਨ 'ਤੇ ਆਇਆ। ਉਥੇ ਮੈਂ ਫ਼ੌਜੀ ਰੰਗ ਵਾਲੇ ਕੱਪੜੇ ਚੁੱਕੇ ਅਤੇ ਵਾਪਸ ਆ ਕੇ ਮੋਰਚਿਆਂ ਵਿੱਚ ਡਟੇ ਸਿੰਘਾਂ ਨੂੰ ਦੇ ਦਿੱਤੇ। ਉਥੋਂ ਫਿਰ ਮੈਂ ਵਾਪਸ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਆ ਗਿਆ।

ਆਟਾ ਮੰਡੀ ਵਾਲੀ ਡਿਉੜੀ ਉਪਰ ਬੱਬਰਾਂ ਦਾ ਮੋਰਚਾ ਸੀ। ਉਥੇ ਇਕ ਸਿੰਘ ਦੀ ਦਾੜ੍ਹ ਵਿੱਚ ਬਹੁਤ ਦਰਦ ਸੀ। ਮੈਂ ਉਸ ਨੂੰ ਦਵਾਈ ਦੇਣ ਲਈ ਜਾ ਰਿਹਾ ਸੀ ਤਾਂ ਪ੍ਰਕਰਮਾਂ ਵਿੱਚ ਜਿੱਥੇ ਗਿੱਲੇ ਕਛਹਿਰੇ ਰੱਖਣ ਵਾਲਾ ਕਮਰਾ ਸੀ ਉਸ ਦੇ ਬਾਹਰ ਮੈਨੂੰ ਰਾਗੀ ਰਾਮ ਸਿੰਘ ਮਿਲ ਪਿਆ। ਉਹ ਹੌਲੀ-ਹੌਲੀ ਜਾ ਰਹੇ ਤੇ ਫਾਇਰਿੰਗ ਬਹੁਤ ਸੀ। ਮੈਂ ਉਸ ਨੂੰ ਆਪਣੇ ਮੋਢਿਆਂ 'ਤੇ ਬਿਠਾ ਲਿਆ ਪਰ ਮੈਥੋਂ ਉਠਿਆ ਨਾ ਗਿਆ। ਫਿਰ ਮੈਂ ਉਨ੍ਹਾਂ

ਨੂੰ ਆਪਣੇ ਸੱਜੇ ਪਾਸੇ ਇਸ ਕਰਕੇ ਕੀਤਾ ਕਿ ਜੇਕਰ ਕੋਈ ਗੋਲੀ ਵੱਜੇ ਤਾਂ ਪਹਿਲਾਂ ਮੈਨੂੰ ਵੱਜੇ ਤੇ ਰਾਗੀ ਰਾਮ ਸਿੰਘ ਜੀ ਦਾ ਬਚਾਅ ਹੋ ਜਾਵੇ। ਮੈਂ ਉਨ੍ਹਾਂ ਨੂੰ ਗਿਆਨੀ ਮੋਹਨ ਸਿੰਘ ਜੀ ਦੇ ਘਰ ਛੱਡ ਦਿੱਤਾ ਜੋ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਦੇ ਪਿਛਲੇ ਪਾਸੇ ਸੀ ਜਿਥੇ ਪਹੁੰਚਣ ਲਈ ਪ੍ਰਕਰਮਾਂ ਵਿੱਚ ਛੋਟਾ ਦਰਵਾਜ਼ਾ ਸੀ।

ਮੈਂ ਵਾਪਸ ਆ ਕੇ ਆਪ ਡਿਉੜੀ ਵਾਲੇ ਬੱਬਰਾਂ ਦੇ ਮੋਰਚੇ ਵਿੱਚ ਗਿਆ। ਮੋਰਚੇ ਉਪਰ ਜਾਣ ਲਈ ਉਨ੍ਹਾਂ ਨੇ ਲੋਹੇ ਦੀ ਪੌੜੀ ਲਗਾਈ ਹੋਈ ਸੀ। ਮੈਂ ਉਸ ਸਿੰਘ ਨੂੰ ਦਵਾਈ ਵੀ ਦਿੱਤੀ ਅਤੇ ਟੀਕਾ ਵੀ ਲਗਾਇਆ ਪਰ ਉਸ ਦੀ ਦਰਦ ਠੀਕ ਨਹੀਂ ਹੋ ਰਹੀ ਸੀ।

ਫਿਰ ਮੈਂ ਬਚਦਾ-ਬਚਾਉਂਦਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਆ ਗਿਆ। ਸ੍ਰੀ ਅਕਾਲ ਤਖ਼ਤ ਦੇ ਹੇਠਲੇ ਕਮਰੇ ਜਿਸ ਵਿੱਚ ਮੈਂ ਛੇਕ ਕੀਤਾ ਸੀ ਉਥੇ ਸਿੰਘਾਂ ਨੇ ਐਲ.ਐਮ.ਜੀ. ਫਿੱਟ ਕੀਤੀ ਹੋਈ ਸੀ। ਇਸ ਐਲ.ਐਮ.ਜੀ. ਨੇ ਫ਼ੌਜਾਂ ਦਾ ਬਹੁਤ ਨੁਕਸਾਨ ਕੀਤਾ ਸੀ। ਇਸ ਦੀ ਮਾਰ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੈਂਦਾ ਸਮੁੱਚਾ ਵਿਹੜਾ ਸੀ ਅਤੇ ਫ਼ੌਜ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਫਾਇਰਿੰਗ ਹੋ ਕਿਸ ਥਾਂ ਤੋਂ ਰਹੀ ਹੈ। ਫ਼ੌਜ ਦਾ ਇਥੇ ਨੁਕਸਾਨ ਵੀ ਬਹੁਤ ਹੋਇਆ ਸੀ, ਉਹ ਇਸ ਨੂੰ ਕਿਲਿੰਗ ਗਰਾਊਂਡ ਕਹਿੰਦੇ ਸਨ।

5 ਜੂਨ ਨੂੰ ਮੈਨੂੰ ਸੰਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸੱਦਿਆ ਤੇ ਕਹਿਣ ਲੱਗੇ ਕਿ "ਤੂੰ ਦੌੜਦਾ ਫਿਰਦਾ ਹੈਂ ਤੈਨੂੰ ਡਰ ਨਹੀਂ ਲੱਗਦਾ।" ਮੈਂ ਕਿਹਾ ਕਿ "ਅਸ਼ੀਰਵਾਦ ਦਿਉ ਸੇਵਾ ਲਈ।" ਉਨ੍ਹਾਂ ਮੈਨੂੰ ਤਿੰਨ ਥਾਪੜੇ ਦਿੱਤੇ ਅਤੇ ਮੇਰੇ ਮੱਥੇ 'ਤੇ ਹੱਥ ਫੇਰਿਆ ਤੇ ਕਿਹਾ ਕਿ ਜਾਹ ਸੇਵਾ ਹੀ ਕਰੇਂਗਾ।

ਫਿਰ ਮੈਂ ਹੇਠਾਂ ਆ ਗਿਆ। ਦੋ ਨਿਸ਼ਾਨ ਸਾਹਿਬਾਂ ਦੇ ਪਿੱਛੇ ਕਵਾਟਰਾਂ ਵਿੱਚ ਰਾਗੀ ਸਤਨਾਮ ਸਿੰਘ, ਉਨ੍ਹਾਂ ਦੀ ਪਤਨੀ ਅਤੇ ਛੋਟੀ ਬਚੀ ਫਸੇ ਹੋਏ ਸਨ। ਉਸ ਬੱਚੀ ਲਈ ਦੁੱਧ ਚਾਹੀਦਾ ਸੀ। ਮੈਂ ਦੁੱਧ ਲੈਣ ਲਈ ਚੱਲ ਪਿਆ। ਜਦੋਂ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਬੁੰਗੇ ਲਾਗੇ ਪਹੁੰਚਿਆ ਤਾਂ ਚਿੱਟੇ ਛੋਲਿਆਂ ਦੇ ਟੱਬ ਪਏ ਸਨ। ਮੈਨੂੰ ਇਕ ਸਿੰਘ ਕਹਿਣ ਲੱਗਾ ਕਿ "ਗੁਰੂ ਨਾਨਕ ਨਿਵਾਸ ਵਿੱਚ ਸਿੰਘਾਂ ਨੂੰ ਛੋਲੇ ਚਾਹੀਦੇ ਹਨ, ਡਾਕਟਰ ਜੀ ਉਹਨਾਂ ਨੂੰ ਪਹੁੰਚਾ ਦੇਵੋ।" ਮੈਂ ਦੋ ਬਾਲਟੀਆਂ ਭਰ ਕੇ ਚੁੱਕ ਲਈਆਂ ਤੇ ਮੰਜੀ ਸਾਹਿਬ ਦੀਵਾਨ ਹਾਲ ਦੇ ਵਿੱਚੋਂ ਦੀ ਹੋ ਕੇ ਗੁਰੂ ਨਾਨਕ ਨਿਵਾਸ ਪਹੁੰਚ ਗਿਆ। ਸਿੰਘਾਂ ਨੂੰ ਛੋਲੇ ਦਿੱਤੇ। ਉਸ ਵਕਤ ਟੈਂਕ ਸਰਾਂ ਵਾਲੇ ਪਾਸੇ ਦੇ ਗੇਟ ਵਿੱਚੋਂ ਅੰਦਰ ਆਉਣ ਦਾ ਯਤਨ ਕਰ ਰਹੇ ਸਨ। ਮੈਂ ਸੜਕ ਪਾਰ ਕਰਕੇ ਅਕਾਲੀ ਦਲ ਤਲਵੰਡੀ ਦੇ ਦਫ਼ਤਰ ਵਿੱਚ ਆ ਗਿਆ, ਜੋ ਉਦੋਂ ਮਾਤਾ ਗੰਗਾ ਨਿਵਾਸ ਵਾਲੀ ਥਾਂ 'ਤੇ ਹੁੰਦਾ ਸੀ। ਫਾਇਰਿੰਗ ਏਨੀ ਜ਼ਿਆਦਾ ਹੋ ਰਹੀ ਸੀ ਜਿਵੇਂ ਛੈਣੇ ਖੜਕਦੇ ਹਨ। ਦਫ਼ਤਰ ਵਿੱਚ ਆਟਾ ਪਿਆ ਸੀ। ਮੈਂ ਉਸ ਕੋਲੋਂ ਆਟਾ ਮੰਗਿਆ ਪਰ ਸੇਵਾਦਾਰ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਫਾਇਰਿੰਗ ਕਾਰਨ ਮੈਂ ਲਗਭਗ ਦੋ ਘੰਟੇ ਉਥੇ ਰੁਕਿਆ ਰਿਹਾ।

ਉਥੇ ਫਿਰ ਮੈਂ ਪਿਛਲੀ ਗਲੀ ਵਿੱਚ ਗੋਂਦਵਾਲੀਆਂ ਦੇ ਬੁੰਗੇ ਵਿੱਚ ਚਲਾ ਗਿਆ। ਬਾਬਾ ਪੂਰਨ ਸਿੰਘ ਉਥੇ ਰਹਿੰਦੇ ਸਨ। ਉਹ ਕਹਿਣ ਲੱਗੇ ਕਿ "ਹੁਣ ਤੈਨੂੰ ਵਾਪਸ ਨਹੀਂ

ਜਾਣ ਦੇਣਾ।" ਪਰ ਮੈਂ ਉਨ੍ਹਾਂ ਕੋਲੋਂ ਗਲਾਸ ਵਿੱਚ ਥੋੜਾ ਜਿਹਾ ਦੁੱਧ ਲਿਆ ਤੇ ਗਲਾਸ ਨੂੰ ਡੋਲ ਵਿੱਚ ਰੱਖ ਲਿਆ ਤਾਂ ਜੋ ਦੁੱਧ ਡੁੱਲ੍ਹੇ ਨਾ। ਜਿੱਥੇ ਅੱਜਕੱਲ ਸਰੋਵਰ ਦਾ ਪਾਣੀ ਸਾਫ਼ ਕਰਨ ਲਈ ਪਲਾਂਟ ਲੱਗਾ ਹੋਇਆ ਹੈ ਉਥੇ ਪ੍ਰਕਰਮਾ ਵਿੱਚ ਜਾਣ ਲਈ ਛੋਟੀ ਜਿਹੀ ਬਾਰੀ ਹੁੰਦੀ ਸੀ। ਉਸ ਰਾਹੀਂ ਮੈਂ ਅੰਦਰ ਵੜਿਆ ਤਾਂ ਵੇਖਿਆ ਕਿ ਮੰਜੀ ਸਾਹਿਬ ਦੀਵਾਨ ਹਾਲ ਦੇ ਅੱਗੋਂ ਦੀ ਟੈਂਕ ਪ੍ਰਕਰਮਾ ਵਿੱਚ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪ੍ਰੰਤੂ ਪ੍ਰਕਰਮਾ ਦੇ ਥੰਮ੍ਹਾਂ ਕਰਕੇ ਉਹ ਅੱਗੇ ਨਾ ਜਾ ਸਕਿਆ। ਫਿਰ ਉਹ ਟੈਂਕ ਵਾਪਸ ਚਲਾ ਗਿਆ ਤੇ ਗੁਰੂ ਰਾਮਦਾਸ ਲੰਗਰ ਹਾਲ ਦੇ ਅੱਗੋਂ ਦੀ ਪ੍ਰਕਰਮਾ ਵਿੱਚ ਆਇਆ। ਇੰਨੇ ਸਮੇਂ ਵਿੱਚ ਮੈਂ ਦੁੱਧ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਦੌੜ ਪਿਆ। ਬਾਬਾ ਦੀਪ ਸਿੰਘ ਸ਼ਹੀਦ ਦੇ ਬੁੰਗੇ ਅੱਗੇ ਮੈਂ ਅਰਦਾਸ ਕੀਤੀ ਕਿ "ਬਾਬਾ ਜੀ, ਤੁਸੀਂ ਸੰਤ ਸਿਪਾਹੀ ਹੋ, ਤੁਹਾਡੇ ਹੁੰਦਿਆਂ ਟੈਂਕ ਪ੍ਰਕਰਮਾ ਵਿੱਚ ਆਉਣਗੇ।" ਅਰਦਾਸ ਕਰਕੇ ਮੈਂ ਤੁਰਨ ਲੱਗਿਆ ਤਾਂ ਮੇਰੇ ਪੈਰ ਅੱਗੇ ਨਾ ਵੱਧਣ। ਮੈਨੂੰ ਇਕ ਬਹੁਤ ਮਿੱਠੀ ਆਵਾਜ਼ ਆਈ ਕਿ ਤੁਹਾਡੀ ਸੇਵਾ ਖਤਮ ਹੋ ਗਈ ਹੈ ਤੁਸੀਂ ਵਾਪਸ ਚਲੇ ਜਾਉ। ਮੈਂ ਆਪਣਾ ਪੈਰ ਫਿਰ ਅਗਾਂਹ ਪੁੱਟਣ ਦੀ ਕੋਸ਼ਿਸ਼ ਕੀਤੀ ਫਿਰ ਆਵਾਜ਼ ਆਈ ਕਿ ਤੁਹਾਡੀ ਸੇਵਾ ਖਤਮ ਹੋ ਗਈ ਹੈ, ਤੁਸੀਂ ਵਾਪਸ ਚਲੇ ਜਾਉ।


ਇਹ ਘਟਨਾ ਦੱਸਦਿਆਂ 85 ਸਾਲਾਂ ਦੇ ਬਜ਼ੁਰਗ ਡਾਕਟਰ ਸਾਹਿਬ ਰੋਣ ਲੱਗ ਪਏ। ਫਿਰ ਉਨ੍ਹਾਂ ਨੇ ਦੱਸਿਆ ਕਿ ਮੈਂ ਬਾਬਾ ਦੀਪ ਸਿੰਘ ਵਾਲਾ ਥੜਾ ਚੁੰਮਿਆ ਤੇ ਮੱਥਾ ਟੇਕ ਕੇ ਜਿਸ ਰਸਤੇ ਗਿਆ ਸੀ ਉਸੇ ਰਸਤੇ ਵਾਪਸ ਬੁੰਗੇ ਵਿੱਚ ਆ ਗਿਆ। ਬਾਅਦ ਵਿੱਚ ਪਤਾ ਲੱਗਾ ਕਿ ਛੋਟੀ ਬੱਚੀ ਜਿਸ ਲਈ ਮੈਂ ਦੁੱਧ ਲੈ ਕੇ ਜਾ ਰਿਹਾ ਸੀ, ਦੀ ਮੌਤ ਹੋ ਗਈ ਸੀ। ਸਾਰੀ ਰਾਤ ਭਾਰੀ ਗੋਲਾਬਾਰੀ ਹੁੰਦੀ ਰਹੀ ਅਤੇ ਅਸੀਂ ਬੁੰਗੇ ਵਿੱਚ ਹੀ ਰੁਕੇ ਰਹੇ।


ਬੁੰਗੇ ਵਿੱਚ ਹੀ ਅਰਜਨ ਸਿੰਘ ਬੁੱਧੀ ਰਾਜਾ, ਜੋ ਅਕਾਲੀ ਲੀਡਰ ਸੀ, ਦੇ ਭਰਾ ਦੀ ਮੌਤ ਹੋ ਗਈ। ਗਰਮੀ ਕਾਰਨ ਉਸ ਦੀ ਲਾਸ਼ ਖਰਾਬ ਹੋਣ ਲੱਗ ਪਈ ਸੀ। ਬਾਹਰ ਖੜੇ ਸੀ.ਆਰ.ਪੀ. ਵਾਲਿਆਂ ਦੇ ਤਰਲੇ ਮਾਰੇ ਤਾਂ ਉਨ੍ਹਾਂ ਆਪਣੀ ਜੀਪ ਦਿੱਤੀ। ਉਸ ਵਿੱਚ ਲਾਸ਼ ਰੱਖੀ, ਨਾਲ ਅਸੀਂ ਜਿੰਨੀ ਕੁ ਥਾਂ ਸੀ ਉਸ ਵਿੱਚ ਬੈਠ ਗਏ। ਕਟੜਾ ਦਲ ਸਿੰਘ ਪਹੁੰਚੇ ਤਾਂ ਬੀ.ਐਸ.ਐਫ. ਵਾਲਿਆਂ ਨੇ ਜੀਪ ਖੜੀ ਕਰ ਲਈ। ਉਨ੍ਹਾਂ ਕਿਹਾ ਕਿ ਇਕ ਲਾਸ਼ ਸਾਡੀ ਵੀ ਲੈ ਜਾਉ। ਉਨ੍ਹਾਂ ਨੇ ਇਕ ਬੀਬੀ ਦੀ ਲਾਸ਼ ਚੁੱਕ ਕੇ ਜੀਪ ਵਿੱਚ ਗੋਲ-ਮੋਲ ਕਰਕੇ ਰੱਖ ਦਿੱਤੀ। ਉਸ ਬੀਬੀ ਨੂੰ ਕੋਠੇ ਉਪਰ ਖੜੀ ਨੂੰ ਉਨ੍ਹਾਂ ਨੇ ਹੇਠੋਂ ਗੋਲੀ ਮਾਰ ਦਿੱਤੀ ਸੀ ਤੇ ਵਿਚਾਰੀ ਧੜੰਮ ਕਰਕੇ ਗਲੀ ਵਿੱਚ ਆਣ ਡਿੱਗੀ ਸੀ। ਅਸੀਂ ਸ਼ਹੀਦਾਂ ਵਾਲੇ ਸ਼ਮਸ਼ਾਨ ਘਾਟ ਪਹੁੰਚ ਕੇ ਦੋਵਾਂ ਲਾਸ਼ਾਂ ਦਾ ਸਸਕਾਰ ਕੀਤਾ। ਕੁਝ ਪੁਲਿਸ ਵਾਲੇ ਉਥੇ ਆ ਗਏ ਤੇ ਉਨ੍ਹਾਂ ਕਿਹਾ ਕਿ ਤੁਸੀਂ ਇਥੋਂ ਚਲੇ ਜਾਉ, ਸਿੰਘਾਂ ਦੀਆਂ ਲਾਸ਼ਾਂ ਆ ਰਹੀਆਂ ਹਨ। ਉਥੇ ਪਹਿਲਾਂ ਵੀ ਕਾਫ਼ੀ ਸਵਾਹ ਖਿਲਰੀ ਪਈ ਸੀ ਜਿਸ ਤੋਂ ਅੰਦਾਜ਼ਾ ਲੱਗਦਾ ਸੀ ਕਿ ਉਨ੍ਹਾਂ ਨੇ ਪਹਿਲਾਂ ਵੀ ਕਾਫ਼ੀ ਲਾਸ਼ਾਂ ਦਾ ਸਸਕਾਰ ਕਰ ਦਿੱਤਾ ਸੀ। ਮੈਂ ਉਥੋਂ ਗੁਰਦੁਆਰਾ ਸ਼ਹੀਦਾਂ ਆ ਗਿਆ। ਉਥੇ ਮੈਨੂੰ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 132 ਉਪਰ ਗੋਲੀ ਵੱਜੀ ਹੈ। ਉਥੇ ਕੁਝ ਸਿੰਘਾਂ

ਨੇ ਚੌਲ ਤਿਆਰ ਕੀਤੇ ਹੋਏ ਸਨ। ਮੈਂ ਉਹ ਖਾਧੇ ਤੇ ਫਿਰ ਆਪਣੇ ਮਿੱਤਰ ਸ. ਰਜਿੰਦਰ ਸਿੰਘ ਜੋ ਕਿ ਬਹਾਦਰ ਨਗਰ ਰਹਿੰਦੇ ਸਨ, ਦੇ ਘਰ ਚਲਾ ਗਿਆ।

ਮੁਲਾਕਾਤ ਦੀ ਸਮਾਪਤੀ ਉਪਰ ਡਾਕਟਰ ਸਾਹਿਬ ਨੇ ਆਪਣੀਆਂ ਭਾਵਨਾਵਾਂ ਕਵਿਤਾਂ ਦੀਆਂ ਕੁਝ ਲਾਈਨਾਂ ਰਾਹੀਂ ਪ੍ਰਗਟ ਕੀਤੀਆਂ :

ਮਾਂ ਜੰਮ-ਜੰਮ ਲੈ, ਜੇਕਰ ਜੰਮ ਸਕੇ ਤਾਂ,
ਬੇਸ਼ੱਕ ਜੰਮ ਪੁੱਤ, ਰੱਬ ਦਾ ਯਾਰ ਬੇਸ਼ੱਕ।
ਜਾਂ ਫਿਰ ਜੰਮ ਪੁੱਤ ਸੂਰਾ ਟੋਟੇ ਹੋਣ ਵਾਲਾ,
ਐਪਰ ਜੰਮੀਂ ਨਾ ਪੁੱਤ ਗਦਾਰ ਬੇਸ਼ੱਕ।
ਪੁੱਤ ਜੰਮਣਾ ਕੰਮ ਦਾ ਇਕ ਚੰਗਾ,
ਨਿਕੰਮੇ ਦੇ ਅੱਗੇ ਹੋਰ ਕੋਈ ਨਾ।
ਪੁੱਤ ਜੰਮਣਾ ਕੰਮ ਦਾ ਇਕ ਚੰਗਾ,
ਨਿਕੰਮਿਆਂ ਦੀ ਅੱਗੇ ਥੋੜ ਕੋਈ ਨਾ।





ਹਿੰਦੁਸਤਾਨੀ ਫ਼ੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਕਬਜਾ ਕਰਨ ਉਪਰੰਤ ਤਿਰੰਗੇ ਝੰਡੇ ਲਹਿਰਾਏ ਗਏ



ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

POST MORTEM REPORT 14

NAME Jasnail Singh
FATHER'S NAME Sh Jagtinder Singh
Or
HUSBAND'S NAME
CASTE Sikh
RESIDENCE Village Ride P.S Baggo Lungno Distt Faridkot
SEX Male AGE About 38 years
Date 7-6- 1984

Body brought for inquest by S.I Gurdyal Singh, P.S.T.A Amritsar

Body identified by Sh Ajmer Singh, s/o Jagtinder Singh

Brought from dead house, Amritsar

DATE OF HOUR OF—

	Examination of body	Despatch of matter to Chemical Examiner	Appearance of symptom of poison or disease
	7-6-84 at 8 pm	"	—

Received the dead body of a deceased

The Medical Officer will observe the state of all the organs and when he finds no injury, he should write in the appropriate place the word "Healthy"

EXTERNAL APPEARANCE


Length of body: 6'-0"

Marks of ligature and discoloration: —

Description of wounds and injuries: Body of a middle aged person, well built, wearing a Kacha, a chola and a phatki. All clothes blood stained. A white metal kara present one in each forearm. Rigor mortis present in lower extremities only. Eyes closed. Right pupil dilated, left eyeball sunken, mouth closed.

Size of bruises: Semi-opn. Post mortem staining present on back of body

Remarks:
(1) A lacerated wound 2cm x 1cm with inverted and ecchymosed margins on the right side of forehead, 2cm above middle right eyebrow.
(2) A lacerated wound with everted margins, 7cm x 5cm [illegible]



ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਪੋਸਟਮਾਰਟਮ ਰਿਪੋਰਟ ਵਿਚ ਦਰਸਾਏ ਗਏ ਗੋਲੀਆਂ ਲੱਗਣ ਦੇ ਨਿਸ਼ਾਨ।

ਕਬੀਰ ਮੁਾਂਹੁ ਮਖਹੇ ਕਾ ਚਾਉ ਹੈ ਮਰਉ ਤ ਗਹਿ ਹੈ ਦੁਆਰ ॥



ਅੰਤਿਮ ਦਰਸ਼ਨ ਮੰਚ ਕਿਆਲੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ




ਅੰਤਿਮ ਦਰਸ਼ਨ ਜਨਰਲ ਸੁਬੇਗ ਸਿੰਘ

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥





ਅੰਤਿਮ ਦਰਸ਼ਨ ਭਾਈ ਅਮਰੀਕ ਸਿੰਘ





ਅੰਤਿਮ ਦਰਸ਼ਨ ਬਾਬਾ ਠਾਹਰਾ ਸਿੰਘ ਜੀ

ਮਾਸ ਦੇ ਚੀਥੜੇ ਉੱਡ ਕੇ ਦੀਵਾਰਾਂ ਨਾਲ ਲੱਗੇ ਹੋਏ ਸਨ

(ਭਾਈ ਸੁਖਵੰਤ ਸਿੰਘ ਜੀ ਦਾ ਸੰਬੰਧ ਦਮਦਮੀ ਟਕਸਾਲ ਨਾਲ ਹੈ ਅਤੇ ਉਹ ਜੂਨ 1984 ਦੇ ਘੱਲੂਘਾਰੇ ਦੌਰਾਨ ਬਾਕਾਇਦਾ ਤੌਰ 'ਤੇ ਮੋਰਚਾਬੰਦੀ ਕਰਨ ਵਾਲੇ ਅਤੇ ਮੋਰਚਿਆਂ ਵਿੱਚ ਜੂਝਣ ਵਾਲੇ ਸਿੰਘਾਂ ਵਿੱਚੋਂ ਇਕ ਸਨ। ਜੋ ਕੁਝ ਉਨਾਂ ਨੇ ਬਿਆਨ ਕੀਤਾ ਹੈ ਉਸ ਤੋਂ ਜੂਨ 1984 ਦੇ ਸਾਰੇ ਅੰਦਰਲੇ ਹਲਾਤ, ਸਿੰਘਾਂ ਦੀ ਮੋਰਚਾਬੰਦੀ, ਯੁੱਧਨੀਤੀ ਅਤੇ ਸਾਰੇ ਵਾਕਿਆਤ ਦਾ ਪਤਾ ਲਗਦਾ ਹੈ)

4 ਜੂਨ ਅੰਮ੍ਰਿਤ ਵੇਲੇ ਜਦੋਂ ਕਿ ਦਰਬਾਰ ਸਾਹਿਬ ਵਿੱਚ ਕੀਰਤਨ ਦੀਆਂ ਮਧੁਰ ਧੁਨਾਂ ਸੁਣਾਈ ਦੇ ਰਹੀਆਂ ਸਨ, ਅਚਾਨਕ 4:15 ਵਜੇ ਇਕ ਭਾਰੀ ਧਮਾਕਾ ਹੋਇਆ। ਇਸ ਤਰ੍ਹਾਂ ਲੱਗਾ ਜਿਵੇਂ ਇਹ ਧਮਾਕਾ ਸਾਡੇ ਕੋਲ ਹੀ ਹੋਇਆ ਹੈ। ਇਹ ਸਿਗਨਲ ਸੀ ਬੰਬਾਰੀ ਸ਼ੁਰੂ ਕਰਨ ਦਾ, ਕਿ ਭਾਰਤ ਦੀ ਫ਼ੌਜ ਨੇ ਸਿੱਖਾਂ ਦੇ ਸ਼੍ਰੋਮਣੀ ਧਾਰਮਿਕ ਅਸਥਾਨ 'ਤੇ ਪੂਰੀ ਸਕੀਮ ਦੇ ਨਾਲ ਅਟੈਕ ਕਰ ਦਿੱਤਾ ਹੈ। ਇਕ ਦਮ ਗੋਲਿਆਂ ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਅਸੀਂ ਸਾਰੇ ਸਿੰਘ ਇਕ ਦਮ ਚੌਕੰਨੇ ਹੋ ਗਏ, ਅਸੀਂ ਤਕਰੀਬਨ 20 ਸਿੰਘ ਸਿੰਧੀ ਹੋਟਲ 'ਤੇ, ਜੋ ਕਿ ਲੰਗਰ ਦੇ ਲਾਗੇ ਸੀ. ਮੋਰਚਾ ਮੱਲੀ ਬੈਠੇ ਸਾਂ। ਦਿਨ ਚੜ੍ਹਦੇ ਤੀਕ ਸਾਰੇ ਹੀ ਮੋਰਚੇ ਜੋ ਉਚੀ ਥਾਂ 'ਤੇ ਬਣਾਏ ਸਨ, ਤੋਪਾਂ ਦੇ ਗੋਲਿਆਂ ਨਾਲ ਨਸ਼ਟ ਕਰ ਦਿੱਤੇ ਸਨ। ਅਸੀਂ ਜੋ ਹੋਟਲ ਦੇ ਉਪਰ ਬੋਰੀਆਂ ਲਾ ਕੇ ਮੋਰਚੇ ਬਣਾਏ ਸਨ, ਉਹ ਵੀ ਪੂਰੀ ਤਰ੍ਹਾਂ ਨਸ਼ਟ ਹੋ ਚੁੱਕੇ ਸਨ। ਇਥੇ ਇਹ ਗੱਲ ਵਰਣਨਯੋਗ ਹੈ ਕਿ ਜੋ ਮੋਰਚਾਬੰਦੀ 3 ਤਾਰੀਖ ਤੋਂ ਪਹਿਲਾਂ ਕੀਤੀ ਗਈ ਸੀ ਤੇ ਜਿਸ ਬਾਰੇ ਫ਼ੌਜ ਨੂੰ ਪਤਾ ਸੀ, ਫ਼ੌਜ ਨੇ ਪਹਿਲੇ ਹੱਲੇ ਹੀ ਨਸ਼ਟ ਕਰ ਦਿੱਤੀ। ਸਿਰਫ਼ ਉਹ ਹੀ ਮੋਰਚਾਬੰਦੀ ਕਾਇਮ ਰਹੀ ਜੋ 3 ਤਾਰੀਖ ਤੋਂ ਬਾਅਦ ਇਕ ਦਮ ਬਣਾਈ ਗਈ, ਜਿਸ ਬਾਰੇ ਫ਼ੌਜ ਨੂੰ ਪਤਾ ਨਹੀਂ ਸੀ। ਜਨਰਲ ਸ਼ੁਬੇਗ ਸਿੰਘ ਨੇ ਜਿਹੜੇ ਮੋਰਚੇ 3 ਜੂਨ ਸਾਰੀ ਰਾਤ ਮਿਹਨਤ ਕਰਕੇ ਬਣਾਏ ਉਨ੍ਹਾਂ ਨੇ ਹੀ ਭਾਰਤੀ ਫ਼ੌਜ ਦਾ ਸਭ ਤੋਂ ਵੱਧ ਨੁਕਸਾਨ ਕੀਤਾ। ਅਸੀਂ ਥੱਲੇ ਮੰਜ਼ਿਲ ਵੱਲ ਆ ਕੇ ਅੰਦਰ ਕਮਰਿਆਂ ਵਿੱਚ ਨਵੇਂ ਮੋਰਚੇ ਬਣਾਏ ਅਤੇ ਉਨਾਂ ਵਿੱਚ ਸ਼ਸਤਰ ਲੈ ਕੇ ਮੋਰਚੇ ਸੰਭਾਲ ਲਏ ਪਰ ਗੋਲੀ ਇਤਨੀ ਆ ਰਹੀ ਸੀ ਕਿ ਸਾਥੋਂ ਗੋਲੀ ਨਹੀਂ ਸੀ ਚੱਲ ਰਹੀ। ਅਖ਼ੀਰ ਸਾਡਾ ਸੰਪਰਕ ਲੰਗਰ 'ਤੇ ਹੋਇਆ। ਭਾਈ ਅਮਰੀਕ ਸਿੰਘ, ਬਾਬਾ ਥਾਰਾ ਸਿੰਘ ਸਾਰੀ ਕਮਾਂਡ ਕਰ ਰਹੇ ਸਨ। ਇਥੇ ਸਿੰਧੀ ਹੋਟਲ 'ਤੇ ਹੀ ਸਾਨੂੰ ਇਨ੍ਹਾਂ ਮੁਖੀ ਸਿੰਘਾਂ

ਨੇ ਸੁਨੇਹਾ ਭੇਜਿਆ ਕਿ ਤੁਸੀਂ ਸਿੰਧੀ ਹੋਟਲ ਛੱਡ ਕੇ ਲੰਗਰ 'ਤੇ ਆ ਜਾਉ। ਸਿੰਧੀ ਹੋਟਲ 'ਤੇ ਕਿਸੇ ਵੇਲੇ ਵੀ ਘੇਰਾ ਪੈ ਸਕਦਾ ਸੀ। ਅਸੀਂ ਤਕਰੀਬਨ 11 ਵਜੇ ਸਿੰਧੀ ਹੋਟਲ ਛੱਡ ਕੇ ਲੰਗਰ 'ਤੇ ਆ ਗਏ। ਲੰਗਰ 'ਤੇ ਇਕੱਠੇ ਹੋ ਕੇ ਸਾਰੇ ਸਿੰਘਾਂ ਨੇ ਵਿਚਾਰ ਕੀਤੀ ਤੇ ਸਾਰੇ ਸਿੰਘਾਂ ਨੂੰ ਵੱਖ-ਵੱਖ ਥਾਵਾਂ 'ਤੇ ਤਾਇਨਾਤ ਕਰ ਦਿੱਤਾ। ਮੈਨੂੰ ਨਾਲ ਦੇ ਸਿੰਘਾਂ ਸਮੇਤ ਉਚੇ ਬੁਰਜ 'ਤੇ ਡਿਊਟੀ ਦਿੱਤੀ ਗਈ ਪਰ ਜਦੋਂ ਅਸੀਂ ਸਾਰੇ ਉਚੇ ਬੁਰਜ 'ਤੇ ਗਏ ਤਾਂ ਉਥੇ ਗੋਲਿਆਂ ਦਾ ਮੀਂਹ ਵਰ੍ਹ ਰਿਹਾ ਸੀ। ਬੁਰਜ ਸਾਰਾ ਹਿੱਲ ਰਿਹਾ ਸੀ, ਇਸ ਤਰ੍ਹਾਂ ਲੱਗ ਰਿਹਾ ਸੀ ਕਿਸੇ ਵੇਲੇ ਵੀ ਡਿੱਗ ਸਕਦਾ ਹੈ। ਉਸ ਦੇ ਅੰਦਰ ਮਿੱਟੀ ਘੱਟੇ ਨਾਲ ਦਮ ਘੁੱਟ ਰਿਹਾ ਸੀ। ਇਥੇ ਵੀ ਮੋਰਚਾ ਕਾਮਯਾਬ ਨਹੀਂ ਹੋਇਆ। ਅਖੀਰ ਅਸੀਂ ਲੰਗਰ 'ਤੇ ਵਾਪਸ ਆ ਗਏ। ਗੋਲੀ ਇਤਨੀ ਚੱਲ ਰਹੀ ਸੀ ਕਿ ਕਿਸੇ ਵੀ ਪਾਸੋਂ ਮੋਰਚੇ ਵਿੱਚੋਂ ਬਾਹਰ ਨਹੀਂ ਸੀ ਆ ਸਕਦੇ। ਪਰ ਸਾਡੇ ਵੱਲੋਂ ਗੋਲੀ ਉਦੋਂ ਹੀ ਚਲਾਈ ਜਾਂਦੀ ਜਦੋਂ ਕੋਈ ਫ਼ੌਜੀ ਨਜ਼ਰੀਂ ਪੈਂਦਾ। ਸਾਡੇ ਸਿੰਘਾਂ ਦਾ ਆਪਸੀ ਸੰਪਰਕ ਸੀ। ਇਕ ਦੂਸਰੇ ਮੋਰਚੇ ਵਿੱਚ ਅਸੀਂ ਚਲੇ ਜਾਂਦੇ ਸਾਂ। ਜੇ ਕਿਸੇ ਕੋਲ ਗੋਲੀ-ਸਿੱਕੇ ਦੀ ਕਮੀ ਹੁੰਦੀ ਤਾਂ ਦੇ ਲੈ ਸਕਦੇ ਸੀ। ਪੂਰੀ ਰਾਤ ਗਹਿਗੱਚ ਲੜਾਈ ਹੁੰਦੀ ਰਹੀ ਪਰ ਫ਼ੌਜ ਦੀ ਹਿੰਮਤ ਨਹੀਂ ਪਈ ਕਿ ਉਹ ਪੈਦਲ ਅੱਗੇ ਵਧ ਸਕੇ। ਅੱਧੀ ਰਾਤ ਵੇਲੇ ਚਾਰ ਹੈਲੀਕਾਪਟਰ ਦਰਬਾਰ ਸਾਹਿਬ ਉਪਰ ਮੰਡਰਾ ਰਹੇ ਸਨ। ਉਨ੍ਹਾਂ ਰਾਹੀਂ ਕਮਾਂਡੋ ਉਤਾਰਨ ਦਾ ਯਤਨ ਕੀਤਾ ਪਰ ਸਿੰਘਾਂ ਨੇ ਥੱਲਿਉਂ ਫਾਇਰਿੰਗ ਕਰਕੇ ਉਨ੍ਹਾਂ ਦੀ ਯੋਜਨਾ ਸਿਰੇ ਨਾ ਚੜ੍ਹਨ ਦਿੱਤੀ। ਲੰਗਰ ਦੇ ਉਪਰ ਵੀ ਇਕ ਹੈਲੀਕਾਪਟਰ ਕਾਫ਼ੀ ਚਿਰ ਰੁਕਿਆ ਰਿਹਾ। ਭਾਈ ਅਮਰੀਕ ਸਿੰਘ ਨੇ ਖ਼ੁਦ ਐਲ.ਐਮ.ਜੀ. ਲੈ ਕੇ ਇਸ ਉੱਤੇ ਫਾਇਰਿੰਗ ਕੀਤੀ ਅਤੇ ਇਹ ਵੀ ਕਮਾਂਡੋ ਨਹੀ ਉਤਾਰ ਸਕੇ। ਅਗਲੇ ਦਿਨ 5 ਤਰੀਕ ਨੂੰ ਲੰਗਰ 'ਤੇ ਯੋਜਨਾਬੱਧ ਤਰੀਕੇ ਨਾਲ ਫਾਇਰਿੰਗ ਹੋਣ ਲੱਗ ਪਈ। ਸਾਡੀ ਉਪਰਲੀ ਮੰਜ਼ਿਲ ਵਾਲੇ ਮੋਰਚੇ ਫ਼ੌਜ ਨੇ ਬੁਰੀ ਤਰ੍ਹਾਂ ਤਬਾਹ ਕਰ ਦਿੱਤੇ ਸਨ। ਕਈ ਸਿੰਘ ਸ਼ਹੀਦ ਹੋ ਗਏ ਤੇ ਕਈ ਫੱਟੜ ਪਏ ਸਨ। ਪਰ ਇੱਥੇ ਇਨ੍ਹਾਂ ਦੀ ਕੋਈ ਮਲ੍ਹਮ ਪੱਟੀ ਕਰਨ ਵਾਲਾ ਨਹੀਂ ਸੀ। ਪਰ ਗੁਰੂ ਸਾਹਿਬ ਦੀ ਇਤਨੀ ਕ੍ਰਿਪਾ ਸੀ ਕਿ ਗੋਲੀਆਂ ਨਾਲ ਫੱਟੜ ਹੋਣ ਵਾਲੇ ਸਿੰਘ ਵੀ ਲੜਨ ਵਾਲਿਆਂ ਨੂੰ ਹੌਸਲਾ ਦੇ ਰਹੇ ਸਨ ਕਿ ਤਕੜੇ ਹੋ ਕੇ ਲੜੋ। ਸਿੰਘਾਂ ਦੀਆਂ ਲਾਸ਼ਾਂ ਮੋਰਚਿਆਂ ਵਿੱਚ ਪਈਆਂ ਸਨ ਪਰ ਉਥੇ ਸਾਡਾ ਮਨ ਵੀ ਸ਼ਾਇਦ ਪੱਥਰ ਹੋ ਗਿਆ ਸੀ। ਮਨ ਵਿੱਚ ਇਹੋ ਸੀ ਕਿ ਜਿਤਨਾ ਚਿਰ ਸਵਾਸ ਹਨ ਅਸੀਂ ਲੜਨਾ ਹੈ। 5 ਤਰੀਕ ਸ਼ਾਮ ਨੂੰ ਭਾਈ ਅਮਰੀਕ ਸਿੰਘ ਹੁਰਾਂ ਨੇ ਅਕਾਲ ਤਖ਼ਤ ਸਾਹਿਬ ਜਾਣ ਦਾ ਪ੍ਰੋਗਰਾਮ ਬਣਾਇਆ। ਅਸੀਂ ਵੀ ਭਾਈ ਸਾਹਿਬ ਨਾਲ ਜਾਣ ਦੀ ਤਿਆਰੀ ਕੀਤੀ ਕਿਉਂਕਿ ਉਥੋਂ ਹੋਰ ਗੋਲੀ ਸਿੱਕਾ ਲਿਆਉਣ ਦਾ ਪ੍ਰੋਗਰਾਮ ਸੀ। ਅਸੀਂ ਭਾਈ ਸਾਹਿਬ ਨਾਲ ਪ੍ਰਕਰਮਾ ਵਿੱਚ ਦੀ ਹੁੰਦੇ ਹੋਏ ਗੋਲੀਆਂ ਦੀ ਬੁਛਾੜ ਤੋਂ ਬਚ ਕੇ ਅਕਾਲ ਤਖ਼ਤ ਸਾਹਿਬ ਪਹੁੰਚੇ। ਅੱਗੋਂ ਸਾਨੂੰ ਸੰਤ ਮਹਾਂਪੁਰਸ਼ ਖੜ੍ਹੇ ਮਿਲੇ। ਅਸੀਂ ਫ਼ਤਹਿ ਬੁਲਾਈ। ਸੰਤਾਂ ਨੇ ਭਾਈ ਅਮਰੀਕ ਸਿੰਘ ਹੁਰਾਂ ਤੋਂ ਲੰਗਰ ਵਾਲੇ ਪਾਸੇ ਦਾ ਹਾਲ ਪੁੱਛਿਆ, ਸਾਨੂੰ ਵੀ ਪੁੱਛਿਆ ਕਿ ਚੜ੍ਹਦੀ ਕਲਾ ਵਿੱਚ ਹੋ? ਅਸੀਂ ਵੀ ਕਿਹਾ ਕਿ ਅਸੀਂ ਸਾਰੇ ਹੀ ਚੜ੍ਹਦੀ ਕਲਾ ਵਿੱਚ ਹਾਂ। ਸੰਤਾਂ ਦੇ ਸਿਰ 'ਤੇ ਪੀਲੀ ਕੇਸਕੀ ਸੀ ਅਤੇ ਹੱਥ ਵਿੱਚ ਥਾਮਸਨ ਗੰਨ

(ਕੁਝ ਸਰੋਤਾਂ ਮੁਤਾਬਿਕ ਚੀਨੀ ਕਲਾਸ਼ਨੀਕੋਵ ਰਾਈਫ਼ਲ) ਸੀ ਅਤੇ ਉਹ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿੱਚ ਸਨ। ਅਸੀਂ ਦੱਸਿਆ ਕਿ ਅਸੀਂ ਗੋਲੀ-ਸਿੱਕਾ ਲੈਣ ਵਾਸਤੇ ਆਏ ਹਾਂ ਤਾਂ ਉਨ੍ਹਾਂ ਨੇ ਭਾਈ ਰਛਪਾਲ ਸਿੰਘ ਨੂੰ ਕਿਹਾ ਕਿ ਇਨ੍ਹਾਂ ਨੂੰ ਸਾਰਾ ਸਮਾਨ ਦਿੱਤਾ ਜਾਵੇ। ਸਾਨੂੰ ਰਛਪਾਲ ਸਿੰਘ ਥੱਲੇ ਭੋਰੇ ਵਿੱਚ ਲੈ ਗਏ ਅਤੇ ਗੋਲੀ-ਸਿੱਕਾ ਜਿੰਨਾ ਵੀ ਸਾਥੋਂ ਚੁੱਕਿਆ ਗਿਆ, ਲੈ ਕੇ ਵਾਪਸ ਲੰਗਰ 'ਤੇ ਪਹੁੰਚ ਗਏ। ਇਸ ਤੋਂ ਬਾਅਦ ਸਾਡਾ ਸੰਪਰਕ ਅਕਾਲ ਤਖ਼ਤ ਸਾਹਿਬ ਤੋਂ ਬਿਲਕੁਲ ਕੱਟਿਆ ਗਿਆ। ਅਸੀਂ ਲੋੜ ਅਨੁਸਾਰ ਸਾਰਾ ਗੋਲੀ-ਸਿੱਕਾ ਸਾਰੇ ਸਿੰਘਾਂ ਨੂੰ ਵੰਡ ਦਿੱਤਾ। ਸ਼ਾਮ ਵੇਲੇ ਤਕਰੀਬਨ ਲੰਗਰ 'ਤੇ 60-70 ਸਿੰਘ ਸਾਂ। ਅਸੀਂ ਬਿਲਕੁਲ ਥੱਲੜੀ ਮੰਜ਼ਿਲ ਵਿੱਚ ਮੋਰਚੇ ਸੰਭਾਲ ਲਏ। ਹਨੇਰਾ ਹੁੰਦਿਆਂ ਹੀ ਫ਼ੌਜ ਨੇ ਤਿੰਨਾਂ ਪਾਸਿਆਂ ਤੋਂ (ਘੰਟਾ ਘਰ ਵਾਲੀ ਡਿਉੜੀ, ਬਾਬਾ ਦੀਪ ਸਿੰਘ ਵਾਲੀ ਡਿਉੜੀ ਤੇ ਲੰਗਰ ਵਾਲੀ ਸਾਈਡ) 400 ਟ੍ਰੇਂਡ ਕਮਾਂਡੋ ਜਿਨ੍ਹਾਂ ਨੂੰ ਸਪੈਸ਼ਲ ਟ੍ਰੇਨਿੰਗ ਦਿੱਤੀ ਗਈ ਸੀ, ਅੰਦਰ ਦਾਖਲ ਕੀਤੇ। ਲੰਗਰ ਵਾਲੀ ਸਾਈਡ ਤੋਂ ਅਸੀਂ ਵੀ ਇਕ ਕਮਾਂਡੋ ਅੰਦਰ ਨਹੀਂ ਵੜਨ ਦਿੱਤਾ। ਦੂਸਰੇ ਪਾਸਿਓਂ ਵੀ ਜਿਤਨੇ ਕਮਾਂਡੋ ਅੰਦਰ ਆਏ ਉਨ੍ਹਾਂ ਵਿੱਚੋਂ ਇਕ ਵੀ ਬਚ ਕੇ ਵਾਪਸ ਨਹੀਂ ਗਿਆ। ਜਦੋਂ ਫ਼ੌਜ ਨੇ ਵੇਖ ਲਿਆ ਕਿ ਪੈਦਲ ਅਸੀਂ ਅੱਗੇ ਨਹੀਂ ਜਾ ਸਕਦੇ ਤਾਂ ਰਾਤ 11 ਵਜੇ ਟੈਂਕ ਅਤੇ ਬਖ਼ਤਰਬੰਦ ਗੱਡੀਆਂ ਸਰਾਂ ਵਾਲੇ ਪਾਸਿਉਂ ਅੰਦਰ ਵਾੜੇ। ਇਹ ਲੰਗਰ 'ਤੇ ਗੋਲਿਆਂ ਅਤੇ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਸਨ। ਆਖ਼ਰ ਅਸੀਂ ਲੰਗਰ ਦੀ ਪਿਛਲੀ ਸਾਈਡ ਤੋਂ ਬਾਬਾ ਥਾਰਾ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਮੇਜਰ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਸਵਰਨ ਸਿੰਘ, ਭਾਈ ਦਲਬੀਰ ਸਿੰਘ ਆਦਿ ਸਿੰਘਾਂ ਨੇ ਮਿਲ ਕੇ ਵਿਚਾਰ ਕੀਤਾ ਕਿ ਹੁਣ ਸਾਨੂੰ ਲੰਗਰ ਵਾਲੀ ਜਗ੍ਹਾ ਛੱਡ ਕੇ ਅਕਾਲ ਤਖ਼ਤ ਸਾਹਿਬ ਜਾਣਾ ਚਾਹੀਦਾ ਹੈ। ਇਸੇ ਭਾਈ ਸਵਰਨ ਸਿੰਘ ਨੇ ਅਰਦਾਸ ਵੀ ਕੀਤੀ ਕਿ ਗੁਰੂ ਸਾਹਿਬ ਜੀਓ! ਸਾਨੂੰ ਬਲ ਬਖਸ਼ੋ, ਅਸੀਂ ਇਨ੍ਹਾਂ ਦੁਸ਼ਮਣਾਂ ਨਾਲ ਲੋਹਾ ਲੈ ਸਕੀਏ। ਰਾਤ ਨੂੰ 1 ਵਜੇ ਅਸੀਂ ਬ੍ਰਹਮ ਬੂਟਾ ਅਖਾੜੇ ਵਿੱਚ ਦੀ ਪਰਕਰਮਾ ਵੱਲ ਵਧੇ ਤਾਂ ਅੱਗੋਂ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਭਾਈ ਸਵਰਨ ਸਿੰਘ ਅਤੇ ਭਾਈ ਦਲਬੀਰ ਸਿੰਘ ਨਾਲ ਵਾਲੇ ਕਮਰੇ ਨੂੰ ਹੋ ਗਏ। ਇਥੇ ਵੀ ਕਾਫ਼ੀ ਸਿੰਘ ਸਨ ਜਿਨ੍ਹਾਂ ਵਿੱਚ ਜ਼ਿਆਦਾ ਕਾਰ ਸੇਵਾ ਵਾਲੇ ਸਨ। ਇਥੇ ਇਹ ਦੱਸਣਯੋਗ ਹੈ ਕਿ ਇਹ ਕਾਰ ਸੇਵਾ ਵਾਲੇ ਕੋਈ 35 ਸਿੰਘ ਅਰਦਾਸ ਕਰਕੇ ਤੁਰੇ ਸੀ ਕਿ ਦਰਬਾਰ ਸਾਹਿਬ ਹਮਲੇ ਦੀ ਸੂਰਤ ਵਿੱਚ ਇਹ ਸ਼ਹੀਦ ਹੋਣਗੇ। ਇਨ੍ਹਾਂ ਵਿੱਚੋਂ ਸਿਰਫ਼ 4 ਸਿੰਘ ਬਚੇ ਜੋ ਸਾਡੇ ਨਾਲ ਬਾਅਦ ਵਿੱਚ ਜੋਧਪੁਰ ਵਿੱਚ ਰਹੇ। ਬਾਕੀ ਸਭ ਸੂਰਮਗਤੀ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ। ਇਨ੍ਹਾਂ ਦੇ ਮੁਖੀ ਜਥੇਦਾਰ ਬਾਬਾ ਪਹਿਲਵਾਨ ਜਿਨ੍ਹਾਂ ਦਾ ਨਾਂ ਮੈਂ ਭੁੱਲ ਗਿਆ ਹਾਂ, ਸਭ ਤੋਂ ਵੱਧ ਦਲੇਰਾਨਾ ਤਰੀਕੇ ਨਾਲ ਲੜੇ। ਸਾਥੋਂ ਭਾਈ ਮੇਜਰ ਸਿੰਘ ਜੀ ਨਾਗੋਕੇ ਵਿਛੜ ਕੇ ਲੰਗਰ ਲਾਗੇ ਹੀ ਜੋ ਖੂਹ ਵਿੱਚ ਭੋਰਾ ਸੀ, ਇਹ ਕੋਈ ਪੰਜ ਸਿੰਘ ਸੀ, ਭੋਰੇ ਵਿੱਚ ਉਤਰ ਗਏ। ਮੇਜਰ ਸਿੰਘ ਨੂੰ ਇਸ ਭੋਰੇ ਬਾਰੇ ਪਹਿਲਾਂ ਹੀ ਜਾਣਕਾਰੀ ਸੀ। ਅਸੀਂ ਇਕ ਦੋ ਵਾਰ ਪਹਿਲਾਂ ਵੀ ਭੋਰੇ ਵਿੱਚ ਗਏ ਸਾਂ। ਉਥੇ ਇਨ੍ਹਾਂ ਨੇ ਰਾਸ਼ਨ ਪਾਣੀ ਰੱਖਿਆ ਸੀ। ਜਦੋਂ ਬਾਅਦ ਵਿੱਚ ਕੈਂਪਾਂ ਵਿੱਚ ਗਏ ਤਾਂ ਸਾਨੂੰ ਪਤਾ ਚੱਲਿਆ ਕਿ ਜਦੋਂ 9 ਜੂਨ ਨੂੰ

ਗਿਆਨੀ ਜ਼ੈਲ ਸਿੰਘ ਦਰਬਾਰ ਸਾਹਿਬ ਆਇਆ ਸੀ ਤਾਂ ਇਸ ਭੋਰੇ ਵਿੱਚੋਂ ਇਸ 'ਤੇ ਫਾਇਰਿੰਗ ਕੀਤੀ ਗਈ। ਜਿਸ ਦੇ ਨਤੀਜੇ ਵਜੋਂ ਇਸ ਦਾ ਅੰਗ ਰੱਖਿਅਕ ਮਾਰਿਆ ਗਿਆ ਪਰ ਇਹ ਆਪ ਬਚ ਗਿਆ।

(ਜ਼ਿਕਰਯੋਗ ਹੈ ਕਿ ਗਿਆਨੀ ਜ਼ੈਲ ਸਿੰਘ ਜਦੋਂ ਦਰਬਾਰ ਸਾਹਿਬ ਆਇਆ ਤਾਂ ਉਸ ਉਪਰ ਹਮਲਾ ਹੋਇਆ ਸੀ, ਗਿਆਨੀ ਜ਼ੈਲ ਸਿੰਘ ਵਲੋਂ ਜਥੇਦਾਰ ਅਕਾਲ ਤਖ਼ਤ ਗਿਆਨੀ ਕ੍ਰਿਪਾਲ ਸਿੰਘ ਨੂੰ ਲਿਖੀ ਚਿੱਠੀ ਅੰਤਿਕਾ ਵਿੱਚ ਹੈ)

ਮੇਜਰ ਸਿੰਘ ਹੁਰਾਂ ਅਖ਼ੀਰ ਤੱਕ ਸੰਘਰਸ਼ ਕੀਤਾ। ਆਖ਼ਰ ਫ਼ੌਜ ਨੇ ਜ਼ਹਿਰੀਲੀ ਗੈਸ ਭੋਰੇ ਵਿੱਚ ਛੱਡ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ। ਮੇਜਰ ਸਿੰਘ ਦੀ ਨਿਰੰਕਾਰੀ ਗੁਰਬਚਨੇ ਕਾਂਡ ਵਿੱਚ ਵੀ ਅਹਿਮ ਭੂਮਿਕਾ ਸੀ ਜਿਸ ਬਾਰੇ ਆਮ ਸੰਗਤਾਂ ਨੂੰ ਨਹੀਂ ਪਤਾ। ਅਖ਼ੀਰ ਜਦੋਂ ਅਸੀਂ ਅਕਾਲ ਤਖ਼ਤ ਸਾਹਿਬ ਵੱਲ ਵਧੇ ਤਾਂ ਵੀਹ ਕੁ ਸਿੰਘ ਹੀ ਬਚੇ ਸਨ। ਬਾਕੀ ਸਾਰੇ ਸਿੰਘ ਸ਼ਹੀਦ ਹੋ ਗਏ। ਅਸੀਂ ਅਕਾਲ ਤਖ਼ਤ ਸਾਹਿਬ ਜਾਣ ਦੀ ਬਜਾਏ ਦੁਖ ਭੰਜਨੀ ਬੇਰੀ ਵੱਲ ਵਧੇ ਕਿਉਂਕਿ ਇਧਰ ਫਾਇਰਿੰਗ ਘੱਟ ਸੀ। ਦੁਖ ਭੰਜਨੀ ਬੇਰੀ ਵਿੱਚ ਬੀਬੀਆਂ ਦੇ ਇਸ਼ਨਾਨ ਕਰਨ ਦਾ ਪੋਣਾ ਹੈ। ਉਥੇ ਅਸੀਂ ਸਾਰੇ ਆਪਣੇ ਸ਼ਸਤਰ ਰੱਖ ਦਿੱਤੇ। ਇਥੇ ਕੋਈ ਮੋਰਚਾ ਵਗੈਰਾ ਨਾ ਹੋਣ ਕਰਕੇ ਅਸੀਂ ਲੜ ਨਹੀਂ ਸੀ ਸਕਦੇ। ਇਥੇ ਸਰੋਵਰ ਦਾ ਜਲ ਪੀ ਕੇ ਸਾਰੇ ਸਿੰਘਾਂ ਨੇ ਆਪਣੀ ਪਿਆਸ ਬੁਝਾਈ। ਸਾਡੇ ਕੋਲ ਗੋਲੀਆਂ ਥੋੜ੍ਹੀਆਂ ਹੀ ਬਚੀਆਂ ਸਨ, ਬਾਕੀ ਤਕਰੀਬਨ ਖ਼ਤਮ ਹੋ ਚੁੱਕੀਆਂ ਸਨ। ਸਿਰਫ ਹਥਿਆਰ ਹੀ ਬਚੇ ਸਨ। ਅੰਮ੍ਰਿਤ ਵੇਲੇ ਤੋਂ ਹੀ ਸਲਾਹ ਬਣਾਉਂਦੇ ਰਹੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕਿਸ ਤਰ੍ਹਾਂ ਜਾਇਆ ਜਾਵੇ? ਕਿਉਂਕਿ ਬਾਬਾ ਥਾਰਾ ਸਿੰਘ ਜੀ ਕਹਿ ਰਹੇ ਸਨ ਕਿ ਅਗਰ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਜਾਈਏ ਤਾਂ ਸਾਨੂੰ ਉਥੇ ਗੋਲੀ ਸਿੱਕੇ ਦੀ ਕੋਈ ਮੁਸ਼ਕਿਲ ਨਹੀਂ ਆਵੇਗੀ। ਰਾਤ ਭਰ ਟੈਂਕ ਪਰਕਰਮਾ ਦੇ ਅੰਦਰ ਦਾਖਲ ਹੁੰਦੇ ਰਹੇ। ਸਾਹਮਣੇ ਲੰਗਰ ਵਾਲੀ ਡਿਉੜੀ ਵਿੱਚ ਇਕ ਟੈਂਕ ਖੜਾ ਸੀ ਜੋ ਲਗਾਤਾਰ ਗੋਲੇ ਵਰ੍ਹਾ ਰਿਹਾ ਸੀ। ਅਸੀਂ ਅੰਦਰ ਪੂਰੀ ਪੁਜ਼ੀਸ਼ਨ ਲੈ ਕੇ ਬੈਠੇ ਸਾਂ ਕਿ ਅਗਰ ਕੋਈ ਇੱਧਰ ਆਇਆ ਤਾਂ ਅਸੀਂ ਮਰਨ ਤੋਂ ਪਹਿਲਾਂ ਵੱਧ ਤੋਂ ਵੱਧ ਦੁਸ਼ਮਣ ਮਾਰ ਕੇ ਹੀ ਮਰਾਂਗੇ। ਭਾਈ ਸੁਰਿੰਦਰ ਸਿੰਘ ਤੇ ਭਾਈ ਬਲਵਿੰਦਰ ਸਿੰਘ ਸਮੇਤ ਪੰਜ ਸਿੰਘਾਂ ਨੇ ਸਲਾਹ ਬਣਾਈ ਕੇ ਸਰੋਵਰ ਥਾਣੀਂ ਤੈਰ ਕੇ ਸ੍ਰੀ ਦਰਬਾਰ ਸਾਹਿਬ ਪਹੁੰਚਿਆ ਜਾਵੇ। ਉਪਰੰਤ ਸ੍ਰੀ ਦਰਬਾਰ ਸਾਹਿਬ ਵਾਲੇ ਰਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚਿਆ ਜਾਵੇ। ਉਪਰੋਕਤ ਸਿੰਘਾਂ ਨੇ ਸਰੋਵਰ ਥਾਣੀਂ ਤੈਰਨਾ ਸ਼ੁਰੂ ਕਰ ਦਿੱਤਾ ਪਰ ਅਸੀਂ ਵੇਖਿਆ ਕਿ ਉਨ੍ਹਾਂ ਵਿੱਚੋਂ ਕੋਈ ਵੀ ਦਰਬਾਰ ਸਾਹਿਬ ਨਹੀਂ ਪਹੁੰਚਿਆ। ਸਾਰੇ ਸਰੋਵਰ ਵਿੱਚ ਹੀ ਸ਼ਹੀਦ ਕਰ ਦਿੱਤੇ ਗਏ। 6 ਜੂਨ ਨੂੰ ਸਵੇਰੇ 9:10 ਵਜੇ ਅਚਾਨਕ ਜੈਕਾਰਿਆਂ ਦੀ ਆਵਾਜ਼ ਸੁਣਾਈ ਦਿੱਤੀ। ਅਸੀਂ ਸੋਚਿਆ ਕਿ ਸ਼ਾਇਦ ਬਾਹਰੋਂ ਸੰਗਤ ਆਈ ਹੈ। ਪਰ ਧਿਆਨ ਨਾਲ ਸੁਣਿਆ ਤਾਂ ਇਹ ਜੈਕਾਰਿਆ ਦੀ ਆਵਾਜ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆ ਰਹੀ ਸੀ। ਅਕਾਲ ਤਖ਼ਤ ਸਾਹਿਬ ਸਾਰਾ ਢਹਿ-ਢੇਰੀ ਹੋ ਗਿਆ ਸੀ। ਅਖ਼ੀਰ ਸਾਨੂੰ ਬਾਬਾ ਥਾਰਾ ਸਿੰਘ ਜੀ ਨੇ ਕਿਹਾ ਹੁਣ ਟੈਂਕਾਂ ਨਾਲ ਗੋਲੀ ਦਾ ਕੋਈ ਮੁਕਾਬਲਾ ਨਹੀਂ। ਅਗਰ ਸਾਡੇ 'ਚੋਂ ਕੋਈ ਬਚਾਅ ਕਰ ਸਕਦਾ ਹੈ ਤਾਂ ਉਹ ਬਚਾਅ ਕਰਨ ਦੀ ਕੋਸ਼ਿਸ਼ ਕਰੇ। ਬਾਬਾ ਥਾਰਾ ਸਿੰਘ ਦੇ ਕਹਿਣ 'ਤੇ ਅਸੀਂ ਆਪਣੇ ਹਥਿਆਰ ਜੋ ਬਗੈਰ ਗੋਲੀ-ਸਿੱਕੇ ਦੇ ਸਨ, ਸਰੋਵਰ ਵਿੱਚ ਸੁੱਟ ਦਿੱਤੇ। ਬਾਬਾ ਥਾਰਾ ਸਿੰਘ ਨੇ ਇਥੇ ਅਰਦਾਸ ਕੀਤੀ ਕਿ ਬਾਹਰ ਨਿਕਲ ਕੇ ਸ਼ਹੀਦੀਆਂ ਪਾਵਾਂਗੇ। ਉਨ੍ਹਾਂ ਨੇ ਫਿਰ ਕਿਹਾ ਕਿ ਜੋ ਬਜ਼ੁਰਗ ਹਨ ਉਹ ਸਾਡੇ ਨਾਲ ਆ ਜਾਣ, ਅਗਰ ਸਾਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਠੀਕ ਹੈ, ਨਹੀਂ ਤਾਂ ਸ਼ਹੀਦੀਆਂ ਤਾਂ ਜ਼ਰੂਰ ਪਾਵਾਂਗੇ। ਮੇਰੇ ਚਾਚਾ ਜੀ ਵੀ ਇਨ੍ਹਾਂ ਦੇ ਨਾਲ ਬਾਹਰ ਨਿਕਲੇ। ਜਿਸ ਵੇਲੇ ਇਹ ਬਾਹਰ ਨਿਕਲੇ ਤਾਂ ਸਾਰੇ ਗੋਲੀਆਂ ਨਾਲ ਸ਼ਹੀਦ ਕਰ ਦਿੱਤੇ ਗਏ। ਅਸੀਂ ਫਿਰ ਵਾਪਸ ਉਥੇ ਹੀ ਆ ਗਏ ਪਰ ਫ਼ੌਜ ਨੂੰ ਪਤਾ ਲੱਗ ਗਿਆ ਸੀ ਕਿ ਹੋਰ ਬੰਦੇ ਇਸ਼ਨਾਨ ਘਰ ਵਿੱਚ ਹੀ ਬੈਠੇ ਹਨ। ਉਨ੍ਹਾਂ ਨੇ ਅਨਾਊਂਸਮੈਂਟ ਕਰਨੀ ਸ਼ੁਰੂ ਕਰ ਦਿੱਤੀ ਜੇ ਕੋਈ ਅੰਦਰ ਹੈ ਤਾਂ ਬਾਹਰ ਆ ਜਾਵੇ, ਨਹੀਂ ਤਾਂ ਅਸੀਂ ਗੋਲਿਆਂ ਦੇ ਨਾਲ ਫਾਇਰਿੰਗ ਕਰਨ ਲੱਗੇ ਹਾਂ। ਫਿਰ 10 ਵਜੇ ਅਸੀਂ 15 ਕੁ ਸਿੰਘ ਅਤੇ ਕੁਝ ਸ਼ਰਧਾਲੂ ਸਾਰੇ ਬਾਹਰ ਨਿਕਲੇ ਪਰ ਐਤਕੀਂ ਅੱਗੋਂ ਫ਼ੌਜ ਨੇ ਫਾਇਰਿੰਗ ਨਾ ਕੀਤੀ। ਨਿਕਲਦਿਆਂ ਹੀ ਸਾਡੇ 'ਤੇ ਰਾਈਫ਼ਲਾਂ ਦੇ ਬੱਟਾਂ ਦਾ ਮੀਂਹ ਵਰ੍ਹਾ ਦਿੱਤਾ। ਇਥੇ ਮੇਰੀ ਨਜ਼ਰ ਬਾਬਾ ਥਾਰਾ ਸਿੰਘ ਅਤੇ ਮੇਰੇ ਚਾਚਾ ਜੀ 'ਤੇ ਪਈ ਜੋ ਸ਼ਹੀਦ ਹੋ ਚੁੱਕੇ ਸਨ। ਅਸੀਂ ਵਧੇ ਹੋਏ ਸਵਾਸਾਂ ਕਾਰਨ ਬਚ ਗਏ। ਇਥੇ ਸਾਡੀਆਂ ਬਾਹਵਾਂ ਸਿਰ ਦੇ ਪਟਕਿਆਂ ਨਾਲ ਪਿਛਲੇ ਪਾਸੇ ਬੰਨ੍ਹ ਕੇ ਇਤਨੀ ਮਾਰ ਕੁਟਾਈ ਕੀਤੀ ਕਿ ਕਈ ਸਿੰਘ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹੀਦ ਹੋ ਗਏ। ਸਾਨੂੰ ਮੰਜੀ ਸਾਹਿਬ ਦੀਵਾਨ ਹਾਲ ਵਾਲੀ ਛਬੀਲ ਵਾਲੇ ਪਾਸੇ ਲੈ ਗਏ, ਉਥੇ ਕਾਫ਼ੀ ਸਿੰਘ ਅਤੇ ਸ਼ਰਧਾਲੂ ਫੜ ਕੇ ਬਿਠਾਏ ਹੋਏ ਸਨ। ਸਾਨੂੰ ਵੀ ਪਰਕਰਮਾ ਵਿੱਚ ਉਨ੍ਹਾਂ ਦੇ ਨਾਲ ਹੀ ਬਿਠਾ ਦਿੱਤਾ। ਇਥੋਂ ਅਸੀਂ ਫ਼ੌਜੀਆਂ ਤੋਂ ਸੁਣਿਆ (ਜੋ ਠੁੱਡੇ ਮਾਰ ਕੇ ਕਹਿ ਰਹੇ ਸਨ) ਕਿ ਤੁਹਾਡਾ ਭਿੰਡਰਾਂਵਾਲਾ ਟਾਈਗਰ ਮਾਰ ਦਿੱਤਾ ਹੈ ਤੇ ਅਸੀਂ ਲੜਾਈ ਜਿੱਤ ਲਈ ਹੈ। ਪਰ ਅਸੀਂ ਚੁੱਪ-ਚਾਪ ਸਾਹਮਣੇ ਅਕਾਲ ਤਖ਼ਤ ਸਾਹਿਬ ਵੱਲ ਵੇਖ ਰਹੇ ਸਾਂ। ਅਕਾਲ ਤਖ਼ਤ ਸਾਹਿਬ ਸਾਹਮਣੇ ਟੈਂਕ ਖੜ੍ਹੇ ਸਨ। ਸਾਡੇ ਬਿਲਕੁਲ ਮਗਰ ਇਕ ਟੈਂਕ ਖੜਾ ਸੀ। ਪਰਕਰਮਾ ਵਿੱਚ ਜਗ੍ਹਾ ਜਗ੍ਹਾ ਟੈਂਕ ਖੜੇ ਸਨ। ਕਿਤੋਂ ਵੀ ਫਾਇਰਿੰਗ ਹੁੰਦੀ ਤਾਂ ਇਨ੍ਹਾਂ ਟੈਂਕਾਂ ਤੋਂ ਗੋਲਿਆਂ ਦਾ ਮੀਂਹ ਵਰ੍ਹਾ ਦਿੱਤਾ ਜਾਂਦਾ ਸੀ। ਇਥੇ ਹੀ ਸਾਨੂੰ ਸ਼ਾਮ ਪੈ ਗਈ। ਸ਼ਾਮ ਵੇਲੇ ਇਕ ਸੀਨ ਜੋ ਅੱਜ ਵੀ ਸਾਡੀਆਂ ਅੱਖਾਂ ਮੂਹਰੇ ਘੁੰਮਦਾ ਹੈ, ਇਕ ਬਿਹਾਰੀ ਫ਼ੌਜੀ ਬੀੜੀ ਪੀ ਕੇ ਸਰੋਵਰ ਵਿੱਚ ਸੁੱਟ ਰਿਹਾ ਸੀ, ਉਸਦੇ ਕੋਲ ਹੀ ਸਰਦਾਰ ਫ਼ੌਜੀ ਨੇ ਉਸ ਬਿਹਾਰੀ ਨੂੰ ਕਿਹਾ ਕਿ ਬੀੜੀ ਪੀ ਕੇ ਸਰੋਵਰ ਵਿੱਚ ਨਾ ਸੁੱਟ ਪਰ ਉਸ ਨੇ ਬੀੜੀ ਪੀ ਕੇ ਦੁਬਾਰਾ ਸਰੋਵਰ ਵਿੱਚ ਸੁੱਟੀ ਤੇ ਨਾਲ ਹੀ ਕਿਹਾ, "ਕਿਆ ਕਰੋਗੇ ਤੁਮ?" ਉਸ ਸਰਦਾਰ ਨੇ ਆਪਣੀ ਕਾਰਬਾਈਨ ਨਾਲ ਉਥੇ ਹੀ ਭੁੰਨ ਦਿੱਤਾ। ਉਸ ਟੈਂਕ ਦੇ ਉਪਰ ਮਸ਼ੀਨ ਗੰਨ ਫਿੱਟ ਸੀ, ਉਸ ਮਸ਼ੀਨ ਗੰਨ ਵਾਲੇ ਇਕ ਹੋਰ ਬਿਹਾਰੀ ਫ਼ੌਜੀ ਨੇ ਉਸ ਸਰਦਾਰ ਫ਼ੌਜੀ ਦਾ ਸਰੀਰ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਉਹ ਤੜਫਦਾ ਹੋਇਆ ਸਰੋਵਰ ਵਿੱਚ ਜਾ ਡਿੱਗਾ। ਥੋੜੇ ਚਿਰ ਵਿੱਚ ਹੀ ਉਸ ਫ਼ੌਜੀ ਦੀ ਲਾਸ਼ ਸਰੋਵਰ ਵਿੱਚ ਤੈਰ ਰਹੀ ਸੀ। ਉਸ ਵੇਲੇ ਬਿਹਾਰੀ ਕੈਪਟਨ ਨੇ ਹੁਕਮ ਦਿੱਤਾ ਕਿ ਇਨ੍ਹਾਂ ਸਾਰਿਆਂ 'ਤੇ ਟੈਂਕ ਚੜ੍ਹਾ ਕੇ ਇਨ੍ਹਾਂ ਨੂੰ ਮਾਰ ਦਿੱਤਾ ਜਾਵੇ। ਟੈਂਕ ਮੋੜ ਕੇ ਸਾਡੇ ਵੱਲ ਕੀਤਾ ਹੀ

ਸੀ ਕਿ ਅਚਾਨਕ ਇਕ ਮੁਸਲਮਾਨ ਮੇਜਰ ਉਥੇ ਆ ਗਿਆ, ਜਿਸ ਨੇ ਉੱਚੀ ਆਵਾਜ਼ ਵਿੱਚ ਕਿਹਾ ਕਿ "ਤੁਮ ਕਿਆ ਕਰ ਰਹੇ ਹੋ?" ਉਸ ਟੈਂਕ ਵਾਲੇ ਨੇ ਕਿਹਾ ਕਿ "ਹਮਾਰੇ ਕੈਪਟਨ ਸਾਹਿਬ ਨੇ ਹੁਕਮ ਦੀਆ ਹੈ ਕਿ ਇਨਕੋ ਮਾਰ ਡਾਲੋ।" ਤਾਂ ਉਸ ਮੇਜਰ ਮੁਸਲਮਾਨ ਨੇ ਉਸੇ ਸਮੇਂ ਕਿਹਾ ਕਿ ਇਨ੍ਹਾਂ ਸਾਰਿਆਂ ਦੀਆਂ ਲਿਸਟਾਂ ਬਣ ਚੁੱਕੀਆਂ ਹਨ। ਅਗਾਂਹ ਨੂੰ ਕਿਸੇ ਨੇ ਇਨ੍ਹਾਂ ਨੂੰ ਮਾਰਿਆ ਤਾਂ ਉਸ ਦੀ ਜ਼ਿੰਮੇਵਾਰੀ ਹੋਵੇਗੀ। ਅਖ਼ੀਰ ਉਸ ਨੇ ਹੁਕਮ ਕਰ ਕੇ ਉਨ੍ਹਾਂ ਸਾਰੇ ਬਿਹਾਰੀਆਂ ਦੀਆਂ ਡਿਊਟੀਆਂ ਬਦਲ ਕੇ ਨਵੇਂ ਲਗਾ ਦਿੱਤੇ ਅਤੇ ਸਾਡੀਆਂ ਲਿਸਟਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸਾਡੇ 'ਚੋਂ ਕਈਆਂ ਨੇ ਉਸ ਮੁਸਲਮਾਨ ਮੇਜਰ ਕੋਲੋਂ ਪਾਣੀ ਦੀ ਮੰਗ ਕੀਤੀ। ਪਰ ਅੱਗੋਂ ਇਹੋ ਹੀ ਉੱਤਰ ਮਿਲਿਆ ਕਿ ਤੁਹਾਡੀ ਜਾਨ ਹੀ ਬਚ ਜਾਏ ਤਾਂ ਬਹੁਤ ਹੈ। ਸਾਰੀ ਰਾਤ ਸਾਨੂੰ ਉਥੇ ਹੀ ਇਸੇ ਹਾਲਤ ਵਿੱਚ ਬਿਠਾਈ ਰੱਖਿਆ। ਰਾਤ ਨੂੰ ਮੇਜਰ ਖ਼ੁਦ ਆਪਣੇ ਸਾਥੀਆਂ ਸਮੇਤ ਕਈ ਵਾਰ ਆਇਆ ਅਤੇ ਸਾਡਾ ਹਾਲ-ਚਾਲ ਪੁੱਛ ਕੇ ਗਿਆ। ਸਵੇਰ ਵੇਲੇ ਸਾਨੂੰ ਸਾਰਿਆਂ ਨੂੰ ਖੜੇ ਹੋਣ ਦਾ ਹੁਕਮ ਦਿੱਤਾ ਪਰ ਸਾਰਿਆਂ ਦੇ ਸਰੀਰ ਮਾਰ ਦੇ ਨਾਲ ਟੁੱਟੇ-ਭੱਜੇ ਹੋਣ ਕਰਕੇ ਖੜੇ ਹੁੰਦੇ ਸਾਰ ਹੀ ਡਿੱਗ ਪੈਂਦੇ ਸਨ। ਪਰ ਉਹਨਾਂ ਨੂੰ ਹੋਰ ਮਾਰ ਪੈਂਦੀ ਸੀ। ਇਥੇ ਸਾਨੂੰ ਲਾਈਨਾਂ ਵਿੱਚ ਲਗਾ ਕੇ ਹੋਰਨਾਂ ਨਾਲ ਦੀਵਾਨ ਹਾਲ ਮੰਜੀ ਸਾਹਿਬ ਵਾਲੇ ਪਾਸੇ ਦੀ ਸਰਾਂ ਦੇ ਵੱਲ ਨੂੰ ਲੈ ਤੁਰੇ। ਅਸੀਂ ਵੇਖ ਰਹੇ ਸਾਂ ਕਿ ਜਗ੍ਹਾ-ਜਗ੍ਹਾ ਸ਼ਰਧਾਲੂਆਂ ਦੀਆਂ ਲਾਸ਼ਾਂ ਖਿੱਲਰੀਆਂ ਪਈਆਂ ਸਨ। ਕਈ ਫਟੜ ਪਏ ਉੱਚੀ-ਉੱਚੀ ਕਰਾਹ ਰਹੇ ਸਨ। ਪਰ ਇਥੇ ਕੋਈ ਸੁਣਵਾਈ ਕਰਨ ਵਾਲਾ ਨਹੀਂ ਸੀ। ਫ਼ੌਜ ਵਾਲੇ ਸਿਰਫ਼ ਫ਼ੌਜੀਆਂ ਦੀਆਂ ਲਾਸ਼ਾਂ ਜਾਂ ਫੱਟੜ ਫ਼ੌਜੀ ਹੀ ਉਠਾ ਕੇ ਖੜ ਰਹੇ ਸਨ। ਅੱਗੋਂ ਸਰਾਂ ਦੇ ਅਹਾਤੇ ਵਿੱਚ ਜਿਥੇ ਕਿ ਪਹਿਲਾਂ ਹੀ ਹੋਰ ਕਾਫ਼ੀ ਸ਼ਰਧਾਲੂ ਫੜ ਕੇ ਬਿਠਾਏ ਹੋਏ ਸਨ (ਤਕਰੀਬਨ 500 ਦੇ ਲਗਭਗ ਬੀਬੀਆਂ-ਬੱਚੇ ਸੀ) ਸਾਨੂੰ ਇਹਨਾਂ ਸਾਰਿਆਂ ਨਾਲ ਹੀ ਬਿਠਾ ਦਿੱਤਾ ਪਰ ਅਚਾਨਕ ਹੀ ਸਾਡੇ ਉਤੇ ਹੈਂਡ ਗਰਨੇਡ ਸੁੱਟਣੇ ਸ਼ੁਰੂ ਕਰ ਦਿੱਤੇ। ਮਿੰਟਾਂ ਵਿੱਚ ਹੀ ਸਰਾਂ ਦਾ ਅਹਾਤਾ ਖ਼ੂਨ ਨਾਲ ਭਰ ਗਿਆ। ਲੋਥਾਂ ਦੇ ਢੇਰ ਲੱਗ ਗਏ। ਨਾਲ ਹੀ ਫ਼ੌਜੀ ਫਾਇਰਿੰਗ ਵੀ ਕਰ ਰਹੇ ਸਨ ਕਿ ਕੋਈ ਵੀ ਬਚ ਕੇ ਨਾ ਜਾਵੇ। ਇਥੇ ਹੀ ਮੇਰਾ ਇਕ ਸਾਥੀ ਭਾਈ ਰਾਜ ਸਿੰਘ ਸ਼ਹੀਦ ਹੋ ਗਿਆ। ਪਰ ਮੈਂ ਮਾਮੂਲੀ ਫੱਟੜ ਹੋਣ 'ਤੇ ਫਿਰ ਬਚ ਗਿਆ। ਅਸੀਂ ਲਾਸ਼ਾਂ ਦੇ ਵਿੱਚ ਹੀ ਲਿਟੇ ਰਹੇ। ਕਾਫ਼ੀ ਚਿਰ ਪਿੱਛੋਂ ਜਦੋਂ ਗੋਲੀ ਚੱਲਣੀ ਬੰਦ ਹੋਈ ਤਾਂ ਅਸੀਂ ਸਰਾਵਾਂ ਵਿੱਚ ਜੋ ਕਮਰੇ ਸਨ, ਉਨ੍ਹਾਂ ਵਿੱਚ ਵੜ ਗਏ। ਇਥੇ ਹੀ ਇਕ ਬੀਬੀ ਜੋ ਗਰਨੇਡ ਨਾਲ ਫੱਟੜ ਪਈ ਸੀ ਅਤੇ ਉਸ ਦਾ ਛੋਟਾ ਬੱਚਾ ਕੋਲ ਪਿਆ ਉੱਚੀ-ਉੱਚੀ ਰੋ ਰਿਹਾ ਸੀ। ਉਸ ਬੀਬੀ ਨੂੰ ਆਪਣੀ ਪਰਵਾਹ ਨਹੀਂ ਸੀ ਤੇ ਉੱਚੀ ਆਵਾਜ਼ ਵਿੱਚ ਆਪਣੇ ਬੱਚੇ ਨੂੰ ਬਚਾਉਣ ਵਾਸਤੇ ਕਹਿ ਰਹੀ ਸੀ। ਪਰ ਥੋੜੀ ਦੇਰ ਵਿੱਚ ਹੀ ਗੋਲੀਆਂ ਨੇ ਉਸ ਬੀਬੀ ਦੇ ਬੱਚੇ ਦੀ ਆਵਾਜ਼ ਬੰਦ ਕਰ ਦਿੱਤੀ। ਛੋਟੇ ਛੋਟੇ ਮਾਸੂਮਾਂ ਨੂੰ ਵੀ ਜ਼ਾਲਮਾਂ ਨੇ ਨਹੀਂ ਬਖਸ਼ਿਆ। ਮਾਸ ਦੇ ਚੀਥੜੇ ਉਡ ਕੇ ਸਰਾਵਾਂ ਦੀਆਂ ਦੀਵਾਰਾਂ ਨਾਲ ਲੱਗੇ ਹੋਏ ਸਨ। ਕਾਫ਼ੀ ਸਮੇਂ ਬਾਅਦ ਫ਼ੌਜ ਨੇ ਫਿਰ ਅਨਾਊਂਸਮੈਂਟ ਕੀਤੀ ਕਿ ਜੋ ਵੀ ਕਮਰਿਆਂ ਵਿੱਚ ਬਚੇ ਹੋਏ ਹਨ, ਉਹ ਬਾਹਰ ਆ ਜਾਣ। ਅਸੀਂ ਕਮਰਿਆਂ ਵਿੱਚ ਹੀ ਲਾਸ਼ਾਂ ਪਈਆਂ

ਵੇਖੀਆਂ, ਗਰਮੀ ਨਾਲ ਸਾਰੀਆਂ ਹੀ ਲਾਸ਼ਾਂ ਬੋਅ ਮਾਰ ਰਹੀਆਂ ਸਨ। ਅਸੀਂ ਅਨਾਊਂਸਮੈਂਟ ਸੁਣ ਕੇ ਬਾਹਰ ਨਿਕਲੇ ਤਾਂ ਅੱਗੋਂ ਜਿਥੇ ਹੋਰ ਕਾਫ਼ੀ ਸ਼ਰਧਾਲੂ ਬੈਠੇ ਹੋਏ ਸਨ ਇਥੇ ਅਸੀਂ ਵੇਖਿਆ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਲੀਡਰ ਸਨ, ਉਹ ਵੀ ਬੈਠੇ ਸਨ, ਜੋ ਕਿ ਕਿਤੇ ਪਹਿਲਾਂ ਹੀ ਆ ਗਏ ਸਨ। ਬਲਵੰਤ ਸਿੰਘ ਰਾਮੂਵਾਲੀਆ ਨੂੰ ਅਸੀਂ ਵੇਖਿਆ ਕਿ ਉਹ ਸਭ ਦੀਆਂ ਲਿਸਟਾਂ ਵਗੈਰਾ ਬਣਾ ਰਿਹਾ ਸੀ। ਇਕ ਵਾਰ ਤਾਂ ਉਸ ਨੇ ਫ਼ੌਜੀ ਅਫ਼ਸਰ ਨਾਲ ਗੱਲ ਕਰਨੀ ਚਾਹੀ। ਪਰ ਅੱਗੋਂ ਉਸ ਅਫ਼ਸਰ ਨੇ ਉਸ ਦੀ ਬੇਇਜ਼ਤੀ ਕਰ ਦਿੱਤੀ ਤੇ ਉਹ ਉਥੇ ਹੀ ਸਾਡੇ ਕੋਲ ਥੱਲੇ ਬੈਠ ਗਿਆ ਭਾਵ ਕਿ ਕਿਸੇ ਦੀ ਨਹੀਂ ਸੀ ਚੱਲ ਰਹੀ। ਇਥੇ ਪਾਸ ਹੀ ਕਣਕ ਵਾਲੀਆਂ ਬੋਰੀਆਂ 'ਤੇ ਅਸੀਂ ਸਕੱਤਰ ਐਸ.ਜੀ.ਪੀ.ਸੀ. ਗੁਰਚਰਨ ਸਿੰਘ ਤੇ ਬੱਗਾ ਸਿੰਘ ਦੀਆਂ ਲਾਸ਼ਾਂ ਵੇਖੀਆਂ ਜੋ ਕਿ ਸ਼ਹੀਦ ਸੁਰਿੰਦਰ ਸਿੰਘ ਸੋਢੀ ਦੇ ਕਾਤਲਾਂ ਵਿੱਚੋਂ ਸਨ। ਇਸ ਤਰ੍ਹਾਂ 7 ਜੂਨ ਦੀ ਰਾਤ ਇਥੇ ਹੀ ਪੈ ਗਈ। ਸਾਰੀ ਰਾਤ ਸਰਾਂ ਵਿੱਚੋਂ ਬੱਸਾਂ ਰਾਹੀਂ ਅੰਮ੍ਰਿਤਸਰ ਫ਼ੌਜੀ ਕੈਂਪ ਵਿੱਚ ਢੋਂਦੇ ਰਹੇ। ਅਖ਼ੀਰ ਸਾਡੀ ਵਾਰੀ ਵੀ ਆ ਗਈ ਅਤੇ ਸਾਨੂੰ ਵੀ ਇਕ ਬੱਸ ਵਿੱਚ ਭਰ ਕੇ ਅੰਮ੍ਰਿਤਸਰ ਫ਼ੌਜੀ ਛਾਉਣੀ ਵਿੱਚ ਲਿਜਾਇਆ ਗਿਆ। ਇਥੇ ਸਾਨੂੰ ਛੋਟੇ ਕਮਰਿਆਂ ਵਿੱਚ ਬੰਦ ਕਰ ਦਿੱਤਾ ਗਿਆ। ਇਹ ਕਮਰੇ ਅਸਲੇ ਵਾਲੇ ਸਨ ਅਤੇ ਬਹੁਤ ਹੀ ਤੰਗ ਸਨ। ਅੰਦਰ ਕੋਈ ਪੱਖਾ ਵਗੈਰਾ ਨਹੀਂ ਸੀ ਅਤੇ ਪਿਆਸ ਨਾਲ ਇਤਨਾ ਵਿਆਕੁਲ ਹੋਏ ਕਿ ਇਥੇ ਹੀ ਕਈ ਬੇਹੋਸ਼ੀ ਨਾਲ ਮਰ ਗਏ। ਭਾਈ ਸਤਨਾਮ ਸਿੰਘ ਮਨਾਵਾਂ ਵੀ ਇਥੇ ਹੀ ਸ਼ਹੀਦ ਹੋਏ। ਅਸੀਂ ਨੀਮ ਬੇਹੋਸ਼ੀ ਵਿੱਚ ਅੰਦਰ ਪਏ ਰਹੇ। ਅਖੀਰ ਸਵੇਰੇ ਜਦੋਂ ਜ਼ਿਆਦਾ ਰੌਲਾ ਪਾਇਆ ਤਾਂ ਦਰਵਾਜ਼ਾ ਖੋਲ੍ਹਿਆ ਪਰ ਅੰਦਰੋਂ ਜਦੋਂ ਤੇਜ਼ੀ ਨਾਲ ਬਾਹਰ ਨਿਕਲੇ ਤਾਂ ਇਥੇ ਫਿਰ ਫ਼ੌਜ ਨੇ ਫਾਇਰਿੰਗ ਕਰ ਦਿੱਤੀ ਅਤੇ ਪਾਣੀ ਦੀ ਜਗ੍ਹਾ ਗੋਲੀਆਂ ਮਿਲੀਆਂ। ਕਾਫ਼ੀ ਸਿੰਘ ਇਥੇ ਹੀ ਸ਼ਹੀਦ ਹੋ ਗਏ ਪਰ ਅਸੀਂ ਅੰਦਰ ਹੀ ਪਏ ਰਹੇ। 8 ਜੂਨ ਨੂੰ ਇਥੇ ਇਕ ਸਰਦਾਰ ਮੇਜਰ ਨੇ ਆ ਕੇ ਡਿਊਟੀ ਸੰਭਾਲੀ। ਉਹ ਸ਼ਾਇਦ ਇਸੇ ਇਲਾਕੇ ਦਾ ਸੀ ਅਤੇ ਜੋ ਬਿਹਾਰੀ ਸਨ, ਉਹ ਸਾਰੇ ਬਦਲ ਦਿੱਤੇ ਸਨ। ਉਸ ਨੇ ਆਉਂਦੇ ਹੀ ਕਿਹਾ ਕਿ ਮੈਂ ਵੀ ਤੁਹਾਡੇ ਵਾਂਗ ਦੁਖੀ ਹੀ ਹਾਂ ਕਿਉਂਕਿ ਮੇਰੇ ਪਿਤਾ ਜੀ ਵੀ ਬਾਬਾ ਖੜਕ ਸਿੰਘ ਹੁਰਾਂ ਕੋਲ ਕਾਰ ਸੇਵਾ ਕਰਦੇ ਸਨ ਤੇ ਉਹ ਵੀ ਉਥੇ ਮਾਰੇ ਗਏ ਹਨ ਅਤੇ ਮੈਂ ਵੀ ਉਨ੍ਹਾਂ ਦੀ ਲਾਸ਼ ਲੱਭ ਕੇ ਸਸਕਾਰ ਕਰ ਕੇ ਅੱਜ ਹੀ ਆ ਰਿਹਾ ਹਾਂ। ਉਸ ਨੇ ਕਿਹਾ ਕਿ ਕਿਸੇ ਤਰ੍ਹਾਂ ਅੱਜ ਦਾ ਦਿਨ ਅਤੇ ਰਾਤ ਕੱਢ ਲਵੋ, ਕੱਲ੍ਹ ਤੋਂ ਮੈਂ ਤੁਹਾਨੂੰ ਇਥੋਂ ਕਢਵਾ ਕੇ ਖੁੱਲ੍ਹੀਆਂ ਬੈਰਕਾਂ ਵਿੱਚ ਪਵਾ ਦਿਆਂਗਾ। ਅਖੀਰ ਅਸੀਂ 8 ਜੂਨ ਦਾ ਦਿਨ ਅਤੇ ਰਾਤ ਕੱਢੀ। 9 ਜੂਨ ਨੂੰ ਉਸ ਨੇ ਆਪਣੇ ਵਾਅਦੇ ਮੁਤਾਬਕ ਸਾਨੂੰ ਖੁੱਲ੍ਹੀਆਂ ਬੈਰਕਾਂ ਵਿੱਚ ਪਾ ਦਿੱਤਾ ਜਿੱਥੇ ਪੱਖੇ ਵਗੈਰਾ ਲੱਗੇ ਹੋਏ ਸਨ ਅਤੇ ਇਥੇ ਸਾਨੂੰ ਛੋਲੇ ਪੂਰੀਆਂ ਖਾਣ ਵਾਸਤੇ ਦਿੱਤੀਆਂ ਜੋ ਖਾਂਦੇ ਸਾਰ ਹੀ ਸਾਰਿਆਂ ਨੂੰ ਉਲਟੀਆਂ ਸ਼ੁਰੂ ਹੋ ਗਈਆਂ। ਉਸ ਮੇਜਰ ਨੇ ਡਾਕਟਰ ਬੁਲਾਏ। ਜਦੋਂ ਡਾਕਟਰਾਂ ਨੇ ਸਾਨੂੰ ਚੈਕ ਕੀਤਾ ਤਾਂ ਉਸ ਨੇ ਕਿਹਾ ਕਿ ਇਹਨਾਂ ਦੇ ਮਿਹਦੇ ਅੰਦਰ ਗਰਮੀ ਪੈ ਗਈ ਹੈ ਤੇ ਇਹਨਾਂ ਨੂੰ ਚੌਲਾਂ ਦਾ ਪਾਣੀ ਨਮਕ ਪਾ ਕੇ ਦਿੱਤਾ ਜਾਵੇ। ਅਗਰ ਇਹਨਾਂ ਨੂੰ ਪਾਣੀ ਪਚ ਗਿਆ ਤਾਂ ਇਹ ਬਚ ਜਾਣਗੇ ਨਹੀਂ ਤਾਂ ਇਹ ਸਾਰੇ ਹੀ

ਮਰ ਜਾਣਗੇ ਕਿਉਂਕਿ ਪਿਛਲੇ 4-5 ਦਿਨਾਂ ਤੋਂ ਕੁਝ ਵੀ ਨਹੀਂ ਸੀ ਖਾਧਾ। ਅਖੀਰ ਪਾਣੀ ਸਾਨੂੰ ਪਚਣਾ ਸ਼ੁਰੂ ਹੋ ਗਿਆ। ਫਿਰ ਸਾਨੂੰ ਚੌਲ 2-3 ਦਿਨ ਖਾਣ ਵਾਸਤੇ ਦਿੱਤੇ ਗਏ ਤਾਂ ਸਾਨੂੰ ਵੀ ਮਹਿਸੂਸ ਹੋਇਆ ਕਿ ਅਸੀਂ ਬਚ ਜਾਵਾਂਗੇ। ਫਿਰ ਇਥੇ ਹੀ ਸ਼ੁਰੂ ਹੋਇਆ ਸ਼ਨਾਖ਼ਤਾਂ ਦਾ ਸਿਲਸਿਲਾ। ਸਾਨੂੰ ਲਾਈਨਾਂ ਵਿੱਚ ਲਾ ਕੇ ਇਕ ਕਮਰੇ ਲਾਗਿਉਂ ਲੰਘਾਇਆ ਗਿਆ। ਜੋ ਸ਼ਰਧਾਲੂ ਸਨ ਉਹਨਾਂ ਨੂੰ ਇਕ ਪਾਸੇ ਅਤੇ ਜੋ ਸੰਤਾਂ ਨਾਲ ਰਲੇ ਸਨ, ਉਹਨਾਂ ਨੂੰ ਇਕ ਪਾਸੇ। ਕੋਈ ਸੰਤਾਂ ਦੇ ਨਾਲ ਰਿਹਾ ਖਾਸ ਨਜ਼ਦੀਕੀ ਇਹ ਸ਼ਨਾਖਤ ਕਰਵਾ ਰਿਹਾ ਸੀ। ਬਾਕੀ ਅਸੀਂ ਵੇਖ ਰਹੇ ਸਾਂ ਕਿ ਸਾਰੇ ਸਿੰਘ ਜੋ ਸੰਤਾਂ ਨਾਲ ਰਹੇ ਜਾਂ ਲੜਦੇ ਰਹੇ, ਉਹ ਸਾਡੇ ਵਾਲੇ ਪਾਸੇ ਆ ਗਏ ਸੀ ਜਿਨ੍ਹਾਂ ਵਿੱਚੋਂ ਮੁਖ ਤੌਰ 'ਤੇ ਧੰਨਾ ਸਿੰਘ, ਜੋਗਿੰਦਰ ਸਿੰਘ, ਪਰਸਾ ਸਿੰਘ, ਬਲਵਿੰਦਰ ਸਿੰਘ, ਤੇਜਾ ਸਿੰਘ, ਜਰਨੈਲ ਸਿੰਘ ਆਦਿ ਕਾਫ਼ੀ ਸਿੰਘ ਸਨ। ਅਸੀਂ ਤਕਰੀਬਨ 60 ਕੁ ਸਿੰਘ ਸਾਂ ਜੋ ਦੋ ਕਮਰਿਆਂ ਵਿੱਚ ਬੰਦ ਸਾਂ। ਇਥੇ ਇਕ ਮਹੀਨਾ ਵੱਖ-ਵੱਖ ਏਜੰਸੀਆਂ ਨੇ ਬੜਾ ਜ਼ੋਰ ਲਾਇਆ ਪਰ ਉਹਨਾਂ ਦੇ ਪੱਲੇ ਕਿਸੇ ਨੇ ਕੁਝ ਨਹੀਂ ਪਾਇਆ। ਅਖੀਰ ਸਾਨੂੰ ਨਾਭਾ ਜੇਲ੍ਹ ਲਿਆਂਦਾ ਗਿਆ। ਇਥੇ ਆ ਕੇ ਅਸੀਂ ਸੁਖ ਦਾ ਸਾਹ ਲਿਆ। ਪਰ ਇਸੇ ਨਾਭਾ ਜੇਲ ਦੇ ਅੰਦਰ ਹੀ ਅੱਠ ਚੱਕੀਆਂ ਵਿੱਚ ਇਨਟੈਰੋਗੇਸ਼ਨ ਸੈਂਟਰ ਖੋਲ੍ਹੇ ਲਏ। ਸਾਰੀਆਂ ਏਜੰਸੀਆਂ ਨੇ ਏਥੇ ਆ ਕੇ ਫਿਰ ਕੈਂਪਾਂ ਵਾਲਾ ਸਿਲਸਿਲਾ ਸ਼ੁਰੂ ਕਰ ਦਿੱਤਾ। ਇਥੇ ਜਦੋਂ ਹਟੇ ਤਾਂ ਸਾਡੇ 'ਤੇ ਰਿਮਾਂਡਾਂ ਦੀ ਵਾਰੀ ਆਈ। ਅਨੇਕਾਂ ਕੇਸ ਸਾਡੇ 'ਤੇ ਪਾ ਦਿੱਤੇ ਅਤੇ ਦੋ ਸਾਲ ਵਾਸਤੇ ਐਨ.ਐਸ.ਏ. ਲਾ ਦਿੱਤਾ। ਇਥੇ ਇਸ ਤੋਂ ਪਹਿਲਾਂ ਸਾਡੀਆਂ ਮੁਲਾਕਾਤਾਂ ਕਰਵਾਈਆਂ ਗਈਆਂ ਤਾਂ ਸਾਡੇ ਘਰ ਵਾਲਿਆਂ ਨੂੰ ਪਤਾ ਚੱਲਿਆ ਕਿ ਅਸੀਂ ਠੀਕ ਠਾਕ ਹਾਂ। ਅਜੇ ਰਿਮਾਂਡਾਂ ਤੋਂ ਵਿਹਲੇ ਹੋਏ ਹੀ ਸਾਂ ਕਿ ਲਧਾ ਕੋਠੀ ਸੰਗਰੂਰ ਸਾਡੇ ਤੋਂ ਫਿਰ ਦੁਬਾਰਾ ਏਜੰਸੀਆਂ ਨੇ ਪੁੱਛਗਿੱਛ ਸ਼ੁਰੂ ਕਰ ਦਿੱਤੀ। 2-3 ਗੱਲਾਂ ਮੁੱਖ ਤੌਰ 'ਤੇ ਪੁੱਛਦੇ ਸਨ ਕਿ ਸੰਤਾਂ ਕੋਲ ਹਥਿਆਰ ਕਿਥੋਂ ਆਉਂਦੇ ਸਨ ਤੇ ਤੁਹਾਡੇ ਵਿੱਚ ਕਿਹੜੇ ਕਿਹੜੇ ਲੜਾਈ ਲੜਦੇ ਸਨ ਅਤੇ ਜੋ ਐਕਸ਼ਨ ਹੁੰਦੇ ਸਨ ਉਹਨਾਂ ਵਿੱਚ ਕਿਹੜੇ ਕਿਹੜੇ ਆਦਮੀ ਸਨ ? ਪਰ ਸਾਡਾ ਇਹੋ ਬਿਆਨ ਰਿਹਾ ਕਿ ਅਸੀਂ ਕਿਸੇ ਨੂੰ ਨਹੀਂ ਜਾਣਦੇ। ਫਿਰ ਸਾਨੂੰ ਪਤਾ ਲੱਗਾ ਕਿ 60 ਸਿੰਘਾਂ ਨੂੰ ਕਾਲੇ ਪਾਣੀ ਭੇਜਣ ਦੀ ਸਕੀਮ ਹੈ ਅਤੇ ਉਹਨਾਂ ਦੀਆਂ ਲਿਸਟਾਂ ਵੀ ਬਣ ਚੁੱਕੀਆਂ ਸਨ ਪਰ ਅਚਾਨਕ ਅਕਤੂਬਰ ਵਿੱਚ ਗੁਰੂ ਦਿਆਂ ਲਾਲਾਂ ਨੇ ਇੰਦਰਾ ਨੂੰ ਸੋਧ ਦਿੱਤਾ ਤਾਂ ਏਜੰਸੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਨਾਭਾ ਜੇਲ੍ਹ ਵਿੱਚ ਸਿੱਖਾਂ ਦੇ ਚਿਹਰਿਆਂ 'ਤੇ ਵੀ ਇਕ ਅਜੀਬ ਚਮਕ ਦੇਖਣ ਨੂੰ ਮਿਲੀ ਤੇ ਨਾਲ ਹੀ ਖ਼ਾਲਸਈ ਤਵਾਰੀਖ਼ ਦਾ ਸੱਚ ਵੀ ਸਾਹਮਣੇ ਆਇਆ। ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਕਰਨ ਵਾਲਾ ਜ਼ਿੰਮੇਵਾਰ ਖ਼ਾਲਸੇ ਦੇ ਹੱਥੋਂ ਬਚ ਨਹੀਂ ਸਕਿਆ। ਸਾਡੇ 'ਤੇ ਵੀ ਜੋ ਪਿਛਲੇ ਪੰਜ ਮਹੀਨਿਆਂ ਤੋਂ ਕਹਿਰ ਹੋ ਰਿਹਾ ਸੀ, ਇਕ ਦਮ ਬੰਦ ਹੋ ਗਿਆ। ਫਿਰ ਦੁਬਾਰਾ ਨਵੀਆਂ ਲਿਸਟਾਂ ਬਣਾਈਆਂ ਗਈਆਂ। 379 ਬੰਦਿਆਂ ਨੂੰ ਬਗਾਵਤ ਦੇ ਕੇਸ ਵਿੱਚ ਫਿੱਟ ਕੀਤਾ ਗਿਆ ਅਤੇ ਜੋਧਪੁਰ ਜੇਲ੍ਹ ਜੋ ਸਪੈਸ਼ਲ ਸਾਡੇ ਵਾਸਤੇ ਤਿਆਰ ਕਰਵਾਈ ਸੀ, ਭੇਜ ਦਿੱਤਾ ਗਿਆ। ਸਾਨੂੰ ਪਟਿਆਲੇ ਤੋਂ ਹਵਾਈ ਜਹਾਜ਼ ਰਾਹੀਂ ਮੂੰਹ 'ਤੇ ਬੁਰਕੇ ਪਾ ਕੇ ਲਿਜਾਇਆ ਗਿਆ। ਸਾਡੇ ਨਾਲ ਦੋ

ਬੀਬੀਆਂ ਵੀ ਸਨ, ਜਿਨ੍ਹਾਂ ਵਿੱਚ ਇਕ ਸ਼ਾਇਦ ਭਾਈ ਰਛਪਾਲ ਸਿੰਘ ਦੀ ਸਿੰਘਣੀ ਸੀ, ਤੇ ਦੂਜੀ ਅੰਮ੍ਰਿਤਸਰ ਦੀ ਸੀ। ਜੋਧਪੁਰ ਜੇਲ੍ਹ ਅੰਦਰ ਹੀ ਕੋਰਟ ਬਣਾਈ ਗਈ ਸੀ। ਇਥੋਂ ਦਾ ਖਾਣਾ ਖਾ ਕੇ ਸਾਰੇ ਹੀ ਬਿਮਾਰ ਪੈ ਗਏ ਪਰ ਹੌਲੀ-ਹੌਲੀ ਆਦਤ ਬਣ ਗਈ। ਇਥੇ ਅਸੀਂ ਪੰਜ ਸਾਲ ਕੱਟੇ ਤੇ ਅਖ਼ੀਰ 1989 ਵਿੱਚ ਯੂ.ਐਨ.ਓ. ਦੇ ਦਬਾਅ ਕਾਰਨ ਸਾਡੇ 'ਤੇ ਪਿਆ ਬਗਾਵਤ ਦਾ ਕੇਸ ਵਾਪਸ ਹੋ ਗਿਆ ਤਾਂ ਜਿਨ੍ਹਾਂ 'ਤੇ ਪੰਜਾਬ ਵਿੱਚ ਕੋਈ ਕੇਸ ਨਹੀਂ ਸੀ, ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਅਤੇ ਸਾਡੇ 'ਤੇ ਕੇਸ ਹੋਣ ਦੇ ਕਾਰਨ ਸਾਨੂੰ ਪੰਜਾਬ ਜਲੰਧਰ ਜੇਲ੍ਹ ਤਬਦੀਲ ਕਰ ਦਿੱਤਾ ਗਿਆ ਤੇ ਫਿਰ ਅੰਮ੍ਰਿਤਸਰ ਬਦਲ ਦਿੱਤਾ। ਥੋੜ੍ਹੇ ਸਮੇਂ ਬਾਅਦ ਮੈਂ ਆਪਣੇ ਕੇਸਾਂ ਵਿੱਚੋਂ ਜ਼ਮਾਨਤ ਕਰਵਾ ਕੇ ਬਾਹਰ ਆ ਗਿਆ। ਸਰਕਾਰ ਨੇ ਅਨੇਕਾਂ ਸਹੂਲਤਾਂ ਦਿੱਤੀਆਂ ਪਰ ਅਸੀਂ ਕੋਈ ਵੀ ਸਹੂਲਤ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ 1990 ਵਿੱਚ ਰੂਪੋਸ਼ ਹੋ ਗਏ ਤੇ ਫਿਰ ਦੁਬਾਰਾ ਜੇਲ੍ਹ ਵਿੱਚ ਬੰਦ ਹਾਂ। ਗੁਰੂ ਕਿਰਪਾ ਕਰੇ ਉਸ ਦਿਨ ਦੀ ਉਡੀਕ ਵਿੱਚ ਹਾਂ ਕਿ ਕੋਈ ਸਹੀ ਆਗੂ ਆਵੇ ਅਤੇ ਪੰਥ ਨੂੰ ਚੜ੍ਹਦੀ ਕਲਾ ਵੱਲ ਲਿਜਾਵੇ।

ਇਕ ਮੁੱਠ ਛੋਲਿਆਂ ਦੀ ਜੋ ਅਤੁੱਟ ਲੰਗਰ ਹੋ ਨਿਬੜੀ

(ਇਸ ਹੱਥਲੇ ਲੇਖ ਵਿੱਚ ਇਸ ਸੰਘਰਸ਼ ਦੌਰਾਨ ਬਹੁਤ ਹੀ ਛੋਟੀ ਅਵਸਥਾ ਵਿੱਚ ਵਾਚਣ ਵਾਲੇ ਭਾਈ ਅਜੀਤ ਸਿੰਘ ਜੀ ਵੱਲੋਂ ਦੱਸਿਆ ਗਿਆ ਸਾਰਾ ਵਿਸਥਾਰ ਦਰਜ ਹੈ—ਡਾ: ਸੁਖਪ੍ਰੀਤ ਸਿੰਘ ਉਦੋਕੇ)

ਅਕਸਰ ਜਦੋਂ ਅੰਮ੍ਰਿਤਸਰ ਤੋਂ ਜਾਂ ਬਟਾਲਾ ਤੋਂ ਜਲੰਧਰ ਲੰਘਦੇ ਹਾਂ ਤਾਂ ਜੀ.ਟੀ. ਰੋਡ ਉਪਰ ਕਰਤਾਰਪੁਰ ਤੋਂ 3-4 ਕਿ.ਮੀ. ਪਿੱਛੇ ਖੱਬੇ ਹੱਥ ਇਕ ਖੁਲ੍ਹੇ ਅਸਥਾਨ 'ਤੇ ਗੁਰਦੁਆਰਾ ਲੋਹ ਲੰਗਰ ਸਾਹਿਬ (ਗੁ. ਬੁੰਗਾ ਸਾਹਿਬ ਲੋਹ ਲੰਗਰ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਦਿਆਲਪੁਰ) ਦੀ ਇਮਾਰਤ ਨਜ਼ਰ ਆਉਂਦੀ ਹੈ ਅਤੇ ਸ਼ਾਇਦ ਕੋਈ ਵੀ ਦਿਨ ਐਸਾ ਨਹੀਂ ਹੁੰਦਾ ਜਦੋਂ ਇਥੇ ਪੰਜਾਬ ਤੋਂ ਬਾਹਰੋਂ ਪੰਜਾਬ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਆਈ ਕੋਈ ਬੱਸ ਜਾਂ ਟੈਕਸੀ ਉਥੇ ਨਾ ਰੁਕੀ ਹੋਵੇ। ਸਾਹਮਣੇ ਹੀ ਲੰਗਰ ਹੈ ਅਤੇ 24 ਘੰਟੇ ਹਰੇਕ ਪ੍ਰਾਣੀ ਨੂੰ ਲੰਗਰ ਤਿਆਰ ਮਿਲਦਾ ਹੈ। ਬਿਨਾਂ ਕਿਸੇ ਭੇਦ-ਭਾਵ ਦੇ ਖਾਣ-ਪੀਣ, ਰਿਹਾਇਸ਼ ਅਤੇ ਇਸ਼ਨਾਨ ਪਾਣੀ ਦਾ ਪ੍ਰਬੰਧ ਹੈ ਅਤੇ ਇਥੋਂ ਤੱਕ ਵਧੀਆ ਇੰਤਜ਼ਾਮ ਹੈ ਕਿ ਪੰਜਾਬ ਤੋਂ ਬਾਹਰ ਦੇ ਗੈਰ-ਧਰਮੀ ਲੋਕ ਆਪਣੀ ਮਰਜ਼ੀ ਅਨੁਸਾਰ ਰਸਦ ਲੈ ਕੇ ਆਪਣੇ ਸੁਆਦ ਅਤੇ ਆਪਣੇ ਇਲਾਕੇ ਅਨੁਸਾਰ ਲੰਗਰ ਤਿਆਰ ਕਰ ਸਕਦੇ ਹਨ। ਕਿਸੇ ਵੀ ਧਰਮ, ਇਲਾਕੇ ਜਾਂ ਖਿੱਤੇ ਦਾ ਬਸ਼ਿੰਦਾ ਬਿਨਾਂ ਕਿਸੇ ਭੇਦ-ਭਾਵ ਦੇ ਠਹਿਰ ਸਕਦਾ ਹੈ ਬਸ਼ਰਤੇਕਿ ਨਸ਼ੇ ਮਾਸ ਦੀ ਵਰਤੋਂ ਸਖ਼ਤੀ ਨਾਲ ਵਰਜਿਤ ਹੈ।

ਮੈਂ ਅਕਸਰ ਜਦੋਂ ਲੰਘਦਾ ਸੀ ਤਾਂ ਹੈਰਾਨ ਹੁੰਦਾ ਸੀ ਕਿ ਗੁਰਦੁਆਰਾ ਕੋਈ ਇਤਿਹਾਸਕ ਸਥਾਨ ਵੀ ਨਹੀਂ ਹੈ, ਅਤੇ ਗੁਰਦੁਆਰਾ ਸਾਹਿਬ ਦੇ ਨਾਮ ਕੋਈ ਵਧੇਰੇ ਜ਼ਮੀਨ ਜਾਇਦਾਦ ਵੀ ਨਹੀਂ ਹੈ ਪ੍ਰੰਤੂ ਫਿਰ ਵੀ ਇਥੇ ਅਟੁੱਟ ਲੰਗਰ ਅਤੇ ਰਿਹਾਇਸ਼ ਦਾ ਪੁਖਤਾ ਇੰਤਜ਼ਾਮ ਹੈ। ਕਾਫ਼ੀ ਦੇਰ ਤੋਂ ਸੋਚ ਰਿਹਾ ਸੀ ਕਿ ਕਿਤੇ ਵਕਤ ਲੱਗੇ ਤਾਂ ਇਥੇ ਸੇਵਾ ਕਰਵਾ ਰਹੇ ਮਹਾਂਪੁਰਸ਼ਾਂ ਨੂੰ ਮਿਲਾਂ ਪ੍ਰੰਤੂ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਵਕਤ ਹੀ ਨਾ ਨਿਕਲ ਸਕਿਆ। ਪ੍ਰੰਤੂ ਕੁਦਰਤੀ ਹੀ ਇਕ ਦਿਨ ਇਕ ਸੱਜਣ ਦਾ ਫ਼ੋਨ ਆਇਆ ਕਿ ਡਾਕਟਰ! ਤੈਨੂੰ ਬੁੰਗਾ ਵਾਲੇ ਬਾਬਾ ਜੀ ਬੜਾ ਯਾਦ ਕਰਦੇ ਹਨ। ਮੈਂ ਫ਼ੋਨ ਨੰਬਰ ਲਿਆ ਅਤੇ ਬਾਬਾ ਜੀ ਨਾਲ ਫ਼ੋਨ ਉਪਰ ਗੱਲਬਾਤ ਕੀਤੀ। ਬਾਬਾ ਜੀ ਦੀ ਗੱਲਬਾਤ ਵਿੱਚੋਂ ਨਿਮਰਤਾ ਅਤੇ ਅਪਣਤ ਛੁੱਲ੍ਹ-ਛੁੱਲ੍ਹ ਪੈਂਦੀ ਸੀ। ਮੈਨੂੰ ਕਹਿੰਦੇ, "ਵਾਹ ਜੀ ਵਾਹ.. ਡਾਕਟਰ ਸਾਹਿਬ! ਅਸੀਂ ਤਾਂ ਤੁਹਾਡੀਆਂ ਲਿਖਤਾਂ ਦੇ ਮੁਰੀਦ ਹਾਂ, ਤੁਹਾਡਾ ਬੜਾ ਹੀ ਸਤਿਕਾਰ ਹੈ ਸਾਡੇ ਮਨ ਵਿੱਚ, ਆਓ ਕਿਤੇ ਦਰਸ਼ਨ ਦੇਵੋ।"

ਬਾਬਾ ਜੀ ਵੱਲੋਂ ਬੋਲੇ ਜਾ ਰਹੇ ਐਸੇ ਸ਼ਬਦਾਂ ਨਾਲ ਮੈਂ ਸ਼ਰਮਸਾਰ ਜਿਹਾ ਹੀ ਮਹਿਸੂਸ ਕਰ ਰਿਹਾ ਸੀ। ਮੈਂ ਬਾਬਾ ਜੀ ਤੋਂ ਮਿਲਣ ਦਾ ਵਕਤ ਲਿਆ ਅਤੇ ਮਿੱਥੇ ਵਕਤ ਅਨੁਸਾਰ ਬੁੰਗਾ ਸਾਹਿਬ ਪਹੁੰਚ ਗਿਆ। ਬਾਬਾ ਜੀ ਕਿਸੇ ਸਮਾਗਮ ਉਪਰ ਗਏ ਹੋਏ ਸਨ ਅਤੇ ਕੁਝ ਕੁਝ ਸਿੰਘ ਉਥੇ ਹਾਜ਼ਰ ਸਨ ਜੋ ਮੇਰੇ ਤੋਂ ਅਣਜਾਣ ਸਨ ਪ੍ਰੰਤੂ ਉਹਨਾਂ ਵੀ ਬੜਾ ਆਦਰ ਮਾਣ ਦਿੱਤਾ। ਕੁਝ ਸਮੇਂ ਬਾਅਦ ਬਾਬਾ ਜੀ ਵੀ ਆ ਗਏ। ਮੈਂ ਆਪਣੇ ਬਾਰੇ ਦੱਸਿਆ ਤਾਂ ਘੁੱਟ ਕੇ ਮੈਨੂੰ ਛਾਤੀ ਨਾਲ ਲਗਾ ਲਿਆ ਤੇ ਕਹਿੰਦੇ, "ਸ਼ੁਕਰ, ਮੈਂ ਤਾਂ ਕਦੀ ਸੋਚਿਆ ਵੀ ਨਹੀਂ ਸੀ ਆਪਾਂ ਇਸ ਤਰ੍ਹਾਂ ਮਿਲਾਂਗੇ।" ਮੈਨੂੰ ਜੱਫੀ ਵਿੱਚ ਲੈ ਕੇ ਬਾਬਾ ਜੀ ਮੈਨੂੰ ਆਪਣੇ ਕਮਰੇ ਵਿੱਚ ਲੈ ਗਏ। ਕਮਰੇ ਵਿੱਚ ਸਾਰੇ ਪਾਸੇ ਹੀ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਦੀਆਂ ਤਸਵੀਰਾਂ ਸਨ ਪ੍ਰੰਤੂ ਬਾਬਾ ਜੀ ਦਾ ਰਿਹਾਇਸ਼ੀ ਕਮਰਾ ਬਹੁਤ ਹੀ ਸਾਦਾ ਸੀ, ਕੋਈ ਅਜੋਕੇ ਬਾਬਿਆਂ ਵਰਗੇ ਠਾਠ-ਬਾਠ ਨਹੀਂ ਸਨ। ਜ਼ਮੀਨ ਉਪਰ ਹੀ ਆਸਣ ਲਗਾਇਆ ਸੀ ਤੇ ਮੈਨੂੰ ਵੀ ਨਾਲ ਹੀ ਬਿਠਾ ਲਿਆ। ਕਾਫ਼ੀ ਸਮਾਂ ਬੜੇ ਪਿਆਰ ਨਾਲ ਪੰਥਕ ਵਿਚਾਰਾਂ ਕਰਦੇ ਰਹੇ ਅਤੇ ਜਦੋਂ ਵੀ ਮੈਂ ਖ਼ਾਲਸਈ ਸੰਘਰਸ਼ ਨਾਲ ਸੰਬੰਧਤ ਕਿਸੇ ਵਿਸ਼ੇ ਦੀ ਗੱਲ ਕਰਦਾ ਤਾਂ ਬਾਬਾ ਜੀ ਦੇ ਜਵਾਬ ਅਤੇ ਹੁੰਗਾਰੇ ਤੋਂ ਇੰਝ ਲੱਗਦਾ ਜਿਵੇਂ ਬਾਬਾ ਜੀ ਨੇ ਸੰਘਰਸ਼ ਨੂੰ ਛੋਟੀ ਉਮਰ ਵਿੱਚ ਹੀ ਨੇੜੇ ਤੋਂ ਵੇਖਿਆ ਹੈ। ਮੈਂ ਬਾਬਾ ਜੀ ਨੂੰ ਉਹਨਾਂ ਦੇ ਪਿਛਲੇਰੇ ਜੀਵਨ ਅਤੇ ਪੰਥਕ ਸੰਘਰਸ਼ ਵਿੱਚ ਆਉਣ ਬਾਰੇ ਪੁੱਛਿਆ ਤਾਂ ਪਹਿਲਾਂ ਤਾਂ ਕਾਫ਼ੀ ਸਮਾਂ ਗੱਲ ਨੂੰ ਟਾਲ ਦਿੰਦੇ ਰਹੇ ਅਤੇ ਕਹਿੰਦੇ ਰਹੇ—ਦਾਸ ਕੀ ਕਰਨ ਜੋਗਾ ਸੀ, ਜੋ ਕਰਾਇਆ ਵਾਹਿਗੁਰੂ ਨੇ ਹੀ ਕਰਾਇਆ। ਮੇਰੇ ਬਹੁਤ ਪੁੱਛਣ ਉਪਰ ਭਾਵੇਂ ਉਹਨਾਂ ਆਪਣੇ ਪਿੰਡ ਦਾ ਨਾਂ ਵੀ ਨਾ ਦੱਸਿਆ।

ਵਾਪਰੇ ਸਮੇਂ ਦੀਆਂ ਕੁਝ ਘਟਨਾਵਾਂ ਉਪਰੋਂ ਪਰਤਾਂ ਲਹਿਣੀਆਂ ਸ਼ੁਰੂ ਹੋਈਆਂ ਤਾਂ ਪਤਾ ਲੱਗਿਆ ਬਾਬਾ ਜੀ ਦੀ ਉਮਰ ਵੀ ਕੋਈ ਵਧੇਰੇ ਨਹੀਂ ਬਲਕਿ 45 ਕੁ ਸਾਲ ਦੇ ਕਰੀਬ ਹੋਵੇਗੀ ਅਤੇ ਉਹਨਾਂ ਨੇ ਜੂਨ 84 ਦੇ ਘੱਲੂਘਾਰੇ ਨੂੰ ਬਹੁਤ ਹੀ ਨੇੜੇ ਤੋਂ (ਕੰਪਲੈਕਸ ਦੇ ਅੰਦਰ) ਤੱਕਿਆ ਹੈ। ਬਾਬਾ ਜੀ ਨੇ ਦੱਸਿਆ ਕਿ ਉਹਨਾਂ ਦਾ ਪਰਿਵਾਰ ਸ਼ੁਰੂ ਤੋਂ ਹੀ ਦਮਦਮੀ ਟਕਸਾਲ ਨਾਲ ਜੁੜਿਆ ਹੋਇਆ ਸੀ ਅਤੇ ਟਕਸਾਲ ਦੇ ਮਹਾਂਪੁਰਸ਼ਾਂ ਪ੍ਰਤੀ ਅਥਾਹ ਸ਼ਰਧਾ ਰੱਖਦਾ ਸੀ। ਬਾਬਾ ਜੀ ਦੇ ਪਿੰਡ ਦੇ ਦੋ ਸਿੰਘ ਭਾਈ ਜਗਤਾਰ ਸਿੰਘ ਅਤੇ ਭਾਈ ਤਰਲੋਕ ਸਿੰਘ ਬੜੇ ਹੀ ਉੱਚੇ-ਸੁੱਚੇ ਜੀਵਨ ਵਾਲੇ ਟਕਸਾਲੀ ਸਿੰਘ ਸਨ ਅਤੇ ਹਮੇਸ਼ਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਹੀ ਰਿਹਾ ਕਰਦੇ ਸਨ। ਬਾਬਾ ਜੀ ਦੱਸਦੇ ਕਿ ਜਦੋਂ ਉਹ ਸਿੰਘ ਸਾਡੇ ਘਰ ਆਉਂਦੇ ਤਾਂ ਸਾਡਾ ਪਰਿਵਾਰ ਉਹਨਾਂ ਦੀ ਰਹਿਣੀ-ਬਹਿਣੀ ਅਤੇ ਉੱਚੇ-ਸੁੱਚੇ ਕਿਰਦਾਰ ਤੋਂ ਬਹੁਤ ਪ੍ਰਭਾਵਿਤ ਹੁੰਦਾ।

ਬਾਬਾ ਜੀ ਦਾ ਇਕ ਭਰਾ ਮਨਜੀਤ ਸਿੰਘ ਜੋ ਕਿ ਬਾਬਾ ਜੀ ਤੋਂ ਉਮਰ ਵਿੱਚ ਥੋੜਾ ਵੱਡਾ ਸੀ ਉਹਨਾਂ ਸਿੰਘਾਂ ਦੀਆਂ ਅਦੁੱਤੀ ਉਡਾਰੀਆਂ ਅਤੇ ਗੁਰਸਿੱਖੀ ਜੀਵਨ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਗਰਮੀਆਂ ਵਿੱਚ ਜਦੋਂ ਸਕੂਲ ਦੀਆਂ ਛੁੱਟੀਆਂ ਹੋਈਆਂ ਤਾਂ ਘਰੋਂ ਸ੍ਰੀ ਹਰਿਮੰਦਰ ਸਾਹਿਬ ਆ ਗਿਆ। ਕਾਫ਼ੀ ਦਿਨ ਉਹ ਬਾਬਾ ਜਰਨੈਲ ਸਿੰਘ ਜੀ ਪਾਸ ਰਿਹਾ ਅਤੇ ਵਾਪਸ ਘਰ ਨਾ ਗਿਆ। ਪਰਿਵਾਰ ਨੇ ਮੈਨੂੰ (ਬਾਬਾ ਜੀ) ਕਿਹਾ

ਕਿ ਜਾਹ ਤੂੰ ਜਾ ਕੇ ਮਨਜੀਤ ਨੂੰ ਘਰ ਲੈ ਆ ਕਿਉਂਕਿ ਸਕੂਲ ਸ਼ੁਰੂ ਹੋਣ ਵਾਲੇ ਹਨ।

ਮੈਂ ਵੀ ਬੱਸ ਵਿੱਚ ਬੈਠ ਕੇ ਹਰਿਮੰਦਰ ਸਾਹਿਬ ਆ ਗਿਆ। ਮਨਜੀਤ ਸਿੰਘ ਨੂੰ ਮਿਲ ਕੇ ਘਰਦਿਆਂ ਦਾ ਸੁਨੇਹਾ ਦਿੱਤਾ। ਉਸ ਨੂੰ ਤਾਂ ਮੈਂ ਪਿੰਡ ਨੂੰ ਤੋਰ ਦਿੱਤਾ ਅਤੇ ਆਪ ਹਰਿਮੰਦਰ ਸਾਹਿਬ ਟਿਕ ਗਿਆ। ਮੇਰੀ ਉਮਰ ਉਸ ਸਮੇਂ 13-14 ਸਾਲ ਸੀ। ਸਾਰੇ ਜਥੇ ਦੇ ਸਿੰਘ ਮੈਨੂੰ ਭੁਝੰਗੀ ਕਹਿ ਕੇ ਬੁਲਾਉਂਦੇ ਸਨ ਅਤੇ ਕਈ ਵਾਰ ਜਦੋਂ ਸਿੰਘ ਸਵੇਰੇ ਇਸ਼ਨਾਨ ਕਰਦੇ ਤਾਂ ਮੈਨੂੰ ਆਪਣੇ ਸ਼ਸਤਰ ਵੀ ਫੜਾ ਦਿੰਦੇ। ਸੋ ਦਿਨ-ਬ-ਦਿਨ ਸਿੰਘਾਂ ਨਾਲ ਪਿਆਰ ਵੀ ਵੱਧਦਾ ਗਿਆ ਅਤੇ ਉਹਨਾਂ ਦੇ ਯਕੀਨ ਦਾ ਪਾਤਰ ਵੀ ਬਣਦਾ ਗਿਆ। ਹੁਣ ਤਾਂ ਕਈ ਵਾਰ ਉਹ ਮੈਨੂੰ ਛੋਟੀ ਜਿਹੀ ਪਠਾਣੀ ਰਾਈਫਲ ਦੇ ਕੇ ਪਹਿਰੇ ਉਪਰ ਵੀ ਖੜਾ ਕਰ ਦਿੰਦੇ।

ਮੈਂ ਅਕਸਰ ਸਿੰਘਾਂ ਦੇ ਨਾਲ ਹੀ ਰਹਿੰਦਾ ਪੰਤੂ ਜਦੋਂ ਸੰਤ ਜੀ ਨੇੜੇ ਆਉਂਦੇ ਤਾਂ ਮੈਂ ਬਹੁਤ ਹੀ ਜ਼ੋਰ ਨਾਲ ਫ਼ਤਹਿ ਬੁਲਾਉਂਦਾ। ਸੰਤ ਜੀ ਬਹੁਤ ਹੀ ਖੁਸ਼ ਹੁੰਦੇ ਅਤੇ ਨਾਲ ਹੀ ਕਹਿ ਕੇ ਲੰਘ ਜਾਂਦੇ, "ਕਿਵੇਂ ਆ ਭੁਝੰਗੀਆ, ਠੀਕ ਆਂ।" ਮੈਂ ਸਤਿਕਾਰ ਨਾਲ ਮੁਸਕਰਾ ਦਿੰਦਾ।

ਇਕ ਘਟਨਾ ਦੱਸਦੇ ਹੋਏ ਬਾਬਾ ਜੀ (ਬਾਬਾ ਅਜੀਤ ਸਿੰਘ) ਬਿਆਨ ਕਰਦੇ ਹਨ ਕਿ ਇਕ ਦਿਨ ਭਾਈ ਮੋਹਰ ਸਿੰਘ ਦੀ ਸਪੁੱਤਰੀ ਬਹੁਤ ਹੀ ਰੋ ਰਹੀ ਸੀ। (ਜ਼ਿਕਰਯੋਗ ਹੈ ਕਿ ਭਾਈ ਮੋਹਰ ਸਿੰਘ ਅਤੇ ਉਹਨਾਂ ਦੀਆਂ ਸਪੁੱਤਰੀਆਂ ਵੀ ਘੱਲੂਘਾਰਾ 84 ਵਿੱਚ ਸ਼ਹੀਦ ਹੋ ਗਈਆਂ ਸਨ) ਸੰਤ ਜੀ ਮੰਜੇ ਉਪਰ ਬੈਠੇ ਸਨ ਅਤੇ ਕੁਦਰਤੀ ਹੀ ਬੀਬੀ ਪ੍ਰੀਤਮ ਕੌਰ ਜੀ ਵੀ ਆਏ ਹੋਏ ਸਨ। ਬੱਚੀ ਬਹੁਤ ਹੀ ਉੱਚੀ-ਉੱਚੀ ਰੋ ਰਹੀ ਸੀ। ਸੰਤਾਂ ਨੇ ਪੁੱਛਿਆ, "ਆਹ ਭਾਈ ਗੁੱਡੀ ਕਿਉਂ ਰੋਂਦੀ ਆ।" ਕਿਸੇ ਨੇ ਦੱਸਿਆ ਕਿ ਸ਼ਾਇਦ ਅੱਜ ਇਸ ਨੂੰ ਦੁੱਧ ਨਹੀਂ ਮਿਲਿਆ। ਸੰਤ ਜੀ ਨੇ ਉਸੇ ਵੇਲੇ ਭਾਈ ਗੁਰਮੁਖ ਸਿੰਘ ਗੜਵਈ ਨੂੰ ਕਿਹਾ ਕਿ ਸਿੰਘਾਂ ਦੀਆਂ ਬੱਚੀਆਂ ਦੁੱਧ ਤੋਂ ਨਹੀਂ ਰੋਣੀਆਂ ਚਾਹੀਦੀਆਂ। ਇਸ ਬੱਚੀ ਨੂੰ ਰੋਜ਼ ਦੁੱਧ ਮਿਲਣਾ ਚਾਹੀਦਾ ਹੈ ਭਾਵੇਂ ਮੁੱਲ ਕਿਉਂ ਨਾ ਲਿਆਉਣਾ ਪਵੇ। ਭਾਈ ਗੁਰਮੁਖ ਸਿੰਘ ਨੇ ਸਤਿਬਚਨ ਕਿਹਾ ਅਤੇ ਉਸ ਦਿਨ ਤੋਂ ਬੱਚੀਆਂ ਵਾਸਤੇ ਬਕਾਇਦਾ ਦੁੱਧ ਆਉਂਦਾ ਰਿਹਾ।

ਰਾਮਗੜ੍ਹੀਆ ਬੁੰਗਿਆਂ ਦੀ ਮੋਰਚਾਬੰਦੀ ਬਾਰੇ ਬਾਬਾ ਅਜੀਤ ਸਿੰਘ ਨੇ ਦੱਸਿਆ ਕਿ ਬੁੰਗੇ ਉਪਰ ਮੋਰਚੇ ਦੀ ਜ਼ਿੰਮੇਵਾਰੀ ਭਾਈ ਮੇਜਰ ਸਿੰਘ ਨਾਗੋਕੇ ਦੀ ਸੀ। ਜਦੋਂ ਬੁੰਗੇ ਉਪਰ ਮੋਰਚਾਬੰਦੀ ਕੀਤੀ ਜਾ ਰਹੀ ਸੀ ਤਾਂ ਸਾਰਾ ਕੰਮ ਅਕਸਰ ਰਾਤ ਨੂੰ ਹੁੰਦਾ ਸੀ। ਭਾਈ ਮੇਜਰ ਸਿੰਘ ਮੈਨੂੰ ਨਾਲ ਲੈ ਲੈਂਦੇ ਅਤੇ ਕਹਿੰਦੇ, "ਚੱਲ ਭੁਝੰਗੀਆ ਇੱਟਾਂ ਲੈ ਕੇ ਚੱਲੀਏ।"

ਉਹ ਹਰ ਸਮੇਂ ਚੌਪਈ ਸਾਹਿਬ ਦਾ ਪਾਠ ਕਰਦੇ ਰਹਿੰਦੇ ਅਤੇ ਸੇਵਾ ਕਰਦੇ ਰਹਿੰਦੇ। ਬਾਬਾ ਜੀ ਅਨੁਸਾਰ ਭਾਈ ਮੇਜਰ ਸਿੰਘ ਨਾਗੋਕੇ (ਨਿਰੰਕਾਰੀ ਕਾਂਡ) ਬਹੁਤ ਹੀ ਸੇਵਾ ਅਤੇ ਸਿਮਰਨ ਵਾਲਾ ਸਿੰਘ ਸੀ। ਬਾਬਾ ਜੀ ਅਨੁਸਾਰ ਰਾਮਗੜ੍ਹੀਆਂ ਬੁੰਗੇ ਵਿੱਚ ਤਕਰੀਬਨ ਸੌ ਤੋਂ ਵਧੇਰੇ ਐਸੀਆਂ ਚੋਰ ਮੋਰੀਆਂ ਸਨ ਜਿੱਥੋਂ ਫਾਇਰਿੰਗ ਕੀਤੀ ਜਾ ਸਕਦੀ ਸੀ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਆਖਰੀ ਮਿਲਾਪ ਬਾਰੇ ਬਾਬਾ ਜੀ ਦੱਸਦੇ ਹਨ ਕਿ 3 ਜੂਨ, 1984 ਦਾ ਦਿਨ ਸੀ। ਬਾਹਰੋਂ ਫ਼ੌਜ, ਸੀ.ਆਰ.ਪੀ. ਅਤੇ ਬੀ.ਐਸ.ਐਫ. ਵੱਲੋਂ ਧੂੰਆਂਧਾਰ ਫਾਇਰਿੰਗ ਹੋ ਰਹੀ ਸੀ। ਅੰਦਰੋਂ ਸਿੰਘ ਵੀ ਬਾਖੂਬੀ ਜਵਾਬ ਦੇ ਰਹੇ ਸਨ। ਮੈਂ (ਬਾਬਾ ਅਜੀਤ ਸਿੰਘ) ਅਕਾਲ ਤਖ਼ਤ ਸਾਹਿਬ ਦੇ ਅੰਦਰ ਇਕ ਥੰਮ੍ਹਲੇ ਨਾਲ ਢੋਅ ਲਗਾ ਕੇ ਬੈਠਾ ਸੀ। ਅਚਾਨਕ ਹੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਅਤੇ ਕੁਝ ਸਿੰਘ ਅੰਦਰ ਦਾਖ਼ਲ ਹੋਏ ਅਤੇ ਮੈਂ ਆਦਤ ਮੁਤਾਬਕ ਬਹੁਤ ਹੀ ਜ਼ੋਰ ਨਾਲ ਫ਼ਤਹਿ ਬੁਲਾਈ। ਸੰਤ ਜੀ ਨੇ ਫਤਹਿ ਦਾ ਜਵਾਬ ਦਿੱਤਾ ਪੰਤੂ ਕਾਹਲੀ ਵਿੱਚ ਮਹਿਸੂਸ ਹੋ ਰਹੇ ਸਨ। ਸੰਤਾਂ ਦੇ ਨਾਲ ਕੁਝ ਹਥਿਆਰਬੰਦ ਸਿੰਘ ਸਨ ਅਤੇ ਇਕ ਸਿੰਘ ਨੇ ਬੋਰੀ ਵਿੱਚ ਛੋਲੇ (ਭੁੱਜੇ ਹੋਏ) ਚੁੱਕੇ ਹੋਏ ਸਨ। ਸੰਤਾਂ ਮੇਰੇ ਵੱਲ ਵੇਖਿਆ ਅਤੇ ਛੋਲਿਆਂ ਵਾਲੇ ਸਿੰਘ ਨੂੰ ਕਿਹਾ, "ਆਹ ਭਾਈ ਭੁਝੰਗੀ ਦੀ ਝੋਲੀ ਵੀ ਇਕ ਮੁੱਠ ਛੋਲਿਆਂ ਦੀ ਪਾ ਦੇ, ਹੁਣ ਤਾਂ ਇਹ ਹੀ ਖਾਣੇ ਪੈਣੇ ਆਂ।"

ਇਹ ਕਹਿ ਕਿ ਸੰਤ ਜੀ ਭੋਰੇ ਵੱਲ ਨੂੰ ਚਲੇ ਗਏ ਅਤੇ ਜਦੋਂ ਮੈਂ ਉਹਨਾਂ ਵੱਲ ਮੁੜ ਕੇ ਤੱਕਿਆ ਤਾਂ ਮੈਨੂੰ ਭੋਰੇ ਵਿੱਚ ਜਾ ਰਹੇ ਸੰਤਾਂ ਦੀਆਂ ਲੱਤਾਂ ਹੀ ਨਜ਼ਰ ਆਈਆਂ। ਉਸ ਤੋਂ ਬਾਅਦ ਵਿੱਚ ਮੈਂ ਸੰਤਾਂ ਦੇ ਦਰਸ਼ਨ ਨਹੀਂ ਕੀਤੇ, ਬੱਸ! ਇਹ ਹੀ ਆਖ਼ਰੀ ਦਰਸ਼ਨ ਸਨ।

ਮੈਂ ਕੁਝ ਸਮਾਂ ਉਥੇ ਹੀ ਬੈਠਾ ਰਿਹਾ ਅਤੇ ਫਿਰ ਅਚਾਨਕ ਮੈਨੂੰ ਸਿੰਘ ਬੁਲਾ ਕੇ ਅਕਾਲ ਤਖ਼ਤ ਦੇ ਨਾਲ ਵਾਲੀ ਇਮਾਰਤ ਵਿੱਚ ਲੈ ਗਏ। ਜ਼ਿਕਰਯੋਗ ਹੈ ਕਿ ਇਹ ਇਕ ਲਾਲ ਇੱਟਾਂ ਦੀ ਬਣੀ ਉੱਚੀ ਇਮਾਰਤ ਸੀ ਅਤੇ ਅਕਾਲ ਤਖ਼ਤ ਸਾਹਿਬ ਦੇ ਐਨ ਖੱਬੇ ਪਾਸੇ ਸੀ। ਇਹ ਸਿੰਘਾਂ ਦਾ ਬਹੁਤ ਹੀ ਪੁਖਤਾ ਮੋਰਚਾ ਸੀ ਅਤੇ ਦਰਸ਼ਨੀ ਡਿਉੜੀ ਤੋਂ ਲੈ ਕੇ ਅਕਾਲ ਤਖ਼ਤ ਦੇ ਸਾਹਮਣੇ ਦਾ ਸਾਰਾ ਖੁਲ੍ਹਾ ਵਿਹੜਾ ਇਸ ਦੀ ਮਾਰ ਵਿੱਚ ਸੀ।

ਘੱਲੂਘਾਰਾ ਜੂਨ 84 ਵਿੱਚ ਸ਼ਾਮਿਲ ਇਕ ਫ਼ੌਜੀ ਅਫ਼ਸਰ ਇਸਰਾਰ ਖ਼ਾਨ ਖ਼ੁਦ ਮੰਨਦਾ ਹੈ ਕਿ ਇਹ ਬਹੁਤ ਹੀ ਪੁਖਤਾ ਮੋਰਚਾ ਸੀ ਅਤੇ ਅਕਾਲ ਤਖ਼ਤ ਸਾਹਿਬ ਤੋਂ ਬਾਅਦ ਇਸ ਮੋਰਚੇ ਨੇ ਹੀ ਫ਼ੌਜ ਦਾ ਸਭ ਤੋਂ ਵਧੇਰੇ ਨੁਕਸਾਨ ਕੀਤਾ। ਇਸ ਬਿਲਡਿੰਗ ਦੇ ਘੇਰੇ ਵਿੱਚ ਆਉਂਦੇ ਖਿੱਤੇ ਨੂੰ ਫ਼ੌਜ ਨੇ ਮੌਤ ਦਾ ਅਹਾਤਾ ਦਾ ਨਾਮ ਦਿੱਤਾ ਅਤੇ ਸਭ ਤੋਂ ਵੱਧ ਫ਼ੌਜੀ ਕਮਾਂਡੋਆਂ ਦਾ ਇਥੇ ਹੀ ਨੁਕਸਾਨ ਹੋਇਆ। ਬਾਬਾ ਜੀ ਉਸ ਵੇਲੇ ਸਿੰਘ ਨਾਲ ਉਸ ਇਮਾਰਤ ਵਿੱਚ ਚਲੇ ਗਏ। ਇਸ ਇਮਾਰਤ ਦੀ ਤੀਸਰੀ ਅਤੇ ਚੌਥੀ ਮੰਜ਼ਿਲ ਉਪਰ ਸਿੰਘਾਂ ਦਾ ਮੋਰਚਾ ਸੀ ਅਤੇ ਉਥੋਂ ਹੀ ਸਭ ਤੋਂ ਵੱਧ ਦੇਸੀ ਗ੍ਰਨੇਡਾਂ (ਜੋ ਕੇ ਪੱਠੇ ਕੁਤਰਨ ਵਾਲੇ ਟੋਕੇ ਦੀ ਗਰਾਰੀ ਦੇ ਖੋਲ ਵਿੱਚ ਬਾਰੂਦ ਭਰ ਕੇ ਬਣਾਏ ਹੋਏ ਸਨ) ਦੀ ਵਰਤੋਂ ਕੀਤੀ ਗਈ ਅਤੇ ਭਾਰਤੀ ਫ਼ੌਜ ਦਾ ਬਹੁਤ ਨੁਕਸਾਨ ਕੀਤਾ। ਸਾਰੇ ਹੀ ਦੇਸੀ ਗ੍ਰਨੇਡਾਂ ਨੂੰ ਜ਼ਮੀਨੀ ਮੰਜ਼ਿਲ 'ਤੇ ਇਕ ਰੇਤ ਦੇ ਠੰਡੇ ਢੇਰ ਵਿੱਚ ਦਬਾ ਕੇ ਰੱਖਿਆ ਸੀ ਕਿਉਂਕਿ ਸਿੰਘਾਂ ਨੂੰ ਖ਼ਤਰਾ ਸੀ ਕਿ ਕਿਤੇ ਗਰਮੀ ਨਾਲ ਆਪੇ ਹੀ ਨਾ ਚੱਲ ਜਾਣ ਜਾਂ ਉਪਰ ਰੱਖਣ ਨਾਲ ਕੋਈ ਤੋਪ ਦਾ ਗੋਲਾ ਵੱਜਾ ਤਾਂ ਵੀ ਆਪੇ ਹੀ ਫਟ ਸਕਦੇ ਸਨ।

ਬਾਬਾ ਜੀ ਨੇ ਕਿਹਾ ਕਿ ਭੁਝੰਗੀਆ, ਤੂੰ ਇਹਨਾਂ ਦੇ ਕੋਲ ਬੈਠ ਜਾ ਅਤੇ ਜਦੋਂ

ਅਸੀਂ ਅਵਾਜ਼ ਦੇਈਏ ਤੂੰ ਕੁਝ ਪੌੜੀਆਂ ਚੜ੍ਹ ਕੇ ਉਪਰ ਆ ਜਾਵੀਂ ਅਤੇ ਅੱਧੀਆਂ ਪੌੜੀਆਂ ਉੱਤਰ ਕੇ ਹੇਠਾਂ ਆ ਜਾਵਾਂਗੇ। ਤਿੰਨ ਜੂਨ ਅਤੇ ਚਾਰ ਜੂਨ ਦੀ ਰਾਤ ਬਾਬਾ ਜੀ ਇੰਝ ਹੀ ਅਸਲਾ ਫੜਾਉਣ ਦੀ ਸੇਵਾ ਕਰਦੇ ਰਹੇ ਅਤੇ ਅਖ਼ੀਰ ਪੰਜ ਜੂਨ ਦੀ ਅੱਧੀ ਰਾਤ ਤੋਂ ਬਾਅਦ ਹੀ ਬੜਾ ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ ਤਾਂ ਬਾਬਾ ਜੀ ਨੂੰ ਕੜਾਹ ਪ੍ਰਸ਼ਾਦਿ ਵਾਲੇ ਕਮਰੇ ਤੋਂ ਅੱਗੇ ਇਕ ਹੋਰ ਕਮਰੇ ਵਿੱਚ ਛੱਡ ਆਏ ਜਿੱਥੇ ਪਹਿਲਾਂ ਵੀ ਕੁਝ ਹੋਰ ਸ਼ਰਧਾਲੂ ਬੈਠੇ ਹੋਏ ਸਨ। ਭੁੱਖ, ਪਿਆਸ, ਉਨੀਂਦਰੇ ਅਤੇ ਥਕੇਵੇਂ ਨਾਲ ਬੁਰਾ ਹਾਲ ਸੀ। ਸਿੰਘਾਂ ਨੇ ਬਾਬਾ ਜੀ ਉਸ ਕਮਰੇ ਵਿੱਚ ਬਿਠਾਇਆ ਤੇ ਕਿਹਾ, "ਭੁਝੰਗੀਆ, ਬਥੇਰੀ ਸੇਵਾ ਕੀਤੀ ਆ, ਹੁਣ ਤੂੰ ਏਥੇ ਹੀ ਬੈਠਾ ਰਹੀਂ, ਸਾਡੇ ਪਿੱਛੇ ਨਾ ਆਵੀਂ।"

ਬਾਬਾ ਜੀ ਤਾਂ ਉਥੇ ਹੀ ਬੈਠੇ ਰਹੇ ਪ੍ਰੰਤੂ ਸ਼ਹੀਦੀ ਗਾਨੇ ਬੰਨ੍ਹ ਕੇ ਜੂਝਣ ਵਾਲੇ ਸਿੰਘ ਸੂਰਮੇ ਫਿਰ ਕਮਰਿਆਂ ਦੇ ਵਿੱਚੋਂ ਦੀ ਹੁੰਦੇ ਹੋਏ ਰਣ-ਤੱਤੇ ਵਿੱਚ ਜਾ ਵੜੇ।

ਪੰਜ ਜੂਨ ਦੀ ਰਾਤ, ਛੇ ਜੂਨ ਦਾ ਦਿਨ ਅਤੇ ਛੇ ਜੂਨ ਦੀ ਰਾਤ ਸਾਰਾ ਦਿਨ ਘਮਸਾਨ ਦੀ ਜੰਗ ਜਾਰੀ ਰਹੀ। ਪਰਿਕਰਮਾ ਵਿੱਚ ਫ਼ੌਜੀਆਂ ਅਤੇ ਆਮ ਸ਼ਰਧਾਲੂਆਂ ਦੀਆਂ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਅਖੀਰ ਜਦੋਂ ਸਾਹਮਣੇ ਮੱਥੇ ਜੂਝਦੇ ਹੋਏ ਸਿੰਘ ਸ਼ਹਾਦਤਾਂ ਪਾ ਗਏ ਅਤੇ ਹਰਿਮੰਦਰ ਸਾਹਿਬ ਪਰਿਸਰ ਉਪਰ ਫ਼ੌਜ ਦਾ ਕਬਜ਼ਾ ਹੋ ਗਿਆ ਤਾਂ ਸਾਨੂੰ ਵੀ ਉਸ ਕਮਰੇ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਏਨੇ ਚਿਰ ਨੂੰ ਇਕ ਕਮਾਂਡੋ ਆਇਆ ਜਿਸ ਨੇ ਮੂੰਹ ਉਪਰ ਗੈਸ ਮਾਸਕ ਪਾਇਆ ਹੋਇਆ ਸੀ ਅਤੇ ਮੈਨੂੰ ਏਨੀ ਜ਼ੋਰ ਨਾਲ ਵੱਖੀ ਵਿੱਚ ਠੁੱਡ ਮਾਰਿਆ ਕਿ ਮੈਂ ਬੇਹੋਸ਼ ਹੋ ਗਿਆ। ਕਾਫ਼ੀ ਸਮੇਂ ਬਾਅਦ ਹੋਸ਼ ਆਇਆ ਤਾਂ ਸਾਨੂੰ ਸਾਰਿਆਂ ਨੂੰ ਮਿਲਟਰੀ ਟਰੱਕ ਵਿੱਚ ਲੱਦ ਕੇ ਅਜਨਾਲਾ ਰੋਡ ਦੇ ਸੈਨਿਕ ਸਕੂਲ ਵਿੱਚ ਲੈ ਗਏ, ਉਥੇ ਹੋਰ ਵੀ ਕਈ ਕੈਦੀ ਸਨ ਪ੍ਰੰਤੂ ਬਹੁਤ ਹੀ ਬੁਰਾ ਹਾਲ ਸੀ। ਕਈ ਭੁੱਖ ਨਾਲ ਮਰ ਗਏ, ਕਈ ਪਿਆਸ ਨਾਲ ਤੇ ਕਈ ਗਰਮੀ ਨਾਲ।

ਉਥੇ ਸਾਡੇ ਨਾਲ ਬਹੁਤ ਹੀ ਮਾੜਾ ਵਰਤਾਅ ਕੀਤਾ ਗਿਆ ਅਤੇ ਪੀਣ ਲਈ ਬਹੁਤ ਹੀ ਘਟੀਆ ਅਤੇ ਗੰਦਾ ਪਾਣੀ ਦਿੱਤਾ ਜਾਂਦਾ ਰਿਹਾ ਅਤੇ ਇੱਥੋਂ ਤੱਕ ਕਿ ਰੋਟੀਆਂ ਵਿੱਚ ਵੀ ਸ਼ੀਸ਼ਾ ਪੀਸ ਕਿ ਸ਼ਾਇਦ ਮਿਲਾਇਆ ਹੋਇਆ ਸੀ ਜਿਸ ਨਾਲ ਕਈ ਸ਼ਰਧਾਲੂ ਬਿਮਾਰ ਹੋ ਗਏ ਅਤੇ ਦਵਾਈਆਂ ਦੀ ਅਣਹੋਂਦ ਕਾਰਨ ਜਾਨ ਤੋਂ ਹੱਥ ਧੋ ਬੈਠੇ।

ਨਾਬਾਲਿਗ ਹੋਣ ਕਰਕੇ ਮੇਰੀ ਜਾਂਚ ਪੜਤਾਲ ਉਪਰੰਤ ਕੁਝ ਦਿਨਾਂ ਬਾਅਦ ਮੈਨੂੰ ਛੱਡ ਦਿੱਤਾ। ਜ਼ਿਕਰਯੋਗ ਹੈ ਕਿ ਬਾਬਾ ਜੀ ਦਾ ਵੱਡਾ ਭਰਾ ਮਨਜੀਤ ਸਿੰਘ ਵੀ ਸੰਘਰਸ਼ ਦੌਰਾਨ ਹੀ ਸ਼ਹੀਦ ਹੋਇਆ। ਅੱਜ ਵੀ ਮੈਂ ਜਦੋਂ ਗੁ. ਬੁੰਗਾ ਸਾਹਿਬ ਵਿਖੇ ਹਰ ਸਮੇਂ ਚਲਦੇ ਲੰਗਰ ਬਾਰੇ ਸੋਚਦਾ ਹਾਂ ਇਹ ਮਹਿਸੂਸ ਹੁੰਦਾ ਜਿਵੇਂ ਇਹ ਇਕ ਬੁੱਕ ਛੋਲਿਆਂ ਦਾ ਹੀ ਪ੍ਰਤਾਪ ਹੈ ਜੋ ਮਹਾਂਪੁਰਸ਼ਾਂ ਸੰਤ ਜਰਨੈਲ ਸਿੰਘ ਜੀ ਨੇ ਬਾਬਾ ਜੀ ਨੂੰ ਦਿੱਤੇ।

ਅੱਖੀਂ ਤੱਕੀਆਂ ਸ਼ਹੀਦੀਆਂ

(ਭਾਈ ਮੁਖਤਿਆਰ ਸਿੰਘ ਮੁਖੀ ਜੋ ਕਿ ਹੁਣ ਅਮਰੀਕਾ ਵਿਖੇ ਰਹਿ ਰਹੇ ਹਨ, ਘੱਲੂਘਾਰਾ ਜੂਨ 1984 ਦੇ ਆਖਰੀ ਪਲਾਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰਹੇ ਅਤੇ ਉਹਨਾਂ ਨੇ ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਅਤੇ ਜਨਰਲ ਸ਼ੁਬੇਗ ਸਿੰਘ ਹੋਰਾਂ ਦੀਆਂ ਸ਼ਹੀਦੀਆਂ ਨੂੰ ਅੱਖੀਂ ਤੱਕਿਆ। ਪੇਸ਼ ਹੈ ਉਹਨਾਂ ਨਾਲ ਕੀਤੀ ਇਕ ਇੰਟਰਵਿਊ)

ਸੰਤ ਜਰਨੈਲ ਸਿੰਘ ਜੀ ਦੇ ਆਖ਼ਰੀ ਸ਼ਬਦ- "ਜਿਸ ਅਕਾਲ ਤਖ਼ਤ ਨੂੰ ਸਮੇਂ ਦੀ ਹਕੂਮਤ ਨੇ ਢਹਿ-ਢੇਰੀ ਕੀਤਾ ਹੈ, ਖ਼ਾਲਸਾ ਪੰਥ ਉਸ ਨੂੰ ਸੋਨੇ ਤੇ ਹੀਰਿਆਂ ਨਾਲ ਜੜ੍ਹੇਗਾ। ਸਿੰਘੋ, ਜੀਹਨੇ ਸ਼ਹੀਦ ਹੋਣਾ ਆਉ ਚੱਲੀਏ।" ਇਹ ਕਹਿ ਕਿ ਸੰਤ ਜੀ ਅਕਾਲ ਤਖ਼ਤ ਦੇ ਉਪਰ ਆ ਗਏ ਤੇ ਅਰਦਾਸ ਕੀਤੀ, "ਧੰਨ-ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਸੱਚੇ ਪਾਤਿਸ਼ਾਹ, ਮੀਰੀ-ਪੀਰੀ ਦੇ ਮਾਲਕ, ਤੁਹਾਡੇ ਚਰਨਾਂ ਵਿੱਚ ਬੇਨਤੀ ਆ, ਜਿੰਨਾ ਚਿਰ ਸਿੱਖ ਕੌਮ ਦਾ ਘਰ ਨਹੀਂ ਬਣਦਾ, ਮੈਂ ਬਾਰ-ਬਾਰ ਜਨਮ ਲਵਾਂ।"

? **ਜਦੋਂ ਅਕਾਲ ਤਖਤ ਉਪਰ ਏਨੀ ਗੋਲਾਬਾਰੀ ਹੋ ਰਹੀ ਤਾਂ ਤੁਸੀਂ ਕੀਰਤਨ ਦੀ ਜਗ੍ਹਾ ਬਦਲੀ ਜਾਂ ਉਥੇ ਹੀ ਕੀਰਤਨ ਕਰਦੇ ਰਹੇ ?**

- ਨਹੀਂ, ਉਥੇ ਨਹੀਂ, ਉਪਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਪਰ। ਜਿੱਥੇ ਮੰਜੀ ਸਾਹਿਬ ਆ ਨਾ। ਮੰਜੀ ਸਾਹਿਬ ਸ਼ਸਤਰਾਂ ਦੀ ਪਾਲਕੀ ਆ, ਸ਼ਸਤਰਾਂ ਦੀ ਪਾਲਕੀ ਦੇ ਵਿੱਚ ਉਹਦੇ ਨਾਲ ਜੰਗਲਾ ਜਿਹਾ ਬਣਿਆ ਹੋਇਆ ਸੀ। ਉਸ ਜੰਗਲੇ ਕੋਲ ਬਹਿ ਕੇ ਅਸੀਂ ਸਾਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ।

? **ਉਸ ਦੌਰਾਨ ਗੋਲੀ ਚੱਲਦੀ ਰਹੀ?**

- ਹਾਂ, ਬਹੁਤ ਗੋਲੀ ਚੱਲਦੀ ਸੀ, ਬਹੁਤ ਜ਼ਿਆਦਾ।

? **ਸਿੰਘਾਂ ਨੇ ਅੱਗੋਂ ਕਦੋਂ ਜਵਾਬ ਦੇਣਾ ਸ਼ੁਰੂ ਕੀਤਾ?**

- ਉਸੇ ਟਾਈਮ 'ਤੇ ਸ਼ੁਰੂ ਕਰ ਦਿੱਤਾ ਸੀ।

? **ਤੁਹਾਨੂੰ ਕਿਹੜੇ ਕਿਹੜੇ ਮੋਰਚੇ ਦਾ ਪਤਾ ਸੀ?**

- ਇੱਕ ਪਾਣੀ ਵਾਲੀ ਟੈਂਕੀ ਦਾ, ਗੁਰੂ ਰਾਮਦਾਸ ਲੰਗਰ ਦਾ।

? **ਪਾਣੀ ਵਾਲੀ ਟੈਂਕੀ ਦੇ ਮੋਰਚੇ 'ਤੇ ਕੌਣ ਸੀ?**

- ਇਹਦੇ ਬਾਰੇ ਮੈਨੂੰ ਪੂਰਾ ਪਤਾ ਨਹੀਂ ਕਿ ਬੱਬਰ ਸਨ ਜਾਂ ਫ਼ੈਡਰੇਸ਼ਨ ਦੇ ਸਿੰਘ ਸਨ ਕਿ ਜਾਂ ਫਿਰ ਸੰਤਾਂ ਦੇ ਸਿੰਘ ਸਨ, ਪਰ ਜਥੇਦਾਰ ਰਾਮ ਸਿੰਘ ਦਾ ਮੈਨੂੰ ਪਤਾ ਕਿ

ਉਹਦਾ ਮੋਰਚਾ ਗੁਰੂ ਰਾਮਦਾਸ ਲੰਗਰ 'ਤੇ ਸੀ।

? **ਸੁਲਤਾਨਪੁਰ ਲੋਧੀ ਵਾਲੇ ਜਥੇਦਾਰ ਰਾਮ ਸਿੰਘ?**

- ਹਾਂ, ਉਹਨਾਂ ਨੂੰ ਸੁਲਤਾਨਪੁਰੀ ਵੀ ਕਹਿੰਦੇ ਹੁੰਦੇ ਸਨ।

? **ਜਿਹੜੇ, ਜਦੋਂ ਸੰਤ ਕਥਾ ਕਰਦੇ ਹੁੰਦੇ ਸਨ, ਤਾਂਬਿਆ ਬੈਠਦੇ ਸਨ?**

- ਹਾਂ, ਬਿਲਕੁਲ ਉਹ ਹੀ।

? **ਉਹਨਾਂ ਦੇ ਨਾਲ ਹੋਰ ਕਿਹੜੇ ਸਿੰਘ ਸਨ?**

- ਉਹਨਾਂ ਦੇ ਨਾਲ ਹੋਰ ਕਾਫ਼ੀ ਸਿੰਘ ਸਨ, ਜਿਵੇਂ ਭਾਈ ਦਲਬੀਰ ਸਿੰਘ ਅਭਿਆਸੀ, ਭਾਈ ਸਵਰਨ ਸਿੰਘ, ਭਾਈ ਕੁਲਵੰਤ ਸਿੰਘ ਭੰਡ, ਭਾਈ ਸੁਰਜੀਤ ਸਿੰਘ ਰਾਗੀ, ਭਾਈ ਗੁਰਮੇਲ ਸਿੰਘ।

? **ਭਾਈ ਸੁਰਜੀਤ ਸਿੰਘ ਰਾਗੀ ਕਿਹੜੇ ਸਨ?**

- ਇਹ ਭਾਈ ਸੁਰਜੀਤ ਸਿੰਘ ਰਾਗੀ ਸਾਡੇ ਨਾਲ ਹੁੰਦੇ ਸਨ।

? **ਉਹ ਸ਼ਹੀਦ ਹੋ ਗਏ ਆ?**

- ਹਾਂ, ਉਹ ਸ਼ਹੀਦ ਹੋ ਗਏ ਹਨ। ਹੋਰ ਭਾਈ ਸਾਹਿਬ ਸਿੰਘ, ਭਾਈ ਦਿਆਲ ਸਿੰਘ, ਭਾਈ ਮੋਹਕਮ ਸਿੰਘ ਇਹ ਸਾਰੇ ਸਿੰਘ ਉਥੇ ਹੁੰਦੇ ਸਨ, ਜਿੱਥੇ ਦੋਵੇਂ ਮੀਨਾਰ ਨੇ, ਰਾਮਗੜ੍ਹੀਆ ਬੁੰਗੇ ਨੇ।

? **ਗੋਲੀ ਚੱਲਣ ਦੇ ਇਸ ਸਮੇਂ ਦੌਰਾਨ ਵੀ ਸਿੰਘ ਅਕਾਲ ਤਖ਼ਤ 'ਤੇ ਸੰਤਾਂ ਨੂੰ ਮਿਲਣ ਆਉਂਦੇ-ਜਾਂਦੇ ਰਹੇ?**

- ਹਾਂ, ਬਿਲਕੁਲ, ਸੰਤ ਆਪ ਭੇਜਦੇ ਰਹੇ, ਗੁਰਮੁਖ ਸਿੰਘ ਜਿਹੜਾ ਉਹਨਾਂ ਦਾ ਡਰਾਇਵਰ ਸੀ, ਉਹ ਆਉਂਦਾ-ਜਾਂਦਾ ਰਿਹਾ। ਤਕਰੀਬਨ ਉਹ ਰਾਤ ਨੂੰ 9-10 ਵਜੇ ਤੱਕ ਆਇਆ।

? **ਪੰਜ ਜੂਨ ਦੀ ਰਾਤ ਨੂੰ?**

- ਹਾਂ, ਪੰਜ-ਛੇ ਜੂਨ ਦੀ ਦਰਮਿਆਨੀ ਰਾਤ ਨੂੰ। ਉਦੋਂ ਬਾਅਦ ਫਿਰ ਨਹੀਂ ਆਇਆ।

? **ਜਨਰਲ ਸ਼ੁਬੇਗ ਸਿੰਘ ਕਿੱਥੇ ਸਨ?**

- ਜਨਰਲ ਸ਼ੁਬੇਗ ਸਿੰਘ ਸੰਤਾਂ ਦੇ ਕੋਲ ਹੀ ਸਨ, ਲੇਕਿਨ ਉਹ ਦੂਜੇ ਮੋਰਚਿਆਂ 'ਤੇ ਆਉਂਦੇ-ਜਾਂਦੇ ਸਨ।

? **ਉਹ ਕਦੋਂ ਸ਼ਹੀਦ ਹੋਏ?**

- ਉਹ ਪੰਜ-ਛੇ ਜੂਨ ਦੀ ਦਰਮਿਆਨੀ ਰਾਤ ਨੂੰ ਕੋਈ ਸਾਢੇ ਬਾਰਾਂ ਪੌਣੇ ਇਕ ਵਜੇ ਦਾ ਟਾਈਮ ਸੀ, ਉਹ ਜਿੱਥੇ ਹੁਕਮਨਾਮਾ ਲਿਖਦੇ ਹਾਂ ਉਥੇ ਸਨ, ਜਦੋਂ ਉਹਨਾਂ ਨੂੰ ਗੋਲੀ ਲੱਗ ਗਈ ਆ।

? **ਉਹ ਉਸ ਪਾਸੇ ਸਨ ਜਾਂ ਕੜਾਹ ਪ੍ਰਸ਼ਾਦ ਵਾਲੇ ਪਾਸੇ?**

- ਨਹੀਂ, ਇਧਰ, ਜਿੱਧਰ ਹੁਕਮਨਾਮਾ ਲਿਖਿਆ ਜਾਂਦਾ। ਜਦ ਉਹਨਾਂ ਨੂੰ ਗੋਲੀ ਲੱਗ ਗਈ ਤਾਂ ਉਹਨਾਂ ਨੇ ਫ਼ੌਜੀ-ਫ਼ੌਜੀ ਕਹਿ ਕੇ ਅਵਾਜ਼ ਮਾਰੀ, ਮੈਨੂੰ ਉਹਦਾ ਨਾਂਅ ਤੇ ਪਤਾ ਨਹੀਂ। ਉਹ ਥੱਲੇ ਗਿਆ ਤੇ ਉਨਾਂ ਨੂੰ ਸਹਾਰਾ ਦੇ ਕੇ ਲੈ ਆਇਆ।

? **ਉਹ ਅਕਾਲ ਤਖ਼ਤ 'ਤੇ ਆਪਣੀ ਪਿੱਠ 'ਤੇ ਪਾ ਕੇ ਲੈ ਆਇਆ?**

- ਹਾਂ, ਉਹ ਸੰਤਾਂ ਕੋਲ ਅਕਾਲ ਤਖ਼ਤ 'ਤੇ ਲੈ ਆਇਆ। ਜਨਰਲ ਸਾਹਿਬ ਨੇ ਸੰਤਾਂ ਨੂੰ ਕਿਹਾ, "ਬਾਬਾ ਜੀ, ਮੈਂ ਤੁਹਾਡਾ ਬਚਨ ਪੂਰਾ ਕਰ ਦਿੱਤਾ ਹੈ, ਹਥਿਆਰ ਵੀ ਮੈਂ ਛੱਡ ਕੇ ਨਹੀਂ ਆਇਆ, ਨਾਲ ਲੈ ਕੇ ਆਇਆਂ।" ਉਸ ਸਮੇਂ ਉਹਨਾਂ ਦੇ ਹੱਥ ਵਿੱਚ ਕਾਰਬਾਈਨ ਸੀ। ਉਹ ਉਹਨਾਂ ਨੇ ਸੰਤਾਂ ਨੂੰ ਫੜਾਈ। ਉਹਨਾਂ ਕਿਹਾ— ਮੇਰੀ ਨਿਭ ਗਈ ਹੈ, ਹੁਣ ਤੁਸੀਂ ਜਾਣੋ। ਉਹਨਾਂ ਦੇ ਖੱਬੇ ਪਾਸੇ ਬਰੱਸਟ ਲੱਗਾ ਸੀ। ਸੰਤਾਂ ਨੇ ਕਿਹਾ ਕਿ ਇਹਨਾਂ ਨੂੰ ਲੰਮੇ ਪਾ ਦਿਉ। ਸੰਤਾਂ ਨੇ ਇਕ ਗੱਲ ਹੋਰ ਕਹੀ ਕਿ ਜਨਰਲ ਸਾਹਿਬ, ਸ਼ਮਾਂ ਤਾਂ ਥੋੜ੍ਹਾ ਬਹੁਤਾ ਅੱਗੇ-ਪਿੱਛੇ ਹੋ ਸਕਦਾ ਹੈ ਪਰ ਮੈਂ ਵੀ ਤੁਹਾਡੇ ਮਗਰ ਹੀ ਆਇਆ। ਸੰਤਾਂ ਨੇ ਇਕ ਬਚਨ ਕੀਤਾ ਕਿ ਸਿੰਘੋ, ਦੇਖ ਲਉ, ਜਿਸ ਜਨਰਲ ਨੇ ਹਿੰਦੁਸਤਾਨ ਖਾਤਰ ਇੰਨੀ ਵੱਡੀ ਲੜਾਈ ਲੜੀ, ਅੱਜ ਉਸ ਦੇਸ਼ ਦੀ ਫ਼ੌਜ ਨੇ ਹੀ ਉਹਨਾਂ ਨੂੰ ਸ਼ਹੀਦ ਕਰ ਕੀਤਾ ਹੈ।

? **ਇਹ ਵੀ ਜਨਰਲ ਸਾਹਿਬ ਨੇ ਕਿਹਾ ਕਿ ਸੰਤ ਜੀ, ਮੇਰੇ ਲਈ ਅਰਦਾਸ ਕਰੋ ਤੇ ਸੰਤਾਂ ਨੇ ਅੱਗੋਂ ਕਿਹਾ ਕਿ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਜੂਝਣ ਵਾਲੇ ਤੇਰੇ ਵਰਗੇ ਜਰਨੈਲ ਨੂੰ ਮੇਰੇ ਵਰਗੇ ਸਾਧ ਦੀ ਅਰਦਾਸ ਦੀ ਕੀ ਲੋੜ ਹੈ?**

- ਇਹ ਗੱਲ ਮੈਂ ਨਹੀਂ ਸੁਣ ਸਕਿਆ?

? **ਪਰ ਇੰਝ ਕਿਹਾ ਜਾਂਦਾ ਹੈ, ਮੈਨੂੰ ਇਕ ਸਿੰਘ ਨੇ ਇਹ ਗੱਲ ਦੱਸੀ ਹੈ?**

- ਹੋ ਸਕਦਾ ਹੈ ਕਿਸੇ ਹੋਰ ਨੇ ਇਹ ਗੱਲ ਸੁਣੀ ਵੀ ਹੋਵੇ ਜਾਂ ਜਜ਼ਬਾਤ ਵਿੱਚ ਕਹਿ ਦਿੱਤੀ ਹੋਵੇ, ਪਰ ਮੈਂ ਉਥੇ ਸੀ ਤੇ ਮੈਂ ਇੰਨੀ ਗੱਲ ਹੀ ਸੁਣੀ ਆ। ਸੰਤਾਂ ਨੇ ਕਿਹਾ ਕਿ ਮੈਂ ਵੀ ਤੁਹਾਡੇ ਮਗਰ ਹੀ ਆਇਆਂ।

? **ਉਸ ਵੇਲੇ ਉਥੇ ਹੋਰ ਕਿਹੜੇ-ਕਿਹੜੇ ਸਿੰਘ ਸਨ?**

- ਉਸ ਵੇਲੇ ਜਿਹੜੇ ਮੇਰੇ ਨਾਲ ਦੇ ਸਿੰਘ ਸਨ, ਉਹ ਵੀ ਉਥੇ ਹੀ ਸਨ ਤੇ ਭਾਈ ਗੁਰਮੁਖ ਸਿੰਘ, ਭਾਈ ਅਮਰੀਕ ਸਿੰਘ, ਭਾਗੀ ਥਾਰਾ ਸਿੰਘ, ਭਾਈ ਤਰਲੋਚਨ ਸਿੰਘ ਊਧੋਵਾਲ, ਭਾਈ ਰਛਪਾਲ ਸਿੰਘ ਸਾਰੇ ਉਥੇ ਹੀ ਸਨ।

? **ਅੱਛਾ, ਇਸ ਸਾਰੀ ਜੰਗ ਦੇ ਦੌਰਾਨ ਸੰਤਾਂ ਨੇ ਆਰਾਮ ਵੀ ਕੀਤਾ?**

- ਪੰਜ ਤਰੀਕ ਨੂੰ ਘੜੀ ਕੁ ਜ਼ਰੂਰ ਲੰਮੇ ਪਏ ਨੇ, ਥੋੜਾ ਜਿਹਾ ਜ਼ਰੂਰ ਉਨ੍ਹਾਂ ਨੇ ਆਰਾਮ ਕੀਤਾ। ਇੰਨੇ ਨੂੰ ਇਕ ਬੰਬ ਆ ਕੇ, ਖੂਹ ਜਿਹੜਾ ਹੁੰਦਾ ਸੀ ਨਾ ਪਿੱਛੇ, ਉਹਦੀ ਗੁੰਮਟੀ ਨੂੰ ਆ ਕੇ ਲੱਗਾ। ਗੁੰਮਟੀ ਦਾ ਅੱਧਾ ਹਿੱਸਾ ਖੂਹ ਵਿੱਚ ਡਿੱਗ ਪਿਆ ਤੇ ਮੈਂ ਸਮਝਿਆ ਕਿ ਸ਼ਾਇਦ ਇਹ ਬੰਬ ਸਾਡੇ 'ਤੇ ਆਣ ਡਿੱਗਾ। ਮੈਂ ਆਪਣਾ ਸਰੀਰ ਸੰਤਾਂ ਦੇ ਸਰੀਰ 'ਤੇ ਪਾ ਲਿਆ ਕਿ ਸੰਤਾਂ ਨੂੰ ਕੋਈ ਗੱਲ ਨਾ ਹੋਵੇ। ਸੰਤਾਂ ਨੇ ਮੈਨੂੰ ਲੱਤ ਨਾਲ ਪਰੇ ਕੀਤਾ ਤੇ ਕਿਹਾ, ਕੰਜਰਾ ਡਰ ਗਿਆਂ। ਮੈਂ ਕਿਹਾ, ਜੀ ਡਰਿਆ ਨਹੀਂ, ਮੈਂ ਸੋਚਿਆ ਤੁਹਾਡੇ ਸਰੀਰ ਨੂੰ ਨਾ ਕੁਝ ਹੋਵੇ। ਸੰਤ ਅੱਗੋਂ ਹੱਸ ਕੇ ਕਹਿਣ ਲੱਗੇ, ਇਹ ਸਾਧ ਦੀ ਭੂਰੀ 'ਤੇ ਇਕੱਠ ਹੈ ਤੇ ਇਹ ਭੂਰੀ ਲਾਹ ਦੇਣੀ ਆ।

? **ਉਸ ਤੋਂ ਬਾਅਦ ਹੋਰ ਕਿੰਨਾ ਕੁ ਚਿਰ ਲੜਾਈ ਜਾਰੀ ਰਹੀ?**

- ਤਕਰੀਬਨ ਛੇ ਜੂਨ ਨੂੰ ਉਹਨਾਂ ਨੇ ਜਦੋਂ ਚਾਰ-ਪੰਜ ਤਕੜੇ ਹਮਲੇ ਕੀਤੇ ਤੇ ਸਿੰਘਾਂ ਨੇ ਅੱਗੋਂ ਬੜੀ ਬਹਾਦਰੀ ਨਾਲ ਲੜਾਈ ਲੜੀ। ਭਾਈ ਅਨੋਖ ਸਿੰਘ ਉਬੋਕੇ, ਜਨਰਲ ਲਾਭ ਸਿੰਘ, ਇਹ ਸਾਰੇ ਸਿੰਘ ਉਥੇ ਸੀ ਤੇ ਉਸ ਤੋਂ ਬਾਅਦ ਤਕਰੀਬਨ ਕੋਈ 6 ਕੁ ਵਜੇ ਸੰਤ ਬਾਹਰ ਨਿਕਲੇ।

? **6 ਜੂਨ ਨੂੰ ਦਿਨੇ?**

- ਹਾਂ, 6 ਜੂਨ ਨੂੰ ਦਿਨੇ ਅੰਮ੍ਰਿਤ ਵੇਲੇ, ਜਿਹੜੇ ਨਾਲ ਈ ਬਾਥਰੂਮ ਸੀ, ਉਥੇ ਉਹਨਾਂ ਨੇ ਆਪਣੀ ਕ੍ਰਿਆ ਸਾਧੀ ਤੇ ਵਾਪਸ ਆ ਗਏ। ਭਾਈ ਰਛਪਾਲ ਸਿੰਘ ਨੂੰ ਕਿਹਾ— ਰਛਪਾਲ ਸਿੰਹਾਂ, ਕਰਫਿਊ ਕਿੰਨੇ ਕੁ ਵਜੇ ਤੱਕ ਆ, 6 ਵਜੇ ਵਾਲੀਆਂ ਖ਼ਬਰਾਂ ਸੁਣੋ? ਰਛਪਾਲ ਸਿੰਘ ਨੇ 6 ਵਜੇ ਵਾਲੀਆਂ ਖ਼ਬਰਾਂ ਸੁਣੀਆਂ, ਜਿਸ ਵਿਚ ਪਤਾ ਲੱਗਾ ਕਿ ਕਰਫਿਊ ਜਿਹੜਾ 6 ਵਜੇ ਤੱਕ ਸੀਗਾ। ਛੇ ਜੂਨ ਨੂੰ ਉਹ ਤਿੰਨ ਘੰਟੇ ਵਧਾ ਕੇ 9 ਵਜੇ ਤੱਕ ਕਰ ਦਿੱਤਾ ਗਿਆ ਹੈ। ਕਹਿੰਦੇ ਚੰਗਾ ਫਿਰ ਚੱਲੀਏ ਹੇਠਾਂ 9 ਵਜੇ ਬਾਹਰ ਆਵਾਂਗੇ। ਫਿਰ ਸਾਰੇ ਸਿੰਘ ਥੱਲੇ ਸੰਤਾਂ ਕੋਲ ਇਕੱਠੇ ਹੋ ਗਏ। ਉਸ ਵੇਲੇ ਸੰਤਾਂ ਨੇ ਸਿੰਘਾਂ ਨੂੰ ਕਿਹਾ ਕਿ ਜਿਹੜੇ ਸਿੰਘਾਂ ਕੋਲੋਂ ਨਿਕਲਿਆ ਜਾਂਦਾ ਉਹ ਨਿਕਲ ਜਾਉ। ਜਿਨ੍ਹਾਂ ਦੇ ਉਪਰ ਕੋਈ ਕੇਸ (ਮੁਕੱਦਮਾ) ਨਹੀਂ, ਉਹ ਨਿਕਲ ਜਾਉ।

?. **ਕੋਈ ਸਿੰਘ ਹੈਗਾ ਸੀ ਜੀਹਦੇ 'ਤੇ ਕੇਸ ਨਹੀਂ ਸੀ?**

- ਹਾਂ, ਕਈ ਸਨ, ਮੇਰੇ 'ਤੇ ਵੀ ਨਹੀਂ ਸੀ, ਭਾਈ ਗੁਰਸ਼ਰਨ ਸਿੰਘ 'ਤੇ ਵੀ ਨਹੀਂ ਸੀ। ਸੰਤਾਂ ਕਿਹਾ—ਜੀਹਦੇ 'ਤੇ ਕੋਈ ਮੁਕੱਦਮਾ ਨਹੀਂ ਉਹ ਨਿਕਲ ਜਾਉ। ਸਿੰਘਾਂ ਨੇ ਸੋਚਿਆ ਕਿ ਸੰਤ ਇਹ ਬਚਨ ਕਰ ਰਹੇ ਨੇ ਤੇ ਚੱਲੋ ਕੋਸ਼ਿਸ਼ ਕਰੋ, ਜਿਨ੍ਹਾਂ ਕੋਲੋਂ ਨਿਕਲਿਆ ਜਾਂਦਾ ਉਹ ਨਿਕਲ ਜਾਉ ਤੇ ਬਾਹਰ ਜਾ ਕੇ ਜੰਗ ਜਾਰੀ ਰੱਖੋ।

?- **ਕਿਹੜਾ ਕਿਹੜਾ ਸਿੰਘ ਬਾਹਰ ਨਿਕਲ ਸਕਿਆ ਸੀ?**

- ਉਹਨਾਂ ਵਿੱਚ ਤਕਰੀਬਨ ਭਾਈ ਲਾਭ ਸਿੰਘ, ਭਾਈ ਗੁਰਮੁਖ ਸਿੰਘ ਡਰਾਈਵਰ, ਭਾਈ ਬਲਵਿੰਦਰ ਸਿੰਘ ਖੋਜਕੀਪੁਰ, ਭਾਈ ਰਣਧੀਰ ਸਿੰਘ, ਭਾਈ ਗੁਰਪ੍ਰੀਤ ਸਿੰਘ ਤੇ ਭਾਈ ਗੁਰਜੀਤ ਸਿੰਘ, ਇਹ ਕਾਫ਼ੀ ਸਿੰਘ ਸੀਗੇ।

? **ਭਾਈ ਗੁਰਜੀਤ ਸਿੰਘ ਬਾਅਦ 'ਚ ਉਥੇ ਫੜੇ ਵੀ ਗਏ ਸੀ?**

- ਮੈਨੂੰ ਲੱਗਦਾ ਬਹੁਤੇ ਫੜੇ ਗਏ ਸੀ, ਕਿਉਂਕਿ ਸਾਨੂੰ ਵੱਖਰਾ-ਵੱਖਰਾ ਰੱਖਿਆ ਗਿਆ ਸੀ ਨਾ।

?. **ਭਾਈ ਸੰਤੋਖ ਸਿੰਘ ਰੱਬ ਨੇ ਮੈਨੂੰ ਦੱਸਿਆ ਸੀ ਕਿ ਭਾਈ ਗੁਰਜੀਤ ਸਿੰਘ ਮਿਲਟਰੀ ਕੈਂਪ ਵਿੱਚ ਮੇਰੇ ਨਾਲ ਸੀ।**

- ਹਾਂ, ਉਹਨਾਂ ਨਾਲ ਹੋ ਸਕਦੇ ਨੇ।

?. **ਉਹਨਾਂ ਮੈਨੂੰ ਇਹ ਵੀ ਦੱਸਿਆ ਸੀ ਕਿ ਭਾਈ ਗੁਰਜੀਤ ਸਿੰਘ ਨੇ ਮੈਨੂੰ ਕੈਂਪ ਵਿੱਚ ਦੱਸਿਆ ਕਿ ਸੰਤ ਮੇਰੇ ਸਾਹਮਣੇ ਸ਼ਹੀਦ ਹੋ ਗਏ ਹਨ, ਪਰ ਨਾਲ ਹੀ ਪ੍ਰਣ ਕਰਾਇਆ ਕਿ ਤੁਸੀਂ ਇਥੇ ਸੰਤਾਂ ਦੇ ਸ਼ਹੀਦ ਹੋਣ ਬਾਰੇ ਕਿਸੇ ਨੂੰ ਨਹੀਂ ਦੱਸਣਾ। ਜਦ ਸੰਤ**

ਕ੍ਰਿਆ ਕਰਕੇ 6 ਵਜੇ ਹੇਠਾਂ ਚਲੇ ਗਏ ਤਾਂ ਤੁਸੀਂ ਫਿਰ ਕੀ ਕੀਤਾ?

- ਅਸੀਂ ਫਿਰ ਵਿਚਾਰ ਕੀਤਾ ਭਾਈ ਚੱਲੋ, ਇੰਨੇ ਨੂੰ ਭਾਈ ਗੁਰਮੁਖ ਸਿੰਘ ਨੇ ਉਪਰੋਂ ਆ ਕੇ ਦੱਸਿਆ ਕਿ ਸ਼ਸਤਰਾਂ ਦੀ ਪਾਲਕੀ ਟੈਂਕ ਨੇ ਉਡਾ ਦਿੱਤੀ ਆ। ਫਿਰ ਸੰਤ ਇਹ ਕਹਿ ਕੇ ਕਿ ਸਿੰਘੋ, ਆਉ ਜੀਹਨੇ ਸ਼ਹੀਦ ਹੋਣਾ ਚੱਲੀਏ, ਯਕ ਦਮ ਅਕਾਲ ਤਖ਼ਤ ਸਾਹਿਬ ਦੇ ਉਪਰ ਆ ਗਏ।

?. **ਉਥੇ ਅਰਦਾਸ ਕੀਤੀ?**

- ਹਾਂ, ਅਰਦਾਸ ਕੀਤੀ। ਉਹ ਥੱਲਿਓਂ ਈ ਇਹ ਕਹਿ ਕੇ ਤੁਰੇ ਸਨ ਕਿ ਸਿੰਘੋ ਆਉ ਸ਼ਹੀਦ ਹੋਣ ਚੱਲੀਏ।

?. **ਉਹ ਜਿਹੜੀ ਪੌੜੀ ਉਪਰ ਨੂੰ ਆਉਂਦੀ ਸੀ, ਉਸ 'ਤੇ ਤਾਂ ਸਿਰਫ ਇਕ ਬੰਦਾ ਹੀ ਇਕ ਵਾਰੀ ਉਪਰ ਚੜ੍ਹ ਸਕਦਾ ਸੀ?**

- ਹਾਂ, ਇਸੇ ਤਰ੍ਹਾਂ ਈ ਸੀ। ਉਥੇ ਕੋਈ 70-80 ਸਿੰਘ ਸਨ। ਜਿਹੜੇ ਆਸ-ਪਾਸ ਤੋਂ ਆਏ ਸਨ।

?. **ਤੁਸੀਂ ਕਿੰਨੇ ਕੁ ਨੰਬਰ 'ਤੇ ਪਿੱਛੇ ਸੀ?**

- ਮੈਂ ਬਹੁਤ ਨੇੜੇ ਈ ਸਾਂ ਤੇ ਉਥੇ ਫਿਰ ਸੰਤਾਂ ਨੇ ਅਰਦਾਸ ਕੀਤੀ। ਭਾਈ ਅਮਰੀਕ ਸਿੰਘ ਨੇ ਪੁੱਛਿਆ—ਬਾਬਾ ਜੀ ਸਰੀਰਾਂ ਦਾ ਕੀ ਬਣਨਾ? ਸੰਤਾਂ ਨੇ ਕਿਹਾ— ਸਿੰਘ ਸਰੀਰਾਂ ਨਾਲ ਮੋਹ ਨਹੀਂ ਕਰਦੇ। ਭਾਈ ਨਿਰੰਤਰ ਸਿੰਘ ਵੀ ਕੋਲ ਹੀ ਖੜ੍ਹਾ ਸੀ।

?. **ਜਿਸ ਨੇ ਨਿਰੰਕਾਰੀ ਨੂੰ ਸੋਧਿਆ ਸੀ?**

- ਹਾਂ, ਸੰਤਾਂ ਨੇ ਉਸ ਨੂੰ ਕਿਹਾ—ਭਾਈ ਨਿਰੰਤਰ ਸਿੰਘਾ, ਹੁਣ ਅੱਗੇ ਜਾ ਕੇ ਮੇਰੇ ਤੋਂ ਸੋਨਾ ਨਾ ਮੰਗ ਲਈਂ। ਉਸ ਨੇ ਕਿਹਾ—ਬਾਬਾ ਜੀ ਨਹੀਂ, ਪਰ ਤੁਸੀਂ ਮੈਨੂੰ ਨਾਲ ਹੀ ਰੱਖਿਓ। ਸੰਤ ਕਹਿੰਦੇ—ਭਾਈ ਆ ਜਾਹ, ਇਕੱਠੇ ਹੀ ਚੱਲਾਂਗੇ। ਸ਼ੈਤਾਨ ਹੁੰਦਾ ਸੀ ਇਕ, ਉਸ ਦਾ ਨਾਂਅ ਬਲਵਿੰਦਰ ਸਿੰਘ ਸੀਗਾ, ਭਾਈ ਪ੍ਰੀਤਮ ਸਿੰਘ ਸੀਗਾ ਫੱਤੂਢੀਂਗੇ ਵਾਲਾ। ਇਹ ਸਾਰੇ ਸਿੰਘ ਨਾਲ ਸਨ ਤੇ ਉਥੇ ਫਿਰ ਸੰਤਾਂ ਨੇ ਅਰਦਾਸ ਕੀਤੀ। ਬਹੁਤ ਛੋਟੀ ..ਮਹਾਰਾਜ ਦਾ ਨਾਂਅ ਲੈ ਕੇ, ਅਖੀਰਲੇ ਸ਼ਬਦ ਇਹ ਸਨ, "ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ, ਮੀਰੀ-ਪੀਰੀ ਦੇ ਮਾਲਕ, ਤੁਹਾਡੇ ਚਰਨਾਂ ਵਿੱਚ ਬੇਨਤੀ ਆ, ਜਿੰਨਾ ਚਿਰ ਸਿੱਖ ਕੌਮ ਦਾ ਘਰ ਨਹੀਂ ਬਣਦਾ ਮੈਂ ਬਾਰ-ਬਾਰ ਜਨਮ ਲਵਾਂ। ਉਹਨਾਂ ਨੇ ਇਹ ਬਚਨ ਕਹੇ ਤੇ ਏਨੀ ਗੱਲ ਕਹਿ ਕੇ। ਅਰਦਾਸ ਤੋਂ ਪਹਿਲਾਂ ਉਹਨਾਂ ਨੇ ਇਹ ਗੱਲ ਵੀ ਕਹੀ ਸੀ ਕਿ ਜਿਸ ਅਕਾਲ ਤਖ਼ਤ ਸਾਹਿਬ ਨੂੰ ਸਮੇਂ ਦੀ ਜ਼ਾਲਮ ਹਕੂਮਤ ਨੇ ਢਹਿ-ਢੇਰੀ ਕੀਤਾ, ਖ਼ਾਲਸਾ ਪੰਥ ਤੇ ਗੁਰੂ ਕੇ ਸਿੰਘ ਇਸ ਨੂੰ ਸੋਨੇ ਤੇ ਹੀਰਿਆਂ ਨਾਲ ਜੜ੍ਹਨਗੇ।

?. **ਸੰਤਾਂ ਨੇ ਇਹ ਅਰਦਾਸ ਉਪਰ ਆਣ ਕੇ ਕੀਤੀ?**

- ਹਾਂ, ਉਪਰ ਆਣ ਕੇ ਕੀਤੀ।

?. **ਤੁਸੀਂ ਉਦੋਂ ਕਿੱਥੇ ਸੀ?**

- ਮੈਂ ਪੌੜੀਆਂ 'ਚ ਹੀ ਸਾਂ, ਕਾਫ਼ੀ ਸਿੰਘ ਸਨ ਉਥੇ। ਉਥੇ ਇਧਰ ਉਧਰ ਪਾਸਿਆਂ

'ਤੇ ਪੌੜੀਆਂ ਵਿੱਚ ਕਾਫ਼ੀ ਜਗ੍ਹਾ ਸੀਗੀ।

?. **ਤੁਸੀਂ ਇਹ ਅਰਦਾਸ ਆਪਣੇ ਕੰਨੀਂ ਸੁਣੀ?**

- ਹਾਂ, ਬਿਲਕੁਲ ਕੰਨੀਂ ਸੁਣੀ।

?. **ਸੰਤਾਂ ਨੇ ਆਪਣਾ ਕੋਈ ਸ਼ਸਤਰ, ਤੀਰ, ਉਹ ਵੀ ਉਥੇ ਕਿਤੇ ਰੱਖਿਆ ਸੀ?**

- ਸੰਤਾਂ ਦੇ ਪਾਸ ਜਿਹੜੀ ਵੱਡੀ ਸ੍ਰੀ ਸਾਹਿਬ ਸੀ ਗਾਤਰੇ ਵਾਲੀ, ਉਹ ਸ਼ਸਤਰਾਂ ਦੇ ਲਾਗੇ ਨੇੜੇ ਰੱਖ ਦਿੱਤੀ।

?. **ਜਿਹੜਾ ਉਹਨਾਂ ਦਾ ਪਿਸਟਲ ਸੀ?**

- ਉਹ ਗਾਤਰੇ ਈ ਸੀ। ਸ੍ਰੀ ਸਾਹਿਬ ਛੋਟੀ ਵੀ ਗਾਤਰੇ ਈ ਸੀ।

?. **ਹੋਰ ਵੀ ਕੋਈ ਸ਼ਸਤਰ ਉਹਨਾਂ ਕੋਲ ਸੀ?**

- ਇੱਕ ਗੰਨ ਵੀ ਉਹਨਾਂ ਨੇ ਹੱਥ 'ਚ ਫੜ ਰੱਖੀ ਸੀ।

?. **ਉਥੋਂ ਅੱਗੇ ਫਿਰ ਕਿੱਧਰ ਨੂੰ ਨਿਕਲੇ?**

- ਉਥੇ ਇਕ ਹੀ ਰਸਤਾ ਬਚਿਆ ਸੀ, ਦੂਜਾ ਰਸਤਾ ਤੇ ਬਲਾਕ ਹੋ ਗਿਆ ਸੀ। ਸਾਹਮਣੇ ਟੈਂਕ ਸੀ ਅਤੇ ਚਾਰ ਚੁਫ਼ੇਰੇ ਮਿਲਟਰੀ ਖੜੀ ਸੀ। ਇਕੋ ਰਸਤਾ ਈ ਸੀ ਥੱਲੇ ਉਤਰਨ ਨੂੰ।

?. **ਜਿਹੜੀਆਂ ਪੌੜੀਆਂ ਰਾਹੀਂ ਹੇਠਾਂ ਉਤਰੀਦਾ ਸੀ?**

- ਹਾਂ ਜੀ।

?. **ਉਥੋਂ ਉਤਰਦਿਆਂ ਤੁਸੀਂ ਸੰਤਾਂ ਨੂੰ ਦੇਖਿਆ?**

- ਹਾਂ ਜੀ, ਅਸੀਂ ਨਾਲ ਗਏ ਆਂ ਅੱਗੇ। ਜਦੋਂ ਅਸੀਂ ਅੱਗੇ ਗਏ ਆਂ, ਅੱਗੇ ਜਾ ਕੇ ਸਿੰਘ ਜਦੋਂ ਯਕਲਖਤ ਜ਼ਿਆਦਾ ਇਕੱਠੇ ਹੋ ਗਏ ਤੇ ਮੋਹਰੇ ਨਿਕਲਣ ਦਾ ਯਤਨ ਕਰ ਰਹੇ ਸੀ।

?- **ਸ਼ਹੀਦੀ ਦੇ ਚਾਉ ਨਾਲ?**

- ਹਾਂ, ਸ਼ਹੀਦੀ ਦਾ ਚਾਅ ਨਾਲ ਕਿ ਸੰਤਾਂ ਦੇ ਮੋਹਰੇ ਅਸੀਂ ਲੱਗਣਾ। ਬਾਪੂ ਜਗੀਰ ਸਿੰਘ ਸੰਤਾਂ ਦਾ ਜਿਹੜਾ ਵੱਡਾ ਭਰਾ ਸੀ, ਛੇ ਤਰੀਕ ਨੂੰ ਸਵੇਰ ਦੇ ਟਾਈਮ ਜਦ ਮੈਂ ਉਪਰ ਆਇਆ, ਮੈਂ ਬਾਪੂ ਨੂੰ ਵੇਖਿਆ ਪੁਛਿਆ—ਬਾਪੂ ਤੂੰ ਕੀ ਕਰ ਰਿਹਾਂ ? ਉਹ ਨਵਾਂ ਚੋਲਾ ਪਾ ਰਿਹਾ ਸੀ, ਦਸਤਾਰ ਨਵੀਂ ਕੱਢੀ, ਗਾਤਰਾ ਨਵਾਂ ਕੱਢ ਕੇ ਕ੍ਰਿਪਾਨ 'ਤੇ ਪਾਇਆ। ਮੈਂ ਪੁੱਛਿਆ—ਤੁਸੀਂ ਇਹ ਕੀ ਕਰ ਰਹੇ ਜੇ ? ਬਾਪੂ ਕਹਿੰਦਾ ਪਤਾ ਨਹੀਂ ਤੈਨੂੰ, ਮੈਂ ਸੰਤਾਂ ਦਾ ਸਰਬਾਲਾ ਬਣਨਾ। ਹਾਂ ਤਾਂ ਮੈਂ ਉਹਨਾਂ ਨਾਲੋਂ ਵੱਡਾ, ਪਰ ਸੰਤਾਂ ਨੇ ਮੌਤ ਲਾੜੀ ਨੂੰ ਵਿਆਹੁਣ ਜਾਣਾ ਤੇ ਮੈਂ ਸਰਬਾਲਾ ਬਣਨ ਲਈ ਨਵੇਂ ਕੱਪੜੇ ਪਾ ਕੇ ਤਿਆਰ ਹੋ ਰਿਹਾਂ। ਇੰਨਾ ਉਸ ਦੇ ਮਨ ਵਿੱਚ ਸੰਤਾਂ ਦਾ ਸਤਿਕਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਸ਼ਹੀਦ ਹੋਣ ਦਾ ਚਾਅ ਸੀ ਤੇ ਮੌਤ ਦਾ ਕੋਈ ਭੈ ਨਹੀਂ ਸੀ। ਭਾਈ ਹਰਚਰਨ ਸਿੰਘ ਮੁਕਤਾ ਸਿਰ 'ਤੇ ਬਾਲਟੀ ਪਾਈ ਫਿਰਦਾ ਸੀ। ਮੈਂ ਪੁਛਿਆ—ਤੁਸੀਂ ਬਾਲਟੀ ਕਿਉਂ ਪਾਈ ਫਿਰਦੇ ਓ। ਉਹ ਕਹਿੰਦਾ—ਜਦ ਗੋਲੀਆਂ ਲੱਗਣਗੀਆਂ ਤਾਂ ਮੇਰਾ ਮੂੰਹ ਬਚ ਜਾਊਗਾ ਤੇ ਜਦੋਂ ਕੋਈ ਆ ਕੇ ਦੇਖੇਗਾ ਤੇ ਕਹੂ ਕਿ ਆਹ ਹਰਚਰਨ ਸਿੰਘ ਸ਼ਹੀਦ ਹੋਇਆ ਪਿਆ।

?. **ਮੂੰਹ 'ਤੇ ਬਾਲਟੀ ਪਾ ਕੇ ਥੱਲੇ ਉਤਰੇ?**

- ਹਾਂ, ਮਤਲਬ ਮੌਤ ਨੂੰ ਮਖੌਲ ਕਰ ਰਹੇ ਸੀ। ਮਖੌਲੀ ਜਿਹੀ ਬਿਰਤੀ ਨਾਲ ਸਿੰਘ ਇਹੋ ਜਿਹੀਆਂ ਗੱਲਾਂ ਕਰ ਰਹੇ ਸੀ।

?. **ਸੰਤ ਥੱਲੇ ਉਤਰ ਕੇ ਕਿਹੜੇ ਪਾਸੇ ਨੂੰ ਤੁਰੇ?**

- ਜਦੋਂ ਸਿੰਘ ਮੋਹਰੇ ਨਿਕਲੇ ਤੇ ਜਿਧਰ ਨਿਸ਼ਾਨ ਸਾਹਿਬ ਹੈ ਸੰਤ ਉਸ ਪਾਸੇ ਨੂੰ ਗਏ ਤੇ ਪਿੱਛੇ ਸਿੰਘ ਨਿਕਲਣ ਲੱਗੇ। ਭਾਈ ਉਤਮ ਸਿੰਘ ਤੇ ਭਾਈ ਗੁਰਨਾਮ ਸਿੰਘ ਦੋ ਭਰਾ ਹੁੰਦੇ ਸੀ ਹਜ਼ੂਰ ਸਾਹਿਬ ਵਾਲੇ। ਇਕ ਉਹਨਾਂ ਦਾ ਭਰਾ ਜਸਵੰਤ ਸਿੰਘ ਹੁੰਦਾ ਸੀ, ਉਹ ਵੀ ਉਥੇ ਸੀ। ਉਹ ਵੀ ਸਿੰਘ ਅਜੇ ਹੈਗਾ।

?. **ਉਹ ਮਿਲ ਸਕਦਾ? ਕਿੱਥੇ ਰਹਿੰਦਾ ਹੁਣ?**

- ਇਹ ਤਾਂ ਮੈਨੂੰ ਪਤਾ ਨਹੀਂ ਪਰ ਹੈ ਅਜੇ ਜਿਉਂਦਾ।

?. **ਕੀ ਨਾਂਅ ਆ ਉਹਦਾ?**

- ਜਸਵੰਤ ਸਿੰਘ। ਇਹ ਤਿੰਨ ਭਰਾ ਸੀ, ਉਤਮ ਸਿੰਘ, ਗੁਰਨਾਮ ਸਿੰਘ ਤੇ ਜਸਵੰਤ ਸਿੰਘ।

?. **ਕਿੱਥੋਂ ਦੇ ਰਹਿਣ ਵਾਲੇ?**

- ਹਜ਼ੂਰ ਸਾਹਿਬ ਦੇ।

?. **ਕਾਰ ਸੇਵਾ ਵਾਲੇ?**

- ਨਹੀਂ, ਹਜ਼ੂਰ ਸਾਹਿਬ ਦੇ ਭੁਝੰਗੀ ਸੀ, ਕੀਰਤਨ ਸਿੱਖਣ ਆਏ ਸੀ। ਕਾਰ ਸੇਵਾ ਵਾਲੇ ਭਾਈ ਗੁਰਮੇਲ ਸਿੰਘ ਹੁਰੀਂ, ਇਹ ਸਿੰਘ ਵੱਖਰੇ ਸਨ। ਇਹ ਫਿਰ ਜਿੱਥੇ ਹੇਠਾਂ ਕੀਰਤਨ ਕਰਦੇ ਹੁੰਦੇ ਸੀ, ਉਥੇ ਟੈਂਕ ਨੇ ਇਕ ਦਮ ਗੋਲਾ ਮਾਰਿਆ। ਜਿੱਥੋਂ ਦਰਵਾਜ਼ੇ ਰਾਹੀਂ ਨਿਕਲ ਰਹੇ ਸੀ। ਜਿਹੜਾ ਦਰਵਾਜ਼ਾ ਸੀ ਉਹ ਇੱਟਾ ਨਾਲ ਬਲਾਕ ਹੋ ਗਿਆ। ਜਿਹੜੇ ਸਿੰਘ ਨਿਕਲ ਗਏ ਉਹਨਾਂ ਨੇ ਪਰਕਰਮਾ ਵਿੱਚ ਜਾ ਕੇ ਲੜਾਈ ਲੜੀ। ਅਸੀਂ ਨਿਕਲਣ ਵੇਲੇ ਥੋੜ੍ਹੇ ਜਿਹੇ ਪਿੱਛੇ ਸੀ। ਭਾਈ ਅਮਰੀਕ ਸਿੰਘ ਜੀ ਉਸ ਵੇਲੇ ਨਿਕਲ ਚੁੱਕੇ ਸੀ। ਉਦੋਂ ਪਿੱਛੇ ਅਸੀਂ ਸਾਰੇ ਸਿੰਘ ਸਾਂ। ਤਕਰੀਬਨ ਤੀਹ ਕੁ ਸਿੰਘ ਹੋਣਗੇ ਹੋਰ। ਮੋਹਰੇ ਜਿਹੜੇ ਸਿੰਘ ਸੰਤਾਂ ਨਾਲ ਸਨ ਉਹਨਾਂ ਨੇ ਜਦ ਕਿਹਾ ਕਿ ਸੰਤ ਸ਼ਹੀਦ ਹੋ ਗਏ ਨੇ, ਉਹ ਆਵਾਜ਼ ਮੈਂ ਸੁਣੀ।

ਜਨਰਲ ਸ਼ੁਬੇਗ ਸਿੰਘ ਜੀ ਦੀ ਪੋਸਟ ਮਾਰਟਮ ਰਿਪੋਰਟ ਅਤੇ ਸ਼ਹਾਦਤ ਦੇ ਤੱਥ

ਜਿਸ ਤਰ੍ਹਾਂ ਕਿ ਹੱਥਲੀ ਕਿਤਾਬ ਵਿੱਚ ਜ਼ਿਕਰ ਕੀਤਾ ਗਿਆ ਹੈ ਜਨਰਲ ਸ਼ੁਬੇਗ ਸਿੰਘ ਜੀ ਦੀ ਸ਼ਹਾਦਤ ਦੇ ਚਸ਼ਮਦੀਦ ਗਵਾਹਾਂ ਅਨੁਸਾਰ ਉਨ੍ਹਾਂ ਨੂੰ ਪੰਜ ਜੂਨ ਦੀ ਅੱਧੀ ਰਾਤ ਤੋਂ ਬਾਅਦ ਇਕ ਇਮਾਰਤ ਤੋਂ ਜੰਗ ਦਾ ਜਾਇਜ਼ਾ ਲੈਣ ਦੌਰਾਨ, 7.62 ਮਸ਼ੀਨਗੰਨ ਦੀਆਂ ਗੋਲੀਆਂ ਛਾਤੀ ਦੇ ਖੱਬੇ ਪਾਸੇ ਆ ਕੇ ਲੱਗੀਆਂ ਅਤੇ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਸ ਗੰਭੀਰ ਹਾਲਤ ਵਿੱਚ ਕੁਝ ਜੰਗਜੂ ਸੂਰਮੇ ਉਹਨਾਂ ਨੂੰ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਪਾਸ ਅਕਾਲ ਤਖਤ ਸਾਹਿਬ ਵਿਖੇ ਲੈ ਕੇ ਆਏ ਅਤੇ ਉਹਨਾਂ ਦੇ ਕੋਲ ਲਿਟਾ ਦਿੱਤਾ। ਉਥੇ ਉਹ ਕੁਝ ਸਮਾਂ ਜ਼ਖਮੀ ਹਾਲਤ ਵਿੱਚ ਪਰ ਬਹੁਤ ਹੀ ਚੜ੍ਹਦੀ ਕਲ੍ਹਾ ਵਿੱਚ ਗੱਲਾਂ ਕਰਦੇ ਰਹੇ ਅਤੇ ਫਿਰ ਆਪਣੇ ਸਵਾਸ ਪੂਰੇ ਕਰਦੇ ਹੋਏ, ਅਕਾਲ ਤਖਤ ਸਾਹਿਬ ਦੀ ਰੱਖਿਆ ਹੇਤ, ਜ਼ਾਲਿਮ ਨਾਲ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ। ਗੋਲੀਆਂ ਲੱਗਣ ਅਤੇ ਉਹਨਾਂ ਦੀ ਸ਼ਹਾਦਤ ਵਿੱਚ ਕੁਝ ਘੰਟਿਆਂ ਦਾ ਅੰਤਰ ਬਣਦਾ ਹੈ। ਸੋ ਉਸ ਸਮੇਂ ਛੇ ਜੂਨ ਦਾ ਦਿਨ ਦਾ ਚੜ੍ਹਾਅ ਹੋ ਗਿਆ ਹੋਵੇਗਾ। ਸੋ ਇਸ ਤੱਥ ਵਿੱਚ ਕੋਈ ਸ਼ੱਕ ਸ਼ੁਬ੍ਹਾ ਨਹੀਂ ਰਹਿ ਜਾਂਦਾ ਕਿ ਉਹਨਾਂ ਦੀ ਸ਼ਹਾਦਤ ਛੇ ਜੂਨ ਦੇ ਦਿਨ ਦੇ ਚੜ੍ਹਾਅ ਦੇ ਪਹਿਲੇ ਸਮੇਂ ਹੋ ਗਈ ਹੋਵੇਗੀ। ਉਹਨਾਂ ਦੀ ਮ੍ਰਿਤਕ ਦੇਹ ਦਾ ਪੋਸਟ-ਮਾਰਟਮ ਨੌ ਜੂਨ ਨੂੰ ਕੀਤਾ ਗਿਆ ਜਿਹੜਾ ਕਿ ਉਹਨਾਂ ਦੀ ਸ਼ਹਾਦਤ ਤੋਂ ਕਰੀਬ ਬਹੱਤਰ ਘੰਟੇ ਤੋਂ ਵੀ ਵੱਧ ਦਾ ਸਮਾਂ ਬਣਦਾ ਹੈ ਅਤੇ ਇਸ ਦੇਰੀ ਦਾ ਕਾਰਨ ਕੀ ਸੀ, ਇਸ ਬਾਰੇ ਕੁਝ ਅੰਦਾਜ਼ਾ ਲਗਾਉਣਾ ਕਾਫੀ ਮੁਸ਼ਕਿਲ ਲੱਗਦਾ ਹੈ।

ਦੂਸਰੀ ਗੱਲ ਹੈ ਕਿ ਉਨ੍ਹਾਂ ਦੀ ਮ੍ਰਿਤਕ ਦੇਹ ਦੀ ਪੋਸਟ ਮਾਰਟਮ ਰਿਪੋਰਟ ਅਨੁਸਾਰ ਉਹਨਾਂ ਦੀਆਂ ਮਾਸ ਪੇਸ਼ੀਆਂ ਵਿੱਚ ਅਕੜਾਅ ਦੀ ਗੈਰ ਮੌਜੂਦਗੀ ਦੱਸਦੀ ਹੈ ਕਿ ਉਹਨਾਂ ਦੇ ਸਰੀਰ ਨੂੰ ਮੁਰਦਾਘਰ ਵਿੱਚ ਸੁਰੱਖਿਅਤ ਤਰੀਕੇ ਨਾਲ ਰੱਖਿਆ ਗਿਆ ਪਰ ਪੋਸਟ ਮਾਰਟਮ ਅਤੇ ਸ਼ਹਾਦਤ ਵਿੱਚ ਏਨੇ ਲੰਬੇ ਸਮੇਂ ਦੇ ਫ਼ਰਕ ਦਾ ਸਬੱਬ ਸਮਝ ਤੋਂ ਬਾਹਰ ਹੈ। ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਫੌਜੀ ਅਫਸਰ ਜਿਹੜੇ ਕਿ ਜਨਰਲ ਸਾਹਿਬ ਦੀ ਇਮਾਨਦਾਰੀ ਅਤੇ ਬਹਾਦਰੀ ਅਤੇ ਯੁੱਧਨੀਤੀ ਦੇ ਕਾਇਲ ਸਨ ਅਤੇ ਬੰਗਲਾ ਦੇਸ਼ ਦੇ ਯੁੱਧ ਦੌਰਾਨ ਉਹਨਾਂ ਦੀ ਕਾਰਜ਼ਕੁਸ਼ਲਤਾ ਬਾਰੇ ਜਾਣਦੇ ਹੋਣ ਉਹਨਾਂ ਦਾ ਇਹ ਖਿਆਲ ਹੋਵੇ ਕਿ ਭਾਰਤੀ ਫੌਜ ਦੀ ਏਨਾ ਲੰਬਾ ਸਮਾਂ ਸੇਵਾ ਕਰਨ ਵਾਲੇ ਅਤੇ ਏਨੇ ਬਹਾਦਰ ਜਰਨੈਲ

ਦਾ ਸਸਕਾਰ ਫੌਜੀ ਸਨਮਾਨਾਂ ਨਾਲ ਕੀਤਾ ਜਾਵੇ ਪਰ ਇਸ ਬਾਰੇ ਮਨਜ਼ੂਰੀ ਮਿਲੀ ਜਾਂ ਨਹੀਂ, ਸਸਕਾਰ ਕਿਥੇ ਹੋਇਆ ਅਤੇ ਕਿਵੇਂ ਹੋਇਆ, ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਇਹ ਵੀ ਹੋ ਸਕਦਾ ਹੈ ਕਿ ਉਹਨਾਂ ਦੇ ਪਰਿਵਾਰ ਨਾਲ ਵੀ ਰਾਬਤਾ ਕਾਇਮ ਕੀਤਾ ਗਿਆ ਹੋਵੇ ਅਤੇ ਕੁਝ ਰਾਜ਼ ਗੁਪਤ ਰੱਖਣ ਦੀ ਹਿਦਾਇਤ ਉਪਰ ਉਹਨਾਂ ਨੂੰ ਮ੍ਰਿਤਕ ਸਰੀਰ ਦੀਆਂ ਅੰਤਿਮ ਰਸਮਾਂ ਕਰਨ ਦੀ ਇਜ਼ਾਜਤ ਦੇ ਵੀ ਦਿੱਤੀ ਗਈ ਹੋਵੇ ਪਰ ਇਹ ਸਭ ਕੁੱਝ ਕਿਆਸ-ਅਰਾਈਆਂ ਤੱਕ ਹੀ ਸੀਮਤ ਹੈ ਠੋਸ ਸ਼ਬਦਾਂ ਵਿੱਚ ਇਸ ਬਾਰੇ ਕੋਈ ਵੀ ਨਿਰਣਾ ਨਹੀਂ ਕੀਤਾ ਜਾ ਸਕਦਾ। ਉਹਨਾਂ ਦਾ ਪਰਿਵਾਰ ਜੋ ਕਿ ਇਸ ਬਾਰੇ ਲੰਬੇ ਸਮੇਂ ਤੋਂ ਖਾਮੋਸ਼ੀ ਦੇ ਆਲਮ 'ਚ ਹੈ, ਸਾਰੀ ਹਕੀਕਤ ਤੋਂ ਪਰਦਾ ਚੁੱਕ ਸਕਦਾ ਹੈ।

ਗੁਰੂ ਤੇਗ ਬਹਾਦਰ ਹਸਪਤਾਲ ਦੇ ਮੁਦਰਾ ਘਰ ਵਿੱਚ ਰੱਖੀ ਗਈ ਜਨਰਲ ਸ਼ੁਬੇਗ ਸਿੰਘ ਜੀ ਦੀ ਮ੍ਰਿਤਕ ਦੇਹ ਦੇ ਕੀਤੇ ਪੋਸਟ-ਮਾਰਟਮ ਦੇ ਅਹਿਮ ਤੱਥ ਹੇਠ ਲਿਖੇ ਅਨੁਸਾਰ ਹਨ :

ਪੋਸਟ ਮਾਰਟਮ ਰਿਪੋਰਟ ਪੰਨਾ ਨੰਬਰ—12

ਪੋਸਟ ਮਾਰਟਮ ਰਿਪੋਰਟ ਨੰਬਰ—ਪੀ.ਐਮ ਆਰ-6771

ਪੋਸਟ ਮਾਰਟਮ ਦੀ ਤਾਰੀਖ—9-6-1984

ਪੋਸਟ ਮਾਰਟਮ ਦਾ ਵਕਤ—ਸਵੇਰੇ 10:30 ਵਜੇ

ਮ੍ਰਿਤਕ ਦੇਹ ਲਿਆਉਣ ਵਾਲੇ ਅਧਿਕਾਰੀ ਦਾ ਨਾਮ—ਰਘੁਨਾਥ ਸਿੰਘ (ਜਾਂ ਰਘੁਨੰਦਨ ਸਿੰਘ ਏ.ਐਸ.ਆਈ. ਹੋ ਸਕਦਾ ਹੈ ਕਿਉਂਕਿ ਰਿਪੋਰਟ ਬਹੁਤ ਹੀ ਮਾੜੀ ਹਾਲਤ ਵਿਚ ਹੋਣ ਕਰਕੇ ਠੀਕ ਤਰ੍ਹਾਂ ਪੜ੍ਹਿਆ ਨਹੀਂ ਜਾ ਸਕਦਾ)

ਮ੍ਰਿਤਕ ਦੇਹ ਦੇ ਸ਼ਨਾਖਤ ਕਰਤਾ ਦਾ ਨਾਮ—-ਇਸ ਖਾਨੇ ਵਿੱਚ ਮੇਜਰ ਜੀ.ਐਸ. ਲਿਖਿਆ ਹੋਇਆ ਹੈ ਅਤੇ ਉਹਨਾਂ ਦੇ ਦਸਤਖਤ ਵੀ ਹਨ ਜਿਨ੍ਹਾਂ ਦਾ ਸੰਬੰਧ ਸਿੱਖ ਜਾਂ ਪੰਜਾਬ ਰੈਜੀਮੈਂਟ ਨਾਲ ਲਗਦਾ ਹੈ ਪਰ ਫਿਰ ਵੀ ਪੜ੍ਹਨ ਯੋਗ ਨਹੀਂ ਹੈ।

ਮ੍ਰਿਤਕ ਦਾ ਨਾਮ—ਸੇਵਾਮੁਕਤ ਜਨਰਲ ਸ਼ੁਬੇਗ ਸਿੰਘ

ਪਿਤਾ ਦਾ ਨਾਮ—ਜ਼ਿਕਰ ਨਹੀਂ ਕੀਤਾ ਗਿਆ (ਇਹ ਤਾਂ ਨਹੀਂ ਹੋ ਸਕਦਾ ਕਿ ਇਕ ਫੌਜੀ ਜਰਨੈਲ ਦੇ ਪਿਤਾ ਦਾ ਨਾਮ ਫੌਜ ਦੀ ਸਰਵਿਸ ਬੁੱਕ ਵਿੱਚ ਨਾ ਹੋਵੇ ਪਰ ਇਸ ਸ਼ਨਾਖਤ ਨੂੰ ਛੁਪਾਉਣ ਦਾ ਕਾਰਨ ਸਮਝ ਤੋਂ ਬਾਹਰ ਹੈ।

ਜਾਤੀ—ਸਿੱਖ

ਰਿਹਾਇਸ਼ੀ ਪਤਾ—ਜ਼ਿਕਰ ਨਹੀਂ ਕੀਤਾ ਗਿਆ। (ਇਸ ਬਾਰੇ ਵੀ ਉਪਰਲੀ ਟਿੱਪਣੀ ਹੀ ਆਧਾਰ ਹੈ)

ਲਿੰਗ—ਪੁਰਸ਼

ਉਮਰ—ਕਰੀਬ 60 ਸਾਲ

ਪੋਸਟ ਮਾਰਟਮ ਦੀ ਜਗ੍ਹਾ—ਅੰਮ੍ਰਿਤਸਰ

ਤਾਰੀਖ—9-6-1984

ਟਿੱਪਣੀ—ਮ੍ਰਿਤਕ ਦੇਹ ਪੁਲਿਸ ਦੀ ਜਾਣਕਾਰੀ ਅਧੀਨ ਪ੍ਰਾਪਤ ਹੋਈ

ਮੌਤ ਦੀ ਤਾਰੀਕ—ਕਰੀਬ 6 ਜਾਂ 7 ਜੂਨ

ਪੋਸਟ ਮਾਰਟਮ ਦਾ ਵਕਤ—10.30 ਸਵੇਰੇ

ਮੌਤ ਦਾ ਕਾਰਨ—ਮੰਨਿਆ ਜਾ ਸਕਦਾ ਹੈ ਮੌਤ ਅਗਨ ਹਥਿਆਰਾਂ ਦਾ ਸ਼ਿੱਟਾ ਹੈ।

ਮੌਤ ਬਾਰੇ ਕੋਈ ਹੋਰ ਟਿੱਪਣੀ—ਕੋਈ ਨਹੀਂ

ਮ੍ਰਿਤਕ ਦੀ ਲੰਬਾਈ—ਕਰੀਬ ਪੰਜ ਫੁੱਟ ਦਸ ਇੰਚ

ਮ੍ਰਿਤਕ ਦੇਹ ਬਾਰੇ ਹੋਰ ਜਾਣਕਾਰੀ—ਇਕ ਚੰਗੇ ਰਿਸ਼ਟ-ਪੁਸ਼ਟ ਬਜ਼ੁਰਗ ਵਿਅਕਤੀ (ਉਮਰ ਕਰੀਬ 60 ਸਾਲ) ਦੀ ਮ੍ਰਿਤਕ ਦੇਹ ਜਿਸ ਨੇ ਕੱਛਾ, ਪੈਂਟ ਪਹਿਨੀ ਹੋਈ ਅਤੇ ਸੱਜੀ ਬਾਂਹ ਵਿੱਚ ਧਾਤ ਦਾ ਕੜਾ ਹੈ, ਲਿਆਂਦੀ ਗਈ, ਕੱਪੜੇ ਖ਼ੂਨ ਵਿੱਚ ਲੱਥ-ਪੱਥ ਹਨ। ਅੱਖਾਂ ਦੀਆਂ ਪੁਤਲੀਆਂ ਫੈਲੀਆਂ ਹੋਈਆਂ ਹਨ ਅਤੇ ਮਾਸਪੇਸ਼ੀਆਂ ਵਿੱਚ ਕੋਈ ਅਕੜਾਅ ਦੀ ਮੌਜੂਦਗੀ ਨਹੀਂ ਹੈ।

ਛਾਤੀ ਅਤੇ ਪਸਲੀਆਂ—ਸੱਟ ਨੰਬਰ ਇਕ ਕਿਸੇ ਅਗਨ ਸ਼ਸ਼ਤਰ ਦੇ ਜ਼ਖਮ ਦਾ ਨਿਸ਼ਾਨ ਜੋ ਕਿ ਛਾਤੀ ਦੇ ਖੱਬੇ ਪਾਸੇ ਬਿਲਕੁਲ ਸਾਹਮਣੇ ਤੋਂ ਲੱਗਾ ਹੈ। ਜ਼ਖਮ ਦੇ ਕੰਢੇ ਅੰਦਰ ਨੂੰ ਮੁੜੇ ਹੋਏ ਹਨ ਅਤੇ ਵਹਿਆ ਹੋਇਆ ਖੂਨ ਜੰਮਿਆ ਹੋਇਆ ਹੈ। ਇਹ ਜ਼ਖ਼ਮ ਛਾਤੀ ਦੇ ਆਰ-ਪਾਰ ਹੈ ਅਤੇ ਇਸ ਨੇ ਦਿਲ ਨੂੰ ਪ੍ਰਭਾਵਿਤ ਕੀਤਾ ਮਹਿਸੂਸ ਹੁੰਦਾ ਹੈ।

ਸੱਟ ਨੰਬਰ ਦੋ—ਇਹ ਜ਼ਖਮ ਛਾਤੀ ਦੇ ਆਰ-ਪਾਰ ਹੋਇਆ ਹੈ ਅਤੇ ਇਸ ਜ਼ਖਮ ਦੇ ਕੰਢੇ ਅੰਦਰ ਨੂੰ ਧਸੇ ਹੋਏ ਹਨ ਅਤੇ ਇਸ ਜ਼ਖਮ ਦੀ ਲੱਗਣ ਜਗ੍ਹਾ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਨੇ ਖੱਬੇ ਫੇਫੜੇ ਨੂੰ ਪ੍ਰਭਾਵਿਤ ਕੀਤਾ ਹੈ।

ਸੱਟ ਨੰਬਰ ਤਿੰਨ—ਜ਼ਖਮ ਨੰਬਰ ਤਿੰਨ ਦੇ ਕੰਢੇ ਅੰਦਰ ਨੂੰ ਧਸੇ ਹੋਏ ਹਨ ਅਤੇ ਜ਼ਖਮ ਦੇ ਦੁਆਲੇ ਨੀਲ ਪਏ ਹੋਏ ਹਨ, ਇਹ ਜ਼ਖਮ ਛਾਤੀ ਦੇ ਵਿਚਕਾਰ ਥੋੜ੍ਹਾ ਜਿਹਾ ਖੱਬੇ ਰੁਖ ਨੂੰ ਹੇਠਲੇ ਪਾਸੇ ਹੈ ਅਤੇ ਇਸ ਨੇ ਮਿਹਦੇ ਨੂੰ ਨਕਾਰਾ ਕੀਤਾ ਮਹਿਸੂਸ ਹੁੰਦਾ ਹੈ।

ਸੱਟ ਨੰਬਰ ਚਾਰ—ਇਕ ਜ਼ਖਮ ਦਾ ਨਿਸ਼ਾਨ ਜੋ ਕਿ ਛਾਤੀ ਦੇ ਖੱਬੇ ਪਾਸੇ ਪਸਲੀਆਂ ਤੋਂ ਹੇਠਾਂ ਕਾਫੀ ਥੱਲੇ ਹੈ ਜਿਸਮ ਦੇ ਆਰ-ਪਾਰ ਹੋਇਆ ਹੈ, ਜ਼ਖਮ ਦੇ ਕੰਢੇ ਅੰਦਰ ਨੂੰ ਧਸੇ ਹੋਏ ਹਨ ਅਤੇ ਕਿਸ ਨੇ ਖੱਬੇ ਗੁਰਦੇ ਨੂੰ ਪ੍ਰਭਾਵਿਤ ਕੀਤਾ ਹੈ।

ਉਪਰੋਕਤ ਸਾਰਿਆਂ ਹੀ ਜ਼ਖਮਾਂ ਦਾ ਕਾਰਨ ਅਗਨ ਸ਼ਸਤਰ ਹਨ (ਅਤੇ ਬਹੁਤ ਹੀ ਕਾਰਗਰ ਕਿਸਮ ਦੇ ਮਹਿਸੂਸ ਹੁੰਦੇ ਹਨ)।

ਪੋਸਟ ਮਾਰਟਮ ਕਰਤਾ ਦੀ ਟਿੱਪਣੀ—ਮੇਰੀ ਜਾਂਚ ਮੁਤਾਬਿਕ ਮੌਤ ਦਾ ਕਾਰਨ ਜ਼ਿਆਦਾ ਖੂਨ ਦਾ ਵਹਿ ਜਾਣਾ, ਅਗਨ ਸ਼ਸਤਰਾਂ ਦਾ ਝਟਕਾ, ਦਿਲ, ਮਿਹਦੇ, ਫੇਫੜੇ ਅਤੇ ਖੱਬੇ ਗੁਰਦੇ ਦਾ ਨਕਾਰਾ ਹੋ ਜਾਣਾ ਹੈ ਜੋ ਕਿ ਇਕ ਆਮ ਵਿਆਕਤੀ ਦੀ ਮੌਤ ਲਈ ਕਾਫੀ ਅਤੇ ਬਹੁਤ ਹਨ।

ਨਤੀਜਾ—ਸੱਟ ਨੰਬਰ ਇਕ ਅਤੇ ਦੋ ਵਿਚ ਗੋਲੀਆਂ ਛਾਤੀ ਦੇ ਆਰ-ਪਾਰ ਹੁੰਦੀਆਂ

ਹੋਈਆਂ ਦਿਲ ਅਤੇ ਖੱਬੇ ਫੇਫੜੇ ਨੂੰ ਜ਼ਖਮੀ ਕਰਦੀਆਂ ਹੋਈਆਂ ਲੰਘੀਆਂ ਹਨ ਅਤੇ ਸੱਟ ਨੰਬਰ ਤਿੰਨ ਅਤੇ ਚਾਰ ਵਿਚਲੀਆਂ ਗੋਲੀਆਂ ਨਾਲ ਖੱਬਾ ਗੁਰਦਾ ਅਤੇ ਮਿਹਦੇ ਦੀਆਂ ਪੇਸ਼ੀਆਂ ਨਕਾਰਾ ਹੋਈਆਂ ਹਨ। ਚਾਰੇ ਹੀ ਗੋਲੀਆਂ ਛਾਤੀ ਦੇ ਖੱਬੇ ਪਾਸੇ ਤੋਂ ਸਰੀਰ ਦੇ ਆਰ ਪਾਰ ਹੋਈਆਂ ਹਨ ਅਤੇ ਇਸੇ ਕਰਕੇ ਹੀ ਮ੍ਰਿਤਕ ਦੇਹ ਦੇ ਅੰਦਰੋਂ ਕੋਈ ਗੋਲੀ ਦਾ ਸਿੱਕਾ ਬਰਾਮਦ ਨਹੀਂ ਹੋਇਆ।

ਪੋਸਟ ਮਾਰਟਮ ਰਿਪੋਰਟ ਉਪਰੰਤ ਜੋ ਕੁਝ ਸੰਬੰਧਿਤ ਡਾਕਟਰ ਵਲੋਂ ਪੁਲਿਸ ਨੂੰ ਸੌਂਪਿਆ ਗਿਆ-

1) ਪੋਸਟ ਮਾਰਟਮ ਉਪਰੰਤ ਸਿਲਾਈ ਕੀਤੀ ਗਈ ਮਿਰਤਕ ਦੇਹ ਅਤੇ ਕੱਪੜੇ

2) ਪੋਸਟ ਮਾਰਟਮ ਰਿਪੋਰਟ ਦੀ ਨਕਲ ਖਾਕੇ ਸਮੇਤ

3) ਪੁਲਿਸ ਦੇ ਜ਼ਰੂਰੀ ਦਸਤਾਵੇਜ਼

ਪੋਸਟ ਮਾਰਟਮ ਤੋਂ ਬਾਅਦ ਮ੍ਰਿਤਕ ਦੇਹ ਪ੍ਰਾਪਤ ਕਰਤਾ ਦਾ ਨਾਮ ਅਤੇ ਦਸਤਖ਼ਤ—ਰਘੁਨਾਥ ਸਿੰਘ

ਪੋਸਟ ਮਾਰਟਮ ਕਰਤਾ—ਡਾ: ਮੋਹਨ ਲਾਲ ਅਸਵਾਨੀ (ਮੈਡੀਕਲ ਅਫਸਰ, ਮਾਰਫਤ ਸਿਵਲ ਸਰਜਨ, ਅੰਮ੍ਰਿਤਸਰ)

ਸੋ ਉਪਰੋਕਤ ਪੋਸਟ ਮਾਰਟਮ ਰਿਪੋਰਟ ਤੋਂ ਸਪੱਸ਼ਟ ਹੈ ਜਨਰਲ ਸਾਹਿਬ ਨੇ ਖਿੜੇ ਮੱਥੇ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕੀਤੀ ਅਤੇ ਇੰਨੇ ਗੰਭੀਰ ਜ਼ਖਮੀ ਹੋਣ ਦੇ ਬਾਵਜੂਦ ਵੀ ਜਦੋਂ ਉਹਨਾਂ ਦਾ ਦਿਲ, ਫੇਫੜੇ, ਗੁਰਦੇ ਅਤੇ ਮਿਹਦਾ ਪੂਰੀ ਤਰਾਂ ਨਾਲ ਗੋਲੀਆਂ ਲੱਗਣ ਨਾਲ ਨਕਾਰਾ ਹੋ ਚੁੱਕੇ ਸਨ ਉਹ ਫਿਰ ਵੀ ਸੰਤ ਜਰਨੈਲ ਸਿੰਘ ਜੀ ਅਤੇ ਹੋਰਾਂ ਸਿੰਘਾਂ ਨਾਲ ਬਹੁਤ ਹੀ ਚੜ੍ਹਦੀ ਕਲਾ ਵਿੱਚ ਬਚਨ ਬਿਲਾਸ ਕਰਦੇ ਰਹੇ। ਦੂਸਰੀ ਗੱਲ ਉਹਨਾਂ ਨੂੰ ਗੋਲੀਆਂ ਬਹੁਤ ਹੀ ਕਾਰਗਰ ਹਥਿਆਰ ਦੀਆਂ ਲੱਗੀਆਂ ਜੋ ਕਿ ਮੀਡੀਅਮ ਮਸ਼ੀਨਗੰਨ ਵਗੈਰਾ ਹੋ ਸਕਦੀ ਹੈ ਕਿ ਚਾਰ ਦੀਆਂ ਚਾਰ ਗੋਲੀਆਂ ਹੀ ਜਿਸਮ ਦੇ ਆਰ ਪਾਰ ਹੋ ਗਈਆਂ ਅਤੇ ਜਿਸਮ ਦੇ ਅੰਦਰੋਂ ਕਿਸੇ ਗੋਲੀ ਦਾ ਸਿੱਕਾ ਬਰਾਮਦ ਨਾ ਹੋਇਆ।

ਘੱਲੂਘਾਰਾ ਜੂਨ 1984—ਸੰਤਾਂ ਦਾ ਸ਼ਹਾਦਤ ਉਪਰੰਤ ਪੋਸਟ ਮਾਰਟਮ

—ਡਾ: ਸੁਖਪ੍ਰੀਤ ਸਿੰਘ ਉਦੋਕੇ

ਸ਼ਹਾਦਤ ਉਪਰੰਤ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਮ੍ਰਿਤਕ ਸਰੀਰ ਦੀ ਉਹਨਾਂ ਦੇ ਭਰਾਤਾ ਭਾਈ ਹਰਚਰਨ ਸਿੰਘ ਰੋਡੇ ਵਲੋਂ ਸ਼ਨਾਖਤ ਕਰਵਾਉਣ ਉਪਰੰਤ ਸਰਕਾਰ ਵਲੋਂ ਰਸਮੀ ਜਿਹਾ ਪੋਸਟ ਮਾਰਟਮ ਵੀ ਕਰਵਾਇਆ ਗਿਆ, ਪਰ ਫਿਰ ਵੀ ਜੇਕਰ ਇਸ ਰਸਮੀ ਜਿਹੇ ਹੋਏ ਪੋਸਟ ਮਾਰਟਮ ਦੀ ਰਿਪੋਰਟ, ਜੋ ਕਿ ਡਾ: ਕੰਗ ਵਲੋਂ ਤਿਆਰ ਕੀਤੀ ਗਈ ਸੀ, ਦੀ ਡੂੰਘੇਰੀ ਘੋਖ ਕਰੀਏ ਤਾਂ ਕਈ ਪੱਖ ਉਭਰ ਕੇ ਸਾਹਮਣੇ ਆਉਦੇ ਹਨ। ਡਾ: ਕੰਗ ਵਲੋ ਅੰਗਰੇਜ਼ੀ ਭਾਸ਼ਾ ਵਿੱਚ ਤਿਆਰ ਕੀਤੀ ਗਈ ਰਿਪੋਰਟ ਵਿੱਚ ਸਾਰੀ ਜਾਣਕਾਰੀ ਇਸ ਤਰ੍ਹਾਂ ਨਾਲ ਦਰਜ ਹੈ (ਰਿਪੋਰਟ ਦੀ ਅਸਲ ਕਾਪੀ ਅੰਤਿਕਾ ਵਿੱਚ ਹੈ):

ਪੋਸਟ ਮਾਰਟਮ ਰਿਪੋਰਟ ਨੰਬਰ 44921

ਪੋਸਟ ਮਾਰਟਮ ਲਈ ਭੇਜੀ ਗਈ ਮ੍ਰਿਤਕ ਦੇਹ ਦੀ ਮਿਤੀ 7-6-1984

ਮ੍ਰਿਤਕ ਦੇਹ ਨੂੰ ਪੋਸਟ ਮਾਰਟਮ ਲਈ ਜਿਸ ਵਕਤ ਲਿਆਂਦਾ—7 ਵਜੇ ਸ਼ਾਮ ਦੇ

ਮ੍ਰਿਤਕ ਦਾ ਨਾਮ—ਜਰਨੈਲ ਸਿੰਘ

ਪਿਤਾ ਦਾ ਨਾਮ—ਜੁਗਿੰਦਰ ਸਿੰਘ

ਜਾਤੀ—ਸਿੱਖ

ਪਤਾ—ਪਿੰਡ ਰੋਡੇ, ਥਾਣਾ ਬਾਘਾਪੁਰਾਣਾ, ਜਿਲ੍ਹਾ ਫਰੀਦਕੋਟ

ਲਿੰਗ—ਪੁਰਸ਼

ਉਮਰ—ਕਰੀਬ 38 ਸਾਲ

ਮ੍ਰਿਤਕ ਦੀ ਦੇਹ ਲੈ ਕੇ ਆਏ ਵਿਆਕਤੀ ਅਤੇ ਸ਼ਨਾਖਤ ਕਰਤਾ—ਐਸ.ਆਈ. ਸੁਦਾਗਰ ਸਿੰਘ ਅਤੇ ਐਸ.ਆਈ. ਦਰਸ਼ਨ ਸਿੰਘ ਪੁਲਿਸ ਥਾਣਾ ਡਿਵੀਜ਼ਨ ਏ (ਅੰਮ੍ਰਿਤਸਰ)

ਮ੍ਰਿਤਕ ਦੀ ਦੇਹ ਕਿਥੋਂ ਲਿਆਂਦੀ ਗਈ—ਮੁਰਦਾ ਘਰ ਅੰਮ੍ਰਿਤਸਰ ਤੋਂ

ਮ੍ਰਿਤਕ ਦੇਹ ਦੇ ਨਿਰੀਖਣ ਦੌਰਾਨ ਹੋਰ ਟਿੱਪਣੀਆਂ :

ਮੌਤ ਦਾ ਕਾਰਨ ਕੋਈ ਨਸ਼ੀਲਾ ਪਦਾਰਥ ਤਾਂ ਨਹੀਂ—ਨਹੀਂ

ਕਿਸੇ ਰਸਾਇਣ ਖੋਜ ਕਰਤਾ ਦੀ ਰਿਪੋਰਟ ਜਾਂ ਕਿਸੇ ਰਸਾਇਣ ਦਾ ਮਿਲਣਾ—

ਨਹੀਂ

ਮੌਤ ਦਾ ਕਾਰਨ—ਮੌਤ ਅਗਨ ਸ਼ਸਤਰਾਂ ਦੁਆਰਾ ਲਗੇ ਗੰਭੀਰ ਜ਼ਖ਼ਮਾਂ ਦਾ ਸਿੱਟਾ ਹੈ।

ਮ੍ਰਿਤਕ ਦੇ ਸਰੀਰ ਦੀ ਬਾਹਰੀ ਦਿੱਖ—ਕੱਦ ਕਰੀਬ ਛੇ ਫੁੱਟ

ਸਰੀਰ ਉਪਰ ਲੱਗੇ ਸੱਟਾਂ ਦੇ ਨਿਸ਼ਾਨ ਅਤੇ ਸਰੀਰ ਦੀ ਹਾਲਤ—ਇਕ ਮੱਧ ਉਮਰ ਦੇ ਵਿਅਕਤੀ ਦੀ ਲਾਸ਼, ਜਿਸਦੀ ਸਰੀਰਿਕ ਬਣਤਰ ਵਧੀਆ। ਸਰੀਰ 'ਤੇ ਕੱਛਾ ਪਾਇਆ ਹੋਇਆ ਹੈ, ਚੋਲਾ ਅਤੇ ਫ਼ਤੂਹੀ ਪਹਿਨੀ ਹੋਈ ਹੈ। ਸਾਰੇ ਹੀ ਕੱਪੜੇ ਪੂਰੀ ਤਰ੍ਹਾਂ ਖ਼ੂਨ ਨਾਲ ਲੱਥ-ਪੱਥ ਹਨ। ਬਾਂਹਾਂ ਵਿੱਚ ਹਰੇਕ ਵਿੱਚ ਇਕ ਚਿੱਟੀ ਧਾਤ ਦਾ ਕੜਾ ਪਾਇਆ ਹੋਇਆ ਹੈ। ਹੇਠਲੀਆਂ ਲੱਤਾਂ ਦੇ ਹਿੱਸੇ ਆਕੜ ਚੁੱਕੇ ਹਨ ਅਤੇ ਦੋਵੇਂ ਅੱਖਾਂ ਬੰਦ ਹਨ। ਖੱਬੀ ਅੱਖ ਦੀ ਪੁਤਲੀ ਫੈਲੀ ਹੋਈ ਅਤੇ ਅੱਖ ਉਪਰ ਜ਼ਖ਼ਮ ਦਾ ਨਿਸ਼ਾਨ ਹੈ।

ਪੋਸਟ ਮਾਰਟਮ ਦੌਰਾਨ ਵੇਖੇ ਗਏ ਸੱਟਾਂ ਦੇ ਨਿਸ਼ਾਨਾਂ ਦਾ ਵੇਰਵਾ—ਪੂਰਾ ਜਿਸਮ ਖ਼ੂਨ ਨਾਲ ਲੱਥ-ਪੱਥ ਹੈ, ਇਕ ਪਾੜੇਦਾਰ ਜ਼ਖਮ ਜਿਹੜਾ ਕਿ 2 ਤੋਂ 3 ਸੈਂਟੀਮੀਟਰ ਜਿਸ ਦੇ ਕਿ ਮਾਸ ਦੇ ਕੰਢੇ ਅੰਦਰ ਧੱਸੇ ਹੋਏ ਸਨ ਅਤੇ ਜਿਸ ਦੇ ਆਲੇ ਦੁਆਲੇ ਨੀਲ ਪਏ ਸਨ, ਸੱਜੇ ਪਾਸੇ ਮੱਥੇ ਦੇ ਉਪਰ ਸੀ ਇਕ ਹੋਰ ਪਾੜੇਦਾਰ ਜ਼ਖਮ ਜਿਹੜਾ ਕਿ 7 ਤੋ 5 ਸੈਂਟੀਮੀਟਰ ਸੀ ਅਤੇ ਮਾਸ ਦੇ ਕੰਢੇ ਅੰਦਰ ਨੂੰ ਮੁੜੇ ਹੋਏ ਸਨ, ਚਿਹਰੇ ਦੇ ਉਪਰ ਨੱਕ ਅਤੇ ਕੰਨ ਦੇ ਵਿਚਕਾਰ ਅੱਖ ਦੇ ਥੱਲੇ ਸੀ। (ਬਾਕੀ ਜ਼ਖਮ ਜੋ ਕਿ ਖ਼ਾਕੇ ਵਿੱਚ ਵਿਖਾਏ ਗਏ ਹਨ ਇਸੇ ਹੀ ਕਿਸਮ ਦੇ ਹਨ ਕਿ ਉਹਨਾਂ ਵਿੱਚੋਂ ਚਾਰ ਸਾਹਮਣੇ ਅਤੇ ਸੱਜੇ ਪਾਸੇ ਮੱਥੇ ਉਪਰ ਸਿਰ ਵਿੱਚ, ਇਕ ਸਾਹਮਣੇ ਛਾਤੀ ਵਿੱਚ, ਖੱਬੇ ਪਾਸੇ ਵੱਲ, ਚਾਰ ਪੈਰਾਂ ਦੇ ਸਾਹਮਣੇ ਪਾਸੇ, ਪਿੰਨੀਆਂ ਤੋ ਹੇਠਾਂ ਬਿਲਕੁਲ ਨੇੜੇ ਨੇੜੇ, ਇਕ ਬਾਂਹ ਵਿੱਚ ਸੱਜੇ ਪਾਸੇ ਅਤੇ ਇਕ ਤਿਰਸ਼ੇ ਪੱਖ ਤੋ ਪਿੱਠ ਵਿੱਚ ਸੀ।)

ਇਸ ਸਾਰੀ ਰਿਪੋਰਟ ਦਾ ਅਧਿਐਨ ਕਰੀਏ ਤਾਂ ਕਈ ਪੱਖ ਸਪੱਸ਼ਟ ਹੋ ਜਾਂਦੇ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸੰਤ ਜਰਨੈਲ ਸਿੰਘ ਜੀ ਨੇ ਘਮਸਾਨ ਦਾ ਯੁੱਧ ਸਾਹਮਣੇ ਲੜਦੇ ਹੋਏ ਸ਼ਹਾਦਤ ਪਰਾਪਤ ਕੀਤੀ। ਇਕ ਤਾਂ ਸਾਰੇ ਹੀ ਗੋਲੀਆਂ ਦੇ ਨਿਸ਼ਾਨ ਸਾਹਮਣੇ ਪੱਖ ਦੇ ਹਨ ਅਤੇ ਡਾਕਟਰੀ ਭਾਸ਼ਾ ਦੇ ਅਨੁਸਾਰ Laccirated, Inverted Margins, And Eccymosed ਹਨ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਹਨਾਂ ਨੇ ਸ਼ਹਾਦਤ ਸਮੇ ਹਰ ਗੋਲੀ ਸਾਹਮਣੇ ਮੱਥੇ ਜੂਝ ਕੇ ਖਾਧੀ। ਇਹ ਅੰਦਰ ਨੂੰ ਮੁੜੇ ਮਾਸ ਵਾਲੇ ਜ਼ਖਮ ਉਸ ਪਾਸੇ ਬਣਦੇ ਹਨ ਜਿਸ ਪਾਸਿਓਂ ਗੋਲੀ ਸਰੀਰ ਦੇ ਅੰਦਰ ਧੱਸਦੀ ਹੈ ਅਤੇ ਜਿਸ ਪਾਸੇ ਗੋਲੀ ਨਿਕਲਦੀ ਹੈ ਉਸ ਪਾਸੇ ਮਾਸ ਦੇ ਕੰਢੇ ਬਾਹਰ ਨੂੰ ਨਿਕਲਦੇ ਹਨ। ਦੂਸਰਾ ਪੱਖ ਇਹ ਜ਼ਾਹਰ ਹੁੰਦਾ ਹੈ ਕਿ ਸੰਤਾਂ ਦੇ ਸਰੀਰ ਉਪਰੋਂ ਸ਼ਹਾਦਤ ਉਪਰੰਤ ਫ਼ੌਜ ਨੇ ਛੋਟੀ ਸ੍ਰੀ ਸਾਹਿਬ ਵੀ ਉਤਾਰ ਲਈ ਸੀ ਜੋ ਕਿ ਪੋਸਟ ਮਾਰਟਮ ਦੌਰਾਨ ਉਹਨਾਂ ਦੇ ਸਰੀਰ ਉਪਰ ਨਹੀਂ ਸੀ।

ਤੀਸਰੀ ਗੱਲ ਇਹ ਹੈ ਕਿ ਸੰਤਾਂ ਵਲੋਂ ਲੜੇ ਜਾ ਰਹੇ ਘਮਸਾਨ ਦੇ ਯੁੱਧ ਦੌਰਾਨ ਕੋਈ ਵੀ ਉਹਨਾਂ ਦੇ ਨੇੜੇ ਨਾ ਆ ਸਕਿਆ ਸਗੋਂ ਦੂਰੋਂ ਹੀ ਉਹਨਾਂ ਉਪਰ ਗੋਲੀਆਂ

ਚਲਾਈਆਂ ਗਈਆਂ ਤੇ ਉਹ ਵੀ ਬਹੁਤ ਹੀ ਵੱਡੀਆਂ ਰਾਈਫ਼ਲਾਂ ਜਾਂ ਫਿਰ ਮਸ਼ੀਨਗੰਨਾਂ ਦੀਆਂ ਕਿਉਂਕਿ ਨੇੜੇ ਤੋਂ ਲੱਗੀ ਗੋਲੀ ਅਤੇ ਛੋਟੇ ਹਥਿਆਰ ਨਾਲ ਪਾੜੇਦਾਰ ਜ਼ਖਮ ਨਹੀਂ ਬਣਦੇ ਅਤੇ ਜਿਸ ਤਰ੍ਹਾਂ ਦੇ ਜਖ਼ਮ ਪੋਸਟਮਾਰਟਮ ਵਿੱਚ ਹਨ ਉਹ (Conical Head) ਨੁਕੀਲੇ ਸਿਰੇ ਵਾਲੀਆਂ ਗੋਲੀਆਂ ਜੋ ਕਿ ਕਿਸੇ ਮਾਰੂ ਅਤੇ ਦੂਰ ਦੀ ਮਾਰ ਵਾਲੇ ਹਥਿਆਰ ਦੀਆਂ ਹੋਣ ਉਸ ਨਾਲ ਹੀ ਬਣਦੇ ਹਨ।

ਉਹਨਾਂ ਦੇ ਸਰੀਰ ਦੇ ਕਿਸੇ ਵੀ ਜ਼ਖਮ ਦੇ ਦੁਆਲੇ ਸੜਨ ਦਾ ਨਿਸ਼ਾਨ ਨਹੀਂ ਸੀ ਜਿਸ ਤੋਂ ਪਤਾ ਲੱਗਦਾ ਹੈ ਕਿ ਗੋਲੀਆਂ ਦੂਰ ਤੋਂ ਹੀ ਲੱਗੀਆਂ ਜੇਕਰ ਗੋਲੀ ਨੇੜਿਓਂ ਲੱਗੇ ਤਾਂ ਜ਼ਖਮ ਦੁਆਲੇ ਸੜਨ ਦਾ ਨਿਸ਼ਾਨ ਜ਼ਰੂਰ ਬਣਦਾ ਹੈ। ਇਸ ਰਿਪੋਰਟ ਦੇ ਅਧਿਐਨ ਨਾਲ ਕੁਝ ਵਿਚਾਰਵਾਨਾਂ ਦਾ ਇਹ ਸ਼ੰਕਾ ਵੀ ਨਵਿਰਤ ਹੋ ਜਾਂਦਾ ਹੈ ਜਿਨ੍ਹਾਂ ਦਾ ਖਿਆਲ ਹੈ ਕਿ ਗੋਲੀਆਂ ਸੰਤਾਂ ਨੂੰ ਫੜਨ ਉਪਰੰਤ ਮਾਰੀਆਂ ਗਈਆਂ।

ਇਕ ਗੋਲੀ ਜੋ ਪਿੱਠ ਵਿੱਚ ਲੱਗੀ ਦਿਖਾਈ ਗਈ ਹੈ ਉਸਦਾ ਸਰੀਰ ਵਿੱਚ ਲੱਗਣ ਦਾ ਪੱਖ ਤਿਰਸ਼ਾ ਮਹਿਸੂਸ ਹੁੰਦਾ ਹੈ ਜਿਹੜੀ ਕਿ ਦੂਰੋਂ ਕਿਸੇ ਫ਼ੌਜੀ ਨੇ ਇਕ ਪਾਸਿਓਂ ਚਲਾਈ ਹੋ ਸਕਦੀ ਹੈ। ਪੈਰਾਂ ਵਿੱਚ ਬਹੁਤ ਹੀ ਨੇੜੇ ਨੇੜੇ ਲੱਗੀਆਂ ਗੋਲੀਆਂ ਤੋਂ ਸਰਦਾਰ ਗੁਲਜ਼ਾਰ ਸਿੰਘ ਜਿਸ ਨੇ ਸੰਤਾਂ ਦੇ ਸਰੀਰ ਦੇ ਆਖਰੀ ਦਰਸ਼ਨ ਕੀਤੇ ਸਨ, ਦੀ ਗੱਲ ਸਹੀ ਸਾਬਿਤ ਹੋ ਜਾਂਦੀ ਹੈ ਕਿ ਸੰਤਾਂ ਦੀ ਸੱਜੀ ਲੱਤ ਲਮਕੀ ਹੋਈ ਸੀ।

ਇਕ ਗੱਲ ਜੋ ਕਿ ਬਹੁਤ ਹੀ ਅਧਿਐਨ ਮੰਗਦੀ ਹੈ ਕਿ ਸੰਤਾਂ ਦੀ ਸਹਾਦਤ ਤਾਂ ਛੇ ਜੂਨ ਨੂੰ ਹੋ ਗਈ ਸੀ ਫਿਰ ਪੋਸਟ ਮਾਰਟਮ ਵਿੱਚ ਏਨੀ ਦੇਰੀ ਦਾ ਸਬੱਬ ਸਮਝ ਨਹੀਂ ਆਉਂਦਾ ਅਤੇ ਇਸ ਵਿੱਚ ਸ. ਨਰਾਇਣ ਸਿੰਘ ਦਾ ਕਥਨ ਸਹੀ ਪ੍ਰਤੀਤ ਹੁੰਦਾ ਹੈ ਕਿ ਸ਼ਾਇਦ ਸਰਕਾਰੀ ਅਹਿਲਕਾਰ ਕੁਝ ਨਾਮਵਰ ਲੀਡਰਾਂ ਨੂੰ ਜੋ ਕਿ ਸੰਤਾਂ ਦੇ ਵਿਰੋਧੀ ਨੂੰ ਸੰਤਾਂ ਦਾ ਸਰੀਰ ਵਿਖਾ ਕੇ ਖੁਸ਼ ਕਰਨਾ ਚਾਹੁੰਦੇ ਸਨ ਪਰ ਪਿੰਡਾਂ ਤੋਂ ਆਈ ਭੀੜ ਦੀਆਂ ਖਬਰਾਂ ਨੇ ਇਹ ਤਰਕੀਬ ਸਿਰੇ ਨਾ ਚੜ੍ਹਨ ਦਿੱਤੀ। ਇਕ ਕਾਰਨ ਹੋਰ ਵੀ ਭਾਸਦਾ ਹੈ ਕਿ ਚਿਹਰੇ ਉਪਰ ਲੱਗੀਆਂ ਏਨੀਆਂ ਗੋਲੀਆਂ ਸਦਕਾ ਸ਼ਨਾਖ਼ਤ ਕਰਨ ਵਿੱਚ ਵੀ ਤੰਗੀ ਆਈ ਹੋਵੇ ਅਤੇ ਜਿਨ੍ਹਾਂ ਸ਼ਨਾਖ਼ਤ ਕਰਤਾਵਾਂ ਕੋਲੋਂ ਸ਼ਨਾਖ਼ਤ ਕਰਵਾਈ ਗਈ ਸੀ ਉਹ ਤਸੱਲੀ-ਬਖਸ਼ ਨਾ ਲੱਗਦੀ ਹੋਵੇ ਅਤੇ ਕੋਈ ਹੋਰ ਜਾਂਚ ਵੀ ਕਰਵਾਈ ਗਈ ਹੋਵੇ ਕਿਉਂਕਿ ਸੰਤਾਂ ਦੀ ਸ਼ਹਾਦਤ ਤੋਂ ਬਾਅਦ ਵੀ ਕਈ ਕੈਦੀਆਂ ਨੂੰ ਫ਼ੌਜ ਦੇ ਜਵਾਨ ਪੁੱਛ ਪੜਤਾਲ ਕਰਦੇ ਰਹੇ ਸਨ ਕਿ ਅਕਾਲ ਤਖ਼ਤ ਸਾਹਿਬ ਤੋਂ ਕੋਈ ਖ਼ੁਫੀਆ ਸੁਰੰਗ ਵੀ ਨਿਕਲਦੀ ਹੈ ਅਤੇ ਸ਼ਾਇਦ ਇਹਨਾਂ ਕਿਆਸਅਰਾਈਆਂ ਨੇ ਵੀ ਸੰਤਾਂ ਦੀ ਸ਼ਹਾਦਤ ਉਪਰ ਪਾਏ ਪੜਦੇ ਦੀ ਕਹਾਣੀ ਨੂੰ ਕੁੱਝ ਬਲ ਪ੍ਰਦਾਨ ਕੀਤਾ ਹੋਵੇ।

ਸੰਤ ਜਰਨੈਲ ਸਿੰਘ ਜੀ ਦੀਆਂ ਅੰਤਿਮ ਰਸਮਾਂ

(ਇਸ ਹੱਥਲੇ ਲੇਖ ਵਿੱਚ ਭਾਈ ਨਰਾਇਣ ਸਿੰਘ ਜੀ ਨੇ ਸੰਤ ਜਰਨੈਲ ਸਿੰਘ ਜੀ ਦੀ ਅੰਤਿਮ ਰਸਮਾਂ ਦਾ ਬਹੁਤ ਹੀ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ—ਸੰਪਾਦਕ)

ਫ਼ੌਜ ਨੇ ਪਹਿਲਾਂ ਆਪਣੀ ਕਾਰਵਾਈ ਨੂੰ ਜਾਇਜ਼ ਦਰਸਾਉਣ ਅਤੇ ਹਿੰਦੂਆਂ ਵਿੱਚ ਆਪਣੀ ਬੱਲੇ ਬੱਲੇ ਕਰਵਾਉਣ ਲਈ ਡਾ: ਬਲਦੇਵ ਪ੍ਰਕਾਸ਼ ਸਾਬਕਾ ਐਮ.ਪੀ. ਦੀ ਅਗਵਾਈ ਹੇਠ ਹਿੰਦੂਆਂ ਦੇ ਜਥਿਆਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਅਤੇ ਜਨਰਲ ਸ਼ੁਬੇਗ ਸਿੰਘ ਦੀਆਂ ਲਾਸ਼ਾਂ ਦਿਖਾਉਣ ਦਾ ਪ੍ਰੋਗਰਾਮ 7 ਜੂਨ ਨੂੰ ਬਣਾਇਆ ਸੀ ਪਰ ਸਿੱਖਾਂ ਦੇ ਵੱਡੇ ਵੱਡੇ ਜਥਿਆਂ ਦੀ ਅੰਮ੍ਰਿਤਸਰ ਵੱਲ ਰਵਾਨਗੀ ਹੋਈ ਵੇਖ ਕੇ ਫ਼ੌਜ ਉਧਰ ਰੁਝ ਗਈ ਅਤੇ ਹਿੰਦ ਫ਼ੌਜ ਅਤੇ ਦਿੱਲੀ ਸਰਕਾਰ ਦੇ ਫਿਰਕੂ ਅਫਸਰਾਂ ਅਤੇ ਅਧਿਕਾਰੀਆਂ ਦਾ ਹਿੰਦੂਆਂ ਨੂੰ ਖੁਸ਼ ਕਰਨ ਦਾ ਵਿਚਾਰ ਵਿੱਚ ਹੀ ਰਹਿ ਗਿਆ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਲਾਸ਼ ਦਾ ਕਰੀਬ 8 ਵਜੇ ਅੰਮ੍ਰਿਤਸਰ ਦੇ ਮੁਰਦਾ-ਘਰ ਵਿਖੇ ਡਾ: ਕੰਗ ਦੀ ਅਗਵਾਈ ਹੇਠ ਪੋਸਟ ਮਾਰਟਮ ਕੀਤਾ ਗਿਆ। ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਸੰਤਾਂ ਦੇ ਸਰੀਰ ਉਪਰ 14 ਗੋਲੀਆਂ ਲੱਗੀਆਂ ਹੋਈਆਂ ਸਨ। (ਪੋਸਟਮਾਰਟਮ ਦੀ ਰਿਪੋਰਟ ਅੰਤਿਕਾ ਵਿੱਚ ਹੈ)

ਇਹਨਾਂ ਵਿੱਚੋਂ ਸੱਤ ਸਿਰ ਦੇ ਇਕ ਪਾਸੇ, ਦੋ ਛਾਤੀ ਵਿੱਚ, ਇਕ ਡੌਲੇ ਵਿੱਚ, ਤਿੰਨ ਪੈਰਾਂ ਵਿੱਚ ਅਤੇ ਇਕ ਪਿੰਨੀ ਵਿੱਚ ਸਨ। ਇਹਨਾਂ ਵਿੱਚੋਂ ਗਿਆਰਾਂ ਗੋਲੀਆਂ ਸਾਹਮਣੇ ਅਤੇ ਦੋ ਸਾਈਡ ਉਤੇ ਲਗੀਆਂ ਹੋਈਆਂ ਸੀ। ਇਸ ਰਿਪੋਰਟ ਤੋਂ ਸਪੱਸ਼ਟ ਹੈ ਕਿ ਸਿੱਖ ਕੌਮ ਦੇ ਅਣਖੀਲੇ ਜਰਨੈਲ ਸੰਤ ਜਰਨੈਲ ਸਿੰਘ ਨੇ ਸਨਮੁੱਖ ਜੂਝਦਿਆਂ ਛਾਤੀ ਤਾਣ ਕੇ ਗੋਲੀਆਂ ਖਾਧੀਆਂ ਅਤੇ ਸ਼ਹੀਦੀ ਪਾਈ। ਪੋਸਟ ਮਾਰਟਮ ਸਮੇਂ ਬੀ ਡਿਵੀਜ਼ਨ ਥਾਣੇ ਦੇ ਤਿੰਨ ਹਵਾਲਦਾਰ ਗੁਲਜ਼ਾਰ ਸਿੰਘ ਪਿੰਡ ਜੌੜਾ, ਤਰਲੋਕ ਸਿੰਘ ਅਤੇ ਅਰਜਨ ਸਿੰਘ ਮੌਜੂਦ ਸਨ। ਹਵਾਲਦਾਰ ਗੁਲਜ਼ਾਰ ਸਿੰਘ ਜੌੜਾ, ਜੋ ਬਾਅਦ ਵਿੱਚ ਏ.ਐਸ.ਆਈ. ਵਜੋਂ ਰਿਟਾਇਰ ਹੋਇਆ, ਅਨੁਸਾਰ ਉਸਨੇ ਸੰਤਾਂ ਨੂੰ ਚੰਗੀ ਤਰ੍ਹਾਂ ਪਛਾਣਿਆ ਅਤੇ ਉਹਨਾਂ ਦੀ ਇਕ ਲੱਤ ਗੋਲੀਆਂ ਵੱਜਣ ਨਾਲ ਲਮਕ ਚੁੱਕੀ ਸੀ। ਗੁਲਜ਼ਾਰ ਸਿੰਘ ਨੇ ਭਾਵੁਕ ਹੋ ਕੇ ਸ਼ਰਧਾ ਵਜੋਂ ਸੰਤਾਂ ਦੇ ਦੁਆਲੇ ਪਰਿਕਰਮਾਂ ਕੀਤੀ। ਸੰਤਾਂ ਦੇ ਉਪਰ ਡੱਬੀਆਂ ਵਾਲੀ ਚਾਦਰ ਦਿੱਤੀ ਹੋਈ ਸੀ। (ਡੱਬੀਆਂ ਵਾਲੀ ਚਾਦਰ ਦੀ ਤਸਵੀਰ ਅੰਤਿਕਾ ਵਿੱਚ ਹੈ)

ਹਵਾਲਦਾਰ ਗੁਲਜ਼ਾਰ ਸਿੰਘ ਜੌੜਾ ਨੂੰ ਜਦ ਇਹ ਪੁੱਛਿਆ ਗਿਆ ਕਿ ਤੁਸੀਂ ਸੰਤਾਂ

ਨੂੰ ਕਿਵੇਂ ਪਛਾਣਿਆ ਸੀ? ਤਾਂ ਉਸ ਦਾ ਜਵਾਬ ਸੀ ਕਿ ਮੇਰੇ ਭਰਾ ਬਖਸ਼ੀਸ਼ ਸਿੰਘ ਨੂੰ ਬਲਿਊ ਸਟਾਰ ਤੋਂ ਪਹਿਲਾਂ ਐਨ.ਐਸ.ਏ. ਤਹਿਤ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮੈਂ ਆਪਣੇ ਭਰਾ ਦੇ ਕਹਿਣ 'ਤੇ ਕੇਸ ਦੀ ਪੈਰਵਾਈ ਲਈ ਵਕੀਲ ਕਰਨ ਲਈ ਸੰਤਾਂ ਨੂੰ ਅਕਸਰ ਮਿਲਦਾ ਰਹਿੰਦਾ ਸਾਂ।

ਕਾਰ ਸੇਵਾ ਵਾਲੇ ਬਾਬਾ ਬੁੱਧ ਸਿੰਘ, ਹਵੇਲੀ ਰਾਂਝੇਵਾਲੀ, ਨੇੜੇ ਸ਼ਮਸ਼ਾਨ ਘਾਟ ਸ਼ਹੀਦਾਂ, ਅੰਮ੍ਰਿਤਸਰ ਅਨੁਸਾਰ ਸੰਤ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਦੀਆਂ ਲਾਸ਼ਾਂ ਕਰੀਬ 10 ਵਜੇ ਰਾਤ ਇੱਕ ਗੱਡੀ ਵਿੱਚ ਲਿਆਂਦੀਆਂ ਗਈਆਂ। ਇਸ ਸਮੇਂ 150 ਦੇ ਕਰੀਬ ਫ਼ੌਜੀ ਜਵਾਨ ਅਤੇ ਕਾਫੀ ਗਿਣਤੀ ਵਿੱਚ ਪੁਲਿਸ ਮੌਜੂਦ ਸੀ। ਬਾਬਾ ਬੁੱਧ ਸਿੰਘ ਅਨੁਸਾਰ ਮੈਂ ਉਸ ਸਮੇਂ ਮਸਤਾਨਾ ਬਣ ਕੇ ਪਾਟੇ ਕਪੜੇ ਪਹਿਨ ਕੇ ਅਤੇ ਵਾਲ ਖਿਲਾਰ ਕੇ ਸ਼ਮਸ਼ਾਨਘਾਟ ਦੇ ਨੇੜੇ ਮੱਲਾਂ ਦੇ ਅਖਾੜੇ ਵਿੱਚ ਮੌਜੂਦ ਸੀ ਅਤੇ ਅਖਾੜੇ ਦੇ ਇਕ ਕਮਰੇ ਦੀ ਕੰਧ ਸ਼ਮਸ਼ਾਨਘਾਟ ਨਾਲ ਸਾਂਝੀ ਸੀ ਮੈਂ ਇਸ ਕੰਧ ਵਿਚਲੇ ਸੁਰਾਖ਼ ਰਾਹੀਂ ਸੰਤਾਂ ਦੇ ਸਸਕਾਰ ਦਾ ਸਾਰਾ ਦ੍ਰਿਸ਼ ਵੇਖਦਾ ਰਿਹਾ। ਮੜ੍ਹੀਆਂ ਵਿਚ ਮੌਜੂਦ ਦੋ ਮੁਲਾਜ਼ਮਾਂ ਗੰਗਾ ਰਾਮ ਅਤੇ ਬਾਊ ਰਾਮ ਨੇ ਗੱਡੀ ਵਿੱਚ ਹੀ ਸੰਤਾਂ ਅਤੇ ਭਾਈ ਅਮਰੀਕ ਸਿੰਘ ਦੀਆਂ ਦੇਹਾਂ ਦਾ ਇਸ਼ਨਾਨ ਕਰਾਇਆ। ਫ਼ੌਜ ਦੀ ਗੱਡੀ ਭੇਜ ਕੇ ਗੁਰਦੁਆਰਾ ਸ਼ਹੀਦਾਂ ਤੋਂ ਮਨਜੀਤ ਸਿੰਘ ਗ੍ਰੰਥੀ ਰਾਮਸਰ, ਨੂੰ ਅਰਦਾਸ ਕਰਨ ਲਈ ਲਿਆਂਦਾ ਗਿਆ। ਉਹ ਚਿਖਾ ਉਤੇ ਪਾਉਣ ਲਈ ਆਪਣੇ ਨਾਲ ਗੁਰਦੁਆਰਾ ਸ਼ਹੀਦਾਂ ਤੋਂ ਘਿਓ ਵੀ ਲੈ ਗਿਆ। ਉਸ ਨੇ ਅਰਦਾਸ ਕਰਨ ਤੋਂ ਪਹਿਲਾਂ ਇਹਨਾਂ ਦਾ ਮੂੰਹ ਵਿਖਾਲਣ ਲਈ ਕਿਹਾ ਪਰ ਫ਼ੌਜ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਅਰਦਾਸ ਵੀ ਮਰਿਆਦਾ ਅਨੁਸਾਰ ਚਿਖਾ ਚਿਣਨ ਤੋਂ ਬਾਅਦ ਕਰਨ ਦੀ ਥਾਂ ਉਸ ਸਮੇਂ ਹੀ ਕਰਵਾ ਲਈ ਜਦੋਂ ਕਿ ਲਾਸ਼ਾਂ ਅਜੇ ਗੱਡੀ ਵਿੱਚ ਹੀ ਸਨ।

ਗੰਗਾ ਰਾਮ ਅਤੇ ਬਾਊ ਰਾਮ ਅਨੁਸਾਰ ਪਹਿਲਾਂ ਫ਼ੌਜ ਨੇ ਕਿਹਾ ਕਿ ਤੇਲ ਪਾ ਕੇ ਤੁਰੰਤ ਸਸਕਾਰ ਕਰ ਦਿਓ, ਪਰ ਅਸੀਂ ਕਿਹਾ ਕਿ ਸਾਨੂੰ ਬੜੀ ਦੇਰ ਹੋ ਗਈ ਹੈ ਇਸ ਸ਼ਮਸ਼ਾਨਘਾਟ ਵਿੱਚ, ਅਜਿਹਾ ਤਾਂ ਇਥੇ ਕਦੇ ਕਿਸੇ ਲਾਵਾਰਸ ਲਾਸ਼ ਨਾਲ ਵੀ ਨਹੀਂ ਕੀਤਾ ਗਿਆ। ਇਥੇ ਹਰ ਪ੍ਰਾਣੀ ਉਪਰ ਸਸਕਾਰ ਦੀ ਮਰਿਆਦਾ ਅਨੁਸਾਰ ਪੂਰਾ ਬਾਲਣ, ਕਫ਼ਨ ਅਤੇ ਘਿਓ ਪਾਇਆ ਜਾਂਦਾ ਹੈ।

ਡੀ.ਐਸ.ਪੀ. ਸਰਦਾਰ ਅਪਾਰ ਸਿੰਘ ਬਾਜਵਾ ਨੇ ਵੀ ਸੰਤਾਂ ਦਾ ਸਸਕਾਰ ਮਰਿਆਦਾ ਅਨੁਸਾਰ ਕਰਨ ਉਤੇ ਜ਼ੋਰ ਦਿੱਤਾ। ਸਸਕਾਰ ਸਮੇਂ ਮੌਜੂਦ ਐਸ.ਪੀ. ਸਿਟੀ ਸੀਤਲ ਦਾਸ ਨੇ ਵੀ ਕਿਹਾ ਕਿ ਭਿੰਡਰਾਂਵਾਲੇ ਸੰਤ ਸਿੱਖਾਂ ਦੇ ਨੇਤਾ ਸਨ, ਇਹਨਾਂ ਦਾ ਸਸਕਾਰ ਸਿੱਖ ਰਹਿਤ ਮਰਿਆਦਾ ਅਨੁਸਾਰ ਨਾ ਕੀਤਾ ਗਿਆ ਤਾਂ ਸਾਡੇ ਖਿਲਾਫ਼ ਕਾਰਵਾਈ ਹੋ ਸਕਦੀ ਹੈ। ਇਸ ਸਮੇਂ ਦੋ ਪੁਲੀਸ ਇੰਸਪੈਕਟਰ ਸੁਰਿੰਦਰਪਾਲ ਸਿੰਘ ਐਸ.ਐਚ.ਓ. ਥਾਣਾ ਬੀ ਡਿਵੀਜ਼ਨ ਅਤੇ ਇੰਸਪੈਕਟਰ ਨਿਰਮਲ ਸਿੰਘ ਵੀ ਮੌਜੂਦ ਸਨ। ਐਸ.ਪੀ. ਸੀਤਲ ਦਾਸ ਦੇ ਇਹ ਕਹਿਣ 'ਤੇ ਉਹਨਾਂ ਨੇ ਪੁਲਿਸ ਮੁਲਾਜ਼ਮਾਂ ਨੂੰ ਕਫ਼ਨ ਅਤੇ ਘਿਓ ਲਿਆਉਣ ਲਈ ਕਿਹਾ। ਕਰਫਿਊ ਹੋਣ ਕਾਰਨ ਸਭ ਦੁਕਾਨਾਂ ਬੰਦ ਸਨ ਪਰ ਉਹਨਾਂ ਨੂੰ ਹੁਕਮ ਕੀਤਾ

ਗਿਆ ਕਿ ਕੋਈ ਦੁਕਾਨ ਖੁਲ੍ਹਵਾ ਕੇ ਇਹ ਚੀਜ਼ਾਂ ਜ਼ਰੂਰ ਲਿਆਓ। ਇਹ ਮੁਲਾਜ਼ਮ ਪੁਲੀਸ ਦੇ ਜਾਣੂ ਅਵਤਾਰ ਸਿੰਘ ਤਾਗੀ (ਸੁਲਤਾਨਵਿੰਡ) ਦੇ ਘਰ ਗਏ ਅਤੇ ਉਸ ਦਾ ਕੁੰਡਾ ਖੜਕਾਇਆ ਅਤੇ ਘਿਓ ਲਿਆਂਦਾ ਗਿਆ। ਗੰਗਾ ਰਾਮ ਅਤੇ ਬਾਊ ਰਾਮ ਨੇ ਸੰਤਾਂ ਅਤੇ ਭਾਈ ਅਮਰੀਕ ਸਿੰਘ ਦੀਆਂ ਦੋ ਵੱਖਰੀਆਂ ਵੱਖਰੀਆਂ ਚਿਖਾ ਚਿਣੀਆਂ। ਸੰਤਾਂ ਦੀ ਚਿਖਾ ਨੂੰ ਗੰਗਾ ਰਾਮ ਨੇ ਅਗਨੀ ਵਿਖਾਈ। ਬਾਬਾ ਬੁੱਧ ਸਿੰਘ ਅਨੁਸਾਰ ਸੰਤਾਂ ਦੇ ਸਰੀਰ ਤੋਂ ਉਤਾਰੇ ਕਪੜਿਆਂ ਵਿੱਚੋਂ ਕੇਸਰੀ ਰੰਗ ਦੀ ਕੇਸਕੀ ਜਿਸ ਨਾਲ ਸੰਤਾਂ ਦੇ ਲਹੂ ਨਾਲ ਲਿਬੜੇ ਕੁਝ ਵਾਲ ਚਿੰਬੜੇ ਹੋਏ ਸਨ, ਫ਼ੌਜ ਦੇ ਜਾਣ ਤੋਂ ਬਾਅਦ ਮੇਰੇ ਹੱਥ ਆ ਗਈ। ਪਰ ਉਥੇ ਤਇਨਾਤ ਪੀ.ਏ.ਪੀ. ਦੀ ਗਾਰਦ ਦੇ ਇੰਚਾਰਜ ਨੇ ਨਿਸ਼ਾਨੀ ਵਜੋਂ ਆਪਣੇ ਕੋਲ ਰੱਖਣ ਲਈ ਇਹ ਕਹਿ ਕੇ ਮੇਰੇ ਤੋਂ ਲੈ ਲਈ ਕਿ ਮੈਂ ਤੈਨੂੰ ਸੰਤਾਂ ਦੇ ਫੁੱਲ ਚੁੱਗ ਕੇ ਦੇ ਦੇਵਾਂਗਾ ਤੂੰ ਉਹਨਾਂ ਨੂੰ ਆਪਣੇ ਘਰ ਲੈ ਜਾਵੀਂ ਅਤੇ ਬਾਅਦ ਵਿੱਚ ਸੰਤਾਂ ਦੇ ਪਿੰਡ ਰੋਡੇ ਪਹੁੰਚਾ ਦੇਵੀਂ।

ਇਹ ਕੇਸਕੀ ਸੰਤਾਂ ਦੇ ਸਿਵੇ ਦੇ ਪੈਰਾਂ ਵੱਲ ਸੁੱਟੀ ਹੋਈ ਸੀ। ਮੈਂ ਇਹ ਸੋਚ ਕੇ ਕਿ ਕੇਸਕੀ ਨਾਲ ਚਿੰਬੜੇ ਹੋਏ ਵਾਲ ਸੰਤਾਂ ਤੋਂ ਪਹਿਲਾਂ ਸਸਕਾਰ ਕੀਤੇ ਗਏ 64 ਸਿੰਘਾਂ ਦੇ ਬਲ ਰਹੇ ਸਿਵਿਆਂ ਉਪਰ ਸੁੱਟ ਦਿੱਤੇ ਕਿ ਸੰਤਾਂ ਦੀ ਛੋਹ ਇਹਨਾਂ ਸ਼ਹੀਦ ਸਿੰਘਾਂ ਨੂੰ ਵੀ ਪ੍ਰਾਪਤ ਹੋ ਜਾਵੇ। ਅਗਲੇ ਦਿਨ ਜਦ ਮੈਂ ਪੀ.ਏ.ਪੀ. ਦੀ ਗਾਰਦ ਦੇ ਇੰਚਾਰਜ ਦੇ ਕਹਿਣ 'ਤੇ ਫੁੱਲਾਂ ਵਾਸਤੇ ਘਰੋਂ ਗੁੱਥੀ ਲੈਣ ਵਾਸਤੇ ਗਿਆ ਤਾਂ ਮੇਰੇ ਮਗਰੋਂ ਰਮੇਸ਼ਇੰਦਰ ਸਿੰਘ ਡੀ.ਸੀ. ਦੀ ਅਗਵਾਈ ਵਿੱਚ ਆਏ ਕਾਫ਼ਲੇ ਨੇ ਸੰਤਾਂ ਦੇ ਫੁੱਲ ਇਕੱਠੇ ਕਰ ਲਏ। ਮੇਰੀ ਅਤੇ ਪੀ.ਏ.ਪੀ. ਗਾਰਦ ਦੇ ਸਿੱਖ ਇੰਚਾਰਜ ਦੀ ਯੋਜਨਾ ਵਿਚੇ ਹੀ ਰਹਿ ਗਈ।

ਸੰਤਾਂ ਦੇ ਫੁੱਲ 14 ਜੂਨ, 1984 ਨੂੰ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕੀਤੇ ਗਏ। ਜਿਨ੍ਹਾਂ ਦਾ ਰਿਕਾਰਡ ਗੁਰਦੁਆਰਾ ਪਤਾਲਪੁਰੀ ਦੇ ਰਜਿਸਟਰ ਵਿੱਚ ਮੌਜੂਦ ਹੈ। ਬਾਬਾ ਬੁੱਧ ਸਿੰਘ ਇਹ ਦੱਸਦਿਆਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹੈ ਕਿ ਮੈਨੂੰ ਬੇਸ਼ਕ ਸੰਤਾਂ ਦੇ ਸਰੀਰ ਦੇ ਆਖਰੀ ਵਾਰ ਖੁੱਲ੍ਹੇ ਦੀਦਾਰ ਨਹੀਂ ਹੋਏ ਪਰ ਉਹਨਾਂ ਦੇ ਸਰੀਰ ਵਿੱਚੋਂ ਕੌਮ ਦੀ ਚੜ੍ਹਦੀ ਕਲਾ ਲਈ ਡੁੱਲੇ ਲਹੂ ਦੀ ਮਹਿਕ ਨਾਲ ਮੇਰਾ ਰੋਮ ਰੋਮ ਮਹਿਕ ਉਠਿਆ ਸੀ।

ਘੱਲੂਘਾਰਾ ਜੂਨ 1984 ਵਿੱਚ ਹੋਰ ਗੁਰਦੁਆਰਿਆਂ 'ਤੇ ਹੋਏ ਫ਼ੌਜੀ ਹਮਲੇ

(ਸੰਪਾਦਕ 'ਗੁਰਮਤਿ ਪ੍ਰਕਾਸ਼' ਸ. ਸਿਮਰਜੀਤ ਸਿੰਘ ਵਲੋਂ ਘੱਲੂਘਾਰਾ ਜੂਨ 1984 ਸਮੇਂ ਵਾਪਰੇ ਘੱਲੂਘਾਰੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਹੋਰ ਗੁਰਧਾਮਾਂ ਉਪਰ ਹਮਲਿਆਂ ਦਾ ਬਾਖ਼ੂਬੀ ਜ਼ਿਕਰ ਕੀਤਾ ਹੈ।)

ਸਿੱਖਾਂ ਵਾਸਤੇ ਗੁਰਦੁਆਰਾ ਸਿਰਫ਼ ਪੂਜਾ ਅਸਥਾਨ ਹੀ ਨਹੀਂ ਉਹਨਾਂ ਵਾਸਤੇ ਗੁਰਦੁਆਰਾ ਉਹ ਪਾਵਨ ਪਵਿੱਤਰ ਅਸਥਾਨ ਹੈ ਜਿੱਥੇ ਉਹਨਾਂ ਦੇ ਜਾਗਤ ਜੋਤਿ ਦਸ ਗੁਰੂ ਸਾਹਿਬਾਨ ਦੇ ਪਾਵਨ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਭਾਇਮਾਨ ਹੁੰਦੇ ਹਨ, ਜੋ ਕਿ ਉਹਨਾਂ ਨੂੰ ਹਰ ਰੋਜ਼ ਹੁਕਮਨਾਮੇ ਦੇ ਰੂਪ ਵਿੱਚ ਜੀਵਨ ਖੇਤਰ 'ਚ ਜੂਝਣ ਵਾਸਤੇ ਅਗਵਾਈ ਬਖਸ਼ਦੇ ਹਨ। ਸਿੱਖ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਸਰ ਕਰਕੇ ਹੀ ਆਪਣੇ ਆਪ 'ਚ ਸੁਰਖਰੂ ਤੇ ਸੰਤੁਸ਼ਟ ਮਹਿਸੂਸ ਕਰਦਾ ਹੈ। ਗੁਰੂ ਦੇ ਦੁਆਰੇ 'ਤੇ ਹਾਜ਼ਰ ਹੋਣ ਤੋਂ ਬਗੈਰ ਗੁਰੂ ਨਾਨਕ ਨਾਮ-ਲੇਵਾ ਸਿੱਖ ਆਪਣੇ ਆਪ 'ਚ ਅਧੂਰਾ ਤੇ ਸੁੰਞਾ ਜਿਹਾ ਪ੍ਰਤੀਤ ਕਰਦਾ ਹੈ। ਆਪਣਾ ਧਰਮ ਅਸਥਾਨ ਹਰੇਕ ਧਾਰਮਿਕ ਮੱਤ ਦੇ ਧਾਰਨੀ ਨੂੰ ਕੁਦਰਤੀ ਤੌਰ 'ਤੇ ਪਿਆਰਾ ਲੱਗਦਾ ਹੈ ਪਰ ਸਿੱਖ ਸੰਗਤਾਂ ਨੂੰ ਆਪਣੇ ਗੁਰਦੁਆਰੇ ਜਾਨ ਤੋਂ ਵੀ ਪਿਆਰੇ ਹਨ। ਇਸ ਹਕੀਕਤ ਦੀ ਪੁਸ਼ਟੀ ਹਰੇਕ ਵਕਤ 'ਚ ਗਾਹੇ-ਬਗਾਹੇ ਹੁੰਦੀ ਰਹੀ ਹੈ। ਬਾਬਾ ਦੀਪ ਸਿੰਘ ਜੀ ਤੇ ਉਹਨਾਂ ਦੇ ਸਾਥੀ ਸਿੰਘਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਸੁਣ ਕੇ ਇਸ ਦਾ ਸਨਮਾਨ ਬਹਾਲ ਕਰਨ ਵਾਸਤੇ ਜਾਨਾਂ ਵਾਰ ਦੇਣਾ ਅਤੇ ਸਰਦਾਰ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਦਾ ਸ੍ਰੀ ਹਰਿਮੰਦਰ ਸਾਹਿਬ ਦਾ ਅਪਮਾਨ ਕਰਨ ਵਾਲੇ ਮੱਸਾ ਰੰਘੜ ਨੂੰ ਰਾਜਸਥਾਨ ਤੋਂ ਆ ਕੇ ਸੋਧਣਾ ਦੋ ਪ੍ਰਮੁੱਖ ਉਦਾਹਰਨਾਂ ਹਨ। ਹੋਰ ਉਦਾਹਰਨਾਂ ਵੀ ਅਨੇਕਾਂ ਹਨ। ਪ੍ਰੰਤੂ ਅਫ਼ਸੋਸਜਨਕ ਪਹਿਲੂ ਹੈ ਕਿ ਹਰੇਕ ਸਰਕਾਰ ਰਾਜਸੀ ਸੱਤਾ ਤੇ ਤਾਕਤ ਦੀ ਖ਼ੁਮਾਰੀ 'ਚ ਗੁਰਦੁਆਰਿਆਂ ਵਾਸਤੇ ਜਾਨਾਂ ਵਾਰ ਦੇਣ ਵਾਲੀ ਸਿੱਖ ਮਾਨਸਿਕਤਾ ਨੂੰ ਦਰਕਿਨਾਰ ਕਰਕੇ ਸਿੱਖਾਂ ਦੇ ਗੁਰਦੁਆਰਿਆਂ 'ਤੇ ਆਨੇ-ਬਹਾਨੇ ਜਾਂ ਸਪੱਸ਼ਟ ਬਲ-ਪ੍ਰਯੋਗ ਕਰਨੋਂ ਪਿਛਾਂਹ ਨਹੀਂ ਰਹਿੰਦੀ ਰਹੀ। ਰਾਜਤੰਤਰੀ ਸਰਕਾਰਾਂ ਜਾਂ ਐਲਾਨੀਆਂ ਕੱਟੜ ਮਜ਼ਹਬੀ ਨੀਤੀ ਦੀਆਂ ਧਾਰਨੀ ਸ਼ਰਕਾਰਾਂ ਨੇ ਤਾਂ ਐਸਾ ਕਰਨਾ ਹੀ ਸੀ ਪ੍ਰੰਤੂ ਘੋਰ ਦੁਖਦਾਇਕ ਤੱਥ ਇਹ ਹੈ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਨ ਤੇ ਦਮ ਭਰਨ ਵਾਲੀ ਉੱਤਰ-

ਸੁਤੰਤਰਤਾ ਕਾਲ ਦੀ ਭਾਰਤ ਦੀ ਕੇਂਦਰੀ ਸਰਕਾਰ ਨੇ 1984 ਵਿੱਚ ਪਹਿਲਾਂ ਕੁਝ ਸਾਲਾਂ ਤੋਂ ਬੜੀ ਹੀ ਸ਼ਾਤਰਤਾ ਤੇ ਚੁਸਤੀ ਚਲਾਕੀ ਨਾਲ ਹਾਲਾਤ ਨੂੰ ਮਨਮਰਜ਼ੀ ਦੇ ਮੋੜ ਦਿੱਤੇ ਅਤੇ ਫਿਰ ਆਪਣੀ ਹੀ ਰਿਆਇਆ ਬਣੀ ਸਿੱਖ ਕੌਮ ਦੇ ਪਰਮ ਪਾਵਨ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਇਸਦੇ ਨਾਲ ਸਮੂਹ ਪੰਜਾਬ ਦੇ 40 ਦੇ ਲਗਭਗ ਹੋਰ ਗੁਰਦੁਆਰਾ ਸਾਹਿਬਾਨ ਨੂੰ ਇਕੋ ਸਮੇਂ ਫ਼ੌਜੀ ਹਮਲੇ ਦਾ ਸ਼ਿਕਾਰ ਬਣਾ ਕੇ ਕਤਲੋਗ਼ਾਰਤ ਦਾ ਵਰਤਾਰਾ ਵਰਤਾ ਕੇ ਆਪਣੀ ਘੋਰ ਕਰਤੂਤਾਂ ਤੇ ਅਕ੍ਰਿਤਘਣਤਾ ਦਾ ਵਿਖਾਵਾ ਕੀਤਾ। 18ਵੀਂ ਸਦੀ ਦੇ ਮੁਗਲ ਹਾਕਮਾਂ ਅਤੇ ਅਫ਼ਗਾਨ ਹਮਲਾਵਰਾਂ ਵੱਲੋਂ ਵਰਤਾਏ ਘੱਲੂਘਾਰਿਆਂ ਦੀ ਹੀ ਤਰਜ਼ 'ਤੇ ਸਿੱਖ ਕੌਮ ਦਾ ਸਰਬਨਾਸ਼ ਜਾਂ ਨਸਲਘਾਤ ਕਰਨ ਦੇ ਅਤਿ ਮੰਦੇ ਇਰਾਦਿਆਂ ਨੂੰ ਇਸ ਸਮੂਹਿਕ ਫ਼ੌਜੀ ਹਮਲੇ ਦੁਆਰਾ ਮੂਰਤੀਮਾਨ ਕੀਤਾ ਗਿਆ। ਇਸ ਹਮਲੇ ਦਾ ਸੱਚ ਕਈ ਕਾਰਨਾਂ ਕਰਕੇ ਇਕਦਮ ਸਾਰੀ ਦੁਨੀਆਂ ਅੱਗੇ ਜ਼ਾਹਿਰ ਨਹੀਂ ਹੋ ਸਕਿਆ। ਇਹ ਹੌਲੀ-ਹੌਲੀ ਜ਼ਾਹਿਰ ਹੋ ਰਿਹਾ ਹੈ।

ਹਾਕਮਾਂ ਦੀ ਗਿਣੀ-ਮਿਥੀ ਸੋਚ ਦੇ ਤਹਿਤ, ਨੀਲਾ ਤਾਰਾ ਤੇ ਇਸ ਦੇ ਨਾਲ ਜੁੜਵੀਂ ਫ਼ੌਜੀ ਕਾਰਵਾਈ ਲਈ ਵੱਧ-ਵੱਧ ਤੋਂ ਸਿੱਖੀ ਦਿਖ ਵਾਲੇ ਜਰਨੈਲਾਂ ਦੀਆਂ ਸੇਵਾਵਾਂ ਹਾਸਿਲ ਕੀਤੀਆਂ ਗਈਆਂ, ਦੁਨੀਆਂ ਨੂੰ ਇਹ ਜਚਾਉਣ ਲਈ ਕਿ ਉਨ੍ਹਾਂ ਦੇ ਮਨਾਂ ਅੰਦਰ ਸਿੱਖਾਂ ਵਿਰੁੱਧ ਕੋਈ ਮਾੜੀ ਭਾਵਨਾ ਨਹੀਂ ਹੈ ਅਤੇ ਸਿੱਖਾਂ ਦੇ ਵੱਡੇ ਹਿੱਸੇ ਉਨ੍ਹਾਂ ਦੀ ਇਸ ਕਾਰਵਾਈ ਦੇ ਹੱਕ ਵਿੱਚ ਹਨ। 2 ਜੂਨ, 1984 ਈ. ਤੱਕ ਭਾਰਤੀ ਫ਼ੌਜ ਨੇ ਜੰਮੂ ਕਸ਼ਮੀਰ ਤੋਂ ਲੈ ਕੇ ਗੰਗਾ ਨਗਰ ਤੱਕ ਅੰਤਰ-ਰਾਸ਼ਟਰੀ ਸਰਹੱਦ ਨੂੰ ਲਗਭਗ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਸੀ। ਸਾਰੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਫ਼ੌਜ ਦੀਆਂ ਲੱਗਭਗ 7 ਡਵੀਜ਼ਨਾਂ ਤਾਇਨਾਤ ਕਰ ਦਿੱਤੀਆਂ ਗਈਆਂ ਸਨ ਅਤੇ ਫ਼ੌਜੀਆਂ ਨੂੰ ਪਹਿਲਾਂ ਹੀ ਮਿਥੀਆਂ ਗਈਆਂ ਥਾਵਾਂ 'ਤੇ ਪੁਜ਼ੀਸ਼ਨਾਂ ਲੈਣ ਲਈ ਕਹਿ ਦਿੱਤਾ ਗਿਆ ਸੀ। ਸਮੁੱਚੀ ਲੜਾਈ ਦੀ ਲਗਾਤਾਰ ਜਾਣਕਾਰੀ ਰੱਖਣ ਲਈ ਇਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਸੀ ਜਿਸ ਦੀ ਸਮੁੱਚੀ ਕਮਾਂਡ ਕਥਿਤ ਤੌਰ 'ਤੇ ਉਸ ਸਮੇਂ ਦੇ ਵੱਡੇ ਰਾਜਸੀ ਨੇਤਾ ਦੇ ਪੁੱਤਰ ਦੇ ਹੱਥ ਵਿੱਚ ਸੀ। ਅਰੁਣ ਨਹਿਰੂ ਜੋ ਕਪੂਰਥਲਾ ਰਿਆਸਤ ਦੇ ਇਕ ਪੁਰਾਣੇ ਰਜਵਾੜੇ ਖਾਨਦਾਨ ਦੀ ਸੰਤਾਨ ਹੈ, ਕ੍ਰਿਆਸ਼ੀਲ ਅਤੇ ਉਪ ਰੱਖਿਆ ਮੰਤਰੀ ਕੇ.ਪੀ. ਸਿੰਘ ਦਿਓ ਉਸ ਦੀ ਸਹਾਇਤਾ ਕਰ ਰਿਹਾ ਸੀ। ਜਨਰਲ ਗੌਰੀ ਸ਼ੰਕਰ ਨੂੰ ਪੰਜਾਬ ਦੇ ਰਾਜਪਾਲ ਦਾ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ। ਲੈਫ਼. ਜਨਰਲ ਕ੍ਰਿਸ਼ਨਾ ਸਵਾਮੀ ਸੁੰਦਰਜੀ ਨੂੰ ਘੱਲੂਘਾਰਾ ਨੀਲਾ ਤਾਰਾ ਦਾ ਸਮੁੱਚਾ ਚਾਰਜ ਸੌਂਪਿਆ ਗਿਆ। ਲੈਫ਼. ਜਨਰਲ ਰਣਜੀਤ ਸਿੰਘ ਦਿਆਲ ਨੂੰ ਉਸ ਦਾ ਸਹਾਇਕ ਲਗਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਆਰ.ਐਸ. ਦਿਆਲ ਕਥਿਤ ਤੌਰ 'ਤੇ ਨਿਰੰਕਾਰੀ ਮੰਡਲ ਦਾ ਪੈਰੋਕਾਰ ਸੀ। ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਸਮੁੱਚੀ ਕਾਰਵਾਈ ਦਾ ਮੁੱਖ ਸੰਚਾਲਕ ਬਣਾਇਆ ਗਿਆ ਅਤੇ ਪੰਜਾਬ ਦੇ ਗਵਰਨਰ ਦਾ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨੂੰ ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਦੀ ਅਗਵਾਈ ਕਰਨ ਦਾ ਕਾਰਜ ਸੌਂਪਿਆ ਗਿਆ ਸੀ। ਫ਼ੌਜ ਦੀਆਂ ਪੰਜ ਪਲਟਨਾਂ 10ਵੀਂ, 11ਵੀਂ, ਦੂਜੀ, ਪਹਿਲੀ ਅਤੇ

15ਵੀਂ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਹਮਲੇ ਲਈ ਤਾਇਨਾਤ ਕੀਤਾ ਗਿਆ। ਇਹ ਦਸਤੇ ਫ਼ੌਜ ਦੇ ਵਧੀਆ ਲੜਾਕੂ ਦਲਾਂ ਵਿੱਚੋਂ ਚੁਣੇ ਗਏ ਸਨ। ਇਸ ਤੋਂ ਇਲਾਵਾ ਸਿਖਲਾਈ ਪ੍ਰਾਪਤ ਕਮਾਂਡੋਆਂ ਦੀਆਂ ਦੋ ਬਟਾਲੀਅਨਾਂ ਸਨ ਜਿਨ੍ਹਾਂ ਨੇ ਗੂੜ੍ਹੇ ਲਾਲ ਰੰਗ ਦੀਆਂ ਵਰਦੀਆਂ ਪਾਈਆਂ ਹੋਈਆਂ ਸਨ ਅਤੇ ਸਿਰਾਂ 'ਤੇ ਗੂੜ੍ਹੇ ਕਾਲੇ ਰੰਗ ਦੇ ਲੋਹ ਟੋਪ ਪਹਿਨੇ ਹੋਏ ਸਨ ਤਾਂ ਕਿ ਰਾਤ ਦੇ ਹਨੇਰੇ ਵਿੱਚ ਨਜ਼ਰ ਨਾ ਆਉਣ। ਸਾਰੇ ਕਮਾਂਡੋਆਂ ਨੇ ਬੁਲਟ ਪਰੂਫ਼ ਜੈਕਟਾਂ ਪਹਿਨੀਆਂ ਹੋਈਆਂ ਸਨ। ਘੱਲੂਘਾਰਾ ਨੀਲਾ ਤਾਰਾ 1984 ਸਮੇਂ ਦੇ ਦੌਰਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ 'ਤੇ 380 ਗੋਲੀਆਂ ਦੇ ਨਿਸ਼ਾਨ ਲੱਗੇ ਜੋ ਸੋਨੇ ਦੇ ਪੱਤਰਿਆਂ 'ਤੇ ਲੱਗੇ ਹੋਏ ਸਨ। ਮੇਜਰ ਜਨਰਲ ਜੇ.ਐਸ. ਜਸਵਾਲ ਨੂੰ ਅੰਮ੍ਰਿਤਸਰ, ਬਟਾਲਾ ਤੇ ਗੁਰਦਾਸਪੁਰ ਅੰਦਰ ਫ਼ੌਜੀ ਕਾਰਵਾਈ ਦਾ ਚਾਰਜ ਸੰਭਾਲਿਆ ਗਿਆ ਸੀ। ਭਾਵੇਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਚਾਰੇ ਪਾਸੇ ਤੋਂ ਨੀਮ ਫ਼ੌਜੀ ਦਲ ਅਤੇ ਫ਼ੌਜੀ ਦਲਾਂ ਨੇ ਕਾਫ਼ੀ ਸਮਾਂ ਪਹਿਲਾਂ ਹੀ ਘੇਰਾਬੰਦੀ ਕਰਨੀ ਸ਼ੁਰੂ ਕਰ ਦਿੱਤੀ ਸੀ ਅਤੇ ਹਰ ਆਉਣ ਜਾਣ ਵਾਲੇ ਯਾਤਰੀ ਦੀ ਤਲਾਸ਼ੀ ਲਈ ਜਾਂਦੀ ਸੀ। ਸੀ.ਆਰ.ਪੀ.ਐਫ. ਦੇ ਸਿਪਾਹੀਆਂ ਵੱਲੋਂ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਵੀ ਕੀਤਾ ਜਾਂਦਾ ਸੀ। ਸੰਗਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪਰਬ ਮਨਾਉਣ ਵਾਸਤੇ ਇਕੱਠੀ ਹੋ ਰਹੀ ਸੀ। 1 ਜੂਨ, 1984 ਨੂੰ ਜਦੋਂ ਸਾਰੇ ਪੰਜਾਬ ਵਿੱਚ ਇਕੋ ਸਮੇਂ ਕਰਫਿਊ ਲਗਾ ਦਿੱਤਾ ਗਿਆ ਅਤੇ 12:40 'ਤੇ ਸ੍ਰੀ ਦਰਬਾਰ ਸਾਹਿਬ ਵੱਲ ਗੋਲਾਬਾਰੀ ਸ਼ੁਰੂ ਕਰ ਦਿੱਤੀ ਗਈ। ਇਸ ਗੋਲਾਬਾਰੀ ਨਾਲ ਕਈ ਯਾਤਰੂ ਸ਼ਹੀਦ ਹੋ ਚੁੱਕੇ ਸਨ। ਇਹ ਗੋਲਾਬਾਰੀ ਰਾਤ ਤੱਕ ਚੱਲਦੀ ਰਹੀ। ਫ਼ੌਜ ਦੀ ਇਸ ਕਾਰਵਾਈ ਦੀ ਸ਼ਿਕਾਇਤ ਕਰਨ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਅਬਿਨਾਸ਼ੀ ਸਿੰਘ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਵੱਲੋਂ ਗਵਰਨਰ ਪੰਜਾਬ ਅਤੇ ਭਾਰਤ ਦੇ ਰਾਸ਼ਟਰਪਤੀ ਨਾਲ ਟੈਲੀਫ਼ੋਨ ਰਾਹੀਂ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਫ਼ੌਜ ਵੱਲੋਂ ਟੈਲੀਫ਼ੋਨ ਲਾਈਨਾਂ ਬੰਦ ਕਰ ਦਿੱਤੀਆਂ ਗਈਆਂ ਸਨ ਅਤੇ ਕਿਸੇ ਨਾਲ ਵੀ ਤਾਲ- ਮੇਲ ਨਾ ਹੋ ਸਕਿਆ। 2 ਜੂਨ ਨੂੰ ਹੋਰ ਫ਼ੌਜ ਆ ਗਈ ਸੀ ਅਤੇ ਗੋਲਾਬਾਰੀ ਹੁੰਦੀ ਰਹੀ। 3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਫ਼ੌਜ ਵੱਲੋਂ ਸਵੇਰੇ 6 ਵਜੇ ਤੋਂ 10:00 ਵਜੇ ਤੱਕ ਅਚਾਨਕ ਕਰਫਿਊ ਵਿੱਚ ਢਿੱਲ ਦੇ ਦਿੱਤੀ ਗਈ ਜਿਸ ਕਾਰਨ ਬਹੁਤ ਸਾਰੀ ਸੰਗਤ ਸ੍ਰੀ ਦਰਬਾਰ ਸਾਹਿਬ ਪਹੁੰਚ ਗਈ। ਅਚਾਨਕ ਹੀ ਫਿਰ ਸਖ਼ਤ ਰੁਖ ਅਖ਼ਤਿਆਰ ਕਰਦਿਆਂ ਫ਼ੌਜ ਵੱਲੋਂ ਕਰਫਿਊ ਲਗਾ ਦਿੱਤਾ ਗਿਆ ਜਿਸ ਕਾਰਨ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰਨ ਆਏ ਬਹੁਤ ਸਾਰੇ ਸ਼ਰਧਾਲੂ ਅੰਦਰ ਰਹਿਣ ਲਈ ਮਜਬੂਰ ਹੋ ਗਏ। 3 ਜੂਨ ਨੂੰ ਸਾਰਾ ਪੰਜਾਬ ਅਚਾਨਕ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਫ਼ੌਜ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਕਿ ਉਹ ਕਿਸੇ ਨੂੰ ਵੀ ਜਾਨੋਂ ਮਾਰ ਸਕਦੇ ਹਨ। ਫ਼ੌਜ ਨੇ ਸਾਰੇ ਪੰਜਾਬ ਵਿੱਚ ਆਵਾਜਾਈ 'ਤੇ ਸਖ਼ਤ ਪਾਬੰਦੀ ਲਗਾ ਦਿੱਤੀ। ਸ੍ਰੀ ਅੰਮ੍ਰਿਤਸਰ ਦੀ ਟੈਲੀਫ਼ੋਨ ਅਤੇ ਬਿਜਲੀ ਸਪਲਾਈ ਬੰਦ ਕਰ ਦਿੱਤੀ ਗਈ ਤਾਂ ਕਿ

ਅੰਮ੍ਰਿਤਸਰ ਬਾਰੇ ਦੁਨੀਆਂ ਵਿੱਚ ਕੁਝ ਵੀ ਪਤਾ ਨਾ ਲੱਗ ਸਕੇ। 4 ਜੂਨ ਨੂੰ ਫਿਰ ਫ਼ੌਜ ਵੱਲੋਂ ਭਾਰੀ ਗੋਲਾਬਾਰੀ ਹੋਣ ਲੱਗੀ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਚਾਰੇ ਪਾਸੇ ਤੋਂ ਗੋਲਾਬਾਰੀ ਹੋ ਰਹੀ ਸੀ। 5 ਜੂਨ ਨੂੰ ਗੋਲਾਬਾਰੀ ਹੋਰ ਤੇਜ਼ ਹੋ ਗਈ। ਆਏ ਯਾਤਰੂਆਂ ਦੇ ਲੰਗਰ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ ਹੋ ਸਕਿਆ। ਸ੍ਰੀ ਗੁਰੂ ਰਾਮਦਾਸ ਸਰਾਂ ਅੰਦਰ ਪਾਣੀ ਵਾਲੀ ਟੈਂਕੀ ਨੂੰ ਫ਼ੌਜ ਨੇ ਬੰਬ ਮਾਰ ਕੇ ਉਡਾ ਦਿੱਤਾ ਸੀ।

ਗੋਲੀਬਾਰੀ ਤੇਜ਼ ਹੁੰਦੀ ਜਾ ਰਹੀ ਸੀ। ਫ਼ੌਜ ਘੰਟਾ ਘਰ ਵਾਲੇ ਪਾਸੇ ਤੋਂ ਜੁੱਤੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋ ਗਈ। ਸ੍ਰੀ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਗੇਟ ਤੋੜ ਕੇ ਫ਼ੌਜ ਤੋਪਾਂ ਟੈਂਕਾਂ ਨਾਲ ਅੰਦਰ ਦਾਖਲ ਹੋ ਗਈ। 5 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤੋਪਾਂ ਟੈਂਕਾਂ ਨਾਲ ਹਮਲਾ ਕਰ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਅੱਗ ਦੀਆਂ ਲਪਟਾਂ ਦੀ ਲਪੇਟ ਵਿੱਚ ਆ ਚੁੱਕੀ ਸੀ। ਫ਼ੌਜ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਯਾਤਰੂਆਂ ਦੇ ਧਾਰਮਿਕ ਚਿੰਨ੍ਹ ਕਿਰਪਾਨਾਂ ਲਾਹ ਕੇ ਨਾਲੀਆਂ ਵਿੱਚ ਸੁੱਟ ਦਿੱਤੀਆਂ ਗਈਆਂ। ਜੇਕਰ ਕੋਈ ਪਾਣੀ ਮੰਗਦਾ ਤਾਂ ਉਸ ਨੂੰ ਰਾਈਫ਼ਲਾਂ ਦੇ ਬੱਟਾਂ ਨਾਲ ਕੁੱਟਿਆ ਜਾਂਦਾ ਸੀ। ਫ਼ੌਜ ਵੱਲੋਂ ਬੱਚਿਆਂ ਤੇ ਬਜ਼ੁਰਗਾਂ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਜਾ ਰਿਹਾ ਸੀ। ਇਕ ਛੋਟਾ ਬੱਚਾ ਜਿਸ ਦੀ ਮਾਂ ਗੋਲੀ ਨਾਲ ਮਰ ਚੁੱਕੀ ਸੀ, ਉਹ ਮੰਮੀ! ਮੰਮੀ! ਕਰਦਾ ਰੋ ਰਿਹਾ ਸੀ। ਇਕ ਫ਼ੌਜੀ ਨੇ ਉਸ ਨੂੰ ਉਸਦੀ ਮਰੀ ਮਾਂ ਦੀ ਲਾਸ਼ ਉਪਰ ਲਿਟਾ ਕੇ ਉਸ 'ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਚਾਰੇ ਪਾਸੇ ਜਿੱਥੇ ਤੱਕ ਨਜ਼ਰ ਜਾਂਦੀ ਸੀ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂ ਸਨ। ਕਮਰਿਆਂ ਵਿੱਚੋਂ ਖ਼ੂਨ ਵਗ ਕੇ ਬਾਹਰ ਵਰਾਂਡਿਆਂ ਵਿੱਚ ਆ ਰਿਹਾ ਸੀ। ਫ਼ੌਜ ਵਾਲੇ ਕਮਰਿਆਂ ਅੰਦਰ ਬਾਹਰੋਂ ਗਰਨੇਡ ਸੁੱਟ ਰਹੇ ਸਨ ਅਤੇ ਦਿਲ ਦਹਿਲਾਉਣ ਵਾਲਾ ਚੀਕ ਚਿਹਾੜਾ ਚਾਰੇ ਪਾਸਿਓਂ ਸੁਣਾਈ ਦੇ ਰਿਹਾ ਸੀ। ਬਾਅਦ ਵਿੱਚ ਇਨ੍ਹਾਂ ਕਮਰਿਆਂ 'ਚੋਂ ਲਾਸ਼ਾਂ ਚੁੱਕ ਕੇ ਸ਼ਮਸ਼ਾਨ ਘਾਟ ਵਿੱਚ ਲਿਜਾ ਕੇ ਬਿਨਾਂ ਕਿਸੇ ਨੂੰ ਦੱਸੇ ਫ਼ੌਜ ਦੀ ਨਿਗਰਾਨੀ ਹੇਠ ਸਸਕਾਰ ਕਰ ਦਿੱਤਾ ਗਿਆ।

ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ

ਮੇਜਰ ਜਨਰਲ ਤਰਲੋਕ ਸਿੰਘ ਨੂੰ ਦੁਆਬਾ ਖੇਤਰ ਦਾ ਚਾਰਜ ਦਿੱਤਾ ਗਿਆ ਸੀ। ਮੇਜਰ ਜਨਰਲ ਗੁਰਦਿਆਲ ਸਿੰਘ ਨੂੰ ਪਟਿਆਲਾ, ਸੰਗਰੂਰ, ਬਠਿੰਡਾ, ਰੋਪੜ ਤੇ ਫ਼ਰੀਦਕੋਟ ਦਾ ਚਾਰਜ ਦਿੱਤਾ ਗਿਆ ਸੀ। ਇਸ ਨੇ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ 'ਤੇ ਖ਼ੂਨੀ ਹਮਲੇ ਦੀ ਅਗਵਾਈ ਕੀਤੀ ਜਿਸ ਦੌਰਾਨ 56 ਨਿਰਦੋਸ਼ ਤੇ ਨਿਹੱਥੇ ਸ਼ਰਧਾਲੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ-ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਸ਼ਮੀਰੀ ਪੰਡਿਤਾਂ ਦੀ ਬੇਨਤੀ 'ਤੇ ਸ਼ਹੀਦੀ ਦੇਣ ਲਈ ਦਿੱਲੀ ਨੂੰ ਜਾਂਦੇ ਹੋਏ ਨਵਾਬ ਸ਼ੈਫ਼ ਖਾਂ ਦੀ ਬੇਨਤੀ 'ਤੇ ਇਥੇ ਪਧਾਰੇ ਸਨ। ਇਹ ਅਸਥਾਨ ਗੁਰਦੁਆਰਾ ਸ੍ਰੀ ਦੂਖ ਨਿਵਾਰਨ

ਸਾਹਿਬ ਦੇ ਰੂਪ ਵਿੱਚ ਸੰਨ 1930 ਈ. ਵਿੱਚ ਹੋਂਦ ਵਿੱਚ ਆਇਆ ਪਰ ਸ਼ਰਧਾਲੂ ਬਹੁਤ ਦੇਰ ਪਹਿਲਾਂ ਤੋਂ ਹੀ ਇਸ ਅਸਥਾਨ ਨੂੰ ਨਤਮਤਸਕ ਹੋ ਕੇ ਵਡਭਾਗੇ ਮਹਿਸੂਸ ਕਰਦੇ ਆ ਰਹੇ ਸਨ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਅਸਥਾਨ 'ਤੇ ਪਧਾਰੇ ਸਨ ਉਸ ਸਮੇਂ ਪਟਿਆਲਾ ਇਸ ਰੂਪ ਵਿੱਚ ਨਹੀਂ ਸੀ। ਫੂਲਕੀਆ ਸਟੇਟਸ ਗਜ਼ਟੀਅਰ 1904 ਦੇ ਅਨੁਸਾਰ ਪਟਿਆਲਾ ਫੂਲਕੀਆ ਰਿਆਸਤ ਵਿੱਚੋਂ ਇਕ ਹੈ, ਸੰਨ 1762 ਈ. ਵਿੱਚ ਮੰਨਣਾ ਵਧੇਰੇ ਸਹੀ ਹੋਵੇਗਾ ਜਦੋਂ ਸਿੱਖ ਫ਼ੌਜਾਂ ਨੇ ਸਰਹਿੰਦ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਸੀ ਅਤੇ ਆਪੋ ਆਪਣੇ ਇਲਾਕਿਆਂ ਦੀ ਵੰਡ ਕਰ ਲਈ ਸੀ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਸ਼ਹਿਰ ਵਿੱਚ ਪਟਿਆਲਾ-ਸਰਹਿੰਦ ਸੜਕ ਉਤੇ ਸਥਿਤ ਹੈ। ਸਥਾਨਕ ਰਵਾਇਤ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਨ 1674 ਈ. ਵਿੱਚ ਦੂਸਰੀ ਵਾਰ ਇਥੇ ਬਿਰਾਜੇ ਸਨ ਜਦੋਂ ਉਹ ਸੈਫ਼ਾਬਾਦ ਦੇ ਕਿਲ੍ਹੇ ਵਿੱਚ ਟਿਕੇ ਹੋਏ ਸਨ ਜਿਸ ਨੂੰ ਉਹਨਾਂ ਦੇ ਨਾਂ ਉਪਰ ਬਹਾਦਰਗੜ੍ਹ ਕਿਹਾ ਜਾਂਦਾ ਹੈ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਾਲੇ ਸਥਾਨ 'ਤੇ ਇਕ ਟੋਭਾ ਤੇ ਬੋਹੜ ਦੇ ਦਰੱਖਤ ਦਿਖਾਈ ਦਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਸ ਸਥਾਨ 'ਤੇ ਆਉਣ ਦੇ ਸਮੇਂ ਇਹ ਸਥਾਨ ਪਿੰਡ ਲੀਲ ਦੀ ਜੂਹ ਵਿੱਚ ਪੈਂਦਾ ਸੀ। ਇਸ ਪਵਿੱਤਰ ਸਥਾਨ ਉਤੇ ਗੁਰੂ ਜੀ ਬੋਹੜ ਦੇ ਦਰੱਖ਼ਤ ਹੇਠ ਬਿਰਾਜੇ ਸਨ।

ਇਸ ਗੁਰਦੁਆਰਾ ਸਾਹਿਬ ਵਿੱਚ ਹਰ ਸਾਲ ਮਾਘ ਸੁਦੀ ਪੰਚਮੀ ਨੂੰ ਬਸੰਤ ਪੰਚਮੀ ਦੇ ਮੇਲੇ ਦਾ ਪੁਰਬ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਹਰ ਮਹੀਨੇ ਦੀ ਪੰਚਮੀ ਨੂੰ ਆਲੇ-ਦੁਆਲੇ ਦੀਆਂ ਸੰਗਤਾਂ ਇਥੇ ਪਵਿੱਤਰ ਇਸ਼ਨਾਨ ਕਰਨ ਲਈ ਆਉਂਦੀਆਂ ਹਨ। ਜੂਨ 1984 ਈ. ਵਿੱਚ ਪੰਚਮੀ ਵਾਲੇ ਦਿਨ ਇਸ਼ਨਾਨ ਕਰਨ ਲਈ ਪਿੰਡਾਂ ਸ਼ਹਿਰਾਂ ਤੋਂ ਸੰਗਤਾਂ ਆਈਆਂ ਹੋਈਆਂ ਸਨ। ਕੁਝ ਸਮਾਂ ਪਿੱਛੋਂ ਹੀ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ। ਸਾਰਾ ਪਟਿਆਲਾ ਸ਼ਹਿਰ ਫ਼ੌਜ ਵੱਲੋਂ ਸੀਲ ਕਰ ਦਿੱਤਾ ਗਿਆ। ਰਾਤ ਨੂੰ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ ਨੇ ਸਾਰੀ ਸੰਗਤ ਨੂੰ ਫ਼ੌਜ ਵੱਲੋਂ ਕੀਤੇ ਐਲਾਨ ਬਾਰੇ ਜਾਣੂ ਕਰਵਾਇਆ ਕਿ ਕੋਈ ਵੀ ਇੱਧਰ-ਉਧਰ ਨਹੀਂ ਜਾ ਸਕਦਾ ਅਤੇ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਣ ਵਾਲਿਆਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਗੁਰਦੁਆਰਾ ਸਾਹਿਬ ਵਿੱਚ 700-800 ਦੇ ਕਰੀਬ ਸੰਗਤ ਸੀ। ਸਰਾਂ ਵਿੱਚ ਅਤੇ ਸਰੋਵਰ ਦੇ ਕੰਢੇ 'ਤੇ ਕੋਈ ਜਗ੍ਹਾ ਖਾਲੀ ਨਹੀਂ ਸੀ, ਹਰ ਥਾਂ 'ਤੇ ਸੰਗਤ ਆਰਾਮ ਕਰ ਰਹੀ ਸੀ। ਹਰ ਇਕ ਦੇ ਚਿਹਰੇ 'ਤੇ ਖ਼ੌਫ਼ ਤੇ ਗੁੱਸਾ ਸੀ। ਸਵੇਰ ਹੋਣ ਤੱਕ ਗੁਰਦੁਆਰਾ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਫ਼ੌਜ ਨੇ ਸੀਲ ਕਰ ਦਿੱਤਾ ਸੀ। ਗੁਰਦੁਆਰਾ ਸਾਹਿਬ ਵਿੱਚ ਕਾਫ਼ੀ ਭੀੜ ਹੋ ਚੁੱਕੀ ਸੀ ਅਤੇ ਲੰਗਰ ਹਾਲ ਵਿੱਚ ਭੀੜ ਵੀ ਵਧ ਰਹੀ ਸੀ। ਲੰਗਰ ਵਿੱਚ ਦੁੱਧ ਖਤਮ ਹੋ ਚੁੱਕਾ ਸੀ ਜਿਸ ਕਾਰਨ ਛੋਟੇ ਬੱਚਿਆਂ ਲਈ ਮੁਸ਼ਕਿਲ ਖੜੀ ਹੋ ਗਈ ਸੀ। ਸ਼ਨੀਵਾਰ ਸਵੇਰ ਤੋਂ ਸੋਮਵਾਰ ਸ਼ਾਮ ਤੱਕ ਹਾਲਾਤ ਅਜਿਹੇ ਹੀ ਬਣੇ ਰਹੇ। ਸੰਗਤ ਵਿੱਚ ਪ੍ਰੇਸ਼ਾਨੀ ਵਧਦੀ ਜਾ ਰਹੀ ਸੀ। ਸੋਮਵਾਰ ਨੂੰ ਰਾਤ 12 ਵਜੇ ਦੇ ਕਰੀਬ ਪਹਿਲੀ ਗੋਲੀ ਚੱਲੀ ਅਤੇ ਉਸ ਤੋਂ ਬਾਅਦ ਲਗਾਤਾਰ ਢਾਈ ਵਜੇ ਤੱਕ ਗੋਲੀ ਚੱਲਦੀ ਰਹੀ। ਸੰਗਤ

ਵਿੱਚ ਭਗਦੜ ਮੱਚ ਗਈ ਸੀ। ਚਾਰੇ ਪਾਸੇ ਹਾਹਾਕਾਰ ਤੇ ਰੌਲਾ ਪੈ ਗਿਆ ਸੀ। ਫ਼ੌਜ ਨੇ ਸਾਰੇ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰ ਲਿਆ ਸੀ। ਫ਼ੌਜ ਨੇ ਸਾਰੀ ਸੰਗਤ ਵਿੱਚੋਂ ਨੌਜਵਾਨਾਂ ਨੂੰ ਅਲੱਗ ਕਰ ਲਿਆ ਅਤੇ ਸੰਗਤ ਦੇ ਸਾਹਮਣੇ ਹੀ ਬੱਟਾਂ ਅਤੇ ਬੰਦੂਕਾਂ ਨਾਲ ਕੁੱਟਿਆ ਗਿਆ ਅਤੇ ਕਿਸੇ ਅਣਦੱਸੀ ਥਾਂ 'ਤੇ ਭੇਜ ਦਿੱਤਾ ਗਿਆ। ਬਾਕੀ ਦੀ ਸੰਗਤ ਨੂੰ ਉਥੇ ਹੀ ਬੈਠੇ ਰਹਿਣ ਲਈ ਕਿਹਾ ਗਿਆ। ਕਿਸੇ ਨੂੰ ਪੇਸ਼ਾਬ ਤੱਕ ਕਰਨ ਲਈ ਵੀ ਨਹੀਂ ਜਾਣ ਦਿੱਤਾ ਗਿਆ। ਸਵੇਰ ਨੂੰ ਸ੍ਰੀ ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਨਹੀਂ ਕਰਨ ਦਿੱਤਾ ਗਿਆ। ਫ਼ਰਸ਼ 'ਤੇ ਥਾਂ-ਥਾਂ ਖ਼ੂਨ ਦੇ ਨਿਸ਼ਾਨ ਸਨ। ਮਨੁੱਖੀ ਖ਼ੂਨ ਦਾ ਗਾੜ੍ਹਾ ਗਾਰਾ ਬਣ ਚੁੱਕਾ ਸੀ। ਗੁਰਦੁਆਰਾ ਸਾਹਿਬ ਦੇ ਰੌਸ਼ਨਦਾਨ ਦੇ ਸ਼ੀਸ਼ੇ ਟੁੱਟ ਗਏ ਸਨ। ਕੰਧਾਂ 'ਤੇ ਥਾਂ-ਥਾਂ ਗੋਲੀਆਂ ਦੇ ਨਿਸ਼ਾਨ ਸਨ। ਦੂਸਰੇ ਦਿਨ ਸਵੇਰੇ ਅੱਠ ਵਜੇ ਸਾਰੀ ਸੰਗਤ ਨੂੰ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦੇ ਬਾਹਰ ਸੜਕ 'ਤੇ ਟੈਂਕਾਂ ਦੇ ਭਾਰੀ ਪਹੀਆਂ ਦੇ ਨਿਸ਼ਾਨ ਸਨ।

ਗੁਰਦੁਆਰਾ ਭੱਠਾ ਸਾਹਿਬ, ਰੋਪੜ

ਗੁਰਦੁਆਰਾ ਭੱਠਾ ਸਾਹਿਬ ਰੋਪੜ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਇਸ ਪਾਵਨ ਅਸਥਾਨ ਨੂੰ ਦੂਰੋਂ-ਦੂਰੋਂ ਸੰਗਤ ਨਤਮਸਤਕ ਹੋਣ ਆਉਂਦੀ ਹੈ। 3 ਜੂਨ ਨੂੰ ਪੰਜਾਬ 'ਚ ਕਰਫਿਊ ਦੌਰਾਨ ਸੀ.ਆਰ.ਪੀ.ਐਫ. ਦੇ ਸਿਪਾਹੀਆਂ ਨੇ ਗੁਰਦੁਆਰਾ ਸਾਹਿਬ ਨੂੰ ਚਾਰ-ਚੁਫੇਰੇ ਤੋਂ ਘੇਰ ਲਿਆ ਸੀ। ਘੇਰਾ ਪਾਉਣ ਵਾਲੇ ਸੀ.ਆਰ.ਪੀ.ਐਫ. ਦੇ ਜਵਾਨ ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਦੋ ਟਰੱਕਾਂ ਵਿੱਚ ਸਵਾਰ ਹੋ ਕੇ ਆਏ ਸਨ। ਇਨ੍ਹਾਂ ਵਿੱਚੋਂ ਕੁਝ ਸਿਪਾਹੀ ਗੁਰਦੁਆਰਾ ਸਾਹਿਬ ਵੱਲ ਨੂੰ ਨਿਸ਼ਾਨਾ ਕਰਕੇ ਪੁਜ਼ੀਸ਼ਨਾਂ ਲੈ ਕੇ ਖੜੇ ਸਨ ਅਤੇ ਕੁਝ ਸਿਪਾਹੀ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਗਸ਼ਤ ਕਰਨ ਲੱਗ ਪਏ ਸਨ। ਗੁਰਦੁਆਰਾ ਸਾਹਿਬ ਵਿੱਚ ਮੌਜੂਦ ਸੰਗਤ ਅਤੇ ਯਾਤਰੂਆਂ ਨੂੰ ਗੁਰਦੁਆਰਾ ਸਾਹਿਬ ਵਿੱਚੋਂ ਬਾਹਰ ਆਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ। 4 ਜੂਨ, 1984 ਈ. ਨੂੰ ਫ਼ੌਜ ਦੇ ਦੋ ਹਜ਼ਾਰ ਦੀ ਗਿਣਤੀ ਦੇ ਲਗਭਗ ਫ਼ੌਜੀ ਵੀ ਉਥੇ ਪੁੱਜ ਗਏ। ਫ਼ੌਜ ਆਉਣ ਸਾਰ ਹੀ ਗੁਰਦੁਆਰਾ ਸਾਹਿਬ ਵੱਲ ਨੂੰ ਮੂੰਹ ਕਰਕੇ ਮਸ਼ੀਨਗੰਨਾਂ ਚਾਰੇ ਪਾਸੇ ਬੀੜ ਦਿੱਤੀਆਂ ਗਈਆਂ। ਸ਼ਾਮ ਤੱਕ ਫ਼ੌਜ ਦੇ ਟੈਂਕ ਵੀ ਪਹੁੰਚ ਗਏ। ਇਸ ਸਮੇਂ ਗੁਰਦੁਆਰਾ ਸਾਹਿਬ ਵਿੱਚ 56 ਦੇ ਲਗਭਗ ਵਿਅਕਤੀ ਸਨ ਜੋ ਕਰਫਿਊ ਕਾਰਨ ਇਥੇ ਹੀ ਫਸ ਗਏ ਸਨ। ਇਨ੍ਹਾਂ ਵਿੱਚੋਂ 17 ਗੁਰਦੁਆਰਾ ਸਾਹਿਬ ਦੇ ਕਰਮਚਾਰੀ ਸਨ, ਪੰਜ ਅਖੰਡਪਾਠੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਰੋਪੜ ਦਾ ਜ਼ਿਲ੍ਹਾ ਪ੍ਰਧਾਨ ਸ. ਸਰਬਜੀਤ ਸਿੰਘ ਅਤੇ ਬਾਕੀ ਯਾਤਰੂ ਸਨ। ਗੁਰਦੁਆਰਾ ਸਾਹਿਬ ਦੇ ਅੰਦਰੋਂ ਕੋਈ ਵੀ ਕਿਸੇ ਤਰ੍ਹਾਂ ਦਾ ਵਿਰੋਧ ਨਹੀਂ ਕੀਤਾ ਗਿਆ। ਫ਼ੌਜ ਨੇ 6 ਜੂਨ ਦੀ ਰਾਤ ਤੱਕ ਘੇਰਾ ਪਾਈ ਰੱਖਿਆ। 5 ਜੂਨ ਦੀ ਰਾਤ 12 ਵਜੇ ਦੇ ਲਗਭਗ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸਿਓਂ ਬਿਜਲੀ ਘਰ ਵਾਲੇ ਪਾਸੇ ਵੱਲੋਂ ਫ਼ੌਜ ਨੇ ਕੰਧ ਤੋੜੀ ਅਤੇ ਅੰਦਰ ਦਾਖ਼ਲ ਹੋ ਗਈ। ਗੁਰਦੁਆਰਾ ਸਾਹਿਬ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਫ਼ੌਜ ਵੱਲੋਂ ਇਕ

ਫਾਇਰ ਵੀ ਕੀਤਾ ਗਿਆ। ਗੋਲੀ ਦੀ ਆਵਾਜ਼ ਸੁਣ ਕੇ ਸਾਰੀ ਸੰਗਤ ਦਰਬਾਰ ਸਾਹਿਬ ਵਾਲੇ ਕਮਰੇ ਵਿੱਚ ਆ ਗਈ। ਇਸ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਅਤੇ ਪਾਠੀ ਸਿੰਘ ਪਾਠ ਕਰ ਰਿਹਾ ਸੀ। ਫ਼ੌਜ ਨੇ ਲੰਗਰ ਵਾਲੇ ਪਾਸੇ ਜਾ ਕੇ ਲਲਕਾਰਨਾ ਸ਼ੁਰੂ ਕਰ ਦਿੱਤਾ, ਅੱਤਵਾਦੀਆਂ ਦਾ ਨਾਂ ਲੈ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਬੇਤਹਾਸ਼ਾ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਦੇ ਫਲਸਰੂਪ ਇਕ 60 ਸਾਲਾ ਬਜ਼ੁਰਗ ਸ. ਹਰਨਾਮ ਸਿੰਘ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਗੁਰਦੁਆਰਾ ਸਾਹਿਬ ਵਿੱਚ ਇਕ ਹਿੰਦੂ ਯਾਤਰੂ ਕੁਲਦੀਪ ਵੀ ਗੋਲੀ ਲੱਗਣ ਨਾਲ ਫੱਟੜ ਹੋ ਗਿਆ ਜੋ ਚੰਡੀਗੜ੍ਹ ਦੇ ਪੀ.ਜੀ.ਆਈ ਹਸਪਤਾਲ ਵਿੱਚ ਜਾ ਕੇ ਦਮ ਤੋੜ ਗਿਆ। ਲੰਗਰ ਵਾਲੇ ਪਾਸੇ ਫ਼ੌਜ ਨੂੰ ਜੋ ਵੀ ਮਿਲਿਆ ਉਨ੍ਹਾਂ ਨੂੰ ਉਨ੍ਹਾਂ ਦੀਆਂ ਪੱਗਾਂ ਨਾਲ ਨੂੜ ਲਿਆ ਗਿਆ ਤੇ ਅੱਖਾਂ 'ਤੇ ਪੱਟੀਆਂ ਬੰਨ੍ਹ ਦਿੱਤੀਆਂ। ਇਹਨਾਂ ਸਾਰਿਆਂ ਨੂੰ ਦਫ਼ਤਰ ਵਾਲੇ ਖੂਹ ਦੇ ਸਾਹਮਣੇ ਬਿਠਾ ਲਿਆ। ਫ਼ੌਜ ਦੇ ਕਰਮਚਾਰੀ ਹਾਲ ਕਮਰੇ ਵਿੱਚ ਦਾਖਲ ਹੋ ਗਏ ਅਤੇ ਸਾਰਿਆਂ ਨੂੰ ਬਾਹਰ ਆਉਣ ਲਈ ਕਿਹਾ। ਸਾਰਿਆਂ ਨੂੰ ਧਿਆਨ ਨਾਲ ਦੇਖ ਕੇ ਨੌਜਵਾਨਾਂ ਨੂੰ ਇਕ ਪਾਸੇ ਕਰ ਲਿਆ ਗਿਆ ਅਤੇ ਕੋਈ 26 ਕੁ ਨੌਜਵਾਨਾਂ ਨੂੰ ਹੱਥਕੜੀਆਂ ਨਾਲ ਨੂੜ ਲਿਆ ਗਿਆ। ਜੋ ਵੱਡੀ ਉਮਰ ਦੇ ਸਨ ਉਹਨਾਂ ਨੂੰ ਕੂਹਣੀਆਂ ਭਾਰ ਤੁਰਨ ਲਈ ਕਿਹਾ ਗਿਆ ਅਤੇ ਘਸੁੰਨ ਮੁੱਕੀਆਂ ਅਤੇ ਰਾਈਫਲਾਂ ਦੇ ਬੱਟਾਂ ਨਾਲ ਕੁੱਟਿਆ ਗਿਆ। ਇਸ ਕੁੱਟ-ਮਾਰ ਵਿੱਚ ਗੁਰਦੁਆਰਾ ਸਾਹਿਬ ਦੇ ਰਾਗੀ ਸਿੰਘ ਭਾਈ ਜੋਗਿੰਦਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਗੁਰਦੁਆਰਾ ਸਾਹਿਬ ਦੇ ਕਰਮਚਾਰੀਆਂ ਦੇ ਕਮਰਿਆਂ ਦੀ ਤਲਾਸ਼ੀ ਲਈ ਗਈ ਅਤੇ ਉਨ੍ਹਾਂ ਦੇ ਸਾਮਾਨ ਦੀ ਭੰਨ੍ਹ-ਤੋੜ ਵੀ ਕੀਤੀ ਗਈ। ਤਲਾਸ਼ੀ ਦੌਰਾਨ ਸ. ਸਰਬਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫ਼ੌਜ ਦੇ ਕਰਮਚਾਰੀ ਉਸ ਨੂੰ ਬੁਰੀ ਤਰ੍ਹਾਂ ਕੁੱਟਦੇ ਤੇ ਗਾਲ੍ਹਾਂ ਕੱਢਦੇ ਹੋਏ ਨਾਲ ਲੈ ਗਏ।

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਮੁਕਤਸਰ

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਉਹ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਨੇ ਪਿੱਛਾ ਕਰ ਰਹੀਆਂ ਮੁਗਲ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਸੀ ਅਤੇ ਇਸ ਯੁੱਧ ਦੌਰਾਨ ਸ੍ਰੀ ਆਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਚਲੇ ਗਏ ਸਿੰਘਾਂ ਨੇ ਮੁਗਲ ਫ਼ੌਜਾਂ ਦਾ ਡਟ ਕੇ ਮੁਕਾਬਲਾ ਕਰਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਗੁਰੂ ਸਾਹਿਬ ਤੋਂ ਮੁਕਤ ਹੋਣ ਦਾ ਵਰਦਾਨ ਪ੍ਰਾਪਤ ਕੀਤਾ ਸੀ। 3 ਜੂਨ, 1984 ਈ. ਨੂੰ ਭਾਰਤੀ ਫ਼ੌਜਾਂ ਨੇ ਇਸ ਗੁਰਦੁਆਰਾ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾ ਕੇ ਗੋਲਾਬਾਰੀ ਕੀਤੀ। ਸ਼ਰਧਾਲੂਆਂ ਦੇ ਕੱਪੜੇ ਉਤਰਵਾ ਕੇ ਉਨ੍ਹਾਂ ਨੂੰ ਦੁਪਹਿਰ ਸਮੇਂ ਤਪਦੇ ਫਰਸ਼ 'ਤੇ ਲਿਟਾਇਆ ਗਿਆ ਅਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ।

ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ, ਮੋਗਾ

ਮੇਜਰ ਜਨਰਲ ਸ਼ਮਸ਼ੇਰ ਸਿੰਘ ਨੂੰ ਤਰਨਤਾਰਨ, ਪੱਟੀ, ਲੁਧਿਆਣਾ, ਫ਼ਿਰੋਜ਼ਪੁਰ ਤੇ ਜ਼ੀਰਾ ਦਾ ਚਾਰਜ ਸੌਂਪਿਆ ਗਿਆ ਸੀ। 20 ਅਪ੍ਰੈਲ, 1984 ਈ. ਤੋਂ 26 ਅਪ੍ਰੈਲ, 1984 ਈ. ਤੱਕ ਮੋਗਾ ਵਿੱਚ ਤਿੰਨ ਗੁਰਦੁਆਰਿਆਂ ਨੂੰ ਘੇਰਾ ਪਾ ਕੇ ਸਾਰੇ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ ਸੀ। 26 ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਮੋਗਾ ਜੋ ਰੇਲਵੇ ਫਾਟਕ ਦੇ ਪਾਸ ਸੁਸ਼ੋਭਿਤ ਹੈ, 5:05 'ਤੇ ਨੀਮ ਫ਼ੌਜੀ ਦਲਾਂ ਵੱਲੋਂ ਭਾਰੀ ਗੋਲੀਬਾਰੀ ਕੀਤੀ ਗਈ ਜਿਸ ਦੇ ਸਿੱਟੇ ਵਜੋਂ 8 ਸਿੰਘ ਸ਼ਹੀਦ ਹੋ ਗਏ। ਇਕ ਸਿੰਘ ਜੋ ਅੱਖਾਂ ਤੋਂ ਦੇਖ ਨਹੀਂ ਸੀ ਸਕਦਾ, ਗੁਰਦੁਆਰਾ ਸਿੰਘ ਸਭਾ ਵਿਖੇ ਸ਼ਹੀਦ ਹੋਇਆ। 26 ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਮੋਗਾ ਦੇ ਚਾਰ ਚੁਫੇਰੇ ਕਰਫਿਊ ਲਗਾ ਦਿੱਤਾ ਗਿਆ ਜੋ 30 ਅਪ੍ਰੈਲ ਤੱਕ ਜਾਰੀ ਰਿਹਾ। ਗੁਰਦੁਆਰਾ ਸਾਹਿਬ ਦੇ ਲੰਗਰ ਵਿੱਚੋਂ ਰਾਸ਼ਨ ਖਤਮ ਹੋ ਗਿਆ। ਗੁਰਦੁਆਰਾ ਸਾਹਿਬ ਵਿੱਚ ਜੋ ਸੰਗਤ ਸੀ ਉਸ ਦਾ ਭੁੱਖ ਨਾਲ ਬੁਰਾ ਹਾਲ ਹੋਣ ਲੱਗਾ। ਮੋਗੇ ਦੀ ਬੀਬੀ ਕਰਤਾਰ ਕੌਰ 70 ਬੀਬੀਆਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਲੰਗਰ ਪਹੁੰਚਾਉਣ ਗਈ ਤਾਂ ਪੁਲਿਸ ਨੇ ਉਹਨਾਂ ਨੂੰ ਘੇਰ ਲਿਆ ਤੇ ਅੱਗੇ ਨਹੀਂ ਜਾਣ ਦਿੱਤਾ ਤਾਂ ਬੀਬੀ ਕਰਤਾਰ ਕੌਰ ਨੇ ਧਰਨਾ ਦੇ ਦਿੱਤਾ। ਸ਼ਹਿਰ ਦੇ ਐਸ.ਡੀ.ਐਮ. ਨੇ ਪੁਲਿਸ ਵਾਲਿਆਂ ਤੇ ਬੀਬੀਆਂ ਨੂੰ ਸਮਝਾ ਕੇ ਫੈਸਲਾ ਕਰਵਾ ਕੇ ਗੁਰਦੁਆਰਾ ਸਾਹਿਬ ਵਿੱਚ ਲੰਗਰ ਪਹੁੰਚਾਇਆ ਅਤੇ ਕਰਫਿਊ ਖ਼ਤਮ ਕਰਵਾਇਆ। 1 ਜੂਨ, 1984 ਈ. ਨੂੰ ਗੁਰਦੁਆਰਾ ਸਾਹਿਬ ਨੂੰ ਫੇਰ ਘੇਰਾ ਪਾਇਆ ਗਿਆ ਅਤੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਦਾ ਨਗਰ ਕੀਰਤਨ ਵੀ ਨਾ ਕੱਢਣ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦਾ ਬਿਜਲੀ ਪਾਣੀ ਬੰਦ ਕਰ ਦਿੱਤਾ ਗਿਆ ਅਤੇ ਫ਼ੌਜ ਵੱਲੋਂ ਗੁਰਦੁਆਰਾ ਸਾਹਿਬ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਗਈ। ਇਸ ਹਮਲੇ ਵਿੱਚ ਪਿੰਡ ਅਜੀਤਵਾਲ ਦਾ ਸਰਪੰਚ ਸ. ਅਮਰਜੀਤ ਸਿੰਘ, ਧਰਮਕੋਟ ਦਾ ਬਿੱਟੂ ਅਤੇ ਮਹੇਸ਼ਰੀ ਪਿੰਡ ਦੇ ਕੁਝ ਸਿੰਘ ਸ਼ਹੀਦ ਹੋ ਗਏ।

ਸਿੱਖ ਜਿਹੀ ਅਣਖ ਤੇ ਸਵੈਮਾਨ ਦੀ ਧਾਰਨੀ ਕੌਮ ਨੂੰ ਸਬਕ ਸਿਖਾਉਣ ਜਾਂ ਉਨ੍ਹਾਂ ਦੀ ਹੋਂਦ ਨੂੰ ਮਿਟਾ ਦੇਣ ਦੇ ਇਰਾਦਿਆਂ ਤੋਂ ਪ੍ਰੇਰਤ ਇਹ ਹਮਲੇ ਸਿੱਖ ਮਾਨਸਿਕਤਾ 'ਚੋਂ ਮਨਫ਼ੀ ਕਰਨ ਦੇ ਵੀ ਬਹੁਤ ਯਤਨ ਕੀਤੇ ਗਏ ਅਤੇ ਕੀਤੇ ਜਾ ਰਹੇ ਹਨ। ਪ੍ਰੰਤੂ ਸਥੂਲ ਇਤਿਹਾਸ ਨੂੰ ਮਿਟਾਉਣਾ ਕਦਾਚਿਤ ਵੀ ਸੰਭਵ ਨਹੀਂ ਹੁੰਦਾ। ਸਿੱਖ ਇਤਿਹਾਸਕਾਰਾਂ ਅਤੇ ਨਿਰਪੱਖ ਕਲਮਕਾਰਾਂ ਨੂੰ ਇਸ ਨਿਕਟ ਅਤੀਤਕਾਲੀ ਸਿੱਖ ਇਤਿਹਾਸ ਨੂੰ ਪੂਰਾ ਪੜਚੋਲ ਕੇ ਸਹੀ ਰਿਪੋਰਟ ਵਿੱਚ ਲੋਕਾਂ ਅੱਗੇ ਪੇਸ਼ ਕਰਨਾ ਚਾਹੀਦਾ ਹੈ ਤਾਂ ਕਿ ਸਾਰੀ ਦੁਨੀਆਂ ਵਿੱਚ ਇਹ ਪਤਾ ਲੱਗ ਸਕੇ ਕਿ ਸਿੱਖ ਅਜੇ ਵੀ ਆਪਣੇ ਦੇਸ਼, ਧਰਮ, ਕੌਮ ਦੀ ਬੇਹਤਰੀ ਲਈ ਕੁਰਬਾਨ ਹੋਣ ਲਈ ਦੂਸਰੀਆਂ ਕੌਮਾਂ ਨਾਲੋਂ ਪਹਿਲੀ ਕਤਾਰ ਵਿੱਚ ਖੜ੍ਹਾ ਹੈ।

ਘੱਲੂਘਾਰਾ ਜੂਨ 1984—ਗੁ. ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਉਪਰ ਹਮਲਾ

(ਗੁਰਨਾਮ ਸਿੰਘ ਜੀ ਸ਼ਤਰਾਣਾ ਜੋ ਕਿ ਜੂਨ 1984 ਦੇ ਸਮੇਂ ਬਚਪਨ ਦੀ ਅਵਸਥਾ ਵਿੱਚ ਸਨ, ਹੋਰਾਂ ਨੇ ਜੋ ਕੁਝ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਹੋਈ ਫ਼ੌਜੀ ਕਾਰਵਾਈ ਦਾ ਹਾਲ ਅੱਖੀਂ ਵੇਖਿਆ ਸੀ ਉਸ ਨੂੰ ਬਹੁਤ ਹੀ ਭਾਵਪੂਰਵਕ ਤਰੀਕੇ ਨਾਲ ਬਿਆਨ ਕੀਤਾ ਹੈ।)

ਦਿਨ ਸ਼ੁਕਰਵਾਰ ਜੂਨ 1984 ਨੂੰ ਪਿੰਡ ਸ਼ਤਰਾਣਾ, ਪਟਿਆਲਾ ਦੀ ਕੁਝ ਸੰਗਤ ਜਿਸ ਵਿੱਚ ਜ਼ਿਆਦਾਤਰ ਬੀਬੀਆਂ ਤੇ ਬੱਚੇ ਸਨ, ਨੇ ਪੰਚਮੀ ਦੇ ਇਸ਼ਨਾਨ ਲਈ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਲਈ ਕੂਚ ਕੀਤਾ। ਸੰਗਤ ਵਿੱਚ ਮਾਤਾ ਲਾਭ ਕੌਰ (ਮਾਤਾ ਸ਼ਹੀਦ ਜਰਨੈਲ ਸਿੰਘ ਸ਼ਤਰਾਣਾ) ਵੀ ਸਨ ਤੇ ਮੇਰੀ ਉਮਰ ਉਸ ਵਕਤ ਕੋਈ 13 ਕੁ ਸਾਲ ਦੀ ਸੀ। ਜਦੋਂ ਅਸੀਂ ਪਟਿਆਲੇ ਪਹੁੰਚੇ ਤਾਂ ਕੁਝ ਪ੍ਰਮੁੱਖ ਥਾਵਾਂ 'ਤੇ ਕਰਫਿਊ ਲੱਗ ਚੁੱਕਾ ਸੀ ਤੇ ਗੁਰਦੁਆਰੇ ਪਹੁੰਚਣ 'ਤੇ ਸ਼ਾਮ ਨੂੰ ਪਤਾ ਲੱਗਿਆ ਕਿ ਸਾਰਾ ਪਟਿਆਲਾ ਸ਼ਹਿਰ ਹੀ ਫ਼ੌਜ ਨੇ ਸੀਲ ਕਰ ਦਿੱਤਾ ਹੈ ਤੇ ਕੋਈ ਕਿਤੇ ਆ ਜਾ ਨਹੀਂ ਸਕਦਾ। ਰਾਤ ਨੂੰ ਸਾਨੂੰ ਹੈਡ ਗ੍ਰੰਥੀ ਨੇ ਦੱਸਿਆ ਕਿ ਫ਼ੌਜ ਵੱਲੋਂ ਐਲਾਨ ਹੋਇਆ ਹੈ ਕਿ ਕਿਸੇ ਨੇ ਵੀ ਗੁਰਦੁਆਰੇ ਤੋਂ ਬਾਹਰ ਨਹੀਂ ਜਾਣਾ, ਨਹੀਂ ਤਾਂ ਦੇਖਦਿਆਂ ਹੀ ਗੋਲੀ ਮਾਰ ਦਿੱਤੀ ਜਾਵੇਗੀ। ਇਹ ਉਹ ਸਮਾਂ ਸੀ ਜਦੋਂ ਫਿਜ਼ਾ ਵਿੱਚ ਜੋਸ਼ੇ-ਉਮੰਗ, ਰੋਸ, ਤਲਖੀ ਤੇ ਟਕਰਾਅ ਕੁਝ ਇਸ ਤਰ੍ਹਾਂ ਘੁਲ-ਮਿਲ ਗਏ ਸਨ ਕਿ ਅੱਜ ਵੱਡਾ ਦੁਖਾਂਤ ਵਾਪਰਨ ਵਾਲਾ ਹੈ। ਸਿੱਖ ਕੌਮ ਨੂੰ 1947 ਤੋਂ ਬਾਅਦ ਪਹਿਲੀ ਵਾਰ ਕਿਸੇ ਕਹਿਣੀ ਤੇ ਕਰਣੀ ਵਾਲੇ ਆਗੂ ਦੇ ਦਰਸ਼ਨ ਹੋਏ ਸਨ ਤੇ ਇਕ ਵਾਰ ਇਵੇਂ ਲੱਗ ਰਿਹਾ ਸੀ ਕਿ ਸਾਰੀ ਕੌਮ ਦੀ ਕਿਸਮਤ ਇਕ ਸ਼ਖਸੀਅਤ 'ਤੇ ਕੇਂਦਰਿਤ ਹੋ ਗਈ ਹੋਵੇ। ਸਾਡੇ ਨਾਲ ਦੀ ਸੰਗਤ ਦਾ ਵੀ ਕੁਝ ਐਸਾ ਹੀ ਹਾਲ ਸੀ ਤੇ ਇਕ ਭਾਰੀ ਬੇਚੈਨੀ ਸਰਬ ਵਿਆਪਕ ਸੀ। ਮਾਤਾ ਜੀ ਨੇ ਮੈਨੂੰ ਕਿਹਾ ਕਿ ਬੇਟਾ ਜਾ ਕੇ ਦੇਖ ਸਰਾਂ ਵਿੱਚ ਕਮਰਾ ਮਿਲੇ ਤਾਂ ਉਥੇ ਰਾਤ ਕੱਟੀ ਜਾਵੇ। ਮੈਂ ਸਰਾਂ ਵਿੱਚ ਗਿਆ ਤੇ ਉਥੇ ਦੇਖਿਆ ਕਿ ਉਥੇ ਪਹਿਲਾਂ ਹੀ ਬਹੁਤ ਭੀੜ ਸੀ ਤੇ ਸਾਰੇ ਕਮਰੇ ਭਰੇ ਪਏ ਸਨ। ਪੰਡਾਲ ਵਿੱਚ ਵੀ ਸੰਗਤਾਂ ਆਰਾਮ ਕਰ ਰਹੀਆਂ ਸਨ। ਸਰਾਂ ਵਿੱਚ ਸੰਗਤ ਦੀ ਗਿਣਤੀ ਕੋਈ ਚਾਰ ਪੰਜ ਸੌ ਦੇ ਕਰੀਬ ਹੋਵੇਗੀ ਤੇ ਉਥੇ ਵੀ ਮੈਂ ਉਹੋ ਜਿਹੀ ਮਨੋਦਸ਼ਾ ਭਾਰੂ ਦੇਖੀ ਜਿਹੋ ਜਿਹੀ ਸਾਡੀ ਸੀ। ਲੋਕਾਂ ਦੇ ਚਿਹਰਿਆਂ 'ਤੇ ਡਰ ਵੀ ਸੀ ਤੇ ਫਿਕਰ ਵੀ, ਕ੍ਰੋਧ ਵੀ ਸੀ ਤੇ ਇਵੇਂ ਲੱਗ ਰਿਹਾ ਸੀ ਕਿ ਸਾਰੇ ਹੀ ਕੁਝ

ਹੋਣ ਦੀ ਉਡੀਕ ਵਿੱਚ ਵਿਆਕੁਲ ਸਨ। ਮੈਂ ਵਾਪਸ ਆ ਕੇ ਮਾਤਾ ਜੀ ਨੂੰ ਦੱਸਿਆ ਕਿ ਆਪਾਂ ਨੂੰ ਸਰੋਵਰ ਦੀ ਪ੍ਰਕਰਮਾ ਵਿੱਚ ਹੀ ਰਾਤ ਕੱਟਣੀ ਪੈਣੀ ਹੈ ਜਿੱਥੇ ਕਿ ਪਹਿਲਾਂ ਹੀ ਕੋਈ 300 ਦੇ ਕਰੀਬ ਸੰਗਤ ਆਰਾਮ ਕਰ ਰਹੀ ਸੀ। ਅਸੀਂ ਉੱਥੇ ਹੀ ਸੁੱਤੇ। ਸਵੇਰੇ ਉੱਠ ਕੇ ਇਸ਼ਨਾਨ ਕੀਤਾ ਤੇ ਗੁਰਬਾਣੀ ਸਰਵਣ ਕੀਤੀ। ਦਿਨ ਦਾ ਚਾਨਣ ਹੋਣ 'ਤੇ ਪਤਾ ਲੱਗਿਆ ਕਿ ਗੁਰਦੁਆਰੇ ਨੂੰ ਚਾਰੋਂ ਪਾਸੇ ਤੋਂ ਫ਼ੌਜ ਨੇ ਸੀਲ ਕਰ ਦਿੱਤਾ ਸੀ। ਗੁਰਦੁਆਰੇ ਵਿੱਚ ਕਾਫ਼ੀ ਸੰਗਤ ਤੇ ਲੰਗਰ ਵਾਲੀ ਥਾਂ 'ਤੇ ਭੀੜ-ਭੜੱਕਾ ਸੀ। ਕੋਈ ਬਾਹਰ ਨਹੀਂ ਸੀ ਜਾ ਸਕਦਾ ਤੇ ਨਾ ਹੀ ਇਕ ਤੋਂ ਦੂਜੇ ਪਾਸੇ ਜਾ ਸਕਦਾ ਸੀ। ਗੁਰਦੁਆਰੇ ਵਿੱਚ ਲੰਗਰ ਨਾਲ ਹੀ ਗੁਜ਼ਾਰਾ ਕਰਨਾ ਪੈਣਾ ਸੀ। ਦੁੱਧ ਦੇ ਮੁੱਕਣ ਕਾਰਨ ਛੋਟੇ ਬੱਚਿਆਂ ਨੂੰ ਪ੍ਰੇਸ਼ਾਨੀ ਆ ਰਹੀ ਸੀ। ਸ਼ਨੀਵਾਰ ਸਵੇਰੇ ਤੋਂ ਲੈ ਕੇ ਸੋਮਵਾਰ ਰਾਤ ਤੱਕ ਹਾਲਾਤ ਇਹੋ ਹੀ ਬਣੇ ਰਹੇ। ਸੰਗਤ ਵਿੱਚ ਬੇਚੈਨੀ ਤੇ ਡਰ ਵਧ ਰਿਹਾ ਸੀ। ਇਹ ਤੌਖਲਾ ਸੀ ਕਿ ਸ਼ਾਇਦ ਫ਼ੌਜ ਸਭਨਾਂ ਨੂੰ ਹੀ ਮਾਰ ਦੇਵੇਗੀ। ਸੋਮਵਾਰ ਰਾਤ 12 ਵਜੇ ਪਹਿਲੀ ਗੋਲੀ ਚੱਲੀ ਤੇ ਢਾਈ ਵਜੇ ਤੱਕ ਲਗਾਤਾਰ ਚੱਲਦੀ ਰਹੀ। ਸੰਗਤ ਵਿੱਚ ਭੱਜ ਦੌੜ ਮੱਚ ਗਈ ਤੇ ਕੁਝ ਵੀ ਸੁਣ ਨਹੀਂ ਸੀ ਰਿਹਾ। ਸਭ ਪਾਸੇ ਹਾਹਾਕਾਰ ਅਤੇ ਰੌਲਾ ਰੱਪਾ ਸੀ ਤੇ ਗੋਲਾਬਾਰੀ ਦੀ ਲਗਾਤਾਰ ਆਵਾਜ਼ ਮਾਹੌਲ ਨੂੰ ਹੋਰ ਭੈਭੀਤ ਬਣਾ ਰਹੀ ਸੀ। ਕੋਈ ਢਾਈ ਕੁ ਵਜੇ ਫ਼ੌਜ ਨੇ ਗੁਰਦਆਰੇ 'ਤੇ ਕਬਜ਼ਾ ਕਰ ਲਿਆ ਤੇ ਪ੍ਰਕਰਮਾ ਵਿਚਲੀ ਸਾਰੀ ਸੰਗਤ ਨੂੰ ਚਾਹ ਤੇ ਲੰਗਰ ਵਾਲੀ ਥਾਂ 'ਤੇ ਇਕੱਠਾ ਕਰ ਲਿਆ। ਉਨ੍ਹਾਂ ਹਿਲਜੁਲ ਦੀ ਸਖਤ ਮਨਾਹੀ ਕੀਤੀ। ਇਸ ਤੋਂ ਬਾਅਦ ਸਾਰੀ ਸੰਗਤ ਵਿੱਚੋਂ ਨੌਜੁਆਨਾਂ ਦੀ ਛਾਂਟੀ ਕੀਤੀ ਗਈ, ਜਿਨ੍ਹਾਂ ਦੀ ਗਿਣਤੀ ਕੋਈ 50-60 ਸੀ। ਇਹਨਾਂ ਨੌਜਵਾਨਾਂ ਨੂੰ ਸੰਗਤ ਦੇ ਸਾਹਮਣੇ ਹੀ ਬੰਦੂਕਾਂ, ਬੂਟਾਂ ਤੇ ਠੁੱਡਿਆਂ ਨਾਲ ਬਹੁਤ ਬੇਰਹਿਮੀ ਨਾਲ ਕੁੱਟਿਆ ਗਿਆ ਤੇ ਗਾਲੀ-ਗਲੋਚ ਕੀਤਾ ਗਿਆ। ਇਸ ਤੋਂ ਬਾਅਦ ਪਤਾ ਨਹੀਂ ਇਹਨਾਂ ਨੌਜਵਾਨਾਂ ਨੂੰ ਕਿੱਥੇ ਲਿਜਾਇਆ ਗਿਆ ਕਿਉਂਕਿ ਇਸ ਤੋਂ ਬਾਅਦ ਅਸੀਂ ਉਹਨਾਂ ਨੂੰ ਕਦੀ ਨਹੀਂ ਵੇਖਿਆ। ਬਾਕੀ ਸੰਗਤ ਨੂੰ ਉਥੇ ਹੀ ਬਿਠਾਈ ਰੱਖਿਆ ਗਿਆ। ਪ੍ਰਕਰਮਾ ਵਿੱਚ ਸ਼ਾਇਦ ਥੋੜ੍ਹੇ ਜਿਹੇ ਹਥਿਆਰਬੰਦ ਸਿੰਘ ਸਨ, ਜਿਨ੍ਹਾਂ ਨੇ ਪ੍ਰਕਰਮਾ ਦੇ ਥੰਮ੍ਹਾਂ ਦੇ ਉਹਲਿਓਂ ਫ਼ੌਜ ਦੀ ਗੋਲੀਬਾਰੀ ਦਾ ਕੁਝ ਸਮੇਂ ਲਈ ਜਵਾਬ ਦਿੱਤਾ ਤੇ ਫਿਰ ਇਹ ਜਵਾਬ ਬੰਦ ਹੋ ਗਿਆ। ਸਵੇਰੇ 5 ਕੁ ਵਜੇ ਤੱਕ ਸੰਗਤ ਨੂੰ ਫ਼ੌਜੀਆਂ ਨੇ ਸਖ਼ਤੀ ਨਾਲ ਇਕੋ ਥਾਂ 'ਤੇ ਬਿਠਾਈ ਰੱਖਿਆ। ਜੇ ਕਿਸੇ ਨੂੰ ਟੱਟੀ ਪਿਸ਼ਾਬ ਆਉਂਦਾ ਤਾਂ ਸਰੋਵਰ ਦੇ ਕੰਢੇ ਹੀ ਕਰਨਾ ਪੈਂਦਾ ਸੀ। ਸਵੇਰੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਨਾ ਹੋ ਸਕਿਆ। ਦਿਨ ਚੜ੍ਹਨ 'ਤੇ ਫ਼ੌਜ ਨਾਲ ਪੰਜਾਬ ਪੁਲਿਸ ਵੀ ਆ ਗਈ ਤੇ ਸਾਨੂੰ ਛੋਟੇ-ਛੋਟੇ ਗਰੁੱਪਾਂ ਵਿੱਚ ਟੱਟੀ-ਪਿਸ਼ਾਬ ਲਈ ਲਿਜਾਇਆ ਗਿਆ। ਨਿਸ਼ਾਨ ਸਾਹਿਬ ਕੋਲੋਂ ਲੰਘਦਿਆਂ ਮੈਂ ਵੇਖਿਆ ਕਿ ਇਕ ਨੀਲੀ ਦਸਤਾਰ ਤੇ ਗੁਟਕਾ ਸਾਹਿਬ ਖ਼ੂਨ ਵਿੱਚ ਗੜੁੱਚ ਪਏ ਸਨ। ਟੱਟੀਆਂ ਸਰਾਂ ਵਿੱਚ ਬਣੀਆਂ ਹੋਣ ਕਾਰਨ ਸਾਨੂੰ ਉਥੇ ਲਿਜਾਇਆ ਗਿਆ। ਅੰਦਰ ਦਾ ਦ੍ਰਿਸ਼ ਬਹੁਤ ਡਰਾਉਣਾ ਤੇ ਕਚਿਆਣਾ ਸੀ। ਜੋ 400-500 ਸੰਗਤ ਸ਼ੁਕਰਵਾਰ ਨੂੰ ਇੱਥੇ ਦੇਖੀ ਸੀ, ਉਸ ਦਾ ਕੋਈ ਪਤਾ ਨਹੀਂ ਸੀ ਤੇ ਸਾਰਾ ਫਰਸ਼ ਖ਼ੂਨ ਨਾਲ ਲੱਥ-ਪੱਥ ਸੀ। ਮਨੁੱਖੀ ਖ਼ੂਨ ਦਾ ਗਾੜ੍ਹਾ ਗਾਰਾ ਬਣ ਗਿਆ ਸੀ

ਤੇ ਪੈਰ ਥੱਪ ਥੱਪ ਕਰ ਰਹੇ ਸਨ। ਮਨੁੱਖੀ ਖ਼ੂਨ ਉਤੋਂ ਦੀ ਤੁਰਨਾ ਡਾਢਾ ਔਖਾ ਸੀ। ਮੈਂ ਬੇਸੁੱਧ ਜਿਹਾ ਇਕ ਲੋਥ ਵਾਂਗ ਤੁਰਿਆ ਜਾ ਰਿਹਾ ਸੀ। ਹਵਾ ਵਿੱਚ ਮੌਤ ਦੀ ਬੋਅ ਸੀ ਤੇ ਪੈਰਾਂ ਵਿੱਚ ਗਾੜ੍ਹਾ ਲਾਲ ਮਨੁੱਖੀ ਰਤ ਸੀ। ਇਸ ਖ਼ੂਨ ਦੀ ਕੀ ਕਹਾਣੀ ਸੀ ਜਾਂ ਉਸ ਸੰਗਤ ਦਾ ਕੀ ਬਣਿਆ, ਇਸ ਬਾਰੇ ਕਿਆਸ ਹੀ ਕੀਤਾ ਜਾ ਸਕਦਾ ਹੈ। ਹੋ ਸਕਦਾ ਹੈ ਕਿ ਸਾਰੀ ਸੰਗਤ ਹੀ ਸ਼ਹੀਦ ਕਰ ਦਿੱਤੀ ਗਈ ਹੋਵੇ। ਉਸ ਦਿਨ ਮੈਂ ਇਕ ਹੋਰ ਘਿਨਾਉਣਾ ਦ੍ਰਿਸ਼ ਇਹ ਦੇਖਿਆ ਕਿ ਗੁਰੂ ਘਰ ਦਾ ਇਕ ਦਰਮਿਆਨੇ ਕੱਦ ਤੇ ਭਾਰੇ ਸਰੀਰ ਵਾਲਾ ਗ੍ਰੰਥੀ ਸਿੰਘਾਂ ਦੀ ਨਿਸ਼ਾਨਦੇਹੀ ਕਰ ਰਿਹਾ ਸੀ ਤੇ ਪੁਲਿਸ ਨੂੰ ਸਭ ਕੁਝ ਬਹੁਤ ਵਿਸਥਾਰ ਤੇ ਦਲੀਲ ਨਾਲ ਦੱਸ ਰਿਹਾ ਸੀ। ਸਿੱਖ ਕੌਮ ਵਿੱਚ ਜਿੱਥੇ ਸੂਰਬੀਰਾਂ ਤੇ ਸਰਫਰੋਸ਼ਾਂ ਦੀ ਕਮੀ ਨਹੀਂ ਹੈ ਉਥੇ ਨਾਲੋ-ਨਾਲ ਸਿਰੇ ਦੇ ਗੱਦਾਰਾਂ ਦੀ ਵੀ ਕਮੀ ਨਹੀਂ ਹੈ। ਸਾਨੂੰ ਸਾਰਿਆਂ ਨੂੰ ਫਿਰ ਸਰੋਵਰ ਦੇ ਕੰਢੇ 'ਤੇ ਬੈਠਣ ਲਈ ਕਿਹਾ ਗਿਆ ਤੇ ਕਰੀਬ 8 ਵਜੇ ਸਵੇਰੇ ਸਾਨੂੰ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਪੰਜਾਬ ਪੁਲਿਸ ਸਾਨੂੰ ਹੱਥ ਖੜ੍ਹੇ ਕਰਵਾ ਕੇ ਕੜਾਹ ਪ੍ਰਸ਼ਾਦ ਵਾਲੀ ਥਾਂ 'ਤੇ ਲੈ ਗਈ ਤੇ ਫਿਰ ਉਸੇ ਤਰ੍ਹਾਂ ਬਿਠਾ ਦਿੱਤਾ ਗਿਆ। ਇਥੇ ਫ਼ੌਜ ਤੇ ਪੁਲਿਸ ਨੇ ਸਾਰਿਆਂ ਦੇ ਨਾਮ ਪਤੇ ਹਾਸਿਲ ਕੀਤੇ। ਸਾਡੇ ਸਾਹਮਣੇ ਸਰਾਂ ਤੇ ਸਰੋਵਰ ਵਿੱਚੋਂ ਮਿਲਿਆ ਅਸਲਾ ਵੀ ਰੱਖਿਆ ਗਿਆ ਤੇ ਫਿਰ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ, ਜਦ ਅਸੀਂ ਦਰਸ਼ਨੀ ਡਿਉਢੀ ਵਿੱਚੋਂ ਲੰਘੇ ਤਾਂ ਦੇਖਿਆ ਕਿ ਡਿਉਢੀ ਦੀਆਂ ਪੌੜੀਆਂ ਖ਼ੂਨ ਨਾਲ ਲਿਬੜੀਆਂ ਪਈਆਂ ਸਨ ਤੇ ਰੌਸ਼ਨਦਾਨ ਟੁੱਟੇ ਹੋਏ ਸਨ ਤੇ ਕੰਧਾਂ 'ਤੇ ਥਾਂ-ਥਾਂ ਗੋਲਿਆਂ ਨੇ ਡੂੰਘੇ ਖੱਪੇ ਪਾਏ ਹੋਏ ਸਨ। ਫਿਰ ਸਾਨੂੰ ਸਰਹਿੰਦ ਰੋਡ ਵਾਲੇ ਗੇਟ ਕੋਲ ਜਿਥੇ ਕਿ ਲੰਗਰ ਤੇ ਸਰਾਂ ਨੂੰ ਰਸਤਾ ਜਾਂਦਾ ਹੈ ਉਥੇ ਬੈਠਣ ਲਈ ਕਿਹਾ ਗਿਆ। ਇਥੇ ਅਸੀਂ ਦੇਖਿਆ ਕਿ ਸੜਕ 'ਤੇ ਡੂੰਘੇ ਚੋਟਾਂ ਦੇ ਨਿਸ਼ਾਨ ਸਨ ਜੋ ਬਾਅਦ ਵਿੱਚ ਪਤਾ ਲੱਗਿਆ ਕਿ ਟੈਂਕ ਦੀ ਚੈਨ ਦੇ ਨਿਸ਼ਾਨ ਸਨ। ਇਸੇ ਰਸਤੇ ਖਾਲੀ ਟੈਂਕ ਸਰਾਂ ਵੱਲ ਗਿਆ ਲੱਗਦਾ ਸੀ। ਕੁਝ ਫ਼ੌਜੀ ਅਸੀਂ ਦੇਖੇ ਜੋ ਕਿ ਜ਼ਖ਼ਮੀ ਸਨ ਤੇ ਉਹਨਾਂ ਦੀਆਂ ਲੱਤਾਂ ਬਾਹਾਂ 'ਤੇ ਗੋਲੀਆਂ ਦੇ ਜ਼ਖ਼ਮ ਲੱਗਦੇ ਸਨ। ਇਸ ਤੋਂ ਬਾਅਦ ਸਾਨੂੰ ਕੁਝ ਸੀ.ਆਈ.ਏ. ਸਟਾਫ ਪਟਿਆਲਾ ਤੇ ਕੁਝ ਨੂੰ ਸਦਰ ਥਾਣਾ ਪਟਿਆਲਾ ਲਿਜਾਇਆ ਗਿਆ ਤੇ ਇਕ ਵਾਰ ਫਿਰ ਸਭਨਾਂ ਦਾ ਪਤਾ ਲਿਖਿਆ ਗਿਆ। ਸਦਰ ਥਾਣਾ ਵਿੱਚ ਅਸੀਂ 150 ਕੁ ਜਣੇ ਸਾਂ ਤੇ ਸਾਨੂੰ ਸ਼ਾਮ ਨੂੰ ਰੋਟੀ ਤੇ ਪਾਣੀ ਦਿੱਤਾ ਗਿਆ। ਬੀਬੀਆਂ ਬੱਚੇ ਭੁੱਖ ਪਿਆਸ ਤੇ ਡਰ ਨਾਲ ਬੇਹਾਲ ਹੋਏ ਪਏ ਸਨ ਤੇ ਉਹਨਾਂ ਨੂੰ ਲੰਗਰ ਪਾਣੀ ਨਾਲ ਕੁਝ ਰਾਹਤ ਮਿਲੀ। ਫਿਰ ਐਸ.ਐਸ.ਪੀ. ਪਟਿਆਲਾ ਨੇ ਸਾਨੂੰ ਕਿਹਾ ਕਿ ਜਿਹੜਾ ਗੁਰੁਦਆਰੇ ਜਾਣਾ ਚਾਹੁੰਦਾ ਹੈ ਉਸ ਨੂੰ ਉਥੇ ਛੱਡ ਦਿੱਤਾ ਜਾਵੇਗਾ, ਜਿਹੜਾ ਘਰੇ ਜਾਣਾ ਚਾਹੇਗਾ ਉਸ ਨੂੰ ਪਟਿਆਲੇ ਤੋਂ ਬਾਹਰ ਛੱਡ ਦਿੱਤਾ ਜਾਵੇਗਾ ਕਿਉਂਕਿ ਪਟਿਆਲੇ ਸ਼ਹਿਰ ਵਿੱਚ ਕਰਫਿਊ ਲੱਗਾ ਹੋਇਆ ਸੀ। ਜ਼ਿਆਦਾਤਰ ਲੋਕਾਂ ਨੇ ਕਿਹਾ ਕਿ ਸਾਨੂੰ ਪਟਿਆਲੇ ਤੋਂ ਬਾਹਰ ਛੱਡ ਦਿੱਤਾ ਜਾਵੇ ਤਾਂ ਸਾਨੂੰ ਪੰਜਾਬ ਪੁਲਿਸ ਨੇ ਰਾਤ 10 ਕੁ ਵਜੇ ਪਟਿਆਲੇ ਤੋਂ ਬਾਹਰ ਛੱਡ ਦਿੱਤਾ। ਜੂਨ 84 ਦੇ ਇਹ ਕੁਝ ਕੁ ਦਿਨ ਮੇਰੀ ਯਾਦ ਵਿੱਚ ਸੋਚ ਲਈ ਉਕਰ ਗਏ ਹਨ ਤੇ ਹਰ ਜੂਨ ਦੇ ਪਹਿਲੇ ਹਫ਼ਤੇ ਵਿੱਚ

ਯਾਦ ਸੋਚਾਂ 'ਤੇ ਛਾ ਜਾਂਦੀ ਹੈ ਤੇ ਮੈਂ ਸੋਚਦਾ ਹਾਂ ਕਿ ਸਮੇਂ ਦਾ ਗੇੜ ਕਹੋ ਜਾਂ ਮੇਰੀ ਕੌਮ ਦੀ ਖ਼ੁਆਰੀ ਕਿ ਉਹੋ ਭਾਰਤੀ ਫ਼ੌਜ ਜਿਸ ਨੇ ਸਾਡੀ ਇੱਜ਼ਤ ਨੂੰ ਪੈਰੀਂ ਮਧੋਲਿਆ, ਅੱਜ ਉਹੀ ਭਾਰਤੀ ਫ਼ੌਜ ਵਿੱਚ ਨੌਕਰ ਸਿੱਖ ਨੌਜਵਾਨ ਹੋਰਨਾਂ ਸੰਘਰਸ਼ਸ਼ੀਲ ਕੌਮਾਂ ਨੂੰ ਲਿਤਾੜ ਰਹੇ ਹਨ। ਆਪਣੀ ਹੋਣੀ ਬਾਰੇ ਕੀ ਕੀਤਾ ਜਾਵੇ ਕੁਝ ਸੁਝਦਾ ਨਹੀਂ ਹੈ। ਵਾਹਿਗੁਰੂ ਭਲੀ ਕਰੇ ਤੇ ਮੇਰੀ ਮਦਹੋਸ਼ ਕੌਮ ਨੂੰ ਸੁਰਤ ਸੁਧ ਬਖ਼ਸ਼ੇ।

ਘੱਲੂਘਾਰਾ ਜੂਨ 1984—ਪ੍ਰਤੀਕਰਮ

ਘੱਲੂਘਾਰਾ ਜੂਨ 1984—ਫ਼ੌਜੀ ਕਾਰਵਾਈ ਕੋਈ ਆਖ਼ਰੀ ਰਸਤਾ ਨਹੀਂ ਸੀ

ਲੈਂਫ. ਜਨਰਲ ਐਸ.ਕੇ. ਸਿਨਹਾ

(ਘੱਲੂਘਾਰਾ ਨੀਲਾ ਤਾਰਾ ਦੇ ਦੌਰਾਨ ਜੋ ਸਿੱਖ ਗੋਲਡਨ ਟੈਂਪਲ ਵਿੱਚ ਫ਼ੌਜੀ ਹਮਲੇ ਦਾ ਹਥਿਆਰਬੰਦ ਮੁਕਾਬਲਾ ਕਰ ਰਹੇ ਸਨ, ਉਹ ਆਪਣੇ ਧਰਮ ਦੀ ਰੱਖਿਆ ਲਈ ਆਪਣੇ ਜਾਇਜ਼ ਅਧਿਕਾਰ ਦੇ ਅਧੀਨ ਲੜ ਰਹੇ ਸਨ। ਇਸ ਗੱਲ ਦਾ ਪ੍ਰਗਟਾਵਾ ਰਿਟਾਇਰਡ ਲੈਫ਼ਟੀਨੈਂਟ ਜਨਰਲ ਐਸ.ਕੇ. ਸਿਨਹਾ ਨੇ ਕੀਤਾ। ਇਹ ਲੈ. ਜਨਰਲ ਐਸ.ਕੇ. ਸਿਨਹਾ ਉਹੀ ਹਨ ਜਿਨ੍ਹਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਤੋਂ ਨਾਂਹ ਕਰ ਦਿੱਤੀ ਸੀ। ਇਸ ਲਈ ਇਹਨਾਂ ਨੂੰ ਆਰਮੀ ਦਾ ਚੀਫ਼ ਨਹੀਂ ਬਣਾਇਆ ਗਿਆ ਸੀ। ਇਨ੍ਹਾਂ ਦੀ ਥਾਂ 'ਤੇ ਫਿਰ ਨਵਾਂ ਚੀਫ਼ ਬਣਾਇਆ ਗਿਆ ਸੀ।)

"ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਾਨੂੰ ਮਨਵਾਉਣਾ ਚਾਹੁੰਦੀ ਸੀ। ਇਸ ਫ਼ੌਜੀ ਹਮਲੇ ਦਾ ਫ਼ਤੂਰ ਇੰਦਰਾ ਗਾਂਧੀ ਦੇ ਦਿਮਾਗ ਵਿੱਚ 18 ਮਹੀਨੇ ਤੋਂ ਘੁੰਮ ਰਿਹਾ ਸੀ। ਜਨਰਲ ਸਿਨਹਾ ਨੇ ਦੱਸਿਆ ਕਿ ਜਦੋਂ ਉਹ ਪੱਛਮੀ ਕਮਾਂਡ ਦੇ ਮੁਖੀ ਸਨ ਤਾਂ ਉਹਨਾਂ ਨੂੰ ਕੋਈ ਰਾਤ ਦੇ 10 ਵਜੇ ਟੈਲੀਫੋਨ 'ਤੇ ਇਹ ਦੱਸਿਆ ਗਿਆ ਕਿ ਸਰਕਾਰ ਨੇ ਇਹ ਉਚ ਪੱਧਰ 'ਤੇ ਫੈਸਲਾ ਕਰ ਲਿਆ ਹੈ ਕਿ ਫ਼ੌਜ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਦਾ ਕੰਮ ਸੌਂਪ ਦਿੱਤਾ ਜਾਵੇ। ਪਰ ਜਦੋਂ ਜਨਰਲ ਸਿਨਹਾ ਨੇ ਉਸ ਟੈਲੀਫ਼ੋਨ ਕਰਨ ਵਾਲੇ ਨੂੰ ਕਿਹਾ ਕਿ ਜਦ ਤੱਕ ਉਸ ਨੂੰ ਫ਼ੌਜ ਦੇ ਮੁਖੀ ਜਾਂ ਰੱਖਿਆ ਮੰਤਰੀ ਵੱਲੋਂ ਆਦੇਸ਼ ਪ੍ਰਾਪਤ ਨਹੀਂ ਹੁੰਦੇ, ਉਹ ਕੋਈ ਕਾਰਵਾਈ ਨਹੀਂ ਕਰਨਗੇ ਤਾਂ ਇਸ ਤੋਂ ਬਾਅਦ ਇਹੋ ਜਿਹੇ ਕੋਈ ਆਦੇਸ਼ ਨਹੀਂ ਮਿਲੇ। ਇਹ 1981 ਦੇ ਅਖੀਰ ਦੀ ਗੱਲ ਹੈ ਜਦੋਂ ਦਰਬਾਰਾ ਸਿੰਘ ਪੰਜਾਬ ਦਾ ਮੁੱਖ ਮੰਤਰੀ ਸੀ। ਸੋ ਇਹ ਗੱਲ ਤੈਅ ਹੈ ਕਿ ਤਕਰੀਬਨ 30 ਮਹੀਨੇ ਪਹਿਲਾਂ ਫ਼ੌਜੀ ਕਾਰਵਾਈ ਦਾ ਫ਼ੈਸਲਾ ਲਿਆ ਜਾ ਚੁੱਕਾ ਸੀ ਜਿਸ ਨੂੰ ਅਮਲੀ ਜਾਮਾ, 1984 ਵਿੱਚ ਪਹਿਨਾਇਆ ਗਿਆ।

"ਫੇਰ ਜਦੋਂ ਸੰਤ ਜਰਨੈਲ ਸਿੰਘ ਚੌਂਕ ਮਹਿਤਾ ਗਏ ਤਾਂ ਇਕ ਵਾਰ ਫੇਰ ਫ਼ੌਜ ਤੋਂ Armoured Personnel Carriers (APC) ਦੀ ਮੰਗ ਕੀਤੀ ਗਈ ਤਾਂ ਜੋ ਪੁਲਿਸ ਨੂੰ ਇਹ ਸੰਤ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਵਿੱਚ ਸਹਾਈ ਹੋ ਸਕਣ। ਇਹ ਗੱਲ

ਅਕਾਲੀਆਂ ਦੇ ਧਰਮ ਯੁੱਧ ਮੋਰਚੇ ਦੇ ਸ਼ੁਰੂ ਹੋਣ ਤੋਂ (ਅਗਸਤ 1982) ਕਈ ਚਿਰ ਪਹਿਲਾਂ ਦੀ ਹੈ। ਮੋਰਚਾ ਲੱਗਣ ਤੋਂ ਥੋੜ੍ਹਾ ਚਿਰ ਬਾਅਦ ਦੀ ਦੇਹਰਾਦੂਨ ਵਾਦੀ ਨੇੜੇ ਚਕਰਾਤਾ ਛਾਉਣੀ ਵਿੱਚ ਫ਼ੌਜ ਨੇ ਕਮਾਂਡੋ ਐਕਸ਼ਨ ਦੀ ਵਿਉਂਤਬੰਦੀ ਤੇ ਰਿਹਰਸਲ ਸ਼ੁਰੂ ਕਰ ਦਿੱਤੀ ਸੀ ਅਤੇ ਇਸ ਕੰਮ ਲਈ ਗੋਲਡਨ ਟੈਂਪਲ ਕੰਪਲੈਕਸ ਦਾ ਇਕ ਮਾਡਲ ਵੀ ਤਿਆਰ ਕਰ ਲਿਆ ਗਿਆ ਸੀ।

"ਇਕ ਹੋਰ ਸਿਖਲਾਈ ਕੇਂਦਰ ਸਰਸਾਵਾ ਨੇੜੇ ਸ਼ੁਰੂ ਕਰਨ ਦੀ ਤਜਵੀਜ਼ ਪਹਿਲਾਂ ਅਗਸਤ 1983 ਤੇ ਫੇਰ ਅਪ੍ਰੈਲ 1984 ਵਿੱਚ ਬਣਾਈ ਗਈ, ਪਰ ਇਸ ਦਾ ਭੇਤ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਲੱਗਣ ਕਾਰਨ, ਇਸ ਨੂੰ ਵਿਚੇ ਹੀ ਛੱਡ ਦਿੱਤਾ ਗਿਆ।

"ਇਹਨਾਂ ਫ਼ੌਜੀ ਤਿਆਰੀਆਂ ਦੇ ਸੰਦਰਭ ਵਿੱਚ ਜੋ ਸੰਤ ਭਿੰਡਰਾਂਵਾਲਿਆਂ ਤੇ ਉਹਨਾਂ ਦੇ ਸਾਥੀਆਂ ਨੇ ਗੋਲਡਨ ਟੈਂਪਲ ਦੀ ਸੁਰੱਖਿਆ ਲਈ ਆਪਣੀ ਪੂਰੀ ਵਾਹ ਲਗਾ ਦਿੱਤੀ ਤਾਂ ਕਿਸੇ ਨੂੰ ਕੋਈ ਅਧਿਕਾਰ ਨਹੀਂ ਕਿ ਉਹਨਾਂ ਨੂੰ ਦੋਸ਼ੀ ਕਰਾਰ ਦੇਵੇ। ਜਦੋਂ ਤੁਹਾਨੂੰ ਪਤਾ ਲੱਗ ਜਾਵੇ ਕਿ ਤੁਹਾਡੇ ਘਰ 'ਤੇ ਕੋਈ ਹਮਲਾਵਰ ਹਮਲਾ ਕਰਨ ਵਾਲਾ ਹੈ ਤੇ ਤੁਹਾਡਾ ਇਹ ਕਾਨੂੰਨੀ ਤੇ ਇਖ਼ਲਾਕੀ ਫ਼ਰਜ਼ ਬਣ ਜਾਂਦਾ ਹੈ ਕਿ ਤੁਸੀਂ ਹਮਲਾਵਰ ਨੂੰ ਮੂੰਹ ਤੋੜ ਜਵਾਬ ਦੇਵੋ। ਇਸ ਮਾਮਲੇ ਵਿੱਚ ਹਮਲਾ ਹੋਣ ਵਾਲਾ ਘਰ ਸਿੱਖਾਂ ਦਾ ਪਵਿੱਤਰ ਹਰਿਮੰਦਰ ਸਾਹਿਬ ਸੀ।

"ਦਸੰਬਰ 1983 ਵਿੱਚ ਸੰਤ ਜਰਨੈਲ ਸਿੰਘ ਦੇ ਸਾਥੀਆਂ ਨੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਸਾਹਮਣੇ ਦੋ ਮੋਰਚੇ ਬਣਾਏ ਪਰ ਉਹਨਾਂ ਨੂੰ ਇਹ ਕਾਰਜ ਬੰਦ ਕਰਨ ਲਈ ਮਨਾ ਲਿਆ ਗਿਆ ਤੇ ਇਹ ਮੋਰਚੇ ਬੰਦ ਕਰ ਦਿੱਤੇ ਗਏ। ਸੋ ਇਸ ਤੋਂ ਇਹ ਗੱਲ ਸਾਫ਼ ਜ਼ਾਹਿਰ ਹੈ ਕਿ ਦਸੰਬਰ 1983 ਤੱਕ ਕੋਈ ਵੀ ਸਿੱਖ ਨੇਤਾ ਸਰਕਾਰ ਨਾਲ ਹਥਿਆਰਬੰਦ ਲੜਾਈ ਲਈ ਤਿਆਰ ਨਹੀਂ ਸੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਭਾਨ ਸਿੰਘ ਮੁਤਾਬਕ ਗੋਲਡਨ ਟੈਂਪਲ ਕੰਪਲੈਕਸ ਦੀ ਮੋਰਚਾਬੰਦੀ 17 ਫਰਵਰੀ ਨੂੰ ਸ਼ੁਰੂ ਹੋਈ। ਇਹ ਵੀ ਇਸ ਲਈ ਸ਼ੁਰੂ ਹੋਈ ਕਿਉਂਕਿ ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਦੇ ਨੀਮ ਫ਼ੌਜੀ ਦਸਤਿਆਂ ਨੇ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਚੀਆਂ ਇਮਾਰਤਾਂ ਨੂੰ ਕਬਜ਼ੇ ਵਿੱਚ ਲੈ ਕੇ ਉਥੇ ਬੰਕਰ ਬਣਾਉਣੇ ਸ਼ੁਰੂ ਕਰ ਦਿੱਤੇ ਤੇ ਬਿਨਾਂ ਕਿਸੇ ਕਾਰਨ ਹਰਿਮੰਦਰ ਸਾਹਿਬ ਵੱਲ ਰੁਕ ਰੁਕ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸੋ ਸਰਕਾਰ ਦੀ ਇਸ ਕਾਰਵਾਈ ਨੇ ਸੰਤ ਜਰਨੈਲ ਸਿੰਘ ਨੂੰ ਮੋਰਚਾਬੰਦੀ ਦੇ ਲਈ ਉਕਸਾਇਆ। ਫਿਰ ਮਈ ਦੇ ਅਖੀਰ ਵਿੱਚ ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਨੇ ਹਰ ਰੋਜ਼ 10,000 ਗੋਲੀਆਂ ਦੀ ਬੁਛਾੜ ਗੋਲਡਨ ਟੈਂਪਲ ਕੰਪਲੈਕਸ ਵੱਲ ਕਰਨੀ ਸ਼ੁਰੂ ਕਰ ਦਿੱਤੀ ਜਿਸ ਦਾ ਮੁੱਖ ਮੰਤਵ ਸੀ ਕਿ ਅਜਿਹਾ ਮਾਹੌਲ ਬਣਾਇਆ ਜਾਵੇ ਕਿ ਸਿੱਖ ਨੌਜਵਾਨ ਹਥਿਆਰ ਚੁੱਕ ਲੈਣ ਤੇ ਫੇਰ ਉਹਨਾਂ ਨੂੰ ਆਸਾਨੀ ਨਾਲ ਖਤਮ ਕੀਤਾ ਜਾ ਸਕੇ। ਇਸ ਦਾ ਦੂਸਰਾ ਮੰਤਵ ਲੜਾਈ ਨੂੰ ਲਾਂਭ ਚੁੱਕ ਦੇ ਬਜ਼ਰਯਾਤਰੀ ਸੀ।

"ਇਸੇ ਵੀ ਵੱਖ ਦਾ ਹਿਮਾਕਤੀ ਸਿੱਖ ਕਿਸੇ ਵੀ ਫ਼ੌਜ ਨੂੰ ਆਪਣੇ ਪਵਿੱਤਰ ਅਸਥਾਨ

ਹਰਿਮੰਦਰ ਸਾਹਿਬ ਵੱਲ ਵਧਣ ਦੀ ਇਜ਼ਾਜਤ ਨਹੀਂ ਦੇ ਸਕਦਾ। ਇਹ ਹਰ ਸਿੱਖ ਦਾ ਇਖ਼ਲਾਕੀ ਤੇ ਧਾਰਮਿਕ ਫਰਜ਼ ਬਣਦਾ ਹੈ ਕਿ ਉਹ ਹਰਿਮੰਦਰ ਸਾਹਿਬ ਵੱਲ ਵਧਣ ਵਾਲੇ ਹਰੇਕ ਦੁਸ਼ਮਣ ਦੇ ਦੰਦ ਖੱਟੇ ਕਰੇ ਤੇ ਇਸ ਦੀ ਹਿਫ਼ਾਜ਼ਤ ਲਈ ਮਰ ਮਿਟੇ। ਸੰਤ ਭਿੰਡਰਾਂਵਾਲਿਆਂ ਨੇ ਆਪਣੇ ਸਾਥੀਆਂ ਸਮੇਤ ਸਿੱਖ ਜੁਝਾਰੂ ਸੂਰਬੀਰਾਂ ਦੀ ਪ੍ਰੰਪਰਾ ਦਾ ਪਾਲਣ ਕਰਦੇ ਹੋਏ ਆਖ਼ਰੀ ਗੋਲੀ ਤੇ ਆਖ਼ਰੀ ਸੁਆਸ ਤੱਕ ਲੜਾਈ ਕੀਤੀ। ਇਨ੍ਹਾਂ ਹੀ ਕਾਰਨਾਂ ਕਰਕੇ ਆਦਮੀ, ਔਰਤਾਂ ਤੇ ਬੱਚੇ ਜੋ ਕਿ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ, ਨੇ ਵੀ ਇਸ ਦੀ ਪਵਿੱਤਰਤਾ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਦੀ ਬਾਜ਼ੀ ਲਗਾ ਦਿੱਤੀ।"

'ਪਦਮ ਸ਼੍ਰੀ' ਵਾਪਸ ਕਰਨ ਵੇਲੇ ਭਗਤ ਪੂਰਨ ਸਿੰਘ ਜੀ ਨੇ ਆਖਿਆ ਸੀ ਮੈਂ ਜਲਦੀ ਨਹੀਂ ਕੀਤੀ, ਬੜੇ ਧੀਰਜ ਤੋਂ ਕੰਮ ਲਿਆ ਹੈ

(ਭਗਤ ਪੂਰਨ ਸਿੰਘ ਜੀ ਜਿਨ੍ਹਾਂ ਨੂੰ ਭਾਰਤੀ ਸਰਕਾਰ ਦੇ ਰਾਸ਼ਟਰਪਤੀ ਵਲੋਂ 'ਪਦਮ ਸ਼੍ਰੀ' ਦੇ ਸਨਮਾਨ ਨਾਲ ਨਿਵਾਜਿਆ ਸੀ ਉਹਨਾਂ ਨੇ ਜੂਨ 1984 ਦੇ ਘੱਲੂਘਾਰੇ ਦੇ ਪ੍ਰਤੀਕਰਮ ਵਜੋਂ ਆਪਣਾ ਸਨਮਾਨ ਪੱਤਰ ਵਾਪਿਸ ਕਰਦੇ ਹੋਏ ਰਾਸ਼ਟਰਪਤੀ ਨੂੰ ਹੇਠ ਲਿਖਿਆ ਪੱਤਰ ਲਿਖਿਆ)

ਸੇਵਾ ਵਿਖੇ,

ਰਾਸ਼ਟਰਪਤੀ ਭਾਰਤ,
ਰਾਸ਼ਟਰਪਤੀ ਭਵਨ,
ਦਿੱਲੀ।

ਵਿਸ਼ਾ: ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਹੋਈ ਇਨਸਾਨੀਅਤ ਤੋਂ ਗਿਰੀ ਫ਼ੌਜੀ ਕਾਰਵਾਈ ਵਿਰੁੱਧ ਰੋਸ ਵਜੋਂ 'ਪਦਮ ਸ਼੍ਰੀ' ਦੀ ਵਾਪਸੀ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਦਰਬਾਰ ਸਾਹਿਬ ਦੇ ਅੰਦਰ ਫ਼ੌਜ ਨੂੰ ਕਾਰਵਾਈ ਲਈ ਭੇਜਿਆ ਜਾਣਾ ਕਿੰਨੇ ਹੀ ਦੁਖਦਾਈ ਨਤੀਜੇ ਪੈਦਾ ਕਰ ਚੁੱਕਾ ਹੈ। ਉਸ ਫ਼ੌਜੀ ਕਾਰਵਾਈ ਦੇ ਨਤੀਜਿਆਂ ਤੋਂ ਸਿੱਖ ਜਗਤ ਤੜਫ ਉਠਿਆ ਹੈ। ਇਸ ਘਟਨਾ ਦਾ ਜੋ ਦੁਖਦਾਈ ਅਸਰ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ 'ਤੇ ਪਿਆ ਹੈ ਉਹ ਆਪ ਨੇ ਦੇਖ ਹੀ ਲਿਆ ਹੈ। ਫ਼ੌਜੀਆਂ ਹੱਥੋਂ ਬਹੁਤ ਘਟਨਾਵਾਂ ਅਜਿਹੀਆਂ ਵਾਪਰੀਆਂ ਹਨ ਜਿਨ੍ਹਾਂ ਦਾ ਆਪ ਜੀ ਨੂੰ ਪਤਾ ਨਹੀਂ ਹੋ ਸਕਦਾ, ਜੋ ਮੈਨੂੰ ਲੋਕਾਂ ਨੇ ਸੁਣਾਈਆਂ ਹਨ ਤੇ ਮੈਂ ਉਨ੍ਹਾਂ ਦੀ ਪੜਤਾਲ ਮਿਤੀ 9-9-84 ਤਕ ਕਰਦਾ ਰਿਹਾ ਹਾਂ। ਮੈਂ ਜਲਦੀ ਨਹੀਂ ਕੀਤੀ ਤੇ ਬੜੇ ਧੀਰਜ ਤੋਂ ਕੰਮ ਲਿਆ ਹੈ। ਉਨ੍ਹਾਂ ਵਿੱਚੋਂ ਮੈਂ ਕੁਝ ਘਟਨਾਵਾਂ ਬਿਆਨ ਕਰਦਾ ਹਾਂ:

1. ਸ੍ਰੀ ਦਰਬਾਰ ਸਾਹਿਬ ਦੇ ਇਕ ਗ੍ਰੰਥੀ ਸਿੰਘ ਨੂੰ ਫ਼ੌਜੀ ਸਿਪਾਹੀ ਪਰਿਵਾਰ ਸਮੇਤ ਗ੍ਰਿਫ਼ਤਾਰ ਕਰਕੇ ਲੈ ਗਏ ਅਤੇ ਉਸ ਪਰਿਵਾਰ ਨੂੰ ਉਨ੍ਹਾਂ ਨੇ ਸਾਰਾ ਦਿਨ ਭੁੱਖਾ ਪਿਆਸਾ ਰੱਖਿਆ। ਗ੍ਰੰਥੀ ਸਿੰਘ ਦੇ ਹੱਥਾਂ 'ਤੇ ਬੰਦੂਕ ਦੇ ਬੱਟ ਮਾਰ ਕੇ ਫ਼ੌਜੀਆਂ ਨੇ ਉਸ ਦੀ ਮਾਰ-ਕੁਟਾਈ ਕੀਤੀ। ਸ੍ਰੀ ਦਰਬਾਰ ਸਾਹਿਬ ਦੇ ਇਕ ਹੋਰ ਗ੍ਰੰਥੀ ਦੇ ਬੱਟ ਮਾਰੇ ਅਤੇ ਉਸ ਦੇ ਹੱਥਾਂ ਨੂੰ ਸੋਜਾਂ ਚਾੜ੍ਹੀਆਂ।

2. ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਆਈਆਂ ਸੰਗਤਾਂ, ਇਸਤਰੀਆਂ, ਮਰਦਾਂ ਅਤੇ ਬੱਚਿਆਂ 'ਤੇ ਇਸ ਤਰ੍ਹਾਂ ਗੋਲੀ ਚਲਾਈ ਜਾਂਦੀ ਰਹੀ ਹੈ, ਜਿਸ ਤਰ੍ਹਾਂ ਜ਼ਹਿਰੀਲੀ ਦਵਾਈ ਦੀ ਪਿਚਕਾਰੀ ਨਾਲ ਮੱਛਰ ਮਾਰੀਦਾ ਹੈ।
3. ਜਿਹੜੇ ਯਾਤਰੀ ਸ੍ਰੀ ਦਰਬਾਰ ਸਾਹਿਬ ਤੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਮੰਗਲਵਾਰ ਨੂੰ 12 ਵਜੇ ਕੈਦ ਕੀਤੇ ਗਏ ਸਨ, ਉਨ੍ਹਾਂ ਨੂੰ ਪਾਣੀ ਨਾ ਦਿੱਤਾ ਗਿਆ। ਉਨ੍ਹਾਂ ਨੂੰ ਬੁੱਧਵਾਰ 30 ਘੰਟਿਆਂ ਪਿੱਛੋਂ ਸਿੱਖ ਫ਼ੌਜੀਆਂ ਨੇ ਪਾਣੀ ਦਿੱਤਾ। ਬੱਚਿਆਂ ਦੀਆਂ ਪਿਆਸ ਨਾਲ ਅੱਖਾਂ ਬਾਹਰ ਨਿਕਲ ਰਹੀਆਂ ਸਨ। ਬੀਬੀਆਂ ਨੇ ਆਪਣੇ ਪਸੀਨੇ ਪੂੰਝ ਕੇ ਬੱਚਿਆਂ ਦੇ ਮੂੰਹ ਗਿੱਲੇ ਕੀਤੇ। ਜੇ ਬੀਬੀਆਂ ਬੱਚਿਆਂ ਲਈ ਪਾਣੀ ਮੰਗਦੀਆਂ ਤਾਂ ਫ਼ੌਜੀ ਕਹਿੰਦੇ ਸਨ ਕਿ ਇਹ ਵੱਡੇ ਹੋ ਕੇ ਸਾਨੂੰ ਜਾਨੋਂ ਮਾਰਨਗੇ, ਇਸ ਲਈ ਅਸੀਂ ਇਨ੍ਹਾਂ ਨੂੰ ਪਾਣੀ ਕਿਉਂ ਦੇਈਏ? ਮੰਗਲਵਾਰ ਵਾਲੇ ਦਿਨ ਬੱਚਿਆਂ ਨੂੰ ਵੀ ਜਿਹੜਾ ਥੋੜ੍ਹਾ ਜਿਹਾ ਪਾਣੀ ਫ਼ੌਜੀਆਂ ਨੇ ਦਿੱਤਾ ਸੀ, ਉਸ ਵਿੱਚ ਉਨ੍ਹਾਂ ਨੇ ਸਿਗਰਟਾਂ ਦਾ ਪਾਣੀ ਘੋਲ ਕੇ ਕਿਹਾ ਕਿ ਇਹ ਤੁਹਾਡੇ ਗੁਰੂ ਦਾ ਪ੍ਰਸ਼ਾਦ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਫ਼ੌਜੀਆਂ ਨੇ ਸਿਗਰਟਾਂ ਪੀਤੀਆਂ ਅਤੇ ਸਿਗਰਟਾਂ ਦਾ ਧੂੰਆਂ ਸਿੱਖਾਂ ਵੱਲ ਛੱਡਦੇ ਰਹੇ। ਜਿਹੜਾ ਸਲੂਕ ਫ਼ੌਜੀ ਕਾਰਵਾਈ ਦੇ ਨਾਮ 'ਤੇ ਸਿੱਖਾਂ ਨਾਲ ਹੋਇਆ ਉਸਨੇ ਸਿੱਖ ਜਗਤ ਦੇ ਹਿਰਦਿਆਂ 'ਤੇ ਭਾਰੀ ਸੱਟ ਮਾਰੀ ਹੈ। ਦਰਬਾਰ ਸਾਹਿਬ ਵਿੱਚੋਂ ਫੜੇ ਯਾਤਰੂ ਜਵਾਨ ਮੁੰਡਿਆਂ ਦੇ ਹੱਥ ਉਨ੍ਹਾਂ ਦੀਆਂ ਪੱਗਾਂ ਨਾਲ ਬੰਨ੍ਹੇ ਗਏ ਅਤੇ ਉਨ੍ਹਾਂ ਦੇ ਕੇਸ ਖੋਲ੍ਹ ਕੇ ਉਨ੍ਹਾਂ ਦੀਆਂ ਅੱਖਾਂ ਦੁਆਲੇ ਲਪੇਟ ਕੇ ਉਨ੍ਹਾਂ ਨੂੰ ਗਰਮ ਫਰਸ਼ 'ਤੇ ਗੋਡਿਆਂ ਭਾਰ ਚੱਲਣ ਲਈ ਮਜਬੂਰ ਕੀਤਾ ਗਿਆ। ਮੁੰਡਿਆਂ ਨੂੰ ਪਿੱਛੋਂ ਬੰਨ੍ਹ ਕੇ ਮੱਥੇ ਵਿੱਚ ਗੋਲੀਆਂ ਮਾਰ ਕੇ ਮਾਰਿਆ ਗਿਆ।
4. ਪਹਿਲੀ ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਸੀ.ਆਰ.ਪੀ. ਨੇ ਗੋਲੀ ਚਲਾਉਣੀ ਆਰੰਭ ਕਰ ਦਿੱਤੀ ਸੀ। ਪਹਿਲੀ ਜੂਨ ਫ਼ੌਜਾਂ ਦੇ ਆਉਣ ਤੋਂ ਪਹਿਲਾਂ ਸੀ.ਆਰ.ਪੀ. ਵੱਲੋਂ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਨੂੰ ਗੋਲੀ ਮਾਰ ਦਿੱਤੀ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ। ਸੱਚੀਆਂ ਵਾਰਦਾਤਾਂ ਹੋਣ ਪਿੱਛੋਂ ਸਿੱਖ ਰੈਂਫਰੈਂਸ ਲਾਇਬ੍ਰੇਰੀ ਅਤੇ ਸਿੱਖ ਅਜਾਇਬ ਘਰ ਮਿੱਥ ਕੇ ਵੈਰ ਭਾਵਨਾ ਨਾਲ ਸਾੜ ਦਿੱਤੇ। 3 ਜੂਨ, 1984 ਵਾਲੇ ਦਿਨ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਪੀਲੀਆਂ ਪੱਗਾਂ ਤੇ ਕ੍ਰਿਪਾਨਾਂ ਲਾਹੁਣ ਲਈ ਕਿਹਾ, ਪਰ ਉਨ੍ਹਾਂ ਕ੍ਰਿਪਾਨਾਂ ਲਾਹੁਣ ਤੋਂ ਇਨਕਾਰ ਕਰ ਦਿੱਤਾ। ਉਸੇ ਵੇਲੇ ਫ਼ੌਜੀਆਂ ਨੇ ਉਨ੍ਹਾਂ ਨੂੰ ਗੋਲੀਆਂ ਨਾਲ ਮਾਰ ਦਿੱਤਾ ਕਿਉਂਕਿ ਉਹਨਾਂ ਨੇ ਕ੍ਰਿਪਾਨ ਲਾਹੁਣ ਤੋਂ ਇਨਕਾਰ ਕੀਤਾ ਸੀ। ਇਕ ਸਿੰਘ ਕਿੱਤਿਆਂ (ਅੰਮ੍ਰਿਤਸਰ ਦਾ ਇਕ ਇਲਾਕਾ) ਵਿੱਚ ਆਪਣੇ ਮਕਾਨ ਦੀ ਛੱਤ 'ਤੇ ਖੜਾ ਸੀ। ਉਸ ਨੂੰ ਫ਼ੌਜੀਆਂ ਨੇ ਇਸ ਲਈ ਗੋਲੀ ਮਾਰ

ਦਿੱਤੀ, ਕਿਉਂਕਿ ਉਸ ਨੇ ਪੀਲੀ ਪੱਗ ਬੰਨ੍ਹੀ ਹੋਈ ਸੀ।

5. ਤਿੰਨ ਜੁਲਾਈ ਵਾਲੇ ਦਿਨ ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ ਦੇ ਡਾਕਟਰ ਕਿਚਲੂ ਵਾਲੇ ਗੋਲ ਚੱਕਰ ਦੇ ਲਾਗੇ ਇਕ ਕਾਲੀ ਪੱਗ ਤੇ ਕ੍ਰਿਪਾਨ ਵਾਲਾ 25 ਕੁ ਸਾਲਾਂ ਦੀ ਉਮਰ ਵਾਲਾ ਸਿੰਘ ਜਾ ਰਿਹਾ ਸੀ। ਇਕ ਪਾਸੇ ਤੋਂ ਫ਼ੌਜੀਆਂ ਦੀ ਜੀਪ ਆ ਗਈ। ਉਸ ਪਾਸੋਂ ਕੁਝ ਨਹੀਂ ਨਿਕਲਿਆ ਸੀ ਪਰ ਫਿਰ ਵੀ ਉਸ ਦੀ ਕੁੱਟਮਾਰ ਕੀਤੀ ਗਈ।

6. ਜਿਸ ਵੇਲੇ ਫ਼ੌਜੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚੋਂ ਗ੍ਰਿਫ਼ਤਾਰ ਕਰਨ ਗਏ ਤਾਂ ਇਕ ਫ਼ੌਜੀ ਸਿਗਰਟ ਪੀ ਰਿਹਾ ਸੀ। ਸਰਦਾਰ ਟੌਹੜਾ ਨੇ ਉਸ ਨੂੰ ਕਿਹਾ ਕਿ ਤੂੰ ਸਿਗਰਟ ਨਾ ਪੀ, ਉਸ ਫ਼ੌਜੀ ਨੇ ਕਿਹਾ ਕਿ ਚੱਲ ਉਏ ਬੁੱਢੇ, ਚੁੱਪ ਕਰ।

7. ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿੱਚ ਸਾਰੇ ਸੇਵਾਦਾਰ ਕੱਢ ਕੇ ਸਰੋਵਰ ਦੀ ਪ੍ਰਕਰਮਾ ਵਿੱਚ ਧੁੱਪ ਵਿੱਚ ਮੂਧੇ ਲੰਮੇ ਪਾਏ ਗਏ ਜਿਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਉਨ੍ਹਾਂ ਵਿੱਚੋਂ ਇਕ ਮਰ ਗਿਆ। ਪਿੰਡਾਂ ਵਿੱਚੋਂ ਉਹ ਮੁੰਡੇ ਕੱਢ ਕੇ ਬਾਹਰ ਲਿਆਂਦੇ ਗਏ, ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਸੀ ਤੇ ਉਨ੍ਹਾਂ ਨੂੰ ਬਹੁਤ ਕੁੱਟਿਆ ਗਿਆ।

8. ਮੈਂ ਇਹ ਕਹਿਣ ਲਈ ਮਜਬੂਰ ਹਾਂ ਕਿ ਫ਼ੌਜ ਨੇ ਇਖ਼ਲਾਕੀ ਗਿਰਾਵਟ ਦਾ ਸਬੂਤ ਦਿੱਤਾ ਹੈ ਤੇ ਵੈਰ ਭਾਵਨਾ ਨਾਲ ਇਸ ਤਰ੍ਹਾਂ ਕਾਰਵਾਈ ਕੀਤੀ ਹੈ ਕਿ ਫ਼ੌਜੀ ਐਕਸ਼ਨ ਤੋਂ ਪਿੱਛੋਂ ਪਿੰਡਾਂ ਵਿੱਚ ਨੌਜਵਾਨਾਂ ਨੂੰ ਤੰਗ ਕੀਤਾ ਜਾਂਦਾ ਰਿਹਾ ਹੈ। ਉਪਰੋਕਤ ਅਸਲੀਅਤ ਤੋਂ ਇਲਾਵਾ ਕੁਝ ਐਸੀਆਂ ਸ਼ਰਮਨਾਕ ਘਟਨਾਵਾਂ ਬਾਰੇ ਜਾਣਕਾਰੀ ਮਿਲੀ ਹੈ, ਜਿਨ੍ਹਾਂ ਨੂੰ ਲਿਖਣ ਲਈ ਤਹਿਜ਼ੀਬ ਆਗਿਆ ਨਹੀਂ ਦਿੰਦੀ। ਮੈਂ ਅਜਿਹੇ ਹਾਲਾਤ ਦੇਖ ਸੁਣ ਕੇ ਚੁਪ ਨਹੀਂ ਰਹਿ ਸਕਦਾ ਅਤੇ ਆਪਣਾ 'ਪਦਮ ਸ਼੍ਰੀ' ਵਾਪਸ ਕਰਦਾ ਹਾਂ।

ਪੂਰਨ ਸਿੰਘ

ਇਤਿਹਾਸ ਦੇ ਬੇਨਜ਼ੀਰ ਨਾਇਕ

ਮੁਲਾਕਾਤ ਸਵ: ਸ: ਹਰਿੰਦਰ ਸਿੰਘ ਮਹਿਬੂਬ

('ਸਹਿਜੇ ਰਚਿਓ ਖ਼ਾਲਸਾ', 'ਝਨਾਂ ਦੀ ਰਾਤ' ਅਤੇ 'ਇਲਾਹੀ ਨਦਰ ਦੇ ਪੈਂਡੇ' ਦੇ ਉਘੇ ਲੇਖਕ ਸ. ਹਰਿੰਦਰ ਸਿੰਘ ਮਹਿਬੂਬ ਨੇ ਵਰਤਮਾਨ ਸਿੱਖ ਸੰਘਰਸ਼ ਦੇ ਨਾਇਕ ਸੰਤ ਜਰਨੈਲ ਸਿੰਘ ਦੀ ਹਸਤੀ, ਪੰਥਕ ਜਜ਼ਬੇ, ਗੁਣਾਂ, ਕਾਰਨਾਮਿਆਂ ਅਤੇ ਕੁਰਬਾਨੀ ਨੂੰ ਆਪਣੀ ਤੇਜ਼ ਨਿਗ੍ਹਾ ਨਾਲ ਦਿਲ ਦੀਆਂ ਗਹਿਰਾਈਆਂ ਵਿੱਚੋਂ ਤੱਕਿਆ ਹੈ। ਉਹਨਾਂ ਨੇ ਸੰਤ ਜਰਨੈਲ ਸਿੰਘ ਬਾਰੇ ਜੋ ਵਿਚਾਰ ਪ੍ਰਗਟਾਏ ਉਹ ਸਿੱਖ ਇਤਿਹਾਸ ਦੀ ਪ੍ਰਮਾਣਤ ਗਵਾਹੀ ਹਨ, ਜੋ ਸੰਤਾਂ ਬਾਰੇ ਸਰਕਾਰ ਵੱਲੋਂ ਪਾਏ ਭਰਮ-ਭੁਲੇਖਿਆਂ ਨੂੰ ਦੂਰ ਕਰਕੇ ਲੋਕ ਮਨਾਂ ਨੂੰ ਉਹਨਾਂ ਦੀ ਸਹੀ ਤਸਵੀਰ ਦਿਖਾਉਣਗੇ—ਕਰਮਜੀਤ ਸਿੰਘ)

?. **ਮਹਿਬੂਬ ਜੀਓ ! 26 ਦਸੰਬਰ, 1999 ਨੂੰ ਚੰਡੀਗੜ੍ਹ ਵਿੱਚ ਹੋਏ ਸਿੱਖ ਕੌਮ ਦੇ ਇਕ ਅਹਿਮ ਸਮਾਰੋਹ ਵਿੱਚ ਤੁਸੀਂ ਵੀ ਸ਼ਾਮਿਲ ਹੋਏ ਸੀ। ਉਸ ਸਮਾਰੋਹ ਵਿੱਚ ਸੰਤ ਜਰਨੈਲ ਸਿੰਘ ਨੂੰ ਵੀਹਵੀਂ ਸਦੀ ਦੀ ਮਹਾਨਤਮ ਸਿੱਖ ਹਸਤੀ ਪ੍ਰਵਾਨ ਕੀਤਾ ਗਿਆ ਸੀ। ਜੇ ਮੈਂ ਗਲਤੀ ਤੇ ਨਹੀਂ ਕੀਤੀ ਤਾਂ ਤੁਸੀਂ ਉਸ ਇਤਿਹਾਸਕ ਦ੍ਰਿਸ਼ਟੀਕੋਣ ਨਾਲ ਸਹਿਮਤ ਸੀ?**

- ਜੀ ਹਾਂ। ਮੈਂ ਸਹਿਮਤ ਸਾਂ ਤੇ ਸਹਿਮਤ ਰਹਾਂਗਾ। ਉਹ ਨਿਰਾ ਇਤਿਹਾਸਕ ਦ੍ਰਿਸ਼ਟੀਕੋਣ ਹੀ ਨਹੀਂ ਸੀ, ਉਹ ਜਿਊਂਦੀ ਜਾਗਦੀ ਉਸ ਸਿੱਖ ਜ਼ਮੀਰ ਦੀ ਆਵਾਜ਼ ਸੀ, ਜਿਸ ਨੂੰ ਹਾਲੇ ਖ਼ਵਰੇ ਦੁਨਿਆਈ ਸੁਆਰਥਾਂ ਨੇ ਝੂਠ ਅਤੇ ਅਕਲ ਦੀਆਂ ਚਲਾਕੀਆਂ ਵਰਤ ਕੇ ਮੱਧਮ ਜਾਂ ਠੰਡਾ ਨਹੀਂ ਸੀ ਕੀਤਾ। ਜਸਟਿਸ ਅਜੀਤ ਸਿੰਘ ਬੈਂਸ, ਸ: ਗੁਰਤੇਜ ਸਿੰਘ, ਬੀਬੀ ਪਰਮਜੀਤ ਕੌਰ ਖਾਲੜਾ, ਡਾ. ਬਲਜੀਤ ਕੌਰ, ਡਾ: ਕੁਲਦੀਪ ਸਿੰਘ, ਡਾ: ਗੁਰਦਰਸ਼ਨ ਸਿੰਘ ਢਿੱਲੋਂ, ਜਨਰਲ ਨਰਿੰਦਰ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਬਾਬਾ ਸਰਬਜੋਤ ਸਿੰਘ ਬੇਦੀ ਅਤੇ ਸਿਮਰਨਜੀਤ ਸਿੰਘ ਮਾਨ ਵਰਗੇ ਵੱਖ-ਵੱਖ ਬੌਧਿਕ ਦਿਸ਼ਾਵਾਂ ਪੇਸ਼ ਕਰਦੇ ਸਿੱਖ ਦਾਨਿਸ਼ਵਰਾਂ, ਪੰਥਕ ਤਕਦੀਰ ਦੇ ਦਰਦਮੰਦਾਂ ਅਤੇ ਗੁਰਮੁਖ ਲਿਵ ਵਿੱਚ ਜਿਊਣ ਵਾਲੀਆਂ ਪੰਥਕ ਹਸਤੀਆਂ ਨੇ ਹਾਜ਼ਰ ਹੋ ਕੇ ਅਤੇ ਉਸ ਸਮੇਂ ਜੇਲ੍ਹ ਵਿੱਚ ਨਜ਼ਰਬੰਦ ਭਾਈ ਦਲਜੀਤ ਸਿੰਘ ਬਿੱਟੂ ਅਤੇ ਹੋਰ ਬਹੁਤ ਸਾਰਿਆਂ ਨੇ ਸੰਦੇਸ਼ਾਂ ਰਾਹੀਂ ਕਿਹਾ ਕਿ ਅਸੀਂ ਇਸ ਇਤਿਹਾਸਕ ਦ੍ਰਿਸ਼ਟੀਕੋਣ ਨਾਲ ਸਹਿਮਤੀ ਪ੍ਰਗਟਾਉਂਦੇ ਹਾਂ। ਇਹ

ਇਕ ਆਪ-ਮੁਹਾਰੀ ਆਤਮਿਕ ਆਵਾਜ਼ ਸੀ। ਮੇਰਾ ਲਹੂ, ਮੇਰੀ ਜ਼ਮੀਰ ਅਤੇ ਮੇਰੀ ਚੇਤਨਤਾ ਵੀ ਇਸ ਅਵਾਜ਼ ਤੋਂ ਵੱਖ ਨਹੀਂ ਸਨ।

?. **ਮਹਿਬੂਬ ਜੀ! ਇਕ ਸ਼ੰਕਾ ਹੈ। ਵੀਹਵੀਂ ਸਦੀ ਵਿੱਚ ਸੰਤ ਅਤਰ ਸਿੰਘ ਮਸਤੂਆਣਾ, ਮਾਸਟਰ ਤਾਰਾ ਸਿੰਘ, ਬਾਬਾ ਖੜਕ ਸਿੰਘ, ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ ਅਤੇ ਜਲ੍ਹਿਆਂ ਵਾਲੇ ਬਾਗ਼, ਪੰਜਾ ਸਾਹਿਬ, ਨਨਕਾਣਾ ਸਾਹਿਬ ਅਤੇ ਸ਼ਹੀਦਾਂ ਦੇ ਹੁੰਦਿਆਂ ਸੰਤ ਜਰਨੈਲ ਸਿੰਘ ਨੂੰ ਵੀਹਵੀਂ ਸਦੀ ਦਾ ਸਰਬੋਤਮ ਖ਼ਾਲਸਾ ਕਿਸ ਤ੍ਰਰਕ ਅਧੀਨ ਮੰਨੀਏ?**

- ਪਿਆਰੇ ਜੀਉ! ਤੁਹਾਡੇ ਸਵਾਲ ਦੇ ਉੱਤਰ ਵਿੱਚ ਆਪਣੇ ਵੱਲੋਂ ਕੁਝ ਕਹਿਣ ਤੋਂ ਪਹਿਲਾਂ ਮੈਂ ਸ਼ਹੀਦ ਜਨਰਲ ਸ਼ੁਬੇਗ ਸਿੰਘ ਅਤੇ ਸ਼੍ਰੋਮਣੀ ਸਮਕਾਲੀ ਕਵੀ ਡਾ: ਹਰਭਜਨ ਸਿੰਘ ਦਿੱਲੀ ਹੁਰਾਂ ਦੇ ਦੋ ਪ੍ਰਸਿੱਧ ਕਥਨ ਯਾਦ ਕਰਵਾਉਣਾ ਚਾਹੁੰਦਾ ਹਾਂ। ਜਨਰਲ ਸ਼ੁਬੇਗ ਸਿੰਘ ਨੇ ਤੀਸਰੇ ਵੱਡੇ ਘੱਲੂਘਾਰੇ—ਘੱਲੂਘਾਰਾ ਨੀਲਾ ਤਾਰਾ ਵਿਖੇ ਸ਼ਹੀਦੀ ਪਾਉਣ ਤੋਂ ਕੁਝ ਮਹੀਨੇ ਪਹਿਲਾਂ 'ਸਿੱਖ ਰਿਵਿਊ' ਵਿੱਚ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਸੰਤ ਜਰਨੈਲ ਸਿੰਘ ਖ਼ਾਲਸਾ ਪੰਥ ਦੇ ਸਭ ਤੋਂ ਵੱਡੇ ਸਿੱਖ ਹਨ ਅਤੇ ਡਾ: ਹਰਭਜਨ ਸਿੰਘ ਨੇ ਆਪਣੇ ਨਿਬੰਧ 'ਯੁੱਗ ਪੁਰਸ਼ ਸੰਤ ਜਰਨੈਲ ਸਿੰਘ' ਅੰਕ 84 ਵਿੱਚ ਇਹ ਗਵਾਹੀ ਦਿੱਤੀ ਸੀ ਕਿ ਸੰਤ ਜਰਨੈਲ ਸਿੰਘ ਜੀ ਏਨੇ ਨਿਰਮਲ ਸਨ ਕਿ ਉਹਨਾਂ ਕੋਲ ਬੈਠ ਕੇ ਹਰ ਆਦਮੀ ਆਪਣੇ ਆਪ ਨੂੰ ਮੈਲਾ-ਮੈਲਾ ਮਹਿਸੂਸ ਕਰਦਾ ਸੀ। ਫਿਰ 26 ਦਸੰਬਰ ਵਾਲੇ ਸਮਾਰੋਹ ਵਿੱਚ ਤਾਂ ਸਿਰਫ਼ ਵੀਹਵੀਂ ਸਦੀ ਦੇ ਮਹਾਨ ਸਿੱਖ ਦੀ ਹੀ ਗੱਲ ਚੱਲੀ ਸੀ।

?- **ਤੁਹਾਡੀ ਗੱਲ ਟੋਕਣ ਦੀ ਗੁਸਤਾਖੀ! ਬਹੁਤ ਲੋਕਾਂ ਦੀ ਰਾਇ ਵਿੱਚ ਜਨਰਲ ਸ਼ੁਬੇਗ ਸਿੰਘ ਨੂੰ ਹਿੰਦ ਸਰਕਾਰ ਨਾਲ ਬਹੁਤ ਸਾਰੀਆਂ ਜ਼ਾਤੀ ਰੰਜਸ਼ਾਂ ਸਨ, ਉਹਨਾਂ ਅਨੁਸਾਰ ਜਨਰਲ ਸਾਹਿਬ ਵੱਲੋਂ ਸੰਤ ਜਰਨੈਲ ਸਿੰਘ ਦੀ ਕੀਤੀ ਪ੍ਰਸੰਸਾ ਵਿੱਚ ਬਹੁਤਾ ਵਜ਼ਨ ਨਹੀਂ ਰਹਿੰਦਾ, ਭਾਵ ਉਹਨਾਂ ਦੀ ਟਿੱਪਣੀ ਪ੍ਰਮਾਣਿਕ ਸਾਰਥਿਕਤਾ ਨਹੀਂ ਰੱਖਦੀ ?**

- ਪਿਆਰੇ ਦੋਸਤ! ਕੈਸੀਆਂ ਗੱਲਾਂ ਕਰਦੇ ਹੋ। ਜਨਰਲ ਸ਼ੁਬੇਗ ਸਿੰਘ ਦੀ ਸ਼ਹਾਦਤ ਜ਼ਾਤੀ ਰੰਜਸ਼ਾਂ ਤੋਂ ਕਿਤੇ ਅੱਗੇ ਸੀ ਅਤੇ ਨਿਰਲੇਪ ਅਕਾਸ਼ਾਂ ਵਿੱਚ ਵਿਚਰਦੀ ਸੀ। ਜ਼ਾਤੀ ਰੰਜਸ਼ਾਂ ਵਿੱਚ ਘਿਰੇ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ, ਹਰਿਮੰਦਰ ਸਾਹਿਬ ਸਾਹਮਣੇ ਹੋਏ ਤੀਸਰੇ ਵੱਡੇ ਘੱਲੂਘਾਰੇ ਵਿੱਚ ਗੁਰਦਾਸ ਨੰਗਲ ਦੇ ਯੋਧੇ ਜੇਡੀ ਸੂਰਮਗਤੀ ਵਿਖਾ ਕੇ ਜਨਰਲ ਸ਼ੁਬੇਗ ਸਿੰਘ ਵਰਗੀ ਬੇਮਿਸਾਲ ਸ਼ਹਾਦਤ ਪ੍ਰਾਪਤ ਨਹੀਂ ਕਰਿਆ ਕਰਦੇ। ਕੀ ਉਸ ਦੀ ਸ਼ਹਾਦਤ ਵਿੱਚ ਸਟੈਂਇਕ ਫ਼ਿਲਾਸਫ਼ਰਾਂ ਵਰਗੀ ਸਬਰ ਸ਼ਾਂਤੀ ਅਤੇ ਸੁਕਰਾਤ ਵਰਗੀ ਅਗਾਧ ਅਤੇ ਮਿੱਠੀ ਚੁੱਪ ਨਹੀਂ ਸੀ? ਕੀ ਉਸ ਦੀ ਲੜੀ ਜੰਗ ਵਿੱਚ ਸ. ਸ਼ਾਮ ਸਿੰਘ ਅਟਾਰੀਵਾਲਾ ਦੇ ਹਾਣ ਦੀ ਸੂਰਮਗਤੀ ਪਰ ਉਸ ਨਾਲੋਂ ਕਿਤੇ ਵਧੇਰੇ ਪ੍ਰੌਢ ਨਿਪੁੰਨਤਾ, ਦੂਰ-ਦ੍ਰਿਸ਼ਟੀ, ਸਹੀ ਸੋਚ ਅਤੇ ਅਤਿ ਸੂਖ਼ਮ ਸੰਤੁਲਨ ਨਹੀਂ ਸਨ? ਜ਼ਾਤੀ ਰੰਜਸ਼ਾਂ ਦੀ ਪਕੜ ਵਿੱਚ ਆਏ ਲੋਕ ਅਜਿਹੀਆਂ ਉੱਚੀਆਂ ਚੋਟੀਆਂ ਨੂੰ ਨਹੀਂ ਸਰ ਕਰ ਸਕਦੇ। ਜਨਰਲ ਸ਼ੁਬੇਗ ਸਿੰਘ ਸਿੱਖ

ਇਤਿਹਾਸ ਦੀ ਮੂੰਹ ਜ਼ੋਰ ਕਾਂਗ ਦਾ ਚਿਰੰਜੀਵ ਨਾਇਕ ਹੈ, ਜਦੋਂ ਕਿ ਜਨਰਲ ਜਗਜੀਤ ਸਿੰਘ ਅਰੋੜਾ ਕਿਸੇ ਵੀ ਸ਼ਕਤੀਸ਼ਾਲੀ ਇਤਿਹਾਸ ਦਾ ਸ਼ਾਇਦ ਇਕ ਮਾਮੂਲੀ ਫੁੱਟ ਨੋਟ ਵੀ ਨਾ ਬਣ ਸਕੇ।

?- **ਖਿਮਾ ਕਰਨਾ, ਹੁਣ ਮੈਨੂੰ ਆਪਣੀ ਅਧੂਰੀ ਛੱਡੀ ਗੱਲ ਵੱਲ ਆਉਣ ਦੀ ਆਗਿਆ ਦਿਉ। ਤੁਹਾਡੀ ਜ਼ਮੀਰ, ਤੁਹਾਡੀ ਦਲੀਲ, ਤੁਹਾਡੇ ਗਿਆਨ ਅਤੇ ਤੁਹਾਡੇ ਅਨੁਭਵ ਦੇ ਮੁਤਾਬਕ ਦਰਜ਼ਨਾਂ ਮਹਾਂਪੁਰਸ਼ਾਂ ਦੇ ਹੁੰਦਿਆਂ ਸੰਤ ਜਰਨੈਲ ਸਿੰਘ ਵੀਹਵੀਂ ਸਦੀ ਦੇ ਸ਼੍ਰੋਮਣੀ ਖ਼ਾਲਸਾ ਜਾਂ ਮਹਾਂ ਮਾਨਵ ਕਿਵੇਂ ਹਨ?**

- ਮਿੱਤਰਾ! ਜੇ ਸੱਚ ਪੁੱਛੋਂ ਤਾਂ ਸਿੱਖ ਧਰਮ ਵਿਸ਼ਵ ਸੱਭਿਆਚਾਰਾਂ, ਕਲਾ, ਮਾਨਵਤਾ ਅਤੇ ਧਰਮਾਂ ਨੂੰ ਸਦੀਵੀ ਹੁਸਨ ਪ੍ਰਦਾਨ ਕਰਨ ਵਾਲਾ ਵਿਸ਼ਵ ਦਾ ਸਭ ਤੋਂ ਨਿਆਰਾ ਧਰਮ ਹੈ, ਪਰ ਇਸ ਦਾ ਜਨਮ ਅਜਿਹੇ ਨਾ-ਖੁਸ਼ਗਵਾਰ ਰਾਜਸੀ ਮਾਹੌਲ ਅਤੇ ਗਿਣਤੀ ਪੱਖੋਂ ਸ਼ਕਤੀਸ਼ਾਲੀ ਧਰਮਾਂ ਦੇ ਹਉਮੈਵਾਦੀ ਦੌਰ ਵਿੱਚ ਹੋਇਆ, ਜਦੋਂ ਰਾਜਸੀ ਸਵਾਰਥਾਂ ਅਤੇ ਮਜ਼ਹਬੀ ਹੰਕਾਰ ਨੇ ਖ਼ੂਨੀ ਕ੍ਰੋਧ ਵਿੱਚ ਇਸ ਦੀ ਹੋਂਦ ਨੂੰ ਹੀ ਮਿਟਾਉਣ ਲਈ ਆਪਣੀਆਂ ਈਰਖਾਲੂ ਸਾਜ਼ਿਸ਼ਾਂ ਅਤੇ ਲਸ਼ਕਰਾਂ ਨੂੰ ਲਾਮਬੰਦ ਕੀਤਾ। ਵਿਰੋਧੀ ਸ਼ਕਤੀਆਂ ਪੰਜ ਸਦੀਆਂ ਤੋਂ ਹੀ ਇਸਦੀ ਹੋਂਦ ਦੇ ਨਿਆਰੇਪਣ ਨਾਲ ਵੈਰ ਕਮਾ ਰਹੀਆਂ ਹਨ, ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਇਹੋ ਨਿਆਰਾਪਣ ਇਸ ਦੀ ਰੀੜ੍ਹ ਦੀ ਹੱਡੀ ਹੈ। ਪਿਛਲੀਆਂ ਸਦੀਆਂ ਵਿੱਚ ਸਿੱਖ ਧਰਮ ਨੇ ਆਪਣੀ ਹੋਂਦ ਦੇ ਨਿਆਰੇਪਣ ਨੂੰ ਕਾਇਮ ਰੱਖਣ ਦੇ ਲਈ ਸੈਂਕੜੇ ਸੰਘਰਸ਼ ਲੜੇ, ਕਿਉਂਕਿ ਇਕ ਸਿਦਕ ਉਸਦੇ ਲਹੂ ਅਤੇ ਜ਼ਮੀਰ ਦਾ ਅਨਿੱਖੜਵਾਂ ਅੰਗ ਹੈ, ਜਿਸ ਅਨੁਸਾਰ ਮਾਨਵਤਾ ਦੇ ਹਕੀਕੀ ਰੂਪ, ਉਸਦੀ ਆਤਮਿਕ ਗਹਿਰਾਈ ਅਤੇ ਸਾਬਤ ਮਨੁੱਖ ਦੇ ਸੰਕਲਪ ਦੀ ਸਲਾਮਤੀ ਲਈ ਸਿੱਖ ਧਰਮ ਦਾ ਭਰਪੂਰ ਅਤੇ ਬੇਦਾਗ਼ ਸ਼ਕਲ ਵਿੱਚ ਜਿਉਂਦੇ ਰਹਿਣਾ ਬਹੁਤ ਜ਼ਰੂਰੀ ਹੈ। ਸੋ ਸਿੱਖ ਹੋਂਦ ਦੀ ਪਹਿਰੇਦਾਰੀ ਦੇ ਰੂਹਾਨੀ ਮਿਆਰਾਂ ਅਨੁਸਾਰ ਹੀ ਸਿੱਖ ਸਾਈਕੀ ਨੇ ਆਪਣੇ ਮਹਾਂ ਮਾਨਵ ਦੀ ਚੋਣ ਕਰਨੀ ਹੈ। ਦੋਸਤਾ, ਸੁਣ ਮੇਰੀ ਗੱਲ ਧਿਆਨ ਨਾਲ, ਭਈ ਭਾਵੇਂ ਹਮਲਿਆਂ ਦੀ ਸ਼ਿਦਤ ਅਤੇ ਅਕਲ ਦੀਆਂ ਚਲਾਕੀਆਂ ਸਮੇਂ ਸਮੇਂ ਸ਼ਕਲਾਂ ਬਦਲਦੀਆਂ ਰਹੀਆਂ, ਪਰ ਇਕ ਗੱਲ ਪੱਕੀ ਹੈ ਕਿ ਸਿੱਖ ਰਾਜ ਦਾ ਸੂਰਜ ਡੁੱਬਣ ਪਿੱਛੋਂ ਦੇ ਪਹਿਲੇ ਤੀਹ ਵਰ੍ਹੇ, ਆਜ਼ਾਦੀ ਦੀ ਜਦੋ-ਜਹਿਦ ਦੌਰਾਨ ਅਤੇ ਆਜ਼ਾਦ ਹਿੰਦੁਸਤਾਨ ਵਿੱਚ ਸਿੱਖ ਇਤਿਹਾਸ , ਗੁਰੂ ਗ੍ਰੰਥ ਸਾਹਿਬ, ਖ਼ਾਲਸੇ ਦੀ ਵੱਖਰੀ ਪਹਿਚਾਣ ਅਤੇ ਉਸਦੇ ਧਰਮ ਅਸਥਾਨਾਂ ਦੀ ਆਤਮਿਕ ਉੱਚਤਾ ਨੂੰ ਖੋਰਣ ਲਈ, ਗੰਧਲਾਉਣ ਲਈ ਅਤੇ ਉਸ ਦੇ ਮਾਣ, ਸ਼ਾਨ ਅਤੇ ਯਕੀਨ ਨੂੰ ਜੜੋਂ ਉਖਾੜਨ ਲਈ, ਵਿਰੋਧੀਆਂ ਵੱਲੋਂ ਭਿਅੰਕਰ ਯੋਜਨਾਬੰਧ ਸਾਜ਼ਿਸ਼ਾਂ ਗੁੰਦੀਆਂ ਗਈਆਂ। ਮਹੀਨ ਕੂਟਨੀਤੀ ਦੇ ਹਥਿਆਰ ਵਰਤ ਕੇ ਮਾਸੂਮ ਅਤੇ ਨਿਰਛਲ ਖ਼ਾਲਸਾ ਜੀ ਨੂੰ ਲਾਰਿਆਂ, ਵਕਤੀ ਅਤੇ ਸ਼ੋਹਰਤਾਂ ਅਤੇ ਝੂਠੇ ਵਾਅਦਿਆਂ ਵਿੱਚ ਉਲਝਾਇਆ ਗਿਆ। ਜਦੋਂ ਹਿੰਦੁਸਤਾਨ ਦੀ ਬਹੁਗਿਣਤੀ ਜ਼ਮਹੂਰੀਅਤ ਦਾ ਲਿਬਾਸ ਪਹਿਨ ਕੇ ਸਾਡੀ ਆਤਮਾ ਅਤੇ ਸਰੀਰਾਂ ਦੀ ਆਜ਼ਾਦੀ

ਨੂੰ ਚੱਕਰਵਿਊ ਵਿੱਚ ਘੇਰ ਕੇ ਸਾਨੂੰ ਸਾਹ-ਸੱਤਹੀਣ ਕਰਨ ਦੀ ਹੱਦ ਤੱਕ ਲੈ ਗਈ ਤਾਂ ਵੀਹਵੀਂ ਸਦੀ ਦੇ ਮਹਾਨਤਮ ਸਿੰਘ, ਸੰਤ ਜਰਨੈਲ ਸਿੰਘ ਨੇ ਸਾਨੂੰ ਇਸ ਤਰ੍ਹਾਂ ਜਗਾਇਆ ਜਿਵੇਂ ਪਹਿਲਾਂ ਕਿਸੇ ਨੇ ਨਹੀਂ ਸੀ ਜਗਾਇਆ। ਰੂਹ ਦੀਆਂ ਗਹਿਰ ਗੰਭੀਰ ਤੈਹਾਂ ਤੱਕ ਸਾਨੂੰ ਸੰਤਾਂ ਨੇ ਇਬਲੀਸ ਦੀਆਂ ਚਾਲਾਂ ਤੋਂ ਖ਼ਬਰਦਾਰ ਕੀਤਾ ਤੇ ਸਾਨੂੰ ਭਵਿੱਖ ਦੇ ਹਰ ਮੋੜ 'ਤੇ ਡੂੰਘੇ ਅਨੁਭਵ ਤੱਕ ਪਹਿਰੇਦਾਰੀ ਦੇ ਹਰ ਨਿਯਮ ਤੇ ਵਿਧੀ ਤੋਂ ਜਾਣੂ ਕਰਵਾਇਆ। ਫ਼ੌਜੀ ਜਰਨੈਲਾਂ, ਸਿਆਸਤਦਾਨਾਂ, ਸਾਹਿਤਕਾਰਾਂ, ਚਿੰਤਕਾਂ, ਗਿਆਨੀਆਂ ਅਤੇ ਸੰਤ ਮਸਤੂਆਣਾ ਨਾਲੋਂ ਸੰਤ ਜਰਨੈਲ ਸਿੰਘ ਦੀ ਜ਼ਮੀਰ, ਬਿਬੇਕ ਅਤੇ ਅੰਦਾਜ਼ ਵਿੱਚ ਵਡੇਰਾ ਬਲ ਸੀ।

?. **ਸੰਤ ਜੀ ਦੇ ਬਲ ਦਾ ਪੰਥ ਲਈ ਉਸਾਰੂ ਅਤੇ ਕਲਿਆਣਕਾਰੀ ਪੱਖ ਕਿਹੜਾ ਸੀ? ਇਸ ਦੇ ਕੁਝ ਠੋਸ ਅਤੇ ਨਿਸਚਿਤ ਸੰਕੇਤ ਤਾਂ ਦਿਓ?**

- ਵਾਹ ਜੀ ਵਾਹ! ਕੀ ਪੰਥ ਦੀ ਜਾਗ੍ਰਿਤੀ ਨੂੰ ਉਸ ਦੀ ਉਚਾਈ ਤੱਕ ਲੈ ਜਾਣਾ, ਜਿੱਥੋਂ ਉਸ ਨੂੰ ਆਪਣੀ ਹੋਂਦ ਦੇ ਮਿਟਣ ਦਾ ਹਰ ਖਤਰਾ ਦਿਸੇ, ਉਹਨਾਂ ਦੇ ਕੰਮ ਅਤੇ ਕੁਰਬਾਨੀ ਦਾ ਉਸਾਰੂ ਪੱਖ ਨਹੀਂ? ਫਿਰ ਵੀ ਮੈਂ ਤੁਹਾਡੀ ਇੱਛਾ ਜਾਂ ਮੰਗ ਦਾ ਸਤਿਕਾਰ ਕਰਦਾ ਹੋਇਆ ਆਪਣੀ ਦਲੀਲ ਨੂੰ ਹੋਰ ਸਪੱਸ਼ਟ ਕਰਦਾ ਹਾਂ। ਸੰਤ ਜੀ ਦਾ ਮਿਸ਼ਨ ਪੰਥ ਨੂੰ ਉਹਨਾਂ ਖਤਰਿਆਂ ਤੋਂ ਜਾਣੂ ਕਰਾਉਣਾ ਸੀ, ਜਿਹੜੇ ਸਰਬਨਾਸ਼ ਦਾ ਰੂਪ ਧਾਰ ਕੇ ਉਸ ਦੇ ਸਿਰ 'ਤੇ ਮੰਡਰਾ ਰਹੇ ਸਨ। ਅੰਤ ਵਿੱਚ ਇਸ ਦਾ ਸਾਬਤ ਪ੍ਰਮਾਣ ਦੇਣ ਲਈ ਆਪਣਾ ਵਿਸ਼ੇਸ਼ ਆਸਣ ਚੁਣਿਆ, ਜਿਸ ਦੀ ਪਵਿੱਤਰਤਾ ਨੂੰ ਧਰਮ ਨਿਰਪੱਖਤਾ ਦੇ ਨਾਂਅ ਤੇ ਰਾਜਸੀ ਕੂਟਨੀਤੀ ਵੀ ਭੰਗ ਨਾ ਕਰਨ ਦਾ ਨਾਟਕ ਰਚਾ ਰਹੀ ਸੀ। ਵਕਤ ਦੀ ਸਰਕਾਰ ਨੇ ਖ਼ਾਲਸੇ ਦੇ ਸਵੈਮਾਣ ਨੂੰ ਹਮੇਸ਼ਾਂ ਲਈ ਤੋੜ ਦੇਣ ਲਈ ਹਰਿਮੰਦਰ ਸਾਹਿਬ ਦੁਆਲੇ, ਤੀਸਰਾ ਵੱਡਾ ਘੱਲੂਘਾਰਾ ਵਰਤਾਇਆ। ਸੰਤ ਜੀ ਅਤੇ ਉਹਨਾਂ ਦੇ ਮੁੱਠੀ ਭਰ ਸੂਰਮੇ ਸਾਥੀ ਭਾਰਤ ਦੀ ਆਧੁਨਿਕ ਸ਼ਕਤੀਸ਼ਾਲੀ ਫ਼ੌਜ ਨਾਲ ਲੜਦੇ ਹੋਏ ਸ਼ਹੀਦੀਆਂ ਪਾ ਗਏ। ਪਿਆਰੇ ਜੀਉ, ਗੱਲ ਇਥੇ ਹੀ ਨਹੀਂ ਮੁੱਕ ਜਾਂਦੀ। ਇਹ ਠੀਕ ਹੈ ਕਿ ਸੰਤ ਜੀ ਨੇ ਪੰਥ ਲਈ ਕੋਈ ਠੋਸ ਅਤੇ ਪ੍ਰਤੱਖ ਦੁਨਿਆਵੀ ਪ੍ਰਾਪਤੀ ਨਹੀਂ ਕੀਤੀ, ਕੋਈ ਰਾਜ ਭਾਗ ਨਹੀਂ ਲਿਆ ਅਤੇ ਨਾ ਤੀਸਰੇ ਘੱਲੂਘਾਰੇ ਵਿੱਚ ਉਹਨਾਂ ਦੀ ਰਣਨੀਤੀ ਨੂੰ ਕਿਸੇ ਕਬਜ਼ੇ ਦੀ ਸ਼ਕਲ ਵਿੱਚ ਕੋਈ ਸੰਸਾਰਕ ਜਿੱਤ ਹੀ ਨਸੀਬ ਹੋਈ, ਪਰ ਉਹਨਾਂ ਦੇ ਨਿਰਸਵਾਰਥ ਅਮਲ ਨੇ ਪੰਥ ਲਈ ਇਲਾਹੀ ਗਗਨ ਦਮਾਮੇ ਵਰਗੀ ਮਿਸਾਲ ਅਤੇ ਸ਼ਹੀਦਾਂ ਦੇ ਖ਼ੂਨ ਦੇ ਦਰਿਆ ਵਰਗਾ ਜਿਉਂਦਾ ਜਾਗਦਾ ਵਿਰਾਟ ਪ੍ਰਤੀਕ ਸਿਰਜ ਕੇ ਵਿਖਾ ਦਿੱਤਾ। ਇਸ ਬਹੁ-ਅਰਥੀ ਸੰਦਰਭ ਵਿੱਚ ਉਹਨਾਂ ਨੇ ਖ਼ਾਲਸੇ ਦਾ ਆਪਣੀ ਮੌਲਿਕ ਹੋਂਦ ਵਿੱਚ ਇਸ਼ਕ, ਉਸ ਨੂੰ ਸਾਂਭਣ ਦੀ ਅਝੁਕ ਦ੍ਰਿੜ੍ਹਤਾ ਅਤੇ ਬੇਇਨਸਾਫ਼ੀ ਵਿਰੁੱਧ ਸਦੀਵੀ ਰੋਸ ਦੇ ਸੱਚ ਨੂੰ ਸਾਬਤ ਕਰਨ ਦਾ ਚਮਤਕਾਰ ਕਰ ਵਿਖਾਇਆ। ਸੰਸਾਰ ਦੇ ਸਭ ਮਹਾਂਪੁਰਸ਼ ਆਪਣੇ ਅਮਲ ਦੀਆਂ ਮਿਸਾਲਾਂ ਨੂੰ ਇਕ ਅਸੀਮ ਚਿਤਰਪਟ 'ਤੇ ਖੜੀਆਂ ਕਰ ਦਿੰਦੇ ਹਨ। ਉਹ ਮਿਸਾਲਾਂ ਸੰਸਾਰਕ ਪੱਖੋਂ ਛੋਟੀਆਂ

ਵੀ ਨਜ਼ਰ ਆ ਸਕਦੀਆਂ ਹਨ, ਪਰ ਲਘੂ ਹੋਂਦ ਦੇ ਬਾਵਜੂਦ ਉਹ ਮਿਸਾਲਾਂ ਆਪਣੇ ਅਸੀਮ ਚਿਤਰਪਟ ਨਾਲ ਜੋੜੀਆ ਹੋਣ ਕਾਰਨ, ਆਪਣੇ ਪ੍ਰੈਕਟੀਕਲ ਅਰਥਾਂ ਵਿੱਚ ਸਦੀਵੀ ਤੌਰ 'ਤੇ ਪ੍ਰਚੰਡ ਪ੍ਰੇਰਣਾ ਨਾਲ ਭਰਪੂਰ ਰਹਿੰਦੀਆਂ ਹਨ। ਮੈਂ ਤੀਸਰੇ ਘੱਲੂਘਾਰੇ ਦੇ ਮਹਾਂਨਾਇਕ ਦੀ ਮਹਾਨਤਾ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਪ੍ਰਮਾਣਿਕ ਮੰਨਦਾ ਹਾਂ।

?- **ਮਹਿਬੂਬ ਜੀ ! ਰਾਜਸੀ ਟਿੱਪਣੀਕਾਰ ਸੰਤ ਜੀ 'ਤੇ ਦੋਸ਼ ਲਗਾਉਂਦੇ ਹਨ ਕਿ ਉਹਨਾਂ ਨੇ ਕਿੰਨਿਆਂ ਹੀ ਮੌਕਿਆਂ 'ਤੇ ਕਾਂਗਰਸ ਦਾ ਸਾਥ ਦਿੱਤਾ। ਰਾਜ ਕਰ ਰਹੇ ਅਕਾਲੀ ਤਾਂ ਬਹੁਤ ਵਾਰ ਉਹਨਾਂ ਨੂੰ ਕਾਂਗਰਸ ਦਾ ਏਜੰਟ ਵੀ ਕਹਿ ਦਿੰਦੇ ਹਨ। ਇਸ ਬਾਰੇ ਤੁਹਾਡਾ ਠੋਸ, ਨਿਰਪੱਖ ਤੇ ਨਿਰਲੇਪ ਪ੍ਰਤੀਕਰਮ ਕੀ ਹੈ?**

- ਵੀਰ ਜੀ! ਕਿਸੇ ਵੀ ਮਹਾਂਮਾਨਵ ਦੀ ਅਮਲੀ ਇਕਾਗਰਤਾ ਦਾ ਕੇਂਦਰ ਉਸ ਦਾ ਨਾ ਡੁੱਬਣ ਵਾਲਾ ਆਦਰਸ਼ ਹੁੰਦਾ ਹੈ ਜਿਸ ਦੀ ਹਰ ਹਾਲਤ ਵਿੱਚ ਕੀਤੀ ਜਾਣ ਵਾਲੀ ਪਰੀਪੂਰਣਤਾ ਲਈ ਉਸ ਨੇ ਜ਼ਿੰਦਗੀ ਨਾਲ ਵਕਤੀ ਲਗਾਵ ਕਾਇਮ ਕਰਨੇ ਹੀ ਹੁੰਦੇ ਹਨ। ਇਹਨਾਂ ਥੋੜ੍ਹ-ਚਿਰੇ ਸੰਪਰਕਾਂ ਨਾਲ ਮਹਾਂਮਾਨਵ ਅਨਿੱਜੀ ਲੋੜ ਅਨੁਸਾਰ ਮੁਲਾਕਾਤ ਕਰਦਾ ਹੈ, ਪਰ ਉਹ ਆਪਣੇ ਆਦਰਸ਼ ਦੀ ਨਿਰਮਲਤਾ ਨੂੰ ਨਹੀਂ ਭੁੱਲਦਾ, ਜਿਸ ਦੀ ਤੂਫ਼ਾਨੀ ਰਫ਼ਤਾਰ ਅੱਗੇ ਖ਼ੂਬਸੂਰਤ ਗਰਜਦੇ ਮੀਹਾਂ ਤੱਕ ਥੋੜ੍ਹ-ਚਿਰੇ ਲਗਾਵ ਧੂੜ ਵਾਂਗ ਉੱਡਦੇ ਹੀ ਰਹਿੰਦੇ ਹਨ। ਸੰਤ ਜੀ ਰੂਹਾਨੀ ਤ੍ਰਿਖਾ ਅਧੀਨ ਆਪਣੇ ਆਦਰਸ਼ ਲਈ ਲੜੇ, ਰਾਹ ਵਿੱਚ ਜੀਵਨ ਦੇ ਭਿੰਨ-ਭਿੰਨ ਅਦਾਰਿਆਂ ਨਾਲ ਵਕਤੀ ਰਿਸ਼ਤੇ ਬਣੇ, ਪਰ ਉਹਨਾਂ ਨੇ ਆਪਣੇ ਨਿਗਾਹ ਨੂੰ ਅਰੁਕ ਵਹਿਣ ਤੋਂ ਲਾਂਭੇ ਨਾ ਕੀਤਾ। ਜਿੰਨਾ ਚਿਰ ਕਿਸੇ ਵਿੱਚ ਵਫ਼ਾ ਦੀ ਸੁਚਤਾ ਨਹੀਂ, ਉਨਾ ਚਿਰ ਲਘੂ ਸਾਥ ਨੂੰ ਵੀ ਸੰਤ ਜੀ ਨੇ ਪ੍ਰਵਾਨਗੀ ਦਿੱਤੀ। ਜੇ ਗਿਆਨੀ ਜ਼ੈਲ ਸਿੰਘ ਨੂੰ ਸੰਤ ਪੈਦਾ ਕਰਨ ਦਾ ਭੁਲੇਖਾ ਸੀ ਤੇ ਜੇ ਸ਼ਾਸਕ ਅਕਾਲੀ ਸੰਤ ਜੀ 'ਤੇ ਕਾਂਗਰਸੀ ਪੱਖੀ ਹੋਣ ਦਾ ਚਿੱਕੜ ਸੁੱਟ ਕੇ ਘੋਰ ਈਰਖਾ ਵੱਸ ਆਪਣੀ ਆਤਮਿਕ ਗਰੀਬੀ ਛੁਪਾਉਣਾ ਚਾਹੁੰਦੇ ਹਨ ਜਾਂ ਆਪਣੀ ਸੁਆਰਥ ਪੂਰਤੀ ਲਈ ਅਗਿਆਨ ਦਾ ਲੜ ਨਹੀਂ ਛੱਡਣਾ ਚਾਹੁੰਦੇ ਤਾਂ ਪੰਥ ਦੇ ਦਰਦੀਆਂ ਦਾ ਕੀ ਕਸੂਰ ਹੈ?

?- **ਉਸ ਦੀ ਸ਼ਹਾਦਤ ਅਤੇ ਸਿੱਖਾਂ ਨੂੰ ਜਗਾਉਣ ਲਈ ਉਸ ਵੱਲੋਂ ਨਿਭਾਏ ਗਏ ਰੋਲ ਨੂੰ ਤੁਸੀਂ ਇਤਿਹਾਸ ਵਿੱਚ ਕੀ ਸਥਾਨ ਦਿੰਦੇ ਹੋ?**

- ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਤ ਜਰਨੈਲ ਸਿੰਘ ਸਿੱਖ ਇਤਿਹਾਸ ਦੇ ਬੇਨਜ਼ੀਰ ਨਾਇਕ ਹਨ। ਉਹਨਾਂ ਦੀ ਇਤਿਹਾਸਕ ਮਹਾਨਤਾ ਨੂੰ ਸਮਝਣ ਲਈ ਸਾਨੂੰ ਨੀਲਾ ਤਾਰਾ ਘੱਲੂਘਾਰਾ ਦੀ ਵਿਕਰਾਲ ਬਣਤਰ, ਭਿਅੰਕਰ ਰਫ਼ਤਾਰ, ਉਸ ਦੇ ਕੁਢੱਬੇ, ਕਠੋਰ ਫੈਲਾਓ ਅਤੇ ਉਸਦੀ ਸਮਾਪਤੀ ਪਿੱਛੋਂ ਧਾਰਮਿਕ ਬਹੁਗਿਣਤੀ ਦੇ ਖ਼ੂਨੀ ਪ੍ਰਤੀਕਰਮਾਂ 'ਤੇ ਨਿਗਾਹ ਮਾਰਨੀ ਪਵੇਗੀ। ਕਈ ਮਹੀਨੇ ਪਹਿਲਾਂ ਚਕਰਾਤਾ ਵਿਖੇ ਹਰਿਮੰਦਰ ਸਾਹਿਬ 'ਤੇ ਹੋਣ ਵਾਲੇ ਹਮਲੇ ਦੀਆਂ ਫ਼ੌਜੀ ਮਸ਼ਕਾਂ, ਗੈਰ ਰਾਜਸੀ ਲੋਕਾਂ ਦੇ ਕੁਦਰਤੀ ਇਕੱਠ ਸਮੇਂ ਹਮਲੇ ਲਈ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ

ਦਿਨ ਹੀ ਚੁਣਨਾ, ਰਾਜੀਵ ਗਾਂਧੀ ਦਾ ਸੰਤਾਂ ਨੂੰ ਨਿਰੋਲ ਧਾਰਮਿਕ ਵਿਅਕਤੀ ਕਹਿਣਾ, ਹਾਕਮਾਂ ਵੱਲੋਂ ਅਮਨ ਦੀਆਂ ਪੇਸ਼ਕਸ਼ਾਂ ਦੇ ਢੋਂਗ ਰਚਾਉਣੇ, ਆ ਰਹੇ ਹਮਲੇ ਨੂੰ ਕੁਝ ਓਹਲੇ ਵਿੱਚ ਰੱਖ ਕੇ ਸਿੱਖਾਂ ਦੇ ਭਾਰੀ ਇਕੱਠ ਦੀ ਸਥਿਤੀ ਬਣਾਉਣੀ, ਫ਼ੌਜ ਦੇ ਘੇਰੇ ਪਿੱਛੋਂ ਗੁਰਪੁਰਬ 'ਤੇ ਆਏ ਮਾਸੂਮ ਬਾਲਾਂ, ਬਿਰਧਾਂ ਤੇ ਮੁਟਿਆਰਾਂ ਨੂੰ ਗੁਰਦੁਆਰੇ ਤੋਂ ਬਾਹਰ ਨਿਕਲਣ ਦਾ ਮੌਕਾ ਨਾ ਦੇਣਾ, ਫਿਰ ਇਹਨਾਂ ਮਾਸੂਮਾਂ ਦਾ ਫ਼ੌਜੀ ਜਿੱਤ ਪਿੱਛੋਂ ਹਲਾਕੂ ਤੇ ਹਿਟਲਰ ਦੇ ਜ਼ੁਲਮਾਂ ਦੀ ਯਾਦ ਕਰਵਾਉਂਦਾ ਕਤਲੇਆਮ ਅਤੇ ਇਸੇ ਹੀ ਲੜੀ ਵਿੱਚ ਕੁਝ ਮਹੀਨਿਆਂ ਪਿੱਛੋਂ ਦਿੱਲੀ ਤੇ ਹਿੰਦੁਸਤਾਨ ਦੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦੇ ਘਿਨਾਉਣੇ ਕਤਲ, ਹਿੰਦੂਤਵ ਦੀ ਉਹ ਖ਼ੂਨੀ ਤਸਵੀਰ ਬਣਾਉਂਦੇ ਹਨ, ਜਿਹੜੀ ਕਿਸੇ ਵੀ ਹੋਰ ਧਰਮ ਦੀ ਸੁਤੰਤਰ ਹਸਤੀ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਹੈਰਾਨੀ ਦੀ ਗੱਲ ਹੈ ਕਮਿਊਨਿਸਟ ਵੀ ਹਿੰਦੂਤਵ ਦੇ ਉਸ ਬੇਕਿਰਕ ਹਜ਼ੂਮ ਨਾਲੋਂ ਘੱਟੋ ਘੱਟ ਸੁਤੰਤਰ ਪਹਿਚਾਣ ਦੀ ਸਿੱਖ ਇੱਛਾ ਦੇ ਮਾਮਲੇ ਵਿੱਚ ਕਿਸੇ ਰੂਪ ਵਿੱਚ ਵੀ ਵੱਖ ਨਹੀਂ ਹਨ, ਜਿਹਨਾਂ ਨੇ ਧਾਰਮਿਕ ਸੁਤੰਤਰਤਾ ਲੋਚਦੇ ਸਿੱਖਾਂ ਦੇ ਕਤਲੇਆਮ ਵਿਰੁੱਧ ਕਦੇ ਵੀ ਹਿੰਦੁਸਤਾਨੀ ਪਾਰਲੀਮੈਂਟ ਵਿੱਚ ਨਿਸੰਗ ਦ੍ਰਿੜ੍ਹਤਾ ਵਾਲਾ ਰੋਸ ਨਹੀਂ ਪ੍ਰਗਟਾਇਆ। ਸੰਤ ਜੀ ਦੀ ਨਿਰਭੈ ਸ਼ਖਸੀਅਤ ਨੂੰ ਸਮਝਣ ਲਈ ਹਰ ਨਿਰਪੱਖ ਇਤਿਹਾਸਕਾਰ ਨੂੰ ਹੁਣ ਦੱਸੇ ਵਹਿਸ਼ੀਪਨ ਦੇ ਬ੍ਰਾਹਮਣਵਾਦੀ ਪਿਛੋਕੜ ਨੂੰ ਇਕ ਦਿਨ ਬਿਆਨ ਕਰਨਾ ਹੀ ਪਵੇਗਾ। ਇਤਿਹਾਸਕ ਵਿਸ਼ਲੇਸ਼ਣ ਦੀ ਮਨੋਵਿਗਿਆਨਕ ਸੂਖਮਤਾ ਦਰਸਾਉਂਦੀ ਹੈ ਕਿ ਹਿੰਦੂਤਵ ਦੀ ਦੈਨਿਕ ਸ਼ਕਤੀ ਇਹ ਦੇਖ ਕੇ ਭੈਅਭੀਤ ਹੋ ਗਈ ਹੈ ਕਿ ਕੋਈ ਬੰਦਾ ਆਪਣੀ ਜੁਝਾਰੂ ਹਮਖਿਆਲਾ ਨਾਲ ਹਿੰਦ ਵਿੱਚ ਵੱਸਦਾ ਹੈ, ਜਿਸ ਨੂੰ ਆਪਣੇ ਧਰਮ ਦੀ ਸਦੀਵੀ ਸੁਤੰਤਰਤਾ ਨਾਲ ਅਥੁਕ ਇਸ਼ਕ ਹੈ। ਜਿਹੜਾ ਸਦੀਵੀ ਧਾਰਮਿਕ ਸੁਤੰਤਰਤਾ ਤੋਂ ਘੱਟ ਕਿਸੇ ਸਮਝੌਤੇ ਨੂੰ ਪ੍ਰਵਾਨ ਨਹੀ ਕਰਦਾ, ਜਿਸ ਨੂੰ ਸ਼ੁਹਰਤ ਅਤੇ ਦੌਲਤ ਦੇ ਕਿਸੇ ਵੀ ਜਾਲ ਵਿੱਚ ਫਸਾਇਆ ਨਹੀਂ ਜਾ ਸਕਦਾ। ਸੋ ਬ੍ਰਾਹਮਣਵਾਦੀ ਈਗੋ, ਉਸ ਦੀ ਈਰਖ਼ਾਲੂ ਅੱਖ ਅਤੇ ਉਸ ਦੀ ਆਜ਼ਾਦ ਧਰਮਾਂ ਪ੍ਰਤੀ ਘ੍ਰਿਣਾ ਲਈ ਸੰਤ ਜੀ ਦੀ ਹੋਂਦ ਅਸਹਿ ਨਸੂਰ ਬਣੇਗੀ। ਹਿੰਦੂਤਵ ਲਈ ਸੰਤ ਜੀ ਕੇਵਲ ਇਕ ਵਿਅਕਤੀ ਹੀ ਨਹੀਂ ਸਨ, ਸਗੋਂ ਉਹ ਹਿੰਦੁਸਤਾਨ ਵਿੱਚ ਵਿਚਰਦੇ ਇਕ ਨਿਆਰੇ ਧਰਮ ਦੀ ਅਡੋਲ ਸੋਚ ਸਨ ਅਤੇ ਇਕ ਤਰ੍ਹਾਂ ਨਾਲ ਸਾਕਾਰ ਰੂਪ ਵਿੱਚ ਖ਼ਾਲਸਾ ਇਤਿਹਾਸ ਸਨ। ਸੋ ਇਸ ਲਈ ਉਹਨਾਂ ਦੀ ਅੜੀ ਨੂੰ ਤੋੜਨਾ ਜ਼ਰੂਰੀ ਸੀ। ਇੰਝ ਨੀਲਾ ਤਾਰਾ ਘੱਲੂਘਾਰਾ ਦੇ ਕਠੋਰ, ਬੇਢੱਬੇ ਅਤੇ ਬੇਵਫਾ ਸਰੂਪ ਦੀ ਉਤਪਤੀ ਅਤੇ ਫੈਲਾਓ ਦੀ ਇਤਿਹਾਸਕ ਦਲੀਲ ਸਮਝ ਪੈਂਦੀ ਹੈ। ਜਦੋਂ ਅਜਿਹੇ ਪਿਛੋਕੜ ਵਿੱਚ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਵਸ 'ਤੇ ਤੀਜਾ ਵੱਡਾ ਘੱਲੂਘਾਰਾ ਵਾਪਰਦਾ ਹੈ ਤਾਂ ਇਤਿਹਾਸਕ ਸਥਿਤੀ ਦੇ ਨਾਲ ਉਹ ਕਾਵਿਮਈ ਸੁਹਜ ਵੀ ਉਭਰਦਾ ਹੈ, ਜਿਹੜਾ ਗੁਰੂ ਤੱਤੀਆਂ ਤਵੀਆਂ 'ਤੇ ਭਾਣੇ ਨੂੰ ਮਿੱਠਾ ਮੰਨ ਕੇ ਮੁਸਕਰਾਉਂਦਾ ਰਿਹਾ, ਪੌਣੀਆਂ ਚਾਰ ਸਦੀਆਂ ਪਿੱਛੋਂ

ਉਸੇ ਰੱਬੀ ਜੋਤ ਦੇ ਇਕ ਸਿੱਖ ਨੇ ਮੁੱਠੀ ਭਰ ਸਿੰਘਾਂ ਦੀ ਮਦਦ ਨਾਲ ਆਧੁਨਿਕ ਹਥਿਆਰਾਂ ਨਾਲ ਲੈਸ ਭਾਰੀ ਲਸ਼ਕਰਾਂ ਨੂੰ ਅਕਾਲ ਤਖ਼ਤ ਸਾਹਿਬ ਦੀਆਂ ਬਰੂਹਾਂ 'ਤੇ ਅੱਠ ਪਹਿਰ ਤੱਕ ਡੱਕ ਕੇ ਸਹੀਦਾਂ ਤੇ ਸਿਰਤਾਜ ਦੇ ਮਹਾਂਕਾਵ ਨੂੰ ਆਪਣੀ ਸ਼ਹੀਦੀ ਰਾਹੀਂ ਦਰਸਾਇਆ ਕਿ ਚਮਕੌਰ ਦੀ ਜੰਗ ਦਾ ਇਕ ਰੂਪ ਇਹ ਵੀ ਹੈ, ਜੇ ਬਾਬਾ ਦੀਪ ਸਿੰਘ ਤੇ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹੀਦੀ ਦੇ ਜਲਾਲ ਨੂੰ ਇਕ ਰੂਪ ਵਿੱਚ ਲਈਏ ਤਾਂ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਦਾ ਰਹੱਸ ਇਤਿਹਾਸ ਦੀ ਪਕੜ ਵਿੱਚ ਆਉਂਦਾ ਹੈ।

?- **ਸੰਤ ਜਰਨੈਲ ਸਿੰਘ ਨੇ ਮੌਜੂਦਾ ਰਾਜਨੀਤਕ ਢਾਂਚੇ ਨੂੰ ਵੱਡੇ ਝਟਕੇ ਹੀ ਦਿੱਤੇ ਹਨ ਜਾਂ ਉਸ ਨੂੰ ਜਰਜਰਾ ਵੀ ਕੀਤਾ ਹੈ? ਉਸ ਦੇ ਇਸ ਰੋਲ ਨੂੰ ਇਤਿਹਾਸ ਕਿਵੇਂ ਵੇਖੇਗਾ?**

- ਵੀਰ ਕਰਮਜੀਤ! ਹਿੰਦੁਸਤਾਨ ਦਾ ਰਾਜਨੀਤਕ ਢਾਂਚਾ ਜਰਜਰਾ ਤਾਂ ਪਹਿਲਾਂ ਹੀ ਸੀ, ਨਿਰਾਧ ਚੌਧਰੀ ਵਰਗਿਆਂ ਨੇ ਇਸ ਦੀਆਂ ਸੰਚਾਲਕ ਇਖ਼ਲਾਕੀ ਕੀਮਤਾਂ ਦੇ ਖੋਖਲੇਪਨ ਦਾ ਦਾਰਸ਼ਨਿਕ ਚਿੱਤਰ ਤਾਂ ਪਹਿਲਾਂ ਹੀ ਉਲੀਕ ਦਿੱਤਾ ਸੀ। ਸੰਤ ਜਰਨੈਲ ਸਿੰਘ ਨੇ ਅੰਤਮ ਤੌਰ 'ਤੇ ਆਪਣੀ ਦੇਹ, ਜਾਨ ਤੇ ਰੂਪ ਵਿੱਚੋਂ ਲੰਘਾਏ ਬੇਦਾਗ ਅਮਲ ਰਾਹੀਂ ਇਸ ਤਲਖ ਹਕੀਕਤ ਨੂੰ ਸਦਾ ਲਈ ਸ਼ੰਕਾ ਰਹਿਤ ਦਰਸਾ ਦਿੱਤਾ ਕਿ ਹਿੰਦੁਸਤਾਨ ਦੀ ਜਮਹੂਰੀਅਤ ਅਸਲ ਵਿੱਚ ਇਹ ਅਸਹਿਣਸ਼ੀਲ ਧਾਰਮਿਕ ਬਹੁਗਿਣਤੀ ਦੀ ਜਮਹੂਰੀਅਤ ਹੈ, ਜਿਸ ਵਿੱਚ ਧਰਮਾਂ ਦੀਆਂ ਸਵੈ-ਨਿਰਭਰ ਨਿੱਕੀਆਂ ਇਕਾਈਆਂ ਦੀ ਖ਼ੁਦਦਾਰੀ ਲਈ ਅਧੀਨਗੀ ਮੰਨਣ ਜਾਂ ਬੇਰਹਿਮੀ ਜਰਨ ਤੋਂ ਬਿਨਾਂ ਉਦੋਂ ਤੱਕ ਕੋਈ ਚਾਰਾ ਨਹੀਂ, ਜਦੋਂ ਤੱਕ ਇਸ ਦੇ ਵਿਧਾਨ ਨੂੰ ਮਾਨਵ ਸੁਤੰਤਰਤਾ ਦੀਆਂ ਠੋਸ ਸੰਵੇਦਨਸ਼ੀਲ ਅਤੇ ਕੌਮਾਂਤਰੀ ਕੀਮਤਾਂ ਵਿੱਚ ਢਾਲ ਕੇ ਸਰਬ ਪ੍ਰਵਾਣਿਤ ਨਹੀਂ ਬਣਾਇਆ ਜਾਂਦਾ। ਉਹਨਾਂ ਨੇ ਹਿੰਦੁਸਤਾਨ ਦੀ ਕਹਿਣੀ ਅਤੇ ਕਰਨੀ ਦੇ ਫ਼ਰਕ ਨੂੰ ਫਾਸ਼ ਕੀਤਾ, ਜਿਹੜਾ ਕਿ ਪਹਿਲੀ ਨਜ਼ਰੇ ਇਕ ਸਧਾਰਨ ਜਿਹਾ ਫ਼ਾਰਮੂਲਾ ਜਾਪਦਾ ਹੈ, ਪਰ ਜਿਸਦੀ ਪ੍ਰੈਕਟੀਕਲ ਪਾਲਣਾ ਖੰਡੇ ਦੀ ਤਿੱਖੀ ਧਾਰ 'ਤੇ ਤੁਰਨ ਦੇ ਬਰਾਬਰ ਹੈ। ਹਿੰਦੁਸਤਾਨ ਦੇ ਆਧੁਨਿਕ ਸ਼ਾਸਕ ਵਰਗ ਦੀ ਕਹਿਣੀ ਇਕ ਅਪਕੜ ਗੋਰਖਧੰਦਾ ਹੈ। ਇਸ ਰਾਜਨੀਤਕ ਕਹਿਣੀ ਦੇ ਹਰ ਸਾਹ ਵਿੱਚ ਕੌਟਲਯ ਦੇ ਅਰਥ-ਸ਼ਾਸਤਰ ਦੀ ਸ਼ਾਮ, ਦਾਮ ਅਤੇ ਦੰਡ ਦੇ ਫਰੇਬੀ ਫ਼ਾਰਮੂਲੇ ਵਿੱਚ ਪਰੁੱਚੀ ਬਰੀਕ ਮੌਕਾਪ੍ਰਸਤੀ ਸਮਾਈ ਹੋਈ ਹੈ, ਇਸ ਮੌਕਾ ਪ੍ਰਸਤੀ ਨੇ ਤਰ੍ਹਾਂ-ਤਰ੍ਹਾਂ ਦੇ ਅਧਿਆਤਮਿਕ, ਪੌਰਾਣਿਕ, ਦਾਰਸ਼ਨਿਕ ਅਤੇ ਕਾਵਿਕ ਗ੍ਰੰਥਾਂ ਦੇ ਕਥਨਾਂ ਨਾਲ ਆਪਣੇ ਆਪ ਨੂੰ ਢਾਲਿਆ ਅਤੇ ਸ਼ਿੰਗਾਰਿਆ ਹੋਇਆ ਹੈ। ਇਹ ਰਾਜਨੀਤਕ ਕਹਿਣੀ ਬੜੀ ਪੇਚੀਦਾ ਹੈ। ਇਸ ਦੇ ਪਦਾਰਥਿਕ ਮੰਡਲਾਂ ਵਿੱਚ ਆਤਮਿਕ ਕਥਨਾਂ ਦੀ ਭਰਮਾਰ ਹੈ। ਇਹ ਕਹਿਣੀ ਆਪਣੇ ਹਉਮੈ ਦੇ ਸੁਤੰਤਰ ਧਰਮਾਂ ਦੀ ਗੁਲਾਮੀ ਨਾਲ ਜੁੜੇ ਗੁਪਤ ਮਨੋਰਥਾਂ ਨੂੰ ਜਾਦੂਗਰ ਵਾਲੀ ਚਮਤਕਾਰੀ ਸਫ਼ਾਈ ਨਾਲ ਆਪਣੀ ਸਵਾਰਥੀ ਕਰਨੀ ਵਿੱਚ ਤਬਦੀਲ ਕਰਦੀ ਹੈ ਅਤੇ ਇਹ ਭਾਣਾ ਵਰਤਾਅ ਕੇ ਆਪਣੇ ਸ਼ਿਕਾਰ ਨੂੰ ਮਿੱਤਰ ਰੂਪ ਵਿੱਚ ਪਲਟ

ਕੇ ਮੁੜ ਆਪਣੇ ਪਹਿਲੇ ਸਾਊ ਚਿਹਰੇ ਨੂੰ ਧਾਰਨ ਕਰ ਲੈਂਦੀ ਹੈ। ਸੰਤ ਜਰਨੈਲ ਸਿੰਘ ਨੇ ਆਪਣੀ ਜਾਨ ਦੀ ਕੀਮਤ ਦੇ ਕੇ ਇਸ ਚਲਾਕੀ ਦੇ ਪਰਦੇ ਨੂੰ ਲੀਰੋ ਲੀਰ ਕਰ ਦਿੱਤਾ। ਉਹਨਾਂ ਆਮ ਸਿੱਖ ਨੂੰ ਵੀ ਇਹ ਸਮਝਾ ਦਿੱਤਾ ਕਿ ਹਿੰਦੁਸਤਾਨ ਦੀ ਜਮਹੂਰੀਅਤ ਦੂਜੇ ਘੱਟ ਗਿਣਤੀ ਧਰਮਾਂ ਨੂੰ ਆਪਣੇ ਲਸ਼ਕਰਾਂ ਅਤੇ ਵਿਧਾਨਿਕ ਸ਼ਿਕੰਜਿਆਂ ਰਾਹੀਂ ਆਪਣੀ ਸਦੀਵੀ ਅਧੀਨਗੀ ਵਿੱਚ ਰੱਖ ਕੇ ਇਕ ਵਿਸ਼ੇਸ਼ ਮਾਰਗ 'ਤੇ ਚੱਲ ਰਹੀ ਧਾਰਮਿਕ ਬਹੁਗਿਣਤੀ ਦੀ ਸਰਦਾਰੀ ਕਾਇਮ ਕਰਨਾ ਚਾਹੁੰਦੀ ਹੈ। ਅਜਿਹਾ ਤਲਖ ਸੱਚ ਪ੍ਰਗਟ ਹੋਣ 'ਤੇ ਮੌਜੂਦਾ ਸਰਕਾਰ ਨੂੰ ਭੁਚਾਲ ਵਰਗੇ ਝਟਕੇ ਲੱਗੇ, ਕਿਉਂਕਿ ਉਸ ਦੇ ਛੁਪੇ ਫਰੇਬ ਦੇ ਸਾਹਮਣੇ ਆਉਣ 'ਤੇ ਉਸ ਨੇ ਵਕਤੀ ਸ਼ਰਮਿੰਦਗੀ ਵਿੱਚ ਇਹ ਜ਼ਰੂਰ ਮਹਿਸੂਸ ਕੀਤਾ ਕਿ ਗਿਣਤੀ ਵਿੱਚ ਘੱਟ ਹੋਣ ਦੇ ਬਾਵਜੂਦ ਸਵੈ-ਨਿਰਭਰ ਧਰਮਾਂ ਦੀ ਸੁਤੰਤਰਤਾ ਦੀ ਤਾਂਘ ਇਕ ਦਿਨ ਆਪਣਾ ਰਾਹ ਜ਼ਰੂਰ ਬਣਾ ਲਵੇਗੀ। ਅਜਿਹੀ ਪ੍ਰਾਪਤੀ ਲਈ ਅਸਲੀ ਇਤਿਹਾਸ ਸੰਤ ਜਰਨੈਲ ਸਿੰਘ ਨੂੰ ਅਣਡਿੱਠ ਨਹੀਂ ਕਰ ਸਕਦਾ।

ਘੱਲੂਘਾਰਾ ਜੂਨ 1984—ਕਰਣੀ ਦਾ ਫਲ

ਕਰਣੀ ਦਾ ਫਲ—ਇੰਦਰਾ ਕਤਲ ਕਾਂਡ

(ਮਨਿੰਦਰ ਸਿੰਘ 'ਬਾਜਾ' ਨੇ ਆਪਣੀ ਕਿਤਾਬ 'ਪੱਗ ਦੀ ਲਾਜ' ਵਿੱਚ ਜੂਨ 1984 ਦੀ ਦੋਸ਼ੀ ਬੀਬੀ ਇੰਦਰਾ ਗਾਂਧੀ ਨੂੰ ਖ਼ਾਲਸਾ ਪੰਥ ਵਲੋਂ ਫਲ ਭੁਗਤਾਉਣ ਦਾ ਬਹੁਤ ਹੀ ਵਿਸਥਾਰ ਵਿੱਚ ਜ਼ਿਕਰ ਕੀਤਾ ਹੈ।)

ਜੂਨ 1984 ਦੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ 40 ਹੋਰ ਗੁਰਦੁਆਰਿਆਂ ਉਪਰ ਭਾਰਤੀ ਫ਼ੌਜ ਵੱਲੋਂ ਟੈਂਕਾਂ, ਤੋਪਾਂ, ਮਸ਼ੀਨਗੰਨਾਂ ਨਾਲ ਕੀਤੇ ਵਹਿਸ਼ੀ ਹਮਲੇ ਅਤੇ ਹਜ਼ਾਰਾਂ ਸਿੱਖ ਨੌਜਵਾਨਾਂ, ਬੀਬੀਆਂ, ਬੱਚਿਆਂ ਅਤੇ ਬਜ਼ੁਰਗਾਂ ਦੇ ਬੇਰਹਿਮੀ ਨਾਲ ਕੀਤੇ ਕਤਲੇਆਮ ਤੋਂ ਬਾਅਦ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਲਾਹਕਾਰਾਂ ਨੇ ਉਸ ਨੂੰ ਸਲਾਹ ਦਿੱਤੀ ਕਿ ਹੁਣ ਸਿੱਖ ਅੰਗ-ਰੱਖਿਅਕਾਂ ਕੋਲੋਂ ਸੁਰੱਖਿਆ ਸੇਵਾਵਾਂ ਨਹੀਂ ਲੈਣੀਆਂ ਚਾਹੀਦੀਆਂ। ਕੋਈ ਵੀ ਸਿੱਖ ਜੂਨ 1984 ਦੀ ਫ਼ੌਜੀ ਕਾਰਵਾਈ ਦੇ ਬਦਲੇ ਵਜੋਂ ਪ੍ਰਧਾਨ ਮੰਤਰੀ ਨੂੰ ਆਪਣੇ ਗੁੱਸੇ ਤੇ ਰੋਹ ਦਾ ਨਿਸ਼ਾਨਾ ਬਣਾ ਸਕਦਾ ਹੈ, ਹਮਲਾ ਕਰ ਸਕਦਾ ਹੈ। ਇਸ ਯੋਜਨਾ ਉਤੇ ਅਮਲ ਕਰਦਿਆਂ ਪ੍ਰਧਾਨ ਮੰਤਰੀ ਦੇ ਉੱਚ ਸੁਰੱਖਿਆ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਦੀ ਗਾਰਦ ਵਿੱਚ ਸਿੱਖਾਂ ਨੂੰ ਸੁਰੱਖਿਆ ਸੇਵਾਵਾਂ ਤੋਂ ਲਾਭੇ ਕਰਨ ਬਾਰੇ ਕਿਹਾ। ਹੈਂਕੜ ਨਾਲ ਭਰੀ ਇੰਦਰਾ ਨੇ ਇਹਨਾਂ ਉੱਚ ਅਧਿਕਾਰੀਆਂ ਨੂੰ ਕਹਿ ਦਿੱਤਾ ਕਿ "ਮੈਨੂੰ ਕਿਸੇ ਵੀ ਸਿੱਖ ਤੋਂ ਕੋਈ ਡਰ ਨਹੀਂ, ਸਿੱਖ ਸੁਰੱਖਿਆ ਗਾਰਡਾਂ ਨੂੰ ਹਟਾਉਣ ਨਾਲ ਮੇਰੀ ਬਹਾਦਰੀ ਅਤੇ ਲੋਕਪ੍ਰਿਅਤਾ 'ਤੇ ਮਾੜਾ ਅਸਰ ਪੈਂਦਾ ਹੈ। ਕੋਈ ਵੀ ਸਿੱਖ ਮੇਰੇ ਵੱਲ ਝਾਕਣ ਤੋਂ ਪਹਿਲਾਂ ਇਕ ਨਹੀਂ, ਹਜ਼ਾਰ ਵਾਰ ਸੋਚੇਗਾ ਤੇ ਹੁਣ ਕੋਈ ਵੀ ਸਿੱਖ ਭਾਰਤ ਸਰਕਾਰ ਨਾਲ ਟੱਕਰ ਲੈਣ ਦੀ ਜ਼ੁਰਅੱਤ ਨਹੀਂ ਕਰ ਸਕਦਾ।"

ਇੰਦਰਾ ਗਾਂਧੀ ਦੀ ਸੁਰੱਖਿਆ ਦੇ ਮੱਦੇ-ਨਜ਼ਰ ਉਸ ਦੀਆਂ ਹਮਸ਼ਕਲ ਹੋਰ ਦੋ ਇੰਦਰਾ ਗਾਂਧੀ ਬਣਾਈਆਂ ਹੋਈਆਂ ਸਨ, ਜਿਨ੍ਹਾਂ ਦਾ ਚਿਹਰਾ, ਰੂਪ-ਰੰਗ, ਵਾਲਾਂ ਦਾ ਸਟਾਈਲ, ਹਰ ਤਰ੍ਹਾਂ ਦੀ ਐਕਟਿੰਗ ਇੰਦਰਾ ਗਾਂਧੀ ਵਾਲੀ ਹੀ ਸੀ। ਇਹ ਗੱਲ 15 ਅਗਸਤ, 1984 ਨੂੰ ਆਜ਼ਾਦੀ ਦਿਨ 'ਤੇ ਪ੍ਰਧਾਨ ਮੰਤਰੀ ਵੱਲੋਂ ਲਾਲ ਕਿਲ੍ਹੇ ਉਤੇ ਝੰਡਾ ਲਹਿਰਾਉਣ ਵੇਲੇ ਸਾਹਮਣੇ ਆਈ ਸੀ। ਜਦੋਂ ਪੂਰੀ ਤਰ੍ਹਾਂ ਸੁਰੱਖਿਆ ਗਾਰਡਾਂ ਨਾਲ ਲੈਸ ਕਾਰ 'ਚ ਸਵਾਰ ਇੰਦਰਾ ਲਾਲ ਕਿਲ੍ਹੇ ਅੰਦਰ ਦਾਖ਼ਲ ਹੋਈ, ਆਜ਼ਾਦੀ ਦਿਵਸ ਦੇ ਜਸ਼ਨ ਵੇਖਣ ਵਾਲਿਆਂ ਵੱਲੋਂ ਪ੍ਰਧਾਨ ਮੰਤਰੀ ਦਾ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਕੁਝ ਮਿੰਟਾਂ ਬਾਅਦ ਇਕ ਹੋਰ ਪ੍ਰਧਾਨ ਮੰਤਰੀ ਪਹਿਲੇ ਅੰਦਾਜ਼ ਵਿੱਚ ਹੀ ਲਾਲ ਕਿਲ੍ਹੇ ਅੰਦਰ ਦਾਖ਼ਲ ਹੋਈ

ਅਤੇ ਫਿਰ ਲੋਕ ਤੀਜੀ ਪ੍ਰਧਾਨ ਮੰਤਰੀ ਵੇਖ ਕੇ ਹੈਰਾਨ ਸਨ ਕਿ ਕੀ ਪਤਾ ਅਸਲੀ ਇੰਦਰਾ ਗਾਂਧੀ ਕਿਹੜੀ ਹੈ? ਲਾਲ ਕਿਲ੍ਹੇ ਦੀ ਸਟੇਜ ਦੇ ਪਿੱਛੇ ਤਿੰਨ ਇੰਦਰਾ ਪਰਦੇ ਪਿੱਛੇ ਇਕੱਠੀਆਂ ਹੋਈਆਂ ਤੇ ਇਨ੍ਹਾਂ ਵਿੱਚੋਂ ਇਕ ਹੀ ਇੰਦਰਾ ਗਾਂਧੀ ਨੇ ਆਜ਼ਾਦੀ ਦਿਹਾੜੇ 'ਤੇ ਲੋਕਾਂ ਨੂੰ ਸੰਬੋਧਿਤ ਕੀਤਾ ਅਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਨ ਦੀ ਵਧਾਈ ਦਿੱਤੀ, ਤੇ ਫਿਰ ਜਦੋਂ ਤਿੰਨੇ ਹੀ ਇੰਦਰਾ ਵਾਰੀ ਵਾਰੀ ਲਾਲ ਕਿਲ੍ਹੇ ਤੋਂ ਰਵਾਨਾ ਹੋਈਆਂ ਤਾਂ ਲੋਕ ਅੰਦਾਜ਼ੇ ਹੀ ਲਗਾਉਂਦੇ ਰਹਿ ਗਏ ਕਿ ਅਸਲ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਦੋਂ ਆਈ ਤੇ ਕਦੋਂ ਗਈ?

ਇੰਦਰਾ ਗਾਂਧੀ ਜਦ ਆਪਣੇ ਘਰ ਤੋਂ ਦਫ਼ਤਰ ਤੇ ਦਫ਼ਤਰ ਤੋਂ ਘਰ ਜਾਂਦੀ ਤਾਂ ਸੁਰੱਖਿਆ ਗਾਰਦ ਦਾ ਕੋਈ ਵੀ ਜਵਾਨ ਇੰਦਰਾ ਗਾਂਧੀ ਵੱਲ ਗ਼ੌਰ ਨਾਲ ਨਿਗ੍ਹਾ ਭਰ ਕੇ ਵੇਖ ਨਹੀਂ ਸੀ ਸਕਦਾ। ਜੇ ਕਿਸੇ ਤੋਂ ਅਜਿਹੀ ਗਲਤੀ ਹੋ ਜਾਂਦੀ ਤਾਂ ਉਸ ਨੂੰ ਪ੍ਰਧਾਨ ਮੰਤਰੀ ਦੇ ਦਫ਼ਤਰ ਵਿੱਚ ਤਲਬ ਕੀਤਾ ਜਾਂਦਾ ਤੇ ਇੰਦਰਾ ਗਾਂਧੀ ਵੱਲੋਂ ਬੇਇੱਜ਼ਤ ਕੀਤਾ ਜਾਂਦਾ, ਝਿੜਕਾਂ ਦਿੱਤੀਆਂ ਜਾਂਦੀਆਂ। ਗਲਤੀ ਕਰਨ ਵਾਲੇ ਨੂੰ ਮਾਫ਼ੀ ਮੰਗ ਕੇ ਖਹਿੜਾ ਛੁਡਾਉਣਾ ਪੈਂਦਾ ਸੀ।

ਇਸ ਮੁਲਾਕਾਤ ਦੌਰਾਨ ਬਾਪੂ ਤਰਲੋਕ ਸਿੰਘ ਨੇ ਸਤਵੰਤ ਸਿੰਘ ਨੂੰ ਪੁੱਛਿਆ ਕਿ ਕੁਝ ਅਖ਼ਬਾਰਾਂ/ਰਸਾਲਿਆਂ ਵਾਲੇ ਪੱਤਰਕਾਰ ਇਹ ਵੀ ਲਿਖ ਰਹੇ ਹਨ ਕਿ ਬੇਅੰਤ ਸਿੰਘ, ਸਤਵੰਤ ਸਿੰਘ ਤੋਂ ਇਲਾਵਾ ਇਕ ਤੀਜਾ ਹੋਰ ਵਿਅਕਤੀ ਇੰਦਰਾ 'ਤੇ ਗੋਲੀ ਚਲਾਉਣ ਵਾਲਾ ਸੀ ਅਤੇ ਕਈ ਲੋਕ ਇਹ ਵੀ ਕਹਿੰਦੇ ਹਨ ਕਿ ਤੀਜਾ ਬੰਦਾ ਗੋਲੀ ਚਲਾ ਕੇ ਇੰਦਰਾ ਗਾਂਧੀ ਨੂੰ ਮਾਰ ਕੇ ਚਲਾ ਗਿਆ ਤੇ ਬਾਅਦ 'ਚ ਉਸਨੂੰ ਉਥੋਂ ਖਿਸਕਾ ਦਿੱਤਾ ਗਿਆ ਤੇ ਬੇਅੰਤ ਸਿੰਘ, ਸਤਵੰਤ ਸਿੰਘ ਨੂੰ ਐਵੇਂ ਈ ਕਤਲ 'ਚ ਫਸਾ ਕੇ ਦਿੱਲੀ ਅਤੇ ਹੋਰ ਸ਼ਹਿਰਾਂ 'ਚ ਸਿੱਖਾਂ ਦਾ ਕਤਲੇਆਮ ਕਰਵਾ ਦਿੱਤਾ। ਸਤਵੰਤ ਸਿੰਘ ਨੇ ਜਵਾਬ ਦਿੱਤਾ, "ਇਹ ਤਾਂ ਠੀਕ ਹੈ ਭਈ ਸਾਡੇ ਤੋਂ ਇਲਾਵਾ ਹੋਰ ਸਿੰਘ ਵੀ ਸੁਰੱਖਿਆ ਗਾਰਦ 'ਚ ਇੰਦਰਾ ਨੂੰ ਸੋਧਣ ਨੂੰ ਫਿਰਦੇ ਸਨ। ਪਰ ਅਸਲੀ ਇੰਦਰਾ ਗਾਂਧੀ (ਪ੍ਰਧਾਨ ਮੰਤਰੀ) ਦੀ ਸ਼ਨਾਖਤ ਕਿਸੇ ਨੂੰ ਨਹੀਂ ਸੀ। ਭਾਜੀ ਬੇਅੰਤ ਸਿੰਘ ਹੀ ਪ੍ਰਧਾਨ ਮੰਤਰੀ ਦੇ ਨਜ਼ਦੀਕ ਡਿਊਟੀ (ਨਾਲ ਡਿਊਟੀ) ਹੋਣ ਕਰਕੇ ਉਸਦੀ ਸ਼ਨਾਖਤ ਕਰ ਸਕਦੇ ਸਨ। ਦੂਜੇ ਕਈ ਇਸ ਕਰਕੇ ਵੀ ਝੱਕਦੇ ਸਨ ਕਿ ਕਿਤੇ ਐਵੇਂ ਖਾਹਮਖਾਹ ਨਕਲੀ ਇੰਦਰਾ ਗਾਂਧੀ ਹੀ ਨਾ ਮਾਰੀ ਜਾਵੇ।"

ਬੇਅੰਤ ਸਿੰਘ ਤਾਂ ਇਕੱਲਾ ਹੀ ਇੰਦਰਾ ਗਾਂਧੀ ਨੂੰ ਖ਼ਤਮ ਕਰਨ ਲਈ ਤਿਆਰ ਸੀ, ਪਰ ਉਹ ਜੋਸ਼ ਨਾਲੋਂ ਹੋਸ਼ ਵਿੱਚ ਰਹਿ ਕੇ ਕੰਮ ਕਰਨਾ ਚਾਹੁੰਦਾ ਸੀ। ਉਸ ਨੂੰ ਆਪਣੇ ਇਕੱਲੇ ਸਰਵਿਸ ਪਿਸਟਲ 'ਤੇ ਪੂਰਾ ਭਰੋਸਾ ਨਹੀਂ ਸੀ। ਉਹ ਸਮਝਦਾ ਸੀ ਕਿ ਕਿਤੇ ਮੇਰੇ ਪਿਸਟਲ ਦੀਆਂ ਚੱਲੀਆਂ ਗੋਲੀਆਂ ਦੀ ਮਾਰ ਤੋਂ ਇੰਦਰਾ ਬਚ ਨਾ ਜਾਵੇ। ਇਸੇ ਲਈ ਹੀ ਉਸ ਨੇ ਮੇਰੇ ਨਾਲ ਅੱਖਾਂ ਦੋ ਤੋਂ ਚਾਰ ਕੀਤੀਆਂ। ਮੇਰੀ ਡਿਊਟੀ ਆਖ਼ਰੀ ਸੁਰੱਖਿਆ ਪੰਕਤੀ ਵਿੱਚ ਸੀ ਤੇ ਬੇਅੰਤ ਸਿੰਘ ਦੀ ਪਹਿਲੀ ਪੰਕਤੀ ਵਿੱਚ। ਇਸ ਸਮੱਸਿਆ ਨੂੰ ਪੇਟ ਖਰਾਬ ਦਾ ਬਹਾਨਾ ਲਾ ਕੇ ਹੋਰ ਸੰਤਰੀ ਨਾਲ ਇਹ ਕਹਿ ਕੇ ਡਿਊਟੀ ਨੂੰ ਬਦਲ ਲਿਆ ਸੀ ਕਿ ਮੇਰਾ ਪੇਟ ਖਰਾਬ ਹੈ, ਤੇ ਅੱਜ ਮੇਰੀ ਡਿਊਟੀ ਲੈਟਰੀਨ ਦੇ ਨੇੜੇ ਲਗਾ ਦੇ। ਉਹ

ਮੰਨ ਗਿਆ। ਇਸ ਤਰ੍ਹਾਂ ਮੈਂ ਤੇ ਭਾਜੀ ਬੇਅੰਤ ਸਿੰਘ ਇਕ ਦੂਸਰੇ ਦੇ ਨੇੜੇ ਹੋ ਗਏ, ਜਿੱਥੋਂ ਅੱਖ ਦੇ ਇਸ਼ਾਰੇ ਨਾਲ ਹੀ ਇੰਦਰਾ ਗਾਂਧੀ ਨੂੰ ਨਿਸ਼ਾਨਾ ਬਣਾ ਕੇ ਫੁੰਡਿਆ ਜਾ ਸਕਦਾ ਸੀ। ਪੇਟ ਖਰਾਬ ਦਾ ਬਹਾਨਾ ਸਹੀ ਦਰਸਾਉਣ ਲਈ ਮੈਂ ਤਿੰਨ ਵਾਰ ਲੈਟਰੀਨ ਵਿੱਚ ਵੀ ਗਿਆ। ਮੇਰੇ ਨੇੜੇ ਡਿਊਟੀ ਵਾਲਾ ਸੰਤਰੀ ਕਹਿੰਦਾ, "ਸਤਵੰਤ, ਜੇ ਪੇਟ 'ਚ ਜ਼ਿਆਦਾ ਗੜਬੜ ਹੈ ਤਾਂ ਛੁੱਟੀ ਲੈ ਲੈਣੀ ਸੀ।" ਮੈਂ ਕਿਹਾ, "ਭਾਜੀ, ਹੁਣ ਦੁਬਾਰਾ ਜਾਣ ਦੀ ਲੋੜ ਨਹੀਂ ਪਵੇਗੀ।" ਉਹ ਮੇਰੀ ਗੁੱਝੀ ਰਮਜ਼ ਨਾ ਸਮਝ ਸਕਿਆ। ਬੇਅੰਤ ਸਿੰਘ ਨੂੰ ਪਤਾ ਸੀ ਕਿ ਅੱਜ ਇੰਦਰਾ ਪ੍ਰਧਾਨ ਮੰਤਰੀ ਦੇ ਜੀਵਨ 'ਤੇ ਅਧਾਰਿਤ ਫ਼ਿਲਮ 'ਇੰਦਰਾ ਗਾਂਧੀ' ਬਣਾਉਣ ਲਈ ਆਏ ਪ੍ਰਸਿੱਧ ਨਾਟਕਕਾਰ, ਅਦਾਕਾਰ ਅਤੇ ਹਾਸਰਸੀ ਲੇਖਕ ਪੀਟਰ ਉਸਤੀਨੋਫ ਨਾਲ ਇਕ ਟੈਲੀਵਿਜ਼ਨ ਇੰਟਰਵਿਊ ਲਈ ਜਾ ਰਹੀ ਸੀ। ਇਸ ਲਈ ਇੰਦਰਾ ਨੇ ਕੇਸਰੀ ਰੰਗ ਦੀ ਸਾੜੀ ਪਹਿਨੀ ਹੋਈ ਸੀ। ਉਸ ਨੇ ਪੂਰੇ ਟੌਹਰ 'ਚ ਬਣ ਫੱਬ ਕੇ ਆਪਣੇ ਨਿੱਜੀ ਸਕੱਤਰ ਆਰ.ਕੇ. ਧਵਨ ਅਤੇ ਹੋਰ ਅਮਲੇ ਫੈਲੇ ਨਾਲ ਗੇਟ 'ਚੋਂ ਲੰਘਣਾ ਸੀ। ਬੇਅੰਤ ਸਿੰਘ ਇਸ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਆਰ.ਕੇ.ਧਵਨ ਅਸਲੀ ਪ੍ਰਧਾਨ ਮੰਤਰੀ ਨਾਲ ਜ਼ਰੂਰ ਹੁੰਦਾ ਸੀ। 31 ਅਕਤੂਬਰ, 1984 ਦਿਨ ਬੁੱਧਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਵੇਰੇ 9 ਵਜੇ ਦੇ ਕਰੀਬ ਸੰਤਰੀ ਰੰਗ ਦੀ ਸਾੜੀ 'ਚ ਫੱਬੀ ਹੋਈ ਆਪਣੇ ਘਰ ਤੋਂ ਸਫ਼ਦਰਜੰਗ ਰੋਡ 'ਤੇ ਦਫ਼ਤਰ ਆ ਰਹੀ ਸੀ, ਮੈਂ (ਸਤਵੰਤ ਸਿੰਘ) ਤੇ ਬੇਅੰਤ ਸਿੰਘ ਬੇਸਬਰੀ ਨਾਲ ਆਪਣੇ ਮਿਸ਼ਨ ਦੀ ਪੂਰਤੀ ਲਈ ਇੰਦਰਾ ਨੂੰ ਉਡੀਕ ਰਹੇ ਸਾਂ। ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਗੇਟ 'ਤੇ ਆਈ, ਸ: ਬੇਅੰਤ ਸਿੰਘ ਨੇ ਗੇਟ ਖੋਲ੍ਹਿਆ ਅਤੇ ਮੇਰੇ ਵੱਲ ਵੇਖ ਕੇ ਇਸ਼ਾਰਾ ਕੀਤਾ ਹੁਣ ਹੋ ਅਗਾਂਹ। ਮੈਂ ਵੀ ਪਹਿਲਾਂ ਤੋਂ ਆਪਣੀ ਸਟੇਨਗੰਨ ਮੈਗਜ਼ੀਨ ਭਰੀ ਹੋਈ ਸੀ। ਬੇਅੰਤ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਰੋਜ਼ ਦੀ ਤਰ੍ਹਾਂ ਸੈਲੂਟ ਮਾਰਿਆ ਅਤੇ ਨਾਲ ਹੀ ਉਸਦਾ ਸੱਜਾ ਹੱਥ ਤੇਜ਼ੀ ਨਾਲ ਆਪਣੇ ਸਰਵਿਸ ਪਿਸਟਲ 'ਤੇ ਗਿਆ ਤੇ ਕੰਨ ਦੀ ਸੇਧ 'ਤੇ ਗੋਲੀਆਂ ਦੀ ਕਾੜ-ਕਾੜ ਕਰ ਦਿੱਤੀ। ਬੇਅੰਤ ਸਿੰਘ ਨੂੰ ਹਰਕਤ 'ਚ ਆਇਆ ਵੇਖ ਕੇ ਇੰਦਰਾ ਨੇ ਚੀਕ ਮਾਰ ਕੇ ਅੱਗੇ ਨੂੰ ਭੱਜਣ ਦੀ ਕੋਸ਼ਿਸ਼ ਕੀਤੀ। ਬੇਅੰਤ ਸਿੰਘ ਦਾ ਇਸ਼ਾਰਾ ਸਮਝ ਕੇ ਮੈਂ ਵੀ ਅੱਖ ਦੇ ਫੋਰ ਵਿੱਚ ਅੱਗੋਂ ਦੀ ਭੱਜ ਕੇ ਹੋਇਆ ਤੇ ਗੋਲੀ ਚਲਾਉਣ ਲੱਗਾ ਤਾਂ ਇੰਦਰਾ ਕਹਿੰਦੀ ਸੀ, "ਅਰੇ ਸਤਵੰਤ ਯੇਹ ਕਿਆ?" ਤੇ ਮੈਂ (ਸਤਵੰਤ ਸਿੰਘ) ਇੰਨਾ ਕਿਹਾ ਕਿ "ਦਰਬਾਰ ਸਾਹਿਬ 'ਤੇ ਹਮਲੇ ਦਾ ਜਵਾਬ ਦੇਣ ਲੱਗਿਆਂ।" ਆਪਣੀ ਸਟੇਨਗੰਨ ਨਾਲ ਨਲਾਂ ਤੋਂ ਲੈ ਕੇ ਛਾਤੀ ਤੱਕ ਵੀਹ ਗੋਲੀਆਂ ਦੀ ਵਾਛੜ ਕਰ ਦਿੱਤੀ ਤੇ ਫੀਤਾ ਫੀਤਾ ਕਰ ਦਿੱਤੀ। ਨਾਲ ਆ ਰਹੇ ਕਮਾਂਡੋ ਤੇ ਸਕੱਤਰ ਧਵਨ ਦਾ ਪਤਾ ਹੀ ਨਾ ਲੱਗਾ ਕਿ ਕਿਧਰ ਨੂੰ ਭੱਜ ਗਏ। ਇੰਦਰਾ ਸਾਡੇ ਪੈਰਾਂ ਵਿੱਚ ਪਈ ਤੜਪ ਰਹੀ ਸੀ। ਅਸੀਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਰਹੇ ਸਾਂ। ਕੋਈ ਵੀ ਮਾਈ ਦਾ ਲਾਲ ਸਾਡੇ ਸਾਹਮਣੇ ਆਉਣ ਦੀ ਜ਼ੁਰਅੱਤ ਨਹੀਂ ਸੀ ਕਰ ਰਿਹਾ। ਜਦੋਂ ਅਸੀਂ ਵੇਖਿਆ ਕਿ ਸਾਡਾ ਕੰਮ ਪੂਰਾ ਹੋ ਗਿਆ, ਹੁਣ ਨਹੀਂ ਹਿੱਲਦੀ, ਅਸਾਂ ਹਥਿਆਰ ਸੁੱਟ ਦਿੱਤੇ ਤੇ ਕਿਹਾ—ਅਸੀਂ ਆਪਣਾ ਕੰਮ ਕਰ ਲਿਆ, ਹੁਣ ਤੁਸੀਂ ਆਪਣਾ ਕੰਮ ਕਰ ਲਵੋ। ਫਿਰ ਕਿਤੇ ਕਮਾਂਡੋਆਂ ਨੇ ਸਾਡੇ ਕੋਲ ਆਉਣ ਦੀ ਹਿੰਮਤ

ਕੀਤੀ। ਮੈਨੂੰ (ਸਤਵੰਤ ਸਿੰਘ) ਤੇ ਭਾਜੀ ਬੇਅੰਤ ਸਿੰਘ ਨੂੰ ਇਕ ਕਮਰੇ ਵਿੱਚ ਲਿਜਾ ਕਿ ਕੁਰਸੀਆਂ 'ਤੇ ਬਿਠਾ ਦਿੱਤਾ। ਬਹੁਤ ਸਾਰੇ ਅਫ਼ਸਰ ਸਾਨੂੰ ਦੇਖਣ ਆਏ। ਸਾਨੂੰ ਨਿਹੱਥਿਆਂ ਨੂੰ ਵੇਖ ਕੇ ਬੁਜ਼ਦਿਲ ਕਮਾਂਡੋ ਕਹਿੰਦੇ, "ਤੁਹਾਡੇ ਬੱਚਿਆਂ ਦਾ ਹੁਣ ਕੀ ਬਣੂ?" ਬੇਅੰਤ ਸਿੰਘ ਕਹਿੰਦਾ, "ਵਾਹਿਗੁਰੂ ਰਾਖਾ।" ਕਮਾਂਡੋ ਸਾਨੂੰ ਨਿਹੱਥੇ ਵੇਖ ਕੇ ਗਾਲ੍ਹਾਂ ਕੱਢਣ ਲੱਗ ਪਏ। ਸਤਵੰਤ ਸਿੰਘ ਕਹਿੰਦਾ, "ਬਾਪੂ, ਮੈਨੂੰ ਗੁੱਸਾ ਆ ਗਿਆ। ਮੈਂ ਕਿਹਾ, ਖਲੋਵੋ ਤਾਂ ਸਹੀ, ਤੁਹਾਡੀ।" ਮੈਂ ਉਹਨਾਂ ਨਾਲ ਹੱਥੋਪਾਈ ਹੋ ਕੇ ਹਥਿਆਰ ਖੋਹਣ ਲੱਗ ਪਿਆ। ਜੇ ਮੇਰੇ ਹੱਥ ਹਥਿਆਰ ਆ ਜਾਂਦਾ ਤਾਂ ਫਿਰ ਉਥੇ ਵੀ ਢੇਰੀਆਂ ਲਾ ਦੇਣੀਆਂ ਸੀ। ਹੱਥੋਪਾਈ ਹੁੰਦਿਆਂ ਰਾਮ ਸ਼ਰਨ ਤੇ ਤਰਸੇਮ ਜਸਵਾਲ ਨੇ ਆਪਣੇ ਹਥਿਆਰਾਂ ਨਾਲ ਗੋਲੀਆਂ ਚਲਾ ਦਿੱਤੀਆਂ। ਬੇਅੰਤ ਸਿੰਘ ਮੇਰੇ ਉਤੇ ਡਿੱਗਾ ਤੇ ਕਹਿੰਦਾ ਰਿਹਾ ਕਿ ਜੇ ਮਾਰਨਾ ਹੈ ਤਾਂ ਪਹਿਲਾਂ ਮੈਨੂੰ ਮਾਰੋ। ਭਾਜੀ ਬੇਅੰਤ ਸਿੰਘ ਦੇ ਮੇਰੇ ਉਤੇ ਪੈ ਜਾਣ ਨਾਲ ਉਸ ਦੇ ਗੋਲੀਆਂ ਲੱਗ ਗਈਆਂ। ਉਹ ਮੌਕੇ ਤੇ ਹੀ ਸ਼ਹੀਦ ਹੋ ਗਿਆ ਤੇ ਮੈਨੂੰ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਨੂੰ ਹਸਪਤਾਲ ਵਿੱਚ ਦਾਖਲ ਕਰਾ ਦਿੱਤਾ ਕਿ ਇਸ ਨੂੰ ਬਚਾ ਕੇ ਇੰਦਰਾ ਕਤਲ ਦੀ ਸਾਜ਼ਿਸ਼ ਦਾ ਪਤਾ ਲਾਇਆ ਜਾ ਸਕੇ। ਪਰ ਇਸ ਹਕੂਮਤ ਨੂੰ ਇਹ ਨਹੀਂ ਪਤਾ ਕਿ ਕੁਝ ਸਾਜ਼ਿਸ਼ਾਂ ਆਪਣੇ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਦੀ ਬਹਾਲੀ ਖ਼ਾਤਰ ਸਿੱਖ ਇਤਿਹਾਸ ਦੇ ਸ਼ਹੀਦਾਂ ਦੇ ਪੈਰ-ਚਿੰਨ੍ਹਾਂ ਉਤੇ ਤੁਰ ਕੇ ਵੀ ਰਚੀਆਂ ਜਾਂਦੀਆਂ ਹਨ।

ਬਾਪੂ ਤਰਲੋਕ ਸਿੰਘ ਨੇ ਵੀ ਗੱਲ ਤੋਰੀ, "ਸਤਵੰਤ, ਮੈਂ ਉਹ ਥਾਂ ਦੇਖ ਕੇ ਆਇਆਂ, ਜਿੱਥੇ ਇੰਦਰਾ ਗਾਂਧੀ ਮਾਰੀ ਗਈ ਸੀ। ਤੂੰ ਕਹਿੰਦਾ ਹੈਂ ਕਿ ਜਦੋਂ ਅਸੀਂ ਗੋਲੀ ਚਲਾਈ ਤਾਂ ਇਕ ਵਾਰ ਉਥੇ ਭਾਜੜ ਪੈ ਗਈ, ਤੁਹਾਡੇ ਕੋਲ ਹਥਿਆਰ ਸੀ, ਤੁਸੀਂ ਵੀ ਭੱਜ ਕੇ ਨਿਕਲ ਸਕਦੇ ਸੀ।" ਤਾਂ ਸਤਵੰਤ ਕਹਿੰਦਾ, "ਭਾਪਾ, ਨਿਕਲ ਸਕਦੇ ਸੀ। ਇਸ ਗੱਲ 'ਤੇ ਵੀ ਪਹਿਲਾਂ ਵਿਚਾਰ ਕੀਤੀ ਸੀ, ਇਸ ਕੰਮ ਲਈ ਸਵਾਰੀ ਤੇ ਹੋਰ ਬੰਦਿਆਂ ਦੀ ਲੋੜ ਪੈਣੀ ਸੀ ਤੇ ਬਹੁਤੇ ਬੰਦਿਆਂ ਦੀ ਸਲਾਹ ਨਾਲ ਸਕੀਮ ਫ਼ੇਲ੍ਹ ਵੀ ਹੋ ਸਕਦੀ ਸੀ। ਜੇ ਭੱਜ ਨਿਕਲਣ ਦੀ ਕੋਸ਼ਿਸ਼ ਵਿੱਚ ਮਾਰੇ ਜਾਂਦੇ ਤਾਂ ਇਹ ਕੋਈ ਮਰਦਾਂ ਵਾਲੀ ਬਹਾਦਰੀ ਨਹੀਂ ਸੀ। ਇਸ ਕਰਕੇ ਤਾਂ ਸਾਡਾ ਪਹਿਲਾਂ ਹੀ ਫ਼ੈਸਲਾ ਸੀ ਕਿ ਕਿਸੇ ਨਿਰਦੋਸ਼ ਦਾ ਖ਼ੂਨ ਨਹੀਂ ਵਹਾਉਣਾ। ਇੰਦਰਾ ਨੂੰ ਸੋਧ ਕੇ ਬਦਲਾ ਲੈਣਾ ਹੈ। ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੌਰਾਨ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ, ਬੁੱਢਿਆਂ ਦੀ ਸ਼ਹੀਦੀ ਦਾ ਬਦਲਾ ਲੈਣਾ ਹੈ।

ਕਰਣੀ ਦਾ ਫਲ—ਵੈਦਿਆ ਕਤਲ ਕਾਂਡ

(ਜੂਨ 1984 ਦੌਰਾਨ ਭਾਰਤੀ ਫ਼ੌਜ ਦੇ ਮੁਖੀ ਜਨਰਲ ਵੈਦਿਆ ਨੂੰ ਕਰਣੀ ਦਾ ਫਲ ਭੁਗਤਾਉਣ ਦਾ ਜ਼ਿਕਰ ਇਸ ਕਾਂਡ ਦੇ ਸੂਰਮਿਆਂ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਦੀ ਜ਼ਬਾਨੀ ਸੁਣ ਕੇ ਰੂਹ ਅੱਸ਼ ਅੱਸ਼ ਕਰ ਉੱਠਦੀ ਹੈ।)

ਜਦੋਂ ਅਸੀਂ ਦਿੱਲ੍ਹੀ ਰਹਿੰਦੇ ਸੀ ਉਦੋਂ ਹੀ ਅਸੀਂ ਬੰਬਈ ਵਿੱਚ ਇਕ ਘਰ ਕਿਰਾਏ 'ਤੇ ਲਿਆ ਹੋਇਆ ਸੀ। ਵੀਰ ਬਲਜਿੰਦਰ ਸਿੰਘ, ਦਲਜੀਤ ਸਿੰਘ ਸੰਧੂ ਅਤੇ ਮੈਂ ਚੰਡੀਗੜ੍ਹ ਤੋਂ ਪੂਨੇ ਆ ਗਏ। ਦਲਜੀਤ ਸਿੰਘ ਅਤੇ ਸੰਧੂ ਵੀਰ ਪੂਨੇ ਰਹਿ ਗਏ। ਇਨ੍ਹਾਂ ਨੇ ਇਥੇ ਘਰ ਕਿਰਾਏ 'ਤੇ ਲਿਆ ਅਤੇ ਜਨਰਲ ਅਰੁਣ ਕੁਮਾਰ ਵੈਦਿਆ ਦਾ ਘਰ ਵੇਖਿਆ। ਇਸ ਤੋਂ ਬਾਅਦ ਇਹ ਵੀਰ ਵੀ ਸਾਡੇ ਕੋਲ ਬੰਬੇ ਆ ਗਏ। ਇਸ ਦੌਰਾਨ ਅਸੀਂ ਮਾਰਚ 1986 ਵਿੱਚ ਬੰਬੇ ਤੋਂ ਲੁਧਿਆਣਾ ਆ ਗਏ। ਹੁਣ ਅਸੀਂ ਅਹਿਮਦਾਬਾਦ ਜੇਲ੍ਹ ਵਿੱਚੋਂ ਵੀਰ ਹਰਜਿੰਦਰ ਸਿੰਘ ਨੂੰ ਛੁਡਾਉਣ ਵਾਸਤੇ ਸੋਚਣਾ ਸ਼ੁਰੂ ਕਰ ਦਿੱਤਾ। ਕਾਰ ਅਤੇ ਹਥਿਆਰਾਂ ਦਾ ਪ੍ਰਬੰਧ ਕਰ ਲਿਆ। ਅਸੀਂ ਅਜੇ ਬੰਬੇ ਹੀ ਸੀ ਤਾਂ ਹਰਜਿੰਦਰ ਸਿੰਘ ਬਾਰੇ 4 ਅਪ੍ਰੈਲ, 1986 ਨੂੰ ਅਖ਼ਬਾਰਾਂ ਵਿੱਚ ਖ਼ਬਰ ਪੜ੍ਹੀ ਤਾਂ ਸਾਡੀਆਂ ਖੁਸ਼ੀਆਂ ਦੀ ਕੋਈ ਹੱਦ ਨਾ ਰਹੀ। ਹਰਜਿੰਦਰ ਸਿੰਘ ਕਿਵੇਂ ਫਰਾਰ ਹੋਇਆ, ਇਹ ਵੀਰ ਖ਼ੁਦ ਆਪ ਹੀ ਲਿਖੇਗਾ। ਕੁਝ ਦਿਨਾਂ ਬਾਅਦ ਵੀਰ ਸੰਧੂ ਤੇ ਦਲਜੀਤ ਸਿੰਘ ਬੰਬੇ ਤੋਂ ਪੰਜਾਬ ਚਲੇ ਗਏ। ਥੋੜੇ ਦਿਨਾਂ ਬਾਅਦ ਸੁਖਵਿੰਦਰ ਸਿੰਘ (ਕੇ.ਸੀ. ਸ਼ਰਮਾ), ਦਲਜੀਤ ਸਿੰਘ (ਬਿੱਟੂ) ਅਤੇ ਵੀਰ ਸੰਧੂ ਪੰਜਾਬ ਤੋਂ ਦੋ ਰਿਵਾਲਵਰ ਲੈ ਕੇ ਬੰਬੇ ਆ ਰਹੇ ਸੀ ਤਾਂ ਰਸਤੇ ਵਿੱਚ ਰਾਜਸਥਾਨ ਪੁਲਿਸ ਨੇ ਘੇਰ ਲਿਆ। ਪੁਲਿਸ ਵਾਲੇ ਤਕਰੀਬਨ ਇਕ ਸੌ ਅਤੇ ਇਹ ਤਿੰਨ ਵੀਰ ਹੀ ਸਨ। ਇਥੇ ਇਹਨਾਂ ਨੇ ਇਕ ਡੀ.ਐਸ.ਪੀ. ਅਤੇ ਤਿੰਨ ਸਿਪਾਹੀ ਸੋਧ ਦਿੱਤੇ। ਰਾਤ ਦਾ ਵਕਤ ਸੀ ਤੇ ਅੱਗੇ ਜਾ ਕੇ ਕਾਰ ਦਾ ਐਕਸੀਡੈਂਟ ਹੋ ਗਿਆ। ਕਾਰ ਉਲਟਬਾਜ਼ੀਆਂ ਖਾਂਦੀ ਇਕ ਡੂੰਘੇ ਟੋਏ ਵਿੱਚ ਡਿੱਗ ਪਈ। ਸਾਰਿਆਂ ਦੇ ਸੱਟਾਂ ਲੱਗ ਗਈਆਂ। ਤੁਰਿਆ ਵੀ ਨਹੀਂ ਸੀ ਜਾਂਦਾ। ਹਥਿਆਰ ਉਥੇ ਹੀ ਡਿੱਗ ਪਏ। ਬਹੁਤ ਲੱਭਣ ਦੀ ਕੋਸ਼ਿਸ਼ ਕੀਤੀ ਪਰ ਹਨੇਰੇ ਕਾਰਨ ਨਾ ਲੱਭੇ। ਸੁਖਵਿੰਦਰ ਸਿੰਘ ਤੋਂ ਤੁਰਿਆ ਨਹੀਂ ਸੀ ਜਾਂਦਾ ਤਾਂ ਵੀਰ ਕਹਿੰਦਾ ਕਿ ਤੁਸੀਂ ਹਥਿਆਰ ਲੱਭੋ ਤੇ ਮੈਨੂੰ ਮਾਰ ਕੇ ਆਪ ਨਿਕਲ ਜਾਓ। ਅਗਰ ਹਥਿਆਰ ਨਹੀਂ ਮਿਲਦੇ ਤਾਂ ਕਿਸੇ ਹੋਰ ਤਰੀਕੇ ਨਾਲ ਮਾਰ ਦਿਓ। ਮੈਂ ਜਿਉਂਦੇ ਜੀਅ ਦੁਸ਼ਮਣ ਦੇ ਹੱਥ ਨਹੀਂ ਆਉਣਾ ਚਾਹੁੰਦਾ, ਤਾਂ ਵੀਰਾਂ ਨੇ ਕਿਹਾ ਕਿ ਅਗਰ ਆਪਾਂ ਮਰਾਂਗੇ ਤਾਂ ਇਕੱਠੇ ਹੀ ਮਰਾਂਗੇ।

ਨਾ ਤੈਨੂੰ ਮਾਰ ਸਕਦੇ ਹਾਂ, ਨਾ ਹੀ ਤੈਨੂੰ ਇੱਥੇ ਛੱਡ ਕੇ ਜਾਵਾਂਗੇ। ਇਨ੍ਹਾਂ ਵੀਰਾਂ ਨੇ ਸੁਖਵਿੰਦਰ ਸਿੰਘ ਨੂੰ ਚੁੱਕ ਲਿਆ ਅਤੇ ਸੜਕ ਤੋਂ ਦੂਰ ਖੇਤਾਂ ਵਿੱਚ ਲੈ ਗਏ। ਇਸ ਤੋਂ ਬਾਅਦ ਇਹ ਸਾਰੇ ਵੀਰ ਇਕ ਸੜਕ 'ਤੇ ਆ ਗਏ ਅਤੇ ਇਕ ਟਰੱਕ ਰੁਕਵਾਇਆ। ਟਰੱਕ ਦਾ ਡਰਾਇਵਰ ਸਿੱਖ ਸੀ। ਇਹ ਸਾਰੇ ਟਰੱਕ ਉਤੇ ਚੜ੍ਹ ਗਏ ਤੇ ਥੋੜ੍ਹਾ ਜਿਹਾ ਟਰੱਕ ਵਾਲੇ ਨੂੰ ਦੱਸ ਦਿੱਤਾ ਕਿ ਸਾਡਾ ਪੁਲਿਸ ਵਾਲਿਆਂ ਨਾਲ ਪੰਗਾ ਪੈ ਗਿਆ ਸੀ। ਸਾਰਿਆਂ ਨੇ ਕੱਪੜੇ ਬਦਲ ਲਏ। ਸੁਖਵਿੰਦਰ ਸਿੰਘ ਨੂੰ ਉਪਰਲੀ ਸੀਟ 'ਤੇ ਲੰਮਾ ਪਾ ਦਿੱਤਾ ਅਤੇ ਟਰੱਕ ਦਾ ਮਾਲਕ ਬਣਾ ਦਿੱਤਾ। ਇਕ ਵੀਰ ਕੰਡਕਟਰ ਬਣ ਗਿਆ ਅਤੇ ਇਕ ਸਵਾਰੀ ਬਣ ਗਿਆ। ਰਸਤੇ ਵਿੱਚ ਬਹੁਤ ਜਗ੍ਹਾ 'ਤੇ ਪੁਲਿਸ ਨੇ ਨਾਕੇ ਲਗਾ ਰੱਖੇ ਸਨ। ਕਈ ਜਗ੍ਹਾ 'ਤੇ ਪੁੱਛਗਿੱਛ ਵੀ ਹੋਈ ਤਾਂ ਇਕ ਦੋ ਵਾਰੀ ਤਾਂ ਪੁਲਿਸ ਨੇ ਇਹ ਵੀ ਕਿਹਾ ਕਿ ਇਹ ਉਹ ਤਾਂ ਨਹੀਂ? ਪਰ ਪਰਮਾਤਮਾ ਨੇ ਇਕ ਤਰ੍ਹਾਂ ਨਾਲ ਪੁਲਿਸ ਵਾਲਿਆਂ ਦੀਆਂ ਅੱਖਾਂ ਹੀ ਬੰਦ ਕਰ ਦਿੱਤੀਆਂ ਸਨ। ਜ਼ਿਆਦਾ ਪੁਲਿਸ ਵੇਖ ਕੇ ਟਰੱਕ ਵਾਲਾ ਡਰ ਗਿਆ ਅਤੇ ਅੱਗੇ ਜਾ ਕੇ ਕਹਿੰਦਾ ਕਿ ਮੇਰੇ ਟਰੱਕ ਤੋਂ ਉਤਰ ਜਾਓ। ਇਹ ਸਾਰੇ ਉਤਰ ਗਏ ਅਤੇ ਉਸ ਨੂੰ ਕਾਫ਼ੀ ਸਾਰੇ ਪੈਸੇ ਦੇ ਦਿੱਤੇ। ਦਲਜੀਤ ਸਿੰਘ ਤਾਂ ਫਿਰ ਇਕ ਬੱਸ 'ਤੇ ਚੜ੍ਹ ਗਿਆ ਅਤੇ ਦੂਜੇ ਵੀਰ ਟਰੇਨ 'ਤੇ ਚੜ੍ਹ ਗਏ। ਇਸ ਤਰ੍ਹਾਂ ਇਹ ਸਾਰੇ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਕਦਾ ਬੰਬੇ ਪਹੁੰਚ ਗਏ। ਸੁਖਵਿੰਦਰ ਸਿੰਘ ਨੂੰ ਬੰਬੇ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ। ਡੇਢ ਕੁ ਮਹੀਨਾ ਬੰਬੇ ਹਸਪਤਾਲ ਵਿੱਚ ਰਿਹਾ। ਦਲਜੀਤ ਸਿੰਘ, ਵੀਰ ਸੰਧੂ ਅਤੇ ਮੈਂ ਬੰਬੇ ਹੀ ਸੀ ਤਾਂ 4 ਮਈ, 1986 ਨੂੰ ਸਵੇਰੇ 10 ਕੁ ਵਜੇ ਦੋ ਪੁਲਿਸ ਵਾਲਿਆਂ ਨੇ ਸਾਡੇ ਘਰ ਦਾ ਦਰਵਾਜ਼ਾ ਆ ਖੜਕਾਇਆ। ਅਸੀਂ ਦੂਜੇ ਕਮਰੇ ਵਿੱਚ ਤਿਆਰ-ਬਰ-ਤਿਆਰ ਹੋ ਗਏ ਅਤੇ ਸੰਧੂ ਨੂੰ ਕਿਹਾ ਕਿ ਦਰਵਾਜ਼ਾ ਖੋਲ੍ਹ ਕੇ ਗੱਲ ਕਰ। ਸੰਧੂ ਨੇ ਦਰਵਾਜ਼ਾ ਖੋਲ੍ਹ ਕੇ ਦੋਹਾਂ ਪੁਲਿਸ ਵਾਲਿਆਂ ਨੂੰ ਅੰਦਰ ਬੁਲਾ ਲਿਆ। ਉਹ ਅੰਦਰ ਆ ਕੇ ਬੈਠ ਗਏ। ਉਨ੍ਹਾਂ ਨੇ ਕਾਫ਼ੀ ਪੁੱਛ-ਗਿੱਛ ਕੀਤੀ। ਉਨ੍ਹਾਂ ਨੇ ਸੰਧੂ ਨੂੰ ਕਿਹਾ ਕਿ ਆਪ ਜੀ ਨੂੰ ਸਾਡੇ ਨਾਲ ਪੁਲਿਸ ਸਟੇਸ਼ਨ ਜਾਣਾ ਪਵੇਗਾ। ਸੰਧੂ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ 'ਚੋਂ ਇਕ ਜਣਾ ਘਰ ਦੇ ਬਾਹਰ ਖੜ੍ਹਾ ਹੋ ਗਿਆ ਅਤੇ ਦੂਜਾ ਹੋਰ ਪੁਲਿਸ ਲੈਣ ਚਲਾ ਗਿਆ। ਸੰਧੂ ਨੇ ਸਾਨੂੰ ਆਵਾਜ਼ ਮਾਰੀ ਤੇ ਸਾਰੀ ਗੱਲ ਦੱਸੀ। ਮੈਂ ਬਾਹਰ ਖੜ੍ਹੇ ਪੁਲਿਸ ਵਾਲੇ ਨੂੰ ਕਿਹਾ ਕਿ ਆ ਜਾਓ, ਅੰਦਰ ਆ ਕੇ ਬੈਠ ਜਾਓ, ਤੁਹਾਨੂੰ ਚਾਹ ਪਿਆਉਂਦੇ ਹਾਂ। ਜਿਉਂ ਹੀ ਉਹ ਅੰਦਰ ਵੜਿਆ ਤਾਂ ਮੈਂ ਦਰਵਾਜ਼ਾ ਬੰਦ ਕਰ ਦਿੱਤਾ। ਅਸੀਂ ਹਥਿਆਰ ਕੱਢ ਲਏ ਤਾਂ ਉਸ ਨੂੰ ਕਿਹਾ ਕਿ ਛੇਤੀ ਦੱਸ ਸਾਡੇ ਤੱਕ ਪੁਲਿਸ ਪਹੁੰਚੀ ਤਾਂ ਕਿਸ ਤਰ੍ਹਾਂ ਪਹੁੰਚੀ? ਨਹੀਂ ਤਾਂ ਅਸੀਂ ਤੈਨੂੰ ਗੋਲੀ ਮਾਰ ਦਿਆਂਗੇ। ਉਹ ਕਹਿੰਦਾ ਕਿ ਮੇਰੇ ਛੋਟੇ-ਛੋਟੇ ਬੱਚੇ ਹਨ, ਮੈਨੂੰ ਮਾਰੋ ਨਾ। ਮੈਨੂੰ ਕੋਈ ਪਤਾ ਨਹੀਂ ਕਿ ਪੁਲਿਸ ਇਥੇ ਕਿਵੇਂ ਪਹੁੰਚੀ ਹੈ। ਇਹ ਰਾਜਸਥਾਨ ਪੁਲਿਸ ਦਾ ਥਾਣੇਦਾਰ ਹੈ, ਇਹ ਮੈਨੂੰ ਪੁਲਿਸ ਸਟੇਸ਼ਨ ਤੋਂ ਨਾਲ ਲੈ ਕੇ ਆਇਆ ਹੈ। ਫਿਰ ਅਸੀਂ ਉਸ ਦੇ ਹੱਥ ਪਿੱਛੇ ਬੰਨ੍ਹ ਕੇ ਬਾਥਰੂਮ ਵਿੱਚ ਬੰਦ ਕਰ ਦਿੱਤਾ। ਅਸੀਂ ਛੇ ਲੱਖ ਰੁਪਏ ਤੇ ਹਥਿਆਰ ਲੈ ਕੇ ਉਥੋਂ ਨਿਕਲ ਗਏ ਤੇ ਸਿੱਧੇ ਪੂਨੇ ਆ ਗਏ। ਸੰਧੂ ਨੂੰ ਅਸੀਂ ਸਾਢੇ ਚਾਰ ਲੱਖ ਦੇ ਕੇ ਪੰਜਾਬ ਭੇਜ ਦਿੱਤਾ। ਮੈਂ ਤੇ ਦਲਜੀਤ ਸਿੰਘ ਇਥੇ

ਪੂਨੇ ਹੀ ਰਹਿ ਗਏ। ਫਿਰ ਅਸੀਂ ਜਨਰਲ ਵੈਦਿਆ ਨੂੰ ਸੋਧਣ ਵਾਸਤੇ ਇੰਡੋਸਜ਼ੂਕੀ ਮੋਟਰ ਸਾਈਕਲ ਖਰੀਦ ਲਿਆ। ਅਸੀਂ ਕਈ ਦਿਨ ਵੈਦਿਆ ਦੇ ਘਰ ਅੱਗੇ ਜਾਂਦੇ ਰਹੇ ਪਰ ਹਰ ਰੋਜ਼ ਉਸ ਦੇ ਗਾਰਡ ਹੀ ਖੜੇ ਨਜ਼ਰ ਆਉਂਦੇ। ਉਹ ਕਈ ਦਿਨ ਨਜ਼ਰ ਨਾ ਆਇਆ। ਵੈਦਿਆ ਕੋਲ ਡੀ.ਆਈ.ਬੀ. 1436 ਮਾਰੂਤੀ ਕਾਰ ਸੀ। ਇਕ ਦਿਨ ਦਲਜੀਤ ਸਿੰਘ ਬੰਬੇ ਹਸਪਤਾਲ ਵਿੱਚ ਸੁਖਵਿੰਦਰ ਸਿੰਘ ਦਾ ਪਤਾ ਲੈਣ ਚਲਾ ਗਿਆ। ਉਸੇ ਦਿਨ ਹੀ ਮੈਂ ਮੋਟਰ ਸਾਈਕਲ 'ਤੇ ਬਜ਼ਾਰ ਵਿੱਚ ਦੀ ਜਾ ਰਿਹਾ ਸੀ ਤਾਂ ਵੈਦਿਆ ਦੀ ਕਾਰ ਨਜ਼ਰ ਆਈ। ਅੱਗੇ ਜਾ ਕੇ ਉਸ ਨੇ ਕਾਰ ਰੋਕ ਦਿੱਤੀ ਅਤੇ ਮੈਂ ਵੀ ਮੋਟਰ ਸਾਈਕਲ ਕੋਲ ਜਾ ਕੇ ਖੜ੍ਹਾ ਕਰ ਦਿੱਤਾ। ਚੰਗੀ ਤਰ੍ਹਾਂ ਵੇਖਿਆ ਤਾਂ ਉਹੋ ਹੀ ਸੀ ਅਤੇ ਗਾਰਡ ਨਾਲ ਸਨ। ਮੇਰੇ ਕੋਲ ਹਥਿਆਰ ਕੋਈ ਨਹੀਂ ਸੀ। ਮੈਂ ਉਸੇ ਵਕਤ ਹੀ ਘਰ ਹਥਿਆਰ ਲੈਣ ਗਿਆ ਤਾਂ ਵਾਪਸ ਆਉਂਦਿਆਂ ਨੂੰ ਉਹ ਜਾ ਚੁੱਕਾ ਸੀ।

ਦੂਜੇ ਦਿਨ ਦਲਜੀਤ ਸਿੰਘ ਵੀ ਆ ਗਿਆ। ਫਿਰ ਅਸੀਂ ਦੂਜੇ ਦਿਨ ਉਸ ਦੇ ਘਰ ਗਏ ਤਾਂ ਉਹ ਕਾਰ ਲੈ ਕੇ ਕਿਤੇ ਸੈਰ-ਸਪਾਟੇ 'ਤੇ ਚਲਾ ਗਿਆ ਸੀ ਅਤੇ ਕਈ ਦਿਨ ਆਇਆ ਹੀ ਨਹੀਂ। ਫਿਰ ਅਸੀਂ ਪੰਜਾਬ ਜਾਣ ਦੀ ਤਿਆਰੀ ਕਰ ਲਈ। ਜਦੋਂ ਦਾ ਹਰਜਿੰਦਰ ਸਿੰਘ ਵੀਰ ਅਹਿਮਦਾਬਾਦ ਤੋਂ ਫਰਾਰ ਹੋਇਆ ਸੀ, ਮੈਂ ਤਾਂ ਉਸ ਨੂੰ ਮਿਲਿਆ ਨਹੀਂ ਸੀ। ਮੈਂ ਕਿਹਾ ਕਿ ਵੀਰ ਨੂੰ ਜਾ ਕੇ ਮਿਲਦੇ ਹਾਂ ਅਤੇ ਫਿਰ ਵਾਪਸ ਪੂਨੇ ਆਵਾਂਗੇ। ਅਸੀਂ ਪੰਜਾਬ ਚਲੇ ਗਏ। ਉਥੇ ਜਾ ਕੇ ਵੀਰ ਨੂੰ ਮਿਲੇ ਤੇ ਫਿਰ ਅਸੀਂ ਪੂਨੇ ਆਉਣ ਦੀ ਤਿਆਰੀ ਕਰ ਲਈ। 3 ਅਗਸਤ ਨੂੰ ਮੈਂ, ਹਰਜਿੰਦਰ ਸਿੰਘ ਅਤੇ ਇਕ ਹੋਰ ਪੰਜਾਬ ਤੋਂ ਦੂਰਗ 'ਮੱਧ ਪ੍ਰਦੇਸ਼' ਆ ਗਏ। 17 ਅਗਸਤ, 1986 ਨੂੰ ਅਸੀਂ ਪੂਨੇ ਪਹੁੰਚ ਗਏ। ਵੈਦਿਆ ਉਥੋਂ ਘਰ ਬਦਲ ਚੁੱਕਾ ਸੀ। ਅਸੀਂ ਸੋਚਿਆ ਕਿ ਹੁਣ ਇਸ ਦੇ ਘਰ ਜਾ ਕੇ ਪੁੱਛਣਾ ਚਾਹੀਦਾ ਹੈ ਕਿ ਵੈਦਿਆ ਕਿੱਥੇ ਗਿਆ ਹੈ? ਮੈਂ ਉਸ ਦੇ ਘਰ ਚਲਾ ਗਿਆ ਤੇ ਵੀਰ ਹਰਜਿੰਦਰ ਘਰ ਦੇ ਬਾਹਰ ਤਿਆਰ-ਬਰ-ਤਿਆਰ ਖੜ੍ਹਾ ਰਿਹਾ। ਉਹ ਮੇਜਰ ਜਨਰਲ ਤਾਂ ਘਰ ਮਿਲਿਆ ਨਹੀਂ, ਪਰ ਉਸ ਦਾ ਇਕ ਨੌਕਰ ਮਿਲਿਆ। ਮੈਂ ਉਸ ਨੌਕਰ ਨੂੰ ਵੈਦਿਆ ਬਾਰੇ ਪੁੱਛਿਆ। ਉਸ ਨੂੰ ਚੰਗੀ ਤਰ੍ਹਾਂ ਪਤਾ ਨਹੀਂ ਸੀ ਅਤੇ ਉਸ ਦੀ ਬੋਲੀ ਵੀ ਚੰਗੀ ਤਰ੍ਹਾਂ ਸਮਝ ਨਹੀਂ ਸੀ ਆਉਂਦੀ। ਉਸ ਨੇ ਥੋੜ੍ਹਾ ਜਿਹਾ ਦੱਸਿਆ ਕਿ ਅੱਗੇ ਇਕ ਪੁੱਲ ਆਏਗਾ ਅਤੇ ਪੁਲ ਦੇ ਪਰਲੇ ਪਾਸੇ ਇਕ ਕਾਲੋਨੀ ਹੈ, ਉਥੇ ਉਹ ਰਹਿੰਦਾ ਹੈ। ਅਸੀਂ ਇਸੇ ਤਰ੍ਹਾਂ ਹੀ ਕੀਤਾ। ਉਹ ਕਾਲੋਨੀ ਵੀ ਕਾਫ਼ੀ ਵੱਡੀ ਸੀ ਅਤੇ ਅੱਗੇ ਦੂਰ-ਦੂਰ ਖੇਤਾਂ ਵਿੱਚ ਬਹੁਤ ਸਾਰੀਆਂ ਕੋਠੀਆਂ ਬਣੀਆਂ ਹੋਈਆਂ ਸਨ। ਅਸੀਂ ਮੋਟਰਸਾਈਕਲ ਲੈ ਕੇ ਸਾਰੀ ਕਾਲੋਨੀ ਵਿੱਚ ਘੁੰਮਦੇ ਰਹੇ। ਆਖ਼ਰ ਕਾਫ਼ੀ ਘੁੰਮਣ ਤੋਂ ਬਾਅਦ ਸਾਨੂੰ ਇਕ ਘਰ ਵਿੱਚ ਮਾਰੂਤੀ ਕਾਰ ਖੜ੍ਹੀ ਨਜ਼ਰ ਆਈ, ਪਰ ਉਹ ਟੇਢੀ ਖੜ੍ਹੀ ਹੋਣ ਕਰਕੇ ਨੰਬਰ ਦਾ ਪਤਾ ਨਹੀਂ ਸੀ ਲੱਗਦਾ। ਵੈਦਿਆ ਨਜ਼ਰ ਨਾ ਆਇਆ। ਦੂਜੇ ਦਿਨ ਗਏ ਤਾਂ ਗਾਰਡ ਨਜ਼ਰ ਆਏ। ਮੈਂ ਕਿਹਾ ਕਿ ਗਾਰਡ ਤਾਂ ਉਹੀ ਹਨ। ਤੀਜੇ ਦਿਨ 19 ਅਗਸਤ, 1986 ਨੂੰ ਅਸੀਂ ਸਵੇਰੇ ਤਕਰੀਬਨ 9:30 ਵਜੇ ਉਸ ਦੇ ਘਰ ਅੱਗੇ ਪਹੁੰਚ ਗਏ। ਘਰ ਅੱਗੇ ਕਈ ਚੱਕਰ ਲਗਾਏ ਪਰ ਉਹ ਨਜ਼ਰ ਨਾ ਆਇਆ। ਫਿਰ ਅਸੀਂ ਤਕਰੀਬਨ 11 ਵਜੇ

ਉਸ ਦੇ ਘਰ ਅੱਗੇ ਪਹੁੰਚੇ। ਜਦੋਂ ਪਹੁੰਚੇ ਤਾਂ ਉਸ ਦੀ ਪਤਨੀ ਨੇ ਹੱਥ ਵਿੱਚ ਛੱਤਰੀ ਫੜ੍ਹੀ ਹੋਈ ਸੀ ਅਤੇ ਗਾਰਡ ਨਾਲ ਸਨ। ਅਸੀਂ ਛੱਤਰੀ ਵੇਖ ਕੇ ਸੋਚਿਆ ਕਿ ਹੁਣ ਇਹ ਘਰੋਂ ਬਾਹਰ ਨਿਕਲੇਗਾ। ਥੋੜ੍ਹੇ ਚਿਰ ਬਾਅਦ ਵੈਦਿਆ ਵੀ ਅੰਦਰੋਂ ਬਾਹਰ ਨਿਕਲਿਆ। ਸਾਰੇ ਕਾਰ ਵਿੱਚ ਬੈਠ ਗਏ। ਕਾਰ ਵੈਦਿਆ ਖੁਦ ਚਲਾ ਰਿਹਾ ਸੀ। ਅਸੀਂ ਵੀ ਮੋਟਰਸਾਈਕਲ ਤੋਰ ਲਿਆ। ਬਾਜ਼ਾਰ ਜਾ ਕੇ ਉਸ ਨੇ ਕਾਰ ਰੋਕ ਦਿੱਤੀ ਅਤੇ ਇਕ ਦੁਕਾਨ ਵਿੱਚ ਜਾ ਕੇ ਖਰੀਦਦਾਰੀ ਕੀਤੀ। ਅਸੀਂ ਵੀ ਮੋਟਰਸਾਈਕਲ ਖੜ੍ਹਾ ਕਰ ਦਿੱਤਾ। ਮੋਟਰਸਾਈਕਲ ਥੋੜ੍ਹਾ ਖਰਾਬ ਸੀ। ਕਾਫੀ ਕਿੱਕਾਂ ਨਾਲ ਸਟਾਰਟ ਕਰਨਾ ਪੈਂਦਾ ਸੀ। ਉਧਰੋਂ ਪਾਰਕਿੰਗ ਵਾਲਾ ਆ ਗਿਆ। ਉਹ ਕਹਿੰਦਾ ਕਿ ਮੋਟਰ ਸਾਈਕਲ ਪਾਰਕ ਕਰੋ, ਇਸ ਤਰ੍ਹਾਂ ਖੜ੍ਹਾ ਨਹੀਂ ਕਰਨ ਦੇਵਾਂਗਾ। ਥੋੜ੍ਹੇ ਚਿਰ ਬਾਅਦ ਵੈਦਿਆ ਤੇ ਉਹ ਸਾਰੇ ਦੁਕਾਨ ਤੋਂ ਬਾਹਰ ਆ ਗਏ। ਉਨ੍ਹਾਂ ਨੇ ਕਾਰ ਤੋਰ ਲਈ ਅਤੇ ਅੱਗੇ ਜਾ ਕੇ ਫਿਰ ਸਬਜ਼ੀ ਖਰੀਦੀ ਅਤੇ ਘਰ ਨੂੰ ਚੱਲ ਪਏ। ਫਿਰ ਹਰਜਿੰਦਰ ਸਿੰਘ ਨੇ ਕਿਹਾ ਕਿ ਅੱਜ ਆਪਾਂ ਇਸ ਨੂੰ ਘਰ ਨਹੀਂ ਜਾਣ ਦੇਣਾ। ਹਰਜਿੰਦਰ ਸਿੰਘ ਮੋਟਰਸਾਈਕਲ ਚਲਾ ਰਿਹਾ ਸੀ। ਹਰਜਿੰਦਰ ਸਿੰਘ ਕਹਿੰਦਾ ਕਰ ਦਿਆਂ ਫਿਰ ਬਰਾਬਰ। ਮੈਂ ਕਿਹਾ ਕਰ ਦੇ। ਜਦੋਂ ਮੋਟਰਸਾਈਕਲ ਬਰਾਬਰ ਗਿਆ ਤਾਂ ਮੈਂ ਵਹਿਗੁਰੂ ਨੂੰ ਯਾਦ ਕਰਕੇ ਸ਼ਸਤਰ ਦਾ ਘੋੜਾ ਦਬਾ ਦਿੱਤਾ, ਗੋਲੀਆਂ ਵੱਜੀਆਂ ਤਾਂ ਉਸ ਦਾ ਮੂੰਹ ਸਟੇਰਿੰਗ 'ਤੇ ਜਾ ਵੱਜਾ। ਮੂੰਹ ਤੇ ਨੱਕ ਵਿੱਚ ਦੀ ਖੂਨ ਵਹਿ ਤੁਰਿਆ। ਸਾਨੂੰ ਪੂਰੀ ਤਸੱਲੀ ਹੋ ਗਈ ਤਾਂ ਅਸੀਂ ਜੈਕਾਰਾ ਗਜਾ ਦਿੱਤਾ। ਵੈਦਿਆ ਦੀ ਕਾਰ ਇਕ ਸਾਈਡ 'ਤੇ ਜਾ ਵੱਜੀ। ਜਿਥੇ ਵੈਦਿਆ ਨੂੰ ਸੋਧਿਆ, ਉਥੇ ਨਾਲ ਹੀ ਅਗਲੇ ਪਾਸੇ ਪੁਲਿਸ ਸਟੇਸ਼ਨ ਸੀ ਅਤੇ ਨਾਲ ਹੀ ਰਣਜੀਤ ਸਿੰਘ ਦਿਆਲ (ਲੈਫਟੀਨੈਂਟ ਜਨਰਲ) ਦਾ ਘਰ ਸੀ। ਉਥੇ ਵੀ ਕਾਫ਼ੀ ਗਾਰਡ ਖੜ੍ਹੇ ਸਨ। ਫਿਰ ਅਸੀਂ ਜਿਹੜਾ ਘਰ ਲਿਆ ਸੀ, ਉਥੇ ਚਲੇ ਗਏ। ਕੱਪੜੇ ਬਦਲੇ ਅਤੇ ਵੱਖਰੀ ਵੱਖਰੀ ਬੱਸ 'ਤੇ ਚੜ੍ਹ ਕੇ ਬੰਬੇ ਚਲੇ ਗਏ। ਬੰਬੇ ਤੋਂ ਟਰੇਨ ਚੜ੍ਹ ਕੇ ਦੁਰਗ ਚਲੇ ਗਏ। ਇਕ ਰਾਤ ਦੁਰਗ ਰਹੇ ਤੇ ਫਿਰ ਅਸੀਂ ਕਲਕੱਤੇ ਚਲੇ ਗਏ।

ਥੋੜ੍ਹੇ ਦਿਨਾਂ ਬਾਅਦ ਹੀ ਮੈਂ ਤੇ ਇਕ ਹੋਰ ਵੀਰ ਪੂਨੇ ਹਥਿਆਰ ਲੈਣ ਆ ਗਏ। 7 ਸਤੰਬਰ, 1986 ਨੂੰ ਸਾਡੇ ਮੋਟਰਸਾਈਕਲ ਦਾ ਟਰੱਕ ਨਾਲ ਐਕਸੀਡੈਂਟ ਹੋ ਗਿਆ। ਅਸੀਂ ਕਾਫ਼ੀ ਜ਼ਖਮੀ ਹੋ ਗਏ ਅਤੇ ਉਸੇ ਦਿਨ ਹੀ ਪੂਨੇ ਫੜੇ ਗਏ। ਪੰਜ ਮਹੀਨੇ ਪੁਲਿਸ ਹਿਰਾਸਤ ਵਿੱਚ ਰੱਖਿਆ ਗਿਆ ਅਤੇ ਭਾਰੀ ਤਸ਼ੱਦਦ ਕੀਤਾ ਗਿਆ। ਜੇਲ੍ਹ ਵਿੱਚ ਵੀ ਢਾਈ ਸਾਲ ਲਗਾਤਾਰ ਡੰਡਾ ਬੇੜੀਆਂ ਲਗਾ ਕੇ ਸੈੱਲ ਵਿੱਚ ਬੰਦ ਰੱਖਿਆ ਗਿਆ। ਸਾਡੇ ਤੋਂ ਤਕਰੀਬਨ ਇਕ ਸਾਲ ਬਾਅਦ ਹਰਜਿੰਦਰ ਸਿੰਘ ਅਤੇ ਸਤਿਨਾਮ ਸਿੰਘ ਬਾਵਾ (ਸ਼ਹੀਦ) ਦਿੱਲੀ ਫੜੇ ਗਏ। ਹਰਜਿੰਦਰ ਸਿੰਘ ਦੀਆਂ ਲੱਤਾਂ ਵਿੱਚ ਗੋਲੀਆਂ ਮਾਰ ਕੇ ਦੋਵੇਂ ਲੱਤਾਂ ਤੋੜ ਦਿੱਤੀਆਂ ਗਈਆਂ। ਇਕ ਲੱਤ ਕੱਟਣ ਦੀ ਕੋਸ਼ਿਸ਼ ਕੀਤੀ ਗਈ। ਇਕ ਬੰਗਾਲੀ ਡਾਕਟਰ ਬਹੁਤ ਚੰਗਾ ਸੀ। ਉਸ ਨੇ ਇਸ ਤਰ੍ਹਾਂ ਨਹੀਂ ਹੋਣ ਦਿੱਤਾ। ਸਾਢੇ ਚਾਰ ਮਹੀਨੇ ਪੁਲਿਸ ਹਿਰਾਸਤ ਵਿੱਚ ਰੱਖਿਆ ਗਿਆ ਅਤੇ ਬਹੁਤ ਜ਼ਿਆਦਾ ਤਸ਼ੱਦਦ ਕੀਤਾ ਗਿਆ। ਉਸ ਤੋਂ ਬਾਅਦ ਹਰਜਿੰਦਰ ਸਿੰਘ ਨੂੰ ਪੂਨੇ ਲੈ ਆਏ ਅਤੇ ਸਤਿਨਾਮ ਸਿੰਘ ਨੂੰ ਪੰਜਾਬ

ਪੁਲਿਸ ਲੈ ਗਈ। ਹਰਜਿੰਦਰ ਸਿੰਘ ਨੂੰ ਪਹਿਲੇ ਦਿਨ ਸਾਡੇ ਸਾਹਮਣੇ ਗੱਡੇ ਵਿੱਚ ਰੱਖਿਆ ਗਿਆ ਅਤੇ ਵੀਰ ਦੇ ਸੈੱਲ ਦਾ ਰੌਸ਼ਨਦਾਨ ਸਾਡੇ ਵੱਲ ਸੀ। ਅਸੀਂ ਸ਼ਾਮ ਨੂੰ ਅਰਦਾਸ ਕਰਕੇ ਜੈਕਾਰੇ ਗਜਾਏ ਤਾਂ ਵੀਰ ਹਰਜਿੰਦਰ ਸਿੰਘ ਨੂੰ ਪਤਾ ਲੱਗ ਗਿਆ ਕਿ ਅਸੀਂ ਲਾਗੇ ਹੀ ਹਾਂ। ਵੀਰ ਨੇ ਵੀ ਜੈਕਾਰਾ ਗਜਾਇਆ, ਪਰ ਅਸੀਂ ਵੀਰ ਦੀ ਆਵਾਜ਼ ਨਾ ਪਛਾਣ ਸਕੇ। ਫਿਰ ਵੀਰ ਨੇ ਮੈਨੂੰ ਆਵਾਜ਼ ਮਾਰੀ। ਤਾਂ ਮੈਂ ਕਿਹਾ—ਕਿਵੇਂ ਭਾਈਆ। ਵੀਰ ਕਹਿੰਦਾ ਕਿਹੜਾ ਭਾਈਆ? ਮੈਨੂੰ ਪਛਾਣਿਆ ਨਹੀਂ? ਫਿਰ ਮੈਨੂੰ ਪਤਾ ਲੱਗਾ। ਸਾਡੇ ਸਾਹਮਣੇ ਵਾਲੇ ਗੱਡੇ ਵਿੱਚ ਪਹਿਲਾਂ ਹੋਰ ਕੈਦੀ ਰਹਿੰਦੇ ਸਨ ਅਤੇ ਉਹਨਾਂ ਵਿੱਚ ਭਾਈਆ ਨਾਮ ਦਾ ਇਕ ਪੰਜਾਬੀ ਹਿੰਦੂ ਸੀ। ਉਹ ਕਦੇ ਕਦੇ ਸਾਡੇ ਨਾਲ ਗੱਲਬਾਤ ਕਰਦਾ ਹੁੰਦਾ ਸੀ। ਮੈਂ ਸੋਚਿਆ ਸ਼ਾਇਦ ਉਸ ਨੇ ਹੀ ਜੈਕਾਰਾ ਗਜਾਇਆ ਹੈ। ਜਦੋਂ ਹਰਜਿੰਦਰ ਸਿੰਘ ਦਿੱਲੀ ਹਿਰਾਸਤ ਵਿੱਚ ਸੀ ਤਾਂ ਅਸੀਂ ਰੋਜ਼ ਅਰਦਾਸ ਕਰਦੇ ਸੀ ਕਿ ਵੀਰ ਨੂੰ ਸਾਡੇ ਕੋਲ ਪੂਨੇ ਭੇਜ ਦੇਣ। ਪ੍ਰਮਾਤਮਾ ਨੇ ਸਾਡੀ ਅਰਦਾਸ ਸੁਣ ਲਈ। ਦਸ ਕੁ ਦਿਨਾਂ ਬਾਅਦ ਹੀ ਵੀਰ ਨੂੰ ਨਾਸਿਕ ਜੇਲ੍ਹ ਵਿੱਚ ਬਦਲ ਦਿੱਤਾ ਗਿਆ। ਛੇ ਕੁ ਮਹੀਨੇ ਉਥੇ ਰੱਖਿਆ ਅਤੇ ਫਿਰ ਵਾਪਸ ਪੂਨੇ ਲੈ ਆਏ। ਸਾਨੂੰ ਇਕ ਵਾਰਡ ਵਿੱਚ ਇਕੱਠੇ ਕਰ ਦਿੱਤਾ। ਵੈਸੇ ਨਾਸਿਕ ਲੈ ਜਾਣ ਤੋਂ ਪਹਿਲਾਂ ਇਕ ਦਿਨ ਕੋਰਟ ਵਿੱਚ ਲੈ ਕੇ ਗਏ ਸੀ। ਉਥੇ ਅਸੀਂ ਵਿਛੜੇ ਵੀਰਾਂ ਨੇ ਇਕ ਦੂਜੇ ਨੂੰ ਮਿਲ ਲਿਆ ਸੀ। ਵੈਦਿਆ ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਅਸੀਂ ਕੋਰਟ ਵਿੱਚ ਲਿਖ ਕੇ ਦੇ ਦਿੱਤਾ ਕਿ ਵੈਦਿਆ ਨੂੰ ਅਸੀਂ ਸੋਧਿਆ ਹੈ। ਜਦੋਂ ਦਰਬਾਰ ਸਾਹਿਬ ਉਤੇ ਹਮਲਾ ਕੀਤਾ ਗਿਆ ਤਾਂ ਇਹ ਆਰਮੀ ਦਾ ਚੀਫ਼ ਸੀ। ਇਸ ਦੇ ਹੁਕਮ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਨਾਲ ਢਾਹਿਆ ਗਿਆ ਅਤੇ ਹੋਰ ਗੁਰਦੁਆਰਾ ਸਾਹਿਬ ਉਤੇ ਹਮਲੇ ਕੀਤੇ ਗਏ। ਬੀਬੀਆਂ, ਬੱਚਿਆਂ ਤੇ ਬਜ਼ੁਰਗਾਂ ਨੂੰ ਸ਼ਹੀਦ ਕੀਤਾ ਗਿਆ। ਸਾਰੀ ਸਿੱਖ ਕੌਮ ਉਤੇ ਜ਼ੁਲਮ ਢਾਹਿਆ ਗਿਆ। ਜ਼ਾਲਮਾਂ ਨੂੰ ਸੋਧਣਾ ਅਸੀਂ ਆਪਣਾ ਧਰਮ ਸਮਝਦੇ ਹਾਂ ਅਤੇ ਸਾਡੀ ਲੜਾਈ ਖ਼ਾਲਿਸਤਾਨ ਵਾਸਤੇ ਹੈ। ਅਸੀਂ ਖ਼ਾਲਿਸਤਾਨ ਲਈ ਹਰ ਤਰ੍ਹਾਂ ਤਿਆਰ ਹਾਂ। ਕਈ ਮਹੀਨੇ ਕੇਸ ਚਲਦਾ ਰਿਹਾ।

ਥੋੜ੍ਹੇ ਦਿਨਾਂ ਬਾਅਦ ਜੱਜ ਨੇ ਵਕੀਲ ਨੂੰ ਭੇਜਿਆ ਕਿ ਉਹਨਾਂ ਨੂੰ ਕਹਿ ਦੇ ਕਿ ਫੈਸਲੇ ਵਾਲੇ ਦਿਨ ਕੋਰਟ ਵਿੱਚ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਨਾ ਲਾਉਣ ਅਤੇ ਹੋਰ ਵੀ ਕੋਈ ਖ਼ਾਲਿਸਤਾਨ ਦੀ ਗੱਲ ਨਾ ਕਰਨ ਤਾਂ ਮੈਂ ਫ਼ਾਂਸੀ ਦੀ ਸਜ਼ਾ ਨਹੀਂ ਸੁਣਾਵਾਂਗਾ। ਅਸੀਂ ਵਕੀਲ ਨੂੰ ਕਿਹਾ ਕਿ ਅਸੀਂ ਫ਼ਾਂਸੀ ਤੋਂ ਡਰਦੇ ਝੁਕਾਂਗੇ ਨਹੀਂ। ਤਕਰੀਬਨ ਗਿਆਰਾਂ ਵਜੇ ਕੋਰਟ ਵਿੱਚ ਲਿਜਾਇਆ ਗਿਆ। ਸਾਡੇ ਵਾਸਤੇ ਜੇਲ੍ਹ ਦੇ ਸਾਹਮਣੇ ਹੀ ਸਪੈਸ਼ਲ ਕੋਰਟ ਬਣਾਈ ਗਈ ਸੀ। ਚਾਰੇ ਪਾਸਿਓਂ ਪੁਲਿਸ ਨੇ ਮਸ਼ੀਨਗੰਨਾਂ ਫਿੱਟ ਕਰਕੇ ਘੇਰਿਆ ਹੋਇਆ ਸੀ। ਜਦੋਂ ਸਾਨੂੰ ਕੋਰਟ ਦੇ ਸਾਹਮਣੇ ਬੰਦ ਗੱਡੀ ਵਿੱਚੋਂ ਉਤਾਰਿਆ ਗਿਆ ਤਾਂ ਪੁਲਿਸ ਨੇ ਕਿਹਾ ਕਿ ਜੱਜ ਦਾ ਹੁਕਮ ਹੈ ਜੁੱਤੀਆਂ ਬਾਹਰ ਹੀ ਉਤਾਰ ਦਿਉ। ਅਸੀਂ ਕਿਹਾ ਕਿ ਜੁੱਤੀਆਂ ਤਾਂ ਅਸੀਂ ਉਤਾਰਨੀਆਂ ਨਹੀਂ। ਅਸੀਂ ਜੱਜ ਦੇ ਚਪੜਾਸੀ ਨੂੰ ਬੁਲਾ ਕੇ ਕਿਹਾ ਕਿ ਜੱਜ ਨੂੰ ਕਹਿ ਦੇ ਸਜ਼ਾ ਜੋ ਮਰਜ਼ੀ ਸੁਣਾਵੇ। ਇਹ ਦਿਲ ਵਿੱਚੋਂ ਹੀ ਕੱਢ ਦੇਵੇ ਕਿ ਅਸੀਂ ਉਸ ਦੇ ਜੁੱਤੀ ਲਾਹ ਕੇ ਮਾਰਾਂਗੇ। ਇਸ ਤਰ੍ਹਾਂ ਦੀ ਨੀਚ ਹਰਕਤ ਅਸੀਂ

ਕਦੇ ਨਹੀਂ ਕਰ ਸਕਦੇ। ਫਿਰ ਜੱਜ ਨੇ ਸਾਨੂੰ ਅੰਦਰ ਬੁਲਾ ਲਿਆ। ਫਿਰ ਕੋਰਟ ਵਿੱਚ ਸਾਨੂੰ ਵਕੀਲ ਨੇ ਕਿਹਾ ਕਿ ਤੁਸੀਂ ਕੋਰਟ ਵਿੱਚ ਕੁਝ ਨਾ ਕਹੋ ਪਰ ਅਸੀਂ ਉਸ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਫਿਰ ਸਾਨੂੰ ਜੱਜ ਨੇ ਆਪਣੇ ਕੋਲ ਬੁਲਾਇਆ ਅਤੇ ਕਿਹਾ ਕਿ ਤੁਹਾਨੂੰ ਜਨਰਲ ਅਰੁਣ ਕੁਮਾਰ ਵੈਦਿਆ ਦੇ ਕਤਲ ਕੇਸ ਵਿੱਚ ਦੋਸ਼ੀ ਪਾਇਆ ਗਿਆ ਹੈ ਅਤੇ ਕਾਨੂੰਨ ਦੀਆਂ ਧਾਰਾਵਾਂ ਪੜ੍ਹ ਕੇ ਸੁਣਾ ਦਿੱਤੀਆਂ। ਫਿਰ ਕਿਹਾ ਕਿ ਤੁਸੀਂ ਸਜ਼ਾ ਬਾਰੇ ਕੁਝ ਕਹਿਣਾ ਚਾਹੁੰਦੇ ਹੋ? ਅਸੀਂ ਕਿਹਾ ਕਿ ਹਾਂ। ਸਾਡੀ ਲੜਾਈ ਜ਼ੁਲਮ ਦੇ ਖਿਲਾਫ ਹੈ। ਖ਼ਾਲਿਸਤਾਨ ਵਾਸਤੇ ਇਕ ਤਾਂ ਕੀ, ਇਹੋ ਜਿਹੀਆਂ ਲੱਖਾਂ ਜਿੰਦੜੀਆਂ ਵਾਰ ਦੇਈਏ। ਸਿੱਖ ਮੌਤ ਤੋਂ ਨਹੀਂ ਡਰਦੇ। ਖ਼ਾਲਿਸਤਾਨ ਲਈ ਅਸੀਂ ਖੂਨ ਦਾ ਇਕ ਇਕ ਕਤਰਾ ਵਹਾ ਦਿਆਂਗੇ। ਸਾਨੂੰ ਸਜ਼ਾ ਦੀ ਕੋਈ ਪਰਵਾਹ ਨਹੀਂ, ਸਜ਼ਾ ਤੁਸੀਂ ਕੋਈ ਵੀ ਸੁਣਾ ਸਕਦੇ ਹੋ। ਫਿਰ ਅਸੀਂ ਜੈਕਾਰੇ ਗਜਾਏ। ਖ਼ਾਲਿਸਤਾਨ ਜ਼ਿੰਦਾਬਾਦ ਅਤੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਜ਼ਿੰਦਾਬਾਦ ਦੇ ਨਾਅਰੇ ਲਗਾਏ। ਇਸ ਤੋਂ ਬਾਅਦ ਜੱਜ ਉਠ ਕੇ ਆਪਣੇ ਚੈਂਬਰ ਵਿੱਚ ਚਲਾ ਗਿਆ। ਜੱਜ ਤਕਰੀਬਨ ਸਵਾ ਦੋ ਵਜੇ ਆਇਆ ਅਤੇ ਸਾਨੂੰ ਫ਼ਾਂਸੀ ਦਾ ਇਨਾਮ ਦੇ ਦਿੱਤਾ। ਫ਼ਾਂਸੀ ਦਾ ਇਨਾਮ ਮਿਲਣ ਤੋਂ ਬਾਅਦ ਸਾਡਾ ਮਨ ਤਨ ਖਿੜ ਉਠਿਆ। ਅਸੀਂ ਕਿਹਾ ਕਿ ਜੱਜ ਸਾਹਿਬ, ਅੱਜ ਸਾਡੇ ਵਾਸਤੇ ਬਹੁਤ ਖੁਸ਼ੀਆਂ ਭਰਿਆ ਦਿਨ ਹੈ। ਇਸ ਖੁਸ਼ੀ ਵਿੱਚ ਅਸੀਂ ਸਭ ਆਪ ਨੂੰ ਪਾਰਟੀ ਦੇਣਾ ਚਾਹੁੰਦੇ ਹਾਂ। ਕਿੰਨਾ ਚਿਰ ਜੱਜ ਦੇ ਮੂੰਹ ਵਿੱਚੋਂ ਕੋਈ ਗੱਲ ਨਾ ਨਿਕਲੀ ਅਤੇ ਫਿਰ ਕਹਿੰਦਾ, ਅਗਰ ਪੁਲਿਸ ਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਜਦੋਂ ਜੱਜ ਫੈਸਲਾ ਸੁਣਾ ਰਿਹਾ ਸੀ ਤਾਂ ਉਸ ਦੀ ਆਵਾਜ਼ ਲੜਖੜਾ ਰਹੀ ਸੀ ਅਤੇ ਕਲਮ ਕੰਬ ਰਹੀ ਸੀ। ਕੋਰਟ ਖਚਾਖਚ ਭਰਿਆ ਹੋਇਆ ਸੀ। ਟੀ.ਵੀ., ਰੇਡੀਓ ਅਤੇ ਅਖ਼ਬਾਰਾਂ ਵਾਲੇ ਵੀ ਉਥੇ ਸਨ। ਅਸੀਂ ਜੱਜ ਨੂੰ ਕਿਹਾ ਕਿ ਅਸੀਂ ਇਹਨਾਂ ਨੂੰ ਮਿਲਣਾ ਚਾਹੁੰਦੇ ਹਾਂ ਤਾਂ ਜੱਜ ਕਹਿੰਦਾ, ਪਲੀਜ਼ ਅੱਜ ਰਹਿਣ ਦਿਉ ਫਿਰ ਕਦੀ ਮਿਲ ਲੈਣਾ। ਜੱਜ ਉਠ ਕੇ ਚੈਂਬਰ ਵਿੱਚ ਚਲਾ ਗਿਆ। ਸਾਨੂੰ ਡੰਡਾ, ਬੇੜੀਆਂ, ਹੱਥਕੜੀਆਂ ਅਤੇ ਰਸਿਆਂ ਨਾਲ ਬੰਨ੍ਹ ਕੇ ਵਾਪਸ ਜੇਲ੍ਹ ਵਿੱਚ ਲੈ ਆਏ। ਅਸੀਂ ਜੇਲ੍ਹ ਵਿੱਚ ਆ ਕੇ ਬਰਫੀ ਵੰਡੀ। ਪਰ ਜਦੋਂ ਜੇਲ੍ਹ ਵਾਲਿਆਂ ਨੂੰ ਪਤਾ ਲੱਗਾ ਕਿ ਇਹਨਾਂ ਨੂੰ ਫ਼ਾਂਸੀ ਹੋਈ ਹੈ ਤਾਂ ਬਰਫ਼ੀ ਉਹਨਾਂ ਦੇ ਹੱਥਾਂ ਵਿੱਚ ਹੀ ਫੜੀ ਰਹਿ ਗਈ।

ਵੀਰ ਹਰਜਿੰਦਰ ਸਿੰਘ ਦੇ ਮਾਤਾ ਜੀ, ਵੀਰ ਭੁਪਿੰਦਰ ਸਿੰਘ ਅਤੇ ਹੋਰ ਰਿਸ਼ਤੇਦਾਰ ਇਥੇ ਹੀ ਸਨ। ਦੂਜੇ ਦਿਨ ਇਹ ਸਾਰੇ ਸਾਡੀ ਮੁਲਾਕਾਤ ਕਰਨ ਜੇਲ੍ਹ ਵਿਚ ਆਏ। ਮਾਤਾ ਜੀ ਹੋਰਾਂ ਨੂੰ ਗੁਰਦੁਆਰਾ ਸਾਹਿਬ ਜਾ ਕੇ ਅਖ਼ਬਾਰ ਵਾਲਿਆਂ ਨੂੰ ਦੱਸਿਆ ਕਿ ਆਪ ਜੀ ਦੇ ਪੁੱਤਰ ਨੂੰ ਫ਼ਾਂਸੀ ਹੋ ਗਈ ਹੈ, ਤਾਂ ਮਾਤਾ ਜੀ ਨੇ ਉਸੇ ਵੇਲੇ ਕਿਹਾ ਮੇਰੇ ਪੁੱਤਰਾਂ ਨੇ ਸ਼ੇਰਾਂ ਵਾਲਾ ਕੰਮ ਕੀਤਾ ਹੈ। ਮੇਰੇ ਪੁੱਤਰ ਸ਼ੇਰ ਹਨ। ਸਾਨੂੰ ਖੁਸ਼ੀ ਹੈ ਕਿ ਸਾਡੇ ਪੁੱਤਰ ਕੌਮ ਲਈ ਫ਼ਾਂਸੀ ਚੜ੍ਹ ਰਹੇ ਹਨ। ਇਹ ਅਗਲੇ ਦਿਨ ਅਖ਼ਬਾਰਾਂ ਵਿੱਚ ਵੀ ਆਇਆ ਤਾਂ ਜੇਲ੍ਹ ਵਾਲਿਆਂ ਨੇ ਅਖ਼ਬਾਰ ਪੜ੍ਹ ਕਿ ਕਿਹਾ ਕਿ ਤੁਹਾਡੇ ਮਾਤਾ ਜੀ ਬਹੁਤ ਦਲੇਰ ਹਨ। ਅਸੀਂ ਅੱਜ ਤੱਕ ਇਸ ਤਰ੍ਹਾਂ ਦੇ ਮਾਤਾ ਜੀ ਨਹੀਂ ਵੇਖੇ। ਦੂਜੇ ਦਿਨ ਮਾਤਾ ਜੀ

ਤੇ ਹੋਰ ਸਾਰੇ ਮੁਲਾਕਾਤ ਤੇ ਹਾਰ ਅਤੇ ਬਰਫ਼ੀ ਲੈ ਕੇ ਆਏ। ਆਉਂਦਿਆਂ ਹੀ ਮਾਤਾ ਜੀ ਨੇ ਜੈਕਾਰਾ ਗਜਾਇਆ ਅਤੇ ਸਾਰੇ ਹੀ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਤੀਜੇ ਦਿਨ ਹੀ ਸਾਨੂੰ ਫਿਰ ਹੋਰ ਕੇਸ ਲਈ ਕੋਰਟ ਲੈ ਕੇ ਗਏ ਤਾਂ ਵਕੀਲਾਂ ਨੇ ਕਿਹਾ ਕਿ ਫੈਸਲੇ ਵਾਲੀ ਰਾਤ ਸਾਨੂੰ ਜੱਜ ਨੇ ਕਈ ਵਾਰ ਫ਼ੋਨ ਕੀਤਾ ਕਿ ਮੈਨੂੰ ਨੀਂਦ ਨਹੀਂ ਆ ਰਹੀ। ਮੈਂ ਫ਼ਾਂਸੀ ਨਹੀਂ ਸੀ ਦੇਣਾ ਚਾਹੁੰਦਾ ਪਰ ਮੈਂ ਮਜਬੂਰ ਸੀ। ਮੈਂ ਅੱਜ ਤੱਕ ਕਿਸੇ ਨੂੰ ਵੀ ਫ਼ਾਂਸੀ ਨਹੀਂ ਦਿੱਤੀ।

ਫ਼ਾਂਸੀ ਦਾ ਇਨਾਮ ਮਿਲਣ ਤੋਂ ਬਾਅਦ ਜੇਲ੍ਹ ਸੁਪ੍ਰਿੰਟੈਂਡੈਂਟ ਨੇ ਸਾਨੂੰ ਬਹੁਤ ਵਾਰ ਕਿਹਾ ਕਿ ਤੁਸੀਂ ਸੁਪਰੀਮ ਕੋਰਟ ਅਪੀਲ ਕਰੋ। ਅਸੀਂ ਕਿਹਾ ਕਿ ਇਸ ਤਰ੍ਹਾਂ ਕਦੀ ਹੋ ਨਹੀਂ ਸਕਦਾ ਤੇ ਵਾਰ-ਵਾਰ ਤੁਸੀਂ ਸਾਨੂੰ ਨਾ ਕਿਹਾ ਕਰੋ। ਸਿੱਖ ਕਦੇ ਭੀਖ ਨਹੀਂ ਮੰਗਦੇ। ਤੁਸੀਂ ਇਸ ਤਰ੍ਹਾਂ ਕਿਉਂ ਕਹਿੰਦੇ ਹੋ? ਉਹ ਕਹਿੰਦੇ ਕਾਨੂੰਨੀ ਤੌਰ ਉਤੇ ਅਤੇ ਇਨਸਾਨੀਅਤ ਦੇ ਨਾਤੇ ਅਸੀਂ ਇਸ ਤਰ੍ਹਾਂ ਕਹਿਣਾ ਆਪਣਾ ਫਰਜ਼ ਸਮਝਦੇ ਹਾਂ। ਥੋੜ੍ਹੇ ਦਿਨਾਂ ਬਾਅਦ ਹੀ ਗੰਗਾਨਗਰ ਤੋਂ ਮਾਤਾ ਜੀ, ਪਿਤਾ ਜੀ ਅਤੇ ਹੋਰ ਪਰਿਵਾਰ ਮੁਲਾਕਾਤ ਉਤੇ ਆਇਆ। ਮਾਤਾ ਜੀ ਨੇ ਆਉਂਦਿਆਂ ਹੀ ਜੈਕਾਰਾ ਗਜਾਇਆ ਅਤੇ ਕਹਿੰਦੇ ਕਿ ਪੁੱਤਰੋ, ਸਾਨੂੰ ਪਰਵਾਹ ਨਹੀਂ। ਮਾਤਾ ਜੀ ਨੇ ਦੱਸਿਆ ਕਿ ਸਾਨੂੰ ਕਈ ਲੋਕਾਂ ਨੇ ਕਿਹਾ ਕਿ ਜਾ ਕੇ ਸੁਪਰੀਮ ਕੋਰਟ ਵਿੱਚ ਅਪੀਲ ਕਰੋ, ਪਰ ਅਸੀਂ ਇਹ ਜਵਾਬ ਦਿੱਤਾ ਕਿ ਇਸ ਤਰ੍ਹਾਂ ਅਸੀਂ ਕਦੀ ਨਹੀਂ ਕਰਾਂਗੇ, ਕਿਉਂਕਿ ਸਾਡੇ ਪੁੱਤਰ ਕੌਮ ਲਈ ਫ਼ਾਂਸੀ ਚੜ੍ਹ ਰਹੇ ਹਨ।

ਸ਼ਹੀਦ ਭਾਈ ਜਿੰਦੇ ਤੇ ਸੁੱਖੇ ਵੱਲੋਂ ਵੈਦਿਆ ਦੇ ਕਤਲ ਤੇ ਫ਼ਾਂਸੀ ਤਕ ਦੀਆਂ ਘਟਨਾਵਾਂ ਦਾ ਵੇਰਵਾ :

ਮਈ 3, 1986—ਇਕ ਸਬ-ਇੰਸਪੈਕਟਰ ਰਾਜਸਥਾਨ ਤੋਂ ਐਨਟਾਪ ਹਿੱਲ ਬੰਬਈ ਵਿੱਚ ਆਇਆ ਅਤੇ ਉਸ ਨੇ ਰਿਪੋਰਟ ਕੀਤੀ ਕਿ ਕਥਿਤ ਦੋਸ਼ੀ ਸੁੱਖਾ ਅਤੇ ਇਕ ਹੋਰ ਕਿਸੇ ਘਰ ਵਿੱਚ ਠਹਿਰੇ ਹੋਏ ਹਨ। ਫਿਰ ਵੀ ਸੁੱਖਾ ਅਤੇ ਉਸ ਦੇ ਨਾਲ ਦਾ, ਇਕ ਸਿਪਾਹੀ ਨੂੰ ਕਮਰੇ ਵਿੱਚ ਬੰਦ ਕਰਕੇ ਇਥੋਂ ਬਚ ਨਿਕਲਣ ਵਿੱਚ ਸਫ਼ਲ ਹੋ ਗਏ।

ਮਈ 6, 1986—ਦਲਜੀਤ ਸਿੰਘ ਉਰਫ ਬਿੱਟੂ ਵੱਲੋਂ ਸੰਜੀਵ ਗੁਪਤਾ ਦੇ ਨਾਂ ਹੇਠ ਇਕ ਮੋਟਰ ਸਾਈਕਲ ਖ਼ਰੀਦਿਆ ਗਿਆ, ਜਿਸ ਦਾ ਰਜਿਸਟਰੇਸ਼ਨ ਨੰ: ਐਮ.ਐਫ.ਕੇ. 7548 ਸੀ।

ਜੂਨ 4, 1986—ਸੁੱਖਾਂ ਅਤੇ ਹੋਰਾਂ ਵੱਲੋਂ ਯੂਨੀਅਨ ਬੈਂਕ ਆਫ਼ ਇੰਡੀਆ ਦੀ ਗਨੇਸ਼ਖਿੰਡ ਬਰਾਂਚ ਲੁੱਟਣ ਦੀ ਕੋਸ਼ਿਸ਼ ਕੀਤੀ ਗਈ ਅਤੇ ਦੌੜਦੇ ਸਮੇਂ ਇਕ ਸੇਵਾਦਾਰ ਨੂੰ ਗੋਲੀ ਮਾਰ ਦਿੱਤੀ।

ਜੂਨ 29, 1986—ਸੁੱਖਮਿੰਦਰ ਸਿੰਘ ਉਰਫ ਸੁੱਖੀ ਅਤੇ ਬਲਜਿੰਦਰ ਸਿੰਘ ਉਰਫ ਰਾਜੂ ਪੂਨੇ ਆਏ ਅਤੇ ਉਨ੍ਹਾਂ ਨੇ ਰਿਹਾਇਸ਼ ਦੀ ਤਲਾਸ਼ੀ ਲਈ ਕਿਸੇ ਏਜੰਟ ਨਾਲ ਸੰਪਰਕ ਸਥਾਪਿਤ ਕੀਤਾ। ਸੁਖਵਿੰਦਰ ਸਿੰਘ ਉਰਫ ਸੁੱਖੀ ਰਾਕੇਸ਼ ਸ਼ਰਮਾ ਦੇ ਨਾਂ ਹੇਠ ਇਥੇ ਪਹੁੰਚਿਆ।

ਜੂਨ 30, 1986—ਸੁੱਖੀ ਅਤੇ ਜਸਵਿੰਦਰ ਕੌਰ ਅਮਰੀਕਾ ਚਲੇ ਗਏ, ਉਨ੍ਹਾਂ ਨੇ

ਪ੍ਰਕਾਸ਼ ਰਾਏ ਅਤੇ ਸਵਿਤ੍ਰੀ ਸ਼ਰਮਾ ਦੇ ਨਾਂ ਹੇਠ ਸਫ਼ਰ ਕੀਤਾ।

ਜੁਲਾਈ 18, 1986—ਸੁੱਖੇ ਨੇ ਬਚ ਨਿਕਲਣ ਵਾਸਤੇ ਕਿਸੇ ਹੋਰ ਦੇ ਨਾਂ ਦਾ ਪਾਸਪੋਰਟ ਪ੍ਰਾਪਤ ਕੀਤਾ।

ਅਗਸਤ 3, 1986—ਸੁੱਖਾ ਪ੍ਰਦੀਪ ਕੁਮਾਰ ਦੇ ਨਾਂ ਹੇਠ, ਨਿਰਮਲ ਸਿੰਘ ਉਰਫ ਨਿੰਮਾ ਸੰਦੀਪ ਕੁਮਾਰ ਦੇ ਨਾਂ ਹੇਠ ਅਤੇ ਹਰਜਿੰਦਰ ਸਿੰਘ ਉਰਫ ਜਿੰਦਾ ਰਵੀ ਕੁਮਾਰ ਗੁਪਤਾ ਦੇ ਨਾਂ ਹੇਠ ਮੱਧ ਪ੍ਰਦੇਸ਼ ਦੇ ਦੁਰਗ ਸ਼ਹਿਰ ਵਿੱਚ ਅਵਤਾਰ ਸਿੰਘ ਰੰਧਾਵਾ ਦੇ ਘਰ ਪਹੁੰਚੇ।

ਅਗਸਤ 6, 1986—ਸੁੱਖਾ ਅਤੇ ਜਿੰਦਾ, ਨਿੰਮੇ ਨੂੰ ਦੁਰਗ ਛੱਡ ਕੇ ਬੰਬਈ ਪਹੁੰਚੇ।

ਅਗਸਤ 7, 1986—ਸੁੱਖਾ ਅਤੇ ਜਿੰਦਾ ਪੂਨੇ ਪਹੁੰਚੇ।

ਅਗਸਤ 9, 1986—ਸ੍ਰੀਮਤੀ ਭਾਨੂੰਵਤੀ ਵੈਦਿਆ ਪਤਨੀ ਜਨਰਲ ਵੈਦਿਆ ਨੇ ਕੋਰੇਗਾਓਂ ਪਾਰਕ ਸਥਿਤ ਆਪਣੇ ਘਰ ਦੇ ਨੇੜੇ ਦੋ ਨੌਜਵਾਨਾਂ ਨੂੰ ਵੇਖਿਆ (ਇਸ ਦਾ ਪ੍ਰਗਟਾਵਾ ਸ੍ਰੀਮਤੀ ਵੈਦਿਆ ਨੇ 11 ਅਗਸਤ ਨੂੰ ਜ਼ਖਮੀ ਹਾਲਤ ਵਿੱਚ ਮੈਜਿਸਟਰੇਟ ਸਾਹਮਣੇ ਦਿੱਤੇ ਬਿਆਨ ਵਿੱਚ ਕੀਤਾ)।

ਅਗਸਤ 10, 1986—ਜਨਰਲ ਵੈਦਿਆ ਨੂੰ ਦੋ ਮੋਟਰਸਾਈਕਲ ਸਵਾਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ, ਜਦੋਂ ਉਹ ਬਜ਼ਾਰੋਂ ਖਰੀਦਦਾਰੀ ਕਰਕੇ ਵਾਪਸ ਪਰਤ ਰਿਹਾ ਸੀ।

ਸਤੰਬਰ 7, 1986—ਸੁੱਖਾ ਅਤੇ ਨਿੰਮਾ ਪੂਨੇ ਮੋਟਰਸਾਈਕਲ ਉਤੇ ਹਥਿਆਰ ਲੈਣ ਲਈ ਆਏ ਅਤੇ ਵਾਪਸੀ ਤੇ ਉਹ ਹਾਦਸੇ ਦਾ ਸ਼ਿਕਾਰ ਹੋ ਗਏ।

ਸਤੰਬਰ 24, 1986—ਅਵਤਾਰ ਸਿੰਘ ਰੰਧਾਵਾ ਨੂੰ ਦੁਰਗ (ਐਮ.ਪੀ.) ਵਿੱਚ ਗ੍ਰਿਫ਼ਤਾਰ ਕਰਕੇ ਪੂਨੇ ਲਿਆਂਦਾ ਗਿਆ।

ਸਤੰਬਰ 25, 1986—ਯਾਦਵਿੰਦਰ ਸਿੰਘ ਪੀਰਜ਼ਾਦਾ ਨੂੰ ਕੋਦਾਈਕਨਾਲ ਵਿਖੇ ਗ੍ਰਿਫ਼ਤਾਰ ਕੀਤਾ ਗਿਆ ਤੇ ਪੂਨੇ ਲਿਆਂਦਾ ਗਿਆ।

ਜਨਵਰੀ 14, 1988—ਭਾਈ ਜਿੰਦੇ ਨੂੰ ਦਿੱਲੀ ਵਿੱਚ ਇਕ ਮੁਕਾਬਲੇ ਦੌਰਾਨ ਗ੍ਰਿਫ਼ਤਾਰ ਕਰਕੇ ਜ਼ਖਮੀ ਹਾਲਤ ਵਿੱਚ ਸਟਰੈਚਰ ਉਪਰ ਲਿਆਂਦਾ ਗਿਆ।

ਸਤੰਬਰ 2, 1988—ਭਾਈ ਸੁੱਖਾ, ਭਾਈ ਨਿੰਮਾ, ਯਾਦਵਿੰਦਰ ਸਿੰਘ, ਅਵਤਾਰ ਸਿੰਘ ਰੰਧਾਵਾ, ਭਾਈ ਜਿੰਦਾ ਅਤੇ ਭਗੌੜੇ ਦੋਸ਼ੀ ਸੁਖਵਿੰਦਰ ਸਿੰਘ ਤੇ ਜਸਵਿੰਦਰ ਕੌਰ ਵਿਰੁੱਧ ਦੋਸ਼ ਤਿਆਰ ਕੀਤੇ ਗਏ।

ਘੱਲੂਘਾਰਾ ਜੂਨ 1984 ਵਿੱਚ ਵਿਦੇਸ਼ੀ ਏਜੰਸੀਆਂ ਦੀ ਭੂਮਿਕਾ

ਜੂਨ 1984 ਵਿੱਚ ਵਾਪਰੇ ਨੀਲਾ ਤਾਰਾ ਘੱਲੂਘਾਰੇ ਦੀ ਤੀਹਵੀਂ ਵਰ੍ਹੇਗੰਢ ਦੇ ਐਨ ਮੌਕੇ ਇੰਗਲੈਂਡ ਦੀ ਹਕੂਮਤ ਦੀ ਤਰਫੋਂ ਜੱਗ ਜ਼ਾਹਿਰ ਹੋਈਆਂ ਕੁਝ ਚਿੱਠੀਆਂ ਨੇ ਸਿੱਖ ਕੌਮ ਦੀ ਇਸ ਵਰਤਾਰੇ ਪ੍ਰਤੀ ਸੋਚ-ਦਿਸ਼ਾ ਨੂੰ ਕਾਫੀ ਹੱਦ ਤੱਕ ਪ੍ਰਵਰਤਿਤ ਅਤੇ ਹੋਰ ਡੂੰਘੇਰਾ ਅਧਿਐਨ ਕਰਨ ਲਈ ਮਜਬੂਰ ਜ਼ਰੂਰ ਕੀਤਾ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸ਼ਾਸਨ ਕਾਲ ਅਤੇ ਉਸ ਤੋਂ ਪਹਿਲਾਂ ਰਹੇ ਦੇਸ਼ ਮੁਖੀਆਂ ਦੇ ਰੂਸ ਦੀਆਂ ਖੁਫ਼ੀਆ ਏਜੰਸੀਆਂ ਨਾਲ ਸੰਬੰਧਾਂ ਦੀ ਚਰਚਾ ਤਾਂ ਆਮ ਦਾਨਿਸ਼ਮੰਦਾਂ ਦੀ ਜ਼ੁਬਾਨ ਅਤੇ ਕਲਮਜ਼ਾਰੀ ਦਾ ਹਿੱਸਾ ਰਹੀ ਹੈ ਪਰ ਇਸ ਹਕੂਮਤ ਦੀ ਏਨੇ ਗਹਿਰੇ ਪੱਧਰ ਦੀ ਸ਼ਮੂਲੀਅਤ ਨੇ ਸਿੱਖ ਮਾਨਸਿਕਤਾ ਸੀ ਸੋਚਣੀ ਨੂੰ ਇਸ ਪੱਖ ਉਪਰ ਜ਼ੋਰ ਦੇਣ ਲਈ ਮਜਬੂਰ ਕਰ ਦਿੱਤਾ ਹੈ ਕਿ ਇਸ ਸਮੁੱਚੇ ਵਰਤਾਰੇ ਦੀ ਘਟਨਾ ਦਾ ਬਹੁਦਿਸ਼ਾਵੀ ਅਧਿਐਨ ਜ਼ਰੂਰ ਕਰਨਾ ਪਵੇਗਾ ਤਾਂ ਜੋ ਸਮੁੱਚੀ ਕੌਮ ਨੂੰ ਇਸ ਵਾਕਿਆਤ ਦੀ ਅਸਲੀਅਤ ਤੋਂ ਜਾਣੂ ਕਰਵਾਇਆ ਜਾ ਸਕੇ।

ਰੂਸ ਦੀ ਖੁਫੀਆ ਏਜੰਸੀ ਕੇ.ਜੀ.ਬੀ. ਬਾਰੇ ਤਾਂ ਕਈ ਵਾਰ ਉੱਚ ਪੱਧਰ ਦੀਆਂ ਪ੍ਰਕਾਸ਼ਨਾਵਾਂ ਵਿੱਚ ਜ਼ਿਕਰ ਹੋ ਚੁੱਕਾ ਸੀ ਕਿ ਭਾਰਤੀ ਹਕੂਮਤ ਦਾ ਵਧੇਰੇ ਕਰਕੇ ਮਾਰਗ ਦਰਸ਼ਨ ਉਹੀ ਕਰਦੀ ਸੀ ਅਤੇ ਖਾਸ ਕਰਕੇ ਮਿਸਟਰ ਨਹਿਰੂ ਦੇ ਸਮੇਂ ਤਾਂ ਇਹ ਚਰਚਾ ਕਾਫੀ ਹੱਦ ਤੱਕ ਆਮ ਲੋਕਾਂ ਦੀ ਜ਼ੁਬਾਨ ਉਪਰ ਚੜ੍ਹੀ ਹੋਈ ਸੀ ਕਿਉਂਕਿ ਉਸ ਸਮੇਂ ਰੂਸ ਦੁਨੀਆ ਦੀ ਇਕ ਨੰਬਰ ਤਾਕਤ ਅਮਰੀਕਾ ਦੇ ਮੁੱਖ ਸ਼ਰੀਕ ਵਜੋਂ ਗਿਣਿਆ ਜਾਂਦਾ ਸੀ ਅਤੇ ਗਵਾਂਢੀ ਮੁਲਕ ਪਾਕਿਸਤਾਨ ਇਕ ਤਰ੍ਹਾਂ ਨਾਲ ਅਮਰੀਕਾ ਦਾ ਜ਼ਰਖਰੀਦ ਅੱਡਾ ਹੋਣ ਕਰਕੇ ਸ਼ਾਇਦ ਅਮਰੀਕਾ ਦੇ ਵਿਰੋਧੀ ਰੂਸ ਨਾਲ ਸੁਖਾਵੇਂ ਸੰਬੰਧ ਰੱਖਣੇ ਭਾਰਤੀ ਹਕੂਮਤ ਦੀ ਕੂਟਨੀਤੀ ਦਾ ਇਕ ਹਿੱਸਾ ਵੀ ਸੀ। ਜਿਉਂ ਹੀ ਸਮੇਂ ਸਮੇਂ ਅਨੁਸਾਰ ਰੂਸ ਦੀ ਤਾਕਤ ਘਟਦੀ ਗਈ ਅਤੇ ਉਹ ਆਪਣੀਆਂ ਉਲਝਣਾਂ ਵਿੱਚ ਫਸਦਾ ਗਿਆ, ਭਾਰਤੀ ਕੂਟਨੀਤਕ ਮਾਹਿਰਾਂ ਨੇ ਅਮਰੀਕਾ ਅਤੇ ਬਰਤਾਨੀਆਂ ਵਰਗੀਆਂ ਹੋਰ ਤਾਕਤਾਂ ਨਾਲ ਯਾਰਾਨਾ ਪਾਉਣਾ ਆਰੰਭ ਕਰ ਦਿੱਤਾ ਪਰ ਨਾਲ ਹੀ ਰੂਸ ਤੋਂ ਵੀ ਪੂਰਨ ਰੂਪ ਵਿੱਚ ਕਿਨਾਰਾਕਸ਼ੀ ਨਾ ਕੀਤੀ। ਜੇਕਰ ਉਸ ਸਮੇਂ ਦੇ ਵਾਕਿਆਤ ਉਪਰ ਨਜ਼ਰ ਮਾਰੀਏ ਤਾਂ ਉਸ ਸਮੇਂ ਦੌਰਾਨ ਭਾਰਤੀ ਖੁਫੀਆ ਏਜੰਸੀਆਂ ਦੇ ਉੱਚ ਅਧਿਕਾਰੀਆਂ ਦਾ ਰੂਸੀ ਖੁਫੀਆ

ਏਜੰਸੀ ਦੇ ਅਧਿਕਾਰੀਆਂ ਨਾਲ ਮਿਲਾਪ ਅਤੇ ਕਈ ਤਰ੍ਹਾਂ ਦੇ ਮਿਲਵਰਤਣ ਦਾ ਵੇਰਵਾ ਆਮ ਮਿਲਦਾ ਹੈ ਪਰ ਸਮਾਂ ਬੀਤਣ ਨਾਲ ਜਦੋਂ ਇਹ ਰਾਜ਼ ਜ਼ਾਹਿਰ ਹੋਏ ਕਿ ਰੂਸ ਦੀਆਂ ਕੁਝ ਖੱਬੇ ਪੱਖੀ ਤਾਕਤਾਂ ਭਾਰਤੀ ਨਕਸਲੀਆਂ ਦੀ ਪਿੱਠ ਪੂਰਤੀ ਵੀ ਕਰਦੀਆਂ ਹਨ ਤਾਂ ਇਹਨਾਂ ਸੰਬੰਧਾਂ ਵਿੱਚ ਵੀ ਹੌਲੀ-ਹੌਲੀ ਮਿਠਾਸ ਘਟਣੀ ਆਰੰਭ ਹੋ ਗਈ, ਪਰ ਪੂਰਨ ਰੂਪ ਵਿੱਚ ਖਤਮ ਨਾ ਹੋਈ ਅਤੇ ਭਾਰਤੀ ਹਕੂਮਤ ਦਾ ਹਰ ਅੰਦਰੂਨੀ ਮਸਲੇ ਉਪਰ ਤਕਰੀਬਨ ਰੂਸ ਦੀਆਂ ਏਜੰਸੀਆਂ ਨਾਲ ਰਾਬਤਾ ਕਾਇਮ ਹੀ ਰਿਹਾ। ਦੁਨੀਆਂ ਦੀ ਸਭ ਤੋਂ ਉਚਤਮ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਦੇ ਨਾਲ ਵੀ ਭਾਰਤੀ ਤੰਤਰ ਦੇ ਆਦਾਨ ਪ੍ਰਦਾਨ ਦੀਆਂ ਵਾਰਤਾਵਾਂ ਵੀ ਕਲਮਜ਼ਾਰਾਂ ਦੀ ਕਲਮ ਦਾ ਸ਼ਿੰਗਾਰ ਬਣਦੀਆਂ ਰਹੀਆਂ। ਖ਼ੈਰ ਇਹ ਤਾਂ ਹਰ ਦੇਸ਼ ਦੀਆਂ ਕੂਟਨੀਤਕ ਲੋੜਾਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਕੋਈ ਇਤਰਾਜ਼ ਜਾਇਜ਼ ਨਹੀਂ ਲੱਗਦਾ ਪਰ ਸਿੱਖ ਕੌਮ ਦੇ ਸਮੂਹਿਕ ਕਤਲੇਆਮ ਲਈ ਵਰਤਾਏ ਗਏ ਘੱਲੂਘਾਰੇ ਵਿੱਚ ਬਰਤਾਨੀਆਂ ਸਰਕਾਰ ਦੀ ਸ਼ਮੂਲੀਅਤ ਨੇ ਸਿੱਖ ਕੌਮ ਦਾ ਹਿਰਦਾ ਬੁਰੀ ਤਰ੍ਹਾਂ ਵਲ੍ਹੂੰਧਰ ਕੇ ਰੱਖ ਦਿੱਤਾ ਹੈ ਕਿ ਇਕ ਘੱਟ ਗਿਣਤੀ ਕੌਮ ਨਾਲ ਕੀਤੇ ਏਨੇ ਵੱਡੇ ਵਿਸਾਹਘਾਤ ਵਿੱਚ ਵਿਸ਼ਵ ਦੀ ਉਹ ਤਾਕਤ ਸ਼ਾਮਿਲ ਸੀ ਜਿਹੜੀ ਕਿ ਸਭ ਤੋਂ ਵੱਧ ਇਨਸਾਫ਼ਪਸੰਦ ਹੋਣ ਦਾ ਦਾਅਵਾ ਕਰਦੀ ਹੈ ਅਤੇ ਕਨੂੰਨੀ ਤੌਰ ਉਪਰ ਪਾਰਦਰਸ਼ਤਾ ਦੀ ਹਿਮਾਇਤੀ ਹੋਣ ਦਾ ਦਾਅਵਾ ਅਤੇ ਵਿਖਾਵਾ ਕਰਦੀ ਹੈ।

ਹੋਰ ਵੀ ਦੁਖਦਾਈ ਗੱਲ ਇਹ ਸੀ ਕਿ ਇਹ ਜ਼ੁਲਮ ਉਸ ਕੌਮ ਉਪਰ ਕਮਾਇਆ ਜਾ ਰਿਹਾ ਸੀ ਜਿਸ ਕੌਮ ਨੇ ਪਹਿਲਾਂ ਇਸ ਦੇਸ਼ ਦੀ ਅਜ਼ਾਦੀ ਲਈ ਅਤੇ ਫਿਰ ਅੰਗਰੇਜ਼ ਸਰਕਾਰ ਦੀ ਮਦਦ ਲਈ ਵਿਸ਼ਵ ਯੁੱਧਾਂ ਦੌਰਾਨ ਆਪਣਾ ਖੂਨ ਪਾਣੀ ਦੀ ਤਰ੍ਹਾਂ ਡੋਲ੍ਹਿਆ ਸੀ ਪਰ ਜਦੋਂ ਇਸ ਕੌਮ ਦੇ ਹਿੱਤਾਂ ਦੀ ਗੱਲ ਆਈ ਤਾਂ ਵਿਸ਼ਵ ਦੀਆਂ ਉਹ ਦੋਵੇਂ ਤਾਕਤਾਂ ਹੀ ਇਸ ਦੇ ਖਿਲਾਫ ਭੁਗਤੀਆਂ ਜਿਨ੍ਹਾਂ ਦਾ ਵਜੂਦ ਹੀ ਇਸ ਕੌਮ ਦੀਆਂ ਕੁਰਬਾਨੀਆਂ ਸਦਕਾ ਸੀ ਅਤੇ ਜਿਸ ਕੌਮ ਦੀ ਤਾਰੀਫ਼ ਵਿਲਸਨ ਚਰਚਿਲ ਨੇ ਵੀ ਕੀਤੀ ਸੀ ਕਿ ਜੇ ਅੰਗਰੇਜ਼ ਸਰਕਾਰ ਦਾ ਵਜੂਦ ਕਾਇਮ ਹੈ ਤਾਂ ਉਹ ਸਿੱਖਾਂ ਦੀਆਂ ਕੁਰਬਾਨੀਆਂ ਦੇ ਸਦਕਾ ਹੈ।

ਹੁਣ ਜੇਕਰ ਜੂਨ 1984 ਦੇ ਘੱਲੂਘਾਰੇ ਦੌਰਾਨ ਬਰਤਾਨਵੀ ਹਕੂਮਤ ਦੀ ਸ਼ਮੂਲੀਅਤ ਅਤੇ ਉਸ ਸਮੇਂ ਦੇ ਵਿਸ਼ਵ ਦੇ ਅਤੇ ਭਾਰਤ ਦੇ ਰਾਜਨੀਤਕ ਸਮੀਕਰਣਾਂ ਵੱਲ ਝਾਤੀ ਮਾਈਏ ਤਾਂ ਕਈ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ ਕਿ 1985 ਵਿਚ ਲੋਕ ਸਭਾ ਦੀਆਂ ਚੋਣਾਂ ਆ ਰਹੀਆਂ ਸਨ, ਦੇਸ਼ ਵਿੱਚ ਇੰਦਰਾ ਵਿਰੋਧੀ ਪੂਰੀ ਲਹਿਰ ਚੱਲ ਰਹੀ ਸੀ ਅਤੇ ਇਸ ਵਾਰ ਇੰਦਰਾ ਗਾਂਧੀ ਨੂੰ ਹਾਰ ਜਾਣ ਦਾ ਪੂਰਾ ਖੌਫ਼ ਸੀ। ਇਸ ਵਾਰ ਇਹਨਾਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਉਸ ਕੋਲ ਕੋਈ ਐਸੀ ਜਾਦੂ ਦੀ ਛੜੀ ਨਹੀਂ ਸੀ ਜਿਸ ਨੂੰ ਵਰਤਿਆ ਜਾਵੇ ਅਤੇ ਨਾ ਹੀ ਕੋਈ ਐਸਾ ਪ੍ਰੋਗਰਾਮ ਸੀ ਜਿਹੜਾ ਕਿ ਇਸ ਦੇਸ਼ ਦੀ ਜਨਤਾ ਨੂੰ ਪ੍ਰਭਾਵਿਤ ਕਰਕੇ ਉਸ ਨੂੰ ਜੇਤੂ ਹੋਣ ਦਾ ਮਾਣ ਦਿਵਾ ਸਕੇ। ਪਹਿਲਾਂ ਐਮਰਜੈਂਸੀ, ਫਿਰ ਜੂਨ 1984 ਤੋਂ ਲੈ ਕੇ ਨਵੰਬਰ 1984, ਬਾਬਰੀ

ਮਸਜਿਦ ਦੇ ਢਾਹੁਣ ਤੋਂ ਲੈ ਕੇ ਗੁਜਰਾਤ ਕਤਲੇਆਮ ਤੱਕ ਦੇ ਸਾਰੇ ਵਾਕਿਆਤ ਅਤੇ ਦੇਸ਼ ਦੇ ਸਿਆਸੀ ਸਮੀਕਰਣਾਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਪੱਖ ਸਪੱਸ਼ਟ ਹੋ ਜਾਂਦਾ ਹੈ ਕਿ ਜਿਹੜੀ ਵੀ ਹਕੂਮਤ ਕਿਸੇ ਘੱਟ ਗਿਣਤੀ ਉਪਰ ਦੇਸ਼ ਅਤੇ ਹਿੰਦੂ ਧਰਮ ਨੂੰ ਖਤਰੇ ਦਾ ਨਾਅਰਾ ਦੇ ਕੇ ਜ਼ੁਲਮ ਜਾਂ ਕਤਲੇਆਮ ਕਰਦੀ ਹੈ, ਬਹੁਗਿਣਤੀ ਉਸ ਦੇ ਹੱਕ ਵਿੱਚ ਭੁਗਤਦੀ ਹੈ। ਪਹਿਲਾਂ ਇੰਦਰਾ ਨੇ ਸ੍ਰੀਲੰਕਾ ਦੇ ਤਾਮਿਲਾਂ ਨੂੰ ਵਰਤਣ ਦੀ ਸਕੀਮ ਬਾਰੇ ਸੋਚਿਆ ਅਤੇ ਇਸ ਸਾਜ਼ਿਸ਼ ਹੇਠ ਉਸ ਨੇ ਸ੍ਰੀਲੰਕਾ ਦੇ ਤਾਮਿਲਾਂ ਨੂੰ ਹਥਿਆਰ ਦੇ ਕੇ ਅਤੇ ਫਿਰ ਉਥੇ ਗੜਬੜ ਫੈਲਾ ਕੇ ਉਸ ਮੁਲਕ 'ਤੇ ਹਮਲਾ ਕਰ ਕੇ 1971 ਵਾਂਗ ਬੰਗਲਾ ਦੇਸ਼ ਵਰਗੇ ਖਿੱਤੇ ਦੀ ਸਥਾਪਤੀ ਦਾ ਖਾਕਾ ਤਿਆਰ ਕੀਤਾ ਪਰ ਦੱਖਣ ਭਾਰਤ ਦੇ ਲੋਕਾਂ ਦੇ ਧਾਰਮਿਕ ਅਤੇ ਜਾਤੀਵਾਦੀ ਖਿਆਲਾਂ ਦੇ ਮੱਦੇ-ਨਜ਼ਰ ਉਸ ਨੇ ਇਹ ਖਿਆਲ ਤਿਆਗ ਦਿੱਤਾ। ਉਸ ਨੇ ਮਹਿਸੂਸ ਕੀਤਾ ਕਿ ਜੇ ਤਾਮਿਲਾਂ ਨੂੰ ਇਕ ਮੁਲਕ ਮਿਲ ਗਿਆ ਤਾਂ ਉਹ ਭਾਰਤ ਦੇ ਦੱਖਣ ਵਿੱਚ ਤਾਮਿਲਨਾਡੂ ਅਤੇ ਫਿਰ ਸਾਰੇ ਦੱਖਣੀ ਮੁਲਕ ਨੂੰ ਆਜ਼ਾਦ ਕਰਵਾਉਣ ਦਾ ਮਾਰਗ ਇਖਤਿਆਰ ਕਰਨਗੇ ਅਤੇ ਆਜ਼ਾਦ ਮੁਲਕ ਹੋਣ ਕਰਕੇ ਚੀਨ ਜਾਂ ਕਿਸੇ ਹੋਰ ਤਾਕਤ ਦੀ ਮਦਦ ਨਾਲ ਸੌਖਿਆਂ ਆਜ਼ਾਦ ਕਰਵਾ ਲੈਣਗੇ। ਦੂਜਾ ਉਸ ਕੋਲ ਉਸ ਸਮੇਂ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਮੇਜਰ ਜਨਰਲ ਸ਼ੁਬੇਗ ਸਿੰਘ ਵਰਗੇ ਜਾਂਬਾਜ਼ ਜਰਨੈਲਾਂ ਦੀ ਵੀ ਅਣਹੋਂਦ ਸੀ ਜਿਹੜੇ ਕਿ ਹਰ ਮੁਸ਼ਕਿਲ ਦਾ ਖਿੜੇ ਮੱਥੇ ਮੁਕਾਬਲਾ ਕਰ ਸਕਣ। ਉਸ ਕੋਲ ਦੂਜਾ ਖਿਆਲ ਅਤੇ ਨੀਤੀ ਪਾਕਿਸਤਾਨ ਨਾਲ ਜੰਗ ਛੇੜਣ ਦੀ ਸੀ ਪਰ ਉਸ ਨੀਤੀ ਦਾ ਇਕ ਪੱਖ ਇਹ ਵੀ ਕਿ ਜੇਕਰ ਪਾਕਿਸਤਾਨ ਨੇ ਪੰਜਾਬ ਵਿਚ ਕੁਝ ਇਲਾਕਾ ਕਬਜ਼ੇ ਵਿਚ ਲੈ ਲਿਆ ਤਾਂ ਉਹ ਬੰਗਲਾ ਦੇਸ਼ ਦਾ ਬਦਲਾ ਲੈਣ ਵਾਸਤੇ ਖਾਲਿਸਤਾਨ ਵੀ ਬਣਾ ਸਕਦਾ ਹੈ। ਇਸ ਦਾ ਅਧਿਐਨ ਕਰਦੇ ਸਰਦਾਰ ਅਜਮੇਰ ਸਿੰਘ ਇਕ ਖਿਆਲ ਦਿੰਦੇ ਹਨ ਕਿ ਇੰਦਰਾ ਗਾਂਧੀ ਨੂੰ ਹਕੂਮਤ ਵਿੱਚ ਆਉਣ ਵਿੱਚ ਕੋਈ ਐਸਾ ਪੱਤਾ ਹੀ ਮਦਦ ਕਰ ਸਕਦਾ ਸੀ ਜਿਹੜਾ ਕਿਸੇ ਘੱਟ ਗਿਣਤੀ ਦੇ ਘਾਣ ਨਾਲ ਜੁੜਿਆ ਹੋਵੇ। ਇਸਲਾਮੀ ਅਤੇ ਇਸਾਈ ਧਰਮਾਂ ਉਪਰ ਜੇਕਰ ਇਹ ਵਰਤਾਰਾ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਤਾਂ ਵਿਸ਼ਵ ਵਿਆਪੀ ਪੱਧਰ ਉਪਰ ਉਹਨਾਂ ਕੌਮੀਅਤਾਂ ਦੇ ਕਈ ਆਜ਼ਾਦ ਮੁਲਕ ਹੋਣ ਕਰਕੇ ਉਹ ਫਿਰ ਕਿਸੇ ਨਾ ਕਿਸੇ ਅਜੀਬ ਕੁੜਿੱਕੀ ਵਿੱਚ ਫਸਦੀ ਸੀ। ਉਸ ਕੋਲ ਹਿੰਦੂ ਬਹੁਗਿਣਤੀ ਦੀ ਹਿਮਾਇਤ ਪ੍ਰਾਪਤ ਕਰਨ ਦਾ ਇਕ ਹੀ ਰਸਤਾ ਰਹਿ ਗਿਆ ਸੀ ਕਿ ਪੰਜਾਬ ਵਿੱਚ ਗੜਬੜ ਪੈਦਾ ਕੀਤੀ ਜਾਵੇ ਅਤੇ ਹਿੰਦੂਆਂ ਸਿੱਖਾਂ ਵਿੱਚ ਦਰਾਰ ਪੈਦਾ ਕਰਕੇ ਇਸ ਖਤਰਨਾਕ ਅੱਗ ਉਪਰ ਸਿਆਸੀ ਰੋਟੀਆਂ ਸੇਕੀਆਂ ਜਾਣ ਅਤੇ ਇਹ ਕਾਰਜ ਕਾਫੀ ਸੌਖਾ ਵੀ ਸੀ ਕਿ ਕਿਉਂ ਸਿੱਖਾਂ ਦੀ ਸੋਚ ਵਿਹੂਣੀ ਲੀਡਰਸ਼ਿੱਪ ਅਤੇ ਪੰਜਾਬ ਦੇ ਵਧੇਰੇ ਤੁਅੱਸਬੀ ਹਿੰਦੂ ਇਸ ਕਾਰਜ ਲਈ ਸਹਿਜੇ ਹੀ ਵਰਤੇ ਜਾ ਸਕਦੇ ਸਨ ਅਤੇ ਪੰਜਾਬ ਨਾਲ ਹੋਈਆਂ ਧੱਕੇਸ਼ਾਹੀਆਂ ਦਾ ਸੰਤਾਪ ਭੋਗ ਰਿਹਾ ਪੰਜਾਬ ਦਾ ਆਮ ਸਿੱਖ ਵਰਗ ਪਹਿਲਾਂ ਹੀ ਨਿਰਾਸ਼ਾ ਦੇ ਆਲਮ ਵਿੱਚ ਸੀ। ਸਰਕਾਰੀ ਸ਼ਹਿ ਪ੍ਰਾਪਤ ਨਰਕਧਾਰੀ ਗੁੰਡਿਆਂ ਦੀਆਂ ਕਾਰਵਾਈਆਂ ਨੇ ਸਿੱਖ ਮਾਨਸਿਕਤਾ

ਦੇ ਧਾਰਮਿਕ ਪੱਖ ਨੂੰ ਵੀ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੋਇਆ ਸੀ ਅਤੇ ਸਾਜ਼ਿਸ਼ੀ ਵਿਧੀ ਨਾਲ਼ ਸਿੱਖਾਂ ਉਪਰ ਤਸ਼ੱਦਦ ਦੀਆਂ ਕਾਰਵਾਈਆਂ ਦਾ ਵਿਰੋਧ ਕਰਨ ਕਰਕੇ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਦਾ ਉਭਾਰ ਵੀ ਕੌਮੀ ਨਾਇਕ ਵਜੋਂ ਹੋ ਰਿਹਾ ਸੀ। ਸੰਤ ਜਰਨੈਲ ਸਿੰਘ ਜੀ ਕਿਸੇ ਤਰ੍ਹਾਂ ਨਾਲ ਕਿਸੇ ਮਜ਼ਲੂਮ, ਮਾਸੂਮ, ਬੇਗੁਨਾਹ ਅਤੇ ਆਮ ਹਿੰਦੂ ਦੇ ਕਤਲ ਦੇ ਖਿਲਾਫ਼ ਸਨ ਪਰ ਇਸ ਮਕਸਦ ਵਾਸਤੇ ਉਸ ਨੇ 'ਥਰਡ ਏਜੰਸੀ' ਕਾਇਮ ਕੀਤੀ ਅਤੇ ਉਸ ਰਾਹੀਂ ਪੰਜਾਬ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਇਸ ਏਜੰਸੀ ਨੇ ਸਿੱਖਾਂ ਵਿਚ ਆਪਣੇ ਏਜੰਟ ਵਾੜ ਕੇ ਹਥਿਆਰਬੰਦ ਕਾਰਵਾਈਆਂ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਹਿੰਦੂ ਸਿੱਖਾਂ ਅੰਦਰ ਦਰਾਰ ਪੈਦਾ ਕੀਤੀ। ਜ਼ਿਕਰਯੋਗ ਹੈ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਕਿਸੇ ਵੀ ਕੌਮੀਅਤ ਦੇ ਖਿਲਾਫ ਨਹੀਂ ਸਨ ਬਲਕਿ ਉਹ ਤਾਂ ਹਰ ਹਿੰਦੂ ਨੂੰ ਸੱਚਾ ਹਿੰਦੂ ਅਤੇ ਹਰ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਦਾ ਉਪਦੇਸ਼ ਦਿੰਦੇ ਸਨ ਪਰ ਜੇਕਰ ਉਸ ਸਮੇਂ ਦੇ ਵਰਤਾਰੇ ਦਾ ਅਧਿਐਨ ਕਰੀਏ ਤਾਂ ਹੈਰਾਨ ਰਹਿ ਜਾਈਦਾ ਹੈ ਕਿ ਭਾਰਤੀ ਹਕੂਮਤ ਦੇ ਰਾਜਸੀ ਕਰਿੰਦਿਆਂ ਵਲੋਂ ਏਨੇ ਭੜਕਾਊ ਬਿਆਨ ਦਿੱਤੇ ਗਏ ਜੋ ਕਿਸੇ ਕੌਮੀਅਤ ਦੀ ਅਣਖ ਨੂੰ ਵੰਗਾਰ ਕੇ ਸੰਘਰਸ਼ ਲਈ ਉਕਸਾ ਰਹੇ ਸਨ ਪਰ ਇਸ ਦਾ ਨਾ ਤਾਂ ਪ੍ਰਸ਼ਾਸਨ ਨੇ ਅਤੇ ਨਾ ਹੀ ਮੀਡੀਏ ਨੇ ਕੋਈ ਐਕਸ਼ਨ ਲਿਆ ਪਰ ਜੇਕਰ ਸੰਤ ਜਰਨੈਲ ਸਿੰਘ ਖਾਲਸਾ ਸਿੱਖ ਹੱਕਾਂ ਦੀ ਗੱਲ ਕਰਦੇ ਤਾਂ ਉਹਨਾਂ ਦੇ ਬਿਆਨ ਨੂੰ ਫਿਰਕਾਪ੍ਰਸਤੀ ਦੀ ਰੰਗਤ ਦੇ ਕੇ ਪ੍ਰਕਾਸ਼ਿਤ ਕੀਤਾ ਜਾਂਦਾ। ਸੋ ਇਹ ਸਮਝਣ ਵਿਚ ਕੋਈ ਮੁਸ਼ਕਿਲ ਨਹੀਂ ਰਹਿ ਜਾਂਦੀ ਕਿ ਸਾਰਾ ਭਾਰਤੀ ਤੰਤਰ ਹੀ ਐਸਾ ਮਾਹੌਲ ਸਿਰਜ ਰਿਹਾ ਸੀ ਜਿਸ ਵਿੱਚ ਸਿੱਖ ਕੌਮ ਅਤੇ ਖਾਸ ਕਰਕੇ ਸੰਤ ਜਰਨੈਲ ਸਿੰਘ ਜੀ ਨੂੰ ਵੱਧ ਤੋਂ ਵੱਧ ਬਦਨਾਮ ਅਤੇ ਹਰ ਕਾਰਵਈ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕੇ। ਇਸ ਏਜੰਸੀ ਦੀਆਂ ਕਾਰਵਾਈਆਂ ਨੂੰ ਉਦੋਂ ਹੋਰ ਕਾਮਯਾਬੀ ਮਿਲੀ ਜਦੋਂ ਇਸ ਨੇ ਹਿੰਦੂ ਸਿੱਖ ਫ਼ਸਾਦ ਕਰਵਾਉਣ ਵਿੱਚ ਕਾਮਯਾਬੀ ਹਾਸਿਲ ਕਰ ਲਈ। ਇਸ ਵਿਚ ਉਸ ਦੀ ਸਭ ਤੋਂ ਵਧ ਮਦਦ ਹਿੰਦੂ ਮੀਡੀਆ ਨੇ ਕੀਤੀ; ਕਿਉਂਕਿ ਬਹੁਤ ਸਾਰੇ ਅਖ਼ਬਾਰ ਨਵੀਸ ਤਾਂ ਪਹਿਲਾਂ ਹੀ ਫ਼ਿਰਕੂ ਸਨ ਤੇ ਹੁਣ ਹੋਰ ਵੀ ਬਹੁਤ ਸਾਰੇ ਇਸ਼ਤਿਹਾਰਾਂ ਰਾਹੀਂ ਤੇ ਹੋਰ ਲਾਲਚਾਂ ਤੇ ਪੈਂਤੜਿਆਂ ਰਾਹੀਂ ਖਰੀਦੇ ਜਾ ਚੁਕੇ ਸਨ।

ਜਦ ਇੰਦਰਾ ਗਾਂਧੀ ਪੰਜਾਬ ਵਿੱਚ ਐਸਾ ਮਾਹੌਲ ਸਿਰਜਣ ਵਿੱਚ ਕਾਮਯਾਬ ਹੋ ਗਈ ਤਾਂ ਉਸ ਨੇ 1983 ਵਿੱਚ, ਭਾਰਤੀ ਫ਼ੌਜ ਦੇ ਉਦੋਂ ਦੇ ਮੁਖੀ, ਲੈਫ਼ਟੀਨੈਂਟ ਜਨਰਲ ਐਸ.ਕੇ. ਸਿਨਹਾ ਨੂੰ ਕਿਹਾ ਕਿ ਉਹ ਏ.ਪੀ.ਸੀ ਸਕਾਟ-50 ਬਖਤਰਬੰਦ ਗੱਡੀਆਂ ਵਰਤ ਕੇ ਮਹਿਤਾ ਚੌਕ ਉਪਰ ਹਮਲਾ ਬੋਲ ਦੇਣ ਅਤੇ ਸੰਤ ਜਰਨੈਲ ਸਿੰਘ ਨੂੰ ਜ਼ਲੀਲ ਕਰਕੇ ਗ੍ਰਿਫਤਾਰ ਕਰਨ, ਪਰ ਉਸ ਇਮਾਨਦਾਰ ਪੁਰਸ਼ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਬਿਨਾਂ ਕਿਸੇ ਦੋਸ਼ ਦੇ ਕਿਸੇ ਉਪਰ ਇਹ ਜ਼ੁਲਮ ਕਿਵੇਂ ਕੀਤਾ ਜਾ ਸਕਦਾ ਹੈ। ਉਸ ਤੋਂ ਬਾਅਦ ਇੰਦਰਾ ਗਾਂਧੀ ਨੇ ਉਸ ਕੋਲੋਂ ਬਖਤਰਬੰਦ ਗੱਡੀਆਂ ਦੀ ਮੰਗ ਕੀਤੀ ਕਿ ਉਹ ਇਸ ਕਾਰਵਾਈ ਦੌਰਾਨ ਨੀਮ ਫੌਜੀ ਬਲਾਂ ਦੀ ਵਰਤੋਂ ਕਰ ਲਵੇਗੀ ਪਰ ਜਨਰਲ

ਸਿਨਹਾ ਨੇ ਇਸ ਤੋਂ ਵੀ ਇਨਕਾਰ ਕਰ ਦਿੱਤਾ। ਤੀਸਰੀ ਵਾਰ ਜਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਪੱਕੇ ਤੌਰ ਉਪਰ ਸ੍ਰੀ ਹਰਿਮੰਦਰ ਸਾਹਿਬ ਚਲੇ ਗਏ ਤਾਂ ਪ੍ਰਧਾਨ ਮੰਤਰੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਪਲਾਨ ਤਿਆਰ ਕਰਨ ਵਾਸਤੇ ਕਿਹਾ। ਪਰ ਉਸ ਨੇ ਉਲਟਾ ਇੰਦਰਾ ਨੂੰ ਇਹ ਹਰਕਤ ਨਾ ਕਰਨ ਦੀ ਸਲਾਹ ਦਿੱਤੀ ਸੀ। ਇਸ ਨਾਂਹ ਕਰਨ ਮਗਰੋਂ ਜਨਰਲ ਸਿਨਹਾ ਨੂੰ ਇਹ ਅਹੁਦਾ ਛੱਡਣਾ ਪਿਆ (ਹਥਲੀ ਕਿਤਾਬ ਵਿੱਚ ਇਸ ਸਾਰੇ ਵਾਕਿਆਤ ਦਾ ਜ਼ਿਕਰ ਜਨਰਲ ਸਿਨਹਾ ਦੀ ਜ਼ੁਬਾਨੀ ਹੈ)। ਇਸ ਤੋਂ ਬਾਅਦ ਇੰਦਰਾ ਗਾਂਧੀ ਕੁਝ ਸਮਾਂ ਇਸ ਮਸਲੇ ਬਾਰੇ ਬਾਹਰੋਂ ਤਾਂ ਸ਼ਾਂਤ ਰਹੀ ਪਰ ਅੰਦਰੋ-ਅੰਦਰੀ ਇਸ ਬਾਰੇ ਕੋਈ ਨਾ ਕੋਈ ਯੋਜਨਾ ਤਿਆਰ ਕਰਨ ਵਿੱਚ ਰੁਝੀ ਰਹੀ। ਇਸ ਮਗਰੋਂ ਉਸ ਨੇ ਜਨਰਲ ਵੈਦਿਆ ਨੂੰ ਭਾਰਤੀ ਫ਼ੌਜ ਦਾ ਮੁਖੀ ਬਣਾ ਦਿੱਤਾ ਅਤੇ ਨਾਲ ਹੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਤਿਆਰੀ ਆਰੰਭਣ ਲਈ ਕਿਹਾ ਤਾਂ ਵੈਦਿਆ ਨੇ ਇਸ ਲਈ ਹਾਮੀ ਭਰ ਦਿੱਤੀ। ਇਸ ਸਾਰੀ ਹਮਲਾ ਯੋਜਨਾ ਉਪਰ ਅਮਲ ਸ਼ੁਰੂ ਕਰ ਦਿੱਤਾ ਗਿਆ ਅਤੇ ਦੇਹਰਾਦੂਨ ਦੇ ਕੋਲ ਚਕਰਾਤਾ ਦੇ ਅਸਥਾਨ ਉਪਰ ਹਰਿਮੰਦਰ ਸਾਹਿਬ ਦਾ ਮਾਡਲ ਤਿਆਰ ਕਰਕੇ ਭਾਰਤੀ ਫੌਜ ਅਤੇ ਸਪੈਸ਼ਲ ਫਰੰਟੀਅਰ ਸਕੁਐਡ ਦੇ ਕਮਾਂਡੋਆਂ ਦੀਆਂ ਮਸਨੂਈ ਜੰਗੀ ਮਸ਼ਕਾਂ ਆਰੰਭ ਕਰ ਦਿੱਤੀਆਂ ਗਈਆਂ।

ਇੰਦਰਾ ਗਾਂਧੀ ਵਲੋਂ ਭਾਰਤੀ ਫੌਜ ਦੇ ਮੁਖੀ ਨੂੰ ਪੂਰੀ ਤਰ੍ਹਾਂ ਨਾਲ ਹਮਲੇ ਪ੍ਰਤੀ ਆਪਣੇ ਭਰੋਸੇ ਵਿੱਚ ਲਏ ਜਾਣ ਤੋਂ ਬਾਅਦ ਵਿਦੇਸ਼ੀ ਹਕੂਮਤਾਂ ਨਾਲ ਰਾਬਤਾ ਕਾਇਮ ਕਰਨਾ ਆਰੰਭ ਕੀਤਾ ਜਿਨ੍ਹਾਂ ਵਿੱਚ ਰੂਸ, ਇੰਗਲੈਂਡ ਅਤੇ ਇਸਰਾਈਲ, ਅਮਰੀਕਾ ਆਦਿਕ ਸ਼ਾਮਲ ਸਨ। ਦਰਅਸਲ ਇੰਦਰਾ ਗਾਂਧੀ ਨੂੰ ਪਤਾ ਸੀ ਕਿ ਜਿਸ ਅੱਗ ਨਾਲ ਉਹ ਖੇਡਣ ਜਾ ਰਹੀ ਹੈ ਜੇਕਰ ਇਸ ਮੌਕੇ ਦਾ ਫਾਇਦਾ ਪਾਕਿਸਤਾਨ ਵਰਗੇ ਕਿਸੇ ਮੁਲਕ ਨੇ ਉਠਾ ਲਿਆ ਤਾਂ ਸਾਰੀ ਬਾਜ਼ੀ ਪੁੱਠੀ ਵੀ ਪੈ ਸਕਦੀ ਸੀ ਪਰ ਇਹ ਗੱਲ ਵੱਖਰੀ ਸੀ ਪਾਕਿਸਤਾਨ ਏਨਾ ਸ਼ਕਤੀਸ਼ਾਲੀ ਮੁਲਕ ਨਹੀਂ ਸੀ ਜੋ ਕਿ ਭਾਰਤ ਦੇ ਅੰਦਰੂਨੀ ਹਾਲਾਤ ਦੀ ਰੱਦੋਬਦਲ ਦਾ ਫਾਇਦਾ ਉਠਾ ਸਕੇ ।

ਵਿਦੇਸ਼ੀ ਸਰਕਾਰਾਂ ਨਾਲ ਕੂਟਨੀਤਕ ਸੰਬੰਧਾਂ ਦਾ ਆਧਾਰ ਵੀ ਖਰੀਦੋ ਫਰੋਖਤ ਅਤੇ ਆਰਥਿਕ ਮੁੱਦਿਆਂ ਉਪਰ ਹੀ ਅਧਾਰਿਤ ਹੁੰਦਾ ਹੈ ਅਤੇ ਇੰਦਰਾ ਨੇ ਇਸ ਮਦਦ ਬਦਲੇ ਇਨ੍ਹਾਂ ਤਿੰਨਾਂ ਹੀ ਸਰਕਾਰਾਂ ਨੂੰ ਉਨ੍ਹਾਂ ਕੋਲੋਂ ਹਥਿਆਰ ਖ਼ਰੀਦਣ ਵਾਸਤੇ ਵੱਡੇ ਆਰਡਰ ਦੇਣ ਦੀ ਪੇਸ਼ਕਸ਼ ਕੀਤੀ। ਕਿਸੇ ਕਲਮਜ਼ਾਰ ਦਾ ਖਿਆਲ ਹੈ ਕਿ ਰੂਸ ਤਾਂ ਪਹਿਲਾਂ ਹੀ ਇੰਦਰਾ ਦੀ ਮਦਦ ਕਰ ਰਿਹਾ ਸੀ, ਇਸ ਕਰਕੇ ਉਹ ਤਾਂ ਇਕ ਦਮ ਮੰਨ ਗਿਆ। ਇਸ ਮਗਰੋਂ ਇੰਦਰਾ ਗਾਂਧੀ ਨੇ ਰਾਅ ਦੇ ਦੋ ਅਫ਼ਸਰ ਮਾਸਕੋ ਭੇਜੇ ਜਿੱਥੇ ਉਨ੍ਹਾਂ ਨੇ ਰੂਸ ਦੀ ਖ਼ੁਫ਼ੀਆ ਏਜੰਸੀ ਕੇ.ਜੀ.ਬੀ. ਅਤੇ ਰੂਸੀ ਫ਼ੌਜ ਦੇ ਸੀਨੀਅਰ ਜਰਨੈਲਾਂ ਨਾਲ ਬਹੁਤ ਸਾਰੀਆਂ ਮੁਲਕਾਤਾਂ ਕੀਤੀਆਂ ਤੇ ਸਿਖਲਾਈ ਹਾਸਿਲ ਕੀਤੀ। ਮਗਰੋਂ ਇਹ ਰੂਸੀ ਅਫ਼ਸਰ ਦਿੱਲੀ ਵੀ ਜਾਂਦੇ ਰਹੇ ਤੇ ਦਰਬਾਰ ਸਾਹਿਬ 'ਤੇ ਹਮਲੇ ਦੀ ਪਲਾਨ ਬਣਾਉਣ ਵਿਚ ਅਗਵਾਈ ਦੇਂਦੇ ਰਹੇ। ਇੰਵ ਹੀ ਰਾਅ ਦੇ ਦੋ ਅਫ਼ਸਰ ਜੇਰੂਸ਼ਲਮ ਵੀ ਗਏ ਤੇ ਇਸਰਾਈਲ

ਦੀ ਖ਼ੁਫ਼ੀਆ ਏਜੰਸੀ 'ਮੌਸਾਦ' ਤੋਂ ਵੀ ਸਲਾਹ ਲਈ।

ਬਰਤਾਨੀਆ ਦੇ ਡੇਵਿਡ ਬਰਕਲੇ ਦੀ ਲਿਖਤ ਜੋ ਕਿ 9 ਨਵੰਬਰ, 1983 ਦੀ ਹੈ, ਵਿੱਚ ਭਾਰਤੀ ਰੱਖਿਆ ਮੰਤਰੀ ਦੀ ਇੰਗਲੈਂਡ ਦੀ ਪ੍ਰਧਾਨ ਮੰਤਰੀ ਨਾਲ ਹੋਈ ਗੱਲਬਾਤ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਹ ਵੀ ਜ਼ਿਕਰ ਹੈ ਕਿ ਇਹ ਗੱਲਬਾਤ 7 ਨਵੰਬਰ ਨੂੰ ਸ਼ਾਮ ਦੇ 6:10 ਮਿੰਟ ਉਪਰ ਬਹੁਤ ਹੀ ਸੁਖਾਵੇਂ ਅਤੇ ਮਿੱਤਰਤਾ ਭਰਪੂਰ ਵਾਤਾਵਰਨ ਵਿੱਚ ਹੋਈ। ਇੰਗਲੈਂਡ ਦੀ ਪ੍ਰਧਾਨ ਮੰਤਰੀ ਵਲੋਂ ਭਾਰਤ ਨਾਲ ਸੁਖਾਵੇਂ ਸੰਬੰਧਾਂ ਦਾ ਯਕੀਨ ਦਿਵਾਇਆ ਗਿਆ ਅਤੇ ਫੌਜੀ ਅਤੇ ਰੱਖਿਆਤਮਕ ਵਸੀਲਿਆਂ ਵਿੱਚ ਆਦਾਨ-ਪ੍ਰਦਾਨ ਦਾ ਜ਼ਿਕਰ ਕੀਤਾ ਗਿਆ। ਭਾਰਤੀ ਰੱਖਿਆ ਮੰਤਰੀ ਨੇ ਇੱਛਾ ਜ਼ਾਹਿਰ ਕੀਤੀ ਕਿ ਉਹ ਇੰਗਲੈਂਡ ਤੋਂ ਸੀ-ਕਿੰਗ ਹੈਲੀਕਾਪਟਰ ਅਤੇ ਸੀ-ਈਗ਼ਲ ਮਿਜ਼ਾਇਲਾਂ ਖਰੀਦਣਾ ਚਾਹੁੰਦਾ ਹੈ ਅਤੇ ਉਸ ਵਲੋਂ ਜ਼ਮੀਨ ਤੋਂ ਜ਼ਮੀਨ ਤੱਕ ਮਾਰ ਕਰਨ ਵਾਲੀਆਂ ਸੀ-ਈਗ਼ਲ ਮਿਜ਼ਾਇਲਾਂ ਵਿੱਚ ਖਾਸ ਦਿਲਚਸਪੀ ਵਿਖਾਈ ਗਈ ਹੈ। ਸੋ ਇਸ ਚਿੱਠੀ ਵਿਚਲੀ ਵਾਰਤਾਲਾਪ ਅਤੇ ਵਿਸ਼ੇ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਹਕੂਮਤ ਨੇ ਵਿਦੇਸ਼ੀ ਤਾਕਤਾਂ ਨੂੰ ਮਹਿੰਗੇ ਹਥਿਆਰਾਂ ਦੇ ਸੌਦਿਆਂ ਦਾ ਲਾਲਚ ਦੇ ਕੇ ਆਪਣੇ ਪੱਖ ਪੂਰਤੀ ਵਾਸਤੇ ਇਕ ਕਤਾਰਬੰਦੀ ਸ਼ੁਰੂ ਕਰ ਦਿੱਤੀ ਸੀ ਅਤੇ ਇਸ ਕਰਕੇ ਹੀ ਇਸ ਤੋਂ ਬਾਅਦ ਦੀਆਂ ਚਿੱਠੀਆਂ ਵਿੱਚ ਅਜਿਹੇ ਖੁਲਾਸੇ ਹੋਏ ਜਿਨ੍ਹਾਂ ਤੋਂ ਇਸ ਘੱਲੂਘਾਰੇ ਵਿੱਚ ਬਰਤਾਨਵੀ ਹਕੂਮਤ ਦੀ ਸ਼ਮੂਲੀਅਤ ਦਾ ਪਾਜ ਉਘੜ ਗਿਆ ਪਰ ਇਹ ਵੀ ਸਪਸ਼ਟ ਹੋ ਗਿਆ ਕਿ ਇਸ ਸਾਰੇ ਦਾ ਪਿਛਲਾ ਕਾਰਨ ਰੱਖਿਆਤਮਕ ਸੌਦਿਆਂ ਵਿਚਲਾ ਲਾਲਚ ਅਤੇ ਹਥਿਆਰਾਂ ਦੀ ਖਰੀਦੋ-ਫਰੋਖਤ ਹੀ ਸੀ।

ਇਸ ਘੱਲੂਘਾਰੇ ਦੌਰਾਨ ਅਹਿਮ ਅਤੇ ਹੈਰਾਨਕੁੰਨ ਸ਼ਮੂਲੀਅਤ ਇੰਗਲੈਂਡ ਦੀ ਪ੍ਰਾਈਮ ਮਨਿਸਟਰ ਮਾਰਗਰੇਟ ਥੈਚਰ ਦੀ ਸੀ। ਭਾਵੇਂ ਕਿ ਇੰਦਰਾ ਗਾਂਧੀ ਦਾ ਨਿਸ਼ਾਨਾ ਉਸ ਦੇ ਦਮਨਚੱਕਰ ਦੌਰਾਨ ਸਿਰ ਚੁੱਕਣ ਵਾਲੀ ਸਿੱਖ ਕੌਮ ਨੂੰ ਸਬਕ ਸਿਖਾਉਣਾ ਅਤੇ ਆਪਣੇ ਸਿਆਸੀ ਵਿਰੋਧੀਆਂ ਨੂੰ ਖਤਮ ਕਰਨਾ ਸੀ ਪਰ ਮਾਰਗਰੇਟ ਥੈਚਰ ਨੇ ਭਾਰਤ ਤੋਂ ਹਥਿਆਰਾਂ ਦਾ ਵੱਡਾ ਆਰਡਰ ਹਾਸਿਲ ਕਰਨ ਵਾਸਤੇ, ਇਕ ਮੁਲਕ ਦੇ ਅੰਦਰੂਨੀ ਮਸਲੇ ਵਿਚ ਆਪਣੀ ਫ਼ੌਜ ਦਾ ਦਖ਼ਲ ਦੇਣ ਦਾ ਫ਼ੈਸਲਾ ਕਰ ਲਿਆ। ਬਰਤਾਨੀਆਂ ਦੀ ਪ੍ਰਧਾਨ ਮੰਤਰੀ ਦਾ ਫੈਸਲਾ ਦੂਰਅੰਦੇਸ਼ੀ ਅਤੇ ਅੰਤਰ-ਰਾਸ਼ਟਰੀ ਨੀਤੀਆਂ ਦੀ ਉਲੰਘਣਾ ਸੀ ਜਿਸ ਦੀ ਕਿਸੇ ਪੱਖੋਂ ਵੀ ਹਿਮਾਇਤ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਕਿਸੇ ਦ੍ਰਿਸ਼ਟੀਕੋਣ ਤੋਂ ਜਾਇਜ਼ ਠਹਿਰਾਇਆ ਜਾ ਸਕਦਾ ਹੈ।

ਜਦੋਂ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਭਾਰਤੀ ਹਕੂਮਤ ਨੂੰ ਮਦਦ ਦੇਣ ਲਈ ਤਿਆਰ ਹੋ ਗਈ ਤਾਂ ਇਸ ਹਕੂਮਤ ਦੇ ਬਰਤਾਨਵੀ ਫ਼ੌਜੀ ਅਫ਼ਸਰਾਂ ਦਾ ਦਰਬਾਰ ਸਾਹਿਬ ਆ ਕੇ ਸੂਹਾਂ ਲੈਣ ਅਤੇ ਪਲਾਨ ਤਿਆਰ ਕਰਨ ਦਾ ਜ਼ਿਕਰ ਭਾਰਤ ਸਰਕਾਰ ਦੇ 'ਕੈਬਨਿਟ ਸੈਕਟਰੀਏਟ ਦੇ ਐਡੀਸ਼ਨ ਸੈਕਟਰੀ' ਅਤੇ ਕੁਝ ਚਿਰ ਭਾਰਤ ਦੀ ਖ਼ੁਫ਼ੀਆ ਏਜੰਸੀ 'ਰਾਅ' ਦੇ ਕੁਝ ਸਮਾਂ ਮੁਖੀ ਰਹੇ ਬੀ. ਰਮਨ (1936-2013) ਨੇ ਆਪਣੀ ਕਿਤਾਬ 'ਦ ਕਾਓਬੁਆਏਜ਼ ਆਫ਼ ਰਾਅ' ਵਿਚ ਵੀ ਕੀਤਾ ਹੈ। ਉਹ ਲਿਖਦਾ ਹੈ ਕਿ ਮਾਰਗਰੇਟ ਥੈਚਰ

ਨੇ ਬਰਤਾਨੀਆ ਦੀ ਖ਼ੁਫ਼ੀਆ ਏਜੰਸੀ 'ਐਮ. ਆਈ. 5' ਦੇ ਦੋ ਅਫ਼ਸਰ ਭਾਰਤ ਸਰਕਾਰ ਦੀ ਬੇਨਤੀ ਉਪਰ ਭਾਰਤ ਭੇਜੇ ਸਨ। ਰਮਨ ਦੇ ਅਨੁਸਾਰ ਇਹ ਅਧਿਕਾਰੀ ਉਸ ਸਮੇਂ ਦੇ ਰਾਅ ਮੁਖੀ ਅਤੇ ਇੰਦਰਾ ਗਾਂਧੀ ਦੇ ਵਿਸ਼ੇਸ਼ ਸਲਾਹਕਾਰ ਰਮੇਸ਼ਵਰ ਨਾਥ ਕਾਓ ਦੁਆਰਾ ਮਦਦ ਲੈਣ ਲਈ ਬੁਲਾਏ ਗਏ। ਰਾਅ ਦੇ ਇਕ ਅਧਿਕਾਰੀ ਐਮ.ਪੀ. ਚੌਧਰੀ ਦਾ ਕਥਨ ਹੈ ਕਿ ਪਲਾਨ ਤਾਂ ਪੂਰੀ ਤਰ੍ਹਾਂ ਨਾਲ ਭਾਰਤੀ ਫੌਜ ਨੇ ਤਿਆਰ ਕੀਤਾ ਸੀ ਪਰ ਜੇਕਰ ਵਿਦੇਸ਼ੀ ਹਕੂਮਤ ਤੋਂ ਮਦਦ ਲਈ ਗਈ ਹੈ ਤਾਂ ਉਹ ਬਹੁਤ ਹੀ ਉਚ ਦਰਜੇ ਦਾ ਮਾਮਲਾ ਹੈ ਜਿਹੜਾ ਕਿ ਸਾਡੀ ਜਾਣਕਾਰੀ ਤੋਂ ਬਾਹਰ ਹੈ। ਭਾਵੇਂ ਕਿ ਭਾਰਤੀ ਫੌਜ ਦੇ ਸਾਬਕਾ ਜਨਰਲ ਕੁਲਦੀਪ ਬਰਾੜ ਨੇ ਸਾਰੀ ਯੋਜਨਾ ਨੂੰ ਭਾਰਤੀ ਫੌਜ ਦੀ ਯੋਜਨਾ ਦੱਸਿਆ ਹੈ ਪਰ ਬਰਤਾਨੀਆਂ ਸਰਕਾਰ ਦੀਆਂ ਜ਼ਾਹਿਰ ਹੋਈਆਂ ਇਹਨਾਂ ਚਿੱਠੀਆਂ ਦੇ ਤੱਥਾਂ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਹੈ। ਇਹ ਤਾਂ ਜ਼ਰੂਰ ਹੋ ਸਕਦਾ ਹੈ ਕਿ ਬਰਾੜ ਜੋ ਕਿ ਹਮਲੇ ਦੌਰਾਨ ਪੱਛਮੀ ਕਮਾਂਡ ਦਾ ਮੁਖੀ ਸੀ ਉਸ ਤੱਕ ਇਹ ਜਾਣਕਾਰੀ ਨਾ ਪਹੁੰਚਾਈ ਗਈ ਹੋਵੇ ਅਤੇ ਇਹ ਸਾਰੀ ਵਾਰਤਾਲਾਪ ਬਹੁਤ ਹੀ ਉੱਚ ਪੱਧਰ ਦੀ ਹੋਵੇ ਜਿਸ ਨੂੰ ਫੌਜੀ ਅਧਿਕਾਰੀਆਂ ਤੋਂ ਗੁਪਤ ਰੱਖਿਆ ਗਿਆ ਹੋਵੇ। ਰਮਨ ਦੀ ਕਿਤਾਬ ਅਨੁਸਾਰ ਦੋ ਬਰਤਾਨਵੀ ਅਧਿਕਾਰੀ ਸੈਲਾਨੀਆਂ ਦੇ ਰੂਪ ਵਿੱਚ ਦਰਬਾਰ ਸਾਹਿਬ ਦਰਸ਼ਨਾਂ ਦੇ ਬਹਾਨੇ ਆਏ ਅਤੇ ਉਹਨਾਂ ਨੇ ਸਮੁੱਚੇ ਹਾਲਾਤ ਦਾ ਜਾਇਜ਼ਾ ਲੈ ਕੇ ਭਾਰਤੀ ਹਕੂਮਤ ਨੂੰ ਇਹ ਸਲਾਹ ਦਿੱਤੀ ਕਿ ਕਿਸੇ ਸੂਰਤ ਵਿੱਚ ਕਿਸੇ ਬਲ ਦੀ ਵਰਤੋਂ ਜੰਾ ਹਮਲਾ ਨਾ ਕੀਤਾ ਜਾਵੇ। ਹੋ ਸਕਦਾ ਹੈ ਕਿ ਇਹ ਤੱਥ ਠੀਕ ਵੀ ਹੋਵੇ ਪਰ ਇੰਦਰਾ ਗਾਂਧੀ ਦਾ ਨਿਸ਼ਾਨਾ ਤਾਂ ਆਪਣੇ ਸਿਆਸੀ ਵਿਰੋਧੀਆਂ ਨੂੰ ਖਤਮ ਕਰਕੇ ਸੱਤਾ ਹਾਸਿਲ ਕਰਨਾ ਸੀ ਅਤੇ ਮਾਰਗਰੇਟ ਥੈਚਰ ਦਾ ਨਿਸ਼ਾਨਾ ਹਥਿਆਰਾਂ ਦੇ ਸੌਦਿਆਂ ਵਿਚੋਂ ਆਪਣੇ ਦੇਸ਼ ਲਈ ਆਰਥਿਕ ਵਸੀਲੇ ਜੁਟਾਉਣਾ ਸੀ ਪਰ ਕਿਸੇ ਘੱਟ ਗਿਣਤੀ ਕੌਮ ਦੇ ਹਿੱਤਾਂ ਦਾ ਖਿਆਲ ਤਾਂ ਕਿਸੇ ਨੂੰ ਵੀ ਨਹੀਂ ਸੀ ..ਦੂਸਰੇ ਪਾਸੇ ਇੰਦਰਾ ਗਾਂਧੀ ਵਲੋਂ ਵੀ ਵਿਦੇਸ਼ੀ ਅਧਿਕਾਰੀਆਂ ਤੋਂ ਰਾਏ ਲੈਣਾ ਕੇਵਲ ਇਸ ਘਿਨਾਉਣੇ ਕਤਲੇਆਮ ਵਿੱਚ ਰਸਮੀ ਪ੍ਰਵਾਨਗੀ ਹੀ ਸੀ ਤਾਂ ਜੋ ਇਸ ਖੂਨੀ ਵਰਤਾਰੇ ਤੋਂ ਬਾਅਦ ਵਿਸ਼ਵ ਵਿਆਪੀ ਪੱਧਰ ਉਪਰ ਉਸ ਦੇ ਖਿਲਾਫ ਕੋਈ ਜ਼ਲਜ਼ਲਾ ਨਾ ਭੜਕੇ।

ਥੈਚਰ ਨੇ ਅਧਿਕਾਰੀਆਂ ਦੀ ਰਾਇ ਦਾ ਸ਼ਾਇਦ ਕੋਈ ਖਾਸ ਖਿਆਲ ਨਾ ਕੀਤਾ ਅਤੇ ਫਿਰ ਮਾਰਗਰੇਟ ਥੈਚਰ ਨੇ ਦੇਰ ਵੀ ਨਹੀਂ ਲਾਈ ਅਤੇ ਇੰਦਰਾ ਗਾਂਧੀ ਦੀ ਸਾਜ਼ਿਸ਼ ਵਿਚ ਇਕ ਦਮ ਹੀ ਸ਼ਾਮਿਲ ਹੋ ਗਈ। ਏਨੇ ਵੱਡੇ ਦੇਸ਼ ਦੀ ਪ੍ਰਧਾਨ ਮੰਤਰੀ ਹੋਣ ਦੇ ਬਾਵਜੂਦ ਨਾ ਤਾਂ ਉਸ ਨੇ ਪਤਾ ਕੀਤਾ ਕਿ ਇੰਦਰਾ ਗਾਂਧੀ ਦਾ ਅਸਲ ਮਨਸ਼ਾ ਕੀ ਹੈ? ਇਸ ਵਰਤਾਰੇ ਦਾ ਸਮੁੱਚੇ ਵਿਸ਼ਵ ਦੇ ਅਗਲੇਰੇ ਭਵਿੱਖ ਉਪਰ ਕੀ ਅਸਰ ਪਵੇਗਾ ਅਤੇ ਇਸ ਸਾਰੀ ਘਟਨਾ ਦੀ ਪਿਛੇ ਕਿਹੜੀ ਨੀਤੀ ਕਾਰਜ਼ਸ਼ੀਲ ਹੈ? ਇਸ ਤਰ੍ਹਾਂ ਦੀ ਕਿਸੇ ਕੌਮ ਦੇ ਘਾਣ ਦੀ ਪ੍ਰਕ੍ਰਿਆ ਨਾਲ ਵਿਸ਼ਵ ਭਾਈਚਾਰੇ ਦੇ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਤਾਂ ਨਹੀਂ ਹੋਵੇਗੀ ? ਸਮਾਂ ਪਾ ਕੇ ਜੇਕਰ ਇਹ ਕੌੜਾ ਸੱਚ ਸਾਹਮਣੇ ਆਇਆ ਤਾਂ ਇਕ ਦੇਸ਼ ਭਗਤ

ਅਤੇ ਅਮਨਪਸੰਦ ਕੌਮ ਦੇ ਹਿਰਦੇ ਉਪਰ ਕੀ ਬੀਤੇਗੀ, ਜਿਸ ਕੌਮ ਨੇ ਗੋਰਿਆਂ ਦੀ ਰਾਖੀ ਲਈ ਵੀ ਵਿਸ਼ਵ ਜੰਗਾਂ ਦੌਰਾਨ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ।

ਮਾਰਗਰੇਟ ਥੈਚਰ ਦੀ ਇਸ ਕਾਰਵਾਈ ਦਾ ਰਾਜ਼ ਹੁਣ ਤੀਹ ਸਾਲ ਬਾਅਦ ਜ਼ਾਹਿਰ ਹੋਈਆਂ ਚਿੱਠੀਆਂ ਨੇ ਖੋਲ੍ਹ ਦਿੱਤਾ ਹੈ । 6 ਫ਼ਰਵਰੀ, 1984 ਦੀ ਚਿੱਠੀ ਬਰਾਇਨ ਹਾਲ ਜੋ ਕਿ ਵਿਦੇਸ਼ ਮੰਤਰੀ ਮਿਸਟਰ ਹੌਵੇ ਦਾ ਪ੍ਰਾਈਵੇਟ ਸੈਕਟਰੀ ਸੀ, ਦੀ 3 ਫ਼ਰਵਰੀ ਦੀ ਚਿੱਠੀ ਦੇ ਜਵਾਬ ਵਿਚ ਹੈ। ਇਹ ਚਿੱਠੀ ਐਫ਼.ਈ.ਆਰ. ਬਟਲਰ ਜੋ ਕਿ ਮਾਰਗਰੇਟ ਥੈਚਰ ਦਾ ਨਿਜੀ ਸਕੱਤਰ ਸੀ, ਵੱਲੋਂ ਲਿਖੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ "ਸਾਨੂੰ ਦਿੱਲੀ ਤੋਂ ਗੁਜ਼ਾਰਿਸ਼ ਆਈ ਹੈ ਕਿ ਇੰਦਰਾ ਗਾਂਧੀ ਨਾਲ ਅਸਹਿਮਤੀ ਰੱਖਣ ਵਾਲੇ ਸਿੱਖਾਂ ਨੂੰ ਦਰਬਾਰ ਵਿਚੋਂ ਕੱਢਣ ਵਾਸਤੇ ਸਲਾਹ ਦਿੱਤੀ ਜਾਵੇ।" ਇਸ ਚਿੱਠੀ ਮੁਤਾਬਿਕ ਥੈਚਰ ਨੇ ਵਿਦੇਸ਼ ਸੈਕਟਰੀ ਨੂੰ ਉਸ ਵੱਲੋਂ ਭਾਰਤ ਸਰਕਾਰ ਦੀ ਮਦਦ ਵਾਸਤੇ ਬਣਾਏ ਢੰਗ ਤਰੀਕੇ ਨੂੰ ਪ੍ਰਵਾਨ ਕਰ ਲਿਆ ਹੈ ਅਤੇ ਆਪਣੇ ਰੱਖਿਆ ਸਲਾਹਕਾਰ ਅਤੇ ਅਧਿਕਾਰੀ ਦਿੱਲੀ ਭੇਜਣ ਵਾਸਤੇ ਕਿਹਾ।

ਦੂਜੀ ਚਿੱਠੀ, 23 ਫ਼ਰਵਰੀ 1984 ਦੀ ਹੈ ਜੋ ਬੀ.ਜੇ.ਪੀ. ਫ਼ਾਲ ਜੋ ਕਿ ਵਿਦੇਸ਼ ਮੰਤਰੀ ਮਿਸਟਰ ਹੌਵੇ ਦਾ ਨਿਜੀ ਸਕੱਤਰ ਹੈ, ਵੱਲੋਂ ਹਿਊ ਟੇਲਰ ਜੋ ਕਿ ਗ੍ਰਹਿ ਸਕੱਤਰ ਲਿਓਨ ਬ੍ਰਿਟਨ ਦਾ ਪ੍ਰਾਈਵੇਟ ਸਕੱਤਰ ਸੀ, ਨੂੰ ਲਿਖੀ ਗਈ ਹੈ। ਇਸ ਦਾ ਸਿਰਲੇਖ ਹੀ "ਸਿੱਖ ਕਮਿਊਨਿਟੀ" ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਹਰਿਮੰਦਰ ਸਾਹਿਬ 'ਤੇ ਕਾਰਵਾਈ ਕਰਨ ਦੀ ਤਰਕੀਬ ਸਬੰਧੀ, ਸਾਡੀ ਸਰਕਾਰ ਦਾ ਇਕ ਖੁਫੀਆ ਵਿਭਾਗ ਦਾ ਇਕ ਅਫ਼ਸਰ, ਦੇਸ਼ ਦੀ ਪ੍ਰਧਾਨ ਮੰਤਰੀ ਥੈਚਰ ਦੀ ਪ੍ਰਵਾਨਗੀ ਨਾਲ, ਭਾਰਤ ਗਿਆ ਸੀ ਅਤੇ ਉਸ ਨੇ ਇਕ ਯੋਜਨਾ ਤਿਆਰ ਕੀਤੀ ਸੀ ਜਿਸ ਨੂੰ ਭਾਰਤੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਮਨਜ਼ੂਰੀ ਦਿੱਤੀ ਸੀ। ਭਾਰਤ ਸਰਕਾਰ ਸਾਡੇ ਅਫ਼ਸਰ ਦੀ ਯੋਜਨਾ ਉਪਰ ਜਲਦੀ ਹੀ ਕਾਰਵਾਈ ਕਰੇਗੀ। ਇਸ ਕਾਰਵਾਈ ਉਪਰੰਤ ਪੰਜਾਬ ਵਿਚ ਫ਼ਿਰਕੂ ਫ਼ਸਾਦ ਭੜਕਣਗੇ ਅਤੇ ਇਸ ਦਾ ਪ੍ਰਭਾਵ ਇੰਗਲੈਂਡ ਵਿੱਚ ਰਹਿੰਦੇ ਭਾਰਤੀ ਲੋਕਾਂ ਉਪਰ ਵੀ ਪਵੇਗਾ, ਖ਼ਾਸ ਕਰਕੇ ਜੇ ਇਹ ਕਿਤੇ ਜ਼ਾਹਿਰ ਹੋ ਗਿਆ ਕਿ ਇੰਗਲੈਂਡ ਦੀ ਖੁਫੀਆ ਏਜੰਸੀ ਦਾ ਅਫ਼ਸਰ ਇਸ ਵਿੱਚ ਸ਼ਾਮਿਲ ਸੀ। ਉਪਰੋਕਤ ਤੱਥਾਂ ਤੋਂ ਇਸ ਨੂੰ ਸਮਝਣ ਵਿੱਚ ਕੋਈ ਕਮੀ ਨਹੀਂ ਰਹਿ ਜਾਂਦੀ ਕਿ ਇਸ ਘੱਲੂਘਾਰੇ ਦੀ ਯੋਜਨਾ ਵਿੱਚ ਬਰਤਾਨਵੀ ਸਰਕਾਰ ਦਾ ਪੂਰਾ ਹੱਥ ਸੀ ਅਤੇ ਭਾਰਤੀ ਫੌਜ ਵਲੋਂ ਵਰਤਾਏ ਇਸ ਕਹਿਰ ਪਿੱਛੇ ਵਿਦੇਸ਼ ਦੀਆਂ ਖੁਫੀਆ ਏਜੰਸੀਆਂ ਵੀ ਕਾਰਜਸ਼ੀਲ ਸਨ।

ਇਸ ਤੋਂ ਬਾਅਦ ਇਹ ਵੀ ਜ਼ਾਹਿਰ ਹੋ ਗਿਆ ਸੀ ਕਿ ਇੰਦਰਾ ਗਾਂਧੀ ਦੀ ਸਰਕਾਰ ਨੇ ਇੰਗਲੈਂਡ ਵੱਲੋਂ ਮਿਲੀ ਮਦਦ ਦਾ ਇਵਜ਼ਾਨਾ ਦੇਣ ਵਾਸਤੇ ਉਸ ਤੋਂ ਅਰਬਾਂ ਰੁਪੈ ਦਾ ਅਸਲਾ ਖ਼ਰੀਦਿਆ ਸੀ। ਜੂਨ 1984 ਵਿਚ ਹੀ ਇੰਦਰਾ ਗਾਂਧੀ ਨੇ ਵੈਸਟਲੈਂਡ ਹੈਲੀਕਾਪਟਰ ਖਰੀਦਣ ਵਾਸਤੇ 6 ਕਰੋੜ 50 ਲੱਖ ਪੌਂਡ ਦਾ ਆਰਡਰ ਦਿੱਤਾ ਸੀ।

ਸੋ ਇਹਨਾਂ ਸਬੂਤਾਂ ਦੀ ਰੋਸ਼ਨੀ ਵਿੱਚ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਘੱਲੂਘਾਰੇ

ਲਈ ਬਹੁਤ ਹੀ ਵੱਡੇ ਪੱਧਰ ਦੀ ਯੋਜਨਾ ਤਿਆਰ ਕੀਤੀ ਗਈ ਸੀ ਅਤੇ ਇਕ ਨਹੀਂ ਬਲਕਿ ਹੋਰ ਵੀ ਕਈ ਦੇਸ਼ਾਂ ਦੀਆਂ ਸਰਕਾਰਾਂ ਅਤੇ ਖੁਫੀਆ ਏਜੰਸੀਆਂ ਨੂੰ ਭਰੋਸੇ ਵਿੱਚ ਲਿਆ ਗਿਆ ਸੀ। ਸਿੱਖ ਕੌਮ ਦੇ ਇਸ ਘਾਣ ਵਿੱਚ ਕੇਵਲ ਰਾਜਸੀ ਹਿੱਤ ਆਰਥਿਕ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਹੀ ਫੈਸਲੇ ਲਏ ਗਏ ਅਤੇ ਮਨੁੱਖੀ ਅਧਿਕਾਰਾਂ ਦਾ ਕੋਈ ਵੀ ਖਿਆਲ ਨਾ ਰੱਖਿਆ ਗਿਆ, ਦੂਸਰੇ ਪਾਸੇ ਸਮੁੱਚੀ ਕੌਮ ਨੂੰ ਵੀ ਇਹਨਾਂ ਤੱਥਾਂ ਵੱਲ ਖਾਸ ਧਿਆਨ ਦੇਣਾ ਪਵੇਗਾ ਕਿ ਅਜੋਕੇ ਸਮੇਂ ਕੇਵਲ ਤੇ ਕੇਵਲ ਹਥਿਆਰਬੰਦ ਸੰਘਰਸ਼ ਹੀ ਸੱਤਾ ਪ੍ਰਾਪਤੀ ਦਾ ਸਾਧਨ ਨਹੀਂ ਹੈ, ਅੱਜ ਕੱਲ ਵਧੇਰੇ ਲੋੜ ਵਿਸ਼ਵ ਵਿਆਪੀ ਪੱਧਰ ਦੀਆਂ ਕੂਟਨੀਤੀਆਂ ਨੂੰ ਸਮਝਣ ਦੀ ਹੈ ਤਾਂ ਜੋ ਅੰਤਰ-ਰਾਸ਼ਟਰੀ ਕਾਨੂੰਨਾਂ ਦੇ ਦਾਇਰੇ ਅੰਦਰ ਰਹਿੰਦਿਆਂ ਸੁਨਹਿਰੇ ਕੌਮੀ ਭਵਿੱਖ ਦੀ ਘਾੜਤ ਘੜੀ ਜਾ ਸਕੇ।

ਰਾਜੀਵ-ਲੌਂਗੋਵਾਲ ਸਮਝੌਤਾ

ਰਾਜੀਵ ਲੌਂਗੋਵਾਲ ਸਮਝੌਤਾ ਸਿੱਖ ਮਸਲਿਆਂ ਨਾਲ ਸੰਬੰਧਿਤ ਇਕ ਐਸਾ ਦਸਤਾਵੇਜ਼ ਹੈ ਜਿਸ ਦੇ ਬਾਰੇ ਹਰ ਸਿੱਖ ਨੂੰ ਪਤਾ ਹੋਣਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਭਾਵੇਂ ਇਹ ਸਮਝੌਤਾ ਕਰਨ ਸਮੇਂ ਹਰਚੰਦ ਸਿੰਘ ਲੌਂਗੋਵਾਲ ਨੇ ਪੂਰੀ ਸਿੱਖ ਕੌਮ ਜਾਂ ਫਿਰ ਉਸ ਸਮੇਂ ਦੀ ਜੁਝਾਰੂ ਲੀਡਰਸ਼ਿਪ ਜਿਸ ਦਾ ਬਹੁਤ ਹੀ ਵੱਡਾ ਨੁਕਸਾਨ ਹੋਇਆ ਸੀ, ਉਸ ਨੂੰ ਵੀ ਭਰੋਸੇ ਵਿੱਚ ਨਹੀਂ ਲਿਆ ਸੀ ਅਤੇ ਭਾਰਤ ਸਰਕਾਰ ਨੇ ਵੀ ਇਸ ਸਮਝੌਤੇ ਦੇ ਪਰਦੇ ਹੇਠ ਸਿੱਖਾਂ ਦੇ ਹੱਕਾਂ ਦਾ ਪੂਰੀ ਤਰ੍ਹਾਂ ਘਾਣ ਕੀਤਾ। ਨਾ ਤਾਂ ਇਹ ਸਮਝੌਤਾ ਪੰਜਾਬ ਦੇ ਹੱਕਾਂ ਦੀ ਗੱਲ ਕਰਦਾ ਸੀ ਅਤੇ ਨਾ ਹੀ ਪੰਜਾਬ ਦੇ ਪਾਣੀਆਂ ਦੀ। ਪਾਠਕ ਆਪ ਹੀ ਇਸ ਸਮਝੌਤੇ ਦੀਆਂ ਮੱਦਾਂ ਨੂੰ ਪੜ੍ਹ ਕੇ ਅੰਦਾਜ਼ਾ ਲਗਾ ਸਕਦੇ ਹਨ ਕਿ ਕਿਸ ਤਰ੍ਹਾਂ ਨਾਲ ਭਾਰਤੀ ਹਕੂਮਤ ਨੇ ਆਪਣੀ ਸ਼ਾਤਰ ਚਾਲ ਵਿੱਚ ਸਿੱਖ ਆਗੂਆਂ ਨੂੰ ਫਸਾ ਲਿਆ ਅਤੇ ਸਾਡੇ ਆਗੂ ਵੀ ਏਨੇ ਨਿਕੰਮੇ ਸਾਬਿਤ ਹੋਏ ਕਿ ਕੌਮ ਦੇ ਹੱਕਾਂ ਦੀ ਅਣਦੇਖੀ ਕਰਨ ਵਿਚ ਕੋਈ ਕਸਰ ਨਾ ਛੱਡੀ। ਭਾਵੇਂ ਕਿ ਇਹ ਸਮਝੌਤਾ ਸਿੱਖ ਕੌਮ ਦੇ ਹੱਕਾਂ ਦੀ ਪੂਰਤੀ ਨਹੀਂ ਕਰਦਾ ਸੀ ਪਰ ਫਿਰ ਵੀ ਸਰਕਾਰ ਵਲੋਂ ਵੀ ਅਜੇ ਤੱਕ ਕਿਸੇ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ।

1. ਨਿਰਦੋਸ਼ ਮਾਰੇ ਗਏ ਵਿਅਕਤੀਆਂ ਦਾ ਮੁਆਵਜ਼ਾ

ਅੰਦੋਲਨ ਦੌਰਾਨ ਜਾਂ 1-8-1982 ਮਗਰੋਂ ਕਿਸੇ ਵੀ ਕਾਰਵਾਈ ਦੌਰਾਨ ਨਿਰਦੋਸ਼ ਮਾਰੇ ਗਏ ਵਿਅਕਤੀਆਂ ਦੇ ਮੁਆਵਜ਼ੇ ਵਜੋਂ ਐਕਸ-ਗਰੇਸ਼ੀਆ ਗਰਾਂਟ ਦੇ ਨਾਲ ਨਾਲ ਜਾਇਦਾਦ ਦੇ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ।

2. ਨਵੰਬਰ ਦੀਆਂ ਘਟਨਾਵਾਂ ਦੀ ਪੜਤਾਲ

ਸਿੱਖਾਂ ਦੀ ਨਸਲਕੁਸ਼ੀ ਅਤੇ ਫਸਾਦਾਂ ਦੀ ਜਾਂਚ ਕਰ ਰਹੇ ਸ੍ਰੀ ਰੰਗਾਨਾਥਨ ਮਿਸ਼ਰਾ ਕਮਿਸ਼ਨ ਦਾ ਕਾਰਜ ਖੇਤਰ ਵੀ ਵਧਾ ਦਿੱਤਾ ਜਾਵੇਗਾ ਅਤੇ ਉਹ ਬੋਕਾਰੋ ਅਤੇ ਕਾਨਪੁਰ ਦੇ ਫਸਾਦਾਂ ਦੀ ਵੀ ਜਾਂਚ ਕਰੇਗਾ।

3. ਆਲ ਇੰਡੀਆ ਗੁਰਦੁਆਰਾ ਐਕਟ

ਭਾਰਤ ਸਰਕਾਰ ਆਲ ਇੰਡੀਆ ਗੁਰਦੁਆਰਾ ਐਕਟ ਸੰਬੰਧੀ ਵਿਚਾਰ ਕਰਨ ਲਈ ਸਹਿਮਤ ਹੈ। ਇਸ ਮਕਸਦ ਲਈ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਹੋਰ ਸੰਬੰਧਿਤ ਧਿਰਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਅਤੇ ਜ਼ਰੂਰੀ ਸੰਵਿਧਾਨਕ ਲੋੜਾਂ ਪੂਰੀਆਂ ਕਰਕੇ ਬਿਲ ਪਾਸ ਕਰ ਦਿੱਤਾ ਜਾਵੇਗਾ।

4. ਫ਼ੌਜ ਵਿੱਚ ਭਰਤੀ

ਭਾਰਤ ਦੇ ਹਰ ਨਾਗਰਿਕ ਨੂੰ ਫ਼ੌਜ ਵਿੱਚ ਭਰਤੀ ਹੋਣ ਦਾ ਹੱਕ ਹੈ ਅਤੇ ਭਰਤੀ ਯੋਗਤਾ ਅਨੁਸਾਰ ਹੀ ਹੋਵੇਗੀ।

5. ਨੌਕਰੀਓਂ ਕੱਢੇ ਫ਼ੌਜੀਆਂ ਦਾ ਮੁੜ ਵਸੇਬਾ

ਫ਼ੌਜ ਵਿੱਚੋਂ ਕੱਢੇ ਗਏ ਤਮਾਮ ਫ਼ੌਜੀਆਂ ਦੀ ਦੁਬਾਰਾ ਨੌਕਰੀ ਅਤੇ ਮੁੜ ਵਸੇਬੇ ਲਈ ਖ਼ਾਸ ਪ੍ਰਬੰਧ ਕੀਤੇ ਜਾਣਗੇ।

6. ਕੇਸਾਂ ਦਾ ਨਿਪਟਾਰਾ

6.1-ਪੰਜਾਬ ਵਿੱਚ ਆਰਮਡ ਫ਼ੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਲਾਗੂ ਕਰਨ ਬਾਰੇ ਨੋਟੀਫਿਕੇਸ਼ਨ ਵਾਪਸ ਲੈ ਲਿਆ ਜਾਵੇਗਾ। ਸਥਾਪਤ ਵਿਸ਼ੇਸ਼ ਅਦਾਲਤਾਂ ਕੇਵਲ ਹੇਠਲੀ ਕਿਸਮ ਦੇ ਕੇਸਾਂ ਦਾ ਹੀ ਨਪਟਾਰਾ ਕਰਨਗੀਆਂ :

(ੳ)-ਹਵਾਈ ਜਹਾਜ਼ ਅਗਵਾ ਬਾਰੇ (ਅ) ਜੰਗ ਛੇੜਨ ਬਾਰੇ।

6.2-ਹੋਰ ਸਾਰੇ ਕੇਸ ਆਮ ਅਦਾਲਤਾਂ ਵਿੱਚ ਤਬਦੀਲ ਕਰ ਦਿੱਤੇ ਜਾਣਗੇ ਅਤੇ ਇਸ ਮੰਤਵ ਲਈ ਜੇ ਕੋਈ ਕਨੂੰਨ ਬਣਾਉਣ ਦੀ ਲੋੜ ਪਈ ਤਾਂ ਪਾਰਲੀਮੈਂਟ ਦਾ ਇਸ ਬਾਰੇ ਸੈਸ਼ਨ ਬੁਲਾਇਆ ਜਾ ਸਕਦਾ ਹੈ।

7. ਇਲਾਕਾਈ ਹੱਦਾਂ ਬਾਰੇ

7.1-ਚੰਡੀਗੜ੍ਹ ਦਾ ਪ੍ਰੋਜੈਕਟ ਏਰੀਆ ਪੰਜਾਬ ਨੂੰ ਮਿਲੇਗਾ। ਕੁਝ ਨਾਲ ਲਗਦੇ ਇਲਾਕੇ ਜੋ ਪਹਿਲਾਂ ਹਿੰਦੀ ਜਾਂ ਪੰਜਾਬੀ ਖੇਤਰ ਸਨ, ਕੇਂਦਰੀ ਸ਼ਾਸਤ ਇਲਾਕੇ ਵਿੱਚ ਸ਼ਾਮਿਲ ਕਰ ਦਿੱਤੇ ਜਾਣਗੇ। ਕੈਪੀਟਲ ਰਿਜਨ ਪੰਜਾਬ ਵਿੱਚ ਜਾਣ ਕਰਕੇ, ਜਿਹੜੇ ਇਲਾਕੇ ਪੁਰਾਣੇ ਪੰਜਾਬ ਦੇ ਪੰਜਾਬੀ ਖੇਤਰ ਵਿੱਚੋਂ ਕੱਢੇ ਜਾਣ ਕਰਕੇ ਕੇਂਦਰੀ ਇਲਾਕੇ ਨਾਲ ਜੋੜੇ ਗਏ ਸਨ, ਉਹ ਪੰਜਾਬ ਨੂੰ ਵਾਪਿਸ ਮਿਲ ਜਾਣਗੇ ਅਤੇ ਹਿੰਦੀ ਦੇ ਖੇਤਰ ਹਰਿਆਣੇ ਨੂੰ। ਸਾਰੀ ਸੁਖਨਾ ਲੇਕ ਚੰਡੀਗੜ੍ਹ ਦਾ ਹਿੱਸਾ ਰਹੇਗੀ ਅਤੇ ਪੰਜਾਬ ਦੇ ਹਿੱਸੇ ਹੀ ਆਵੇਗੀ।

7.2-ਸ੍ਰੀਮਤੀ ਇੰਦਰਾ ਗਾਂਧੀ ਦਾ ਸਦਾ ਇਹੀ ਵਿਚਾਰ ਰਿਹਾ ਹੈ ਕਿ ਜਦੋਂ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਤਾਂ ਪੰਜਾਬ ਵਿਚਲੇ ਕੁੱਝ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਜਾਣਗੇ। ਚੰਡੀਗੜ੍ਹ ਬਦਲੇ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਇਲਾਕਿਆਂ ਦਾ ਪਤਾ ਲਗਾਉਣ ਲਈ ਇਕ ਵਿਸ਼ੇਸ਼ ਕਮਿਸ਼ਨ ਬਣਾਇਆ ਜਾਵੇਗਾ। ਭੂਗੋਲਿਕ ਨਿਕਟਤਾ ਅਤੇ ਪਿੰਡਾਂ ਨੂੰ ਇਕਾਈ ਮੰਨ ਕੇ ਭਾਸ਼ਾਈ ਸਾਂਝ ਦੇ ਆਧਾਰ ਉਪਰ ਹੀ ਇਸ ਦਾ ਨਿਰਣਾ ਕੀਤਾ ਜਾਵੇਗਾ। ਕਮਿਸ਼ਨ ਆਪਣਾ ਨਿਰਣਾ 31 ਦਸੰਬਰ, 1985 ਤੱਕ ਦੇ ਦੇਵੇਗਾ ਅਤੇ ਦੋਵੇਂ ਧਿਰਾਂ ਇਸ ਨਿਰਣੇ ਨੂੰ ਮੰਨਣ ਲਈ ਪਾਬੰਦ ਹੋਣਗੀਆਂ। ਕਮਿਸ਼ਨ ਦਾ ਕਾਰਜ ਖੇਤਰ ਕੇਵਲ ਇਥੋਂ ਤੱਕ ਹੀ ਸੀਮਤ ਹੋਵੇਗਾ ਅਤੇ ਇਹ ਆਮ ਭੂਗੋਲਿਕ ਹੱਦਾਂ ਸੰਬੰਧੀ ਦਾਅਵਿਆਂ ਤੋਂ ਵੱਖ ਰਹੇਗਾ, ਜਿਹਨਾਂ ਦਾ ਫੈਸਲਾ ਇਕ ਦੂਸਰਾ ਕਮਿਸ਼ਨ ਕਰੇਗਾ, ਜਿਸ ਦਾ ਜ਼ਿਕਰ ਧਾਰਾ 7.4 ਵਿੱਚ ਕੀਤਾ ਗਿਆ ਹੈ।

7.3-ਚੰਡੀਗੜ੍ਹ ਨੂੰ ਅਮਲੀ ਤੌਰ ਉਪਰ ਪੰਜਾਬ ਦੇ ਹਵਾਲੇ ਕੀਤਾ ਜਾਵੇ ਅਤੇ

ਇਸ ਦੇ ਇਵਜ਼ ਵਜੋਂ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਇਲਾਕਿਆਂ ਦਾ ਫੈਸਲਾ ਅਤੇ ਵਟਾਂਦਰਾ 26 ਜਨਵਰੀ, 1986 ਨੂੰ ਇਕੱਠਿਆਂ ਹੀ ਕਰ ਦਿੱਤਾ ਜਾਵੇਗਾ।

7.4-ਮੌਜੂਦਾ ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ ਵਿੱਚ ਤਬਦੀਲੀ ਬਾਰੇ ਹੋਰ ਦਾਅਵੇ ਅਤੇ ਪ੍ਰਤੀ ਦਾਅਵੇ ਵੀ ਹਨ। ਸਰਕਾਰ ਇਹਨਾਂ ਮਾਮਲਿਆਂ ਉਪਰ ਵਿਚਾਰ ਕਰਨ ਲਈ ਇਕ ਹੋਰ ਕਮਿਸ਼ਨ ਗਠਿਤ ਕਰੇਗੀ ਜੋ ਕਿ ਇਹਨਾਂ ਬਾਰੇ ਨਿਰਣਾ ਦੇਵੇਗਾ। ਦੋਵੇਂ ਧਿਰਾਂ ਇਸ ਨਿਰਣੇ ਨੂੰ ਮੰਨਣ ਲਈ ਪਾਬੰਦ ਹੋਣਗੀਆਂ। ਪਿੰਡਾਂ ਨੂੰ ਇਕਾਈ ਮੰਨਣਾ, ਭਾਸ਼ਾਈ ਸਾਂਝ ਅਤੇ ਭੂਗੋਲਿਕ ਨੇੜਤਾ ਹੀ ਪੜਤਾਲ ਦਾ ਅਸਲ ਆਧਾਰ ਹੈ।

8. ਕੇਂਦਰ ਰਾਜ ਪ੍ਰਬੰਧ

8.1-ਸ਼੍ਰੋਮਣੀ ਅਕਾਲੀ ਦਾ ਮਤ ਹੈ ਕਿ ਆਨੰਦਪੁਰ ਸਾਹਿਬ ਦਾ ਮਤਾ ਪੂਰੀ ਤਰ੍ਹਾਂ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਆਉਂਦਾ ਹੈ ਅਤੇ ਇਹ ਕੇਂਦਰ ਅਤੇ ਰਾਜ ਸੰਬੰਧਾਂ ਦੀ ਪੂਰੀ ਤਰ੍ਹਾਂ ਵਿਆਖਿਆ ਕਰਦਾ ਹੈ, ਜਿਸ ਨਾਲ ਸਾਡੇ ਏਕਾਤਮਕ ਸੰਵਿਧਾਨ ਨੂੰ ਸਹੀ ਅਰਥਾਂ ਵਿੱਚ ਸੰਘੀ ਢਾਂਚਾ ਪ੍ਰਦਾਨ ਕੀਤਾ ਜਾ ਸਕਦਾ ਹੈ ਅਤੇ ਮਤੇ ਦਾ ਅਸਲ ਮਨੋਰਥ ਵਧੇਰੇ ਖ਼ੁਦਮੁਖਤਿਆਰੀ ਦੇ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਕਰਨਾ ਹੈ, ਕਿਉਂਕਿ ਸਾਡੀ ਕੌਮੀ ਏਕਤਾ ਦਾ ਆਧਾਰ ਅਨੇਕਤਾ ਵਿੱਚ ਏਕਤਾ ਹੈ।

8.2-ਉਪਰੋਕਤ ਦੇ ਮੱਦੇਨਜ਼ਰ ਆਨੰਦਪੁਰ ਸਾਹਿਬ ਦਾ ਮਤਾ ਜਿਥੋਂ ਤੱਕ ਕਿ ਇਹ ਕੇਂਦਰ ਰਾਜ ਸੰਬੰਧਾਂ ਦੀ ਗੱਲ ਕਰਦਾ ਹੈ, ਪੜਚਾਲ ਹਿੱਤ ਸਰਕਾਰੀਆ ਕਮਿਸ਼ਨ ਨੂੰ ਸੌਂਪਿਆ ਜਾਂਦਾ ਹੈ।

9. ਦਰਿਆਈ ਪਾਣੀਆਂ ਦੀ ਵੰਡ

9.1-ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨ ਜਿੰਨਾ ਪਾਣੀ 1-7-1985 ਨੂੰ ਰਾਵੀ ਬਿਆਸ ਤੋਂ ਵਰਤ ਰਹੇ ਹਨ, ਉਹਨਾਂ ਨੂੰ ਮਿਲਦਾ ਰਹੇਗਾ। ਵਰਤੋਂ ਲਈ ਵਰਤਿਆ ਜਾਂਦਾ ਪਾਣੀ ਵੀ ਜਿਉਂ ਦਾ ਤਿਉਂ ਮਿਲਦਾ ਰਹੇਗਾ। ਵਰਤੋਂ ਦੀ ਮਿਕਦਾਰ ਬਾਰੇ ਕੀਤੇ ਦਾਅਵੇ ਦੀ ਪੜਤਾਲ ਹੇਠਾਂ ਧਾਰਾ 8.2 ਵਿਚ ਦੱਸੇ ਟ੍ਰਿਬਿਊਨਲ ਵਲੋਂ ਕੀਤੀ ਜਾਵੇਗੀ।

9.2-ਬਾਕੀ ਦੇ ਪਾਣੀ ਬਾਰੇ ਹਰਿਆਣੇ ਅਤੇ ਪੰਜਾਬ ਦੇ ਦਾਅਵਿਆਂ ਨੂੰ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਵਾਲੇ ਟ੍ਰਿਬਿਊਨਲ ਕੋਲ ਅੰਤਿਮ ਨਿਰਣੇ ਲਈ ਸੌਂਪਿਆ ਜਾਵੇਗਾ ਅਤੇ ਇਹ ਟ੍ਰਿਬਿਊਨਲ ਛੇ ਮਹੀਨੇ ਦੇ ਅੰਦਰ ਅੰਦਰ ਫ਼ੈਸਲਾ ਦੇ ਦੇਵੇਗਾ, ਜੋ ਦੋਵਾਂ ਧਿਰਾ ਲਈ ਮੰਨਣਾ ਲਾਜ਼ਮੀ ਹੋਵੇਗਾ। ਇਸ ਸੰਬੰਧੀ ਜ਼ਰੂਰੀ ਲੋੜੀਂਦੇ ਅਤੇ ਸੰਵਿਧਾਨਕ ਕਦਮ ਜਲਦੀ ਤੋਂ ਜਲਦੀ ਚੁੱਕੇ ਜਾਣਗੇ।

9.3- ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਜਾਰੀ ਰਹੇਗੀ। ਨਹਿਰ ਪੰਦਰਾਂ ਅਗਸਤ, 1986 ਤੱਕ ਤਿਆਰ ਕਰ ਦਿੱਤੀ ਜਾਵੇਗੀ।

10. ਘੱਟ*ਗਿਣਤੀਆਂ ਦੇ ਹਿੱਤ

ਘੱਟ*ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਪਹਿਲਾਂ ਤੋਂ ਮੌਜੂਦ ਹਦਾਇਤਾਂ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਭੇਜੀਆਂ ਜਾਣਗੀਆਂ (ਪ੍ਰਧਾਨ ਮੰਤਰੀ ਆਪ ਸਾਰੇ ਰਾਜਾਂ ਦੇ ਮੁਖ

ਮੰਤਰੀਆਂ ਨੂੰ ਲਿਖਣਗੇ।)

11. ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ

ਕੇਂਦਰ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁਝ ਕਦਮ ਚੁੱਕ ਸਕਦੀ ਹੈ। ਇਸ ਸਮਝੌਤੇ ਦੇ ਨਾਲ ਨਾਲ ਹੀ ਟਕਰਾਅ ਦਾ ਦੌਰ ਖ਼ਤਮ ਹੋ ਜਾਵੇਗਾ ਅਤੇ ਦੋਸਤੀ, ਸੁਖ ਸ਼ਾਂਤੀ ਅਤੇ ਸਹਿਯੋਗ ਦਾ ਦੌਰ ਸ਼ੁਰੂ ਹੁੰਦਾ ਹੈ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਹੋਰ ਮਜ਼ਬੂਤ ਹੋਵੇਗੀ।

ਦਸਤਖ਼ਤ
(ਰਾਜੀਵ ਗਾਂਧੀ, ਪ੍ਰਧਾਨ ਮੰਤਰੀ, ਭਾਰਤ)

ਦਸਤਖ਼ਤ
(ਹਰਚੰਦ ਸਿੰਘ ਲੌਂਗੋਵਾਲ)

ਜੂਨ 1984 ਦੇ ਸਿੱਖ ਕਤਲੇਆਮ ਦਾ ਸੰਤਾਪ ਕਿਵੇਂ ਭੁਲਾਇਆ ਜਾ ਸਕਦੈ?

(ਸਰਦਾਰ ਕਰਤਾਰ ਸਿੰਘ ਜੀ ਹੋਰਾਂ ਨੇ ਜੂਨ 1984 ਦੇ ਸੰਤਾਪ ਦੇ ਸਾਰੇ ਪੱਖਾਂ ਦਾ ਬਹੁਤ ਹੀ ਬਰੀਕੀ ਨਾਲ ਅਧਿਐਨ ਕੀਤਾ ਹੈ ਅਤੇ ਨਾਲ ਹੀ ਜੇਕਰ ਇਸ ਲੇਖ ਨੂੰ ਗਹੁ ਨਾਲ ਵਾਚੀਏ ਤਾਂ ਜੂਨ 1984 ਅਤੇ ਨਵੰਬਰ 1984 ਵਿੱਚ ਆਰ.ਐਸ.ਐਸ. ਅਤੇ ਯੂਥ ਕਾਂਗਰਸ ਦੀ ਪੰਥ ਵਿਰੋਧੀ ਸੋਚ ਦਾ ਖ਼ੁਲਾਸਾ ਹੁੰਦਾ ਹੈ।)

ਸੰਨ 1984 ਦਾ ਸਾਲ ਸਿੱਖ ਕੌਮ ਦੇ ਇਤਿਹਾਸ ਦੇ ਵਿੱਚ ਅਠਾਰ੍ਹਵੀਂ ਸਦੀ ਦੇ ਘੱਲੂਘਾਰਿਆਂ ਨੂੰ ਵੀ ਮਾਤ ਪਾ ਗਿਆ ਹੈ। ਇਹ ਦਰੁੱਸਤ ਹੈ ਕਿ ਪੰਜਾਬ ਦਾ ਖਾੜਕੂਵਾਦ ਕਾਲ-ਚੱਕਰ ਨੂੰ ਉਲਟਾ ਘੁਮਾ ਕੇ ਅਠਾਰ੍ਹਵੀਂ ਸਦੀ ਵਿੱਚ ਪਹੁੰਚਾ ਰਿਹਾ ਸੀ ਪਰ ਇਹ ਵੀ ਹਕੀਕਤ ਹੈ ਕਿ ਅਜੋਕੀ ਹਕੂਮਤ ਨੇ ਵੀ ਅਬਦਾਲੀ ਵਾਲੀ ਮਾਨਸਿਕਤਾ ਦਾ ਕਰੂਰ ਪ੍ਰਮਾਣ ਪੇਸ਼ ਕੀਤਾ ਸੀ। ਬਲਿਊ ਸਟਾਰ (ਨੀਲਾ ਤਾਰਾ ਨਾਮ ਸੰਤ ਜਰਨੈਲ ਸਿੰਘ ਜੀ ਦੀ ਨੀਲੀ ਦਸਤਾਰ ਦੇ ਨਿਸ਼ਾਨੇ ਨਾਲ ਧਰਿਆ ਗਿਆ ਸੀ) ਓਪ੍ਰੇਸ਼ਨ ਉਹ ਮਾਨਸ਼ਿਕਤਾ ਦਾ ਹਿਰਦੇਹੀਣ ਪਰ-ਸੰਗਠਿਤ ਸ਼ਕਤੀ-ਪ੍ਰਦਰਸ਼ਨ ਸੀ, ਜਿਸ ਦੇ ਜ਼ਖ਼ਮ ਹੰਦਾਲ (ਨਿਰੰਜਨ ਰਾਇ), ਗੰਗੂ ਰਸੋਈਆ ਤੇ ਲਖਪਤ ਰਾਏ ਵਰਗਿਆਂ ਨੇ ਕਈ ਵਾਰ ਦਿੱਤੇ ਸਨ। ਇਸ ਬਲ-ਪ੍ਰਦਰਸ਼ਨ ਦੀ ਨਾਇਕਾ (ਜਾਂ ਖਲਨਾਇਕਾ) ਦੀ ਜਜ਼ਬਾਤੀ ਰੌਅ ਵਿੱਚ ਖੇਡਦੀ ਮੌਤ ਨੇ ਅਰਾਜਕਤਾ ਦਾ ਤਾਂਡਵ ਰੂਪ ਧਾਰ ਕੇ ਪਰ-ਸੰਗਠਿਤ ਢੰਗ ਨਾਲ ਸਿੱਖ ਕੌਮ ਦੇ ਕਤਲੇਆਮ ਦੇ ਛੜਯੰਤ੍ ਨੂੰ ਨੇਪਰੇ ਚਾੜ੍ਹਿਆ।

ਪਾਠਕਾਂ ਦੀ ਯਾਦ ਨੂੰ ਕੁਰੇਦ ਕੇ 1984 ਦੇ ਮਾਰਚ ਮਹੀਨੇ ਦੇ ਸਪਤਾਹਿਕ ਹਿੰਦੁਸਤਾਨ (ਹਿੰਦੀ) ਨੇ ਇਕ ਅੰਕ ਵਿੱਚ ਸ੍ਰੀ ਇੰਦਰ ਕੁਮਾਰ ਗੁਜਰਾਲ ਦੇ ਲੇਖ ਵਿੱਚ ਪੰਜਾਬ ਨਾਲ ਹੋ ਰਹੀ ਬੇਇਨਸਾਫ਼ੀ ਤੇ ਧੱਕੇਸ਼ਾਹੀ ਦੇ ਵੇਰਵੇ ਦੇ ਕੇ ਇੰਦਰਾ ਗਾਂਧੀ ਨੂੰ ਆਗਾਹ ਕੀਤਾ ਸੀ ਕਿ ਪੰਜਾਬ ਦੀ ਅੱਗ ਨਾਲ ਸੇਕੀ ਜਾ ਰਹੀ ਵੋਟਾਂ ਦੀ ਰੋਟੀ ਇੰਦਰਾ ਗਾਂਧੀ ਨੂੰ ਮਹਿੰਗੀ ਪਵੇਗੀ। ਇਸੇ ਸਾਲ 'ਇੰਡੀਆ ਟੁਡੇ' ਦੇ ਇਕ ਸਤੰਬਰ ਅੰਕ ਵਿੱਚ ਨਾਗਪੁਰ ਵਿੱਚ ਹੋਏ ਯੂਥ ਕਾਂਗਰਸ ਦੇ ਸੰਮੇਲਨ ਦਾ ਵੇਰਵਾ ਛਪਿਆ ਸੀ। ਇਸ ਸੰਮੇਲਨ ਦਾ ਮੁਖੀਆ ਰਾਜੀਵ ਗਾਂਧੀ ਸੀ ਅਤੇ 26000 ਡੈਲੀਗੇਟਾਂ ਲਈ ਇੰਤਜ਼ਾਮ ਕੀਤਾ ਗਿਆ ਸੀ (ਇਹ ਸ਼ਾਇਦ ਕਾਂਗਰਸ ਅਤੇ ਆਰ.ਐਸ.ਐਸ. ਦੀ ਸਿੱਖਾਂ ਖ਼ਿਲਾਫ਼ ਸਾਂਝੀ ਮਸ਼ਕ ਦਾ

ਹਿੱਸਾ ਸੀ—ਸੰਪਾਦਕ)। ਇਸ ਵਿੱਚ 57000 ਡੈਲੀਗੇਟ ਆਉਣ ਦਾ ਕਿਆਸ ਲਗਾਇਆ ਗਿਆ ਸੀ ਤੇ ਇਨ੍ਹਾਂ ਨੂੰ ਪੰਜਾਬ ਤੋਂ ਬਾਹਰ ਸਿੱਖਾਂ ਨਾਲ ਨਜਿੱਠਣ ਦੀ ਵਿਸ਼ੇਸ਼ ਸਿੱਖਿਆ ਦਿੱਤੀ ਗਈ ਸੀ। ਇਥੇ ਜਲਨਸ਼ੀਲ, ਸਫੈਦ ਪਾਊਡਰ (ਸਫੈਦ ਫਾਸਫੋਰਸ) ਦੀ ਵਰਤੋਂ ਦੀ ਸੁਰੱਖਿਆਤਮਕ ਟੈਕਨੀਕ ਸਿਖਾਈ ਗਈ ਸੀ। ਨਾਗਪੁਰ ਦੇ ਇਸ ਸੰਮੇਲਨ ਦਾ ਇਕ ਮੁੱਖ ਵਕਤਾ ਤੇ ਪ੍ਰੇਰਨਾ ਸਰੋਤ ਭਜਨ ਲਾਲ ਸੀ, ਜੋ 1982 ਦੀਆਂ ਏਸ਼ਿਆਈ ਖੇਡਾਂ ਸਮੇਂ ਹਰਿਆਣੇ ਵਿੱਚੋਂ ਗੁਜ਼ਰਦੇ ਵੱਡੇ ਛੋਟੇ ਸਿੱਖਾਂ ਦੀ ਪਗੜੀ ਉਛਾਲ ਚੁੱਕਿਆ ਸੀ। ਮਈ 1984 ਵਿੱਚ ਪੰਜਾਬ ਕੇਸਰੀ ਗਰੁੱਪ ਦੇ ਲਾਲਾ ਜਗਤ ਨਰਾਇਣ ਦੇ ਪੁੱਤਰ ਸ੍ਰੀ ਰਮੇਸ਼ ਚੰਦਰ ਦੇ ਕਤਲ ਤੋਂ ਬਾਅਦ ਹਰਿਆਣੇ ਵਿੱਚ ਸਿੱਖਾਂ ਨਾਲ ਜੋ ਮੀਰ ਮਨੂੰ ਸ਼ਾਹੀ ਕੀਤੀ ਗਈ ਸੀ, ਉਹ ਆਦਰਸ਼ ਨਾਗਪੁਰ ਦੇ ਡੈਲੀਗੇਟਾਂ ਲਈ ਵੱਡਾ ਅਨੁਭਵ ਤੇ ਪ੍ਰੇਰਨਾ-ਸ੍ਰੋਤ ਸੀ।

ਯੂਥ ਕਾਂਗਰਸ ਦੇ ਡੈਲੀਗੇਟਾਂ ਨੂੰ ਅਰਾਜਕਤਾ ਪ੍ਰਦਰਸ਼ਨ ਲਈ ਨਾਗਪੁਰ ਵਿੱਚ ਜੋ ਖੁਲ੍ਹ ਮਿਲੀ ਉਸ ਨਾਲ ਰੈਡ ਲਾਈਟ ਏਰੀਆ ਦੀ ਧੰਦੇਬਾਜ਼ ਔਰਤਾਂ ਵੀ ਤੋਬਾ ਕਰਕੇ ਚਕਲੇ ਛੱਡ ਗਈਆਂ। ਵਾਪਸੀ ਯਾਤਰਾ ਵਿੱਚ ਇਨ੍ਹਾਂ ਡੈਲੀਗੇਟਾਂ ਨੇ ਰੇਲਵੇ ਸਫ਼ਰਾਂ ਵਿੱਚ ਧੋਤੀਆਂ ਸਾੜ੍ਹੀਆਂ ਦੇ ਜੋ ਢੇਰ ਬਣਾਏ ਉਨ੍ਹਾਂ ਦੇ ਸਮਾਚਾਰ ਰੋਕੇ ਜਾਣ ਦੇ ਬਾਵਜੂਦ ਵੀ ਉਸ ਸਮੇਂ ਦੇ ਅਖ਼ਬਾਰਾਂ ਵਿੱਚ ਤਰਾਸ਼ੇ ਤੇ ਤਲਾਸ਼ੇ ਜਾ ਸਕਦੇ ਹਨ। ਇਹ ਪਿਛੋਕੜ ਦੇਣ ਦਾ ਭਾਵ ਇਹ ਹੈ ਕਿ ਕਾਂਗਰਸ ਪਾਰਟੀ ਵੱਲੋਂ ਪੂਰੀ ਤਿਆਰੀ ਸੀ ਕਿ ਖਾੜਕੂਆਂ ਰਾਹੀਂ ਕਿਸੇ ਲੀਡਰ ਦੀ ਹੱਤਿਆ ਤੋਂ ਬਾਅਦ ਪੰਜਾਬ ਤੋਂ ਬਾਹਰਲੇ ਸਿੱਖਾਂ ਨਾਲ ਕਿਵੇਂ ਨਜਿੱਠਣਾ ਹੈ। ਇਹ ਮੌਕਾ ਅਕਤੂਬਰ ਦੇ ਅਖੀਰ ਵਿੱਚ ਮਿਲ ਗਿਆ ਤੇ ਕਤਲ ਹੋਣ ਵਾਲੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਗਪੁਰ ਸੰਮੇਲਨ ਦੇ ਆਯੋਜਕ ਰਾਜੀਵ ਗਾਂਧੀ ਦੀ ਮਾਂ ਸੀ।

ਇੰਦਰਾ ਗਾਂਧੀ ਦੇ ਰਾਜ ਵਿੱਚ ਸੰਜੇ ਗਾਂਧੀ ਦੇ ਮੁੰਡਾ-ਗੁੰਡਾ ਤੱਤਾਂ ਨਾਲ ਜੁੜੇ ਸੁਆਰਥੀ ਲੋਕਾਂ ਨੇ ਰਾਜੀਵ ਗਾਂਧੀ ਦੀ ਨਾ-ਤਜਰਬੇਕਾਰੀ ਰਾਹੀਂ ਸੁਆਰਥ-ਸਿਧੀ ਦਾ ਜੋ ਢੰਗ ਵਰਤਿਆ ਸੀ, ਉਸ ਭਾਵਨਾ ਨਾਲ ਉਹ ਨਾਗਪੁਰ ਸੰਮੇਲਨ ਵਿੱਚ ਸ਼ਰੀਕ ਹੋਏ ਸਨ। ਇਨ੍ਹਾਂ ਲੋਕਾਂ ਨੇ ਅਗਵਾਈ ਦੇ ਕੇ ਸਿੱਖਾਂ ਦੇ ਕਤਲੇਆਮ ਦਾ ਆਗਾਜ਼ ਕਰ ਦਿੱਤਾ। ਉਸ ਵਕਤ ਗ੍ਰਹਿ ਮੰਤਰੀ ਨਰਸਿਮ੍ਹਾ ਰਾਓ ਸੀ, ਜਿਸ ਦੀ ਹਿੰਦੂ ਕੱਟੜਵਾਦਿਤਾ ਅਯੁੱਧਿਆ ਮੰਦਰ ਵਿਕਾਸ ਤੇ ਬਾਬਰੀ ਮਸਜਿਦ ਵਿਨਾਸ਼ ਵਿਚਲੇ ਪ੍ਰਸੰਗ ਵਿੱਚ ਵੀ ਪ੍ਰਗਟ ਹੋ ਚੁੱਕੀ ਹੈ। ਹੋਮ ਮਨਿਸਟਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਭੁਲਾ ਕੇ ਇਹ ਵਿਅਕਤੀ ਸ਼ਾਇਦ ਗੁਪਤ ਰੂਪ ਵਿੱਚ ਕਾਤਲਾਂ ਨੂੰ ਹੀ ਨਿਰਦੇਸ਼ ਦੇ ਰਿਹਾ ਸੀ। ਜੋ ਵੀ ਹੋਵੇ ਇਸ ਨੇ ਪੂਰੀ ਕੋਤਾਹੀ ਨਾਲ ਹਾਲਾਤ ਨੂੰ ਕਾਬੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਸਗੋਂ ਇਸ ਕਤਲੇਆਮ ਨੂੰ ਹਿੰਦੂ-ਸਿੱਖ ਦੰਗਿਆਂ ਦਾ ਚੋਗਾ ਪੁਆਉਣ ਦੀ ਕੋਸ਼ਿਸ਼ ਅੱਜ ਤੱਕ ਜਾਰੀ ਰੱਖੀ ਹੋਈ ਹੈ। ਵਾਸਤਵ ਵਿੱਚ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਹਰ ਸੰਭਵ ਤਰੀਕੇ ਨਾਲ ਹਿੰਦੂ ਪੜੋਸੀਆਂ ਨੇ ਸਿੱਖਾਂ ਦੀ ਹਿਫ਼ਾਜ਼ਤ ਦਾ ਹੀਲਾ ਕੀਤਾ ਸੀ। ਦੰਗਈ ਦਸਤੇ ਕਿਸ ਤਰ੍ਹਾਂ ਸੰਗਠਿਤ ਕੀਤੇ ਗਏ ਸਨ, ਇਸ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਦਿੱਲੀ

ਦੇ ਦੰਗਿਆਂ ਵਿੱਚ ਭਜਨ ਲਾਲ ਨੇ ਸਰਕਾਰੀ ਮਸ਼ਨੀਰੀ ਦੀ ਕੁਵਰਤੋਂ ਤੋਂ ਵੀ ਗੁਰੇਜ਼ ਨਾ ਕੀਤਾ।

ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਕਤਲ ਹੋ ਜਾਵੇ ਅਤੇ ਉਸ ਦਾ ਪੁੱਤਰ ਨਵੇਂ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਕਾਤਲਾਂ ਦੀ ਪੂਰੀ ਕੌਮ ਨਾਲ ਬਦਲੇ ਦੀ ਭਾਵਨਾ ਨਾਲ ਤਿਲਮਿਲਾ ਰਿਹਾ ਹੋਵੇ, ਉਸ ਸਮੇਂ ਸਭ ਤੋਂ ਨਜ਼ਦੀਕੀ ਹੋਮ ਮਨਿਸਟਰ ਨੂੰ ਨਮਕ ਹਲਾਲੀ ਦਿਖਾਉਣ ਦਾ ਵਧੀਆ ਮੌਕਾ ਮਿਲਿਆ ਸੀ। ਢਾਈ ਦਿਨਾਂ ਦੇ ਵਿੱਚ ਸਿੱਖ ਕੌਮ ਦੇ ਸਿਰ ਇੰਨੇ ਸਸਤੇ ਹੋ ਗਏ ਜਿੰਨੇ ਸ਼ਾਇਦ ਮੁਗਲੀਆ ਹਕੂਮਤ ਤੇ ਅਫ਼ਗਾਨ ਹਮਲਾਵਰਾਂ ਦੇ ਰਾਜ ਵਿੱਚ ਵੀ ਨਹੀਂ ਸੀ ਹੋਏ ਹੋਣੇ। ਮੁਗ਼ਲ ਤੇ ਪਠਾਣਾਂ ਦੇ ਢਾਈ ਸੌ ਸਾਲ ਦੇ ਜ਼ੁਲਮ ਦੇ ਕਾਰਨਾਮੇ ਇਨ੍ਹਾਂ ਢਾਈ ਦਿਨਾਂ ਵਿੱਚ ਫਿੱਕੇ ਪੈ ਗਏ। ਸੁਤੰਤਰ, ਤਥਾਕਥਿਤ ਧਰਮ ਨਿਰਪੱਖ ਦੇ ਪਰਜਾਤੰਤਰੀ ਸਿਸਟਮ ਦੇ ਸਮਾਨ ਅਧਿਕਾਰਾਂ ਵਾਲੇ ਦੇਸ਼ ਵਿੱਚ, ਅੱਜ ਵੀ ਕਤਲੇਆਮ ਕਰਾਉਣ ਵਾਲੇ ਸ਼ਰ੍ਹੇਆਮ ਦਨਦਨਾ ਰਹੇ ਹਨ। ਜ਼ੁਲਮੋ-ਸਿਤਮ ਦੇ ਕਹਿਰ ਦੇ ਸ਼ਿਕਾਰ ਕਈ ਪਰਿਵਾਰ ਹੀ ਗਰਕ ਹੋ ਗਏ ਸਨ। ਜਿਨ੍ਹਾਂ ਦੀਆਂ ਵਿਧਵਾਵਾਂ ਤੇ ਯਤੀਮ ਬੱਚੇ ਬਚ ਗਏ ਸਨ, ਉਹ ਅੱਜ ਉਣੱਤੀ ਸਾਲ ਬਾਅਦ ਵੀ ਇਨਸਾਫ਼ ਨਹੀਂ ਪਾ ਸਕੇ। ਇਸ ਦੇਸ਼ ਦੇ ਲੋਕਤੰਤਰੀ ਕਹਾਉਣ ਵਾਲੇ ਸਿਸਟਮ ਦਾ ਇਸ ਤੋਂ ਵੱਡਾ ਤੇ ਕੋਝਾ ਮਜ਼ਾਕ ਹੋਰ ਕੀ ਹੋ ਸਕਦਾ ਹੈ?

ਬਲਿਊ ਸਟਾਰ: ਪੂਰੀ ਪੜਤਾਲ ਕਰਵਾਉ ਤੇ ਦੁਨੀਆਂ ਦੇ ਲੋਕਾਂ ਨੂੰ ਸੱਚ ਜਾਣਨ ਦਿਓ

(ਸ: ਗੁਰਦਰਸ਼ਨ ਸਿੰਘ ਢਿੱਲੋਂ ਜਿਨ੍ਹਾਂ ਨੇ ਜੂਨ 1984 ਦੇ ਬਾਰੇ ਸਿੱਖਾਂ ਵਲੋਂ ਲਿਖੇ ਗਏ ਚਿੱਟੇ ਚਿੱਠੇ ਵਿੱਚ ਭਾਰਤੀ ਹਕੂਮਤ ਦੇ ਜ਼ੁਲਮਾਂ ਦਾ ਚਿਤਰਣ ਬਹੁਤ ਹੀ ਵਿਸਥਾਰ ਨਾਲ ਕੀਤਾ ਹੈ ਅਤੇ ਹੱਥਲੇ ਲੇਖ ਵਿੱਚ ਵੀ ਉਹਨਾਂ ਨੇ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਕੌਮ ਦੀ ਮਾਨਸਿਕ ਸਥਿਤੀ ਦਾ ਵਰਨਣ ਕੀਤਾ ਹੈ।)

ਜਲ੍ਹਿਆਂ ਵਾਲੇ ਬਾਗ ਦੇ ਸਾਕੇ ਮਗਰੋਂ, ਜੋ ਕਿ ਭਾਵੇਂ ਨੀਲਾ ਤਾਰਾ ਸਾਕੇ ਦੇ ਮੁਕਾਬਲੇ 'ਤੇ ਕੁਝ ਵੀ ਨਹੀਂ ਸੀ, ਬਰਤਾਨਵੀ ਸਰਕਾਰ ਨੇ ਏਨੀ ਖੁਲ੍ਹਦਿਲੀ ਜ਼ਰੂਰ ਵਿਖਾਈ ਕਿ ਇਸ ਨੂੰ ਇਕ ਵਹਿਸ਼ੀਆਨਾ ਤੇ ਨਿਰਦੈਤਾ ਵਾਲੀ ਕਾਰਵਾਈ ਮੰਨਿਆ। ਮਾਮਲੇ ਦੀ ਜਾਂਚ ਲਈ ਹੰਟਰ ਕਮਿਸ਼ਨ ਕਾਇਮ ਕੀਤਾ ਗਿਆ। ਬਲੂ ਸਟਾਰ ਤੋਂ ਬਾਅਦ ਇਸ ਬਾਰੇ ਇਕ ਕਮਿਸ਼ਨ ਕਾਇਮ ਕਰਕੇ ਝੂਠ-ਸੱਚ ਦਾ ਨਿਖੇੜਾ ਕਰਨ ਤੋਂ ਹਿਚਕਚਾਹਟ ਵਿਖਾ ਕੇ ਸਰਕਾਰ ਨੇ ਆਪਣੀ ਨਾਕਾਮੀ ਦਾ ਇਕਬਾਲ ਹੀ ਕੀਤਾ ਹੈ।

ਆਜ਼ਾਦੀ ਦੇ ਮਗਰਲੇ ਕਾਲ ਤੋਂ ਧੋਖਾਧੜੀ ਢਾਹੂ ਰਾਜਨੀਤੀ ਦਾ ਇਕ ਵਿਸ਼ੇਸ਼ ਲੱਛਣ ਇਹ ਰਿਹਾ ਹੈ ਕਿ ਅਸਲ ਮਸਲਿਆਂ 'ਤੇ ਪੜਦਾ ਪਾਉਣ ਲਈ ਘਟੀਆ ਚਾਲਾਂ ਚੱਲ ਕੇ ਸਦਾ ਝੂਠ ਫੈਲਾਇਆ ਅਤੇ ਸੱਚ ਛੁਪਾਇਆ ਜਾਂਦਾ ਹੈ। ਉਣੱਤੀ ਸਾਲ ਪਹਿਲਾਂ, 4 ਜੂਨ, 1984 ਨੂੰ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ ਇਸ ਲਈ ਨਹੀਂ ਕਿ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਮੁੱਠੀ ਭਰ ਸਾਥੀਆਂ ਨੂੰ ਫੜਨਾ ਚਾਹੁੰਦੀ ਸੀ ਸਗੋਂ ਹਮਲੇ ਦਾ ਮਕਸਦ ਸਿੱਖੀ ਦੇ ਕਾਲਜੇ ਨੂੰ ਹੱਥ ਪਾਉਣਾ ਸੀ, ਸਿੱਖਾਂ ਦੀ ਆਜ਼ਾਦ ਹਸਤੀ ਨੂੰ ਖਤਮ ਕਰਨ ਦੀ ਵੱਡੀ ਸਾਜ਼ਿਸ਼ ਦਾ ਇਹ ਇਕ ਭਾਗ ਹੀ ਸੀ ਕਰੂਰ ਹਮਲਾ, ਜਿਸ ਦੀ ਮਸ਼ਕ ਪੂਰੇ ਸਾਲ ਤੋਂ ਕੀਤੀ ਜਾ ਰਹੀ ਸੀ, ਜੋ ਭਾਰਤ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਪੌਣੇ ਦੋ ਕਰੋੜ ਸਿੱਖਾਂ ਦੇ ਮਨਾਂ ਨੂੰ ਵਲੂੰਧਰ ਗਿਆ ਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਜ਼ਖ਼ਮੀ ਕਰ ਗਿਆ।

ਦਰਬਾਰ ਸਾਹਿਬ ਉਤੇ ਹਮਲਾ ਕਰਨ ਦੀ ਘਿਨੌਣੀ ਸਾਜ਼ਿਸ਼ ਨੂੰ ਅਮਲ ਵਿੱਚ ਲਿਆਉਣ ਲਈ 3 ਜੂਨ ਦਾ ਦਿਨ ਚੁਣਿਆ ਗਿਆ ਜੋ ਕਿ ਦਰਬਾਰ ਸਾਹਿਬ ਦੇ ਉਸਰੱਈਏ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਸੀ। ਸਾਰੇ ਸੰਚਾਰ ਸਾਧਨ ਬੰਦ ਕਰ ਦਿੱਤੇ ਗਏ। ਪੰਜਾਬ ਨੂੰ ਬਾਕੀ ਦੇ ਭਾਰਤ ਨਾਲੋਂ ਬਿਲਕੁਲ ਕੱਟ ਦਿੱਤਾ ਗਿਆ ਅਤੇ

ਸਖ਼ਤ ਕਿਸਮ ਦਾ ਕਰਫਿਊ ਲਗਾ ਦਿੱਤਾ ਗਿਆ। ਲਗਭਗ 10 ਤੋਂ 15 ਹਜ਼ਾਰ ਦੇ ਕਰੀਬ ਸ਼ਰਧਾਲੂ, ਜੋ ਆਪਣੇ ਗੁਰੂ ਨੂੰ ਸ਼ਰਧਾਂਜਲੀ ਦੇਣ ਲਈ ਜੁੜੇ ਹੋਏ ਸਨ, ਬੇਧਿਆਨੇ ਹੀ ਘੇਰੇ ਵਿੱਚ ਆ ਗਏ। ਅਚਾਨਕ ਲਾਏ ਗਏ ਕਰਫਿਊ ਜਾਂ ਫ਼ੌਜੀ ਹਮਲੇ ਬਾਰੇ ਨਾ ਤਾਂ ਕੋਈ ਚੇਤਾਵਨੀ ਦਿੱਤੀ ਗਈ ਸੀ ਤੇ ਨਾ ਹੀ ਕਿਸੇ ਸ਼ਰਧਾਲੂ ਦੇ ਚਿੱਤ ਚੇਤੇ ਵਿੱਚ ਹੀ ਸੀ। ਸਿਟੀਜ਼ਨਜ਼ ਫਾਰ ਡੈਮੋਕਰੇਸੀ ਦੀ ਇਕ ਰਿਪੋਰਟ ਵਿੱਚ ਕਿਹਾ ਗਿਆ, ਦਰਬਾਰ ਸਾਹਿਬ ਅੰਦਰ ਹਜ਼ਾਰ ਲੋਕਾਂ 'ਚੋਂ ਕਿਸੇ ਨੇ ਵੀ ਅਜੇ ਤੀਕ ਅਧਿਕਾਰੀਆਂ ਦੀ ਘਿਨਾਉਣੀ ਯੋਜਨਾ ਨੂੰ ਨਹੀਂ ਸੀ ਗੌਲਿਆ। ਪੰਜਾਬ ਦੀ ਨਾਕਾਬੰਦੀ ਕਰ ਦਿੱਤੀ ਗਈ ਸੀ। ਹਜ਼ਾਰਾਂ ਸ਼ਰਧਾਲੂਆਂ ਅਤੇ ਸੈਂਕੜੇ ਅਕਾਲੀਆਂ ਨੂੰ ਦਰਬਾਰ ਸਾਹਿਬ ਸਮੂਹ ਵਿੱਚ ਇਕੱਠੇ ਹੋਣ ਦਿੱਤਾ ਗਿਆ। ਉਨ੍ਹਾਂ ਨੂੰ ਅਚਾਨਕ ਲਗਾਏ ਗਏ ਕਰਫਿਊ ਜਾਂ ਫ਼ੌਜੀ ਹਮਲੇ ਬਾਰੇ ਕੋਈ ਇਸ਼ਾਰਾ ਹੀ ਨਹੀਂ ਸੀ ਦਿੱਤਾ ਗਿਆ। ਇਹ ਬਲੈਕ ਹੋਲ ਵਰਗੀ ਇਕ ਕਾਰਵਾਈ ਕੀਤੀ ਜਾਣੀ ਸੀ, ਐਵੇਂ ਬੇਧਿਆਨੀ ਵਿੱਚ ਨਹੀਂ ਸਗੋਂ ਸੋਚੀ ਸਮਝੀ ਯੋਜਨਾ ਅਤੇ ਚਾਲ ਵਜੋਂ।

ਪਹਿਲੇ ਦੋ ਦਿਨ ਭਾਰਤੀ ਫ਼ੌਜ ਨੇ ਮਸ਼ੀਨ ਗੰਨਾਂ, ਰਾਕਟਾਂ ਅਤੇ ਹੱਥਗੋਲਿਆਂ ਨਾਲ ਕਹਿਰ ਦੀ ਅੱਗ ਬਰਸਾਈ। ਇਹ ਕਾਰਵਾਈ ਇਸ ਆਸ ਨਾਲ ਕੀਤੀ ਗਈ ਕਿ ਸੰਤ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਾਥੀ ਥੱਕ ਟੁੱਟ ਜਾਣਗੇ ਅਤੇ ਡਰ ਕੇ ਆਤਮ ਸਮਰਪਣ ਕਰ ਦੇਣਗੇ ਪਰ ਇਹ ਆਸਾਂ ਝੂਠੀਆਂ ਨਿਕਲੀਆਂ। ਆਖਰੀ ਵੇਲੇ ਤੱਕ ਸੰਤ ਭਿੰਡਰਾਂਵਾਲਿਆਂ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕਰਨ ਵਾਲਿਆਂ ਦੀ ਇਕ ਨਾ ਚੱਲੀ। ਆਖਰੀ ਸਾਹ ਤੱਕ ਲੜਨ ਅਤੇ ਜੂਝਣ ਦੇ ਸੰਤ ਭਿੰਡਰਾਂਵਾਲਿਆਂ ਦੇ ਨਿਸ਼ਚੇ ਬਾਰੇ ਫ਼ੌਜੀ ਜਰਨੈਲਾਂ ਨੇ ਠੀਕ ਅਨੁਮਾਨ ਨਹੀਂ ਸਨ ਲਾਏ। ਉਹ ਅਕਸਰ ਕਹਿੰਦੇ ਸੁਣੇ ਜਾਂਦੇ ਸਨ ਕਿ ਮੌਤ ਦਾ ਉਨ੍ਹਾਂ ਨੂੰ ਕੋਈ ਭੈ ਨਹੀਂ ਸੀ ਤੇ ਉਹ ਦਮਦਮੀ ਟਕਸਾਲ ਦੇ ਬਾਨੀ ਬਾਬਾ ਦੀਪ ਸਿੰਘ ਜੀ ਦੇ ਢਾਂਚੇ ਵਿੱਚ ਢਲੇ ਹੋਏ ਸਨ ਜਿਸ ਨੇ ਪਠਾਣਾਂ ਦੇ ਵੱਡੇ ਲਸ਼ਕਰ ਨੂੰ ਵੇਖ ਕੇ ਵੀ ਦਰਬਾਰ ਸਾਹਿਬ ਦੀ ਰਾਖੀ ਲਈ ਆਖ਼ਰੀ ਦਮ ਤੱਕ ਲੜਾਈ ਲੜੀ ਸੀ। ਕਿਹਾ ਜਾਂਦਾ ਹੈ ਕਿ ਬਾਬਾ ਦੀਪ ਸਿੰਘ ਜੀ ਦਾ ਸਿਰ ਧੜ ਨਾਲੋਂ ਵੱਖ ਹੋ ਗਿਆ ਸੀ, ਪਰ ਉਹ ਇਸ ਨੂੰ ਆਪਣੀ ਖੱਬੀ ਤਲੀ 'ਤੇ ਟਿਕਾਅ, ਆਤਮਕ ਮਨੋਬਲ ਦੇ ਸਹਾਰੇ, ਸੱਜੇ ਹੱਥ ਨਾਲ ਤਲਵਾਰ ਚਲਾਉਂਦੇ ਹੋਏ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਜਾ ਪੁੱਜੇ ਸਨ ਜਿੱਥੇ ਪੁੱਜ ਕੇ ਹੀ ਉਨ੍ਹਾਂ ਆਪਣੇ ਪ੍ਰਾਣ ਤਿਆਗੇ। ਜਦੋਂ ਸੰਤ ਭਿੰਡਰਾਂਵਾਲਿਆਂ ਨੂੰ ਖ਼ਾਲਿਸਤਾਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਨਾ ਤਾਂ ਇਸ ਦੇ ਹੱਕ ਵਿੱਚ ਸਨ ਤੇ ਨਾ ਹੀ ਖਿਲਾਫ਼ ਪਰ ਜੇ ਉਨ੍ਹਾਂ ਨੂੰ ਥਾਲ ਵਿੱਚ ਰੱਖ ਕੇ ਦਿੱਤਾ ਗਿਆ ਤਾਂ ਉਹ ਲੈਣੋਂ ਨਾਂਹ ਨਹੀਂ ਕਰਨਗੇ।

ਸੰਤ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਨੇ ਫ਼ੌਜੀ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ। 6 ਜੂਨ ਨੂੰ 13 ਜੰਗੀ ਟੈਂਕ ਦਰਬਾਰ ਸਾਹਿਬ ਦੀ ਪਰਕਰਮਾ ਅੰਦਰ ਭੇਜੇ ਗਏ ਅਤੇ ਮਹੱਤਵਪੂਰਨ ਥਾਵਾਂ ਉਤੇ 30 ਹੋਰ ਟੈਂਕ ਤਿਆਰ ਬਰ ਤਿਆਰ ਰੱਖੇ ਗਏ। ਭਾਰਤੀ ਫ਼ੌਜ ਨੇ ਸਿੱਖਾਂ ਵਿਰੁੱਧ ਭਰਪੂਰ ਜੰਗ ਛੇੜ ਦਿੱਤੀ ਸੀ ਜਿਸ ਵਿੱਚ ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਸਮੇਤ ਫ਼ੌਜ ਦੇ ਤਿੰਨੇ ਭਾਗ ਸ਼ਾਮਲ ਹੋ ਗਏ ਸਨ।

ਜੀ. ਕੇ. ਸੀ. ਰੈਡੀ ਨੇ ਲਿਖਿਆ, "ਇਤਿਹਾਸ ਵਿੱਚ ਬਲਿਊ ਸਟਾਰ ਓਪਰੇਸ਼ਨ ਨੂੰ ਨਿਹੱਥੇ ਸ਼ਹਿਰੀਆਂ ਉਪਰ ਇਕ ਦੇਸ਼ ਦੀ ਜਥੇਬੰਦ ਫ਼ੌਜੀ ਸ਼ਕਤੀ 'ਤੇ ਕੀਤਾ ਗਿਆ ਸਭ ਤੋਂ ਵੱਡਾ ਕਤਲੇਆਮ ਸਮਝਿਆ ਜਾਵੇਗਾ।" ਸ਼ਬਦ 'ਨਿਹੱਥੇ' ਜਾਣ ਬੁੱਝ ਕੇ ਵਰਤਿਆ ਜਾ ਰਿਹਾ ਹੈ ਕਿਉਂਕਿ ਦੋਹਾਂ ਧਿਰਾਂ ਕੋਲ ਮੌਜੂਦ ਹਥਿਆਰਾਂ ਵਿੱਚ ਏਨੀ ਜ਼ਿਆਦਾ ਨਾਬਰਾਬਰੀ ਸੀ ਕਿ ਦਰਬਾਰ ਸਾਹਿਬ ਉਤੇ ਕੀਤੇ ਫ਼ੌਜੀ ਹਮਲੇ ਦੇ ਮੁਕਾਬਲੇ ਨੂੰ ਕਿਸੇ ਵੀ ਤਰ੍ਹਾਂ ਹਥਿਆਰਬੰਦ ਨਹੀਂ ਕਿਹਾ ਜਾ ਸਕਦਾ। ਦਰਬਾਰ ਸਾਹਿਬ ਤੋਂ ਇਲਾਵਾ ਪੰਜਾਬ ਵਿੱਚ ਅਤੇ ਪੰਜਾਬ ਤੋਂ ਬਾਹਰ ਵੀ ਇਕੋ ਸਮੇਂ 72 ਗੁਰਦੁਆਰਿਆਂ 'ਤੇ ਹਮਲਾ ਕੀਤਾ ਗਿਆ। ਇਨ੍ਹਾਂ ਗੁਰਦੁਆਰਿਆਂ ਨਾਲ ਸੰਤ ਭਿੰਡਰਾਂਵਾਲਿਆਂ ਦਾ ਦੂਰ ਦਾ ਵੀ ਕੋਈ ਸੰਬੰਧ ਨਹੀਂ ਸੀ। ਸਰਕਾਰੀ ਸ੍ਰੋਤਾਂ ਅਨੁਸਾਰ, ਦਰਬਾਰ ਸਾਹਿਬ ਦੀ ਰਾਖੀ ਕਰਨ ਵਾਲੇ ਸਿੱਖਾਂ ਦੀ ਗਿਣਤੀ 50 ਤੋਂ 100 ਦੇ ਕਰੀਬ ਸੀ। ਉਹ ਆਖਰੀ ਬੰਦੇ ਤੀਕ ਅਤੇ ਆਖਰੀ ਗੋਲੀ ਤੱਕ ਬਹਾਦਰੀ ਨਾਲ ਲੜੇ ਅਤੇ ਜੂਝਦੇ ਹੋਏ ਪ੍ਰਾਣ ਤਿਆਗ ਗਏ। ਲੋਕਾਂ ਨੂੰ ਲੱਗਾ ਕਿ ਉਨ੍ਹਾਂ ਦੀ ਕੁਰਬਾਨੀ ਨਾਲ ਉਨ੍ਹਾਂ ਨੇ ਸ਼ਹਾਦਤ ਦੀ ਸਿੱਖ ਰਵਾਇਤ ਨੂੰ ਨਵੇਂ ਸਿਰਿਉਂ ਤਾਜ਼ਾ ਕਰ ਲਿਆ ਹੈ ਅਤੇ ਇਸ ਨੂੰ ਨਵੇਂ ਯੁੱਗ ਦੇ ਹਾਣ ਦਾ ਬਣਾ ਦਿੱਤਾ ਹੈ। ਇਕ ਫ਼ੌਜੀ ਜਰਨੈਲ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਕਿ ਇਹੋ ਜਿਹੇ ਮਜ਼ਬੂਤ ਇਰਾਦੇ ਵਾਲੇ ਅਤੇ ਬਹਾਦਰ ਲੋਕਾਂ ਦੀ ਸਹਾਇਤਾ ਨਾਲ ਮੈਂ ਪਾਕਿਸਤਾਨ ਦੀ ਕੋਈ ਵੀ ਲੜਾਈ ਜਿੱਤ ਸਕਦਾ ਸੀ।

ਸੰਤ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਵਿੱਚ ਬੜੀ ਖਿੱਚ ਸੀ ਤੇ ਉਹ ਇਕ ਲੋਕ ਆਗੂ ਸਨ। ਉਨ੍ਹਾਂ ਨੇ ਆਮ ਲੋਕਾਂ ਨਾਲ ਭਰਪੂਰ ਜਜ਼ਬਾਤੀ ਸਾਂਝ ਪਾ ਲਈ ਹੋਈ ਸੀ। ਸੰਤ ਜੀ ਦੇ ਇਕ ਕਰੀਬੀ ਸਾਥੀ ਦਲਬੀਰ ਸਿੰਘ ਨੇ ਇਸ ਬਾਰੇ ਬੜਾ ਸੁੰਦਰ ਲਿਖਿਆ ਹੈ ਕਿ ਉਨ੍ਹਾਂ ਨੇ ਮੈਨੂੰ ਕਿਹਾ ਕਿ ਜੇ ਉਹ ਮਾਰੇ ਗਏ ਤਾਂ ਉਨ੍ਹਾਂ ਦੇ ਸਰੀਰ ਦਾ ਅੰਗੀਠਾ ਚੌਂਕ ਮਹਿਤੇ ਵਿੱਚ ਡਿਓੜੀ ਦੇ ਸਾਹਮਣੇ ਵਾਲੀ ਸੜਕ 'ਤੇ ਬਣਾਇਆ ਜਾਏ ਤਾਂ ਕਿ ਜਦ ਲੋਕ ਮੇਰੀ ਖਾਕ ਉਤੋਂ ਲੰਘਣ ਤਾਂ ਮੈਂ ਉਨ੍ਹਾਂ ਦੇ ਕਦਮਾਂ ਦੀ ਛੋਹ ਦਾ ਨਿੱਘ ਮਾਣ ਸਕਾਂ। ਸੰਤ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਅਤੇ ਜਨਰਲ ਸ਼ੁਬੇਗ ਸਿੰਘ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਦੇਹਾਂ ਦਾ ਸਸਕਾਰ ਕਰੜੇ ਫ਼ੌਜੀ ਪਹਿਰੇ ਹੇਠ ਕੀਤਾ ਗਿਆ। ਜਦੋਂ ਜਲ੍ਹਿਆਂ ਵਾਲੇ ਬਾਗ ਵਿੱਚ ਜਨਰਲ ਡਾਇਰ ਨੇ ਲੋਕਾਂ ਨੂੰ ਮਾਰਿਆ ਤਾਂ ਮਰਨ ਵਾਲਿਆਂ ਦੀਆਂ ਦੇਹਾਂ ਉਨ੍ਹਾਂ ਦੇ ਸਾਕਾਂ-ਸੰਗੀਆਂ ਨੂੰ ਦੇ ਦਿੱਤੀਆਂ ਗਈਆਂ ਸਨ ਪਰ ਅੱਜ ਸਾਡੀ ਆਪਣੀ ਫ਼ੌਜ ਨੇ ਆਪਣੇ ਹੀ ਬੰਦੇ ਮਾਰੇ ਹਨ ਤੇ ਮਰਨ ਵਾਲਿਆਂ ਦੀਆਂ ਦੇਹਾਂ ਵੀ ਘਰਦਿਆਂ ਨੂੰ ਦੇਣ ਲਈ ਤਿਆਰ ਨਹੀਂ।

ਨੀਲਾ ਤਾਰਾ ਘੱਲੂਘਾਰੇ ਵਿੱਚ ਕਈ ਬੰਦੇ ਮਾਰੇ ਗਏ। ਸਰਕਾਰ ਨੇ ਕੋਈ ਨਾਂ ਨਹੀਂ ਦੱਸੇ, ਨਾ ਹੀ ਮਰਨ ਵਾਲਿਆਂ ਦੀ ਗਿਣਤੀ ਦੱਸੀ ਹੈ। ਗੈਰ-ਸਰਕਾਰੀ ਸ੍ਰੋਤਾਂ ਅਨੁਸਾਰ, ਮਰਨ ਵਾਲਿਆਂ ਦੀ ਗਿਣਤੀ ਲਗਭਗ 10 ਹਜ਼ਾਰ ਹੈ। ਲਾਸ਼ਾਂ ਨੂੰ ਕੂੜਾ ਢੋਣ ਵਾਲੀਆਂ ਗੱਡੀਆਂ ਵਿੱਚ ਲਿਜਾਇਆ ਗਿਆ ਤੇ ਵੀਹ ਵੀਹ ਤੇ ਕਈ ਵਾਰ ਇਸ ਤੋਂ ਵੀ ਵੱਧ ਲਾਸ਼ਾਂ ਇਕੱਠੀਆਂ ਅਗਨ ਭੇਟ ਕੀਤੀਆਂ ਗਈਆਂ। ਜ਼ਖ਼ਮੀ, ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਉਨ੍ਹਾਂ ਨਾਲ ਵੀ ਬੜੀ ਬੇਰਹਿਮੀ ਵਰਤੀ ਗਈ। ਹਸਪਤਾਲ ਵਿੱਚ

ਵਾਰਡ ਦੇ ਬਾਹਰ ਇਕ ਬੋਰਡ ਲੱਗਾ ਹੋਇਆ ਸੀ ਜਿਸ ਉਪਰ ਲਿਖਿਆ ਹੋਇਆ ਸੀ "ਜੰਗੀ ਕੈਦੀ"। ਫ਼ੌਜ ਵੱਲੋਂ ਢਾਹੇ ਗਏ ਕਹਿਰ ਕਾਰਨ ਸਾਰਾ ਦ੍ਰਿਸ਼ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਹਿਟਲਰ ਨੇ ਯਹੂਦੀਆਂ ਉਪਰ ਜ਼ੁਲਮ ਢਾਹੇ ਹੋਣ। ਅਕਾਲ ਤਖ਼ਤ, ਜੋ ਕਿ ਵਿਦੇਸ਼ੀ ਹਮਲਿਆਂ ਵਿਰੁੱਧ ਧਰਮ ਯੁੱਧ ਦਾ ਕੇਂਦਰ ਸੀ ਅਤੇ ਜਿਸ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਇਤਿਹਾਸਕ ਭੂਮਿਕਾ ਨਿਭਾਈ ਸੀ, ਉਹ ਢਹਿ ਢੇਰੀ ਕਰ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਦਰਬਾਰ ਸਾਹਿਬ ਦਾ ਸੁਨਹਿਰੀ ਕਲਸ ਵੀ ਗੋਲੀਆਂ ਨਾਲ ਛਲਣੀ ਕਰ ਦਿੱਤਾ ਗਿਆ ਸੀ। 'ਡੇਲੀ ਐਕਸਪ੍ਰੈਸ', ਲੰਦਨ (ਜੂਨ 19, 1984) ਨੇ ਦਰਬਾਰ ਸਾਹਿਬ ਦੇ ਅੰਦਰ ਦਾ ਭਿਆਨਕ ਦ੍ਰਿਸ਼ ਇਸ ਤਰ੍ਹਾਂ ਬਿਆਨਿਆ ਸੀ, "ਦਰਬਾਰ ਸਾਹਿਬ ਦੇ ਸੁਨਹਿਰੀ ਕਲਸ਼ ਹੇਠਾਂ ਕੋਈ ਕੀਰਤਨ ਨਹੀਂ ਹੋ ਰਿਹਾ। ਓਥੇ ਕੋਈ ਗ੍ਰੰਥੀ ਤਾਂਬਿਆ ਵਿੱਚ ਨਹੀਂ ਬੈਠੇ ਹੋਏ। ਉਹ ਸਾਰੇ ਜਾਂ ਤਾਂ ਮਾਰ ਦਿੱਤੇ ਗਏ ਹਨ ਜਾਂ ਗੁੰਮ ਹਨ। ਉਹ ਸਾਜ਼ ਜੋ ਹਰ ਸਮੇਂ ਸੰਗੀਤ ਦੀਆਂ ਸੁਰਾਂ ਅਤੇ ਕੀਰਤਨ ਦਾ ਮਧੁਰ ਅਲਾਪ ਹਵਾ ਵਿੱਚ ਬਿਖੇਰਦੇ ਰਹਿੰਦੇ ਸਨ, ਸਦੀਆਂ ਪਿੱਛੋਂ ਪਹਿਲੀ ਵਾਰ ਖਾਮੋਸ਼ ਹਨ। ਸ਼ਰਧਾਲੂ ਕੋਈ ਨਹੀਂ, ਕੇਵਲ ਫ਼ੌਜੀ ਹਨ। ਸਿੱਖਾਂ ਦੀ ਪਵਿੱਤਰ ਬਾਈਬਲ ਬੰਦ ਹੈ ਅਤੇ ਨੀਲੇ ਰੁਮਾਲੇ ਨਾਲ ਢੱਕੀ ਹੋਈ ਹੈ। ਗੁਰਬਾਣੀ ਪੜ੍ਹਨ ਵਾਲਾ ਕੋਈ ਨਹੀਂ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਵੈਟੀਕਾਨ ਤਾਂ ਹੋਵੇ ਪਰ ਪੋਪ ਕੋਈ ਨਾ ਹੋਵੇ।"

ਬਲਿਊ ਸਟਾਰ ਘੱਲੂਘਾਰਾ (ਓਪ੍ਰੇਸ਼ਨ ਗਲਤ ਨਾਂ ਹੈ) ਆਜ਼ਾਦ ਭਾਰਤ ਦੇ ਇਤਿਹਾਸ ਦਾ ਸਿਆਹ ਕਾਲਾ ਹਾਦਸਾ ਹੈ। ਇਸ ਘਟਨਾ ਨੇ ਸਿੱਖਾਂ ਅਤੇ ਭਾਰਤ ਨੂੰ ਇਕ ਦੂਜੇ ਤੋਂ ਦੂਰ ਕਰਨ ਲਈ ਜੋ ਕੰਮ ਕੀਤਾ ਹੈ, ਉਹ ਕਿਸੇ ਹੋਰ ਘਟਨਾ ਨੇ ਨਹੀਂ ਕੀਤਾ। 'ਸਟੇਟਸਮੈਨ', ਕਲਕੱਤਾ ਵਿੱਚ (10 ਸਤੰਬਰ, 1993) ਨੂੰ ਇਹ ਏ.ਡੀ. ਮੋਦੀ ਨੇ ਬੜਾ ਖੂਬਸੂਰਤ ਲਿਖਿਆ, "ਇੰਦਰਾ ਗਾਂਧੀ ਦੇ ਹਿੰਦੂ ਪੱਤੇ ਅਤੇ ਬਲਿਊ ਸਟਾਰ ਨੇ ਹਿੰਦੂਆਂ ਅਤੇ ਸਿੱਖਾਂ ਦੀ ਆਪਸੀ ਸਾਂਝ ਤੋੜ ਦਿੱਤੀ ਹੈ, ਜਦ ਕਿ ਕਿਸੇ ਵੀ ਦੋ ਕੌਮਾਂ ਵਿਚਕਾਰ ਇਹ ਸਾਂਝ ਭਾਰਤ ਵਿੱਚ ਸਭ ਤੋਂ ਵੱਧ ਨੇੜਤਾ ਵਾਲੀ ਸੀ। ਉਸ (ਇੰਦਰਾ) ਵਿੱਚ ਬਦਲਾਖੋਰ ਔਰੰਗਜ਼ੇਬ ਦੀ ਰੂਹ ਆ ਗਈ ਲੱਗਦੀ ਸੀ। ਇੰਦਰਾ ਗਾਂਧੀ ਦਾ ਮਰਸੀਆਂ ਇਹ ਹੋ ਸਕਦਾ ਹੈ ਕਿ "ਉਹ ਅੱਗ ਨਾਲ ਖੇਡੀ ਤੇ ਇਸ ਅੱਗ ਵਿੱਚ ਹੀ ਭਸਮ ਹੋ ਗਈ। ਪਰ ਆਪਣੇ ਨਾਲ ਆਪਣੇ ਦੋ ਪੁੱਤਰ ਵੀ ਲੈ ਗਈ।" ਜਦ ਕਿ ਸਿੱਖ ਉਸ ਭਿਆਨਕ ਦੁਖਾਂਤ ਦੀ ਕੌੜੀ ਯਾਦ ਨੂੰ ਆਪਣੀ ਮਾਨਸਿਕਤਾ 'ਚ ਭੁਲਾਉਲ ਵਿੱਚ ਸਫ਼ਲ ਨਹੀਂ ਹੋ ਰਹੇ। ਭਾਰਤੀ ਪ੍ਰਚਾਰ ਮਾਧਿਅਮਾਂ ਦਾ ਵੱਡਾ ਵਰਗ ਉਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਿਹਾ ਹੈ ਜਾਂ ਸੱਚਾਈ ਨੂੰ ਛੁਪਾ ਰਿਹਾ ਹੈ। ਅਜੇ ਵੀ ਮਾਮਲੇ ਦੇ ਧਾਰਮਿਕ ਰਾਜਸੀ ਪਹਿਲੂ ਅਜਿਹੇ ਹਨ ਜਿਨ੍ਹਾਂ ਨੂੰ ਛਿੱਕੇ 'ਤੇ ਟੰਗਣਾ ਸੌਖਾ ਨਹੀਂ। ਬਰੇਡੀਅਰ ਗ੍ਰਾਂਟ ਦੇ ਵਿਚਾਰ ਪੇਸ਼ ਕਰਨੇ ਠੀਕ ਹੀ ਰਹਿਣਗੇ। ਉਨ੍ਹਾਂ ਕਿਹਾ, "ਆਜ਼ਾਦੀ ਮਗਰੋਂ ਰਾਜਸੀ ਫ਼ੌਜੀ ਗੱਠਜੋੜ ਨੂੰ ਤਿੰਨ ਵੱਡੀਆਂ ਹਾਰਾਂ ਨਸੀਬ ਹੋਈਆਂ ਪਰ ਤਿੰਨਾਂ ਉੱਤੇ ਅਸਪੱਸ਼ਟਤਾ ਦੀ ਧੂੜ ਜੰਮੀ ਹੋਈ ਹੈ। ਪਹਿਲੀ ਸੀ ਪੰਡਿਤ ਨਹਿਰੂ ਦੇ ਵੇਲੇ ਹੋਈ ਚੀਨੀਆਂ ਹੱਥੋਂ ਹਾਰ, ਦੂਜੀ ਇੰਦਰਾ ਗਾਂਧੀ ਵੇਲੇ ਲੰਕਾ ਵਿੱਚ ਹਾਰ ਅਤੇ ਤੀਜੀ ਸੀ ਓਪ੍ਰੇਸ਼ਨ ਬਲੂ ਸਟਾਰ ਦੌਰਾਨ ਹੋਈ ਹਾਰ।

ਤਿੰਨੇ ਹੀ ਮਾਮਲੇ ਬਦਤਰੀਨ ਕਿਸਮ ਦੀ ਰਾਜਨੀਤਕ ਨਾਕਾਮੀ ਵਾਲੇ ਮਾਮਲੇ ਸਨ ਜਿਨ੍ਹਾਂ ਵਿੱਚ ਫ਼ੌਜ ਨੇ ਇਨ੍ਹਾਂ ਨੂੰ ਹਾਰਾਂ ਪ੍ਰਵਾਨ ਵੀ ਕਰ ਲਿਆ ਪਰ ਨਾਲ ਹੀ ਇੰਨੀ ਜ਼ਰੂਰਤ ਵੀ ਨਾ ਵਿਖਾਈ ਕਿ ਇਨ੍ਹਾਂ ਦੀ ਵਿਰੋਧਤਾ ਕਰ ਸਕੇ। ਹੁਣ ਜਦ ਵੀ ਇਹਨਾਂ ਤਿੰਨਾਂ ਹੀ ਤਬਾਹੀਆਂ ਨਾਲ ਜੁੜੇ ਹੋਏ ਨਹਿਰੂ ਪਰਿਵਾਰ ਦੇ ਤਿੰਨੇ ਪ੍ਰਧਾਨ ਮੰਤਰੀ ਨਹੀਂ ਰਹੇ ਤਾਂ ਇਨ੍ਹਾਂ ਬਾਰੇ ਖੁੱਲੀ ਪੜਤਾਲ ਹੋਣੀ ਚਾਹੀਦੀ ਹੈ ਕਿ ਇਹ ਵਾਪਰੀਆਂ ਹੀ ਕਿਉਂ। ਪਾਕਿਸਤਾਨ ਨੇ 1971 ਵਿੱਚ ਬੰਗਲਾ ਦੇਸ਼ ਵਿੱਚ ਆਪਣੀ ਹਾਰ ਮਗਰੋਂ ਠੀਕ ਇਹ ਕੁਝ ਕੀਤਾ ਸੀ ਅਤੇ ਅਮਰੀਕਾ ਸਰਕਾਰ ਨੇ ਵੀਅਤਨਾਮ ਵਿੱਚੋਂ ਨਿਕਲਣ ਉਪਰੰਤ ਇਹੀ ਕੀਤਾ ਸੀ। ਜੇ ਅਸੀਂ ਇਹ ਪੜਤਾਲ ਨਹੀਂ ਕਰਾਂਗੇ ਤਾਂ ਫ਼ੌਜ ਨੂੰ ਇਨ੍ਹਾਂ ਨਾਕਾਮੀਆਂ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਰਹੇਗਾ। ਭਾਵੇਂ ਕਿ ਇਹ ਮਾਮਲੇ ਸਾਰੇ ਰਾਜਨੀਤਕ ਕਿਸਮ ਦੇ ਹੀ ਹੋਣਗੇ," ਇਕ ਈਮਾਨਦਾਰ, ਨਿਝੱਕ, ਨਿਰਪੱਖ ਅਤੇ ਮੁਕੰਮਲ ਪੜਤਾਲ ਸੱਚ ਤੋਂ ਪੜਦਾ ਲਾਹ ਦੇਵੇਗੀ ਅਤੇ ਸਾਬਤ ਕਰ ਦੇਵੇਗੀ ਕੀ ਬਲਿਊ ਸਟਾਰ ਪਹਿਲਾਂ ਤੋਂ ਘੜੀ ਸਾਜ਼ਿਸ਼ ਅਨੁਸਾਰ ਬੜੇ ਮੰਦ ਵਿਚਾਰਾਂ ਨਾਲ ਕੀਤਾ ਗਿਆ ਸੀ। ਧਾਰਮਿਕ ਘੱਟ-ਗਿਣਤੀਆਂ ਦੇ ਧਰਮ ਅਸਥਾਨਾਂ ਉਤੇ ਹਮਲਾ ਕਰਨ ਦੀ ਨੀਤੀ ਦਾ ਅੰਤਿਮ ਸਿੱਟਾ ਸਨ। ਘੱਟ-ਗਿਣਤੀਆਂ ਨਾਲ ਵਿਤਕਰਾ ਕਰਕੇ ਉਨ੍ਹਾਂ ਨੂੰ ਈਨ ਮੰਨਣ ਲਈ ਤਿਆਰ ਕਰਨਾ ਸੀ। ਬਾਬਰੀ ਮਸਜਿਦ 'ਤੇ ਹਮਲਾ ਇਸੇ ਕੜੀ ਦਾ ਇਕ ਭਾਗ ਸੀ। ਲੋਕਾਂ ਦੇ ਭਲੇ 'ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤ ਵਿੱਚ, ਪੂਰੀ ਸੱਚਾਈ ਜ਼ਰੂਰ ਪ੍ਰਗਟ ਹੋਣੀ ਚਾਹੀਦੀ ਹੈ। ਪੰਜਾਬ ਨਾਲ ਕੀਤੇ ਧੱਕਿਆਂ ਨੂੰ ਠੀਕ ਕਰਨ ਦਾ ਇਹੀ ਇਕੋ ਇਕ ਰਾਹ ਹੈ ਅਤੇ ਇਸ ਤਰ੍ਹਾਂ ਸਿੱਖ ਜਜ਼ਬਾਤ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ।"

ਪੰਜਾਬ ਦੇ ਪੱਖ ਨੂੰ ਬੜੇ ਗਲਤ ਪੱਖ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਅਕਾਲੀ ਦਲ ਦੀਆਂ ਬੜੀ ਦੇਰ ਤੋਂ ਲਟਕ ਰਹੀਆਂ ਮੰਗਾਂ ਨੂੰ ਖਾਹਮਖਾਹ ਬਰਫ਼ ਵਿੱਚ ਲਾਇਆ ਹੋਇਆ ਹੈ। ਇਸ ਤੋਂ ਅਕਾਲੀ ਆਗੂਆਂ ਦੀ ਨਾਕਾਮੀ ਦੀ ਝਲਕ ਵੀ ਮਿਲਦੀ ਹੈ ਜੋ ਆਪਣੀ ਪਾਰਟੀ ਤੇ ਆਪਣੀ ਕੌਮ, ਜਿਸ ਦੀ ਪ੍ਰਤੀਨਿਧਤਾ ਦੇ ਉਹ ਦਾਅਵੇ ਕਰਦੇ ਹਨ, ਦੇ ਹਿੱਤਾਂ ਨੂੰ ਵਿਸਾਰ ਸਮਝੌਤੇ ਕਰਨ ਲੱਗਿਆਂ ਕੋਈ ਪ੍ਰੇਸ਼ਾਨੀ ਮਹਿਸੂਸ ਨਹੀਂ ਕਰਦੇ। ਪਾਰਲੀਮੈਂਟ ਵਿੱਚ ਇਹ ਮੰਗ ਨਹੀਂ ਰੱਖੀ ਕਿ 1948 ਦੀਆਂ ਖੂਨੀ ਘਟਨਾਵਾਂ ਦੀ ਅਦਾਲਤੀ ਪੜਤਾਲ ਕਰਵਾਈ ਜਾਵੇ। ਕੌਮ ਦੇ ਜ਼ਰੂਰੀ ਹਿੱਤਾਂ ਦੇ ਕੁਰਬਾਨ ਕਰਨ ਦੇ ਨਤੀਜੇ ਵੀ ਬਹੁਤ ਮਾੜੇ ਨਿਕਲ ਸਕਦੇ ਹਨ।

ਘੱਲੂਘਾਰਾ ਨੀਲਾ ਤਾਰਾ ਦਾ ਸਿੱਖ ਮਾਨਸਿਕਤਾ ਉਤੇ ਪ੍ਰਭਾਵ

(ਇਹ ਲੇਖ ਇਕ ਵੀਰ ਵਲੋਂ ਭੇਜਿਆ ਗਿਆ ਸੀ ਜੋ ਕਿ ਉਸ ਮੁਤਾਬਿਕ ਕਿਸੇ ਹੋਰ ਦੀ ਰਚਨਾ ਹੈ, ਜੇਕਰ ਲੇਖਕ ਦਾ ਪਤਾ ਚੱਲਿਆ ਤਾਂ ਅਗਲੇ ਐਡੀਸ਼ਨ ਵਿੱਚ ਜ਼ਰੂਰ ਪ੍ਰਕਾਸ਼ਿਤ ਕਰਾਂਗੇ।)

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਜੂਨ 1984 ਵਿੱਚ ਹੋਇਆ ਹਮਲਾ ਜਿਸ ਨੂੰ ਫ਼ੌਜ ਵੱਲੋਂ ਓਪ੍ਰੇਸ਼ਨ ਬਲਿਊ ਸਟਾਰ ਦਾ ਨਾਮ ਦਿੱਤਾ ਗਿਆ, ਵੀਹਵੀਂ ਸਦੀ ਵਿੱਚ ਸਿੱਖ ਕੌਮ ਦਾ ਸਭ ਤੋਂ ਵੱਡਾ ਦੁਖਾਂਤ ਹੈ। ਟੈਂਕ ਤੋਪਾਂ ਬੀੜ ਕੇ ਅਤੇ ਆਧੁਨਿਕ ਹਥਿਆਰਾਂ ਨਾਲ ਭਾਰੀ ਫ਼ੌਜ ਲੈ ਕੇ ਕੀਤਾ ਗਿਆ ਇਹ ਵਹਿਸ਼ੀਆਨਾ ਹਮਲਾ ਸ੍ਰੀ ਦਰਬਾਰ ਸਾਹਿਬ ਉਪਰ 222 ਵਰ੍ਹੇ ਪਿੱਛੋਂ ਕੀਤਾ ਗਿਆ ਸੀ ਜਿਸ ਨੇ ਸਿੱਖਾਂ ਦੇ ਹਿਰਦੇ ਛਲਣੀ-ਛਲਣੀ ਕਰ ਕੇ ਰੱਖ ਦਿੱਤੇ। ਇਸ ਤੋਂ ਪਹਿਲਾਂ ਇਸ ਪਾਵਨ ਅਸਥਾਨ ਉਤੇ ਹਮਲਾ ਅਹਿਮਦ ਸ਼ਾਹ ਅਬਦਾਲੀ ਨੇ 1762 ਈ. ਵਿੱਚ ਕੀਤਾ ਸੀ। ਇਸ ਫ਼ੌਜੀ ਕਾਰਵਾਈ ਨੇ ਅਨੇਕ ਸਮੱਸਿਆਵਾਂ ਪੈਦਾ ਕੀਤੀਆਂ। ਵਿਸ਼ਵ ਭਰ ਦੇ ਸਿੱਖਾਂ ਦੇ ਮਨ ਵਿੱਚ ਪ੍ਰਧਾਨ ਮੰਤਰੀ ਇੰਦਰਾ ਦੀ ਸਰਕਾਰ ਵਿਰੁੱਧ ਰੋਸ ਅਤੇ ਰੋਹ ਭਰ ਗਿਆ ਅਤੇ ਨੌਜਵਾਨਾਂ ਨੇ ਹਥਿਆਰ ਚੁੱਕ ਲਏ ਜਿਸ ਕਾਰਨ ਪੰਜਾਬ ਵਿੱਚ ਲਗਭਗ ਇਕ ਦਹਾਕਾ ਖ਼ੂਨ-ਖ਼ਰਾਬਾ ਹੁੰਦਾ ਰਿਹਾ। ਪੰਜਾਬ ਵਿੱਚ ਅਨੇਕਾਂ ਹੀ ਘਰ ਤਬਾਹ ਹੋ ਗਏ।

ਇਹ ਮਹਾਨ ਦੁਖਾਂਤ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਚੜ੍ਹਾਈ ਨਾਲ ਹੀ ਮੁੱਕ ਨਹੀਂ ਗਿਆ, ਸਗੋਂ ਸਿੱਖਾਂ ਵਿਰੁੱਧ ਜ਼ੁਲਮ, ਤਸ਼ੱਦਦ, ਨਸਲਕੁਸ਼ੀ ਅਤੇ ਅਨਿਆਏ ਦਾ ਇਕ ਹੋਰ ਨਵਾਂ ਦੌਰ ਸ਼ੁਰੂ ਹੋ ਗਿਆ। ਮੁਗਲ ਕਾਲ ਦੇ ਅਠਾਰਵੀਂ ਸਦੀ ਦੇ ਜ਼ੁਲਮਾਂ ਪਿੱਛੋਂ ਪਹਿਲੀ ਵਾਰ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ। ਸਿੱਖ ਨੌਜਵਾਨਾਂ ਉਤੇ ਅੰਨਾ ਵਹਿਸ਼ੀਆਨਾ ਜ਼ੁਲਮ ਹੋਇਆ ਅਤੇ ਕੋਹ-ਕੋਹ ਕੇ ਮਾਰੇ ਗਏ, ਉਨ੍ਹਾਂ ਦੀਆਂ ਲਾਸ਼ਾਂ ਨੂੰ 'ਅਣਪਛਾਤਾ' ਕਰਾਰ ਦੇ ਕੇ ਸਸਕਾਰ ਕਰ ਦਿੱਤਾ ਗਿਆ। ਸੈਂਕੜੇ ਹੀ ਮਾਪਿਆਂ ਨੂੰ ਅੱਜ ਤੱਕ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦੇ ਜਿਗਰ ਦਾ ਟੋਟਾ ਉਨ੍ਹਾਂ ਦਾ ਬੇਟਾ, ਜਿੰਦਾ ਵੀ ਹੈ ਕਿ ਨਹੀਂ।

ਘੱਲੂਘਾਰਾ ਨੀਲਾ ਤਾਰਾ ਤੋਂ ਤੁਰੰਤ ਪਿੱਛੋਂ ਫ਼ੌਜ ਨੇ ਪੰਜਾਬ ਦੇ ਪਿੰਡਾਂ ਵਿੱਚ ਘਰ-ਘਰ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ। ਅੰਮ੍ਰਿਤਧਾਰੀ ਸਿੱਖਾਂ, ਨੀਲੇ ਜਾਂ ਕੇਸਰੀ ਰੰਗ ਦੀ ਪੱਗ ਜਾਂ ਪਟਕਾ ਪਹਿਨਣ ਜਾਂ ਬੰਨ੍ਹਣ ਵਾਲਿਆਂ ਨੂੰ ਫੜ-ਫੜ ਕੇ ਪ੍ਰੇਸ਼ਾਨ ਕੀਤਾ ਜਾਣ

ਲੱਗਾ ਅਤੇ ਬਹੁਤੀ ਵਾਰ ਟਾਰਚਰ ਕੀਤਾ ਜਾਣ ਲੱਗਾ। ਪਿੰਡਾਂ ਵਿੱਚ ਪੈਦਾ ਹੋਈ ਇਸ ਦਹਿਸ਼ਤ ਤੋਂ ਘਬਰਾ ਕੇ ਸੈਂਕੜੇ ਹੀ ਨੌਜਵਾਨ ਸਰਹੱਦ ਪਾਰ ਕਰਕੇ ਪਾਕਿਸਤਾਨ ਚਲੇ ਗਏ। ਅੱਗੋਂ ਪਾਕਿਸਤਾਨ ਨੇ ਇਨ੍ਹਾਂ ਨੌਜਵਾਨਾਂ ਨੂੰ ਹਥਿਆਰ ਚਲਾਉਣ ਦੀ ਟ੍ਰੇਨਿੰਗ ਦੇ ਕੇ ਅਤੇ ਹਥਿਆਰ ਦੇ ਕੇ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫ਼ੌਜੀ ਹਮਲੇ ਦਾ ਬਦਲਾ ਲੈਣ ਲਈ ਵਾਪਸ ਪੰਜਾਬ ਭੇਜ ਦਿੱਤਾ।

ਇਸ ਹਮਲੇ ਕਾਰਨ ਕਈ ਥਾਵਾਂ 'ਤੇ ਫ਼ੌਜ ਵਿੱਚ ਸਿੱਖ ਜਵਾਨਾਂ ਨੂੰ ਵਿਸ਼ੇਸ਼ ਕਰਕੇ ਰਾਮਗੜ੍ਹ ਸਿੱਖ ਰੈਜਮੈਂਟ, ਪੂਨਾ, ਗੰਗਾ ਨਗਰ ਅਤੇ ਜੰਮੂ ਵਿਖੇ ਤੈਨਾਤ ਸਿੱਖ ਜਵਾਨਾਂ ਨੇ ਬਗਾਵਤ ਕਰ ਦਿੱਤੀ ਅਤੇ ਉਹ ਅੰਮ੍ਰਿਤਸਰ ਵੱਲ ਨੂੰ ਤੁਰ ਪਏ। ਹੈਲੀਕਾਪਟਰ ਦੀ ਸਹਾਇਤਾ ਨਾਲ ਇਹਨਾਂ ਦਾ ਥਹੁ ਪਤਾ ਲਗਾ ਕੇ ਫ਼ੌਜ ਨੇ ਇਹਨਾਂ ਨੂੰ ਰਸਤੇ ਵਿੱਚ ਰੋਕਿਆ। ਕੁਝ ਥਾਵਾਂ 'ਤੇ ਆਪਸੀ ਝੜਪਾਂ ਵੀ ਹੋਈਆਂ, ਅਨੇਕਾਂ ਸ਼ਹੀਦ ਹੋਏ ਅਤੇ ਕਈ ਗ੍ਰਿਫਤਾਰ ਕਰ ਲਏ ਗਏ।

ਇਸੇ ਤਰ੍ਹਾਂ ਪੰਜਾਬ ਦੇ ਪਿੰਡਾਂ ਵਿੱਚ ਜਦੋਂ ਆਮ ਸਿੱਖਾਂ ਨੂੰ ਫ਼ੌਜੀ ਹਮਲੇ ਬਾਰੇ ਪਤਾ ਲੱਗਾ ਤਾਂ ਵਹੀਰਾਂ ਘੱਤ ਕੇ ਉਹ ਵੀ ਅੰਮ੍ਰਿਤਸਰ ਵੱਲ ਤੁਰੇ। ਉਨ੍ਹਾਂ ਨੂੰ ਵੀ ਰਸਤੇ ਵਿੱਚ ਰੋਕਿਆ ਗਿਆ। ਕਈ ਥਾਵਾਂ 'ਤੇ ਗੋਲੀ ਵੀ ਚੱਲੀ ਤੇ ਕਈ ਲੋਕ ਮਾਰੇ ਗਏ।

ਇਸ ਹਮਲੇ ਦੀ ਪ੍ਰਤੀਕ੍ਰਿਆ ਵਜੋਂ ਹੀ ਪੰਜਾਬ ਵਿੱਚ ਖਾੜਕੂ ਲਹਿਰ ਪੈਦਾ ਹੋਈ ਜਿਸ ਨੂੰ ਦਬਾਉਣ ਲਈ ਕੇਂਦਰ ਸਰਕਾਰ ਨੇ ਟਾਡਾ ਵਰਗੇ ਕਾਲੇ ਕਾਨੂੰਨ ਬਣਾਏ। ਇਨ੍ਹਾਂ ਸਖ਼ਤੀਆਂ ਕਾਰਨ ਸਿੱਖ ਭਾਈਚਾਰਾ ਆਪਣੇ ਆਪ ਨੂੰ ਅਲੱਗ-ਥਲੱਗ ਮਹਿਸੂਸ ਕਰਨ ਲੱਗਾ ਅਤੇ ਉਹ ਦੇਸ਼ ਦੀ ਮੁੱਖ ਧਾਰਾ ਤੋਂ ਟੁੱਟ ਗਿਆ।

ਅਹਿਮਦ ਸ਼ਾਹ ਅਬਦਾਲੀ ਵੱਲੋਂ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਸੀ, ਜਿਸ ਨੇ ਸਿੱਖ ਮਾਨਸਿਕਤਾ ਨੂੰ ਗਹਿਰੀ ਸੱਟ ਲਗਾਈ। ਸਿੱਖ ਆਪਣਾ ਘਰ ਤਾਂ ਸੜਦਾ ਦੇਖ ਸਕਦੇ ਹਨ ਪਰ ਆਪਣੇ ਗੁਰਦੁਆਰੇ ਨਹੀਂ। ਸ੍ਰੀ ਹਰਿਮੰਦਰ ਸਾਹਿਬ ਤਾਂ ਉਨ੍ਹਾਂ ਦਾ ਸਰਵਉੱਤਮ ਪਾਵਨ ਅਸਥਾਨ ਹੈ ਅਤੇ ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਭਗਤੀ ਤੇ ਸ਼ਕਤੀ ਦਾ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਫ਼ੌਜ ਵੱਲੋਂ ਤਾਂ ਢਹਿ-ਢੇਰੀ ਹੀ ਕਰ ਦਿੱਤਾ ਗਿਆ ਜਿਸ ਕਾਰਨ ਸਿੱਖਾਂ ਦੇ ਧਾਰਮਿਕ ਜਜ਼ਬਾਤ ਬੁਰੀ ਤਰ੍ਹਾਂ ਵਲੂੰਧਰੇ ਗਏ। ਇੰਦਰਾ ਵਿਰੁੱਧ ਸਿੱਖਾਂ ਦੇ ਮਨ ਵਿੱਚ ਬੜਾ ਹੀ ਗੁੱਸਾ ਤੇ ਰੋਹ ਪੈਦਾ ਹੋ ਗਿਆ। ਅਜਿਹੇ ਮਾਹੌਲ ਵਿੱਚ ਲਗਭਗ ਹਰ ਦੁਖੀ ਹਿਰਦਾ ਬਦਲਾ ਲੈਣ ਲਈ ਸੋਚ ਰਿਹਾ ਸੀ। ਆਖਰ ਭਾਈ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਨੇ 31 ਅਕੂਤਬਰ, 1984 ਨੂੰ ਇੰਦਰਾ ਨੂੰ ਗੋਲੀਆਂ ਨਾਲ ਉਡਾ ਕੇ ਉਸ ਵੱਲੋਂ ਕਰਵਾਏ ਫ਼ੌਜੀ ਹਮਲੇ ਦਾ ਬਦਲਾ ਲੈ ਹੀ ਲਿਆ। ਕਾਂਗਰਸ ਨੇ ਇਸ ਹੱਤਿਆ ਦਾ ਬਦਲਾ ਨਵੰਬਰ 1984 ਵਿੱਚ ਸਿੱਖਾਂ ਦਾ ਦਿੱਲੀ ਅਤੇ ਹੋਰ ਕਈ ਸ਼ਹਿਰਾਂ ਵਿੱਚ ਕਤਲੇਆਮ ਕੀਤਾ ਜਿਨ੍ਹਾਂ ਦੇ ਬਹੁਤ ਪਰਿਵਾਰ ਹਾਲੇ ਤੱਕ ਰੁਲ ਰਹੇ ਹਨ ਤੇ ਇਨਸਾਫ਼ ਲਈ ਭਟਕ ਰਹੇ ਹਨ।

ਸ਼ਾਇਦ ਇੰਦਰਾ ਦੀ ਸਰਕਾਰ ਨੇ ਸੋਚਿਆ ਨਹੀਂ ਸੀ ਕਿ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੌਰਾਨ ਇਤਨਾ ਨੁਕਸਾਨ ਹੋ ਜਾਏਗਾ ਅਤੇ ਸਿੱਖਾਂ ਵਿੱਚ ਇਤਨਾ ਰੋਸ ਅਤੇ ਰੋਹ ਭਰ ਜਾਏਗਾ। 23 ਜੂਨ, 1984 ਨੂੰ ਇੰਦਰਾ ਨੇ ਖੁਦ ਅੰਮ੍ਰਿਤਸਰ ਆ ਕੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੀ ਫ਼ੌਜ ਹੱਥੋਂ ਹੋਈ ਤਬਾਹੀ ਦੇਖੀ ਤੇ ਫ਼ੌਜੀ ਜਰਨੈਲਾਂ ਉਪਰ ਇੰਨਾ ਨੁਕਸਾਨ ਕਰਨ ਉਤੇ ਉਹ ਨਾਰਾਜ਼ ਵੀ ਹੋਈ ਪਰ ਫਿਰ ਵੀ ਉਸ ਨੇ ਸਿੱਖ ਜ਼ਖਮੀ ਹਿਰਦਿਆਂ ਉਤੇ ਮਲ੍ਹਮ ਲਗਾਉਣ ਲਈ ਕੁਝ ਨਹੀਂ ਕੀਤਾ, ਸਗੋਂ ਰੇਡੀਓ, ਟੀ.ਵੀ. ਅਤੇ ਹੋਰ ਸਰਕਾਰੀ, ਪ੍ਰਾਈਵੇਟ, ਮੀਡੀਆ ਰਾਹੀਂ ਸਿੱਖਾਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕੀਤਾ। ਇਸ ਵਹਿਸ਼ੀਆਨਾ ਫ਼ੌਜੀ ਹਮਲੇ ਨੂੰ ਜਾਇਜ਼ ਕਰਾਰ ਦੇਣ ਲਈ ਝੂਠਾ ਅਤੇ ਗੁੰਮਰਾਹਕੁੰਨ ਪ੍ਰਾਪੇਗੰਡਾ ਕੀਤਾ ਅਤੇ ਸਮੁੱਚੀ ਸਿੱਖ ਕੌਮ ਨੂੰ ਦੁਨੀਆਂ ਸਾਹਮਣੇ ਇਕ ਅਤਿਵਾਦੀ ਅਤੇ ਵੱਖਵਾਦੀ ਕੌਮ ਵਜੋਂ ਪੇਸ਼ ਕੀਤਾ। ਇਸ ਕਰਕੇ ਸਿੱਖ ਕਾਂਗਰਸ ਨਾਲੋਂ ਵੀ ਟੁੱਟ ਗਏ।

ਰਾਜੀਵ ਪਿੱਛੋਂ ਜਦੋਂ ਜਨਤਾ ਦਲ ਦੀ ਸਰਕਾਰ ਬਣੀ ਤਾਂ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਹਰਿਮੰਦਰ ਸਾਹਿਬ ਗਏ ਉਨ੍ਹਾਂ ਨੇ ਸਿੱਖ ਭਾਵਨਾਵਾਂ ਨੂੰ ਸਮਝਣ ਅਤੇ ਜ਼ਖਮੀ ਸਿੱਖ ਹਿਰਦਿਆਂ ਉਤੇ ਮਲ੍ਹਮ ਲਗਾਉਣ ਦਾ ਯਤਨ ਕੀਤਾ ਪਰ ਉਨ੍ਹਾਂ ਦੀ ਹਕੂਮਤ ਥੋੜ੍ਹੀ ਦੇਰ ਤੱਕ ਰਹੀ ਅਤੇ ਭਾਜਪਾ ਵੱਲੋਂ ਹਮਾਇਤ ਵਾਪਸ ਲੈਣ 'ਤੇ ਡਿੱਗ ਪਈ।

ਭਾਜਪਾ ਤੋਂ ਬਿਨਾਂ ਲੱਗਭਗ ਸਾਰੀਆਂ ਸਿਆਸੀ ਪਾਰਟੀਆਂ ਨੇ 1984 ਵਿੱਚ ਹੀ ਫ਼ੌਜੀ ਹਮਲੇ ਨੂੰ ਬੇਲੋੜਾ ਦੱਸਿਆ ਸੀ। ਪਰ ਸਮਾਂ ਬੀਤਣ ਨਾਲ ਹੁਣ ਸਾਰੀਆਂ ਹੀ ਪਾਰਟੀਆਂ ਘੱਲੂਘਾਰਾ ਨੀਲਾ ਤਾਰਾ ਨੂੰ ਹਿਮਾਲੀਆ ਪਰਬਤ ਜੇਡੀ ਗਲਤੀ ਕਰਾਰ ਦੇ ਰਹੀਆਂ ਹਨ। ਇਥੋਂ ਤੱਕ ਕਿ ਕਾਂਗਰਸ ਪ੍ਰਧਾਨ ਸੋਨੀਆਂ ਨੇ ਵੀ ਇਸ ਨੂੰ ਮੰਦਭਾਗਾ ਕਰਾਰ ਦੇ ਕੇ ਅਫਸੋਸ ਕੀਤਾ। ਦਰਅਸਲ ਇਹ ਹਮਲਾ ਇੰਦਰਾ ਨੇ ਅਕਾਲੀ ਦਲ ਤੋਂ ਐਮਰਜੈਂਸੀ ਵਿਰੁੱਧ ਲਾਏ ਗਏ ਮੋਰਚੇ ਦਾ ਬਦਲਾ ਲੈਣ, ਸਿੱਖਾਂ ਨੂੰ ਦਬਾ ਕੇ ਅਤੇ ਉਹਨਾਂ ਦਾ ਹਊਆ ਖੜਾ ਕਰਕੇ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਜਿੱਤਣ ਵਾਸਤੇ ਕਰਵਾਇਆ ਸੀ। ਜੋ ਉਸ ਦੀ ਭਿਆਨਕ ਮੌਤ ਪਿੱਛੋਂ ਉਸ ਦੇ ਪੁੱਤਰ ਰਾਜੀਵ ਨੇ ਮਾਂ ਦੀ ਹਮਦਰਦੀ ਦੀ ਵੋਟ ਲੈ ਕੇ ਜਿੱਤ ਲਈਆਂ। ਸਮੇਂ ਦੇ ਬੀਤਣ ਨਾਲ ਇਸ ਮਹਾਨ ਦੁਖਾਂਤ ਦੀ ਪੀੜਾ ਕੁਝ ਘਟੀ ਨਹੀਂ ਬਲਕਿ ਵਧੀ ਹੈ ਅਤੇ ਸਿੱਖ ਕੌਮ ਇਸ ਵਹਿਸ਼ੀਆਨਾ ਹਮਲੇ ਨੂੰ ਨਾ ਕਦੇ ਭੁਲਾ ਸਕੇਗੀ ਅਤੇ ਨਾ ਹੀ ਕਦੇ ਮੁਆਫ਼ ਕਰ ਸਕੇਗੀ।

ਓਪ੍ਰੇਸ਼ਨ ਬਲਿਊ ਸਟਾਰ ਪਿੱਛੋਂ ਕਿਸ ਤਰ੍ਹਾਂ ਦਾ ਹੈ ਸਿੱਖ ਕੌਮ ਦਾ ਦਰਦ?

(ਕਰਮਜੀਤ ਸਿੰਘ ਜੀ ਜਿਨ੍ਹਾਂ ਦਾ ਨਾਮ ਪੰਥਕ ਹਲਕਿਆਂ ਵਿੱਚ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ, ਨੇ ਹੱਥਲੇ ਲੇਖ ਵਿੱਚ ਕੌਮੀ ਸਥਿਤੀ ਬਾਰੇ ਉਸਾਰੂ ਅਤੇ ਨਿੱਗਰ ਸੰਵਾਦ ਰਚਾਉਣ ਦਾ ਸੱਦਾ ਦਿੱਤਾ ਹੈ।)

ਕੁਝ ਘਟਨਾਵਾਂ ਇਹੋ ਜਿਹੀਆਂ ਹੁੰਦੀਆਂ ਹਨ, ਜੋ ਤੁਹਾਡੇ ਤਨ ਵਿੱਚ ਵੀ, ਮਨ ਵਿੱਚ ਵੀ ਅਤੇ ਆਤਮਾ ਵਿੱਚ ਵੀ ਡੂੰਘੇ ਜ਼ਖਮ ਕਰ ਦਿੰਦੀਆਂ ਹਨ। ਕੁਝ ਸਾਕੇ ਅਜਿਹੇ ਹੁੰਦੇ ਹਨ, ਜੋ ਨਾ ਜਾਗ ਸਕਣ ਵਾਲੀਆਂ ਸੁੱਤੀਆਂ ਤੇ ਮਰੀਆਂ ਜ਼ਮੀਰਾਂ ਨੂੰ ਵੀ ਜਗਾ ਦਿੰਦੇ ਹਨ। ਕੁਝ ਇਹੋ ਜਿਹੇ ਹੁੰਦੇ ਹਨ, ਜੋ ਤੁਹਾਨੂੰ ਤੁਹਾਡੀ ਹਸਤੀ, ਤੁਹਾਡੀ ਹੋਂਦ ਅਤੇ ਤੁਹਾਡੇ ਵਜੂਦ ਬਾਰੇ ਉਠੇ ਸਵਾਲਾਂ ਦੇ ਸਨਮੁੱਖ ਅਚਾਨਕ ਖੜ੍ਹਾ ਕਰ ਦਿੰਦੇ ਹਨ। ਦਰਬਾਰ ਸਾਹਿਬ ਦਾ ਘੱਲੂਘਾਰਾ ਜਿਸ ਨੂੰ ਭਾਰਤੀ ਸਟੇਟ ਨੇ ਆਪਣੇ ਗੁਪਤ ਕੋਡ ਵਿੱਚ ਓਪ੍ਰੇਸ਼ਨ ਬਲਿਊ ਸਟਾਰ ਦਾ ਨਾਮ ਦਿੱਤਾ, ਅਸਲ ਵਿੱਚ ਕੁਝ ਇਸ ਤਰ੍ਹਾਂ ਦੀ ਦਰਦ ਭਿੱਜੀ ਘਟਨਾ ਸੀ, ਜਿਸ ਨੇ ਸੁੱਤੀਆਂ ਜ਼ਮੀਰਾਂ ਨੂੰ ਵੀ ਜਗਾਇਆ, ਡੂੰਘੇ ਜ਼ਖਮ ਵੀ ਦਿੱਤੇ ਅਤੇ ਜਿਸ ਨੇ ਸਾਨੂੰ ਇਹ ਸੋਚਣ ਵੀ ਲਾ ਦਿੱਤਾ ਕਿ ਅਸੀਂ ਕੌਣ ਹਾਂ ਅਤੇ ਕੌਣ ਸੀ? ਇਹ ਸਵਾਲ ਵੀ ਸਾਡੇ ਸਾਹਮਣੇ ਆਣ ਖਲੌਤਾ ਕਿ ਆਉਣ ਵਾਲੇ ਕੱਲ ਨੂੰ ਅਸੀਂ ਜੇਤੂ ਬਣ ਕੇ ਰਹਾਂਗੇ ਵੀ ਜਾਂ ਹਾਰੀਆਂ ਕੌਮਾਂ ਦੇ ਇਤਿਹਾਸ ਦਾ ਇਕ ਭੁੱਲਿਆ-ਵਿਸਰਿਆ ਕਾਂਡ ਬਣ ਕੇ ਰਹਿ ਜਾਵਾਂਗੇ। 2000 ਸਾਲ ਤੋਂ ਵੀ ਪਹਿਲਾਂ ਜਿਵੇਂ ਸੁਕਰਾਤ ਭੁੱਲੇ-ਭਟਕੇ ਅਤੇ ਅੱਲ੍ਹੜ ਨੌਜਵਾਨਾਂ ਨੂੰ ਉਨ੍ਹਾਂ ਦੇ ਰਾਹ ਰੋਕ ਰੋਕ ਕੇ ਉਨ੍ਹਾਂ ਨੂੰ ਆਜ਼ਾਦੀ, ਕਾਨੂੰਨ, ਰਾਜ ਅਤੇ ਸਰਕਾਰਾਂ ਬਾਰੇ ਬੁਨਿਆਦੀ ਸਵਾਲ ਪੁੱਛਿਆ ਕਰਦਾ ਸੀ ਕਿ ਉਹ ਕੌਣ ਹਨ, ਉਨ੍ਹਾਂ ਦੀ ਹਸਤੀ ਕੀ ਹੈ ਅਤੇ ਉਹ ਸੰਸਾਰ ਵਿੱਚ ਕੀ ਕਰਨ ਲਈ ਆਏ ਹਨ? ਕੁਝ ਇਸੇ ਤਰ੍ਹਾਂ ਹੀ ਦਰਬਾਰ ਸਾਹਿਬ ਦੇ ਸਾਕੇ ਮਗਰੋਂ ਸਿੱਖ ਕੌਮ ਵੀ ਇਹੋ ਜਿਹੇ ਸਵਾਲਾਂ ਦੇ ਸਨਮੁੱਖ ਹੋਈ ਹੈ।

ਹਰ ਇਕ ਜਾਗਿਆ ਸਿੱਖ ਇਹਨਾਂ ਸਵਾਲਾਂ ਦੇ ਜਵਾਬ ਲੱਭਣ ਲੱਗਾ। ਪਰ ਉਹ ਅਹਿਸਾਸ ਸਾਡੇ ਲਈ ਸਭ ਤੋਂ ਭਰੋਸੇਯੋਗ ਤੇ ਸੱਚ ਦੇ ਸਭ ਤੋਂ ਵਧੇਰੇ ਕਰੀਬ ਸੀ, ਜਿਹੜਾ ਸ਼ਹੀਦ ਹਰਜਿੰਦਰ ਸਿੰਘ ਜਿੰਦਾ ਤੇ ਸ਼ਹੀਦ ਸੁਖਦੇਵ ਸਿੰਘ ਸੁੱਖਾ ਦੇ ਅੰਦਰ ਜਾਗਿਆ ਅਤੇ ਲਟ ਲਟ ਕੇ ਬਲਿਆ। ਫ਼ਾਂਸੀ ਦਾ ਰੱਸਾ ਚੁੰਮਣ ਤੋਂ ਪਹਿਲਾਂ ਭਾਰਤ ਦੇ ਰਾਸ਼ਟਰਪਤੀ

ਨੂੰ ਲਿਖੀ ਚਿੱਠੀ ਵਿੱਚ ਉਨ੍ਹਾਂ ਦੇ ਇਹ ਸ਼ਬਦ ਸਾਡੀਆਂ ਯਾਦਾਂ ਵਿੱਚ ਹਰ ਸਮੇਂ ਖਲਬਲੀ ਮਚਾਉਂਦੇ ਰਹਿਣਗੇ। ਉਨ੍ਹਾਂ ਦਿਨਾਂ ਵਿੱਚ ਦਰਬਾਰ ਸਾਹਿਬ ਵੱਲੋਂ ਆਉਂਦੀ ਹੰਝੂਆਂ ਵਿੱਚ ਭਿੱਜੀ ਸਿੱਲ੍ਹੀ ਸਿੱਲ੍ਹੀ ਹਵਾ ਦੇ ਸੁਨੇਹੇ ਦਾ ਅਨੁਵਾਦ ਉਨ੍ਹਾਂ ਨੇ ਵਕਤ ਦੇ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿੱਚ ਇਨ੍ਹਾਂ ਸ਼ਬਦਾਂ ਵਿੱਚ ਕੀਤਾ:

"ਤੁਹਾਡੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਇਲਾਹੀ ਸਾਦਗੀ ਵਿੱਚ ਵਿਚਰ ਰਹੀ ਇਕ ਸੰਤ ਸਿਪਾਹੀ ਕੌਮ ਦੇ ਚਿਹਰੇ ਦੀਆਂ ਰੌਣਕਾਂ ਲੁੱਟਣ ਦਾ ਯਤਨ ਕੀਤਾ ਸੀ। ਇਕ ਵਾਰ ਤਾਂ ਸਾਨੂੰ ਵੀ ਇੰਝ ਪ੍ਰਤੀਤ ਹੋਇਆ ਜਿਵੇਂ ਸਾਡੀ ਕੌਮ ਘੋਰ ਉਦਾਸੀਆਂ ਵਿੱਚ ਡੁੱਬ ਗਈ ਸੀ, ਪਰ ਅਸਾਂ ਆਪਣਾ ਇਤਿਹਾਸਕ ਫਰਜ਼ ਅਦਾ ਕਰਕੇ ਤੁਹਾਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਸਾਡੇ ਸੁੱਖਾ ਸਿੰਘ, ਮਹਿਤਾਬ ਸਿੰਘ ਅਤੇ ਊਧਮ ਸਿੰਘ, ਤੁਹਾਡੇ ਮੀਰ ਮੰਨੂੰ, ਵਜ਼ੀਦੇ, ਲਖਪੱਤ, ਰਿਬੇਰੋ ਅਤੇ ਡਾਇਰਾਂ ਦੇ ਕਿਤੇ ਨੇੜੇ ਤੇੜੇ ਪਰਛਾਂਵਿਆਂ ਵਾਂਗ ਤੁਰ ਫਿਰ ਰਹੇ ਹਨ। ਖ਼ਾਲਸਾ ਦ੍ਰਿਸ਼ਟੀ ਅਨੁਸਾਰ ਅਸਾਂ ਜੋ ਕੁਝ ਵੀ ਕੀਤਾ ਹੈ, ਉਸ ਦੇ ਇਵਜ਼ ਵਿੱਚ ਅਗੰਮੀ ਬਖਸ਼ਿਸ਼ ਤੋਂ ਛੇਕੀ ਹੋਈ ਅਤੇ ਬਿਪਰ ਸੰਸਕਾਰ ਦੀ ਮਾਰ ਹੇਠਾਂ ਆਈ ਤੁਹਾਡੀ ਅਦਾਲਤ ਵੱਲੋਂ ਸਾਨੂੰ ਦਿੱਤਾ ਗਿਆ ਫ਼ਾਂਸੀ ਦਾ ਹੁਕਮ ਖਿੜ੍ਹੇ ਮੱਥੇ ਪ੍ਰਵਾਨ ਹੈ। ਮੌਤ ਦੀ ਤਿੱਖੀ ਧਾਰ ਨੂੰ ਛੋਹ ਕੇ ਅਸੀਂ ਸੰਪੂਰਨ ਹੋਣ ਜਾ ਰਹੇ ਹਾਂ, ਕਿਉਂਕਿ ਸ਼ਹਾਦਤ ਤੋਂ ਬਿਨਾਂ ਜ਼ਿੰਦਗੀ ਦਾ ਸੁਹਾਵਣਾ ਮੇਲਾ ਜੁੜ ਨਹੀਂ ਸਕਦਾ।"

ਇਹ ਦੋਵੇਂ ਸ਼ਹੀਦ ਮਾਨਵਤਾ ਦੇ ਇਤਿਹਾਸ ਵਿੱਚ ਖਲੋ ਕੇ ਵੀ ਬੋਲੇ, ਮੌਜੂਦਾ ਇਤਿਹਾਸ ਨੂੰ ਵੀ ਉਨ੍ਹਾਂ ਨੇ ਸਾਹਮਣੇ ਰੱਖਿਆ ਅਤੇ ਵਰਤਮਾਨ ਜੱਦੋ-ਜਹਿਦ ਦੇ ਝੰਡਾ-ਬਰਦਾਰ ਸੰਤ ਜਰਨੈਲ ਸਿੰਘ ਦੀ ਕੁਰਬਾਨੀ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ। ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿੱਚ ਉਨ੍ਹਾਂ ਦੇ ਇਹ ਲਫ਼ਜ਼ ਸਾਨੂੰ ਸਦਾ ਯਾਦ ਰਹਿਣਗੇ:

"ਜਦੋਂ ਕੌਮਾਂ ਕਰਵਟ ਲੈਂਦੀਆਂ ਹਨ ਤਾਂ ਇਤਿਹਾਸ ਵੀ ਥਰਥਰਾਉਣ ਲੱਗ ਜਾਂਦਾ ਹੈ। ਇਸੇ ਥਰਥਰਾਹਟ ਦੌਰਾਨ ਕੋਈ ਬੰਦਾ ਬਹਾਦਰ ਆਪਣੇ ਸ਼ਾਂਤੀ ਮੱਠ ਨੂੰ ਅਲਵਿਦਾ ਆਖ ਸਿਤਮਾਂ ਦੀ ਨਗਰੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਂਦਾ ਰਿਹਾ, ਕੋਈ ਚੀ ਗਵੇਰਾ ਕਿਊਬਾ ਦੀ ਵਜ਼ੀਰੀ ਨੂੰ ਲੱਤ ਮਾਰ ਕੇ ਬੰਦੂਕ ਹਿੱਕ ਨਾਲ ਲਾ ਬੋਲੇਵੀਆ ਦੇ ਜੰਗਲਾਂ ਵਿੱਚ ਦੁਸ਼ਮਣ ਵਿਰੁੱਧ ਮੋਰਚਾਬੰਦੀ ਕਰਦਾ ਹੈ ਅਤੇ ਨੈਸ਼ਨਲ ਮੰਡੇਲਾ ਨਸਲਵਾਦੀ ਦੁਸ਼ਮਣ ਦੀ ਈਨ ਕਬੂਲਣ ਤੋਂ ਨਾਂਹ ਕਰਕੇ ਆਪਣੀ ਸਾਰੀ ਉਮਰ ਕਾਲ ਕੋਠੜੀ ਦੇ ਲੇਖੇ ਲਾਉਣੀ ਵਧੇਰੇ ਬੇਹਤਰ ਸਮਝਦਾ ਹੈ। ਤੇ ਸਾਨੂੰ ਤਾਂ ਮਰਦ ਅਗੰਮੜੇ ਦੇ ਵਰੋਸਾਏ ਪੰਥ ਦੇ ਅਦੁੱਤੀ ਜਰਨੈਲ ਸੰਤ ਜਰਨੈਲ ਸਿੰਘ ਦੀ ਪਿਆਰ ਭਰੀ ਛੋਹ ਅਤੇ ਸਾਥ ਦਾ ਸਬੱਬ ਹਾਸਲ ਹੈ। ਅਸੀਂ ਖੰਡੇ ਦੀ ਧਾਰ 'ਤੇ ਤੁਰਨ ਵਾਲੇ ਸਿੱਖ ਕੌਮ ਦੇ ਅਨਮੋਲ ਅਤੇ ਅਣਗਿਣਤ ਹੀਰਿਆਂ ਦੇ ਪੈਰਾਂ ਦੀ ਧੂੜ ਦਾ ਇਕ ਕਿਣਕਾ ਮਾਤਰ ਹਾਂ। ਕੌਮ ਦੇ ਲੇਖੇ ਜ਼ਿੰਦ ਲਾਉਣ ਦਾ ਸੁਭਾਗ ਵਿਰਲਿਆਂ ਵਿੱਚੋਂ ਕਿਸੇ ਵਿਰਲੇ ਨੂੰ ਨਸੀਬ ਹੁੰਦਾ ਹੈ। ਸਾਡਾ ਮਾਨਵਵਾਦ ਏਨਾ ਵਿਸ਼ਾਲ ਹੈ ਕਿ ਸਾਡੇ ਕਲਾਵਿਆਂ ਵਿੱਚ ਸਮੁੱਚੀ ਧੜਕਦੀ ਜ਼ਿੰਦਗੀ ਹੀ ਸਮਾ ਸਕਦੀ ਹੈ। ਸਾਡਾ ਖ਼ਾਲਸਈ ਜੋਸ਼ ਸਾਡੇ ਰੂਹਾਨੀ ਤਜਰਬੇ ਦਾ ਇਕ

ਅੰਗ ਹੈ। ਅਜਿਹੇ ਸਮੇਂ ਰੂਹਾਨੀਅਤ ਸਾਡੀਆਂ ਸ਼ਮਸ਼ੀਰਾਂ ਦੀ ਚਮਕ ਹੁੰਦੀ ਹੈ। ਅਸੀਂ ਤੁਹਾਡੇ ਰਾਹੀਂ ਇਹ ਪੈਗ਼ਾਮ ਵੀ ਦੇਣਾ ਚਾਹੁੰਦੇ ਹਾਂ ਕਿ ਸਾਡਾ ਹਿੰਦੁਸਤਾਨ ਦੇ ਮਹਾਨ ਲੋਕਾਂ, ਇਸ ਦੀ ਧਰਤੀ ਨਾਲ ਕੋਈ ਵੈਰ-ਵਿਰੋਧ ਜਾਂ ਦੁਸ਼ਮਣੀ ਨਹੀਂ। ਉਨ੍ਹਾਂ ਪ੍ਰਤੀ ਨਫ਼ਰਤ ਦੀ ਭਾਵਨਾ ਦੇ ਅਸੀਂ ਨੇੜੇ ਤੇੜੇ ਵੀ ਨਹੀਂ ਹਾਂ। ਅਸੀਂ ਤਾਂ ਧਰਤ ਅਸਮਾਨ ਨੂੰ ਆਪਣੀ ਗਲਵੱਕੜੀ ਵਿੱਚ ਲੈਣ ਲਈ ਬਿਹਬਲ ਹਾਂ ਅਤੇ ਸਮੁੱਚੇ ਬ੍ਰਹਿਮੰਡ ਤੇ ਇਸ ਵਿੱਚ ਵਸਦੀ ਰਸਦੀ ਜ਼ਿੰਦਗੀ ਦੀ ਆਰਤੀ ਉਤਾਰਦੇ ਹਾਂ।"

ਬਿਨਾਂ ਸ਼ੱਕ ਅਸੀਂ ਆਪਣੀ ਹਸਤੀ 'ਤੇ ਹੋਏ ਹਮਲੇ ਦਾ ਢੁਕਵਾਂ ਜਵਾਬ ਦਿੱਤਾ। ਅਸੀਂ ਉਸ 'ਤੇ ਮਾਣ ਵੀ ਕਰ ਸਕਦੇ ਹਾਂ। ਅਸੀਂ ਜਾਣਦੇ ਹਾਂ ਕਿ ਦਰਬਾਰ ਸਾਹਿਬ ਸਾਕੇ ਤੋਂ ਅਗਲੇ ਦੌਰ ਨੂੰ ਖਾੜਕੂ ਲਹਿਰ ਦਾ ਨਾਂ ਦਿੱਤਾ ਗਿਆ। ਇਸ ਦੌਰ ਵਿੱਚ ਜੋ ਘਟਨਾਵਾਂ ਵਾਪਰੀਆਂ, ਜਿਵੇਂ ਇਨ੍ਹਾਂ ਘਟਨਾਵਾਂ ਨੇ ਮੋੜ ਲਿਆ ਅਤੇ ਜਿਵੇਂ ਇਨ੍ਹਾਂ ਨੇ ਸਿੱਖ ਮਾਨਸਿਕਤਾ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਥਿਤੀ 'ਤੇ ਸਿੱਧਾ ਅਤੇ ਅਸਿੱਧਾ ਪ੍ਰਭਾਵ ਪਾਇਆ ਉਹ ਗੰਭੀਰ ਅਧਿਐਨ ਦਾ ਵਿਸ਼ਾ ਹੈ। ਪਰ ਇਸ ਦੌਰ ਦੀ ਮਹੱਤਤਾ ਤੇ ਮਹਾਨਤਾ ਬਾਰੇ ਵਿਦਵਾਨ ਤੇ ਇਤਿਹਾਸਕਾਰ ਬੇਮੁੱਖ ਹੋਏ ਹੀ ਨਜ਼ਰ ਆਉਂਦੇ ਹਨ। ਖਾੜਕੂ ਲਹਿਰ ਦੇ ਦੌਰਾਨ ਹੋਈਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਦਾ ਜੇ ਕੋਈ ਵਿਸ਼ਲੇਸ਼ਣ ਹੋਇਆ ਵੀ ਹੈ ਤਾਂ ਉਹ ਸਤਹੀ ਪੱਧਰ ਦਾ ਹੈ ਅਤੇ ਨਿਰਪੱਖ ਨਹੀਂ ਹੈ। ਦੂਜੇ ਪਾਸੇ ਲਹਿਰ ਦੀਆਂ ਕਮਜ਼ੋਰੀਆਂ ਨੂੰ ਵਧਾ ਚੜ੍ਹਾਅ ਕੇ ਪੇਸ਼ ਕੀਤਾ ਗਿਆ ਹੈ। ਜਦੋਂ ਕਿ ਲਹਿਰਾਂ ਨੂੰ ਇਤਿਹਾਸਕ ਨਜ਼ਰੀਏ ਤੋਂ ਵੇਖਣ ਤੇ ਪਰਖਣ ਦੀ ਲੋੜ ਹੁੰਦੀ ਹੈ। ਕੋਈ ਵੀ ਲਹਿਰ ਅਸਲ ਵਿੱਚ ਕਮਜ਼ੋਰੀਆਂ ਅਤੇ ਖ਼ਾਮੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਹੀ ਨਹੀਂ ਸਕਦੀ, ਕਿਉਂਕਿ ਲਹਿਰਾਂ ਵਿੱਚ ਆਏ ਵਿਅਕਤੀ ਮਨੁੱਖੀ ਸੁਭਾਵਾਂ ਅਤੇ ਪ੍ਰਵਿਰਤੀਆਂ ਦਾ ਇਕ ਅਜਿਹਾ ਜਮਘਟਾ ਹੁੰਦਾ ਹੈ, ਜਿਸ ਵਿੱਚ ਲਹਿਰ ਦੇ ਕੁਝ ਹਿੱਸੇ ਮਨ-ਮਰਜ਼ੀ ਨਾਲ ਚੱਲ ਰਹੇ ਹੁੰਦੇ ਹਨ, ਕੁਝ ਹਿੱਸਿਆਂ 'ਤੇ ਵਿਚਾਰਧਾਰਕ ਪਕੜ ਅਜੇ ਪੀਡੀ ਨਹੀਂ ਹੁੰਦੀ, ਕੁਝ ਹਿੱਸੇ ਜਜ਼ਬਾਤੀ ਤੌਰ 'ਤੇ ਉਲਾਰ ਦਿੰਦੇ ਹਨ ਅਤੇ ਕੁਝ ਹਿੱਸੇ ਅਜਿਹੇ ਵੀ ਹੁੰਦੇ ਹਨ, ਜਿਨਾਂ ਦੇ ਜਜ਼ਬੇ ਅਤੇ ਸੁਭਾਅ ਦੁੱਧ ਦੇ ਉਬਾਲ ਵਾਂਗ ਹੁੰਦੇ ਹਨ ਅਤੇ ਰਤਾ ਵੀ ਪਾਣੀ ਦੇ ਛੱਟੇ ਨਾਲ ਮੂਤ ਦੀ ਝੱਗ ਵਾਂਗ ਬਹਿ ਵੀ ਜਾਂਦੇ ਹਨ ਅਤੇ ਜੱਦੋ-ਜਹਿਦ ਦੀ ਦਿਸ਼ਾ ਵੀ ਬਦਲ ਸਕਦੇ ਹਨ। ਇੱਥੋਂ ਤੱਕ ਕਿ ਉਹ ਲਹਿਰ ਦੀ ਮੁੱਖ ਧਾਰਾ ਤੋਂ ਉਲਟ ਦਿਸ਼ਾ ਵੱਲ ਵੀ ਜਾ ਸਕਦੇ ਹਨ ਅਤੇ ਜਾਂਦੇ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਤਾਕਤਾਂ ਦਾ ਵਿਸ਼ਲੇਸ਼ਣ ਕਰਨ ਲਈ ਤਾਂ ਵਿਦਵਾਨ ਵਿਹਲ ਵੀ ਘੱਟ ਕੱਢਦੇ ਹਨ, ਜੋ ਗੁਪਤ ਤੇ ਪ੍ਰਗਟ ਰੂਪ ਵਿੱਚ ਘੁਸਪੈਠ ਕਰਕੇ ਲਹਿਰ ਨੂੰ ਗ਼ੈਰ ਸਿਧਾਂਤਕ ਮੋੜ ਦਿੰਦੇ ਹਨ ਅਤੇ ਫਿਰ ਲਹਿਰ ਨੂੰ ਬਦਨਾਮ ਕਰਨ ਲਈ ਅਤੇ ਜਨਤਾ ਦੀਆਂ ਨਜ਼ਰਾਂ ਵਿੱਚ ਡੇਗਣ ਲਈ ਆਪਣੀ ਪ੍ਰਚਾਰ ਮਸ਼ੀਨਰੀ ਦੇ ਹਰ ਪੁਰਜ਼ੇ ਨੂੰ ਸਰਗਰਮ ਕਰ ਦਿੰਦੇ ਹਨ। ਸਾਰੀਆਂ ਲਹਿਰਾਂ ਨਾਲ ਹੀ ਘੱਟ ਜਾਂ ਜ਼ਿਆਦਾ ਇਹੋ ਇਤਿਹਾਸਕ ਦੁਖਾਂਤ ਹੁੰਦਾ ਕਿ ਇਸ ਪ੍ਰਚਾਰ ਮਸ਼ੀਨਰੀ ਵਿੱਚ ਤੁਹਾਡੇ ਦੁਸ਼ਮਣ ਤਾਂ ਹੁੰਦੇ ਹਨ, ਪਰ ਨਾਲ ਹੀ ਵਿਰੋਧੀ ਵੀ ਤੇ ਸ਼ਰੀਕ ਵੀ ਅਤੇ ਜਿਨ੍ਹਾਂ ਨੇ 'ਆਪਣੇ' ਹੋਣ ਦਾ ਭੁਲੇਖਾ ਪਾਇਆ ਹੁੰਦਾ ਹੈ, ਉਹ ਵੀ ਵੱਖ-ਵੱਖ ਰੰਗਾਂ ਰੂਪਾਂ ਵਿੱਚ ਇਸ ਪ੍ਰਚਾਰ ਮਸ਼ੀਨਰੀ

ਵਿੱਚ ਆਪਣਾ ਬਣਦਾ ਹਿੱਸਾ ਪਾ ਰਹੇ ਹੁੰਦੇ ਹਨ। ਜੇ ਸ੍ਰੀ ਲੰਕਾਂ ਦੀ ਖਾੜਕੂ ਜਥੇਬੰਦੀ ਲਿੱਟੇ ਦਾ ਗੰਭੀਰ ਮੁਤਾਲਿਆ ਕੀਤਾ ਜਾਵੇ ਤਾਂ ਉਨ੍ਹਾਂ ਨੇ ਆਪਣੀ ਜੱਦੋ-ਜਹਿਦ ਦੇ ਮੁੱਢਲੇ ਦੌਰ ਵਿੱਚ ਇਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕੀਤਾ ਅਤੇ ਕਾਮਯਾਬ ਵੀ ਹੋਏ। ਪਰ ਖਾੜਕੂ ਲਹਿਰ ਇਸ ਤਰ੍ਹਾਂ ਦੀ ਕਾਮਯਾਬੀ ਹਾਸਿਲ ਨਹੀਂ ਕਰ ਸਕੀ।

ਦੂਜੇ ਪਾਸੇ ਭਾਰਤੀ ਸਟੇਟ ਦੀ ਕੂਟਨੀਤੀ ਪਰਸ਼ੀਆ ਦੇ ਬਾਦਸ਼ਾਹ ਫ਼ਰੈਡਰਕ ਮਹਾਨ (1740-86) ਨਾਲ ਮਿਲਦੀ ਜੁਲਦੀ ਸੀ, ਜੋ ਇਹ ਕਿਹਾ ਕਰਦਾ ਸੀ ਕਿ ਕਿਸੇ ਤੋਂ ਧੋਖਾ ਨਾ ਖਾਓ, ਸਗੋਂ ਧੋਖਾ ਦਿਉ। ਉਸ ਦੀ ਇਹ ਨੀਤੀ ਕਿ "ਜੇਕਰ ਇਮਾਨਦਾਰ ਬਣਨ ਨਾਲ ਕੁਝ ਸਰਦਾ ਹੋਵੇ ਤਾਂ ਅਸੀਂ ਇਮਾਨਦਾਰ ਬਣਾਂਗੇ ਅਤੇ ਜੇ ਧੋਖਾ ਦੇਣਾ ਜ਼ਰੂਰੀ ਹੋਵੇ ਤਾਂ ਸਾਨੂੰ ਬਦਮਾਸ਼ ਹੀ ਬਣਨ ਦਿਓ।" ਭਾਰਤੀ ਸਟੇਟ ਦੀ ਸਿੱਖਾਂ ਪ੍ਰਤੀ ਕੂਟਨੀਤੀ ਨਾਲ ਕਿੰਨੀ ਮੇਲ ਖਾਂਦੀ ਹੈ। ਇਹੋ ਜਿਹੀਆਂ ਹਾਲਤਾਂ ਵਿੱਚ ਕੌਣ ਪੁਰਾਣੇ ਵਾਅਦਿਆਂ ਅਤੇ ਸੰਧੀਆਂ 'ਤੇ ਅਮਲ ਕਰਦਾ ਹੈ। ਗੱਲ ਨੂੰ ਗੋਲ ਮੋਲ ਕਰਕੇ ਰੱਖਣਾ ਉਨ੍ਹਾਂ ਹਾਕਮਾਂ ਦਾ ਮਕਸਦ ਹੁੰਦਾ ਹੈ ਜਾਂ ਦੂਜੇ ਲਫ਼ਜ਼ਾਂ ਵਿੱਚ ਉਹ ਅਸਪਸ਼ਟਤਾ ਨੂੰ ਹੀ ਸਪੱਸ਼ਟ ਕਰ ਰਹੇ ਹੁੰਦੇ ਹਨ। ਇਸ ਲਈ ਖਾੜਕੂ ਲਹਿਰ ਦਾ ਜਿਨ੍ਹਾਂ ਹਾਕਮਾਂ ਨਾਲ ਵਾਹ ਪਿਆ ਸੀ, ਉਨ੍ਹਾਂ ਲਈ ਇਹਨਾਂ ਹਾਕਮਾਂ ਦੇ ਧੁਰ ਅੰਦਰਲੇ ਤੱਕ ਪਹੁੰਚ ਕਰਕੇ ਜੱਦੋ-ਜਹਿਦ ਨੂੰ ਉੱਚੀ ਪੱਧਰ 'ਤੇ ਲੈ ਜਾਣਾ ਕੋਈ ਸੌਖੀ ਗੱਲ ਨਹੀਂ ਸੀ। ਇਸ ਲਈ ਲਹਿਰਾਂ ਨੂੰ ਇਤਿਹਾਸਕ ਬਾਰੀਕਬੀਨੀ ਨਾਲ ਵੇਖਣ ਵਾਲੀ ਤਿੱਖੀ ਨਜ਼ਰ ਹੀ ਖਾੜਕੂ ਲਹਿਰ ਨਾਲ ਇਨਸਾਫ਼ ਕਰ ਸਕਦੀ ਹੈ ਅਤੇ ਕੀ ਇਹ ਦੁਖਦਾਈ ਐਲ਼ਾਨ ਕਰ ਦਿੱਤਾ ਜਾਵੇ ਕਿ ਇਹ ਨਜ਼ਰ ਜੇ ਦੁਸ਼ਮਣਾਂ ਕੋਲ ਨਹੀਂ ਤਾਂ ਅੱਜ ਦੀ ਤਰੀਕ ਵਿੱਚ ਸਾਡੇ ਕੋਲ ਵੀ ਨਹੀਂ ਹੈ?

ਅਸੀਂ ਕਿਉਂ ਹਾਰੇ? ਅਸੀਂ ਕਿਉਂ ਹਾਰਦੇ ਹਾਂ? ਅਸੀਂ ਜਿੱਤ ਕੇ ਕਿਉਂ ਹਾਰ ਜਾਂਦੇ ਹਾਂ? ਅਸੀਂ ਜਿੱਤ ਦੇ ਏਨੇ ਨਜ਼ਦੀਕ ਪਹੁੰਚ ਕੇ ਕਿਉਂ ਹਾਰ ਜਾਂਦੇ ਹਾਂ? ਇਨ੍ਹਾਂ ਔਖੇ ਤੇ ਗੁੰਝਲਦਾਰ ਸਵਾਲਾਂ ਦੇ ਜਵਾਬ ਲੱਭਣ ਲਈ ਸਾਨੂੰ ਅਜੇ ਮਰ ਮਿਟਣ ਵਾਲੀ ਪਿਆਸ ਨਹੀਂ ਲੱਗੀ। ਘੱਟੋ ਘੱਟ ਉਹੋ ਜਿਹੀ ਪਿਆਸ ਨਹੀਂ ਲੱਗੀ, ਜੋ ਪਿਆਸ ਮੱਛੀ ਦੀ ਪਾਣੀ ਲਈ ਹੁੰਦੀ ਹੈ। ਮੈਨੂੰ ਇਉਂ ਲੱਗਦਾ ਹੈ, ਜਿਵੇਂ ਸਿੱਖ ਪੰਥ ਦੀ ਪੀੜਾ ਅਤੇ ਇਸ ਦੇ ਦਰਦ ਨੂੰ ਲੱਭਣ ਲਈ ਸਾਨੂੰ ਇਹੋ ਜਿਹੇ ਸਵਾਲਾਂ ਦੇ ਸਨਮੁੱਖ ਹੋਣ ਦਾ ਹੌਸਲਾ ਕਰਨਾ ਪਵੇਗਾ। ਦੂਜੇ ਸ਼ਬਦਾਂ ਵਿੱਚ ਸਾਨੂੰ ਵਿਵੇਕ ਗਿਆਨ ਦੇ ਆਲਮ ਵਿੱਚ ਉਤਰਨਾ ਹੀ ਪੈਣਾ ਹੈ।

ਅਸਾਂ ਉਪਰ ਕਿਤੇ ਇਹ ਲਿਖਿਆ ਹੈ ਕਿ ਦਰਬਾਰ ਸਾਹਿਬ 'ਤੇ ਹੋਏ ਹਮਲੇ ਦਾ ਜੋ ਅਸਾਂ ਢੁਕਵਾਂ ਜਵਾਬ ਦਿੱਤਾ, ਉਹ ਪਵਿੱਤਰ ਬਦਲੇ ਦਾ ਅਜਿਹਾ ਰੂਪ ਸੀ, ਜਿਸ ਦਾ ਰਿਸ਼ਤਾ ਸਾਡੇ ਇਤਿਹਾਸ ਦੇ ਸੁਨਹਿਰੀ ਕਾਂਡ ਨਾਲ ਜੁੜਿਆ ਹੋਇਆ ਹੈ। ਵੈਸੇ ਇਸ ਨੁਕਤੇ ਨੂੰ ਹੋਰ ਸਪੱਸ਼ਟ, ਹੋਰ ਉਚਿਤ, ਹੋਰ ਜਾਇਜ਼ ਤੇ ਤਰਕ ਭਰਪੂਰ ਠਹਿਰਾਉਣ ਲਈ ਇਕ ਵੱਖਰੇ ਤੇ ਗੰਭੀਰ ਲੇਖ ਦੀ ਲੋੜ ਹੈ, ਕਿਉਂਕਿ ਬਦਲੇ ਦੀ ਇਹ ਪ੍ਰਭਾਤ ਦੋ ਸੌ ਸਾਲਾਂ ਦੀ ਲੰਬੀ ਹਨੇਰੀ ਰਾਤ ਪਿੱਛੋਂ ਚੜ੍ਹੀ ਸੀ। ਅਸੀਂ ਭੁੱਲ ਹੀ ਗਏ ਸਾਂ ਕਿ ਅਠਾਰਵੀਂ ਸਦੀ ਵਿੱਚ ਮਿਸਲਾਂ ਦੀ ਚੜ੍ਹਤ ਦੇ ਦੌਰ ਪਿੱਛੋਂ ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਸਮੇਤ ਸਾਰੇ ਦੌਰਾਂ ਵਿੱਚ ਅਸੀਂ ਕਰੀਬ ਕਰੀਬ ਸੁੱਤੇ ਹੀ ਰਹੇ ਸਾਂ। ਜਿਸ ਦੌਰ ਨੂੰ ਆਜ਼ਾਦੀ

ਦਾ ਦੌਰ ਕਿਹਾ ਜਾਂਦਾ ਹੈ, ਹੁਣ ਸਾਨੂੰ ਪਤਾ ਲੱਗ ਰਿਹਾ ਹੈ ਕਿ ਉਹ ਘੱਟੋ-ਘੱਟ 'ਸਾਡੀ ਆਜ਼ਾਦੀ' ਦਾ ਦੌਰ ਨਹੀਂ ਸੀ। ਅਸੀਂ ਤਾਂ 1947 ਤੋਂ ਪਿੱਛੋਂ ਇਕ ਵੱਖਰੀ ਗੁਲਾਮੀ ਦਾ ਦੌਰ ਹੀ ਹੰਢਾ ਰਹੇ ਹਾਂ। ਇਸ ਗੁਲਾਮੀ ਨੂੰ ਕੀ ਨਾਂ ਦੇਈਏ ਜਿੱਥੇ ਜਿਸਮ ਆਜ਼ਾਦ ਹਨ, ਪਰ ਰੂਹਾਂ ਗੁਲਾਮ ਹਨ? ਸਾਰਾ ਰੋਣਾ ਤਾਂ ਇਸੇ ਗੱਲ ਦਾ ਹੈ ਕਿ ਅਸਾਂ ਇਸ ਮਿੱਠੀ ਗੁਲਾਮੀ ਨੂੰ ਹੱਸ ਕੇ ਪ੍ਰਵਾਨ ਕੀਤਾ ਹੋਇਆ ਹੈ।

ਜੇ ਇਤਿਹਾਸ ਨੂੰ ਇਕ ਵੱਖਰੇ ਨੁਕਤਾ ਨਿਗਾਹ ਤੋਂ ਵੀ ਦੇਖੀਏ ਤਾਂ ਸ਼ਹੀਦ ਭਗਤ ਸਿੰਘ ਦੀ ਜੱਦੋ-ਜਹਿਦ ਦਾ ਦੌਰ ਅਤੇ ਗ਼ਦਰ ਪਾਰਟੀ ਦੀ ਹਥਿਆਰਬੰਦ ਜੱਦੋ-ਜਹਿਦ ਦਾ ਦੌਰ ਵੀ 'ਸਾਡਾ ਆਪਣਾ' ਦੌਰ ਨਹੀਂ ਕਿਹਾ ਜਾ ਸਕਦਾ, ਕਿਉਂਕਿ ਭਾਵੇਂ ਇਸ ਦੌਰ ਵਿੱਚ ਕੁਰਬਾਨੀਆਂ ਬਹੁਤਾ ਕਰਕੇ ਸਿੱਖਾਂ ਦੀਆਂ ਹੀ ਹਨ, ਪਰ ਸਿੱਖਾਂ ਦੀਆਂ ਇਹ ਕੁਰਬਾਨੀਆਂ ਸਿੱਖੀ ਦੇ ਹੱਕ ਵਿੱਚ ਨਹੀਂ ਜਾ ਸਕੀਆਂ। ਇੱਥੋਂ ਤੱਕ ਕਿ ਬੱਬਰ ਅਕਾਲੀ ਲਹਿਰ ਦੌਰਾਨ ਬਦਲੇ ਦੇ ਰੂਪ ਵਿੱਚ ਹੋਈਆਂ ਮਹਾਨ ਕੁਰਬਾਨੀਆਂ ਵੀ ਖ਼ਾਲਸੇ ਦੀ ਪ੍ਰਭੂਸੱਤਾ ਸਥਾਪਿਤ ਕਰਨ ਵੱਲ ਅੱਗੇ ਨਹੀਂ ਵੱਧ ਸਕੀਆਂ, ਘੱਟੋਂ ਘੱਟ ਰੂਹ ਦੀ ਸ਼ਕਲ ਵਿੱਚ ਅੱਗੇ ਨਹੀਂ ਵੱਧ ਸਕੀਆਂ। ਕਿਉਂ ਨਹੀਂ ਵੱਧ ਸਕੀਆਂ? ਇਹ ਸਵਾਲ ਸਾਡੀਆਂ ਨੀਂਦਰਾਂ 'ਤੇ ਬੋਝ ਹੋਣਾ ਚਾਹੀਦਾ ਹੈ, ਪਰ ਬਣ ਨਹੀਂ ਰਿਹਾ।

ਹੁਣ ਜ਼ਰਾ ਆਪਣੀ ਕੌਮ ਦੇ ਰਾਜਨੀਤਕ, ਧਾਰਮਕ ਤੇ ਸੱਭਿਆਚਾਰਕ ਰੰਗ ਢੰਗਾਂ ਨੂੰ ਇਕ ਤਰਦੀ ਨਜ਼ਰ ਨਾਲ ਦੇਖੋ, ਇਕ ਅਜਿਹੀ ਨਜ਼ਰ ਨਾਲ ਦੇਖੋ ਜਿਸ ਵਿੱਚ ਸੁਹਿਰਦਤਾ ਵੀ ਹੋਵੇ ਤੇ ਜ਼ਿੰਦਗੀ ਨੂੰ ਜਾਣਨ ਵਾਲੀ ਜਗਿਆਸਾ ਤੇ ਸੰਜੀਦਗੀ ਵੀ ਹੋਵੇ। ਕੀ ਆਪਾਂ ਸਭਨਾਂ ਨੂੰ ਇਹ ਮਹਿਸੂਸ ਨਹੀਂ ਹੋ ਰਿਹਾ ਕਿ ਇਨ੍ਹਾਂ ਸੰਸਥਾਵਾਂ ਨਾਲ ਜੁੜੇ ਆਗੂ ਸਿਰ ਤੋਂ ਪੈਰਾਂ ਤੱਕ ਦੁਨੀਆਂਦਾਰਾਂ ਵਾਲੀ ਖੇਡ ਵਿੱਚ ਮਸਤ ਹਨ? ਕੀ ਉਹ ਮਾਹੌਲ ਪੈਦਾ ਕਰਨ ਦੀ ਰੀਝ ਕਿਤਿਓਂ ਲੱਭਦੀ ਹੈ, ਜਿਸ ਵਿੱਚ ਕੌਮ ਦੀ ਹੋਣੀ ਦੇ ਤੇ ਸਵਾਲਾਂ 'ਤੇ ਵਿਵੇਕ ਬਹਿਸ ਹੋ ਸਕਦੀ ਹੈ? ਖਾੜਕੂ ਲਹਿਰ ਨੇ ਹਥਿਆਰਬੰਦ ਹੋ ਕੇ ਬਦਲੇ ਲੈਣ ਦਾ ਜੋ ਤਰੀਕਾ ਅਖ਼ਤਿਆਰ ਕੀਤਾ, ਉਹ ਉਸ ਵੇਲੇ ਏਨੇ ਨਿਪੁੰਨ, ਏਵੇ ਸਾਵਧਾਨ, ਏਨੇ ਤਜਰਬੇਕਾਰ ਅਤੇ ਏਨੇ ਸਿਆਣੇ ਸਾਬਤ ਹੋਏ ਕਿ ਇਤਿਹਾਸ ਦਾ ਇਹ ਕਾਂਡ ਬੇਮਿਸਾਲ ਹੈ। ਪਰ ਨਾਲ ਦੀ ਨਾਲ ਇਸ ਸੌੜੀ ਸੱਚਾਈ ਨੂੰ ਵੀ ਸਵੀਕਾਰ ਕਰਨਾ ਪਵੇਗਾ ਕਿ ਉਹ ਆਪਣੇ ਬਦਲੇ ਦਾ ਉਚੇਰਾ ਰਾਜਨੀਤਕ ਰੂਪ ਕਦੇ ਵੀ ਨਾ ਸਿਰਜ ਸਕੇ। ਇਹੋ ਕਾਰਨ ਹੈ ਕਿ ਖਾੜਕੂ ਲਹਿਰ ਦੇ ਕਮਜ਼ੋਰ ਹੋਣ ਪਿੱਛੋਂ ਰਾਜਨੀਤਕ ਮੈਦਾਨ ਉਨ੍ਹਾਂ ਹੀ ਲੋਕਾਂ ਦੇ ਹੱਥਾਂ ਵਿੱਚ ਚਲਾ ਗਿਆ ਹੈ ਜੋ ਹਰ ਹੀਲੇ ਚੋਣ ਜਿੱਤ ਕੇ ਸੱਤਾ 'ਤੇ ਕਾਬਜ਼ ਹੋਣ ਅਤੇ ਸੱਤਾ ਨੂੰ ਆਪਣੇ ਸਵਾਰਥੀ ਉਦੇਸ਼ਾਂ ਲਈ ਵਰਤਣ ਦੇ ਮਾਹਿਰ ਬਣ ਚੁੱਕੇ ਹਨ। ਸਿੱਖਾਂ ਦੇ ਅੰਦਰ ਇਸ ਮਾੜੇ ਰੁਝਾਨ ਵਿਰੁੱਧ ਜਿਹੜੇ ਵੀਰ ਜੱਦੋ-ਜਹਿਦ ਕਰ ਵੀ ਰਹੇ ਹਨ, ਉਹਨਾਂ ਦੇ ਚਿਹਰਿਆਂ ਤੋਂ ਵੀ ਮੂਲ ਰੂਪ ਵਿੱਚ ਇਸ ਤਰ੍ਹਾਂ ਦੇ ਰੁਝਾਨ ਪੈਦਾ ਹੋਣ ਦੀਆਂ ਸੰਭਾਵਨਾਵਾਂ ਅਗਾਊਂ ਹੀ ਪੜ੍ਹੀਆਂ ਜਾ ਸਕਦੀਆਂ ਹਨ। ਇਹ ਭਿਆਨਕ ਖਿਲਾਅ ਹੀ ਸਿੱਖ ਕੌਮ ਦਾ ਸਭ ਤੋਂ ਵੱਡਾ ਦਰਦ ਹੈ।

ਹੁਣ ਇਕ ਆਖ਼ਰੀ ਨਜ਼ਰ ਅੰਤਰਰਾਸ਼ਟਰੀ ਮੰਚ ਵੱਲ ਸੁੱਟੀਏ ਅਤੇ ਇਸ ਮੰਚ 'ਤੇ ਨਿੱਤ ਬਦਲਦੇ ਉਤਰਾਵਾਂ ਚੜ੍ਹਾਵਾਂ ਨੂੰ ਸੁਤੰਤਰ ਨਜ਼ਰੀਏ ਤੋਂ ਵੀ ਵੇਖਣ ਦਾ ਯਤਨ ਕਰੀਏ ਅਤੇ ਇਨ੍ਹਾਂ ਦਾ ਸਿੱਖ ਨਜ਼ਰੀਏ ਤੋਂ ਵੀ ਵਿਸ਼ਲੇਸ਼ਣ ਕਰਨ ਦਾ ਯਤਨ ਕਰੀਏ। ਸੋਵੀਅਤ ਯੂਨੀਅਨ ਵਿੱਚ ਸਮਾਜਵਾਦ ਦੇ ਡਿੱਗ ਜਾਣ ਪਿੱਛੋਂ ਅਤੇ ਕੰਪਿਊਟਰ ਯੁੱਗ ਦੀ ਮਹਾਨ ਚੜ੍ਹਤ ਨਾਲ ਦੁਨੀਆਂ ਭਰ ਦੇ ਸਮਾਜਾਂ ਅਤੇ ਕੌਮਾਂ ਵਿੱਚ ਕੀ ਫ਼ਰਕ ਆਏ ਹਨ? ਕੀ ਦੁਨੀਆਂ ਦੀ ਸਰਦਾਰੀ ਹਾਸਿਲ ਕਰਨ ਲਈ ਸੱਤਾ ਦੇ ਕੇਂਦਰ ਬਦਲ ਰਹੇ ਹਨ? ਕੀ ਸਟੇਟ-ਨੇਸ਼ਨਜ਼ ਮੁਰਝਾ ਗਈਆਂ ਹਨ ਅਤੇ ਆਪਣੀ ਹੋਂਦ ਦੀ ਆਖ਼ਰੀ ਲੜਾਈ ਲੜ ਰਹੀਆਂ ਹਨ? ਜੇ ਸਟੇਟ-ਨੇਸ਼ਨਜ਼ ਇਸ ਧਰਤੀ ਤੋਂ ਅਲੋਪ ਹੋ ਰਹੀਆਂ ਹਨ ਤਾਂ ਇਨ੍ਹਾਂ ਦੇ ਸਮਾਂਨਤਰ ਬਦਲ ਕਿਹੋ ਜਿਹੇ ਹੋਣਗੇ ਜਾਂ ਹੋ ਸਕਦੇ ਹਨ? ਕੀ ਸੈਮੂਅਲ ਹਟਿੰਕਟਨ ਦੀ ਥਿਊਰੀ ਜਿਸ ਨੂੰ ਉਹ ਸੱਭਿਅਤਾਵਾਂ ਦਾ ਭੇੜ (Clash of Civilisations) ਕਹਿੰਦਾ ਹੈ, ਸੱਚਮੁੱਚ ਹੀ ਆਪਣੇ ਰੰਗ ਵਿਖਾਏਗੀ? ਕੀ ਇਹ ਸਾਰਾ ਖਿਲਾਰਾ ਭਿਆਨਕ ਰੂਪ ਵੀ ਅਖ਼ਤਿਆਰ ਕਰ ਸਕਦਾ ਹੈ? ਸੂਚਨਾ ਇਨਕਲਾਬ ਦਾ ਬੰਬ ਰਾਜਨੀਤੀ ਵਿੱਚ ਕੀ ਤਬਦੀਲੀਆਂ ਲਿਆਵੇਗਾ? ਕੀ ਦੁਨੀਆਂ ਉਸ ਦੌਰ ਵਿੱਚ ਦਾਖਲ ਹੋ ਗਈ ਹੈ, ਜਿਸ ਨੂੰ ਜੇਮਜ਼ ਡਾਲੀ ਡੇਵਿਡਸਨ ਅਤੇ ਵਿਲੀਅਮ ਰੀਜ਼-ਮੌਗ ਨੇ ਆਪਣੀ ਚਰਚਿਤ ਪੁਸਤਕ (The Sovereign Individual) ਵਿੱਚ 'ਮਨੁੱਖੀ ਸਮਾਜ ਦਾ ਚੌਥਾ ਦੌਰ' ਕਿਹਾ ਹੈ? ਕੀ ਮੌਜੂਦਾ ਸਨਅਤੀ ਦੌਰ ਜਾਂ ਯੁੱਗ ਖਤਮ ਹੋਣ ਦੇ ਕਿਨਾਰੇ 'ਤੇ ਹੈ? ਸਾਨੂੰ ਇਨਾਂ ਸਾਰੇ ਸਵਾਲਾਂ ਨੂੰ ਬੜੀ ਗੰਭੀਰਤਾ ਨਾਲ ਵਿਚਾਰਨ ਦੀ ਅੱਜ ਜਿੰਨੀ ਲੋੜ ਹੈ, ਇੰਨੀ ਇਤਿਹਾਸ ਦੇ ਕਿਸੇ ਦੌਰ ਵਿੱਚ ਨਹੀਂ ਸੀ।

ਓਪ੍ਰੇਸ਼ਨ ਬਲਿਊ ਸਟਾਰ ਨੇ ਸਾਡੇ ਦਿਲਾਂ ਵਿੱਚ ਸਾਡੇ ਦੁਸ਼ਮਣਾਂ ਅਤੇ ਦੋਸਤਾਂ ਬਾਰੇ ਇਕ ਡੂੰਘੀ ਲਕੀਰ ਖਿੱਚੀ ਸੀ, ਪਰ ਸਾਡੇ ਦਿਮਾਗ ਅਜੇ ਜਿਉਂ ਦੇ ਤਿਉਂ ਹਨ। ਇਨ੍ਹਾਂ ਨੂੰ ਤਰੋ ਤਾਜ਼ਾ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿੱਚ ਨਵੇਂ ਰਾਹ ਸਿਰਜਣ ਬਾਰੇ ਸਾਨੂੰ ਸਿਰ ਜੋੜ ਕੇ ਬੈਠਣਾ ਪਵੇਗਾ।

ਸਾਨੂੰ ਆਪਣੇ ਵਰਤਮਾਨ ਆਗੂਆਂ 'ਤੇ ਬਹੁਤਾ ਯਕੀਨ ਨਹੀਂ ਰੱਖਣਾ ਚਾਹੀਦਾ। ਜੇ ਉਨ੍ਹਾਂ 'ਤੇ ਉਮੀਦਾਂ ਦੇ ਪੁਲ ਉਸਾਰਦੇ ਰਹੇ ਜਾਂ ਉਨ੍ਹਾਂ 'ਤੇ ਹੀ ਟੇਕ ਰੱਖੀ ਤਾਂ ਆਉਣ ਵਾਲੇ ਇਤਿਹਾਸਕਾਰ ਇਨ੍ਹਾਂ ਆਗੂਆਂ ਬਾਰੇ ਇਹੋ ਜਿਹੀਆਂ ਹੀ ਟਿੱਪਣੀਆਂ ਕਰਿਆ ਕਰਨਗੇ, ਜਿਵੇਂ ਸੰਸਾਰ-ਸੱਭਿਅਤਾਵਾਂ ਦੇ ਉਤਰਾਵਾਂ ਚੜ੍ਹਾਵਾਂ ਦੇ ਮਹਾਨ ਗਿਆਤਾ ਵਿਲ ਡਿਊਰਾਂ ਨੇ ਆਪਣੀ ਪੁਸਤਕ (Story of Civilisations) ਵਿੱਚ ਫਰਾਂਸ ਦੇ ਇਕਲਾਬ ਤੋਂ ਪਹਿਲਾਂ ਵਾਲੀ ਹਾਲਤ ਦਾ ਜ਼ਿਕਰ ਕਰਦਿਆਂ ਉਸ ਵਕਤ ਦੇ ਬਾਦਸ਼ਾਹਾਂ ਬਾਰੇ ਇਹ ਟਿੱਪਣੀ ਕੀਤੀ, "ਉਹ ਆਪਣੇ ਮੰਤਰੀਆਂ ਨੂੰ ਜਾਣਨ ਤੋਂ ਵੱਧ ਆਪਣੇ ਸ਼ਿਕਾਰੀ ਕੁੱਤਿਆਂ ਬਾਰੇ ਜਾਣਦੇ ਸਨ।" ਇਸ ਲਈ ਅੱਜ ਇਹ ਐਲਾਨ ਕਰਨ ਦੀ ਲੋੜ ਹੈ ਕਿ ਸਾਡੇ ਆਗੂ ਸਾਨੂੰ ਨਹੀਂ ਜਾਣਦੇ। ਅਸੀਂ ਆਪਣੇ ਵਿੱਚੋਂ ਨਵੇਂ ਆਗੂਆਂ ਨੂੰ ਜਨਮ ਦੇਵਾਂਗੇ। ਸਾਡੇ ਡੂੰਘੇ ਦਰਦ ਦਾ ਜਵਾਬ ਅੱਜ ਇਹੋ ਹੀ ਹੈ।

ਘੱਲੂਘਾਰੇ ਦੀ ਯਾਦਗਾਰ ਦਾ ਬਿਪਰਵਾਦੀ ਜਥੇਬੰਦੀਆਂ ਵੱਲੋਂ ਵਿਰੋਧ

(ਸਿੱਖ ਧਰਮ ਦਾ ਭਾਵੇਂ ਕਿਸੇ ਵੀ ਧਰਮ ਨਾਲ ਕੋਈ ਵਿਰੋਧ ਨਹੀਂ ਹੈ ਪਰ ਫਿਰ ਵੀ ਜਦੋਂ ਵੀ ਹਰ ਸਾਲ ਜੂਨ 1984 ਵਿੱਚ ਵਾਪਰੇ ਘੱਲੂਘਾਰੇ ਦੀ ਯਾਦ ਸਿੱਖ ਮਨਾਉਂਦੇ ਹਨ ਤਾਂ ਬਿਪਰਵਾਦੀ ਸੋਚ ਦੇ ਧਾਰਨੀ ਹਰ ਇਸ ਦੀ ਵਿਰੋਧਤਾ ਕਰਨ ਲਈ ਕੋਈ ਨਾ ਕੋਈ ਢਕਵੰਜ ਰਚਦੇ ਹਨ—ਡਾ: ਸੁਖਪ੍ਰੀਤ ਸਿੰਘ ਉਦੋਕੇ)

ਅੱਤਵਾਦੀ ਹਿੰਦੂ ਜਥੇਬੰਦੀਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਜੂਨ 84 ਘੱਲੂਘਾਰੇ ਦੀ ਯਾਦ ਦਾ ਵਿਰੋਧ ਅਤੇ ਸਾਬਕਾ ਭਾਰਤੀ ਫ਼ੌਜ ਦੇ ਜਨਰਲ ਬਰਾੜ ਉਪਰ ਹੋਏ ਹਮਲੇ ਨੇ ਆਮ ਚੇਤੰਨ ਵਰਗ ਨੂੰ ਸੋਚਣ ਲਈ ਮਜਬੂਰ ਜ਼ਰੂਰ ਕੀਤਾ ਹੈ ਕਿ ਉਪਰ ਥੱਲੀ ਵਾਪਰੀਆਂ ਇਹ ਘਟਨਾਵਾਂ ਕਿਤੇ ਆਪਸ ਵਿੱਚ ਲੜੀਬੱਧ ਤਾਂ ਨਹੀਂ ਜਾਂ ਫਿਰ ਪਹਿਲੀ ਘਟਨਾ ਪ੍ਰਤੀ ਸਿੱਖਾਂ ਦੇ ਸੁਹਿਰਦ ਪ੍ਰਤੀਕਰਮ ਪ੍ਰਗਟ ਹੋਣ ਤੋਂ ਪਹਿਲਾਂ ਹੀ ਐਸਾ ਸਿੱਖ ਵਿਰੋਧੀ ਮਾਹੌਲ ਸਿਰਜ ਦਿੱਤਾ ਗਿਆ ਹੈ ਤਾਂ ਕਿ ਸਿੱਖ ਕੌਮ ਦਾ ਧਿਆਨ ਪਹਿਲੀ ਘਟਨਾ ਤੋਂ ਲਾਂਭੇ ਹੋ ਜਾਵੇ ਅਤੇ ਨਵੀਂ ਜਨਮ ਲੈਣ ਵਾਲੀ ਇਕ ਕੜੀ ਦਾ ਅੰਤ ਹੋ ਜਾਵੇ। ਪਹਿਲੀ ਅਤੇ ਦੂਸਰੀ ਘਟਨਾ ਨੂੰ ਆਪਸ ਵਿੱਚ ਜੋੜ ਕਿ ਵੇਖਿਆ ਜਾਵੇ ਤਾਂ ਮੁੱਖ ਨਿਸ਼ਾਨਾ ਵਿਸ਼ਵਵਿਆਪੀ ਪੱਧਰ ਉਪਰ ਸਿੱਖਾਂ ਨੂੰ ਅੱਤਵਾਦੀ/ਵੱਖਵਾਦੀ ਸਾਬਿਤ ਕਰਨਾ ਹੈ।

ਘੱਲੂਘਰਾ ਜੂਨ 1984 ਦੇ 29 ਸਾਲ ਬਾਅਦ ਖ਼ਾਲਸਾ ਪੰਥ ਇਸ ਘੱਲੂਘਾਰੇ ਦੀ ਯਾਦਗਾਰ ਬਾਰੇ ਮਾਨਸਿਕ ਸਾਗਰ ਵਿੱਚ ਉਠ ਰਹੀਆਂ ਲਹਿਰਾਂ ਦਾ ਵਿਸ਼ਲੇਸ਼ਣ ਹੀ ਕਰ ਰਿਹਾ ਸੀ ਕਿ ਇਕ ਦਮ ਕੁਝ ਹਿੰਦੂ ਅਤਿਵਾਦੀ ਜਥੇਬੰਦੀਆਂ ਦੀ ਬੇਤੁਕੀ ਬਿਆਨਬਾਜ਼ੀ ਨੇ ਸਿੱਖ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ।

ਇਹ ਮਸਲਾ ਸੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਜੂਨ 1984 ਦੇ ਘੱਲੂਘਾਰੇ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਦੀ ਵਿਰੋਧਤਾ ਦਾ, ਜਿਸ ਵਿੱਚ ਬੜੇ ਹੀ ਸਾਜ਼ਿਸ਼ੀ ਰੂਪ ਵਿੱਚ ਇਕ ਦਮ ਨਵਗਠਿਤ ਇਕ ਜਥੇਬੰਦੀ 'ਅਖਿਲ ਭਾਰਤੀ ਧਰਮ ਸੰਸਥਾਨ ਪਵਿੱਤਰੀ ਕਰਨ ਸੱਤਿਆ ਗ੍ਰਹਿ ਮਿਸ਼ਨ' ਉਭਰ ਕੇ ਸਾਹਮਣੇ ਆਈ। ਇਸ ਜਥੇਬੰਦੀ ਦੀ ਸਿੱਖ ਵਿਰੋਧੀ ਬਿਆਨਬਾਜ਼ੀ ਜੋ ਕਿ ਅਤਿ ਘਟੀਆ ਕਿਸਮ ਦੀ ਸੀ, ਨੇ ਸਾਰੇ ਚੇਤੰਨ ਵਰਗ ਦਾ ਧਿਆਨ ਆਪਣੇ ਵੱਲ ਖਿੱਚ ਲਿਆ।

ਹਿੰਦੂਤਵੀ ਮਾਨਸਿਕਤਾ ਵਿੱਚ ਸਿੱਖ ਵਿਰੋਧੀ ਅੰਸ਼ ਦਾ ਪ੍ਰਗਟਾਅ ਕੋਈ ਨਵੀਂ ਕ੍ਰਿਆ ਜਾਂ ਨਵਾਂ ਪ੍ਰਗਟਾਅ ਨਹੀਂ ਹੈ, ਇਹਨਾਂ ਦੀਆਂ ਨੀਤੀਆਂ ਤਾਂ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਬਾਦਸਤੂਰ ਜਾਰੀ ਹਨ। ਹੁਣ ਜਿਥੇ ਜੂਨ 1984 ਦੇ ਸ਼ਹੀਦਾਂ ਦੀ ਯਾਦਗਾਰ ਦਾ ਮਸਲਾ ਹੈ ਤਾਂ ਜਿਸ ਰੂਪ ਵਿੱਚ ਇਹਨਾਂ ਵੱਲੋਂ ਉਕਸਾਊ ਅਤੇ ਭੜਕਾਊ ਰੂਪ ਵਿੱਚ ਇਸ ਮਸਲੇ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਉਸ ਤੋਂ ਇਹਨਾਂ ਦੀ ਸਿੱਖ ਵਿਰੋਧੀ ਮਾਨਸਿਕਤਾ ਡੁੱਲ੍ਹ-ਡੁੱਲ੍ਹ ਪੈ ਰਹੀ ਹੈ। ਯਾਦਗਾਰ ਬਣਾਉਣਾ ਸਿੱਖਾਂ ਦਾ ਆਪਣਾ ਕੌਮੀ ਮਸਲਾ ਹੈ ਅਤੇ ਉਸ ਬਾਰੇ ਵੈਸੇ ਤਾਂ ਕਿਸੇ ਨੂੰ ਬਿਆਨਬਾਜ਼ੀ ਦਾ ਕੋਈ ਹੱਕ ਨਹੀਂ ਪ੍ਰੰਤੂ ਫਿਰ ਵੀ ਇਹਨਾਂ ਸਿੱਖ ਵਿਰੋਧੀਆਂ ਨੇ ਜੇਕਰ ਵਿਰੋਧਤਾ ਹੀ ਕਰਨੀ ਹੈ ਤਾਂ ਕਿਸੇ ਜਨਤਕ ਮੰਚ ਉਪਰ ਉਸਾਰੂ ਬਹਿਸ ਵਾਸਤੇ ਜ਼ਰੂਰ ਆਉਣ ਤਾਂ ਜੋ ਅਸੀਂ ਵੀ ਆਪਣਾ ਦਰਦ ਸੁਣਾ ਸਕੀਏ ਕਿ ਪੰਜਾਬ ਦੇ ਸ਼ਹਿਜ਼ਾਦੇ ਹਥਿਆਰ ਚੁੱਕਣ ਲਈ ਮਜਬੂਰ ਕਿਉਂ ਹੋਏ ਅਤੇ ਤੁਹਾਡੀ ਬੇਇਨਸਾਫ਼ ਨਿਆਂ-ਪ੍ਰਣਾਲੀ ਨੇ ਸਾਡੇ ਹੱਥਾਂ ਵਿੱਚ ਕਲਮਾਂ ਦੀ ਜਗ੍ਹਾ ਰਾਈਫ਼ਲਾਂ ਕਿਉਂ ਫੜਾਈਆਂ।

ਸ਼ਹੀਦਾਂ ਦੀ ਯਾਦਗਾਰ ਤੋਂ ਪਹਿਲਾਂ ਸ਼ਹੀਦ ਸ਼ਬਦ ਦੇ ਫ਼ਲਸਫੇ ਨੂੰ ਸਮਝਣਾ ਅਤਿ ਜ਼ਰੂਰੀ ਹੈ ਕਿਉਂਕਿ ਗੁਰਮਤਿ ਵਿਚਾਰਧਾਰਾ ਅੰਦਰ ਸ਼ਹੀਦ ਦਾ ਦਰਜਾ ਅਹਿਮ ਅਤੇ ਪਾਕ-ਪਵਿੱਤਰ ਹੈ। ਪ੍ਰੰਤੂ ਅੱਜ ਦੀ ਰਾਜਸੀ ਬੋਲੀ ਵਿੱਚ ਵੇਖਿਆ ਜਾਵੇ ਤਾਂ ਆਪਣਾ ਮਰਿਆ ਸ਼ਹੀਦ ਹੈ ਅਤੇ ਦੁਸ਼ਮਣ ਦਾ ਮਰਿਆ ਹਲਾਕ ਹੈ।

ਜਦੋਂ ਤੋਂ ਹੀ ਕੌਮ ਅੰਦਰ ਜੂਨ 1984 ਦੇ ਘੱਲੂਘਾਰੇ ਨੂੰ ਯਾਦ ਵਜੋਂ ਮਨਾਉਣ ਦਾ ਸੰਕਲਪ ਦ੍ਰਿੜ੍ਹ ਹੋ ਰਿਹਾ ਹੈ ਤਿਉਂ-ਤਿਉਂ ਹੀ ਇਸ ਘੱਲੂਘਾਰੇ ਦੇ ਕਾਰਨਾਂ, ਸਿੱਖ ਕੌਮ ਦੀ ਨਸਲਕੁਸ਼ੀ ਅਤੇ ਭਾਰਤੀ ਹਕੂਮਤ ਦੇ ਸਿੱਖਾਂ ਪ੍ਰਤੀ ਵਿਤਕਰੇ ਭਰਪੂਰ ਨਜ਼ਰੀਏ ਬਾਰੇ ਕਲਮ-ਅਜ਼ਮਾਈ ਦਾ ਦੌਰ ਸ਼ੁਰੂ ਹੋਇਆ ਹੈ ਅਤੇ ਹਰ ਵਰਤਾਰੇ ਦੀਆਂ ਪਰਤਾਂ ਲਮਹਾ-ਲਮਹਾ ਖੁੱਲ੍ਹ ਰਹੀਆਂ ਹਨ। ਪਰ ਇਸ ਦੇ ਨਾਲ ਹੀ ਹਿੰਦੂਤਵੀ ਮਾਨਸਿਕਤਾ ਵਿੱਚੋਂ ਬਾਰ-ਬਾਰ ਸਿੱਖ ਕੌਮ ਪ੍ਰਤੀ ਨਫ਼ਰਤ ਦਾ ਇਜ਼ਹਾਰ ਵੀ ਚਰਮ ਸੀਮਾ ਉਪਰ ਪਹੁੰਚਦਾ ਜਾ ਰਿਹਾ ਹੈ।

ਸੰਨ 2010 ਵਿੱਚ ਜਦੋਂ ਸਿੱਖ ਕੌਮ ਇਸ ਘੱਲੂਘਾਰੇ ਦੀ ਯਾਦ ਵਿੱਚ ਮਾਰਚ ਕੱਢਣ ਦਾ ਆਯੋਜਨ ਕਰ ਰਹੀ ਸੀ ਉਸ ਸਮੇਂ ਸ਼ਿਵ ਸੈਨਾ ਦੇ ਪਵਨ ਗੁਪਤਾ ਵੱਲੋਂ ਇਹ ਸੁਰਖੀਆਂ ਅਖ਼ਬਾਰਾਂ ਦਾ ਸ਼ਿੰਗਾਰ ਬਣ ਰਹੀਆਂ ਸਨ ਕਿ ਜਿੱਥੇ-ਜਿੱਥੇ ਵੀ ਪੁਲਿਸ/ਫ਼ੌਜ ਨੇ ਸਿੱਖ ਮਾਰੇ ਹਨ, ਉਹਨਾਂ ਦੀਆਂ ਯਾਦਾਂ ਨਹੀਂ ਸਥਾਪਤ ਕਰਨ ਦੇਵਾਂਗੇ ਕਿਉਂਕਿ ਉਹ ਸਾਰੇ ਅੱਤਵਾਦੀ ਸਨ। ਉਹਨਾਂ ਦਿਨਾਂ ਵਿੱਚ ਹੀ ਹਿੰਦੂ ਤਖ਼ਤ ਨਾਮਕ ਜਥੇਬੰਦੀ ਸਾਹਮਣੇ ਆਈ ਅੱਤੇ ਉਸ ਨੇ ਅਕਾਲ ਤਖ਼ਤ ਢਾਹੁਣ ਨੂੰ ਸਹੀ ਸਾਬਤ ਕਰਨ ਲਈ 5 ਜੂਨ, 2010 ਨੂੰ 'ਹਿੰਦੂ ਵਿਜੈ ਦਿਵਸ' ਮਨਾਇਆ ਅਤੇ 1000 ਦੇ ਕਰੀਬ ਨੌਜਵਾਨ ਭਰਤੀ ਕਰਕੇ 'ਹਿੰਦੂ ਧਰਮ ਰਕਸ਼ਾ ਵੀਰ' ਦੀਆਂ ਉਪਾਧੀਆਂ ਦਿੱਤੀਆਂ। ਹੁਣ ਫਿਰ ਜਦੋਂ ਸਿੱਖ ਕੌਮ ਵੱਲੋਂ ਘੱਲੂਘਾਰਾ ਜੂਨ 84 ਦੀ ਯਾਦਗਾਰ ਦਾ ਅਰੰਭ ਕੀਤਾ ਗਿਆ ਹੈ ਤਾਂ ਸੰਘ ਅਧੀਨ ਹਿੰਦੂਤਵੀ ਜਥੇਬੰਦੀਆਂ ਨੂੰ ਦਿਨ ਰਾਤ ਸ਼ਾਇਦ ਕੋਈ ਚਿੰਤਾ ਸਤਾ ਰਹੀ ਹੈ। ਭਾਜਪਾ ਭਾਵੇਂ ਇਸ ਯਾਦਗਾਰ ਦੀ ਵਿਰੋਧੀ ਹੈ ਅਤੇ ਉਹ ਸੱਤਾ ਦਾ ਸੁਖ ਵੀ ਨਹੀਂ ਛੱਡਣਾ ਚਾਹੁੰਦੀ ਪ੍ਰੰਤੂ ਯਾਦਗਾਰ ਦੇ ਮੁੱਦੇ ਉਪਰ ਉਸਦੀ ਨਫ਼ਰਤ ਅਤੇ ਪੰਥ ਵਿਰੋਧਤਾ ਜੱਗ ਜ਼ਾਹਿਰ ਹੈ।

ਵਿਚਾਰਨ ਦਾ ਮੁੱਦਾ ਇਹ ਹੈ ਕਿ ਘੱਲੂਘਾਰੇ ਦੀ ਯਾਦ ਦਾ ਵਜੂਦ ਵਿੱਚ ਆਉਣਾ ਇਹਨਾਂ ਨੂੰ ਬਾਰ-ਬਾਰ ਸਤਾ ਕਿਉਂ ਰਿਹਾ ਹੈ।

ਦਰਅਸਲ ਹਰ ਮਨੁੱਖ ਨੂੰ ਉਸ ਅਹਿਸਾਸ ਤੋਂ ਡਰ ਪੈਦਾ ਹੁੰਦਾ ਹੈ ਅਤੇ ਨਮੋਸ਼ੀ ਮਹਿਸੂਸ ਕਰਦਾ ਹੈ ਜਿਸ ਵਿੱਚ ਉਸਨੂੰ ਆਪਣੀ ਹਾਰ ਦਾ ਅਕਸ ਨਜ਼ਰ ਆਉਂਦਾ ਹੈ। ਇਸ ਕਾਰਨ ਹੀ ਮਨੁੱਖ ਨੈਤਿਕ ਤੌਰ 'ਤੇ ਬਹੁਤ ਘੱਟ ਹੀ ਐਸੀਆਂ ਹਾਰਾਂ ਸਵੀਕਾਰ ਕਰਦਾ ਹੈ।

ਇਸਲਾਮ ਦੀ ਧਰਤੀ ਅਫ਼ਗਾਨਿਸਤਾਨ ਦੀ ਹਿੱਕ ਉਪਰ ਖੜੇ ਬਾਮਿਆਨ ਵਿਖੇ ਬੁੱਧ ਦੇ ਬੁੱਤ ਇਸਲਾਮ ਦੀ ਹਾਰ ਦਾ ਅਕਸ ਘੜਦੇ ਹਨ ਅਤੇ ਬੁੱਤ ਸ਼ਿਕਨ ਕੌਮ ਦੀ ਹਿੱਕ ਉਪਰ ਬੁੱਤ-ਪ੍ਰਸਤ ਬੋਧੀ ਕੌਮ ਦੇ ਬੁੱਤ ਸੱਪ ਵਾਂਗ ਲੇਟਦੇ ਸਨ। ਇਸਲਾਮ ਨੇ ਬੁੱਧ ਦੇ ਪੱਥਰ ਦੇ ਬੁੱਤ ਤੋੜੇ ਪਰ ਬੋਧੀਆਂ ਦੀ ਮਾਨਸਿਕਤਾ ਅੰਦਰੋਂ ਬੁੱਧ ਦਾ ਬੁੱਤ ਨਾ ਕੱਢ ਸਕੇ। ਅਕਾਲ ਤਖ਼ਤ ਸਾਹਿਬ ਜਾਂ ਹਰਿਮੰਦਰ ਸਾਹਿਬ ਸਿੱਖ ਦੀ ਧਾਰਮਿਕ ਮਾਨਸਿਕਤਾ ਦਾ ਮਰਕਜ਼ ਹੈ ਅਤੇ ਕੋਈ ਸ਼ੱਕ ਨਹੀਂ ਕਿ ਦੁਨਿਆਵੀ ਸਲਤਨਤਾਂ ਦੇ ਤਖ਼ਤ ਹਮੇਸ਼ਾਂ ਹੀ ਇਸ ਦੇ ਵਿਰੋਧੀ ਰਹੇ ਹਨ ਪ੍ਰੰਤੂ ਇਸ ਦੀ ਇਮਾਰਤ ਢਹਿਣ ਨਾਲ ਕਦੀ ਕੌਮ ਵਿੱਚ ਢਹਿੰਦੀ ਕਲਾ ਨਹੀਂ ਆਈ ਬਲਕਿ ਹਮੇਸ਼ਾਂ ਹੀ ਚੜ੍ਹਦੀ ਕਲਾ ਦਾ ਜਜ਼ਬਾ ਪ੍ਰਚੰਡ ਹੋਇਆ ਹੈ।

ਇਸ ਨਵਗਠਿਤ ਹਿੰਦੂਤਵੀ ਜਥੇਬੰਦੀ ਵੱਲੋਂ ਅਕਸ਼ਰਧਾਮ ਮੰਦਰ, ਹਜ਼ਰਤ ਬਲ ਅਤੇ ਅਕਾਲ ਤਖ਼ਤ ਸਾਹਿਬ ਨੂੰ ਇਕ ਸੂਤਰ ਵਿੱਚ ਪਿਰੋ ਕੇ ਪੇਸ਼ ਕੀਤਾ ਗਿਆ ਹੈ। ਇਹ ਲੋਕ ਸ਼ਾਇਦ ਸਿੱਖ ਸਿਧਾਂਤਾਂ ਤੋਂ ਅਨਜਾਣ ਹਨ ਕਿ ਅਕਸ਼ਰਧਾਮ ਅਤੇ ਹਜ਼ਰਤ ਬਲ ਵਿੱਚ ਪਨਾਹ ਲਈ ਬੈਠੇ ਵਿਦੇਸ਼ੀ ਅਤਿਵਾਦੀ ਸਨ, ਉਹਨਾਂ ਸ਼ਰਧਾਲੂ ਬੰਧਕ ਬਣਾਏ ਸਨ ਅਤੇ ਆਪਣੇ ਬਚਾਅ ਲਈ ਲੜ ਰਹੇ ਸਨ ਅਤੇ ਉਹਨਾਂ ਨੂੰ ਕੱਢਣ ਲਈ ਸਰਕਾਰੀ ਤਾਕਤ ਵੀ ਬਹੁਤ ਘੱਟ ਇਸਤੇਮਾਲ ਕੀਤੀ ਜਾ ਰਹੀ ਸੀ। ਪਰ ਦੂਸਰੇ ਪਾਸੇ ਜੂਨ 1984 ਵਿੱਚ ਖ਼ਾਲਸਾ ਪੰਥ ਆਪਣੇ ਹੱਕਾਂ ਦੀ ਲੜਾਈ ਲਈ ਤੱਤਪਰ ਸੀ, ਸ਼ਰਧਾਲੂਆਂ ਨੂੰ ਬੰਧਕ ਨਹੀਂ ਬਣਾਇਆ, ਆਪਣੀ ਰੱਖਿਆ ਲਈ ਨਹੀਂ ਬਲਕਿ ਧਰਮ ਸਥਾਨ ਦੀ ਰੱਖਿਆ ਲਈ ਜਾਨਾਂ ਹੂਲ ਕੇ ਲੜ ਰਿਹਾ ਸੀ। ਅਤੇ ਦੂਸਰੇ ਪਾਸੇ ਭਾਰਤੀ ਫ਼ੌਜ ਨੇ ਨਿਰਦੋਸ਼ ਸ਼ਰਧਾਲੂ ਕਤਲ ਕੀਤੇ, ਬੀਬੀਆਂ ਦੀ ਬੇਪਤੀ ਕੀਤੀ, ਪਵਿੱਤਰ ਧਰਮ ਗ੍ਰੰਥ ਬੇਅਦਬ ਕੀਤੇ, ਬੱਚੇ ਅਤੇ ਬੁੱਢੇ ਕੋਹ-ਕੋਹ ਕੇ ਮਾਰੇ, ਤੋਸ਼ਾਖਾਨਾ ਲੁੱਟਿਆ, ਲਾਇਬ੍ਰੇਰੀ ਸਾੜੀ, ਪਵਿੱਤਰ ਧਰਮ ਸਥਾਨ ਅੰਦਰ ਸ਼ਰਾਬਾਂ ਸਿਗਰਟਾਂ ਪੀਤੀਆਂ, ਪਰ ਕੀ ਹਜ਼ਰਤ ਬਲ ਅਤੇ ਅਕਸ਼ਰਧਾਮ ਵਿਖੇ ਵੀ ਭਾਰਤੀ ਫ਼ੌਜ ਨੇ ਇਹ ਕੁਝ ਕੀਤਾ?

ਇਸ ਜਥੇਬੰਦੀ ਵੱਲੋਂ ਇਹ ਕਹਿਣਾ ਕਿ ਹਰਿਮੰਦਰ ਸਾਹਿਬ ਅੰਦਰ ਫ਼ੌਜੀਆਂ ਦੀ ਯਾਦਗਾਰ ਬਣਨੀ ਚਾਹੀਦੀ ਹੈ, ਨਹੀਂ ਤਾਂ ਅਸੀਂ ਅਕਾਲ ਤਖ਼ਤ ਅੱਗੇ ਧਰਨਾ ਦੇਵਾਂਗੇ। ਖਿਆਲ ਕਰਕੇ ਵੇਖੀਏ ਤਾਂ ਕੋਈ ਕਿਸੇ ਦੇ ਧਰਮ ਅਸਥਾਨ ਉਪਰ ਹਮਲਾਵਰ ਹੋ ਕੇ ਆਏ, ਸ਼ਰਧਾਲੂ ਕਤਲ ਕਰੇ, ਖ਼ੂਨ ਦੀਆਂ ਨਦੀਆਂ ਵਹਾ ਦੇਵੇ, ਤਖ਼ਤ ਦੀ ਬੇਹੁਰਮਤੀ ਕਰੇ ਤੇ ਕਿਹੜੀ ਐਸੀ ਬੇਗ਼ੈਰਤ ਕੌਮ ਹੈ ਜਿਹੜੀ ਆਪਣੇ ਧਰਮ ਅਸਥਾਨ ਵਿੱਚ ਕਿਸੇ ਦੁਸ਼ਮਣ ਦੀ ਯਾਦਗਾਰ ਸਥਾਪਿਤ ਕਰਨ ਦੇਵੇਗੀ?

ਸਾਡੇ ਗੁਰਧਾਮ ਸਾਡੀ ਰੂਹਾਨੀਅਤ ਅਧੀਨ ਪਰਮ ਰਾਜਨੀਤਕ ਸੱਤਾ ਦੇ ਪ੍ਰਤੀਕ ਹਨ ਅਤੇ ਸਾਡਾ ਕੌਮੀ ਇਤਿਹਾਸ ਦੱਸਦਾ ਹੈ ਕਿ ਸਾਡੇ ਸੰਘਰਸ਼ ਦਾ ਮਰਕਜ਼ ਵੀ ਇਹੀ ਰਹੇ ਹਨ ਅਤੇ ਰਹਿਣਗੇ ਵੀ ਪਰ ਸਾਡੇ ਧਰਮ ਅਸਥਾਨ ਅੰਦਰ ਦੁਸ਼ਮਣ ਦੀ ਯਾਦ ਨੂੰ ਸਥਾਪਿਤ ਕਰਨ ਦੀਆਂ ਸਲਾਹਾਂ ਦੇਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਆਪ ਪਹਿਲ ਕਰਨ ਅਤੇ ਸਾਡੇ ਹੇਠ ਲਿਖੇ ਸਵਾਲਾਂ ਦੇ ਜਵਾਬ ਦੇਣ ਲਈ ਕਿਸੇ ਵੀ ਮੰਚ ਉਪਰ ਆ ਜਾਣ ਫਿਰ ਅਸੀਂ ਇਸ ਬਾਰੇ ਸੋਚਾਂਗੇ :

1. ਕੀ ਸਿੱਖਾਂ ਨੇ ਕਿਸੇ ਦੇ ਧਰਮ ਅਸਥਾਨ ਦੇ ਬਾਹਰ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ?
2. ਅਸੀਂ ਘੱਲੂਘਾਰਾ ਜੂਨ 1984 ਦੀ ਯਾਦ ਮਨਾ ਕੇ ਸ਼ਹੀਦਾਂ ਨੂੰ ਯਾਦ ਕਰ ਰਹੇ ਹੁੰਦੇ ਹਾਂ ਅਤੇ ਤੁਸੀਂ "ਵਿਜੈ ਦਿਵਸ" ਮਨਾ ਕੇ ਖ਼ੁਸ਼ੀਆਂ ਮਨਾ ਰਹੇ ਹੁੰਦੇ ਹੋ, ਅਸੀਂ ਕਦੀ ਇਤਰਾਜ਼ ਕੀਤਾ ਹੈ?
3. ਕੀ ਅੱਜ ਤੱਕ ਤੁਸੀਂ ਆਪਣੇ ਮੰਦਰਾਂ ਨੂੰ ਢਾਹੁਣ ਵਾਲਿਆਂ ਦੀਆਂ ਯਾਦਾਂ ਆਪਣੇ ਮੰਦਰਾਂ ਵਿੱਚ ਸਥਾਪਿਤ ਕੀਤੀਆਂ ਹਨ। ਸਿੱਖ ਕੌਮ ਨੂੰ ਅਜਿਹੀ ਨੇਕ ਸਲਾਹ ਦੇਣ ਤੋਂ ਪਹਿਲਾਂ :

(ੳ) ਮੇਰਠ ਸ਼ਹਿਰ ਵਿੱਚ ਕੁਤਬਦੀਨ ਨੇ 700 ਮੰਦਰ ਤੋੜ ਕੇ ਮਸਜਿਦਾਂ ਬਣਾਈਆਂ ਸਨ, ਕੋਇਲ ਸ਼ਹਿਰ ਵਿੱਚ 23 ਮੰਦਰ ਤੋੜੇ, ਕਲੰਜ਼ਰ ਵਿੱਚ 113 ਮੰਦਰ ਤੁੜਵਾਏ ਅਤੇ 33000 ਹਿੰਦੂ ਸ਼ਰਧਾਲੂ ਕਤਲ ਕੀਤੇ, ਜੋ ਸਭ ਤੋਂ ਪਹਿਲਾਂ ਤਾਂ 8366 ਮੰਦਰ ਉਸਾਰ ਕੇ ਉਹਨਾਂ ਵਿੱਚ ਕੁਤਬਦੀਨ ਦੀ ਯਾਦਗਾਰ ਸਥਾਪਿਤ ਕਰੋ।

(ਅ) ਅਲਾਉਦੀਨ ਖਿਲਜ਼ੀ ਨੇ ਭਿਲਮਾ ਦੇ ਸਾਰੇ ਮੰਦਰ ਬੇਅਦਬ ਕੀਤੇ ਅਤੇ ਤੋੜ ਸੁੱਟੇ, ਤੁਸੀਂ ਕਿਸ ਮੰਦਰ ਵਿੱਚ ਅਲਾਉਦੀਨ ਖਿਲਜ਼ੀ ਦੀ ਯਾਦਗਾਰ ਬਣਾਈ ਹੈ।

(ੲ) ਸਿਕੰਦਰ ਲੋਧੀ ਨੇ ਮਥੁਰਾ ਦੇ ਸਾਰੇ ਮੰਦਰ ਢਾਹ ਦਿੱਤੇ ਸਨ, ਤੁਸੀਂ ਕਿਹੜੇ ਮੰਦਰ ਵਿੱਚ ਸਿਕੰਦਰ ਲੋਧੀ ਦੀ ਯਾਦਗਾਰ ਬਣਾ ਕੇ ਪੂਜਾ ਕਰਦੇ ਹੋ।

(ਸ) ਫਿਰੋਜ਼ਸ਼ਾਹ ਤੁਗ਼ਲਕ ਨੇ ਨਗਰਕੋਟ ਦੇ ਸਾਰੇ ਮੰਦਰ ਬੇਅਦਬ ਕੀਤੇ, ਕਿਹੜੀ ਯਾਦਗਾਰ ਬਣਾਈ ਹੈ ਤੁਸੀਂ ਫਿਰੋਜ਼ਸ਼ਾਹ ਦੀ ਯਾਦ ਵਿੱਚ।

(ਹ) ਮੁਹੰਮਦ-ਬਿਨ-ਕਾਸਿਮ ਨੇ ਇਕ ਗੱਦਾਰ ਹਿੰਦੂ ਦੀ ਮਦਦ ਨਾਲ ਸਿੰਧ ਦੀ ਦੇਵੀ ਦਾ ਮੰਦਰ ਢਾਹਿਆ ਸੀ, ਕਾਸਿਮ ਦੀ ਯਾਦਗਾਰ ਕਿਹੜੇ ਮੰਦਰ ਵਿੱਚ ਹੈ।

(ਕ) ਮਹਿਮੂਦ ਗਜ਼ਨਵੀ ਨੇ ਤੀਹ ਸਾਲਾਂ ਵਿੱਚ ਭਾਰਤ ਉਪਰ ਸਤਾਰਾਂ ਹਮਲੇ ਕੀਤੇ ਉਸਨੇ ਕਾਂਗੜਾ, ਸੋਮਨਾਥ, ਮਥੁਰਾ ਦੇ ਮੰਦਰਾਂ ਨੂੰ ਅਨੇਕਾਂ ਵਾਰ ਬੇਅਦਬ ਕੀਤਾ, ਲੁੱਟਿਆ, ਕੀ ਅਜੇ ਤੱਕ ਕਿਸੇ ਮੰਦਰ ਵਿੱਚ ਮਹਿਮੂਦ ਗਜ਼ਨਵੀ ਦੀ ਯਾਦਗਾਰ ਸਥਾਪਿਤ ਕੀਤੀ ਗਈ ਹੈ।

ਸੋ ਹਰਿਮੰਦਰ ਸਾਹਿਬ ਅੰਦਰ ਹਮਲਾਵਰਾਂ ਦੀ ਯਾਦਗਾਰ ਬਣਾਉਣ ਦੇ ਮੰਗ ਪੱਤਰ ਦੇਣ ਵਾਲੇ ਵੀਰੋ, ਜਦੋਂ ਆਪਣੇ ਮੰਦਰਾਂ ਅੰਦਰ ਇਹਨਾਂ ਹਮਲਾਵਰਾਂ ਦੀਆਂ ਯਾਦਾਂ ਸਥਾਪਿਤ ਕਰ ਲਵੋਗੇ ਅਸੀਂ ਵੀ ਜ਼ਰੂਰ ਸੋਚਾਂਗੇ।

ਆਪਣੇ ਮੰਗ ਪੱਤਰ ਵਿੱਚ ਕੌਮੀ ਅਜ਼ਾਦੀ ਲਈ ਲੜਨ ਵਾਲਿਆਂ ਪ੍ਰਤੀ ਜੋ

ਆਤੰਕਵਾਦੀ ਆਦਿਕ ਸ਼ਬਦਾਂ ਦੀ ਵਰਤੋਂ ਅਤੇ ਆਪਣੇ ਆਪ ਨੂੰ ਸੱਤਵਾਦੀ, ਅਹਿੰਸਾਵਾਦੀ ਹੋਣ ਦਾ ਪ੍ਰਗਟਾਅ ਕਰਦੇ ਹੋਏ ਆਪੇ ਹੀ ਆਪਣੇ ਆਪ 'ਤੇ ਧਰਮ ਨਿਰਪੱਖਤਾ ਦੀ ਚਾਦਰ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਤਾਂ ਵੇਖੋ ਕੀ ਤੁਸੀਂ ਸੱਚਮੁੱਚ ਸੱਤਵਾਦੀ ਅਤੇ ਧਰਮ ਨਿਰਪੱਖ ਹੋ :

1. ਮਾਲੇਗਾਓਂ ਬੰਬ ਧਮਾਕੇ ਕਿਹੜੇ ਅੱਤਵਾਦੀਆਂ ਨੇ ਕੀਤੇ ਸਨ?
2. ਕਰਨਲ ਪ੍ਰੋਹਿਤ ਕਿਹੜੇ ਧੜੇ ਦਾ ਅੱਤਵਾਦੀ ਮੁਖੀ ਸੀ?
3. ਗੁਜਰਾਤ ਦੇ ਮੁਸਲਿਮ ਕਤਲੇਆਮ ਦੀ ਯਾਦਗਾਰ ਕਿਥੇ ਸਥਾਪਿਤ ਕੀਤੀ ਹੈ?
4. ਦਿੱਲੀ ਸਿੱਖ ਨਸਲਕੁਸ਼ੀ ਬਾਰੇ ਭਾਰਤ ਸਰਕਾਰ ਨੂੰ ਹੁਣ ਤੱਕ ਕਿੰਨੇ ਮੰਗ ਪੱਤਰ ਦਿੱਤੇ ਹਨ?
5. ਪਾਦਰੀ ਗ੍ਰਾਹਮ ਸਟੇਨਜ਼ ਅਤੇ ਉਸਦੇ ਪਰਿਵਾਰ ਦੀ ਦਰਦਨਾਕ ਮੌਤ ਦੀ ਯਾਦਗਾਰ ਕਿੱਥੇ ਸਥਾਪਿਤ ਕੀਤੀ ਹੈ?
6. ਉੜੀਸਾ ਵਿੱਚ ਗਿਰਜੇ ਢਾਹੁਣ ਵਾਲਿਆਂ ਖ਼ਿਲਾਫ ਕਿੱਥੇ ਰੋਸ ਮਾਰਚ ਕੀਤਾ ਹੈ?
7. ਗ੍ਰਾਹਮ ਸਟੇਨਜ਼ ਪਾਦਰੀ ਦੇ ਕਾਤਲ ਦਾਰਾ ਸਿੰਹੁ ਲਈ ਸਖ਼ਤ ਸਜ਼ਾ ਦੀ ਮੰਗ ਕਿੰਨੀ ਵਾਰ ਕੀਤੀ ਹੈ?

ਦਰਅਸਲ ਘੱਟ ਗਿਣਤੀ ਕੌਮਾਂ ਦੇ ਅੱਲੇ ਜ਼ਖ਼ਮਾਂ ਨੂੰ ਬਾਰ-ਬਾਰ ਖਰੋਚ ਕੇ ਉਹਨਾਂ ਨੂੰ ਪ੍ਰੇਸ਼ਾਨ ਕਰਨਾ ਸ਼ਾਇਦ ਇਹਨਾਂ ਦਾ ਮਨ ਭਾਉਂਦਾ ਸ਼ੁਗਲ ਹੈ। ਇਸ ਨਵਗਠਿਤ ਹਿੰਦੂਤਵੀ ਸੰਸਥਾ ਵੱਲੋਂ ਅਜੇ ਅਖ਼ਬਾਰਾਂ ਵਿੱਚ ਜੂਨ 84 ਦੀ ਯਾਦਗਾਰ ਦੇ ਵਿਰੋਧ ਵਿੱਚ ਧੂੰਆਂਧਾਰ ਬਿਆਨਬਾਜ਼ੀ ਜ਼ਾਰੀ ਹੀ ਸੀ ਅਤੇ ਸੁਚੇਤ ਵਰਗ ਇਸ ਦਾ ਸਿਧਾਂਤਕ ਪੱਧਰ ਉਪਰ ਵਿਰੋਧ ਕਰਨ ਲਈ ਕਲਮਕਸ਼ੀ ਲਈ ਕਲਮਾਂ ਤਿੱਖੀਆਂ ਹੀ ਕਰ ਰਿਹਾ ਸੀ ਕਿ ਇਕ ਦਮ ਭਾਰਤੀ ਫ਼ੌਜ ਦੇ ਸਾਬਕਾ ਜਨਰਲ ਉਪਰ ਇੰਗਲੈਂਡ ਵਿਖੇ ਹੋਏ ਸਾਜ਼ਿਸ਼ੀ ਹਮਲੇ ਦੇ ਤੱਥਾਂ ਨੇ ਮਾਨਸਿਕਤਾ ਦੇ ਧਿਆਨ ਕੇਂਦਰ ਅੰਦਰ ਹਲਚਲ ਪੈਦਾ ਕਰ ਦਿੱਤੀ ।

ਜਨਰਲ ਬਰਾੜ ਉਪਰ ਹੋਏ ਇਸ ਸਾਜ਼ਿਸ਼ੀ ਹਮਲੇ ਨੇ ਹਰ ਚੇਤੰਨ ਹੀ ਨਹੀਂ ਬਲਕਿ ਸਧਾਰਨ ਬੁੱਧੀ ਵਾਲੇ ਮਨੁੱਖ ਦੀ ਮਾਨਸਿਕਤਾ ਅੰਦਰ ਵੀ ਕਈ ਸਵਾਲਾਂ ਨੂੰ ਜਨਮ ਦਿੱਤਾ ਅਤੇ ਹਰ ਮਾਨਸਿਕਤਾ ਸੋਚਣ ਉਪਰੰਤ ਇਸ ਸਿੱਟੇ ਉਪਰ ਹੀ ਪਹੁੰਚਦੀ ਹੈ ਕਿ ਇਹ ਹਮਲਾ ਕੇਵਲ ਸਿੱਖ ਕੌਮ ਨੂੰ ਵਿਸ਼ਵ-ਵਿਆਪੀ ਪੱਧਰ ਉਪਰ ਬਦਨਾਮ ਕਰਨ ਲਈ ਹੈ ਅਤੇ ਇਸ ਨਕਲੀ ਜਿਹੇ ਹਮਲੇ ਉਪਰੰਤ ਜ: ਬਰਾੜ ਵੱਲੋਂ ਸਿੱਖ ਕੌਮ ਖਿਲਾਫ਼ ਕੀਤੀ ਜਾ ਰਹੀ ਬੇਤੁਕੀ ਜਿਹੀ ਬਿਆਨਬਾਜ਼ੀ ਇਸ ਘਟਨਾਕ੍ਰਮ ਪ੍ਰਤੀ ਹੋਰ ਕਈ ਸ਼ੰਕਿਆਂ ਨੂੰ ਜਨਮ ਦਿੰਦੀ ਜਾ ਰਹੀ ਹੈ ਅਤੇ ਇੰਝ ਲਗਦਾ ਹੈ ਜਿਵੇਂ ਇਸ ਘਟਨਾਕ੍ਰਮ ਰਾਹੀ ਸਰਕਾਰ ਦਾ ਧਿਆਨ ਆਪਣੇ ਵੱਲ ਖਿੱਚਣਾ, ਸਰਕਾਰ ਤੋਂ ਵਿਸ਼ੇਸ਼ ਸੁਰੱਖਿਆ ਪ੍ਰਾਪਤ ਕਰਨਾ ਜਾਂ ਫਿਰ ਸਿੱਖ ਕੌਮ ਨੂੰ ਬਦਨਾਮ ਕਰਨਾ। ਇਸ ਹਮਲੇ ਦੀ ਅਸਲੀਅਤ ਤਾਂ ਭਾਵੇਂ ਕੁਝ ਸਮੇਂ ਬਾਅਦ ਸਾਹਮਣੇ ਆਵੇਗੀ ਪ੍ਰੰਤੂ ਅਜੇ ਤੱਕ ਲੱਗੀਆਂ ਕਿਆਸਅਰਾਈਆਂ ਤੋਂ ਹਮਲਾ ਯੋਜਨਾਬੱਧ ਨਹੀਂ ਲੱਗਦਾ ਅਤੇ ਨਾ ਹੀ ਕਿਸੇ ਖਾੜਕੂ ਧੜੇ ਨਾਲ ਸੰਬੰਧਿਤ ਲੱਗਦਾ ਹੈ।

ਘੱਲੂਘਾਰੇ ਤੋਂ 29 ਸਾਲ ਬਾਅਦ ਸਿੱਖ ਕੌਮ ਭਵਿੱਖ ਵਿੱਚ ਕੀ ਕਰੇ!

(ਸ. ਇਕਚੇਤਨ ਸਿੰਘ ਹੋਰਾਂ ਨੇ ਹੱਥਲੇ ਲੇਖ ਵਿੱਚ ਬਹੁਤ ਹੀ ਵਿਸਥਾਰ ਸਹਿਤ ਬਿਆਨ ਕੀਤਾ ਹੈ ਕਿ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਕੌਮ ਹਰ ਖੇਤਰ ਵਿੱਚ ਪਛੜ ਰਹੀ ਹੈ ਅਤੇ ਜੇਕਰ ਕੌਮ ਦੇ ਸਿਆਸੀ ਮਹਾਰਥੀਆਂ ਅਤੇ ਧਾਰਮਿਕ ਰਹਿਨੁਮਾਵਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਨਾ ਸਮਝਿਆ ਤਾਂ ਹੋਣ ਵਾਲੇ ਭਵਿੱਖ ਦੇ ਕੌਮੀ ਨੁਕਸਾਨ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਣਗੇ)

ਜੂਨ 1984 ਵਿੱਚ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ, ਘੱਲੂਘਾਰਾ ਨੀਲਾ ਤਾਰਾ ਨੂੰ 29 ਸਾਲ ਪੂਰੇ ਹੋ ਚੁੱਕੇ ਹਨ। ਕਿਸੇ ਵੀ ਕੌਮ ਦੀ ਚੜ੍ਹਦੀ ਕਲਾ ਉਸ ਦੇ ਪੈਰੋਕਾਰਾਂ ਦੀ ਆਪਣੇ ਇਸ਼ਟ ਪ੍ਰਤੀ ਸ਼ਰਧਾ, ਉਸ ਦੇ ਹੁਕਮਾਂ ਤੇ ਨਿਯਮਾਂ ਦੀ ਪਾਲਣਾ, ਨਿਸ਼ਕਾਮ ਸੇਵਾ ਅਤੇ ਕੁਰਬਾਨੀ ਦੇ ਫ਼ਲਸਫੇ 'ਤੇ ਅਧਾਰਿਤ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸੰਸਾਰ ਤੋਂ ਸਰੀਰਕ ਤੌਰ ਉਪਰ ਵਿਦਾ ਹੋਣ ਤੋਂ ਬਾਅਦ ਸਿੱਖ ਧਰਮ ਕਈ ਉਚਾਈਆਂ ਨੂੰ ਛੂਹ ਚੁੱਕਾ ਹੈ, ਪਰ ਬਹੁਤ ਵਾਰ ਨੁਕਸਾਨ ਵੀ ਉਠਾਉਣਾ ਪਿਆ ਹੈ। ਧਰਮ ਦਾ ਪਸਾਰਾ ਭਾਵੇਂ ਗਿਆਨ ਦੀ ਬਖਸ਼ਿਸ਼ ਨਾਲ ਧਾਰਮਿਕ ਪ੍ਰਚਾਰਕਾਂ ਵੱਲੋਂ ਕੀਤਾ ਜਾਂਦਾ ਹੈ, ਪਰ ਉਹਨਾਂ ਦੀ ਰਾਖੀ ਹਮੇਸ਼ਾ ਰਾਜਨੀਤਕ ਢਾਲ ਹੀ ਕਰਦੀ ਰਹੀ ਹੈ। ਜਦੋਂ ਵੀ ਕਿਸੇ ਕੌਮ ਦੀ ਸਮਸਿਆ ਦਾ ਹੱਲ ਲੱਭਣਾ ਹੋਵੇ ਤਾਂ ਉਸ ਦੇ ਮੌਲਿਕ ਨਿਯਮਾਂ ਵੱਲ ਪੰਛੀ-ਝਾਤ ਮਾਰਨੀ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਜਦੋਂ ਇਸ ਸੰਸਾਰ ਵਿੱਚ ਆਏ ਤਾਂ ਉਸ ਸਮੇਂ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਹਾਲਾਤ ਬਹੁਤ ਗਿਰਾਵਟ ਵੱਲ ਸਨ। ਧਰਮ ਵਿੱਚ ਪ੍ਰਭੂ ਭਗਤੀ ਨੂੰ ਛੱਡ ਕੇ ਕਰਮਕਾਡਾਂ ਰਾਹੀਂ ਪੁਜਾਰੀ, ਲੋਕਾਂ ਨੂੰ ਲੁੱਟ ਰਹੇ ਸਨ। ਕਾਜ਼ੀ ਵੀ ਸ਼ੋਸ਼ਣ ਕਰਨ ਦਾ ਹੀ ਰਾਹ ਅਪਣਾਈ ਬੈਠੇ ਸਨ। ਸਮਾਜਿਕ ਤੌਰ 'ਤੇ ਗੁਲਾਮੀ ਕਾਰਨ ਲੋਕ ਬੁਜ਼ਦਿਲ ਹੋ ਚੁੱਕੇ ਸਨ ਅਤੇ ਡਰ ਅਤੇ ਲਾਲਚ ਅਧੀਨ ਧਰਮ ਪਰਿਵਰਤਨ ਕਰਨ ਲਈ ਮਜਬੂਰ ਸਨ। ਜਜ਼ੀਆ ਦੇਣਾ ਜਾਂ ਬੇਇੱਜ਼ਤ ਹੋਣਾ ਉਹਨਾਂ ਦੀ ਆਤਮਾ ਨੂੰ ਝੰਜੋੜਦਾ ਨਹੀਂ ਸੀ, ਰਾਜਨੀਤਕ ਤੌਰ 'ਤੇ ਹਿੰਦੂ ਰਾਜੇ ਆਪਣੀਆਂ ਬੇਟੀਆਂ ਦਾ ਰਿਸ਼ਤਾ ਮੁਗ਼ਲ ਬਾਦਸ਼ਾਹਾਂ ਨਾਲ ਕਰਕੇ ਉਹਨਾਂ ਦੀ ਰਿਸ਼ਤੇਦਾਰੀ ਦਾ ਲਾਭ ਉਠਾਉਂਦੇ ਸਨ ਤੇ ਮਾਣ ਕਰਦੇ ਸਨ। ਜਾਤਾਂ-ਪਾਤਾਂ ਤੇ ਉਚ-ਨੀਚ ਨੇ ਸਮਾਜ ਨੂੰ ਖੇਰੂੰ-ਖੇਰੂੰ ਕੀਤਾ ਹੋਇਆ ਸੀ ਅਤੇ ਕਿਸੇ ਵੀ ਤਰ੍ਹਾਂ ਇਕੱਠੇ ਹੋਣ ਦਾ ਮਾਰਗ ਨਜ਼ਰ ਨਹੀਂ ਸੀ ਆਉਂਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਅਕਾਲ ਦੀ ਪੂਜਾ, ਜਾਤ-ਪਾਤ, ਭੇਦ-ਭਾਵ, ਊਚ-ਨੀਚ ਰਹਿਤ,

ਜਾਣਹੁ ਜੋਤਿ ਨ ਪੂਛਹੁ ਜਾਤੀ...॥
ਰਾਜੇ ਸੀਹ ਮੁਕਦਮ ਕੁਤੇ...॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਕਹਿ ਕੇ ਅਕਾਲ ਦੇ ਪੁਜਾਰੀਆਂ, ਸਰਬ ਸਾਂਝੀਵਾਲਤਾ ਦੇ ਮੁਦਈ ਸਮਾਜ ਸੇਵਕ ਅਤੇ ਸੀਸ ਤਲੀ 'ਤੇ ਧਰ ਕੇ ਮਨੁੱਖਤਾ ਲਈ ਜਾਨ ਵਾਰਨ ਵਾਲਿਆਂ ਦਾ ਪੰਥ ਤਿਆਰ ਕੀਤਾ। ਗੁਰੂ ਦੇ ਹੁਕਮ 'ਤੇ ਪਹਿਰਾ ਦੇਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਨੇ ਵੀ ਬਹਾਦਰੀ, ਸਿਮਰਨ, ਸੇਵਾ, ਊਚ-ਨੀਚ ਦੇ ਭੇਦ-ਭਾਵ ਮਿਟਾਉਣ, ਪੁਜਾਰੀਵਾਦ ਨੂੰ ਖਤਮ ਕਰਨ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਇਕ ਵੱਡਾ ਇਤਿਹਾਸ ਰਚਿਆ। ਜਿਸ ਵਿੱਚ ਮਾਸੂਮ ਸਾਹਿਬਜ਼ਾਦਿਆਂ ਨੇ ਵੀ ਆਪਣੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਵਾਂਗ 'ਸੀਸ ਦੀਆ ਪਰ ਸਿਰਰ ਨਾ ਦੀਆ' ਦੀ ਉੱਚੀ ਪੰਥਕ ਰਵਾਇਤ ਦਾ ਇਤਿਹਾਸ ਕਾਇਮ ਰੱਖਿਆ। ਸਿੱਖਾਂ ਲਈ ਆਪਣੇ ਅਸੂਲਾਂ ਲਈ ਬੰਦ-ਬੰਦ ਕਟਵਾਉਣੇ, ਖੋਪਰੀਆਂ ਲੁਹਾਉਣੀਆਂ, ਤਨ ਆਰਿਆਂ ਨਾਲ ਚਿਰਾਉਣੇ, ਚਰਖੜ੍ਹੀਆਂ 'ਤੇ ਚੜ੍ਹਨਾ, ਤੇਰਾ ਭਾਣਾ ਮੀਠਾ ਲਾਗੈ ਅਤੇ ਆਨੰਦ ਦੇਣ ਵਾਲਾ ਸੀ। ਕੁਰਬਾਨੀਆਂ ਦੇ ਖੇਤਰ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਕਾਲ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਅਜ਼ਾਦੀ ਤੱਕ ਅਤੇ ਇਸ ਤੋਂ ਬਾਅਦ ਦੇਸ਼ ਦੀ ਸੁਰੱਖਿਆ ਲਈ ਹਮਲਾਵਰਾਂ ਵਿਰੁੱਧ ਲੜਾਈ ਵਿੱਚ ਸਿੱਖਾਂ ਵੱਲੋਂ ਕੁਰਬਾਨੀਆਂ ਦਾ ਇਤਿਹਾਸ ਅੱਜ ਦੇ ਸੰਦਰਭ ਵਿੱਚ ਇਕ ਵਿਸ਼ਵ ਰਿਕਾਰਡ ਹੈ, ਪਰ 500 ਸਾਲ ਪਹਿਲਾਂ ਔਰਤ ਦੀ ਇੱਜ਼ਤ ਕਰਨ ਲਈ 22,000 ਦੂਜੇ ਧਰਮਾਂ ਨਾਲ ਸੰਬੰਧਿਤ ਔਰਤਾਂ ਨੂੰ ਛੁਡਵਾ ਕੇ ਲਿਆਉਣਾ ਅਤੇ ਕਿਸੇ ਦੇ ਧਾਰਮਿਕ ਚਿੰਨ੍ਹ ਨੂੰ ਕਾਇਮ ਰੱਖਣ ਲਈ ਆਪਣੀ ਕੁਰਬਾਨੀ ਦੇ ਦੇਣਾ, ਦੂਜਿਆਂ ਦੇ ਧਰਮ ਅਸਥਾਨ ਢਾਹੁਣ ਦੀ ਬਜਾਏ ਉਸਾਰ ਕੇ ਪੂਜਾ ਲਈ ਦੇ ਦੇਣਾ ਅਤੇ ਸਭ ਨੂੰ ਪੰਗਤ, ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਬਰਾਬਰੀ ਦਾ ਹਿੱਸਾ ਦੇਣਾ ਅਜਿਹੇ ਮੀਲ ਪੱਥਰ ਹਨ ਜਿਨ੍ਹਾਂ ਦਾ ਅਜੇ ਲੋਕਾਂ ਨੇ ਮੁਕਾਬਲਾ ਕਰਨਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਮਹਾਂਬਲੀ ਸੀ, ਜੋ ਸੰਨ 1710 ਈ. ਤੱਕ ਪਾਣੀਪਤ, ਥਾਨੇਸਰ, ਸਰਹਿੰਦ ਅਤੇ ਲਾਹੌਰ ਤੱਕ ਬਾਬਾ ਬੰਦਾ ਸਿੰਘ ਬਹਾਦਰ ਹੇਠ ਰਾਜ ਕਾਇਮ ਕਰਨ ਵਿੱਚ ਸਫ਼ਲ ਹੀ ਨਹੀਂ ਹੋਇਆ ਬਲਕਿ ਮਜ਼ਬੂਤ ਮੁਗ਼ਲ ਰਾਜ ਦੀਆਂ ਜੜ੍ਹਾਂ ਵੀ ਪੁੱਟ ਸੁੱਟੀਆਂ। ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖ ਰਾਜਿਆਂ ਨੇ ਦਿੱਲੀ ਤੋਂ ਕਾਬਲ ਤੱਕ ਇਕ ਵੱਡਾ ਰਾਜ ਕਾਇਮ ਕੀਤਾ। ਛੋਟੇ ਤੇ ਵੱਡੇ ਘੱਲੂਘਾਰੇ ਜਾਂ ਸਿਰਾਂ ਦੇ ਮੁੱਲ ਇਹਨਾਂ ਦੀ ਗਿਣਤੀ ਕਿਸੇ ਵੀ ਤਰ੍ਹਾਂ ਘਟਾ ਨਾ ਸਕੇ।

ਜਿਨ੍ਹਾਂ ਪ੍ਰਤੱਖ ਕਾਰਨਾਂ ਕਰਕੇ ਇਹ ਬਾਦਸ਼ਾਹ ਆਪਣਾ ਰਾਜ ਕਾਇਮ ਨਾ ਰੱਖ ਸਕੇ ਉਹਨਾਂ ਵਿੱਚ ਸਭ ਤੋਂ ਵੱਡਾ ਕਾਰਨ ਆਪਸੀ ਫੁੱਟ ਸੀ। ਜੇਕਰ ਤੱਤ ਖ਼ਾਲਸਾ ਤੇ ਬਾਬਾ ਬੰਦਾ ਸਿੰਘ ਬਹਾਦਰ ਵਿੱਚ ਮਤਭੇਦ ਨਾ ਹੁੰਦਾ ਜਾਂ ਫੂਲਕੀਆ ਖਾਨਦਾਨ, ਅੰਗਰੇਜ਼ਾਂ

ਨੂੰ ਮਹਾਰਾਜਾ ਰਣਜੀਤ ਸਿੰਘ ਵਿਰੁੱਧ ਨਾ ਲੈ ਕੇ ਆਉਂਦਾ ਅਤੇ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਇਕ ਹੁੰਦੇ ਤਾਂ ਖ਼ਾਲਸੇ ਨੇ 18ਵੀਂ ਸਦੀ ਦੇ ਅੰਤ ਵਿੱਚ ਹੀ ਦਿੱਲੀ 'ਤੇ ਕਬਜ਼ਾ ਕੀਤਾ ਹੁੰਦਾ। ਅਜ਼ਾਦੀ ਸਮੇਂ ਏਕੇ ਦੀ ਘਾਟ ਕਾਰਨ ਹੀ ਦੇਸ਼ ਦੀ ਤੀਜੀ ਕੌਮ ਮੰਨੇ ਜਾਣ ਉਪਰੰਤ ਵੀ ਇਹ ਆਪਣੇ ਲਈ ਨਾ ਤਾਂ ਇਹ ਵੱਖਰਾ ਖਿੱਤਾ (Sikh homeland) ਲੈ ਸਕੇ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਖ਼ਾਸ ਅਧਿਕਾਰ।

ਇਤਿਹਾਸ ਇਹ ਵੀ ਹੈ ਕਿ ਖ਼ਾਲਸਾ ਪੰਥ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਤੇ ਆਪਣੀ ਬਹਾਦਰੀ, ਕਿਸੇ ਦੀ ਈਨ ਨਾ ਕਬੂਲਣ ਦੇ ਅਸੂਲ ਅਤੇ ਆਗੂਆਂ ਦੀ ਬਹਾਦਰੀ ਤੇ ਦੂਰਦਰਸ਼ਤਾ ਕਾਰਨ ਕੌਮ ਵਿਰੋਧੀਆਂ ਦੀ ਸੋਚ ਨਾਲੋਂ ਹਰ ਘੱਲੂਘਾਰੇ ਤੋਂ ਬਾਅਦ ਦੁਗਣੀ ਸ਼ਕਤੀ ਨਾਲ ਸਾਹਮਣੇ ਆਇਆ ਹੈ। ਸੰਨ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ 1733 ਈ. ਵਿੱਚ ਆਪਣੀ ਬਹਾਦਰੀ ਤੇ ਏਕਤਾ ਨਾਲ ਮੁਗਲ ਹਕੂਮਤ ਨੂੰ ਖ਼ਾਲਸਾ ਪੰਥ ਨੂੰ ਨਵਾਬੀ ਪੇਸ਼ ਕਰਨ ਲਈ ਮਜਬੂਰ ਕਰ ਦਿੱਤਾ ਸੀ। ਵੱਡੇ ਘੱਲੂਘਾਰੇ ਤੋਂ ਬਾਅਦ ਅਗਲੇ ਹੀ ਸਾਲ ਸਰਹੰਦ ਫਤਹਿ ਕਰ ਲੈਣੀ ਅਤੇ ਦਿੱਲੀ ਲਾਲ ਕਿਲ੍ਹੇ 'ਤੇ ਖ਼ਾਲਸਈ ਨਿਸ਼ਾਨ ਝੁਲਾਉਣਾ, ਖ਼ਾਲਸੇ ਦੀਆਂ ਇਹਨਾਂ ਪ੍ਰਾਪਤੀਆਂ ਦਾ ਹੀ ਪ੍ਰਤੀਕ ਹਨ।

ਸਿੱਖ ਧਰਮ ਬਾਰੇ ਇਹ ਵਿਸ਼ਾ ਵਿਚਾਰਨ ਦਾ ਮੁੱਖ ਕਾਰਨ ਹੈ ਕਿ ਸੰਨ 1984 ਵਿੱਚ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ, ਘੱਲੂਘਾਰੇ ਦੇ 29 ਸਾਲ ਬਾਅਦ ਵੀ ਸਿੱਖ ਨਾ ਤਾਂ ਰਾਜਸੀ ਤੌਰ 'ਤੇ ਕੁਝ ਪ੍ਰਾਪਤ ਕਰ ਸਕੇ ਅਤੇ ਨਾ ਹੀ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਹੋ ਸਕੀਆਂ। ਦੇਸ਼ ਦੀ ਆਜ਼ਾਦੀ ਤੋਂ ਬਾਅਦ, ਪੰਜਾਬੀ ਸੂਬੇ ਦਾ ਮੋਰਚਾ ਅੱਜ ਤੱਕ ਮਿੱਥੇ ਟੀਚੇ ਤੱਕ ਪ੍ਰਾਪਤ ਨਹੀਂ ਕਰ ਸਕਿਆ। ਅੱਜ ਰਾਜਸੀ ਅਤੇ ਧਾਰਮਿਕ ਆਗੂ ਗੁਰੂ ਦੇ ਰਾਹ ਤੋਂ ਭਟਕੇ ਪ੍ਰਤੀਤ ਹੁੰਦੇ ਹਨ ਜਿਸ ਨਾਲ ਆਮ ਸਿੱਖ ਦੇ ਮਨ ਵਿੱਚ ਦੁਬਿਧਾ ਅਤੇ ਚਿੰਤਾ ਦੀ ਸਥਿਤੀ ਹੈ। ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਰਿਵਾਰ ਵਿੱਚ ਆਪਸੀ ਫੁੱਟ ਅਤੇ ਗੱਦਾਰੀ ਕਾਰਨ ਸਿੱਖ ਕੌਮ ਨੂੰ ਇਕ ਸੌ ਸਾਲ ਦੇ ਕਰੀਬ ਪੰਜਾਬ ਵਿੱਚ ਗੁਲਾਮੀ ਝੱਲਣੀ ਪਈ ਸੀ, ਅਤੇ ਗੁਰਦੁਆਰਾ ਸੁਧਾਰ ਲਹਿਰ ਲਈ ਉੱਠ ਕੇ ਸਾਹਮਣੇ ਆਉਣ ਲਈ ਵੀ 70 ਸਾਲ ਦਾ ਸਮਾਂ ਲੱਗ ਗਿਆ ਸੀ।

ਅੱਜ ਸਿੱਖ ਸਮਾਜ ਆਪਣੇ ਮੌਲਿਕ ਤੇ ਸੁਨਹਿਰੀ ਅਸੂਲਾਂ ਤੋਂ ਦੂਰ ਹੋਇਆ ਲੱਗਦਾ ਹੈ ਕਿਉਂਕਿ ਧਾਰਮਿਕ ਤੌਰ 'ਤੇ ਪੁਜਾਰੀਵਾਦ ਅਤੇ ਡੇਰਾਵਾਦ ਭਾਰੂ ਹੈ। ਡੇਰਾਵਾਦ ਕਾਰਨ ਗੁਰੂ ਦੇ ਦੱਸੇ ਰਾਹ 'ਤੇ ਚੱਲ ਕੇ ਅਨੰਦਮਈ ਜੀਵਨ ਜੀਉਣ ਵਾਲੇ ਸਿੱਖਾਂ ਦੀ ਗਿਣਤੀ ਦਸਮ ਪਾਤਸ਼ਾਹ ਤੋਂ ਬਾਅਦ ਆਪੇ ਬਣੇ ਗੁਰੂਆਂ ਤੇ ਗੁਰੂਆਂ ਦੀ ਬਰਾਬਰੀ ਕਰਦੇ ਬਾਬਿਆਂ ਦੇ ਪੈਰੋਕਾਰਾਂ ਨਾਲੋਂ ਘੱਟ ਨਜ਼ਰ ਆਉਂਦੀ ਹੈ, ਜੋ ਗੁਰੂ ਸਾਹਿਬ ਦੀ ਬਾਣੀ ਦਾ ਪ੍ਰਚਾਰ ਕਰਨ ਦੇ ਬਹਾਨੇ ਆਪਣੀ ਸੰਗਤ ਨੂੰ ਇਕ ਨਾਂ 'ਤੇ ਵੱਖਰੀ ਮਰਿਆਦਾ ਦੇਣਾ ਨਹੀਂ ਭੁੱਲਦੇ। ਕੁਝ ਬਾਬੇ ਅਜਿਹੇ ਵੀ ਹਨ ਜੋ ਗੁਰੂ ਦੇ ਲੰਗਰ ਨੂੰ ਵੀ ਮਰਯਾਦਾ ਅਨੁਸਾਰ ਨਾ ਬਣਿਆ ਦੱਸਦੇ ਹਨ। ਜਾਤ-ਪਾਤ, ਊਚ-ਨੀਚ ਭਾਵੇਂ ਗੁਰਦੁਆਰਾ ਸਾਹਿਬ ਦੇ ਅੰਦਰ ਨਹੀਂ ਪਰ

ਗੁਰਦੁਆਰਾ ਸਾਹਿਬ ਤੋਂ ਬਾਹਰ ਸ਼ਾਇਦ ਦੂਜਿਆਂ ਨਾਲੋਂ ਕਿਤੇ ਜ਼ਿਆਦਾ ਹੈ। ਪੁੱਤ ਜੱਟਾਂ ਦੇ ਬਾਕੀਆਂ ਨੂੰ ਭਾਪੇ ਜਾਂ ਮਜ਼ੂਬੀ ਦੱਸ ਕੇ ਉਨ੍ਹਾਂ ਨੂੰ ਨੀਵਾਂ ਵਿਖਾਉਣ ਦੇ ਉਦਮ ਰਾਹੀਂ ਆਪਣੇ ਆਪ ਨੂੰ ਅਸਲੀ ਅਤੇ ਦੂਜਿਆਂ ਨੂੰ ਨਕਲੀ ਸਿੱਖ ਦੱਸਦੇ ਹਨ। ਕਰਮਕਾਂਡ ਤੇ ਵੱਖ-ਵੱਖ ਮਰਿਆਦਾ ਨਾਲ ਗੁਰੂ ਨਾਨਕ ਦਾ ਮਿਸ਼ਨ ਅੱਜ ਧੁੰਧਲਾ ਹੋ ਚੁੱਕਾ ਹੈ।

ਕਈ ਡੇਰੇਦਾਰਾਂ ਅਨੁਸਾਰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ, ਕੀਰਤਨ, ਲੰਗਰ ਤੇ ਦਾਨ-ਪੁੰਨ ਸ਼ਾਇਦ ਸਮਕਾਲੀ ਹੋਰ ਧਰਮਾਂ ਦੇ ਜਨਮ ਮਰਨ ਦੇ ਸੰਸਕਾਰਾਂ ਸਮੇਂ ਦੇ ਮੁਕਾਬਲੇ ਅਤਿ ਮਹਿੰਗਾ ਸੌਦਾ ਹੈ, ਜੋ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਖ਼ਾਲਸਾ ਪੰਥ ਦੇ ਧਾਰਮਿਕ ਆਗੂ ਕਾਰ ਸੇਵਾ ਰਾਹੀਂ ਆਪਣੇ ਅਸਲੀ ਧਾਰਮਿਕ ਇਤਿਹਾਸ ਨੂੰ ਖਤਮ ਕਰਦੇ ਜਾ ਰਹੇ ਹਨ, ਜੋ ਕੁਝ ਨਜ਼ਰ ਆ ਰਿਹਾ ਹੈ ਉਹ ਸੰਗਮਰਮਰ ਦੇ ਮੰਦਰ ਤੇ ਮਹਲ।

ਨਸ਼ੇ ਜਿਨ੍ਹਾਂ ਦੀ ਗੁਰੂ ਸਾਹਿਬਾਨ ਨੇ ਮੁਕੰਮਲ ਮਨਾਹੀ ਕੀਤੀ ਹੈ, ਨੂੰ ਪੁੱਤ ਸਰਦਾਰਾਂ ਦੇ ਖਾਣ ਬੱਕਰੇ ਤੇ ਪੀਣ ਸ਼ਰਾਬਾਂ ਦੇ ਬੋਲ ਨਾਲ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਮੰਨਿਆ ਜਾ ਰਿਹਾ ਹੈ। ਨਸ਼ਿਆਂ ਦਾ ਕਾਰੋਬਾਰ ਹਰ ਪਿੰਡ ਤੱਕ ਪਹੁੰਚ ਚੁੱਕਾ ਹੈ।

ਦਾਜ-ਦਹੇਜ ਅਤੇ ਔਰਤ ਨੂੰ ਬਰਾਬਰਤਾ ਦਾ ਦਰਜਾ ਦੇਣ ਵਰਗੇ ਗੁਰੂ ਹੁਕਮ ਵੀ ਅਜੇ ਪੂਰੀ ਤਰ੍ਹਾਂ ਅਮਲ ਵਿੱਚ ਨਹੀਂ ਆਏ। ਸਿੱਖ ਗੁਰੂ ਸਾਹਿਬਾਨ ਦੇ ਨਾਂ 'ਤੇ ਉਸਾਰੇ ਗਏ ਸੰਸਥਾਨ ਵੀ ਨਾ ਤਾਂ ਗਰੀਬ ਵਿਦਿਆਰਥੀਆਂ ਦੀ ਲੋੜ ਪੂਰੀ ਕਰਦੇ ਹਨ, ਨਾ ਧਾਰਮਿਕ ਤੌਰ 'ਤੇ ਉਸਨੂੰ ਸਿੱਖ ਧਰਮ ਬਾਰੇ ਕੋਈ ਗਿਆਨ ਦਿੰਦੇ ਹਨ ਅਤੇ ਨਾ ਹੀ ਮੁਕਾਬਲੇ ਦੇ ਇਮਤਿਹਾਨ ਵਿੱਚ ਪਾਸ ਹੋਣ ਦੀ ਲੋੜੀਂਦੀ ਸਿਖਲਾਈ ਦੇ ਸਕਦੇ ਹਨ।

ਸਿੱਖ ਧਰਮ ਵਿੱਚ ਗੁਰੂ ਸਾਹਿਬਾਨ ਤੋਂ ਬਾਅਦ ਪ੍ਰਚਾਰ ਤੇ ਪ੍ਰਸਾਰ ਲਈ ਅਜੇ ਤੱਕ ਕੋਈ ਅੰਤਰਰਾਸ਼ਟਰੀ ਸੰਸਥਾ ਨਹੀਂ ਬਣੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਹੀ ਅਰਥਾਂ ਵਿੱਚ ਦੇਸ਼ ਦੀ ਵੰਡ ਤੋਂ ਪਹਿਲੇ ਪੰਜਾਬ ਦੇ ਗੁਰਦੁਆਰਿਆਂ ਦੀ ਦੇਖਭਾਲ ਲਈ ਬਣੀ ਸੀ ਨਾ ਕਿ ਧਾਰਮਿਕ ਅਗਵਾਈ ਅਤੇ ਧਰਮ ਪ੍ਰਚਾਰ ਲਈ। ਕਾਰੋਬਾਰ ਦੇ ਸੰਬੰਧ ਵਿੱਚ ਅਨੇਕਾਂ ਸਿੱਖ ਪਰਿਵਾਰ ਵਿਦੇਸ਼ਾਂ ਵਿੱਚ ਵੱਸ ਗਏ ਹਨ, ਪਰ ਉਥੇ ਸਿੱਖ ਧਰਮ ਦੀ ਸੋਚ ਅਤੇ ਵਿਲੱਖਣਤਾ ਦੇ ਪ੍ਰਭਾਵ ਨੂੰ ਸਹੀ ਢੰਗ ਨਾਲ ਯੋਜਨਾਬੰਦ ਤਰਤੀਬ ਨਹੀਂ ਦਿੱਤੀ ਜਾ ਸਕੀ ਜਿਸ ਕਰਕੇ ਦਸਤਾਰ ਅਤੇ ਪਹਿਚਾਨ ਅਜੇ ਸਥਾਪਿਤ ਨਹੀਂ ਹੋ ਸਕੀ। ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਸ਼ਕਾਮ ਸਿੱਖ ਉਥੇ ਨਹੀਂ ਪਹੁੰਚੇ, ਅਜੇ ਸਿਰਫ਼ ਮਾਇਆ ਇਕੱਠੀ ਕਰਨ ਵਾਲੇ ਬਾਬੇ ਜਾਂ ਕੀਰਤਨੀ ਜੱਥੇ ਹੀ ਲੋਕਾਂ ਕੋਲ ਪਹੁੰਚੇ ਹਨ।

ਸਿੱਖ ਧਰਮ ਨੂੰ ਢਾਹ ਲਾਉਣ ਵਾਲੇ ਡੇਰੇਦਾਰਾਂ ਵਿਰੁੱਧ ਅਜੇ ਤੱਕ ਤਾਂ ਇਕੱਲਾ ਹਥਿਆਰਬੰਦ ਸੰਘਰਸ਼ ਘਾਟੇ ਦਾ ਸੌਦਾ ਹੀ ਰਿਹਾ ਹੈ। ਕਿਉਂਕਿ ਡੇਰੇਦਾਰਾਂ ਵਿਰੁੱਧ ਕਾਰਵਾਈ ਕਰਨ ਦੇ ਸੰਘਰਸ਼ ਵਿੱਚ ਅਨੇਕਾਂ ਸਿੱਖ ਸ਼ਹੀਦ ਹੋ ਚੁੱਕੇ ਹਨ ਪਰ ਨਾ ਤਾਂ ਕੋਈ ਡੇਰਾ ਹੀ ਬੰਦ ਹੋਇਆ ਹੈ ਅਤੇ ਨਾ ਹੀ ਉਹਨਾਂ ਦਾ ਪ੍ਰਚਾਰ। ਅਨੇਕਾਂ ਸਿੱਖ ਆਗੂ ਵੋਟਾਂ ਲਈ ਚੋਣਾਂ ਵਿੱਚ ਉਹਨਾਂ ਪਾਸੋਂ ਮਦਦ ਮੰਗਦੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਉਹਨਾਂ ਦੇ ਪੈਰੀਂ ਹੱਥ ਲਾਉਂਦੇ ਹੋਏ ਲੋਕਾਂ ਦੇ ਸਾਹਮਣੇ ਹਨ।

ਸਿੱਖ ਧਰਮ ਦੇ ਸਿਰਮੌਰ ਅਖਵਾਉਣ ਵਾਲੇ ਧਾਰਮਿਕ ਆਗੂਆਂ ਵੱਲੋਂ ਲਏ ਜਾਂਦੇ ਫੈਸਲੇ, ਗੁਰਮਤੇ ਲਾਲਚ ਜਾਂ ਡਰ ਕਾਰਨ ਉਹ ਆਪ ਹੀ ਰੋਜ਼ ਬਦਲ ਦਿੰਦੇ ਹਨ। ਸੇਵਾ ਵਿੱਚ ਸ਼ਰਧਾ ਜ਼ਰੂਰੀ ਹੁੰਦੀ ਹੈ। ਮੁਕਾਬਲੇਬਾਜ਼ੀ ਅਤੇ ਰਿਕਾਰਡ ਲਈ ਸੇਵਾ ਸਿੱਖ ਧਰਮ ਵਿੱਚ ਪ੍ਰਵਾਨ ਨਹੀਂ ਹੁੰਦੀ। ਸੇਵਾ ਹਉਮੈ ਦਾ ਖਾਤਮਾ ਕਰਦੀ ਹੈ ਅਤੇ ਰਿਕਾਰਡ ਬਣਾਉਣਾ ਹਉਮੈ ਦਾ ਪ੍ਰਤੀਕ ਹੈ, ਫਿਰ ਦੋਵੇਂ ਇਕੱਠੇ ਕਿਵੇਂ ਹੋ ਸਕਦੇ ਹਨ? ਇਕ ਜਾਂ ਦੋ ਯੂਨਿਟ ਖੂਨ ਦਾਨ ਕਰਕੇ ਇਹ ਕਹਿਣਾ ਕਿ ਅਸੀਂ ਗੁਰੂ ਦਾ ਕਰਜ਼ਾ ਲਾਹੁਣਾ ਹੈ। ਬੇਸ਼ਰਮੀ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ। ਉਕਤ ਕਾਰਨਾਂ ਨੇ ਸਿੱਖ ਸੰਗਤ ਵਿੱਚ ਨਿਰਾਸ਼ਤਾ ਪੈਦਾ ਕੀਤੀ ਹੈ ਅਤੇ ਉਹ ਆਗੂਆਂ ਤੋਂ ਪਿੱਛੇ ਹੱਟਦੀ ਜਾ ਰਹੀ ਹੈ।

ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਤੋਂ ਪਿਛਲੇ ਪੰਜ ਸਾਲਾਂ ਵਿੱਚ ਹੋਏ ਨਗਰ ਕੀਰਤਨਾਂ ਵਿੱਚ ਸਰਕਾਰੀ ਰਿਪੋਰਟਾਂ ਅਨੁਸਾਰ ਕਦੇ 5000 ਤੋਂ ਜ਼ਿਆਦਾ ਸ਼ਰਧਾਲੂ ਸ਼ਾਮਿਲ ਨਹੀਂ ਹੋਏ ਜਿਨ੍ਹਾਂ ਵਿੱਚ ਜ਼ਿਆਦਾ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਾਂ ਬੱਚੇ ਹੀ ਸਨ।

ਰਾਜਨੀਤਕ ਖੇਤਰ ਵਿੱਚ ਦੋ ਵਿਚਾਰ ਲੋਕਾਂ ਦੇ ਸਾਹਮਣੇ ਹਨ। ਰਾਜਨੀਤਕ ਅਤੇ ਅਜ਼ਾਦ ਸਿੱਖ ਰਾਜ ਦਾ ਮਤਾ ਤਾਂ ਅਕਾਲੀ ਦਲ ਵੱਲੋਂ 1946 ਵਿੱਚ ਹੀ ਪਾਸ ਕੀਤਾ ਗਿਆ ਸੀ ਪਰ ਹਿੰਦੂ, ਮੁਸਲਿਮ ਅਤੇ ਸਿੱਖ ਤਿੰਨ ਕੌਮਾਂ ਵਿੱਚੋਂ ਸਿੱਖਾਂ ਨੇ ਹਿੰਦੂਆਂ ਨਾਲ ਰਹਿਣਾ ਪ੍ਰਵਾਨ ਕੀਤਾ ਸੀ ਅਤੇ ਉਸ ਅਜ਼ਾਦੀ ਦੇ ਨਿੱਘ, ਜਿਸ ਦਾ ਇਨ੍ਹਾਂ ਨਾਲ ਕਾਂਗਰਸ ਨੇ ਵਾਅਦਾ ਕੀਤਾ ਸੀ, ਸੁੱਖ ਮਾਨਣ ਲਈ ਅਜੇ ਤੱਕ ਉਡੀਕ ਵਿੱਚ ਹਨ। ਪਿਛਲੇ 60 ਸਾਲ ਤੋਂ ਜੋ ਵਿਸ਼ੇਸ਼ ਸਿੱਖ ਸਮੱਸਿਆਵਾਂ ਧਾਰਮਿਕ ਤੇ ਸਮਾਜਿਕ ਤੌਰ 'ਤੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦੀਆਂ ਰਹੀਆਂ ਹਨ, ਉਹ ਹਨ:

1. ਪੰਜਾਬੀ ਸੂਬੇ ਦੀ ਸਥਾਪਨਾ, ਜਿਸ ਵਿੱਚ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ ਅਤੇ ਭਾਖੜੇ ਨੰਗਲ ਦਾ ਕੰਟਰੋਲ ਪੰਜਾਬ ਲਈ ਪ੍ਰਾਪਤ ਕਰਨਾ।
2. ਦੂਜਾ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਇਕ ਹਿੱਸਾ ਦੱਸਣਾ ਅਤੇ ਡੇਰੇਦਾਰਾਂ ਵੱਲੋਂ ਜੋ ਆਪਣੇ ਆਪ ਨੂੰ ਗੁਰਬਾਣੀ ਦੇ ਉਪਾਸ਼ਕ ਤਾਂ ਦੱਸਦੇ ਹਨ ਪਰ ਆਪਣੀ ਵੱਖਰੀ ਰਹਿਤ ਮਰਯਾਦਾ ਅਨੁਸਾਰ ਸਿੱਖ ਧਰਮ ਨੂੰ ਢਾਹ ਲਾ ਰਹੇ ਹਨ ਜਾਂ ਦੇਹਧਾਰੀ ਗੁਰੂ ਬਣ ਕੇ ਆਮ ਸਿੱਖ ਸੰਗਤ ਨੂੰ ਨੁਕਸਾਨ ਪਹੁੰਚਾ ਰਹੇ ਹਨ, ਵਿਰੁੱਧ ਅਸਰਦਾਰ ਢੰਗ ਨਾਲ ਕਾਰਵਾਈ ਕਰਨਾ ਜਾਂ ਸਿੱਖ ਸੰਗਤ ਨੂੰ ਸਹੀ ਰਾਹ ਤੋਂ ਜਾਣੂ ਕਰਾਉਣਾ।
3. ਪਿਛਲੇ ਸਮੇਂ ਵਿੱਚ ਹੋਈ ਕਤਲੋਗਾਰਤ ਅਤੇ ਬਦ-ਅਮਨੀ ਵਿੱਚ ਜਿਨ੍ਹਾਂ ਅਨੇਕਾਂ ਸਿੱਖ ਪਰਿਵਾਰਾਂ ਦਾ ਵੀ ਨੁਕਸਾਨ ਹੋਇਆ ਹੈ ਅਤੇ ਜੋ ਅਣਗਿਣਤ ਬੇਗੁਨਾਹ ਮਾਰੇ ਜਾ ਚੁੱਕੇ ਹਨ ਦੇ ਦੋਸ਼ੀਆਂ ਨੂੰ ਸਜ਼ਾ ਕਰਾਉਣਾ।

ਪੰਜਾਬੀ ਸੂਬਾ ਜਾਂ ਰਾਜਸੀ ਮੰਗਾਂ ਲਈ ਕਈ ਮੋਰਚੇ ਲਾਏ ਜਾ ਚੁੱਕੇ ਹਨ। ਸਿੱਖਾਂ ਵੱਲੋਂ 1970 ਦੇ ਦਹਾਕੇ ਵਿੱਚ ਹਥਿਆਰ ਕਿਉਂ ਚੁੱਕੇ ਗਏ? ਇਸ ਵਿੱਚ ਵੱਡਾ ਕਾਰਨ ਨਿਰੰਕਾਰੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਣ ਸਤਿਕਾਰ ਨਾ ਕਰਨਾ ਸੀ ਅਤੇ ਗੁਰੂ ਸਾਹਿਬਾਨ ਦੇ ਮੁਕਾਬਲਿਆਂ ਵਿੱਚ ਸੱਤ ਸਿਤਾਰੇ ਬਣਾਉਣੇ ਅਤੇ ਆਪਣੀ ਵੱਖਰੀ

ਮਰਯਾਦਾ ਬਣਾਉਣਾ ਸੀ। 1978 ਵਿੱਚ ਅੰਮ੍ਰਿਤਸਰ ਵਿਖੇ 13 ਸਿੰਘਾਂ ਤੇ ਕੁੱਲ 17 ਸਿੱਖਾਂ ਦੀ ਸ਼ਹਾਦਤ ਨਿਰੰਕਾਰੀਆਂ ਦੀ ਖ਼ੂਨੀ ਖੇਡ ਦਾ ਸਿੱਟਾ ਸੀ। ਅਦਾਲਤ ਵਿੱਚੋਂ ਇਨਸਾਫ਼ ਨਾ ਮਿਲਣ 'ਤੇ ਨਿਰੰਕਾਰੀਆਂ ਵਿਰੁੱਧ ਸੰਘਰਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਕਮਾਂਡ ਹੇਠ ਸ਼ੁਰੂ ਹੋਇਆ। ਭਾਈ ਤਾਰਾ ਸਿੰਘ ਅਤੇ ਅਮਰੀਕ ਸਿੰਘ ਦੀ ਰਿਹਾਈ ਲਈ ਲੱਗੇ ਮੋਰਚੇ ਵਿੱਚ ਅਕਾਲੀ ਦਲ ਵੀ ਸ਼ਾਮਲ ਹੋ ਗਿਆ ਅਤੇ ਭਾਰਤੀ ਸਰਕਾਰ ਨੇ ਇਸ ਨੂੰ ਹਿੰਦੂਆਂ ਖਿਲਾਫ਼ ਲੜਾਈ ਦੇ ਰੂਪ ਵਿੱਚ ਪ੍ਰਗਟ ਕੀਤਾ। ਭਾਵੇਂ ਕਿ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਦਾ ਸੰਬੰਧ ਸਮੂਹ ਪੰਜਾਬੀਆਂ ਨਾਲ ਸੀ। ਇਸ ਤੋਂ ਬਾਅਦ ਸਰਕਾਰ ਨੇ ਹਰਿਮੰਦਰ ਸਾਹਿਬ ਉਤੇ ਫ਼ੌਜੀ ਹਮਲਾ ਕੀਤਾ ਜਿਸ ਵਿੱਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਭਾਵੇਂ ਕਿ ਸੰਤ ਜਰਨੈਲ ਸਿੰਘ ਨੇ ਆਪਣੀਆਂ ਤਕਰੀਰਾਂ ਵਿੱਚ ਕਦੀ ਵੀ ਖਾਲਿਸਤਾਨ ਦੀ ਮੰਗ ਦਾ ਜ਼ਿਕਰ ਨਹੀਂ ਕੀਤਾ ਪ੍ਰੰਤੂ ਘੱਲੂਘਾਰੇ ਤੋਂ ਬਾਅਦ ਸਿੱਖ ਸੰਘਰਸ਼ ਨੇ ਖ਼ਾਲਿਸਤਾਨ ਦੀ ਮੰਗ ਦਾ ਰੂਪ ਲੈ ਲਿਆ। ਸੰਤ ਜਰਨੈਲ ਸਿੰਘ ਇਹ ਜ਼ਰੂਰ ਕਿਹਾ ਕਰਦੇ ਸਨ ਕਿ ਜੇਕਰ ਸਰਕਾਰ ਖ਼ਾਲਿਸਤਾਨ ਦੇਵੇਗੀ ਤਾਂ ਅਸੀਂ ਇਨਕਾਰ ਨਹੀਂ ਕਰਾਂਗੇ। ਪਰ ਜੇਕਰ ਹਰਿਮੰਦਰ ਸਾਹਿਬ ਉਪਰ ਸਰਕਾਰੀ ਹਮਲਾ ਹੋਇਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਇਹ ਸੰਘਰਸ਼ 1984 ਤੋਂ ਬਾਅਦ ਨਿਰੰਕਾਰੀਆਂ ਤੋਂ ਹਟ ਕੇ ਕਿਸੇ ਇਕ ਨਿਸ਼ਾਨੇ ਤੋਂ ਵਿਸਰ ਗਿਆ। ਇਸ ਵਿੱਚ ਨਿਰੰਕਾਰੀਆਂ ਤੋਂ ਇਲਾਵਾ ਪੁਲਿਸ ਮੁਖ਼ਬਰਾਂ, ਪੁਲਿਸ ਅਫ਼ਸਰਾਂ, ਆਮ ਸ਼ਹਿਰੀਆਂ ਦਾ ਕਾਫ਼ੀ ਨੁਕਸਾਨ ਹੋਇਆ ਅਤੇ ਇਸ ਹਥਿਆਰਬੰਦ ਸੰਘਰਸ਼ ਨੂੰ ਚਲਾਉਣ ਵਾਲੀ ਨੌਜਵਾਨੀ ਦਾ ਵੀ ਕਾਫ਼ੀ ਨੁਕਸਾਨ ਹੋਇਆ।

ਭਾਰਤੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦਾ ਕਤਲ, ਜਨਰਲ ਵੈਦਿਆ ਦਾ ਕਤਲ ਕਰਨ ਵਾਲੇ ਸਿੱਖ ਜਾਂ ਤਾਂ ਫ਼ਾਂਸੀ ਦਿੱਤੇ ਜਾ ਚੁੱਕੇ ਹਨ ਜਾਂ ਮੁਕਾਬਲਿਆਂ ਵਿੱਚ ਮਾਰੇ ਜਾ ਚੁੱਕੇ ਹਨ ਜਾਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਜਾਂ ਫਿਰ ਵਿਦੇਸ਼ਾਂ ਵਿੱਚ ਬੈਠੇ ਹਨ, ਪਰ ਬੇਗੁਨਾਹ ਸਿੱਖਾਂ 'ਤੇ ਹੋਏ ਹਮਲਿਆਂ, ਜਿਸ ਵਿੱਚ ਹਜ਼ਾਰਾਂ ਸਿੱਖ ਦਿੱਲੀ, ਕਾਨਪੁਰ ਅਤੇ ਮੇਰਠ ਵਿਖੇ ਮਾਰੇ ਗਏ, ਦੇ ਕਾਤਲਾਂ ਨੂੰ ਪਿਛਲੇ 25 ਸਾਲਾਂ ਵਿੱਚ ਨਾ ਤਾਂ ਫ਼ਾਂਸੀ ਹੋਈ ਅਤੇ ਨਾ ਹੀ ਕੋਈ ਹੋਰ ਸਜ਼ਾ।

ਹਥਿਆਰਬੰਦ ਸੰਘਰਸ਼ ਦੇ ਮੁਦੱਈ ਸਿੱਖਾਂ ਨੂੰ ਕੌਮ ਨੇ ਵੀ 1989 ਵਿੱਚ ਅਥਾਹ ਰਾਜਸੀ ਸ਼ਕਤੀ ਉਹਨਾਂ ਦੀਆਂ ਕੁਰਬਾਨੀਆਂ ਕਰਕੇ ਬਖਸ਼ਿਸ਼ ਕੀਤੀ ਸੀ, ਪਰ ਉਹ ਕੌਮ ਨੂੰ ਕੋਈ ਸੇਧ ਨਹੀਂ ਦੇ ਸਕੇ, ਇਸ ਲਈ ਕੌਮ ਉਹਨਾਂ ਤੋਂ ਵੀ ਪਿੱਛੇ ਹਟ ਚੁੱਕੀ ਹੈ। ਨੁਕਸਾਨ ਬਾਰੇ ਕੌਮੀ ਪੱਧਰ 'ਤੇ ਵਿਚਾਰ-ਵਟਾਂਦਰਾ ਨਾ ਹੋਇਆ ਅਤੇ ਅੱਗੇ ਤੋਂ ਅਜਿਹਾ ਨਾ ਹੋਵੇ, ਬਾਰੇ ਵੀ ਕੋਈ ਨੀਤੀ ਨਹੀਂ ਅਪਣਾਈ। ਅਜੇ ਵੀ ਭਨਿਆਰਾ, ਨੂਰਮਹਿਲੀਆ, ਸੱਚੇ ਸੌਦੇ ਵਾਲੇ, ਨਿਰੰਕਾਰੀਆਂ ਵਾਂਗ ਹੀ ਸਿੱਖ ਰਹਿਤ ਮਰਿਆਦਾ ਨੂੰ ਵੰਗਾਰ ਰਹੇ ਹਨ। ਦੂਜਾ ਧੜਾ ਵੋਟਾਂ ਰਾਹੀਂ ਆਪਣਾ ਰਾਜ ਕਾਇਮ ਕਰਨ ਦੀ ਦੌੜ ਵਿੱਚ ਹੈ। ਇਸ ਲਈ ਭਾਵੇਂ ਸਿੱਖ ਵਿਰੋਧੀ ਨਿਰੰਕਾਰੀ ਮਦਦ ਕਰਨ ਜਾਂ ਸੱਚਾ ਸੌਦਾ ਜਾਂ ਹੋਰ ਉਹ ਡੇਰੇ ਜੋ ਸਿੱਖੀ ਨੂੰ ਢਾਹ ਲਾ ਰਹੇ ਹਨ। ਭਾਵੇਂ 1985 ਤੋਂ 1997 ਵਿੱਚ ਕੌਮ ਨੇ ਭਾਰੀ ਵੋਟਾਂ ਪਾ ਕੇ ਰਵਾਇਤੀ

ਸਿੱਖ ਸਿਆਸਤਦਾਨਾਂ ਨੂੰ ਸ਼ਕਤੀ ਦਿੱਤੀ ਸੀ ਪਰ ਉਹ ਨਾ ਤਾਂ ਸਿੱਖਾਂ ਦੇ ਰਾਜਸੀ ਨਿਸ਼ਾਨੇ ਲਈ ਹੀ ਕੁਝ ਕਰ ਸਕੇ ਅਤੇ ਨਾ ਹੀ ਬੇਗੁਨਾਹ ਸਿੱਖਾਂ 'ਤੇ ਜ਼ਿਆਦਤੀਆਂ ਕਰਨ ਵਾਲੇ ਦੋਸ਼ੀ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਕਰਵਾ ਸਕੇ ਕਿਉਂਕਿ ਸਿੱਖ ਸੰਘਰਸ਼ ਵਿੱਚ ਮਾਰੇ ਜਾਣ ਵਾਲੇ ਸਾਰੇ ਦੋਸ਼ੀ ਨਹੀਂ ਸਨ। ਉਹਨਾਂ ਅਧਿਕਾਰੀਆਂ ਨੂੰ ਤਰੱਕੀਆਂ ਅਤੇ ਮਾਣ-ਸਨਮਾਨ ਮਿਲਣਾ ਸਿੱਖ ਕੌਮ ਨੂੰ ਨਿਰਾਸ਼ ਕਰਨ ਵਾਲੀ ਗੱਲ ਸੀ। ਜਿਸ ਨੂੰ ਰਵਾਇਤੀ ਸਿਆਸਤਦਾਨਾਂ ਨੇ ਅੱਖਾਂ-ਪਰੋਖੇ ਕਰ ਦਿੱਤਾ ਹੋਇਆ ਹੈ। ਪੰਥ ਵੱਲੋਂ ਮਿਥੇ ਰਾਜਸੀ ਨਿਸ਼ਾਨੇ ਚੰਡੀਗੜ੍ਹ, ਦਰਿਆਵਾਂ ਦਾ ਪਾਣੀ, ਪੰਜਾਬੀ ਬੋਲਦੇ ਇਲਾਕੇ ਤੇ ਸਿੱਖਾਂ 'ਤੇ ਹੋਏ ਜ਼ੁਲਮ ਹਨੇਰੀ ਵਾਂਗ ਦੁਸ਼ਮਣਾਂ 'ਤੇ ਭਾਰੀ ਰਹੇ ਹਨ, ਪਰ ਹੁਣ ਇਹ ਹਨੇਰੀ ਸ਼ਕਤੀ ਗਵਾ ਚੁੱਕੀ ਹੈ ਘਰ ਦੇ ਪੱਤਰ ਵੀ ਨਾਲ ਲੈ ਗਈ ਹੈ। ਇਹਨਾਂ ਸਮੱਸਿਆਵਾਂ ਨੂੰ ਰਾਜਸੀ ਅਤੇ ਧਾਰਮਿਕ ਤੌਰ 'ਤੇ ਆਗੂਆਂ ਨੇ ਆਪਣੇ ਹਿੱਤ ਅਤੇ ਵਡਿਆਈ ਕਰਾਉਣ ਲਈ ਜ਼ਿਆਦਾ ਇਸਤੇਮਾਲ ਕੀਤਾ ਹੈ। ਸਿੱਖ ਸੰਗਤ ਨੂੰ ਹੁਣ ਇਹ ਵਿਸ਼ੇ ਪ੍ਰਭਾਵਿਤ ਤਾਂ ਕਰਦੇ ਹਨ ਪਰ ਉਹਨਾਂ ਪਰਖੇ ਗਏ ਕੁਰਸੀ ਦੇ ਆਗੂਆਂ ਦੇ ਪਿੱਛੇ ਇਨ੍ਹਾਂ ਮੁੱਦਿਆਂ 'ਤੇ ਕਿਸੇ ਵੀ ਤਰ੍ਹਾਂ ਲੱਗਣ ਨੂੰ ਤਿਆਰ ਨਹੀਂ ਜਾਪਦੇ। ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਇਕ ਵਿਸ਼ਵ ਵਿਆਪੀ ਸੋਚ ਦੇ ਪ੍ਰਤੀਕ ਹਨ। ਪੰਥਕ ਨਿਸ਼ਾਨਾ ਵੀ ਸੰਸਾਰ ਦੀ ਭਲਾਈ ਤੇ ਮਾਨਵਤਾ ਦੀ ਚੜ੍ਹਦੀ ਕਲਾ ਦੀ ਗੱਲ ਹੈ। ਪੰਜਾਬੀ ਪੰਜਾਬੀਅਤ ਦੀ ਸੋਚ ਵਾਮਪੰਥੀ, ਸਮਾਜਵਾਦੀਆਂ ਦੀ ਨੀਤੀ ਹੈ ਜੋ ਪੰਥਕ ਨਿਸ਼ਾਨੇ ਅਨੁਸਾਰ ਨਹੀਂ ਹੈ। ਪੰਜਾਬ ਪੰਜਾਬੀਅਤ ਖੇਤਰਵਾਦ ਦਾ ਪ੍ਰਤੀਕ ਹੈ ਪਰ ਪੰਥ ਗੈਰ-ਫਿਰਕੂ ਅਤੇ ਅਖੇਤਰਵਾਦ ਦਾ ਪ੍ਰਤੀਕ ਹੈ। ਨਿਸ਼ਾਨਾ ਬਦਲਣ ਨਾਲ ਨੀਤੀਆਂ ਵੀ ਸੌੜੀਆਂ ਹੋ ਗਈਆਂ ਹਨ। ਪੰਥਕ ਸੋਚ ਛੱਡ ਕੇ, ਵੋਟਾਂ ਦੀ ਰਾਜਨੀਤੀ ਵਾਲੀ ਅਕਾਲੀ ਪਾਰਟੀ ਪੰਜਾਬ ਵਿੱਚ 117 ਅਸੈਂਬਲੀ ਹਲਕਿਆਂ ਵਿੱਚ ਕੇਵਲ 40 ਤੋਂ 50 ਸੀਟਾਂ ਜਿੱਤਣ ਦੀ ਸਮਰੱਥਾ ਰੱਖਦੀ ਹੈ, ਜਦੋਂ ਲੋਕਾਂ ਦਾ ਰੁਝਾਨ ਕਾਂਗਰਸ ਪ੍ਰਤੀ ਨਾ ਹੋਵੇ, ਅਤੇ ਜੇਕਰ ਲੋਕ ਅਕਾਲੀ ਦਲ ਤੋਂ ਨਿਰਾਸ਼ ਹੋਣ ਤਾਂ ਉਹ ਕੇਵਲ ਵਿਧਾਨ ਸਭਾ ਤੋਂ 40 ਤੋਂ ਘੱਟ ਸੀਟਾਂ ਹੀ ਜਿੱਤ ਸਕਦੇ ਹਨ। ਧਾਰਮਿਕ ਸੇਵਾ ਵੀ ਰਾਜਸੀ ਤੱਕੜੀ 'ਤੇ ਤੋਲੀ ਜਾ ਰਹੀ ਹੈ ਅਤੇ ਗੁਰੂ ਸਾਹਿਬਾਨ ਦੀ ਕੁਰਬਾਨੀ ਦੇ ਬਦਲੇ ਦੀ ਗੱਲ ਰਿਕਾਰਡ ਦੀਆਂ ਕਿਤਾਬਾਂ ਲਈ ਕੀਤੀ ਜਾ ਰਹੀ ਹੈ। ਇਹਨਾਂ ਸਭ ਤੋਂ ਅੱਗੇ ਗੁਰੂ ਅਸੂਲਾਂ 'ਤੇ ਇਕ ਰਾਏ ਨਾ ਹੋਣਾ, ਇਕ ਦੂਜੇ ਵਿਰੁੱਧ ਆਪਸੀ ਦੂਸ਼ਣਬਾਜ਼ੀ, ਪੰਥ ਦੀ ਥਾਂ ਧੜੇਬੰਦਕ ਸੋਚ, ਅਤੇ ਆਮ ਸਿੱਖ ਦੀ ਲੋੜ ਸਮੇਂ ਕਿਸੇ ਸੰਸਥਾ ਦਾ ਉਸ ਨਾਲ ਨਾ ਖੜੇ ਹੋਣਾ ਆਮ ਸ਼ਰਧਾਲੂ ਨੂੰ ਨਿਰਾਸ਼ ਹੀ ਨਹੀਂ ਕਰ ਰਿਹਾ ਬਲਕਿ ਉਸ ਨੂੰ ਦੂਜੇ ਪਾਸੇ ਵੇਖਣ ਜਾਂ ਜਾਣ ਲਈ ਮਜਬੂਰ ਵੀ ਕਰ ਰਿਹਾ ਹੈ।

ਆਲ ਇੰਡੀਆ ਗੁਰਦੁਆਰਾ ਐਕਟ ਲਈ ਸੰਜੀਦਾ ਉਦਮ ਨਹੀਂ ਹੋਇਆ ਅਤੇ ਧਾਰਮਿਕ ਖੇਤਰ ਵਿੱਚ ਅਸੀਂ ਨਿਵੇਕਲੀ ਤੇ ਆਨੰਦਮਈ ਜੀਵਨ-ਜਾਚ ਨੂੰ ਧੁੰਦਲਾ ਕਰੀ ਬੈਠੇ ਹਾਂ। ਨਾ ਤਾਂ ਸਿੱਖ ਧਰਮ ਦੇ ਅਸੂਲਾਂ ਦਾ ਗਿਆਨ ਲੋਕਾਂ ਤੱਕ ਪਹੁੰਚ ਰਿਹਾ ਹੈ ਅਤੇ ਨਾ ਹੀ ਸਿੱਖ ਸੱਭਿਆਚਾਰ ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਹੋ ਰਹੀ ਹੈ। ਸੰਘਰਸ਼

ਅਤੇ ਯੁੱਧਾਂ ਦੌਰਾਨ ਧਾਰਮਿਕ ਪ੍ਰਚਾਰਕਾਂ ਦੀ ਅਣਹੋਂਦ ਕਰਕੇ ਸਿੱਖ ਕੌਮ ਦੇ ਪ੍ਰਭਾਵ ਵਾਲੇ ਖੇਤਰ ਦੀਆਂ ਹੱਦਾਂ ਅਸਾਮ ਤੋਂ ਘਟ ਕੇ ਦਿੱਲੀ, ਫੇਰ ਸੰਭੂ ਤੱਕ, ਅਤੇ ਕਾਬਲ ਤੋਂ ਪਿੱਛੇ ਹਟ ਕੇ ਲਾਹੌਰ ਤੋਂ ਵਾਹਗਾ ਆ ਪਹੁੰਚੀਆਂ ਹਨ।

ਅੱਜ ਦਾ ਲੇਖਕ ਵਰਗ ਬੁੱਧੀਜੀਵੀ ਕੇਵਲ ਡਿਗਰੀਆਂ ਤੇ ਸਮਾਜਿਕ ਪ੍ਰਤਿਸ਼ਠਾ ਹਾਸਲ ਕਰਨ ਲਈ ਲਿਖਦਾ ਹੀ ਨਜ਼ਰ ਆਉਂਦਾ ਹੈ। ਕਈ ਵਾਰ ਤਾਂ ਉਹ ਗੁਰੂ ਸਾਹਿਬਾਨ ਨੂੰ ਵੀ ਕਿਸੇ ਹੋਰ ਦੀ ਨਕਲ ਮਾਰਨ ਵਾਲੇ ਪੇਸ਼ ਕਰਨ ਤੋਂ ਨਹੀਂ ਡਰਦੇ।

ਉਪਰੋਕਤ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਕਾਰਨਾਂ ਕਰਕੇ ਸਿੱਖ ਸਮਾਜ ਖੇਰੂੰ-ਖੇਰੂੰ ਅਤੇ ਦਿਸ਼ਾ-ਹੀਣ ਨਜ਼ਰ ਆਉਂਦਾ ਹੈ ਕਿਉਂਕਿ 29 ਸਾਲ ਦਾ ਅਰਸਾ ਬੀਤ ਜਾਣ ਤੋਂ ਬਾਅਦ ਵੀ ਨਾ ਤਾਂ ਕਾਰਨਾਂ ਦਾ ਵਿਸ਼ਲੇਸ਼ਣ ਹੋਇਆ ਹੈ ਅਤੇ ਨਾ ਹੀ ਕੋਈ ਨੀਤੀ ਦੀ ਰੂਪ ਰੇਖਾ ਪੰਥਕ ਰੂਪ ਵਿੱਚ ਘੜੀ ਗਈ ਹੈ, ਸਿੱਖ ਸਮਾਜ ਦੇ ਭਲੇ ਲੋਕ ਇਕੱਠੇ ਹੋ ਕੇ ਆਪਣੇ ਆਪਣੇ ਥਾਂ 'ਤੇ ਆਪਣੇ ਆਪਣੇ ਢੰਗ ਨਾਲ ਸੇਵਾ ਤੇ ਪ੍ਰਚਾਰ ਦਾ ਉਦਮ ਕਰ ਰਹੇ ਹਨ। ਜਿਸ ਨਾਲ ਅਜੇ ਤੱਕ ਥੋੜੀ ਬਹੁਤ ਰੌਸ਼ਨੀ ਦੀ ਕਿਰਨ ਨਜ਼ਰ ਆਉਂਦੀ ਹੈ। ਪਰ ਇਹ ਸਭ ਜੱਥੇਬੰਦਕ ਤੌਰ 'ਤੇ ਇਕੱਠੇ ਨਾ ਹੋਣ ਕਰਕੇ ਪ੍ਰਭਾਵਹੀਨ ਹਨ ਅਤੇ ਪਿਛਲੀਆਂ ਧਾਰਮਿਕ ਅਤੇ ਸਿਆਸੀ ਲੜਾਈਆਂ ਵਿੱਚ ਜਿੱਤ ਹਾਸਲ ਨਾ ਕਰਨ ਦਾ ਕਾਰਨ ਬਣੇ ਹਨ। ਅੱਜ ਕੀ ਕੀਤਾ ਜਾਵੇ? ਹਰ ਇਕ ਦੇ ਮਨ ਵਿੱਚ ਸਵਾਲ ਹੈ। ਕਿਸੇ ਵੀ ਕੌਮ ਜਾਂ ਸੰਸਥਾ ਨੂੰ ਅਗਵਾਈ ਦੇਣ ਦੀ ਕਾਬਲੀਅਤ ਤੇ ਰੁਚੀ ਕੇਵਲ 5% ਲੋਕਾਂ ਵਿੱਚ ਹੀ ਹੁੰਦੀ ਹੈ। ਬਾਕੀ ਤਾਂ ਉਹਨਾਂ ਪਿੱਛੇ ਹੀ ਲੱਗਦੇ ਹਨ। 5% ਆਗੂਆਂ ਵਿੱਚ ਆਪਣੇ ਲਾਭ ਲਈ ਇਕੱਠੇ ਹੋਏ ਇਕ ਧੜਾ ਜਾਂ ਟੋਲਾ ਨਜ਼ਰ ਆਉਂਦਾ ਹੈ ਪਰ ਪੰਥ ਲਈ ਕੁਰਬਾਨੀ ਦੇਣ ਵਾਲੇ ਜਾਂ ਜਜ਼ਬੇ ਵਾਲੇ ਕੇਵਲ ਘਰ ਦੇ ਡਰਾਇੰਗ ਰੂਮ ਵਿੱਚ ਬਹਿ ਕੇ ਵਿਚਾਰ ਹੀ ਕਰਦੇ ਹਨ, ਉਹਨਾਂ ਵੱਲੋਂ ਬਾਹਰ ਨਿਕਲ ਕੇ ਇਕੱਠੇ ਹੋਣ ਲਈ ਉਪਰਾਲਾ ਅਜੇ ਨਜ਼ਰ ਨਹੀਂ ਆਉਂਦਾ। ਸਿੱਖ ਪੰਥ ਇਕ ਅਜਿਹੇ ਚੌਰਾਹੇ ਵਿੱਚ ਖੜ੍ਹਾ ਹੈ ਜਿੱਥੋਂ ਅੱਗੇ ਚੱਲਣ ਲਈ ਸਹੀ ਰਾਹ ਨਜ਼ਰ ਨਹੀਂ ਆਉਂਦਾ ਕਿਉਂਕਿ ਸਿੱਖ ਫ਼ਲਸਫੇ ਦੇ ਆਲੰਬਰਦਾਰ ਆਗੂ ਨਾ ਤਾਂ ਧਾਰਮਿਕ ਖੇਤਰ ਅਤੇ ਨਾ ਹੀ ਰਾਜਸੀ ਖੇਤਰ ਵਿੱਚ ਅੱਜ ਸਾਡੇ ਸਾਹਮਣੇ ਹਨ। ਬਾਬਾ ਬੰਦਾ ਸਿੰਘ ਬਹਾਦਰ, ਜਥੇਦਾਰ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਬਘੇਲ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਲੀਡਰ ਫਿਰ ਪ੍ਰਗਟ ਨਜ਼ਰ ਨਹੀਂ ਆਉਂਦੇ ਜੋ ਬਹਾਦਰੀ ਅਤੇ ਦੂਰਦਰਸ਼ਤਾ ਨਾਲ ਕੌਮ ਨੂੰ ਦੁਬਾਰਾ ਮਾਣ-ਸਨਮਾਨ ਵਾਪਸ ਕਰਵਾ ਸਕਣ।

ਅੱਜ ਦੇ ਸਵਾਲ ਹਨ:-

1. ਕਿਤੇ ਸਿੱਖ ਕੌਮ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਵਾਲੀ ਸਥਿਤੀ ਵੱਲ ਤਾਂ ਨਹੀਂ ਵਧ ਰਹੀ? ਇਸ ਸਮੱਸਿਆ ਤੋਂ ਬਾਹਰ ਆਉਣ ਲਈ ਕੀ ਕੀਤਾ ਜਾਵੇ?
2. ਕੀ ਧਾਰਮਿਕ ਖੇਤਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਹੀ ਸੇਵਾ ਤੇ ਸੇਧ ਦੇ ਰਹੀ ਹੈ ਜਾਂ ਮਸੰਦਾਂ ਤੇ ਮਹੰਤਾਂ ਦੇ ਰਾਹ 'ਤੇ ਹੈ ਅਤੇ ਇਸ ਨੂੰ ਸਿੱਧੇ ਰਾਹ ਤੇ ਲਿਆ ਕੇ ਅਸਲ ਸਿੱਖ ਪਾਰਲੀਮੈਂਟ ਬਣਾਉਣ ਲਈ ਕੀ ਕੁਝ ਕਰਨਾ ਚਾਹੀਦਾ ਹੈ?
3. ਸਿੱਖ ਧਰਮ ਕਿਸ ਤਰ੍ਹਾਂ ਸੌਖਾ ਤੇ ਵਿਲੱਖਣ ਹੈ, ਆਮ ਲੋਕਾਂ ਨੂੰ ਦੱਸਿਆ ਜਾਵੇ?
4. ਕਿਸ ਤਰ੍ਹਾਂ ਪੰਥ ਕਰਮਕਾਂਡਾਂ ਤੋਂ ਮੁਕਤ ਹੋਵੇ ਤੇ ਇਸ ਦਾ ਸੰਦੇਸ਼ ਆਮ ਆਦਮੀ ਤੱਕ ਪਹੁੰਚਾਇਆ ਜਾਵੇ?
5. ਅੱਖਰ ਬੋਧ ਗਿਆਨ ਦਾ ਰਾਹ ਹੈ ਜਾਂ ਅਨੁਭਵ ਜਾਂ ਫਿਰ ਧਾਰਮਿਕ ਗਿਆਨ ਬਾਰੇ ਸਾਡੀ ਸੰਸਥਾ ਕਿਹੋ ਜਿਹੀ ਹੋਵੇ?
6. ਜੇਕਰ ਧਰਮ ਦੀ ਸੇਵਾ ਕਰਨੀ ਹੈ ਤਾਂ ਇਕ ਦੂਜੇ 'ਤੇ ਦੋਸ਼ ਕਿਉਂ, ਸਿੱਖ ਸੰਸਥਾਵਾਂ ਹੀ ਇਕ ਦੂਜੇ ਦੀਆਂ ਵੈਰੀ ਬਣੀਆਂ ਬੈਠੀਆਂ ਹਨ ਅਤੇ ਜੋ ਕੌਮ ਲਈ ਕੁਝ ਵੀ ਨਹੀਂ ਕਰਦੇ ਉਹ ਕਰਨ ਵਾਲਿਆਂ ਉਪਰ ਇਲਜ਼ਾਮ ਹੀ ਕਿਉਂ ਲਗਾਉਂਦੇ ਹਨ?
7. ਗੁਰੂ ਨਾਨਕ ਦੇ ਮਿੱਥੇ ਸਮਾਜਵਾਦ ਦੀ ਰੂਪ-ਰੇਖਾ ਵਿੱਚ ਭਾਈ ਲਾਲੋ ਅਤੇ ਭਾਈ ਮਰਦਾਨਾ ਨੂੰ ਜੋ ਮਹੱਤਤਾ ਦਿੱਤੀ ਗਈ ਸੀ ਕੀ ਅੱਜ ਦਾ ਸਿੱਖ ਸਮਾਜ ਉਸਦੀ ਤਸਵੀਰ ਹੈ?
8. ਕਿਉਂ ਅੱਜ ਸਿੱਖ ਪਤਿਤ ਹੋ ਰਹੇ ਹਨ ਅਤੇ ਦੂਜੇ ਧਰਮਾਂ ਵੱਲ ਧਿਆਨ ਕਰ ਰਹੇ ਹਨ?
9. ਸਿੱਖ ਇਤਿਹਾਸ ਤੇ ਵਿਰਸੇ ਦੀ ਸੰਭਾਲ ਕਿਸ ਤਰ੍ਹਾਂ ਕੀਤੀ ਜਾਵੇ, ਜਿਹੜੀਆਂ ਪੰਥ ਵਿਰੋਧੀ ਸੰਸਥਾਵਾਂ ਸਿੱਖ ਇਤਿਹਾਸ ਨਾਲ ਖਿਲਵਾੜ ਕਰ ਰਹੀਆਂ ਹਨ ਉਹਨਾਂ ਦੀ ਜਵਾਬਦੇਹੀ ਦੀ ਨੀਤੀ ਕੀ ਹੋਵੇ?
10. ਜੇਕਰ ਰਾਜਸੀ ਨਿਸ਼ਾਨਾ ਇਕ ਹੈ ਤਾਂ ਆਪਸੀ ਝਗੜੇ ਕਿਉਂ, ਸੰਘਰਸ਼ ਦੀ ਖੜੋਤ ਤੋਂ ਬਾਅਦ ਰਾਜਸੀ ਨਿਸ਼ਾਨਾ ਮਿਥ ਕੇ ਸੰਘਰਸ਼ ਦੀ ਰੂਪ ਰੇਖਾ ਅਤੇ ਰਸਤਾ ਕੀ ਹੋਵੇ?
11. ਕਿਨ੍ਹਾਂ ਵਿਅਕਤੀਆਂ ਜਾਂ ਸੰਸਥਾਵਾਂ ਕਾਰਨ ਪ੍ਰਚੰਡ ਲੋਕ ਲਹਿਰ ਨਿਰਾਸ਼ਤਾ ਵਿੱਚ ਆ ਗਈ ਹੈ?
12. ਆਪਾ ਵਾਰਨ ਦੇ ਜਜ਼ਬੇ ਵਾਲੇ ਸੂਰਬੀਰ ਕਿਸ ਤਰ੍ਹਾਂ ਇਕੱਠੇ ਕੀਤੇ ਜਾਣ?
13. ਕੌਮ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਮਜ਼ਬੂਤ, ਜਾਗ੍ਰਿਤ ਤੇ ਇਕੱਠੇ ਕਰਨ ਲਈ ਕੀ ਸਭ ਤੋਂ ਛੋਟਾ ਸਾਂਝਾ ਉਦੇਸ਼ ਨਿਯਤ ਕਰਕੇ ਆਰੰਭ ਕੀਤਾ ਜਾਵੇ?

ਇਸ ਬਾਰੇ ਚਿੰਤਾ ਨਹੀਂ, ਚਿੰਤਨ ਅਤੇ ਮਾਯੂਸੀ ਦੀ ਥਾਂ ਉਦਮ, ਨਿੰਦਿਆ ਦੀ ਥਾਂ ਸ਼ੁਭ ਆਚਰਨ ਦੇ ਧਾਰਨੀ ਲੋਕਾਂ ਨੂੰ ਅੱਗੇ ਲੈ ਕੇ ਆਉਣ ਦੀ ਲੋੜ ਹੈ। ਜਮਾਤ ਤੋਂ ਬਿਨਾਂ ਕਰਾਮਾਤ ਸੰਭਵ ਨਹੀਂ ਹੈ। ਨਿਸ਼ਾਨੇ ਲਈ ਉਤਮ ਸੋਚ, ਉਤਸ਼ਾਹ ਤੇ ਕੰਮ ਆਰੰਭ ਕਰਨ ਦੀ ਲੋੜ ਹੁੰਦੀ ਹੈ। ਧੜਿਆਂ ਵਿੱਚ ਵੰਡਿਆਂ ਹੋਇਆਂ ਕੋਈ ਪ੍ਰੋਗਰਾਮ ਸਿਰੇ ਨਹੀਂ ਚੜ੍ਹ ਸਕਦਾ। ਸਭ ਤੋਂ ਪਹਿਲੀ ਲੋੜ ਸਿਰ ਜੋੜਨ ਦੀ ਹੈ। "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ" ਹੁਕਮ ਅਨੁਸਾਰ ਬਣਾਈਆਂ ਸੰਸਥਾਵਾਂ ਨੂੰ

ਪਿੰਡ, ਸ਼ਹਿਰ, ਰਾਜ, ਅੰਤਰਰਾਸ਼ਟਰੀ ਤੌਰ 'ਤੇ ਇਕੱਠੇ ਹੋਣਾ ਚਾਹੀਦਾ ਹੈ। ਸਾਰੇ ਗੁਰਪੁਰਬ ਤੇ ਇਤਿਹਾਸਕ ਦਿਹਾੜੇ ਇਕੱਠੇ ਮਨਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਧੜਿਆਂ ਦੀ ਥਾਂ ਜਮਾਤ ਦੀ ਏਕਤਾ ਦਾ ਰਾਹ ਫੜਿਆ ਜਾਵੇ। ਇਸ ਲਈ ਗੁਰਪੁਰਬਾਂ ਅਤੇ ਹੋਰ ਧਾਰਮਿਕ ਸਮਾਗਮਾਂ ਵਿੱਚ ਵੱਖ-ਵੱਖ ਸਟੇਜਾਂ ਦੀ ਥਾਂ ਇਕ ਸਟੇਜ 'ਤੇ ਇਕੱਠੇ ਗੁਰੂ ਦੀ ਗੱਲ ਹੀ ਕਰਨੀ ਚਾਹੀਦੀ ਹੈ। ਅੱਜ ਦੇ ਭ੍ਰਿਸ਼ਟਾਚਾਰ ਵਿੱਚ ਗ਼ਲਤਾਨ ਭਾਈ-ਭਤੀਜਾਵਾਦ ਅਤੇ ਧਰਮ ਨਾਲੋਂ ਧੜੇ ਦੀ ਨੀਤੀ ਕਾਰਨ ਬੇਇਨਸਾਫ਼ੀ ਝੱਲ ਰਹੇ ਸਿੱਖਾਂ ਦੀ ਰਾਖੀ ਅਤੇ ਸੇਵਾ ਲਈ ਹਰ ਸ਼ਹਿਰ ਵਿੱਚ ਇਕ ਚੰਗੀ ਮਜ਼ਬੂਤ ਸਿੱਖ ਸੰਸਥਾ ਬਣਨੀ ਚਾਹੀਦੀ ਹੈ, ਜੋ ਜੀਵਨ ਦੇ ਹਰ ਖੇਤਰ ਵਿੱਚ ਬੇਹਤਰੀ ਅਤੇ ਮਦਦ ਲਈ ਸੇਧ ਦੇਣ। ਇਨ੍ਹਾਂ ਲੋਕਾਂ ਉਤੇ ਸ਼ਰਤ ਇਹ ਹੋਵੇ ਕਿ ਉਹ ਕਹਿਣੀ ਅਤੇ ਕਰਣੀ ਦਾ ਸੁਮੇਲ ਬਣਨ ਅਤੇ ਮਿੱਥੇ ਸਮੇਂ ਲਈ ਬਿਨਾਂ ਅਖ਼ਬਾਰੀ ਚਰਚਾ ਕੌਮ ਦੀ ਸੇਵਾ ਕਰਨ, ਫੇਰ ਉਹਨਾਂ ਨੂੰ ਰਾਜਸੀ ਖੇਤਰ ਵਿੱਚ ਜਾਣ ਲਈ ਪ੍ਰਵਾਨ ਕੀਤਾ ਜਾਵੇ। ਕੁਰਬਾਨੀ ਤੇ ਸੇਵਾ ਵਿੱਚੋਂ ਅੱਜ ਸੇਵਾ ਦਾ ਰਾਹ ਚੁਣ ਕੇ ਨਵੇਂ ਨਿਸ਼ਾਨੇ ਨਿਯਤ ਕੀਤੇ ਜਾਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਇਸ਼ਟ ਅਤੇ ਗਿਆਨਦਾਤਾ ਮੰਨ ਕੇ ਸਿੱਖੀ ਦੇ ਸੌਖੇ ਕਰਮ-ਕਾਂਡ, ਭੇਦ-ਭਾਵ, ਊਚ-ਨੀਚ ਰਹਿਤ ਇਕ ਅਕਾਲ ਪੁਰਖ ਦੇ ਪੁਜਾਰੀ ਦੇ ਵਿਲੱਖਣ ਤੇ ਆਨੰਦਮਈ ਅਸੂਲਾਂ ਬਾਰੇ ਸਿੱਖ ਜੀਵਨ-ਜਾਚ ਹਰ ਵਿਅਕਤੀ ਪਾਸ ਹੋਰ ਧਰਮਾਂ ਦੀ ਤਰ੍ਹਾਂ ਪ੍ਰਚਾਰਕਾਂ ਤੇ ਕਿਤਾਬਚਿਆਂ ਰਾਹੀਂ ਪਹੁੰਚਾਉਣ ਦੀ ਲੋੜ ਹੈ। ਮੰਜੀਆਂ, ਮਨਸਦ ਜਾਂ ਮਸੰਦ ਦੀ ਤਰਜ਼ 'ਤੇ ਪ੍ਰਚਾਰ ਕੇਂਦਰਾਂ ਨੂੰ ਹਰ ਉਸ ਖਿੱਤੇ ਵਿੱਚ ਸਥਾਪਿਤ ਕੀਤਾ ਜਾਵੇ ਜਿਥੇ ਸਿੱਖ ਗੁਰੂ ਸਾਹਿਬਾਨ ਨੇ ਆਪ ਪੁੱਜ ਕੇ ਲੋਕਾਂ ਨੂੰ ਗਿਆਨ ਦਿੱਤਾ ਸੀ। ਫੇਰ ਅੰਤਰਰਾਸ਼ਟਰੀ ਪੱਧਰ 'ਤੇ ਵੀ ਪ੍ਰਵਾਨਿਤ ਢੰਗ ਨਾਲ ਇਸ ਨੂੰ ਅੱਗੇ ਤੋਰਿਆ ਜਾਵੇ। ਪ੍ਰਚਾਰ ਤੇ ਪ੍ਰਸਾਰ ਲਈ ਪੰਜਾਬ ਦੇ ਪਿੰਡਾਂ ਤੋਂ ਵਿਦੇਸ਼ਾਂ ਤੱਕ ਯੋਜਨਾਬੰਦੀ ਲਾਜ਼ਮੀ ਹੈ। ਜਿਨ੍ਹਾਂ ਮੁੱਦਿਆਂ 'ਤੇ ਗੁਰੂ ਸਾਹਿਬਾਨ ਦਾ ਸਪੱਸ਼ਟ ਹੁਕਮ ਦਰਜ ਹੈ ਉਨ੍ਹਾਂ ਬਾਰੇ ਵਿਵਾਦ ਖ਼ਤਮ ਕੀਤੇ ਜਾਣ।

ਪੰਥ ਵਿੱਚ ਪੰਥ ਵਿਰੋਧੀਆਂ ਦੀ ਘੁਸਪੈਠ ਅਤੇ ਸੋਚ ਨੂੰ ਰੋਕਣ ਲਈ ਵਿਚਾਰਵਾਨ ਆਪਣਾ ਸਹਿਯੋਗ ਦੇਣ। ਜੇਕਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਵਿਦਵਾਨ ਤੇ ਵਿਚਾਰਵਾਨ ਛੇ ਮਹੀਨੇ ਵਿੱਚ ਇਕ ਵਾਰ ਇਕੱਠੇ ਹੋਣ ਤਾਂ ਪੰਥਕ ਮੁੱਦਿਆਂ ਦਾ ਹੱਲ ਸਹਿਜੇ ਹੀ ਕੱਢਿਆ ਜਾ ਸਕਦਾ ਹੈ।

ਆਰਥਿਕ ਤੌਰ 'ਤੇ ਕਮਜ਼ੋਰ ਭਰਾਵਾਂ ਲਈ ਸਿਖਲਾਈ ਕੇਂਦਰ, ਕਾਰਖਾਨੇ ਤੇ ਕਾਰੋਬਾਰ ਲਾਉਣ ਲਈ ਮਦਦ ਕੀਤੀ ਜਾਵੇ ਤਾਂ ਜੋ ਉਹਨਾਂ ਨੂੰ ਚੰਗੀ ਜੀਵਨ-ਜਾਚ ਦੀ ਖੁਸ਼ੀ ਪ੍ਰਾਪਤ ਹੋ ਸਕੇ। ਸਮਾਜ ਵਿੱਚੋਂ ਜਾਤ-ਪਾਤ ਖ਼ਤਮ ਕਰਨ ਲਈ ਅਸਰਦਾਰ ਢੰਗ ਨਾਲ ਮੁਹਿੰਮ ਚਲਾਈ ਜਾਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁੱਤਰਾਂ ਦੀ ਵੱਖ-ਵੱਖ ਜਾਤ ਹੋਣ ਦਾ ਕਲੰਕ ਦੂਰ ਕੀਤਾ ਜਾਵੇ। ਗੁਰੂ ਸਾਹਿਬਾਨ ਦੇ ਸੁਨਹਿਰੀ ਅਸੂਲ ਪੰਗਤ ਤੇ ਸੰਗਤ ਨੂੰ ਸੇਵਾ ਲਈ ਤੇ ਊਚ-ਨੀਚ ਖਤਮ ਕਰਨ ਲਈ ਜਾਂ ਗਰੀਬ ਦਾ ਪੇਟ ਭਰਨ ਲਈ ਹੀ ਵਰਤਿਆ ਜਾਵੇ ਨਾ ਕਿ ਵਿਖਾਵੇ ਤੇ ਚੌਧਰਪੁਣੇ ਲਈ। ਸੇਵਾ ਦੇ ਖੇਤਰ ਵਿੱਚ ਵਿਦਿਆ ਤੇ ਡਾਕਟਰੀ ਸਹੂਲਤਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਮਿਆਰੀ ਅੰਤਰ-ਰਾਸ਼ਟਰੀ ਪੱਧਰ ਦੇ ਸਕੂਲ ਤੇ ਸੇਵਾ ਲਈ ਹਸਪਤਾਲ ਸਥਾਪਿਤ ਕਰਨੇ ਚਾਹੀਦੇ ਹਨ ਜਿਥੇ ਵਿਦੇਸ਼ਾਂ ਦੀ ਤਰਜ਼ ਤੇ ਇਲਾਜ ਨੂੰ ਪੈਸੇ ਨਾਲੋਂ ਪਹਿਲ ਦਿੱਤੀ ਜਾਵੇ ਅਤੇ ਸਿੱਖ ਡਾਕਟਰਾਂ ਨੂੰ ਵੀ ਮਹੀਨੇ ਜਾਂ ਹਫ਼ਤੇ ਵਿੱਚ ਇਕ ਵਾਰ ਮੁਫ਼ਤ ਸੇਵਾ ਕਰਨ ਲਈ ਪ੍ਰੇਰਿਆ ਜਾਵੇ। ਸੇਵਾ ਮੁਕਤ ਸਿੱਖ ਉੱਚ ਅਧਿਕਾਰੀਆਂ ਨੂੰ ਨੌਜਵਾਨ ਵਰਗ ਦੇ ਪ੍ਰੇਰਨਾ ਸਰੋਤ ਤੇ ਮਦਦ ਕਰਨ ਲਈ ਇਕੱਠੇ ਕਰਨ ਲਈ ਉਦਮ ਕੀਤੇ ਜਾਣ ਤਾਂ ਜੋ ਨੌਜਵਾਨ ਵਰਗ ਮੁਕਾਬਲੇ ਦੇ ਇਮਤਿਹਾਨ ਲਈ ਤਿਆਰ ਹੋਣ ਅਤੇ ਸ਼ੋਸ਼ਟ ਅਹੁਦੇ ਪ੍ਰਾਪਤ ਕਰਨ ਦੇ ਯੋਗ ਬਣ ਸਕਣ। ਰਾਜਨੀਤਕ ਤੌਰ 'ਤੇ ਜਿਨ੍ਹਾਂ ਕਾਰਨਾਂ ਤੋਂ ਸਿੱਖ ਕੌਮ ਦਾ ਨੁਕਸਾਨ ਹੋਇਆ ਹੈ ਉਹਨਾਂ ਨੂੰ ਦੁਬਾਰਾ ਆਉਣ ਤੋਂ ਰੋਕਣ ਲਈ ਸਿੱਖ ਵਿਚਾਰਵਾਨ ਦਿਸ਼ਾ ਨਿਰਦੇਸ਼ ਤਿਆਰ ਕਰਨ। ਪੰਥਕ ਏਜੰਡੇ ਨੂੰ ਪਹਿਲ ਦਿੱਤੀ ਜਾਵੇ ਤਾਂ ਅਕਾਲੀ ਦਲ ਆਪਣੇ ਆਪ ਹੀ 75 ਤੋਂ 80 ਪ੍ਰਤੀਸ਼ਤ ਸੀਟਾਂ ਜਿੱਤਣ ਦੀ ਸਮਰੱਥਾ ਰੱਖਦਾ ਹੈ। ਜੇਕਰ ਗੁਰੂ ਸਾਹਿਬ ਦੀ ਜਾਤ-ਪਾਤ ਰਹਿਤ ਸੋਚ ਅਤੇ ਸਭ ਵਰਗਾਂ ਵੱਲੋਂ ਮਿੱਥੇ ਮਿਸ਼ਨ ਲਈ ਇਤਿਹਾਸ ਨੂੰ ਉਜਾਗਰ ਕੀਤਾ ਜਾਵੇ ਤਾਂ ਇਹ ਪ੍ਰਭਾਵ ਹੋਰ ਵੀ ਵਧ ਸਕਦਾ ਹੈ। ਖਾੜਕੂ ਤੇ ਰਾਜਸੀ ਤਾਕਤ ਵਾਲੀ ਸੋਚ ਤੋਂ ਉਤੇ ਉੱਠ ਕੇ ਪੰਥ ਨੂੰ ਸੁਰਜੀਤ ਕਰਨ ਵਾਲਾ ਮੈਦਾਨ ਅਜੇ ਖਾਲੀ ਹੈ। ਨੌਜਵਾਨ ਵਰਗ ਜਿਸਦਾ ਪਿਛਲੇ ਸਮੇਂ ਵਿੱਚ ਨੁਕਸਾਨ ਹੋਇਆ ਹੈ ਉਹਨਾਂ ਦਾ ਮਾਣ ਸਨਮਾਨ ਬਹਾਲ ਕਰਕੇ ਰੋਜ਼ਗਾਰ ਦੇਣਾ ਅਤੇ ਉਹਨਾਂ ਨੂੰ ਨਵੇਂ ਨਿਸ਼ਾਨੇ ਤੇ ਨਵੀਂ ਯੋਜਨਾਬੰਦੀ ਵਿੱਚ ਸ਼ਾਮਿਲ ਕਰਨਾ ਜ਼ਰੂਰੀ ਹੈ। "ਭੈ ਕਾਹੂ ਕੋ ਦੇਤਿ ਨਹਿ, ਨਹਿ ਭੈ ਮਾਨਿਤ ਆਨਿ"॥ ਦੇ ਹੁਕਮ ਅਨੁਸਾਰ ਬਹਾਦਰ ਖ਼ਾਲਸਾ ਜਿਸ ਵਿੱਚ ਦੂਜਿਆਂ ਨਾਲ ਜ਼ਿਆਦਤੀਆਂ ਕਰਨ ਦੀ ਥਾਂ ਆਤਮ ਰੱਖਿਆ ਕਰਨ ਦੀ ਸ਼ਕਤੀ ਤੇ ਜਜ਼ਬਾ ਹੋਵੇ, ਇਕੱਠੇ ਕਰਨ ਦੀ ਲੋੜ ਹੈ। ਅੰਤ ਵਿੱਚ ਜੋ ਕੁਝ ਹੈ ਸਭ ਦੇ ਸਾਹਮਣੇ ਹੈ। ਕਿਸੇ ਦੀ ਨਿੰਦਿਆ ਤੇ ਜ਼ਿੰਮੇਵਾਰੀ ਨਿਯਤ ਕਰਨ ਵਿੱਚ ਲੱਗੇ ਹਰ ਸਿੱਖ ਨੂੰ ਪੰਥ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ, ਕਿਉਂਕਿ ਕੇਵਲ ਨਿੰਦਿਆ ਨਾਲ ਕੁਝ ਹਾਸਿਲ ਨਹੀਂ ਹੋਵੇਗਾ, ਪੰਥਕ ਲੀਡਰਾਂ ਨੂੰ ਇਕ ਨਵਾਂ ਉਦਾਹਰਣ ਬਣ ਕੇ ਸਾਹਮਣੇ ਆਉਣ ਦੀ ਲੋੜ ਹੈ ਜੋ ਗੁਰੂ ਸਾਹਿਬਾਨ ਦੇ ਅਸੂਲਾਂ ਨੂੰ ਉਜਾਗਰ ਕਰਨ ਅਤੇ ਪੰਥਕ ਸੋਚ ਅਨੁਸਾਰ ਲਾਲਚ ਰਹਿਤ ਧਾਰਮਿਕ, ਸਮਾਜਿਕ ਤੇ ਰਾਜਨੀਤਕ ਖੇਤਰ ਵਿੱਚ ਸੇਵਾ ਕਰਨ। ਅੱਜ ਦੇ ਸੰਦਰਭ ਵਿੱਚ ਲੋਕ ਮੱਤ ਨੂੰ ਕਾਇਮ ਕਰਨ ਵਾਲੇ ਦ੍ਰਿੜ੍ਹ ਸੰਕਲਪ ਅਤੇ ਇਨਸਾਫ਼ ਪਸੰਦ ਆਗੂ ਦੀ ਸਿੱਖ ਕੌਮ ਨੂੰ ਲੋੜ ਹੈ ਜੋ ਇਹਨਾਂ ਦੋਵਾਂ ਵਿਚਾਰਾਂ, ਵਿਕੇ ਹੋਏ ਤੇ ਰਵਾਇਤੀ ਸਿਆਸਤਦਾਨਾਂ ਤੋਂ ਵੱਖਰੀ ਸੋਚ ਨੂੰ ਪਹਿਲ ਦਿੰਦੇ ਹੋਣ। ਸੰਖੇਪ ਵਿੱਚ ਕਰਮਕਾਂਡ, ਪਾਖੰਡਵਾਦ, ਬਾਬਾਵਾਦ ਤੇ ਪਰਿਵਾਰਦਾਰ ਦੀ ਦਲਦਲ ਵਿੱਚੋਂ ਨਿਕਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਤੁਰਿਆ ਜਾਵੇ ਜੋ ਸੌਖਾ ਤੇ ਆਨੰਦ-ਦਾਇਕ ਹੈ, ਫੇਰ ਪੰਥ ਦੀ ਚੜ੍ਹਦੀ ਕਲਾ ਵਾਹਿਗੁਰੂ ਆਪ ਹੀ ਕਰਨਗੇ। ਇਸ ਲਈ ਕੌਮ ਦੇ ਵਿਚਾਰ ਤੇ ਸਹਿਯੋਗ ਦੀ ਲੋੜ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਰਿਸਰਚ ਐਕਸਿਸ

ਗੁਰੂ ਘਰ ਦੇ ਅਨਿੰਨ ਸਿੱਖ ਅਤੇ ਪੀੜ੍ਹੀ-ਦਰ-ਪੀੜ੍ਹੀ ਗੁਰੂ ਸ਼ਖਸੀਅਤਾਂ ਦੀ ਚਰਨ ਧੂੜੀ ਨਾਲ ਜੁੜੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਜਿਨ੍ਹਾਂ ਦੇ 'ਗੁਰੂ ਲਾਧੋ ਰੇ' ਦੇ ਹੋਕੇ ਨੇ ਨਗਾਰੇ ਵਾਂਗ ਸਿੱਖ ਸੰਗਤਾਂ ਨੂੰ ਹਲੂਣਿਆ ਅਤੇ ਗੁਰੂ ਘਰ ਤੋਂ ਬਖਸ਼ਿਸ਼ ਦੇ ਪਾਤਰ ਬਣੇ। ਬਾਬਾ ਮੱਖਣ ਸ਼ਾਹ ਦਾ ਇਹ ਸੰਦੇਸ਼ ਜਿੱਥੇ ਉਸ ਸਮੇਂ ਸੰਗਤਾਂ ਪ੍ਰਤੀ ਜਾਗਰੂਕਤਾ ਦਾ ਪੈਗਾਮ ਸੀ, ਉਥੇ ਅੱਜ ਦੇ ਸਮੇਂ ਇਸ ਸੰਦੇਸ਼ ਦੀ ਸਾਰਥਿਕਤਾ ਇਸ ਕਰਕੇ ਹੋਰ ਵੀ ਤੀਬਰ ਹੋ ਰਹੀ ਹੈ ਕਿ ਅੱਜ ਸਾਨੂੰ ਉਸੇ ਤੀਬਰਤਾ ਨਾਲ ਕੌਮੀ ਇਤਿਹਾਸ ਦੇ ਸਮੇਂ ਦੀ ਧੂੜ ਵਿੱਚ ਗਵਾਚਦੇ ਜਾ ਰਹੇ ਪਾਤਰਾਂ ਨੂੰ ਉਭਾਰਨ ਦੀ ਲੋੜ ਹੈ ਜਿਸ ਤਰ੍ਹਾਂ ਬਾਬਾ ਮੱਖਣ ਸ਼ਾਹ ਜੀ ਨੇ 'ਗੁਰੂ ਲਾਧੋ ਰੇ' ਦਾ ਹੋਕਾ ਦੇਣ ਦਾ ਦਲੇਰਾਨਾ ਕਦਮ ਚੁੱਕਿਆ ਸੀ। ਬਾਬਾ ਮੱਖਣ ਸ਼ਾਹ ਜੀ ਵੱਲੋਂ ਲੁਬਾਣਕੀ ਬੋਲੀ ਵਿੱਚ ਸੰਗਤਾਂ ਪ੍ਰਤੀ ਇਸ ਹੋਕੇ ਦਾ ਅਧਾਰ ਹੀ ਲੱਭਣਾ ਅਰਥਾਤ ਖੋਜ ਹੈ।

'ਸੰਸਥਾ ਇਤਿਹਾਸ' ਵੱਲੋਂ ਮੱਖਣ ਸ਼ਾਹ ਜੀ ਦੇ ਇਸ ਮਹਾਨ ਸੰਦੇਸ਼ ਨੂੰ ਸਮਰਪਿਤ ਕੌਮੀ ਇਤਿਹਾਸ ਖੋਜ ਕਾਰਜ ਪ੍ਰਤੀ ਸੰਗਤਾਂ ਨੂੰ ਜਾਗਰੂਕ ਕਰਨ ਲਈ ਅਠਾਰ੍ਹਵੀਂ ਸਦੀ ਤੋਂ ਲੈ ਕੇ ਸਿੱਖ ਰਾਜ ਤੱਕ ਦੇ ਇਤਿਹਾਸ ਖੋਜ ਕਾਰਜਾਂ ਨੂੰ ਸੰਸਥਾ ਇਤਿਹਾਸ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਰਿਸਰਚ ਐਕਸਿਸ ਅਧੀਨ ਜਾਰੀ ਰੱਖਣ ਦਾ ਅਹਿਦ ਲਿਆ ਹੈ। ਇਸ ਖੋਜ ਕੇਂਦਰ ਨੂੰ ਸੰਸਥਾ ਇਤਿਹਾਸ ਦੇ ਕੰਪਲੈਕਸ ਵਿੱਚ ਵੀ ਉਸਾਰਨ ਦੀ ਤਜਵੀਜ਼ ਹੈ ਅਤੇ ਕੌਮੀ ਇਤਿਹਾਸ ਦੇ ਬਿਖਰੇ ਪੰਨਿਆਂ ਨੂੰ ਇਸ ਖੋਜ ਕਾਰਜ ਕੇਂਦਰ ਅਧੀਨ ਹੀ ਸੁਰੱਖਿਅਤ ਸੰਭਾਲਿਆ ਜਾਵੇਗਾ। ਇਸ ਕਾਰਜ ਨੂੰ ਵਧੇਰੇ ਤੀਬਰ ਗਤੀ ਨਾਲ ਕਾਰਜਸ਼ੀਲ ਕਰਨ ਲਈ 'ਸੰਸਥਾ ਇਤਿਹਾਸ' ਦੇ ਪੁਰਾਤਨ ਖਰੜਿਆਂ ਨਾਲ ਭਰਪੂਰ ਸਮੁੱਚੀ ਲਾਇਬਰੇਰੀ ਨੂੰ ਸੰਸਥਾ ਦੇ ਇਸ ਨਵੇਂ ਪ੍ਰੋਜੈਕਟ ਅਧੀਨ ਲਿਆਂਦਾ ਜਾਵੇਗਾ ਅਤੇ ਦੋ ਵਿਅਕਤੀ ਸੇਵਾਦਾਰ ਲਗਾਤਾਰ ਇਸ ਖੋਜ ਕਾਰਜ ਵਿੱਚ ਕਾਰਜ਼ਸ਼ੀਲ ਰਹਿਣਗੇ।

ਬਾਬਾ ਮੱਖਣ ਸ਼ਾਹ ਲੁਬਾਣਾ ਰਿਸਰਚ ਐਕਸਿਸ ਅਧੀਨ ਸਿੱਖ ਕੌਮ ਦੇ ਅਠਾਰ੍ਹਵੀਂ ਸਦੀ ਦੇ ਇਤਿਹਾਸ ਖਾਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸਿੱਖ ਰਾਜ ਤੱਕ ਦੇ ਅਣਗੌਲੇ ਸ਼ਹੀਦਾਂ ਦੀ ਜੀਵਨੀ ਉਪਰ ਖੋਜ ਕਾਰਜ ਚੱਲ ਰਿਹਾ ਹੈ ਜਿਸ ਦੌਰਾਨ ਜਨਰਲ ਜ਼ੋਰਾਵਰ ਸਿੰਘ ਜੀ ਦੀ ਜੀਵਨੀ ਬਾਰੇ ਖੋਜ ਕਾਰਜ ਸੰਪੂਰਨ ਹੋ ਚੁੱਕਾ ਹੈ ਅਤੇ ਜਲਦੀ ਹੀ ਡਾਕੂਮੈਂਟਰੀ ਅਤੇ ਕਿਤਾਬੀ ਰੂਪ ਵਿੱਚ ਸੰਗਤਾਂ ਨੂੰ ਅਰਪਿਤ ਕਰ ਦਿੱਤਾ ਜਾਵੇਗਾ। ਜਨਰਲ ਜ਼ੋਰਾਵਰ ਸਿੰਘ ਨਾਲ ਸੰਬੰਧਿਤ ਖੋਜ ਕਾਰਜ ਦਾ ਸਾਰਾ ਕਾਰਜ ਸਰਦਾਰ ਗੁਰਮੀਤ

ਸਿੰਘ ਜਰਮਨੀ ਦੇ ਮਸ਼ਵਰੇ ਅਧੀਨ ਸੰਪੂਰਨ ਹੋਇਆ ਹੈ। ਬਾਬਾ ਬੰਦਾ ਸਿੰਘ ਜੀ ਦੇ ਜੀਵਨ ਬਾਰੇ ਵੀ ਕਾਰਜ ਆਪਣੀ ਰਫ਼ਤਾਰ ਅਨੁਸਾਰ ਜਾਰੀ ਹੈ ਅਤੇ ਜੂਨ 1984 ਬਾਰੇ ਕੀਤਾ ਖੋਜ ਕਾਰਜ ਸੰਗਤਾਂ ਨੂੰ ਸਮਰਪਿਤ ਕਰ ਰਹੇ ਹਾਂ। ਇਸ ਪ੍ਰੋਜੈਕਟ ਅਧੀਨ ਕੇਵਲ ਲਿਖਤਾਂ ਹੀ ਨਹੀਂ ਬਲਕਿ ਵੱਖ ਵੱਖ ਕੌਮੀ ਨਾਇਕਾਂ ਦੇ ਜੀਵਨ ਨਾਲ ਸੰਬੰਧਤ ਲਿਖਤ ਅਤੇ ਵਸਤ ਦੀ ਖੋਜ ਅਤੇ ਸੰਭਾਲ ਵੀ ਕੀਤੀ ਜਾਂਦੀ ਹੈ। ਸੰਸਥਾ ਇਤਿਹਾਸ ਕੋਲ ਹੁਣ ਤੱਕ ਜੋ ਪੁਰਾਤਨ ਵਸਤਾਂ ਅਤੇ ਸ਼ਸਤਰ ਇਕੱਤਰ ਹੋਏ ਹਨ ਉਹਨਾਂ ਬਾਰੇ ਵੀ ਇੱਕ ਅਜਾਇਬ ਘਰ ਅਤੇ ਮਲਟੀਮੀਡੀਆ ਸੈਂਟਰ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਜੋ ਭਵਿੱਖ ਦੀ ਪੀੜ੍ਹੀ ਆਪਣੇ ਗੌਰਵਮਈ ਵਿਰਸੇ ਦੀਆਂ ਨਿਸ਼ਾਨੀਆਂ ਦੇ ਰੂ-ਬ-ਰੂ ਹੋ ਸਕੇ।

ਬਾਬਾ ਮੱਖਣ ਸ਼ਾਹ ਲੁਬਾਣਾ ਰਿਸਰਚ ਐਕਸਿਸ ਅਧੀਨ ਬਾਬਾ ਮੱਖਣ ਸ਼ਾਹ ਜੀ ਦੇ ਜੀਵਨ ਅਤੇ ਪਰਿਵਾਰ ਬਾਰੇ ਚੱਲ ਰਿਹਾ ਖੋਜ ਕਾਰਜ ਜਿਸ ਵਿੱਚ ਉਹਨਾਂ ਦੇ ਜੀਵਨ ਬਾਰੇ ਡਾਕੂਮੈਂਟਰੀ ਅਤੇ ਲੇਖਣੀ ਦਾ ਕਾਰਜ ਚੱਲ ਰਿਹਾ ਹੈ, ਉਸ ਬਾਰੇ ਕਾਰਜ ਦੀ ਜ਼ਿੰਮੇਵਾਰੀ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਅਧੀਨ ਹੈ ਅਤੇ ਇਸ ਪ੍ਰੋਜੈਕਟ ਨਾਲ ਸੰਬੰਧਿਤ ਹਰ ਕਾਰਗੁਜ਼ਾਰੀ ਉਹਨਾਂ ਦੇ ਅਧੀਨ ਗੋਚਰੀ ਹੈ ਅਤੇ ਸਮੁੱਚੇ ਕਾਰਜ ਦੌਰਾਨ ਵਿਚਾਰਾਂ ਦਾ ਆਦਾਨ ਪ੍ਰਦਾਨ ਜਾਰੀ ਰਹੇਗਾ। ਸੰਸਥਾ ਇਤਿਹਾਸ ਅਧੀਨ ਕਾਰਜਸ਼ੀਲ ਬਾਬਾ ਮੱਖਣ ਸ਼ਾਹ ਲੁਬਾਣਾ ਰਿਸਰਚ ਐਕਸਿਸ ਦੀ ਸਾਰੀ ਕਾਰਜਵਿਧੀ, ਲੇਖਣੀ ਅਤੇ ਪ੍ਰਸਾਰਨ ਦਾ ਦਾਇਰਾ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੇ ਅਧੀਨ ਹੈ ਅਤੇ ਅਕਾਲ ਤਖ਼ਤ ਸਾਹਿਬ ਜੀ ਦੇ ਸਰਵਉੱਚ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਸਮਰਪਿਤ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਰਿਸਰਚ ਐਕਸਿਸ ਅਧੀਨ ਸਮੁੱਚੇ ਖੋਜ ਕਾਰਜ ਦੇ ਦਾਇਰੇ ਦਾ ਵਿਸਥਾਰ ਕਰਨ ਦੀ ਭਵਿੱਖੀ ਤਜਵੀਜ਼ ਵੀ ਹੈ ਅਤੇ ਅਕਾਦਮਿਕ ਤੌਰ 'ਤੇ ਇਹ ਉਪਰਾਲਾ ਵੀ ਕੀਤਾ ਜਾ ਰਿਹਾ ਹੈ ਕਿ ਖੋਜ ਕਾਰਜ ਦੀ ਸੰਪੂਰਨਤਾ ਉਪਰੰਤ ਇਸ ਖੋਜ ਖਰੜੇ ਜਾਂ ਪੁਸਤਕਾਂ ਉੱਚ ਵਿਦਿਅਕ ਅਦਾਰਿਆਂ ਦੇ ਸਿਲੇਬਸ ਦਾ ਹਿੱਸਾ ਵੀ ਬਣ ਸਕਣ ਤਾਂ ਜੋ ਵਿਦਿਅਕ ਸੰਸਥਾਵਾਂ ਵਿੱਚ ਸਿੱਖ ਇਤਿਹਾਸ ਦੀ ਹੋ ਰਹੀ ਸਾਜ਼ਿਸ਼ੀ ਅਤੇ ਬੇਲੋੜੀ ਤੋੜ-ਮਰੋੜ ਨੂੰ ਰੋਕਿਆ ਜਾ ਸਕੇ।

ਅਗਲੇਰੇ ਸਮੇਂ ਵਿੱਚ ਰਿਸਰਚ ਐਕਸਿਸ ਅਧੀਨ ਕੋਈ ਤ੍ਰੈ-ਮਾਸਿਕ ਪੱਤਰ ਪ੍ਰਕਾਸ਼ਿਤ ਕਰਨ ਦੀ ਤਜਵੀਜ਼ ਵੀ ਸੰਸਥਾ ਦੇ ਵਿਚਾਰ ਅਧੀਨ ਹੈ ਜਿਸ ਰਾਹੀਂ ਵੱਖ ਵੱਖ ਖੋਜ ਕਾਰਜਾਂ ਨੂੰ ਸੰਗਤਾਂ ਤੱਕ ਪਹੁੰਚਾਇਆ ਜਾ ਸਕੇਗਾ ਅਤੇ ਹਰ ਖੋਜ ਅਤੇ ਮੁੱਦੇ ਉੱਪਰ ਢੁੱਕਵੀਂ ਚਰਚਾ ਅਤੇ ਉਸਾਰੂ ਬਹਿਸ ਨੂੰ ਜਨਮ ਦੇ ਕੇ ਨਿੱਗਰ ਸਿੱਟੇ ਉੱਪਰ ਪਹੁੰਚਣ ਦਾ ਉਪਰਾਲਾ ਕੀਤਾ ਜਾਵੇਗਾ।

ਇਸੇ ਖੋਜ ਕਾਰਜ ਅਧੀਨ ਜਿਹੜੇ ਕਿ ਸੰਸਥਾ ਦੇ ਖੋਜ ਪੜਤਾਲ ਵਿਭਾਗ ਅਧੀਨ ਕੀਤੇ ਜਾ ਰਹੇ ਹਨ, ਦੁਆਰਾ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਨਿਮਰ ਬੇਨਤੀ ਵੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਰਿਵਾਰ ਪਾਸ ਇਤਿਹਾਸ ਨਾਲ ਸੰਬੰਧਿਤ ਕੋਈ ਵਿਸ਼ੇਸ਼ ਦਸਤਾਵੇਜ਼ ਹੈ ਤਾਂ ਉਸ ਦੀ ਫੋਟੋਕਾਪੀ ਸੰਸਥਾ ਨੂੰ ਦੇਣ ਦੀ ਕ੍ਰਿਪਾਲਤਾ

ਜ਼ਰੂਰ ਕੀਤੀ ਜਾਵੇ।

ਬਾਕੀ ਚੱਲ ਰਹੇ ਖੋਜ ਕਾਰਜਾਂ ਤੋਂ ਇਲਾਵਾ ਕੌਮੀ ਅਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਇਸ 'ਸੰਸਥਾ ਇਤਿਹਾਸ' ਦਾ ਅਗਲੇਰਾ ਉਪਰਾਲਾ ਇਹ ਵੀ ਹੋਵੇਗਾ ਕਿ ਭਾਈ ਘਨੱਈਆ ਜੀ ਸੇਵਾ ਅਧੀਨ ਗਰੀਬ ਪਰਿਵਾਰਾਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਬਿਮਾਰੀ ਅਨੁਸਾਰ ਮੁਫ਼ਤ ਦਵਾਈਆਂ ਮੁਹੱਈਆਂ ਕਰਵਾਈਆਂ ਜਾ ਸਕਣ ਅਤੇ ਮਾਹਿਰ ਡਾਕਟਰਾਂ ਤੋਂ ਉਹਨਾਂ ਦੇ ਰੋਗਾਂ ਦੀ ਪੜਤਾਲ ਕਰਵਾਈ ਜਾ ਸਕੇ ਅਤੇ ਇਸ ਦੇ ਨਾਲ ਹੀ 'ਸਰਬ ਰੋਗ ਕਾ ਅਉਖਦ ਨਾਮ' ਦੀ ਵਿਚਾਰਧਾਰਾ ਅਧੀਨ ਉਹਨਾਂ ਤੱਕ ਗੁਰਮਤਿ ਜੀਵਨ-ਜਾਚ ਨਾਲ ਸੰਬੰਧਿਤ ਧਾਰਮਿਕ ਸਾਹਿਤ ਪਹੁੰਚਾਇਆ ਜਾਵੇ। ਇਹ ਧਾਰਮਿਕ ਸਾਹਿਤ ਜਿਸ ਬਾਰੇ ਸੰਸਥਾ ਵੱਲੋਂ ਪਹਿਲਾਂ ਹੀ ਸਰਬ ਸੰਮਤੀ ਨਾਲ ਫੈਸਲਾ ਲਿਆ ਜਾ ਚੁੱਕਾ ਹੈ ਕਿ ਛੋਟੇ-ਛੋਟੇ ਟ੍ਰੈਕਟਾਂ ਦੀ ਸ਼ਕਲ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ ਅਤੇ ਸੰਗਤਾਂ ਤੱਕ ਭੇਟਾ ਰਹਿਤ ਪਹੁੰਚਾਇਆ ਜਾਵੇਗਾ।

ਸੰਸਥਾ ਤੋਂ ਅਸੀਸ ਦੀ ਆਸ ਕਰਦੇ ਹੋਏ:

ਸਮੂਹ ਸੇਵਾਦਾਰ

ਸੰਸਥਾ ਇਤਿਹਾਸ